
ਪੰਜਾਬ

ਦੀ

ਗੌਰਵ-ਗਾਥਾ



ਪ੍ਰੋ. ਪਿਆਰਾ ਸਿੰਘ ਪਦਮ

ਪੰਜਾਬ ਦੀ ਗੌਰਵ-ਗਾਥਾ – ਪ੍ਰੋ. ਪਿਆਰਾ ਸਿੰਘ ਪਦਮ
ਕਲਮ ਮੰਦਿਰ ਲੋਅਰਮਾਲ, ਪਟਿਆਲਾ।

ਇਸੇ ਕਲਮ ਤੋਂ ....

ਗੁਰੂ ਘਰ, ਗੁਰੂ ਨਾਨਕ ਸਾਗਰ, ਗੋਬਿੰਦ ਸਾਗਰ, ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਦਸਮ ਗ੍ਰੰਥ ਦਰਸ਼ਨ, ਦਰਬਾਰੀ ਰਤਨ, ਸੰਖੇਪ ਸਿੱਖ ਇਤਿਹਾਸ, ਸਿੱਖ ਸੰਪ੍ਰਦਾਵਲੀ, ਸਿੱਖ ਗ੍ਰੰਥਾਵਲੀ, ਰਹਿਤਨਾਮੇ, ਤੇਗ ਬਹਾਦਰ ਸਿਮਰਿਐ, ਕਲਮ ਭਾ. ਨੰਦ ਲਾਲ, ਜ਼ਫਰਨਾਮਾ, ਗੁਰੂ ਕੀਆਂ ਸਾਖੀਆਂ, ਪ੍ਰਾਚੀਨ ਸੌ ਸਾਖੀ, ਚਾਰ ਸਾਹਿਬਜ਼ਾਦੇ, ਸਾਡੇ ਗੁਰਦੇਵ, ਪੰਜ ਦਰਿਆ, ਪੰਜਾਬੀ ਬੋਲੀ ਦਾ ਇਤਿਹਾਸ, ਪੰਜਾਬੀ ਬਾਰਾਂਮਾਹੇ, ਪੰਜਾਬੀ ਵਾਰਾਂ, ਪੰਜਾਬੀ ਮਾਝਾਂ ਤੇ ਆਸਾਵਰੀਆਂ, ਪੰਜਾਬੀ ਜੰਦਾਂ, ਪੰਜਾਬੀ ਝਗੜੇ, ਪੰਜਾਬੀ ਸਾਹਿਤ ਦੀ ਰੂਪ ਰੇਖਾ, ਗੁਰਮੁਖੀ ਲਿਪੀ ਦਾ ਇਤਿਹਾਸ, ਸੂਫੀ ਕਾਵਿਧਾਰਾ, ਹਾਸ਼ਮ ਰਚਨਾਵਲੀ, ਖਲੀਲ ਜਿਬ੍ਰਾਨ ਦੇ ਬਚਨ ਬਿਲਾਸ, ਮਿਰਜ਼ੇ ਦੀਆਂ ਸੱਦਾਂ, ਪੁਸ਼ਪਾਂਜਲੀ, ਪ੍ਰਾਚੀਨ ਪੰਜਾਬੀ ਗੱਦ, ਕਲਮ ਤੇ ਧਨੀ, ਗੁਰੂ ਗ੍ਰੰਥ ਮਹਿਮਾ ਕੋਸ਼, ਗੁਰੂ ਗ੍ਰੰਥ ਵਿਚਾਰ ਕੋਸ਼, ਗੁਰੂ ਗ੍ਰੰਥ ਸੰਕੇਤ ਕੋਸ਼, ਮਹਾਤਮਾ ਸੰਤਰੇਣ, ਬੋਲੈ ਸ਼ੇਖ ਫਰੀਦ, ਮਹਾਂਕਵੀ ਸੰਤੋਖ ਸਿੰਘ, ਹਿੰਦੁਸਤਾਨੀ ਕਲਾ, ਹਿੰ. ਕਵੀ, ਹਿੰਦੁਸਤਾਨੀ ਕਵਿਤਾ ਆਦਿਕ।

ਫੋਨ ਨੰ: 221258

2000 ਪਹਿਲੀ ਵਾਰ 125-00

ਪੰਜਾਬ
ਦੀ
ਗੌਰਵ-ਗਾਥਾ

ਪੰਜਾਬੈ ਗੁਰ ਦੀ ਵਡਿਆਈ। (ਭਾਈ ਗੁਰਦਾਸ)

ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ ਤੇ। (ਪ੍ਰੋ. ਪੂਰਨ ਸਿੰਘ)

ਤਤਕਰਾ

ਸਮਰਪਨ

ਸੇਵਾ-ਪੁੰਜ, ਧਰਮ-ਮੂਰਤਿ, ਉਜਲ-ਸੂਰਤਿ

ਸੰਤ ਮਿੱਠਾ ਸਿੰਘ ਜੀ ਦੀ ਸੇਵਾ ਵਿਚ

ਜਿਨ੍ਹਾਂ ਦਮਦਮਾ ਸਾਹਿਬ ਵਿਖੇ ਧਰਮ-ਪ੍ਰਚਾਰ ਤੇ ਵਿਦਿਆ-ਪ੍ਰਸਾਰ ਦਾ ਯੱਗ ਰਚਾ ਕੇ ਗੁਰੂ ਕਲਗੀਧਰ ਦੇ ਵਰਦਾਨ ਅਤੇ ਸੰਤ ਅਤਰ ਸਿੰਘ ਜੀ ਦੇ ਅਰਮਾਨ ਸੰਪੂਰਣ ਕੀਤੇ।

ਪ੍ਰਵੇਸ਼ :—

ਪੰਜਾਬ ਨੂੰ ਪੰਜ ਦਰਿਆਵਾਂ ਦਾ ਦੇਸ਼ ਕਿਹਾ ਜਾਂਦਾ ਹੈ ਜਦੋਂ ਕਿ ਇਹ ਕਦੀ ਕਾਬਲ ਦੇ ਸਿੰਧ ਦਰਿਆ ਦੇ ਮੇਲ ਕਾਰਣ 'ਸਪਤ ਸਿੰਧੂ' ਵੀ ਅਖਵਾਉਂਦਾ ਸੀ। ਇਹ ਠੀਕ ਹੈ ਕਿਸੇ ਖਿੱਤੇ ਦੀ ਭਾਗਵਾਨੀ-ਦਰਿਆਵਾਂ, ਪਹਾੜਾਂ, ਜੰਗਲਾਂ ਬੇਲਿਆਂ, ਸਰਸਬਜ਼ ਮੈਦਾਨਾਂ, ਪੌਣ ਪਾਣੀਆਂ ਅਤੇ ਪਦਾਰਥਕ ਬਹੁਲਤਾ ਕਾਰਣ ਹੀ ਮੰਨੀ ਜਾਂਦੀ ਹੈ ਪਰ ਮਨੁਖੀ ਸਭਿਅਤਾ ਦੀ ਟੇਕ ਕੁਦਰਤੀ ਬਰਕਤਾਂ ਤੋਂ ਇਲਾਵਾ - ਰੂਹਾਨੀ ਅਜ਼ਮਤ, ਜਿਸਮਾਨੀ ਕੁੱਵਤ, ਦਿਮਾਗੀ ਰੁਸ਼ਨਾਈ, ਅੰਦਰੂਨੀ ਸਫਾਈ, ਬਹਿਰੂਨੀ ਖ਼ੂਬਸੂਰਤੀ, ਅਣਖ ਆਣ ਸ੍ਵੈਮਾਨ ਅਤੇ ਮਾਣ ਤਾਣ ਹੁੰਦਿਆਂ ਨਿਰਮਾਣਤਾ ਆਦਿ ਤੇ ਨਿਰਭਰ ਕਰਦੀ ਹੈ। ਜਦੋਂ ਇਨ੍ਹਾਂ ਵਿਚੋਂ ਕੋਈ ਗੁਣ ਘਟ ਜਾਣ ਤਾਂ ਸਭਿਅਤਾ ਦਾ ਮਹਲ ਢਹਿ ਢੇਰੀ ਹੋ ਜਾਂਦਾ ਤੇ ਦੇਸ਼ ਅਧੋਗਤੀ ਦਾ ਸ਼ਿਕਾਰ ਹੋ ਕੇ ਰਹਿ ਜਾਂਦਾ ਹੈ।

ਪੰਜਾਬ, ਇਸ ਲਈ ਵੱਡਾ ਨਹੀਂ ਕਿ ਇਹ ਮੇਰੀ ਜਨਮ-ਭੂਮੀ ਹੈ। ਪੰਜਾਬ ਇਸ ਲਈ ਮਹਾਨ ਹੈ ਕਿ ਜਿਸ ਭੂਗੋਲਕ ਸਥਿਤੀ ਵਿਚ ਇਹ ਬਿਰਾਜਮਾਨ ਰਹਿ ਕੇ ਜੀਵਨ-ਸੰਗ੍ਰਾਮ ਰਚਦਾ ਆਇਆ ਹੈ, ਉਹ ਇਕ ਅਨੋਖੀ ਦਾਸਤਾਨ ਹੈ, ਜਿਸਦੀ ਵਿਆਖਿਆ ਇਤਿਹਾਸ ਕਰਦਾ ਹੈ। ਇਸ ਤੋਂ ਇਲਾਵਾ ਜਿਸ ਕਿਸਮ ਦੇ ਸਰਬੋਤਮ ਇਨਸਾਨ ਇਹ ਪਰਗਟ ਕਰਦਾ ਆਇਆ, ਉਹ ਵੀ ਵਿਸ਼ੇਸ਼ ਗੌਰਵ ਵਾਲੀ ਗੱਲ ਹੈ। ਧ੍ਰੂ, ਪ੍ਰਹਿਲਾਦ ਵਰਗੇ ਭਗਤ, ਵਸ਼ਿਸ਼ਠ, ਵੇਦ ਵਿਆਸ ਵਰਗੇ ਰਿਸ਼ੀਮੁਨੀ, ਪਾਣਿਨੀ ਤੇ ਪਤੰਜਲੀ ਵਰਗੇ ਵਿਦਵਾਨ, ਗੋਰਖ ਤੇ ਪੂਰਣ ਜੇਹੇ ਜੋਗੀ, ਸ਼ੇਖ ਫਰੀਦ ਤੇ ਸ਼ੇਖ ਸ਼ਰਫ ਜੈਸੇ ਸੂਫੀ ਫਕੀਰ, ਪੋਰਸ ਤੇ ਜੈਪਾਲ ਜੈਸੇ ਅਣਖੀ ਵਰਿਆਮ ਜੋਧੇ, ਹੀਰ ਰਾਂਝੇ ਤੇ ਮਹੀਂਵਾਲ ਜੈਸੇ ਆਸ਼ਕ - ਇਸੇ ਦੀ ਵੰਨ-ਸੁਵੰਨੀ ਸ਼ੋਭਾ ਦਰਸਾਉਂਦੇ ਹਨ।

ਪੰਜਾਬ ਸਭ ਨਸਲਾਂ, ਜਾਤੀਆਂ ਤੇ ਤਰ੍ਹਾਂ ਤਰ੍ਹਾਂ ਦੇ ਧਰਮਾਂ, ਮਤਾਂ ਦੀ ਰੰਗ-ਭੂਮੀ ਰਿਹਾ ਹੈ, ਸਭ ਪੁਰਾਤਨ ਗਿਆਨ ਧਿਆਨ ਇਥੋਂ ਦੀ ਪੈਦਾਵਾਰ ਹਨ, ਵੇਦ ਮੰਤ੍ਰ ਇਥੇ ਉਚਾਰੇ ਗਏ, ਉਪਨਿਸ਼ਧਾਂ ਦੇ ਸੰਵਾਦ ਇਥੇ ਹੋਏ, ਭਾਗਵਤ ਗੀਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਇਥੇ ਤਿਆਰ ਹੋਇਆ।

ਰਿਗਵੇਦ ਵਿਚ 'ਸਪਤ ਸਿੰਧੂ' ਨੂੰ 'ਜ਼ਿੰਦਗੀ ਦਾ ਸੋਮਾ' ਆਖ ਕੇ ਸਲਾਹਿਆ ਗਿਆ ਹੈ, ਜਿਸਨੂੰ ਇਤਿਹਾਸਕ ਸੱਚ ਵਾਂਙ ਪਰਵਾਣ ਕਰਨਾ ਪੈਂਦਾ

ਹੈ। ਡਾਕਟਰ ਰਾਧਾ ਕੁਮਦ ਮੁਕਰਜੀ ਨੇ ਦਸੰਬਰ 1952 ਈ. ਵਿਖੇ ਗੁਆਲੀਅਰ ਵਿਚ ਹੋਈ 'ਹਿਸਟਰੀ ਕਾਂਗ੍ਰਸ' ਦੇ ਸਮਾਗਮ ਵਿਚ ਭਾਸ਼ਨ ਦਿੰਦਿਆਂ ਕਿਹਾ ਸੀ - 'ਆਦਿ ਮਾਨਵ, ਪੰਜਾਬ ਦੀਆਂ ਉਚੀਆਂ ਸ਼ਿਵਾਲਕ ਚੋਟੀਆਂ ਉਤੇ ਵਿਕਸਤ ਹੋਇਆ ਹੋਵੇਗਾ, ਇਸ ਤੱਥ ਨੂੰ ਸਿੱਧ ਕਰਨ ਲਈ ਸਾਡੇ ਪਾਸ ਕਈ ਇਤਿਹਾਸਕ ਪ੍ਰਮਾਣ ਮੌਜੂਦ ਹਨ।'

ਫਿਰ ਸੰਸਾਰ ਦੀ ਪ੍ਰਾਚੀਨ 'ਖੇਤੀ ਸਭਿਅਤਾ', 'ਦੁਧ ਸੱਭਿਆਚਾਰ' ਹੜੱਪਾ, ਮੁਹਿੰਜੁਦੜੋ, ਰੋਪੜ, ਸੰਘੋਲ ਸੁਨੇਤ ਆਦਿ ਥਾਵਾਂ ਤੇ ਪ੍ਰਗਟ ਹੋਈ। ਇਸ ਤਰ੍ਹਾਂ ਦੇ ਵਿਗਿਆਨਕ ਤੱਥ ਇਸ ਟਿਕਾਣੇ ਨੂੰ 'ਮਨੁਖਤਾ ਦਾ ਪੰਘੂੜਾ' ਕਹਿਕੇ ਸਵੀਕਾਰਦੇ ਹਨ। ਮਨੁਖ ਵੀ ਇਥੇ ਜੰਮਿਆ ਤੇ ਸਭਿਅਤਾ ਨੇ ਵੀ ਇਥੇ ਅਵਤਾਬ ਲਿਆ। ਗਿਆਨ ਵਿਗਿਆਨ ਦੀ ਤਾਂ ਗੱਲ ਹੀ ਛੱਡੋ, ਇਹ ਤਾਂ ਪੰਜਾਂ ਦਰਿਆਵਾਂ ਦਾ ਪਾਲਿਆ-ਪੋਸਿਆ ਬੂਟਾ ਹੈ। ਪੁਰਾਣੇ ਜ਼ਮਾਨੇ ਵਿਚ ਏਸ਼ੀਆ ਦਾ ਸਭ ਤੋਂ ਵੱਡਾ ਵਿਦਿਆਲਾ ਟੈਕਸਿਲਾ ਇਥੇ ਹੀ ਸੀ। ਪੰਡਿਤ ਜਯਚੰਦ੍ਰ ਵਿਦਿਆਲੰਕਾਰ ਦੇ ਸ਼ਬਦਾਂ ਵਿਚ 'ਪੰਜਾਬੀ ਅਚਾਰਯਾਂ ਦੇ ਚਰਨਾਂ ਵਿਚ ਬੈਠੇ ਬਿਨਾਂ ਕੋਈ ਪੜ੍ਹਿਆ ਲਿਖਿਆ ਨਹੀਂ ਸੀ ਕਹਾ ਸਕਦਾ। ਕੌਸ਼ੀਤਕੀ ਬ੍ਰਾਹਮਣ (600 ਈ. ਪੂਰਬ) ਦੀ ਆਰੀਆ ਭਾਸ਼ਾ ਵਧੇਰੇ ਸ਼ੁੱਧ ਤੇ ਗਿਆਨ ਭਰਪੂਰ ਹੈ, ਇਸੇ ਲਈ ਲੋਕ ਉਥੇ ਆਪਣੀ ਗਿਆਨ ਦੀ ਪਿਆਰਸ ਬੁਝਾਉਣ ਲਈ ਜਾਂਦੇ ਤੇ ਜੇ ਕੋਈ ਉਥੋਂ (ਪੰਜਾਬ ਤੋਂ) ਇਧਰ ਆਉਂਦਾ ਹੈ, ਲੋਕ ਉਸ ਨੂੰ ਸੁਣਨ ਦੀ ਉਚੇਚੀ ਤਾਂਘ ਰੱਖਦੇ ਹਨ।' ਅਸਲ ਸ਼ਬਦ ਇਉਂ ਹਨ :–

'ਤਮਸਾਦੁਦੀਚਯਾਂ, ਵਾਕ ਪ੍ਰਗਯਾਨਤਰਾ ਉਦਯਤੇ, ਉਦੰ ਚ ਏਵ ਯਾਂਤਿ ਵਾਚੰ ਸ਼ਿਖ੍ਰਿਤੁੰ, ਯੋ ਵਾ ਤਤ੍ਰ ਆਗੱਛਤਿ ਤਸਯ ਵਾ ਸੁਸ਼ੁਯੰਤ ਇਤਿ।'

ਇਸੇ ਇਤਿਹਾਸਕ ਅਮੀਰੀ ਕਾਰਣ ਹਿੰਦ ਦੀਆਂ ਸਰਬ ਵਿਆਪੀ ਭਾਸ਼ਾਵਾਂ-ਸੰਸਕ੍ਰਿਤ, ਹਿੰਦੀ, ਉਰਦੂ ਆਦਿ ਸਭੇ ਪੰਜਾਬ ਦੀ ਭਾਸ਼ਾ ਦੀਆਂ ਰਿਣੀ ਹਨ, ਸਭ ਨੇ ਇਸੇ ਦੇ ਸ਼ਬਦ-ਭੰਡਾਰ ਦੇ ਮਾਨ ਸਰੋਵਰ ਤੋਂ ਹੀਰੇ ਮੋਤੀ ਹਾਸਲ ਕੀਤੇ ਹਨ। ਇਸ ਭਾਸ਼ਈ ਤੇ ਸਾਹਿਤਕ ਗੌਰਵ ਤੋਂ ਬਿਨਾਂ ਬੀਰਤਾ ਬਹਾਦਰੀ ਦੇ ਹੋਰ ਅਜਿਹੇ ਗੁਣਾਂ ਕਾਰਣ ਪੰਜਾਬ ਤੇ ਪੰਜਾਬੀਅਤ ਦੀ ਸ਼ੋਭਾ ਸਦਾ ਵਧਦੀ ਆਈ ਤੇ ਭਾਰਤ ਦੇਸ਼ ਦੀ ਵਡਿਆਈ ਨੂੰ ਚਾਰ ਚੰਨ ਲਾਉਂਦੀ ਰਹੀ ਹੈ। ਸਾਡਾ ਕਰਤੱਬ ਹੈ ਕਿ ਅਸੀਂ ਇਸ ਗੌਰਵ ਨੂੰ ਜਿਵੇਂ ਕਿਵੇਂ ਹੋਰ ਉਜਾਗਰ ਕਰੀਏ।

ਅਗਸਤ 2000) ਪਿਆਰਾ ਸਿੰਘ ਪਦਮ

(੧) ਧਰਮ-ਯੁੱਧ ਦਾ ਇਨਕਲਾਬੀ ਰਬਾਬੀ

ਗੁਰੂ ਕਾਲ ਤੋਂ ਪਹਿਲਾਂ ਦੇ ਪੰਜਾਬ ਦੀ ਬਾਬ ਕੇਹੋ ਜੇਹੀ ਤੇ ਕਿਤਨੀ ਕੁ ਖਰਾਬ ਸੀ ਇਹ ਬਾਬੇ ਨਾਨਕ ਦੀ ਰਬਾਬ ਦੇ ਵਿਰਲਾਪ ਤੋਂ ਜ਼ਾਹਰ ਹੈ। ਲਗਾਤਾਰ ਤੁਰਕਾਣੀ ਹਮਲਿਆਂ ਕਾਰਣ ਦੇਸ਼ ਦੀ ਧਾਰਮਿਕ ਤੇ ਰਾਜਨੀਤਕ ਵਡਿਆਈ ਮਿਟੀ ਵਿਚ ਮਿਲ ਚੁੱਕੀ ਸੀ ਤੇ ਹਿੰਦ ਦੀ ਕਾਂਇਆ ਟੋਟੇ ਟੋਟੇ ਹੋ ਕੇ ਵਿਲਕ ਰਹੀ ਸੀ। ਕੋਈ ਸਮਾਂ ਸੀ ਕਿ ਪੰਜਾਬੀ ਫੌਜਾਂ ਦੇਸ਼ ਦੀ ਸੁਰੱਖਿਆ ਖਾਤਰ ਬਠਿੰਡੇ ਦੇ ਅਣਖੀਲੇ ਰਾਜਾ ਜੈਪਾਲ ਦੀ ਕਮਾਨ ਹੇਠ ਕਾਬਲ ਤਕ ਲਮਗ਼ਾਨ ਦੀਆਂ ਪਹਾੜੀਆਂ ਉਤੇ ਲਹੂ-ਲੁਹਾਨ ਹੋ ਰਹੀਆਂ ਸਨ। ਮਹੀਨਿਆਂ-ਬੱਧੀ ਇਹ ਭੇੜ ਹੁੰਦਾ ਰਿਹਾ, ਅਖੀਰ ਸੁਬੁਕਤੁਗ਼ੀਨ (977-997 ਈ.) ਨੇ ਚਲਾਕੀ ਨਾਲ ਸੁਲਾਹ ਕਰ ਲਈ। ਫਿਰ ਗਜ਼ਨਵੀ ਫੌਜਾਂ ਦਾ ਜ਼ੋਰ ਵਧਿਆ ਤੇ ਉਨ੍ਹਾਂ ਸਿੰਧ ਪਾਰ ਦਾ ਕਾਫੀ ਇਲਾਕਾ ਵੀ ਕਬਜ਼ੇ ਕਰ ਲਿਆ। ਸੁਬਕਤੁਗ਼ੀਨ ਦੀ ਮੌਤ ਬਾਅਦ ਉਸ ਦੇ ਪੁੱਤਰ ਸੁਲਤਾਨ ਮਹਿਮੂਦ ਨੇ ਇਸਲਾਮੀ ਜੋਸ਼ ਵਿਚ ਪੰਦਰਾਂ ਹਜ਼ਾਰ ਤੇਜ਼ ਤਰਾਰ ਘੋੜ-ਸਵਾਰ ਲੈ ਕੇ 1001 ਈ. ਵਿਚ ਐਸਾ ਮਾਰੂ ਧਾਵਾ ਕੀਤਾ ਕਿ ਰਾਜਾ ਜੈਪਾਲ ਨੂੰ ਮਹਿਮੂਦ ਦੀ ਤਾਬੇਦਾਰੀ ਕਬੂਲ ਕਰਨੀ ਪਈ। ਪਰ ਅਣਖੀਲਾ ਪੰਜਾਬੀ ਜੋਧਾ, ਕਦ ਤਕ ਪਰਾਧੀਨ ਰਹਿ ਸਕਦਾ ਸੀ। ਉਹ ਹਾਰ ਦੀ ਨਮੋਸ਼ੀ ਨ ਸਹਾਰਦਾ ਵਾਪਸ ਬਠਿੰਡੇ ਕਿਲੇ ਵਿਚ ਆ ਗਿਆ। ਉਸ ਦੇ ਲਾਇਕ ਸਪੁੱਤਰ ਅਨੰਗਪਾਲ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਆਪ ਚਿਰ ਪਿਛੋਂ ਦੇਸ਼ ਪਰਤੇ ਹੋ, ਰਾਜ ਸਿੰਘਾਸਨ ਤੇ ਬਿਰਾਜਮਾਨ ਹੋ ਕੇ ਰਾਜ ਦੀਆਂ ਜ਼ਿਮੇਵਾਰੀਆਂ ਨਿਭਾਓ ਪਰੰਤੂ ਰਾਜਾ ਜੈਪਾਲ ਦਾ ਜਵਾਬ ਬੜਾ ਸਿੱਧਾ-ਸਾਦਾ ਤੇ ਦਿਲ ਨੂੰ ਕਾਟ ਕਰਨ ਵਾਲਾ ਸੀ, 'ਬੇਟਾ! ਇਹ ਸਿਕਸ਼ਤ-ਖੁਰਦਾ ਜਿਸਮ ਹਾਰਿਆ-ਹੁੱਟਿਆ ਸਰੀਰ, ਹੁਣ ਇਸ ਕਾਬਲ ਨਹੀਂ ਕਿ ਉਹ ਤਖਤ ਉਤੇ ਬੈਠੇ। ਇਸ ਲਈ ਮੇਰਾ ਇਰਾਦਾ ਹੈ, ਮੇਰੇ ਲਈ ਫੌਰਨ ਚਿਖਾ ਤਿਆਰ ਕੀਤੀ ਜਾਵੇ। ਇਸ ਤਰ੍ਹਾਂ ਉਹ ਖੁਦ ਚਿਖਾ ਬਣਵਾ ਕੇ ਤੇ ਅਗਨੀ ਦਾ ਦਾਗ ਲਵਾ

ਕੇ ਜੀਉਂਦਾ-ਜੀ ਭਸਮਾਭੂਤ ਹੋ ਕੇ ਸਾਨੂੰ ਸੰਦੇਸ਼ਾ ਦੇ ਗਿਆ ਕਿ ਪਰਾਧੀਨ ਜਾਂ ਬੇਗ਼ੈਰਤੇ ਹੋਏ ਬੰਦੇ ਦਾ ਜੀਉਣ ਦਾ ਕੋਈ ਅਧਿਕਾਰ ਨਹੀਂ ਰਹਿੰਦਾ।'

ਇਹ ਗੱਲ ਫਾਰਸੀ ਤ੍ਵਾਰੀਖਾਂ ਤੋਂ ਇਲਾਵਾ ਅਰਬੀ ਲਿਖਤਾਂ 'ਛੱਡ ਨਾਮੇ' ਆਦਿ ਵਿਚ ਵੀ ਇਵੇਂ ਹੀ ਅੰਕਿਤ ਹੈ। ਪਰ ਅਸਾਡੀ ਅਕ੍ਰਿਤਘਣਤਾ ਵੀ ਬੇਮਿਸਾਲ ਹੀ ਹੈ ਕਿ ਅਸੀਂ ਉਸ ਗ਼ੈਰਤਮੰਦ ਸੂਰਬੀਰ ਰਾਜੇ ਦਾ ਨਾਮ ਤੱਕ ਯਾਦ ਨਹੀਂ ਕੀਤਾ, ਉਸਦੀ ਥਾਂ ਜੋ ਮੁਸਲਮਾਨੀ ਦਬਾਓ ਕਾਰਣ ਆਪਣਾ ਧਰਮ, ਸਭਿਆਚਾਰ ਛੱਡ ਕੇ ਮੱਕੇ ਦੇ ਹੱਜ ਨੂੰ ਰਵਾਨਾ ਹੋ ਗਿਆ ਤੇ 'ਬਾਬਾ ਹਾਜੀ ਰਤਨ' ਕਹਿਕੇ ਇਧਰ ਉਧਰ ਪੂਜਿਆ ਜਾਣ ਲਗਾ, ਉਸਦੀ ਕਬਰ ਤੇ ਅਜੇ ਵੀ ਮੱਥੇ ਘਸਾਉਂਦੇ ਹਾਂ ਪਰ ਰਾਜਾ ਜੈਪਾਲ ਜੇਹੇ ਸੂਰਬੀਰ, ਭਾਗਵਾਨੀ ਤੇ ਸ੍ਵੈਮਾਨੀ ਰਾਜੇ ਦਾ ਨਾਮ ਨਹੀਂ ਧਿਆਉਂਦੇ। ਉਸਦਾ ਸਾਨੂੰ ਚਿਤ ਚੇਤਾ ਵੀ ਨਹੀਂ।

ਇਸ ਤੋਂ ਬਾਦ ਮਹਿਮੂਦ ਗਜ਼ਨਵੀ ਦੇ ਲਗਾਤਾਰ ਸੋਲਾਂ, ਸਤਾਰਾਂ ਹਮਲੇ ਸਾਡੀ ਮੁਕੰਮਲ ਤਬਾਹੀ ਤੇ ਬਰਬਾਦੀ ਦਾ ਕਾਰਣ ਬਣੇ। ਅਸੀਂ ਉਨ੍ਹਾਂ ਹਮਲਾਵਰਾਂ ਨੂੰ ਗਾਲ੍ਹਾਂ ਕੱਢਦੇ ਨਹੀਂ ਥਕਦੇ ਤੇ ਬਾਰ ਬਾਰ ਇਹ ਕਹਿੰਦੇ ਸੁਣਦੇ ਹਾਂ ਕਿ ਉਨ੍ਹਾਂ ਸਾਡੇ ਸੈਂਕੜੇ ਮੰਦਰ ਢਾਹ ਦਿੱਤੇ, ਪੂਜਨੀਕ ਬੁਤ ਤੋੜ ਦਿੱਤੇ। ਅਸੀਂ ਕਦੀ ਵਿਚਾਰਦੇ ਨਹੀਂ ਕਿ ਹਮਲਾਵਰ ਮੰਦਰਾਂ ਤੇ ਹੀ ਕਿਉਂ ਪਹੁੰਚਦੇ ਸਨ। ਅਸਲ ਗੱਲ ਇਹ ਹੈ ਕਿ ਇਹ ਮਾਇਆਵਾਦੀ ਪਰੋਹਤ ਬ੍ਰਾਹਮਣ, ਇਨ੍ਹਾਂ ਖੋਖਲੀਆਂ ਮੂਰਤੀਆਂ ਵਿਚ ਹੀ ਹੀਰੇ ਜਵਾਹਰ ਤੇ ਮਣਾਂ-ਮੂੰਹ ਸੋਨਾ ਲੁਕਾ ਕੇ ਰੱਖਦੇ ਸਨ। ਜਦੋਂ ਧਾਵਾਕਾਰਾਂ ਨੂੰ ਪਤਾ ਲਗਾ ਤਾਂ ਉਨ੍ਹਾਂ ਥਾਂ ਥਾਂ ਮੂਰਤੀਆਂ ਤੋੜੀਆਂ ਤੇ ਲੱਖਾਂ ਕਰੋੜਾਂ ਦੀ ਦੌਲਤ ਲੁਟ ਲੁਟ ਲਿਜਾਂਦੇ ਰਹੇ। ਸਿੱਟਾ ਇਹ ਕਿ ਪੰਜ ਛੇ ਸਦੀਆਂ ਵਿਚ ਸਾਡਾ ਧਰਮ ਈਮਾਨ ਤੇ ਆਤਮ-ਸਨਮਾਨ ਸਭ ਨਸ਼ਟ ਭ੍ਰਸ਼ਟ ਗਿਆ।

ਇਹ ਸਭੋ ਕੁਝ ਗੁਰੂ ਨਾਨਕ ਸਾਹਿਬ ਦੀ ਨਜ਼ਰ ਵਿਚ ਸੀ। ਉਸਨੇ ਦੇਸ਼ ਭਰ ਵਿਚ ਫਿਰ ਤੁਰ ਕੇ ਸਾਰੀ ਦੁਰਦਸ਼ਾ ਨੂੰ ਅੱਖੀਂ ਵੇਖਿਆ ਸੀ।

ਆਪ ਨੇ ਆਪਣੀ ਪ੍ਰਮੁੱਖ ਦਾਰਸ਼ਨਿਕ ਰਚਨਾ 'ਜਪੁ' ਵਿਚ ਦੋ ਹੀ ਜਮਾਤਾਂ ਦਾ ਚਰਚਾ ਕੀਤਾ ਹੈ, ਇਕ ਭਾਰਤੀ ਲੋਕ ਜੋ ਜਪੀ, ਤਪੀ, ਧਰਮੀ, ਪੂਜਾ ਪਾਠ ਕਰਨ ਵਾਲੇ, ਗ੍ਰੰਥਾਂ ਦੇ ਪਾਠੀ, ਜੋਗ ਸਮਾਧੀਆਂ ਲਾਉਣ ਵਾਲੇ ਤੇ ਜਾਂ ਮੋਨ ਧਾਰ ਕੇ ਝਟ ਲੰਘਾਉਣ ਵਾਲੇ ਸਨ।

ਦੂਜੀ ਜਮਾਤ ਉਨ੍ਹਾਂ ਅਸਭਯ, ਅਧਰਮੀ, ਉਜੱਡ ਚੋਰਾਂ ਲੁਟੇਰਿਆਂ ਦੀ

ਦੱਸੀ ਹੈ ਜੋ ਬਾਹਰੋਂ ਆ ਕੇ ਧੱਕੇ-ਸ਼ਾਹੀ ਨਾਲ ਗਰੀਬ ਲੋਕਾਂ ਨੂੰ ਲੁੱਟ ਲੁੱਟ ਖਾਂਦੇ ਤੇ ਹੱਥ ਆਇਆ ਮਾਲ ਦੌਲਤ ਅਤੇ ਛੋਹਰੇ ਛੋਹਰੀਆਂ ਇਥੋਂ ਖੋਹ ਲਿਜਾਂਦੇ ਸਨ। ਇਜੇਹੇ ਲੋਕ ਇਕ ਦੋ ਨਹੀਂ, ਬਲਕਿ ਅਸੰਖਾਂ ਦੀ ਤਾਦਾਦ ਵਿਚ ਸਨ, ਸੁਣੋ, ਗੁਰੂ ਸਾਹਿਬ ਗਿਣਾਉਂਦੇ ਹਨ :-

ਅਸੰਖ ਮੂਰਖ ਅੰਧ ਘੋਰ। ਅਸੰਖ ਚੋਰ ਹਰਾਮਖੋਰ
ਅਸੰਖ ਅਮਰ ਕਰ ਜਾਹਿ ਜੋਰ।
ਅਸੰਖ ਗਲ ਵਢਿ ਹਤਿਆ ਕਮਾਹਿ, ਅਸੰਖ ਪਾਪੀ ਪਾਪ ਕਰਿ ਜਾਹਿ।
ਅਸੰਖ ਕੂੜਿਆਰ ਕੂੜੇ ਫਿਰਾਹਿ। ਅਸੰਖ ਮਲੇਛ ਮਲ ਭਖਿ ਖਾਹਿ।੧੮

(ਜਪੁ)

ਤੁਸੀਂ ਕਹੋਗੇ ਕਿ ਗੁਰੂ ਤਾਂ ਸਾਨੂੰ 'ਸਚਿਆਰ' ਬਣਨ ਦਾ ਮਾਰਗ ਸਮਝਾ ਰਹੇ ਸਨ, ਇਹ ਕਿਧਰ ਆ ਗਏ। ਇਸ ਤੇ ਹੈਰਾਨ ਪਰੇਸ਼ਾਨ ਹੋਣ ਦੀ ਲੋੜ ਨਹੀਂ। ਬਾਬਾ ਨਾਨਕ ਬੜਾ ਦਾਨਾ ਬੀਨਾ ਗੁਰੂ ਸੀ, ਉਹ ਸਾਨੂੰ ਸਮਝਾ ਰਿਹਾ ਸੀ ਕਿ ਇਹ ਜਪ, ਤਪ ਤੇ ਗ੍ਰੰਥਾਂ ਦੇ ਪਾਠ ਕੀ ਕਰ ਸਕਣਗੇ ਜੇ ਗੁਲਾਮੀ ਕਾਰਣ ਅਸੀਂ ਅਜੇਹੇ ਅਧਰਮੀ ਉਜੱਡਾਂ ਦੇ ਵਸ ਪੈ ਕੇ ਆਪਣੀ ਇੱਜ਼ਤ ਹੀ ਮਿਟੀ ਵਿਚ ਮਿਲਾਉਣੀ ਹੈ। ਉਹ ਸਾਨੂੰ ਸਾਵਧਾਨ ਕਰ ਰਹੇ ਸਨ ਕਿ ਧਾਰਮਿਕ ਤੇ ਸਮਾਜਕ ਅਜ਼ਾਦੀ ਦੇ ਨਾਲ ਨਾਲ ਰਾਜਨੀਤਕ ਅਜ਼ਾਦੀ ਹਾਸਲ ਕਰਕੇ ਆਪਣਾ ਸ੍ਵੈਮਾਨ ਸੁਰੱਖਿਅਤ ਕਰਨਾ ਵੀ ਬਹੁਤ ਜ਼ਰੂਰੀ ਹੈ। ਇਹ ਗੱਲ ਉਨ੍ਹਾਂ ਇਕ ਥਾਂ ਨਹੀਂ ਕਹੀ, ਸਗੋਂ ਬਾਰ ਬਾਰ ਦੁਹਰਾਈ ਤਾਂ ਕਿ ਅਸੀਂ ਸਾਵਧਾਨ ਹੋ ਕੇ ਗੁਲਾਮੀ ਤੋਂ ਖਹਿੜਾ ਛੁਡਾਈਏ। ਉਹ ਕਹਿੰਦੇ ਹਨ :-

ਪਤਿ ਵਿਣੁ ਪੂਜਾ ਸਤ ਵਿਣੁ ਸੰਜਮ, ਜਤ ਵਿਣੁ ਕਾਹੇ ਜਨੇਊ
ਨਾਵਹੁ ਧੋਵਹੁ ਤਿਲਕ ਚੜਾਵਹੁ, ਸਚ ਵਿਣੁ ਸੋਚ ਨ ਹੋਈ।

(ਰਾਮਕਲੀ ੧

'ਜੇ ਜੀਵੈ ਪਤਿ ਲਥੀ ਜਾਇ, ਸਭੁ ਹਰਾਮ ਜੇਤਾ ਕਿਛੁ ਖਾਇ।'

(ਵਾਰ ਮਾਝ੧

ਇਕ ਗੱਲ ਹੋਰ ਵੀ ਧਿਆਨ ਯੋਗ ਹੈ ਕਾਜ਼ੀ ਮੌਲਾਣੇ ਇਨ੍ਹਾਂ ਅਣਜਾਣ ਬੁਝੜਾਂ ਨੂੰ 'ਜਹਾਦ' ਦੇ ਨਾਂ ਤੇ ਭੜਕਾ ਕੇ ਇਹੋ ਸਬਕ ਦਿੰਦੇ ਰਹੇ ਸਨ ਕਿ ਕਾਫਰਾਂ

ਨੂੰ ਮਾਰੋ ਤੇ ਇਨ੍ਹਾਂ ਦੇ ਘਰ-ਬਾਰ ਲੁੱਟੋ, ਮੰਦਰ ਢਾਹੋ ਕਿਉਂਕਿ ਇਨ੍ਹਾਂ ਦਾ ਜਾਨ ਮਾਲ ਤੁਹਾਡਾ ਹੀ ਹੈ ਤੇ ਇਹ ਸੁਆਬ (ਪੁੰਨ) ਦਾ ਕੰਮ ਹੈ।'

ਸਭਯ ਸੰਸਾਰ ਵਿਚ ਕਿਸੇ ਧਰਮ ਨੂੰ ਇਹ ਅਧਿਕਾਰ ਨਹੀਂ ਕਿ ਉਹ ਦੂਜੀ ਤਰ੍ਹਾਂ ਦੇ ਨਿਸਚੇ ਵਾਲੇ ਨੂੰ ਕਤਲ ਕਰੇ ਜਾਂ ਉਸ ਦੇ ਇਸ਼ਟ-ਸਥਾਨਾਂ ਨੂੰ ਢਾਹੇ ਤੇ ਫਿਰ ਅਜੇਹੇ ਕਰੂਰ ਕਰਮਾਂ ਨੂੰ ਸੁਆਬ ਦਾ ਦਰਜਾ ਦੇਵੇ। ਪਰ ਮੁਸਲਮਾਨੀ ਸ਼ਰ੍ਹਾ ਤਾਂ ਇਕ ਤਰ੍ਹਾਂ ਦੀ ਧੱਕੇਸ਼ਾਹੀ ਦਾ ਹੀ ਦੂਜਾ ਰੂਪ ਸੀ।

ਇਸਦੇ ਲਈ ਸਤਿਗੁਰਾਂ ਨੇ ਸਾਫ ਲਿਖ ਦਿੱਤਾ ਹੈ ਕਿ ਜਦੋਂ ਕਲਿਯੁਗ ਦਾ ਪ੍ਰਮਾਣੀਕ ਮਜ਼ਬੀ ਗ੍ਰੰਥ, 'ਕੁਰਾਨ' ਹੀ ਹੋ ਗਿਆ ਤੇ ਸਾਡੇ ਵੇਦ ਪੁਰਾਣ ਆਪਣੇ ਆਪ ਪਾਸੇ ਪਏ ਰਹਿ ਗਏ।

ਕਲਿ ਪਰਵਾਣੁ ਕਤੇਬ ਕੁਰਾਣੁ। ਪੋਥੀ ਪੰਡਿਤ ਰਹੇ ਪੁਰਾਣ
ਨਾਨਕ ਨਾਉ ਭਇਆ ਰਹਿਮਾਣੁ। ਕਰਿ ਕਰਤਾ ਤੂ ਏਕੋ ਜਾਣ।੭
(ਰਾਮਕਲੀ ੧)

ਇਹ ਦਾਸਤਾ ਕਾਰਣ ਹੋਈ ਦੁਰਗਤੀ ਸੀ ਕਿ ਸਾਡਾ ਆਤਮ-ਸਨਮਾਨ ਸਾਰਾ ਹੀ ਖੋਇਆ ਗਿਆ। ਸਾਡਾ ਧਰਮ, ਈਮਾਨ, ਸਾਡੀ ਜ਼ਬਾਨ, ਸਾਡਾ ਖਾਣਪੀਣ ਪਹਿਰਾਨ ਤੇ ਰਹਿਣੀ ਬਹਿਣੀ ਦਾ ਰੁਝਾਨ ਬਿਦੇਸੀ ਬਣ ਕੇ ਰਹਿ ਗਿਆ। ਜ਼ਾਲਮਾਂ ਜਾਬਰਾਂ ਦੇ ਡਰਾਏ ਧਮਕਾਏ ਤੇ ਦਬਾਏ ਗਏ ਹਿੰਦੁਸਤਾਨ ਨੂੰ ਆਪਣੀ ਕਿਸੇ ਵੀ ਚੀਜ਼ ਉਤੇ ਮਾਣ ਨ ਰਿਹਾ। ਗੁਲਾਮ ਹਿੰਦੀ, ਥਾਂ ਥਾਂ ਹਾਕਮਾਂ ਦੇ ਵਿਧੀ ਵਿਧਾਨ ਤੇ ਸਾਮਾਨ ਨੂੰ ਹੀ ਅਪਣਾਉਣ ਲਗ ਪਏ। ਗੁਰੂ ਸਾਹਿਬ ਨੇ ਇਸ ਗੁਲਾਮਾਨਾ ਜ਼ਿਹਨੀਅਤ ਦਾ ਥਾਂ ਥਾਂ ਨੋਟਸ ਲਿਆ ਹੈ :-

ਆਦਿ ਪੁਰਖ ਕਉ ਅਲਹੁ ਕਹੀਐ, ਸ਼ੇਖਾਂ ਆਈ ਵਾਰੀ
ਦੇਵਲ ਦੇਵਤਿਆਂ ਕਰ ਲਾਗਾ, ਐਸੀ ਕੀਰਤਿ ਚਾਲੀ .....
ਘਰਿ ਘਰਿ ਮੀਆਂ ਸਭਨਾਂ ਜੀਆਂ, ਬੋਲੀ ਅਵਰਿ ਤੁਮਾਰੀ।' (ਬਸੰਤ
'ਖਤ੍ਰੀਆ ਤ ਧਰਮ ਛੋਡਿਆ, ਮਲੇਛ ਭਾਖਿਆ ਗਹੀ
ਸ੍ਰਿਸਟਿ ਸਭ ਇਕ ਵਰਨ ਹੋਈ, ਧਰਮ ਕੀ ਗਤਿ ਰਹੀ।' (ਧਨਾਸਰੀ
'ਨੀਲ ਬਸਤ੍ਰ ਲੇ ਕਪੜੇ ਪਹਿਰੇ, ਤੁਰਕ ਪਠਾਣੀ ਅਮਲ ਕੀਆ।'
'ਅਭਾਖਿਆ ਕਾ ਕੁਠਾ ਬਕਰਾ ਖਾਣਾ। ਚਉਂਕੇ ਉਪਰਿ ਕਿਸੈ ਨ ਜਾਣਾ।'
(ਆਸਾ

ਗੁਰੂ ਬਾਬੇ ਦੇ ਇਸ ਤੀਬਰ ਅਹਿਸਾਸ ਤੇ ਦਰਦਨਾਕ ਸੱਟ ਦਾ ਅੰਦਾਜ਼ਾ ਇਸ ਗੱਲੋਂ ਵੀ ਲਾਇਆ ਜਾ ਸਕਦਾ ਹੈ ਕਿ ਉਨ੍ਹਾਂ ਆਪਣੇ ਮਾਲਕ - ਪਰਮੇਸ਼ਰ ਨੂੰ ਵੀ ਉਲ੍ਹਾਮਾ ਦੇਣੋਂ ਸੰਕੋਚ ਨਹੀਂ ਕੀਤਾ -

'ਏਤੀ ਮਾਰ ਪਈ ਕੁਰਲਾਣੇ, ਤੈਂ ਕੀ ਦਰਦ ਨ ਆਇਆ। (ਆਸਾ

ਅਜਿਹਾ ਅਹਿਸਾਸ ਸ਼ਾਇਦ ਭਗਤੀ ਲਹਿਰ ਦੇ ਹੋਰ ਸੰਤਾਂ ਭਗਤਾਂ ਨੂੰ ਨਹੀਂ ਹੋਇਆ ਤੇ ਨਾ ਹੀ ਉਨ੍ਹਾਂ ਇਸਦੀ ਇਤਨੀ ਖੋਜ-ਪੜਤਾਲ ਕੀਤੀ। ਉਹ ਜਿਸ ਵਿਚਾਰਧਾਰਾ ਨਾਲ ਜੁੜੇ ਹੋਏ ਸਨ, ਉਸ ਵਿਚ ਵਧੇਰੇ ਆਤਮ-ਸ਼ਾਂਤੀ ਜਾਂ 'ਨਿਜਾਨੰਦ' ਹੀ ਪ੍ਰਮੁੱਖ ਸੀ। ਸਮਾਜਕ ਜਾਂ ਸਮੂਹਕ ਭਲਾਈ ਦੀ ਚੇਤਨਾ ਲਗਭਗ ਗ਼ਾਇਬ ਹੀ ਸੀ।

ਸੋ ਬਾਬੇ ਨਾਨਕ ਦੀ ਇਨਕਲਾਬੀ ਰਬਾਬ ਹੀ ਇਸ ਪੀੜ ਨੂੰ ਪਛਾਣਦੀ ਤੇ ਦੇਸ਼ ਨੂੰ ਸਾਵਧਾਨ ਕਰਦੀ ਸੀ ਕਿ ਉਹ ਇਸ ਜੰਜਾਲ ਵਿਚੋਂ ਨਿਕਲਣ ਦਾ ਉਪਰਾਲਾ ਕਰੇ। ਬਾਬਰ ਦਾ ਖ਼ੂਨੀ ਹਮਲਾ ਕਿਤਨੀ ਸ਼ਰਮਨਾਕ ਤੇ ਦੁਖਦਾਇਕ ਘਟਨਾ ਸੀ, ਇਨ੍ਹਾਂ ਸਤਰਾਂ ਤੋਂ ਪਰਗਟ ਹੈ :-

'ਪਾਪ ਕੀ ਜੰਞ ਲੈ ਕਾਬਲਹੁ ਧਾਇਆ, ਜੋਰੀਂ ਮੰਗਹਿ ਦਾਨੁ ਵੇ ਲਾਲੋ
ਸ਼ਰਮ ਧਰਮ ਦੁਇ ਛਪਿ ਖਲੋਏ, ਕੂੜ ਫਿਰਹਿ ਪਰਧਾਨ ਵੇ ਲਾਲੋ।'

(ਤਿਲੰਗ ੧

ਬਾਕੀ ਜਾਬਰ ਬਾਦਸ਼ਾਹਾਂ ਬਾਰੇ ਵੀ ਉਨ੍ਹਾਂ ਦੀ ਰਾਇ ਇਸੇ ਭਾਂਤ ਦੀ ਸੀ ਉਹ ਨਿਰਭੈ ਹੋ ਕੇ ਥਾਂ ਥਾਂ ਲੋਕਾਂ ਨੂੰ ਦੱਸ ਰਹੇ ਸਨ :-

(੧) ਕਲਿ ਕਾਤੀ ਰਾਜੇ ਕਾਸਾਈ, ਧਰਮ ਪੰਖ ਕਰਿ ਉਡਰਿਆ।
(੨) ਰਤ ਪੀਣੇ ਰਾਜੇ ਸਿਰੈ ਉਪਰਿ ਰਖੀਅਹਿ, ਏਵੈ ਜਾਪੈ ਭਾਉ।
(੩) ਰਾਜੇ ਸੀਂਹ ਮੁਕਦਮ ਕੁਤੇ। ਜਾਇ ਜਗਾਇਨਿ ਬੈਠੇ ਸੁਤੇ। (ਆਦਿਕ

ਗੁਲਾਮ ਹਿੰਦੂਆਂ ਲਈ ਮੁਸਲਮਾਨੀ ਸ਼ਰੀਅਤ ਕਿਸ ਤਰ੍ਹਾਂ ਦੇ ਹੁਕਮ ਸਾਦਰ ਕਰਦੀ ਸੀ, ਇਹ ਜਾਣਨ ਲਈ ਨਮੂਨੇ ਵਜੋਂ 'ਜ਼ਖੀਰਤੁਲ ਮਲੂਕ' ਕਿਰਤ ਸ਼ੇਖ ਹਮਦਾਨੀ ਦੀ ਇਹ ਟੂਕ ਅਤਿਅੰਤ ਧਿਆਨ ਯੋਗ ਹੈ :-

'ਇਕ ਨਸੀਹਤ ਹੋਰ ਵੀ ਹੈ ਜੋਕਿ ਗ਼ੈਰ ਮੋਮਨ ਪਰਜਾ ਨਾਲ ਸਬੰਧਿਤ ਹੈ, ਜੋ ਜ਼ਿਮੀ ਹਨ, ਅਰਥਾਤ ਜਿਨ੍ਹਾਂ ਦੀ ਰਾਖੀ ਦਾ ਮੁਸਲਿਮ ਹਕੂਮਤ ਨੇ ਜ਼ਿੰਮਾ ਸੰਭਾਲਿਆ ਹੋਇਆ ਹੈ, ਉਨ੍ਹਾਂ ਉਤੇ ਹਕੂਮਤ ਕਰਨ ਲਈ ਜੋ ਸ਼ਰਤਾਂ ਹਜ਼ਰਤ

ਉਮਰ ਖਲੀਫੇ ਨੇ ਨਿਸਚਤ ਕੀਤੀਆਂ, ਖਾਸ ਕਰਕੇ ਪਾਰਸੀ, ਯਹੂਦੀ ਤੇ ਈਸਾਈ ਆਦਿ ਦੀ ਸੁਰੱਖਿਆ ਖਾਤਰ।

ਇਸ ਕਰਕੇ ਹਾਕਮਾਂ ਨੂੰ ਚਾਹੀਦਾ ਹੈ, ਉਹ ਸ਼ਰਤਾਂ ਉਨ੍ਹਾਂ ਲੋਕਾਂ ਤੇ ਵੀ ਲਾਗੂ ਕਰਨ ਜੋ ਮੁਸਲਿਮ ਸਰਕਾਰ ਅਧੀਨ ਹਨ। ਸ਼ਰਤਾਂ ਇਸ ਪਰਕਾਰ ਹਨ-

(੧) ਉਹ ਦੇਸ਼ ਜਿਥੇ ਮੁਸਲਮਾਨੀ ਰਾਜ ਹੈ, ਚਾਹੀਦਾ ਇਹ ਹੈ ਕਿ ਉਥੇ ਨਵੇਂ ਮੂਰਤੀ-ਮੰਦਰ ਜਾਂ ਬੁਤਖਾਨੇ ਉੱਕਾ ਨ ਬਣਾਏ ਜਾਣ।

(੨) ਜੋ ਮੰਦਰ ਢਹਿ-ਢੇਰੀ ਕੀਤੇ ਗਏ ਹੋਣ, ਉਹ ਮੁੜ ਨ ਉਸਾਰੇ ਜਾਣ।

(੩) ਮੁਸਲਿਮ ਯਾਤਰੂਆਂ ਨੂੰ ਮੰਦਰਾਂ ਵਿਚ ਠਹਿਰਨ ਤੇ ਕੋਈ ਰੋਕ ਨ ਲਾਈ ਜਾਵੇ।

(੪) ਜੇ ਕੋਈ ਮੁਸਲਿਮ ਅਤਿਥੀ ਤਿੰਨ ਦਿਨ ਯਾ ਇਸ ਤੋਂ ਵੱਧ ਲਈ ਉਨ੍ਹਾਂ ਦੇ ਘਰਾਂ ਵਿਚ ਠਹਿਰੇ, ਤਾਂ ਉਥੇ ਕੋਈ ਅਯੋਗ ਗੱਲ ਨ ਕਰੇ।

(੫) ਕਾਫਰਾਂ ਵਿਚੋਂ ਜਾਸੂਸ ਨ ਬਣਾਏ ਜਾਣ ਤੇ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਇਮਦਾਦ ਜਾਂ ਠਾਹਰ ਨ ਦਿੱਤੀ ਜਾਵੇ।

(੬) ਜੇ ਕਾਫਰ ਮੁਸਲਮਾਨ ਬਣਨਾ ਚਾਹੁਣ ਤਾਂ ਉਨ੍ਹਾਂ ਨੂੰ ਅਜੇਹਾ ਕਰਨ ਤੋਂ ਵਰਜਿਆ ਨ ਜਾਵੇ।

(੭) ਮੁਸਲਮਾਨਾਂ ਦੀ ਹਰ ਥਾਂ ਹਰ ਹਾਲ, ਇੱਜ਼ਤ ਹੋਣਾ ਜ਼ਰੂਰੀ ਹੈ।

(੮) ਜੇ 'ਜ਼ਿੰਮੀ' ਕਿਤੇ ਇਕੱਠੇ ਹੋਣ ਤਾਂ ਉਨ੍ਹਾਂ ਦੇ ਇਕੱਠ ਵਿਚ ਮੁਸਲਮਾਨਾਂ ਨੂੰ ਆਉਣ ਜਾਣ ਦੀ ਖੁਲ੍ਹ ਹੋਵੇ।

(੯) ਜ਼ਿੰਮੀਆਂ ਨੂੰ ਮੁਸਲਮਾਨਾਂ ਵਰਗਾ ਪਹਿਰਾਵਾ ਪਹਿਨਣ ਦਾ ਅਧਿਕਾਰ ਨਹੀਂ।

(੧੦) ਉਹ ਆਪਸ ਵਿਚ ਮੁਸਲਿਮ ਨਾਮਾਂ ਦੀ ਵਰਤੋਂ ਵੀ ਨ ਕਰਨ।

(੧੧) ਉਹ ਕਾਠੀ ਸਜਾ ਕੇ ਤੇ ਲਗਾਮ ਪਾ ਕੇ ਘੋੜੇ ਦੀ ਸਵਾਰੀ ਨ ਕਰਨ।

(੧੨) ਉਹ ਤਲਵਾਰ ਅਤੇ ਤੀਰ ਕਮਾਨ ਵੀ ਨ ਰੱਖਣ।

(੧੩) ਉਹ ਆਪਣੀਆਂ ਉਂਗਲੀਆਂ ਵਿਚ ਮੋਹਰ ਛਾਪ ਜਾਂ ਮੁੰਦ੍ਰੀ ਵੀ ਨ ਪਹਿਨਣ।

(੧੪) ਉਹ ਖੁਲ੍ਹੇ ਤੌਰ ਤੇ ਸ਼ਰਾਬ ਨ ਵੇਚਣ ਤੇ ਨਾ ਹੀ ਪੀਣ।

(੧੫) ਉਹ ਆਪਣਾ ਗੁਲਾਮ ਪਹਿਰਾਵਾ ਵੀ ਨ ਤਿਆਗਣ ਤਾਂ ਕਿ ਉਨ੍ਹਾਂ

ਨੂੰ ਮੁਸਲਮਾਨਾਂ ਤੋਂ ਵੱਖਰਿਆਂ ਪਛਾਣਿਆ ਜਾ ਸਕੇ।

(੧੬) ਉਹ ਬਹੁਦੇਵਵਾਦ ਵਾਲੀਆਂ ਰਸਮਾਂ-ਰੀਤਾਂ ਮੁਸਲਮਾਨਾਂ ਵਿਚ ਨ ਪ੍ਰਚਾਰਨ।

(੧੭) ਉਹ ਮੁਸਲਮਾਨਾਂ ਦੇ ਗੁਆਂਢ ਮਕਾਨ ਵੀ ਨ ਬਣਾਉਣ।

(੧੮) ਉਹ ਮੁਸਲਮਾਨਾਂ ਦੀਆਂ ਕਬਰਾਂ ਲਾਗੇ ਮੁਰਦੇ ਨ ਦੱਬਣ।

(੧੯) ਉਹ ਆਪਣੇ ਮੋਏ ਹੋਏ ਸਬੰਧੀ ਦਾ ਸ਼ੋਕ, ਉਚੀ ਉਚੀ ਰੋ ਪਿੱਟ ਕੇ ਨ ਕਰਨ।

(੨੦) ਉਹ ਮੁਸਲਮਾਨ ਗੁਲਾਮਾਂ ਦੀ ਖਰੀਦ ਫਰੋਖ਼ਤ ਨ ਕਰਨ।

ਇਸ ਅਹਿਦਨਾਮੇ ਦੇ ਅੰਤ ਇਹ ਵੀ ਲਿਖਿਆ ਹੈ ਕਿ ਜੇਕਰ 'ਜ਼ਿੰਮੀ' ਇਨ੍ਹਾਂ ਸ਼ਰਤਾਂ ਦੀ ਪਾਲਣਾ ਨ ਕਰਨ ਤਾਂ ਉਨ੍ਹਾਂ ਦੀ ਰਾਖੀ ਦਾ ਜ਼ਿੰਮਾ ਨ ਲਿਆ ਜਾਵੇ। ਮੁਸਲਮਾਨਾਂ ਲਈ ਕਾਨੂੰਨੀ ਤੌਰ ਤੇ ਜਾਇਜ਼ ਹੀ ਹੈ ਕਿ ਕਾਫਰਾਂ ਦਾ ਜਾਨ ਮਾਲ ਹੜੱਪ ਲਿਆ ਜਾਵੇ ਕਿਉਂਕਿ ਜਹਾਦ ਸਮੇਂ ਕਾਫਰ ਦਾ ਜਾਨ ਮਾਲ ਮੋਮਨ ਦਾ ਹੀ ਹੁੰਦਾ ਹੈ।' [ਦੀ ਹਿਸਟਰੀ ਐਂਡ ਕਲਚਰ ਆਫ ਦੀ ਇੰਡੀਅਨ ਪੀਪਲ ਜਿਲਦ ਛੇਵੀਂ, ਪੰਨਾ 619-20

ਗੁਰੂਆਂ ਪਹਿਲੇ ਪਹਿਲ ਭਾਣਾ ਮੰਨਣ ਦੀ ਸੰਥਾ ਦੇ ਕੇ 'ਸਹਿਨਸ਼ੀਲਤਾ' ਨੂੰ ਪਰਿਪੱਕ ਕੀਤਾ। ਗੁਰੂ ਅਮਰਦਾਸ ਸਮੇਂ ਗੋਇੰਦਵਾਲ ਜੋ ਸਾਂਝਾ ਲੰਗਰ ਚਲਾਇਆ, ਉਸ ਲਈ ਪਾਣੀ ਖਾਤਰ ਗਏ ਸੇਵਕਾਂ ਦੇ ਘੜੇ ਭੰਨੇ ਜਾਂਦੇ ਰਹੇ ਮਸ਼ਕਾਂ, ਤੀਰਾਂ ਨਾਲ ਪਾੜੀਆਂ ਗਈਆਂ, ਸਤਿਗੁਰਾਂ ਸ਼ਾਂਤੀ ਰੱਖੀ ਤੇ ਫਿਰ ਲੋਹ-ਗਾਗਰਾਂ ਦਾ ਪ੍ਰਬੰਧ ਕੀਤਾ ਤਾਂ ਕਿ ਕਿਸੇ ਵਿਵਾਦ ਵਿਚ ਨ ਪਿਆ ਜਾਵੇ। ਮਨੋਰਥ ਇਤਨਾ ਹੀ ਸੀ ਕਿ ਗੁਰੂ ਨਾਨਕ ਦੀ ਸਿੱਖੀ ਨੇ ਸ਼ਾਂਤਮਈ ਤਰੀਕੇ ਨਾਲ ਸਮਾਜਕ ਭਲਾਈ ਦੇ ਕੰਮ ਜਾਰੀ ਰੱਖਣੇ ਹਨ ਕਿਉਂਕਿ 'ਬਾਬਾ ਨਾਨਕ ਸ਼ਾਹ ਫਕੀਰ। ਹਿੰਦੂ ਕਾ ਗੁਰੂ ਮੁਸਲਮਾਨ ਕਾ ਪੀਰ' ਕਹਿ ਕੇ ਸਾਰੇ ਪੂਜਿਆ ਜਾਂਦਾ ਸੀ। ਉਸ ਨੇ ਇਕੋ ਰੱਬੀ ਏਕਤਾ ਤੇ ਮਨੁੱਖੀ ਏਕਤਾ ਦਾ ਸਿਧਾਂਤ ਸਨਮੁਖ ਰੱਖਿਆ ਹੋਇਆ ਸੀ। ਜਿਸ ਦੀ ਚਰਚਾ ਡਾਕਟਰ ਇਕਬਾਲ ਵਰਗੇ ਸ਼ਾਇਰ ਨੇ ਵੀ ਖੁਲ੍ਹ ਕੇ ਕੀਤੀ ਹੈ :–

'ਫਿਰ ਉਠੀ ਆਖਰ ਸਦਾਅ, ਤੌਹੀਦ ਦੀ ਪੰਜਾਬ ਸੇ।
ਹਿੰਦ ਕੋ ਇਕ ਮਰਦਿ ਕਾਮਿਲ, ਨੇ ਜਗਾਯਾ ਖ਼੍ਵਾਬ ਸੇ।'

ਸੋ ਅਕਬਰ ਬਾਦਸ਼ਾਹ ਲੰਗਰ ਦੀ ਸਲਾਹੁਤਾ ਕਰਦਾ ਹੋਇਆ ਢੇਰ ਸਾਰੀ ਜ਼ਿਮੀਨ 'ਗੁਰੂ ਕਾ ਚੱਕ' ਨੂੰ ਭੇਟ ਕਰ ਗਿਆ। ਗੁਰੂ ਰਾਮਦਾਸ ਜੀ ਨੇ ਬਿਨਾਂ ਕਿਸੇ ਭਿੰਨ ਭੇਦ ਦੇ ਇਸ ਬਸਤੀ ਨੂੰ ਆਬਾਦ ਕਰਨ ਲਈ ਬਵੰਜਾ ਜਾਤੀਆਂ ਦੇ ਗਰੀਬ ਕਿਰਤੀ ਇਥੇ ਵਸਾਏ, ਤਾਲ ਖੁਦਵਾਏ ਤੇ ਛੰਨ ਛੱਪਰ ਪੁਆਏ ਤਾਂ ਕਿ ਸਭ ਸੁਖ ਸ਼ਾਂਤੀ ਨਾਲ ਰਹਿਣ। ਗੁਰੂ ਅਰਜਨ ਸਾਹਿਬ (1563-1606) ਨੇ ਦੂਰੰਦੇਸ਼ੀ ਤੋਂ ਕੰਮ ਲੈਂਦਿਆਂ ਸਰਬ-ਸਾਂਝਾ ਸੁੰਦਰ ਹਰਿਮੰਦਰ ਤਿਆਰ ਕਰਾਇਆ ਤਾਂ ਕਿ ਇਥੋਂ ਦੇ ਵਾਸੀ ਹਰਿ ਕੀਰਤਨ ਵਿਚ ਜੁੜ ਕੇ ਆਤਮਿਕ ਸ਼ਾਂਤੀ ਹਾਸਲ ਕਰਦੇ ਰਹਿਣ ਕਿਉਂਕਿ ਹੁਣ ਉਨ੍ਹਾਂ ਲਈ ਬੁਤਖਾਨੇ ਜਾਂ ਮਸੀਤੇ ਜਾਣਾ ਮੁਸ਼ਕਲ ਸੀ। ਇਸਦੇ ਨਾਲ ਹੀ ਗੁਰੂ ਨਾਨਕ ਸਾਹਿਬ ਵਲੋਂ ਸੰਗ੍ਰਹਿ ਕੀਤੀ ਜਾ ਰਹੀ ਸੰਤਾਂ ਭਗਤਾਂ ਤੇ ਦਰਵੇਸ਼ ਫਕੀਰਾਂ ਦੀ ਬਾਣੀ ਦਾ ਭੰਡਾਰ, ਵਰ੍ਹਿਆਂ ਦੀ ਲੰਮੀ ਘਾਲ ਬਾਦ ਸੋਧ ਸੰਵਾਰ ਕੇ ਇਕ 'ਸਾਂਝੇ ਧਰਮ-ਗ੍ਰੰਥ' ਦੇ ਰੂਪ ਵਿਚ ਤਿਆਰ ਕੀਤਾ ਗਿਆ ਤੇ ਇਸ ਨੂੰ ਹਰਿਮੰਦਰ ਵਿਚ ਸਥਾਪਨ ਕਰਕੇ ਸਤਿਗੁਰਾਂ ਇਹ ਸਮਝਾਇਆ ਕਿ ਇਹੋ ਦੋਵੇਂ ਸਿਧਾਂਤ ਸਾਡੇ ਸਭ ਲਈ ਪੂਜਨੀਕ ਹੈ, ਇਹੋ ਵੀ ਸਿਖੀ ਦਾ ਧੁਰਾ ਹੈ।' ਇਤਨੇ ਮਹਾਨ ਕਾਰਜ ਕਰਨ ਵਾਲੇ ਪਰੋਪਕਾਰੀ ਮਹਾਂਪੁਰਖ ਗੁਰੂ ਅਰਜਨ ਸਾਹਿਬ, ਮੁਸਲਮਾਨਾਂ ਦੀ ਮਲੀਨ ਮਤਿਵਾਲੀ ਮੁੱਲਾਂ ਜਮਾਤ ਤੇ ਬਾਦਸ਼ਾਹ ਜਹਾਂਗੀਰ ਦੀ ਕ੍ਰੋਪੀ ਦਾ ਸ਼ਿਕਾਰ ਹੋ ਗਏ ਤੇ ਉਨ੍ਹਾਂ ਨੂੰ ਸ਼ਹਾਦਤ ਦਾ ਜਾਮ ਪੀਣਾ ਪਿਆ ਪਰ ਉਹ ਅਡੋਲ ਗਾਉਂਦੇ ਗਏ :–

'ਸੇਵਕ ਕੀ ਓੜਕ ਨਿਬਹੀ ਪ੍ਰੀਤਿ
ਜੀਵਤ ਸਾਹਿਬ ਸੇਵਿਓ ਆਪਣਾ ਚਲਤੇ ਰਾਖਿਓ ਚੀਤਿ।' (ਮਾਰੂ 5

ਲੇਕਿਨ ਸਿਖੀ ਦੇ ਇਸ ਸਹਿਯੋਗੀ ਤੇ ਮੇਲ ਮਿਲਾਪ ਦੇ ਵਰਤਾਰੇ ਦੇ ਮੁਕਾਬਲੇ ਕਾਫਰ ਮੋਮਨ ਦਾ ਝਗੜਾ ਜ਼ਹਿਰ ਫੈਲਾਉਣ ਵਾਲਾ ਸੀ, ਮਜ਼ਬੀ ਆਗੂ ਤੇ ਤੱਸਬੀ ਸਰਕਾਰ ਦੋਵੇਂ ਇਸਦੇ ਮੁੱਦਈ ਸਨ। ਜਹਾਦ ਦੀ ਫਿਲਾਸਫੀ ਐਸੀ ਖਤਰਨਾਕ ਤੇ ਮਾਰੂ ਸਾਬਤ ਹੋਈ ਕਿ ਉਸ ਨੇ ਏਸ਼ੀਆ ਭਰ ਵਿਚ ਫਸਾਦ ਖੜੇ ਕਰ ਦਿੱਤੇ। ਇਹ ਵਤੀਰਾ ਸਭਯ ਸੰਸਾਰ ਨੂੰ ਪਰਵਾਨ ਨਹੀਂ ਕਿ ਜੋ ਤੁਹਾਡੇ ਵਿਚਾਰਾਂ ਨਾਲ ਸੰਮਤੀ ਨਹੀਂ ਰਖਦਾ, ਉਸ ਨੂੰ ਮਾਰਦੇ ਹੀ ਜਾਓ। ਇਸੇ ਧੱਕੇ -ਸ਼ਾਹੀ ਨਾਲ ਜਬਰੀ ਧਰਮ-ਪਰਿਵਰਤਨ ਜਾਂ ਤਬਲੀਗ਼ ਦੀ ਤਬਾਹਕੁਨ ਵਬਾ ਫੈਲਦੀ ਗਈ ਤੇ ਇਸਦਾ ਮੰਦਾ ਅਸਰ ਸਦੀਆਂ ਤਕ ਚਲਦਾ ਗਿਆ। ਇਥੋਂ

ਤਕ ਕਿ ਡਾਕਟਰ ਇਕਬਾਲ ਵਰਗਾ ਦਾਨਾ ਕਵੀ ਇਹੋ ਸੰਦੇਸ਼ ਦਿੰਦਾ ਰਿਹਾ ਕਿ ਨਵੇਂ ਰਾਸ਼ਟਰ-ਨਿਰਮਾਣ ਜਾਂ ਕੌਮੀ ਉਸਾਰੀ ਲਈ ਇਕੋ ਇਕ ਤਰੀਕਾ ਤਲਵਾਰ ਹੀ ਹੈ :–

'ਮੈਂ ਤੁਝ ਕੋ ਬਤਾਤਾ ਹੂੰ ਕਿ ਤਕਦੀਰੇ ਉਮਮ ਕਿਆ ਹੈ ?
ਸ਼ਮਸ਼ੀਰੋ ਸਨਾਂ ਅੱਵਲ, ਤਾਊਸੋ ਰਬਾਬ ਆਖਿਰ।'

ਲੇਕਿਨ ਬਾਬਾ ਨਾਨਕ ਨੇ ਤਲਵਾਰਵਾਦ ਦਾ ਤਰੀਕਾ ਤਰਕ ਕਰਕੇ ਰਬਾਬ ਦੀ ਰੂਹਾਨੀ ਝਨਕਾਰ ਨੂੰ ਪਹਿਲ ਦਿੱਤੀ। ਉਹ ਕਹਿੰਦੇ ਸਨ।

'ਆਵਹਿ ਭੇਣੇ ਗਲਿ ਮਿਲਹਿ, ਮੇਰੀ ਅੰਕਿ ਸਹੇਲੜੀਆਹੁ
ਮਿਲਕੇ ਕਰਹ ਕਹਾਣੀਆਂ ਸੰਮ੍ਰਥ ਕੰਤ ਕੀਆਹੁ।' (ਸਿਰੀ ੧

ਪਹਿਲੇ ਇਸ ਰੂਹਾਨੀ ਨਾਦ ਨਾਲ ਮਨੁਖੀ ਮਨ ਦੇ ਸਾਜ਼ ਨੂੰ ਸੁਰ ਕਰਕੇ ਸਾਧੂ ਸੰਤ ਜਾਂ ਦਰਵੇਸ਼ ਬਣਾਓ ਤੇ ਸਰਬਤ ਤੇ ਭਲੇ ਦਾ ਸਬਕ ਸਿਖਾਓ। ਇਸ ਤੋਂ ਬਾਦ ਜੇ ਲੋੜ ਪਵੇ ਤਾਂ ਤਲਵਾਰ ਫੜਾ ਕੇ ਉਸਨੂੰ ਧਰਮ-ਯੁੱਧ ਕਰਨ ਵਾਲਾ ਬੀਰ ਸਿਪਾਹੀ ਸਜਾਓ। ਸਾਨੂੰ ਉਹ ਸੰਤ ਸਾਧੂ ਨਹੀਂ ਚਾਹੀਏ ਜੋ ਮਰਦੇ ਹੀ ਰਹਿਣ ਤੇ ਉਹ ਸਿਪਾਹੀ ਵੀ ਨਹੀਂ ਚਾਹੀਏ ਜੋ ਮਾਰਦੇ ਹੀ ਰਹਿਣ। ਅਸੀਂ ਤਾਂ ਸੰਤ-ਸਿਪਾਹੀ ਜੀਵਨ ਦੇ ਮੁੱਦਈ ਹਾਂ ਤੇ ਸਾਡਾ ਨਾਅਰਾ 'ਨਾਨਕ ਨਾਮ ਚੜਦੀ ਕਲਾ। ਤੇਰੇ ਭਾਣੇ ਸਰਬਤ ਦਾ ਭਲਾ।' ਇਸੇ ਦੀ ਖੁਲ੍ਹੀ ਵਿਆਖਿਆ ਹੈ। ਸੋ ਇਉਂ ਗੁਰੂ ਨਾਨਕ ਸਾਹਿਬ ਦਾ ਸੰਕਲਪਿਆ ਧਰਮ-ਯੁੱਧ ਬਦੀ ਦੇ ਨਾਸ ਤੇ ਨੇਕੀ ਦੇ ਵਿਕਾਸ ਲਈ ਸੀ ਤੇ ਇਹ ਧਰਮ-ਯੁੱਧ, ਮੌਤ ਤੋਂ ਵੀ ਭੈਭੀਤ ਨਹੀਂ ਹੁੰਦਾ ਸਗੋਂ ਇਹ ਗੀਤ ਗਾਉਂਦਾ ਅੱਗੇ ਵਧਦਾ ਹੈ ਪਰ ਨਾਲ ਹੀ ਇਹ ਵੀ ਦੱਸਿਆ ਹੈ ਕਿ ਮੂਰਖ, ਅਸਭਯ ਦਾ ਇਲਾਜ ਮੂੰਹ ਤੇ ਥੱਪੜ ਹੀ ਹੈ।

ਜਉ ਤਉ ਪ੍ਰੇਮ ਖੇਲਨ ਕਾ ਚਾਉ। ਸਿਰ ਧਰਿ ਤਲੀ ਗਲੀ ਮੇਰੀ ਆਉ
ਇਤੁ ਮਾਰਗਿ ਪੈਰ ਧਰੀਜੈ, ਸਿਰ ਦੀਜੈ ਕਾਣ ਨ ਦੀਜੈ। (ਗੁਰੂ ਨਾਨਕ
'ਮੂਰਖੈ ਗੰਢੁ ਪਾਵਹਿ ਮੁਹਿ ਮਾਰ।' ਸੋ ਸ਼ਕਤੀ ਬਗ਼ੈਰ ਇਨ੍ਹਾਂ ਨੂੰ ਸਿਧੇ ਰਸਤੇ ਨਹੀਂ ਲਿਆਂਦਾ ਜਾ ਸਕਦਾ ਹੈ।

(੨) ਮੀਰੀ ਪੀਰੀ ਦਾ ਵਾੱਲੀ

ਸ਼ਹਾਦਤ ਇਕ ਵੱਡੀ ਤਾਕਤ ਹੈ, ਜੋ ਕਿਸੇ ਲਹਿਰ ਨੂੰ ਗਤੀਮਾਨ ਕਰਨ ਲਈ ਬੜਾ ਮਹੱਤਵ-ਪੂਰਣ ਰੋਲ ਅਦਾ ਕਰਦੀ ਹੈ। ਮੂਲ ਸਿਧਾਂਤ ਤਾਂ ਇਹ

ਵਿਸ਼ਵਾਸ ਦਿਵਾਉਂਦਾ ਹੈ - 'ਜੀਵਤ ਮਰਹੁ ਮਰਹੁ ਫੁਨਿ ਜੀਵਹੁ ਤਾਂ ਫਿਰ ਮਰਣੁ ਨ ਹੋਈ।' ਸੱਚਾ ਸਿਦਕੀ ਸਿੱਖ ਜੀਉਣ ਦੀ ਝੂਠੀ ਆਸ ਤਿਆਗਕੇ ਹੀ ਪਹਿਲਾਂ ਮਰਣਾ ਕਬੂਲ ਕਰਦਾ ਹੈ। ਸੋ ਮੁਰੀਦ ਲਈ ਮੁਰਦਾ ਹੋ ਕੇ ਚਲਣਾ ਹੀ ਵਾਜਬ ਹੈ, ਕੇਵਲ ਗੱਲਾਂ ਬਾਤਾਂ ਨਾਲ ਕੁਝ ਨਹੀਂ ਬਣਦਾ। ਜਿਸਨੇ ਕਿਸੇ ਉਚੇ ਆਦਰਸ਼ ਲਈ ਜਿੰਦ ਨਿਛਾਵਰ ਕਰਨ ਦੀ ਠਾਣੀ ਹੈ, ਉਸ ਨੂੰ ਆਪਣੇ ਅੰਦਰ ਦੋ ਗੁਣ ਧਾਰਨੇ ਤੇ ਦੋ ਔਗੁਣ ਨਿਵਾਰਨੇ ਚਾਹੀਦੇ ਹਨ। ਭਾਈ ਗੁਰਦਾਸ ਦਸਦੇ ਹਨ:-

'ਮੁਰਦਾ ਹੋਇ ਮੁਰੀਦ ਨ ਗਲੀਂ ਹੋਵਣਾ
ਸਬਰ ਸਿਦਕ ਸ਼ਹੀਦ, ਭਰਮ ਭਉ ਖੋਵਣਾ।'

ਰੱਬੀ ਸਿਦਕ ਇਸ ਲਈ ਜ਼ਰੂਰੀ ਹੈ ਤਾਂ ਜੁ ਸ਼ਹੀਦ ਨੂੰ ਭਰੋਸਾ ਹੋਵੇ ਕਿ ਮੇਰੇ ਸਿਰ ਤੇ ਕਿਸੇ ਵੱਡੀ ਸ਼ਕਤੀ ਦਾ ਸਾਇਆ ਹੈ। ਜੇਹਾ ਕਿ ਗੁਰੂ ਅਰਜਨ ਸਾਹਿਬ ਨੂੰ ਭਰੋਸਾ ਸੀ - 'ਜਾ ਤੂ ਮੇਰੇ ਵਲਿ ਹੈ ਤਾਂ ਕਿਆ ਮੁਹਛੰਦਾ।' ਦੂਜੇ ਸਬਰ ਸੰਤੋਖ ਦਾ ਗੁਣ ਇਸ ਲਈ ਜ਼ਰੂਰੀ ਸੀ ਕਿ ਦੁਨਿਆਵੀ ਪਦਾਰਥਾਂ ਦਾ ਲੋਭ ਉਸਨੂੰ ਆਪਣੇ ਮਿਥੇ ਨਿਸ਼ਾਨੇ ਤੋਂ ਇਧਰ ਉਧਰ ਨ ਹੋਣ ਦੇਵੇ। ਇਉਂ ਸਿਦਕ ਤੇ ਸਬਰ ਦੇ ਮਜ਼ਬੂਤ ਕਦਮਾਂ ਨਾਲ ਸ਼ਹੀਦ ਅੱਗੇ ਵੱਧਦਾ ਜਾਂਦਾ ਹੈ, ਭਰਮ ਤੇ ਭੈ ਵਰਗੇ ਭਿਆਨਕ ਔਗੁਣ ਉਸ ਲਈ ਰੁਕਾਵਟ ਨਹੀਂ ਬਣਦੇ। ਗੁਰੂ ਅਰਜਨ ਸਾਹਿਬ ਵਰਗੇ ਸ਼ਾਂਤਿ-ਪੁੰਜ ਮਹਾਂਪੁਰਸ਼ ਨੇ ਬੜੀ ਨਿਰਭੈਤਾ ਨਾਲ ਅਜੇਹੀ ਕੁਰਬਾਨੀ ਦਾ ਚਾਨਣ-ਮੁਨਾਰਾ ਸਥਾਪਤ ਕੀਤਾ। ਜਿਸਦੀ ਰੋਸ਼ਨੀ ਵਿਚ ਇਹ ਕਾਫਲਾ ਅੱਗੇ ਅੱਗੇ ਵਧਦਾ ਗਿਆ। ਸੱਚ ਪੁਛੋ ਤਾਂ ਇਸੇ ਕੁਰਬਾਨੀ ਮਾਤਾ ਦੇ ਉਦਰ ਤੋਂ ਮੀਰੀ ਪੀਰੀ ਦੀ ਸ਼ਕਤੀ ਪ੍ਰਫੁਲਤ ਹੋਈ। ਗੁਰੂ ਹਰਿਗੋਬਿੰਦ ਸਾਹਿਬ ਤੇ ਸੰਗਤਾਂ ਨੇ ਚੰਗੀ ਤਰ੍ਹਾਂ ਅਨੁਭਵ ਕਰ ਲਿਆ ਸੀ ਕਿ ਜਿਸ ਸਰਕਾਰ ਦੀ ਨਿਗਾਹ ਵਿਚ ਐਸਾ ਪਰੋਪਕਾਰੀ ਸ਼ਾਂਤ ਮਹਾਂਪੁਰਖ ਅਸਹਿ ਹੈ, ਉਹ ਸਰਕਾਰ ਦੀ ਬਦਨੀਤੀ ਵੀ ਅਸਾਡੇ ਲਈ ਅਸਹਿ ਹੈ, ਅਸੀਂ ਉਸਨੂੰ ਬੰਦ ਕਰਨ ਲਈ ਦੋ ਤਲਵਾਰਾਂ ਫੜ ਕੇ ਵੀ ਜੂਝਾਂਗੇ। ਇਹ ਸੀ ਪ੍ਰਤਗਿਆ ਨੌਜੁਆਨ ਖਸ਼ਟਮ ਗੁਰੂ ਦੀ ਕਿ ਹੁਣ ਕੇਵਲ ਮਾਲਾ ਫੜ ਕੇ ਸੰਤ ਭਗਤ ਹੀ ਨਹੀਂ ਬਣੇ ਰਹਿਣਾ, ਸਗੋਂ ਨਾਲ ਭਾਲਾ ਜਾਂ ਤੇਗਾ ਫੜ ਕੇ ਜਬਰ ਨਾਲ ਟੱਕਰ ਵੀ ਲੈਣਾ ਹੈ।

ਹੁਣ ਧਾਰਮਿਕ ਵਾਰਾਂ ਦੀ ਝੰਕਾਰ ਨਾਲ, ਜੋਧੇ ਵਰਿਆਸਾਂ ਦੀਆਂ ਵਾਰਾਂ ਦੀ ਗੁੰਜਾਰ ਵੀ ਸੰਗਤਾਂ ਦੇ ਕੰਨੀਂ ਪਾਉਣ ਦੀ ਲੋੜ ਹੈ ਅਤੇ ਇਨ੍ਹਾਂ ਛੱਪਰੀਆਂ

ਨੂੰ 'ਛਾਉਣੀਆਂ' ਵਿਚ ਬਦਲਣਾ ਸਮੇਂ ਦੀ ਮੰਗ ਹੈ। ਸਤਿਗੁਰਾਂ ਵਧੀਆ ਘੋੜੇ ਤੇ ਸ਼ਸਤ੍ਰ ਭੇਟਾ ਲਿਆਉਣ ਦਾ ਸੰਦੇਸ਼ਾ ਪਹਿਲੇ ਹੀ ਸਿਖ ਸੰਗਤਾਂ ਵਲ ਭੇਜ ਦਿੱਤਾ ਸੀ। ਇਹ ਗੋਇੰਦਵਾਲ ਦੀ ਗਹਿਰ ਗੰਭੀਰ ਗੱਲਬਾਤ ਦਿੱਲੀ ਲਾਹੌਰ ਤੇ ਸਰਹੰਦ ਵਿਚ ਵੀ ਚਿੰਤਾ ਦੀ ਵਿਸ਼ਾ ਬਣ ਰਹੀ ਸੀ। ਨਕਸ਼ਬੰਦੀ ਸਿਲਸਿਲੇ ਦਾ ਕੱਟਰ ਸ਼ੇਖ ਅਹਿਮਦ ਮੁਜੱਦਦ ਅਲਫ ਸਾਨੀ, ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਉਪਰੰਤ ਕੱਛਾਂ ਵਜਾ ਰਿਹਾ ਸੀ ਤੇ ਜਹਾਂਗੀਰ ਨੂੰ ਮੁਬਾਰਕਾਂ ਭੇਜ ਰਿਹਾ ਸੀ। ਅਖੀਰ ਸਰਕਾਰ ਐਸੇ ਬਾਗੀ ਗੁਰੂ ਨੂੰ ਗ੍ਰਿਫਤਾਰ ਕਰਨ ਵਿਚ ਕਾਮਯਾਬ ਹੋ ਗਈ ਤੇ ਉਨ੍ਹਾਂ ਨੂੰ ਗੜ੍ਹ ਗੁਆਲੀਅਰ ਭੇਜ ਦਿੱਤਾ ਗਿਆ, ਜਿਥੇ ਕਿ ਹੋਰ ਵੀ ਅਨੇਕਾਂ ਦੇਸੀ ਰਿਆਸਤਾਂ ਦੇ ਰਾਜੇ ਕੈਦ ਸਨ। ਦਰਅਸਲ ਕਾਰਣ ਇਤਨਾ ਕੁ ਹੀ ਸੀ, ਜਹਾਂਗੀਰ ਨੂੰ ਵਹਿਮ ਹੋ ਗਿਆ ਸੀ ਕਿ ਇਹ ਸਾਰੇ ਮੇਰੇ ਬਾਗ਼ੀ ਪੁੱਤਰ ਖੁਸਰੋ ਦੇ ਹਮਾਇਤੀ ਹਨ ਤੇ ਇਹ ਖੁਸਰੋ ਦੀ ਮਾਤਾ ਜਹਾਂਗੀਰ ਦੀ ਸ਼ਾਹ ਬੇਗਮ ਚੂੰਕਿ ਰਾਜਪੂਤ ਰਾਜਾ ਭਗਵਾਨ ਦਾਸ ਦੀ ਸਪੁੱਤਰੀ ਸੀ, ਇਸ ਕਰਕੇ ਸਾਰੇ ਰਾਜਪੂਤ ਆਪਣੇ ਭਾਣਜੇ ਦੀ ਜਿਵੇਂ-ਕਿਵੇਂ ਮੱਦਦ ਕਰ ਰਹੇ ਸਨ। ਇਸੇ ਲੜੀ ਵਿਚ ਗੁਰੂ ਅਰਜਨ ਸਾਹਿਬ ਦਾ ਨਾਮ ਜੋੜਿਆ ਗਿਆ ਕਿ ਉਨ੍ਹਾਂ ਖੁਸਰੋ ਦੇ ਮੱਥੇ ਤੇ ਲਾਲ ਤਿਲਕ ਲਾਇਆ ਸੀ। ਹਾਲਾਂਕਿ ਉਸ ਸਮੇਂ ਗੁਰੂ ਘਰ ਵਿਚ ਹਰੇਕ ਦਰਸ਼ਨਾਰਥੀ ਸਿੱਖ ਨੂੰ ਟਿੱਕਾ ਲਾਇਆ ਜਾਂਦਾ ਸੀ। ਇਸ ਤਰ੍ਹਾਂ ਬਾਤ ਦਾ ਬਤੰਗੜ ਬਣ ਗਿਆ। ਗੁਰੂ ਘਰ ਨੂੰ ਲਾਭ ਇਸਦਾ ਇਹ ਹੋਇਆ ਕਿ 10-12 ਸਾਲ ਇਨ੍ਹਾਂ ਰਾਜਿਆਂ ਨੂੰ ਗੁਰੂ ਹਰਿਗੋਬਿੰਦ ਸਾਹਿਬ ਦੇ ਨੇੜੇ ਰਹਿਣ ਕਰਕੇ ਜਿਥੇ ਭਾਰਤੀ ਸ੍ਵੈਮਾਨ ਦੀ ਸ਼ਮ੍ਹਾਂ ਜਗਾਈ ਗਈ, ਉਥੇ ਸਤਿਗੁਰਾਂ ਦੇ ਰੂਹਾਨੀ ਦੀਦਾਰ ਨੇ ਵੀ ਆਪਣਾ ਅਮਿਟ ਪ੍ਰਭਾਵ ਛੱਡਿਆ। ਜਦੋਂ ਬਾਦਸ਼ਾਹ ਨੂੰ ਹੋਸ਼ ਆਈ ਮੀਆਂ ਮੀਰ ਤੇ ਮਲਕਾ ਨੂਰਜਹਾਂ ਦੇ ਸਮਝਾਉਣ ਤੇ ਆਪਣੀ ਭੁੱਲ ਦਾ ਅਹਿਸਾਸ ਹੋਇਆ ਤਾਂ ਉਸ ਗੁਰੂ ਜੀ ਦੀ ਰਿਹਾਈ ਦੇ ਹੁਕਮ ਦਿੱਤੇ ਪਰ ਸਤਿਗੁਰਾਂ ਇਨਕਾਰ ਕਰ ਦਿੱਤਾ ਤੇ ਸ਼ਰਤ ਇਹ ਰੱਖ ਦਿੱਤੀ ਕਿ ਇਨ੍ਹਾਂ ਸਾਥੀ ਰਾਜਿਆਂ ਦੀ ਵੀ ਬੰਦ-ਖਲਾਸ ਕੀਤੀ ਜਾਵੇ। ਅਖੀਰ ਬਾਦਸ਼ਾਹ ਨੇ ਇਹ ਚੁੱਚਰ ਡਾਹੀ ਕਿ ਜੋ ਤੁਹਾਡੇ ਚੋਲੇ ਦਾ ਦਾਮਨ ਫੜ ਕੇ ਨਿਕਲੇ, ਉਸਨੂੰ ਛੱਡ ਦਿੱਤਾ ਜਾਵੇ। ਸਤਿਗੁਰਾਂ ਵੀ ਇਕ ਵੱਡਾ ਚੋਲਾ ਬਣਵਾ ਕੇ ਤੇ ਅਨੋਖਾ ਕੌਤਕ ਵਰਤਾ ਕੇ 50 ਤੋਂ ਉਤੇ ਕੈਦੀ ਰਾਜਿਆਂ ਨੂੰ ਰਿਹਾ ਕਰਵਾਕੇ 'ਬੰਦੀ ਛੋੜ' ਦੀ ਪਦਵੀ

ਪਾਈ। ਇਸ ਮੇਲ-ਜੋਲ ਦੇ ਕਿਤਨੇ ਚੰਗੇ ਸਿਟੇ ਨਿਕਲੇ, ਉਨ੍ਹਾਂ ਵਲ ਸਾਡੇ ਇਤਿਹਾਸਕਾਰਾਂ ਨੇ ਬਹੁਤਾ ਧਿਆਨ ਨਹੀਂ ਦਿੱਤਾ। ਜਿਉਂ ਜਿਉਂ ਗੁਰੂ ਸਾਹਿਬ ਦੀ ਪ੍ਰਭੁਤਾ ਵਧਦੀ ਗਈ ਤੇ ਸਰਕਾਰੀ ਨਜ਼ਰਾਂ ਬਦਲਦੀਆਂ ਗਈਆਂ। ਉਸ ਸਮੇਂ ਦੂਰੰਦੇਸ਼ੀ ਵਰਤ ਕੇ ਗੁਰੂ ਸਾਹਿਬਾਂ ਨੇ ਸਿਖਾਂ ਨੂੰ ਫੌਜੀ ਸਿਖਲਾਈ ਦੇ ਕੇ ਤਿਆਰ ਬਰਤਿਆਰ ਕੀਤਾ। ਪੰਜਾਬ ਦੇ ਲੋਕ ਜ਼ਿਆਦਾਤਰ ਡਾਂਗ ਸੋਟਾ ਜਾਂ ਬਰਛਾ ਕੁਹਾੜੀ ਦੇ ਹੀ ਜਾਣੂ ਸਨ। ਤੀਰੰਦਾਜ਼ੀ, ਤਲਵਾਰ-ਬਾਜ਼ੀ ਜਾਂ ਤੋਪ ਬੰਦੂਕ ਦਾ ਹੁਨਰ ਇਨ੍ਹਾਂ ਦੇ ਵਸੋਂ ਬਾਹਰਾ ਸੀ। ਸੋ ਅਨੇਕਾਂ ਸ਼ਸਤ੍ਰ ਵਿਦਿਆ ਦੇ ਜਾਣੂ ਰਾਜਪੂਤ, ਰਾਜਿਆਂ ਭਿਜਵਾਏ ਤੇ ਉਹ ਸਾਡੇ ਨੌਜੁਆਨਾਂ ਨੂੰ ਸ਼ਸਤ੍ਰਾਂ ਦੀ ਸਿਖਲਾਈ ਦਿੰਦੇ ਰਹੇ। ਰਾਜਾ ਕਲਿਆਣ ਚੰਦ ਕਹਿਲੂਰ ਤੇ ਰਾਜਾ ਹਿੰਮਤ ਚੰਦ ਹੰਡੂਰ ਵਰਗੇ ਪਹਾੜੀ ਰਾਜੇ, ਸਤਿਗੁਰਾਂ ਦੇ ਪਰਮ ਸਨੇਹੀ ਸਨ। ਉਨ੍ਹਾਂ 'ਗੁਰੂ ਕੇ ਚੱਕ' ਆ ਕੇ ਸਤਿਗੁਰਾਂ ਨੂੰ ਪਹਾੜੀ ਇਲਾਕੇ ਵਲ ਆਪਣੀ ਸਰਗਰਮੀ ਦਾ ਟਿਕਾਣਾ ਬਣਾਉਣ ਦਾ ਸੁਝਾਉ ਦਿੱਤਾ। ਰਾਜਾ ਕਲਿਆਣ ਚੰਦ (1658-1693 ਬਿ.) ਨੇ ਖੁਦ ਗੁਰੂ ਕਾ ਚੱਕ ਆ ਕੇ ਚਾਰ ਪਿੰਡ (ਜਉਬਾਲ, ਕਲਿਆਣਪੁਰ, ਭਟੋਲੀਆਂ ਤੇ ਭਗੂਵਾਲ) ਕੀਰਤਪੁਰ ਦੀ ਬਸਤੀ ਵਸਾਉਣ ਲਈ ਪੁੰਨ ਅਰਥ ਭੇਟ ਕੀਤੇ।

ਇਸ ਘਟਨਾ ਦੀ ਪੁਸ਼ਟੀ ਲਈ ਭੱਟ ਵਹੀਆਂ ਦੇ ਇਹ ਪੁਰਾਤਨ ਹਵਾਲੇ ਧਿਆਨ ਯੋਗ ਹਨ :-

(੧) ਰਾਜਾ ਕਲਿਆਣ ਚੰਦ, ਚੰਦ੍ਰ ਬੰਸੀ ਚੰਦੇਲ ਗੋਤ੍ਰਾ ਕਹਿਲੂਰਪਤੀ, ਬੇਟੇ ਤਾਰਾ ਚੰਦ ਕੋ ਗੈਲ ਲੇ ਸਾਨ ਸੋਲਾਂ ਸੈ ਸਤਾਸੀਆ, ਬੈਸਾਖ ਸੁਦੀ ਚਉਥ, ਗੁਰੂ ਚੱਕ ਕੇ ਮਲ੍ਹਾਨ, ਨਵਾਂ ਗਾਂਵ ਬਸਾਨੇ ਲੀਏ, ਗੁਰੂ ਹਰਿਗੋਬਿੰਦ ਮਹਲ ਛਟੇ ਕੋ ਨਗਰ ਜਉਬਾਲ ਕਲਿਆਣਪੁਰ, ਭਟੋਲੀਆਂ, ਭਗੂਵਾਲ ਕੀ ਧਰਤੀ ਪੁੰਨਅਰਥ ਭੇਟ ਕੀ।'

(੨) ਗੁਰੂ ਹਰਿਗੋਬਿੰਦ ਮਹਲ ਛਟੇ ਨੇ ਬੇਟਾ ਗੁਰਦਿਤਾ ਜੀ ਕੋ ਨਗਰ ਜਉਬਾਲ, ਭਾਈ ਹਰਿਏ ਬਡੂੰਗ ਦੇ ਘਰਿ ਭੇਜਾ, ਗੈਲ ਗੁਰੂ ਬਾਬਾ ਸ੍ਰੀ ਚੰਦ ਜੀ ਆਏ, ਕਮਲੀਏ ਅਲਮਸਤ ਕੋ ਸਾਥ ਲੇਕੇ। ਗੈਲ ਬਾਬਾ ਬੁੱਢਾ ਰਾਮਦਾਸ, ਸਿੰਘਾ ਪਰੋਹਤ, ਖੇਮਾ ਚੰਦਨੀਆ ਆਇਆ। ਗੁਰੂ ਬਾਬਾ (ਸ੍ਰੀ ਚੰਦ) ਕੇ ਪਾਵਨ ਹਾਥੋਂ ਸੇ ਮੋੜ੍ਹੀ ਗਾਡੀ, ਬਾਉਲੀ ਕਾ ਟੱਕ ਲਾਇਆ, ਨਗਰੀ ਕਾ ਨਾਉਂ 'ਕੀਰਤਪੁਰ'

ਰਾਖਾ।'

(3) ਗੁਰੂ ਬਾਬਾ ਸ੍ਰੀ ਚੰਦ ਜੀ, ਬੇਟਾ ਗੁਰੂ ਨਾਨਕ ਜੀ, ਮਹਲ ਪਹਿਲੇ ਕਾ ਦਿਹਾਂਤ ਹੋਆ, ਸਾਲ ਸੋਲਾਂ ਸੈ ਸਤਾਸੀਆ, ਮਾਘ ਸੁਦੀ ਏਕਮ ਕੇ ਦਿਵਸ, ਪਹਰ ਰੈਣ ਰਹੀ ਤੜਕੇ ਸਾਰ, ਕੀਰਤਪੁਰ ਰਾਜ ਕਹਿਲੂਰ, ਸਰਬਤ ਸੰਗਤਿ ਨੇ ਮਿਲਕੇ ਦਾਗ ਦੀਆ। ਆਗੇ ਗੁਰੂ ਭਾਣੇ ਕਾ ਖਾਵਿੰਦ, ਗੁਰੂ ਕੀ ਗਤਿ ਗੁਰੂ ਜਾਣੇ, 'ਗੁਰੂ ਗੁਰੂ ਜਪਣਾ' ਜਨਮ ਸਉਰੇਗਾ।

(ਭੱਟ ਵਹੀ ਮੁਲਤਾਨੀ ਸਿੰਧੀ ਖਾਤਾ ਉਦਾਸਿਓਂ ਕਾ

ਇਸੇ ਤਰ੍ਹਾਂ ਹੀ ਅਨੰਦਪੁਰ ਵਸਾਉਣ ਲਈ ਰਾਜਾ ਭੀਮ ਚੰਦ ਦੀ ਮਾਤਾ ਚੰਪਾ ਰਾਣੀ ਨੇ ਗੁਰੂ ਤੇਗ ਬਹਾਦਰ ਜੀ ਨੂੰ - ਪਿੰਡ ਮੀਆਂ ਪੁਰ, ਸਹੋਟਾ ਤੇ ਲੋਧੀਪੁਰ ਆਦਿ ਪਿੰਡ ਭੇਟ ਕੀਤੇ ਸਨ। ਜਿਥੇ ਕਿ ਸਤਿਗੁਰਾਂ 'ਚੱਕ ਨਾਨਕੀ' ਨਗਰ ਦੀ ਨੀਂਹ 21 ਹਾੜ 1722 ਨੂੰ ਰੱਖੀ। ਰਾਜਾ ਭੀਮ ਚੰਦ ਦੇ ਰਾਜ-ਕਾਲ ਵਿਚ ਬੜੇ ਸੁਖਾਂਵੇ ਸਬੰਧ ਚਲਦੇ ਰਹੇ।

ਜਦ ਉਸਦਾ ਪੁਤ੍ਰ ਰਾਜਾ ਅਜਮੇਰ ਚੰਦ (1749-1798 ਬਿ.) ਗੱਦੀ ਬੈਠਾ ਤਾਂ ਉਸ ਸਮੇਂ ਬਿਖਾਧ ਪੈਦਾ ਹੋਇਆ। ਉਸ ਨੇ ਝਗੜਾ ਪਾਇਆ ਕਿ ਤੁਸੀਂ ਸਾਡੀ ਥਾਂ ਵਿਚ ਬੈਠੇ ਹੋ ਤਾਂ ਛਿਆਨੀ ਦਿਓ ਜਾਂ ਕੋਈ ਮਾਮਲਾ ਅਦਾ ਕਰੋ। ਉਸ ਸਮੇਂ ਇਸ ਝਗੜੇ ਦਾ ਮੂੰਹ ਬੰਦ ਕਰਨ ਲਈ ਕੁਝ ਸਿਆਣੇ ਸਿਖਾਂ ਇਹ ਦਲੀਲ ਬਣਾਈ ਕਿ ਇਹ ਥਾਂ ਤਾਂ ਅਸਾਂ ਮੁੱਲ ਲੀਤੀ ਹੋਈ ਹੈ। ਸੋ ਹਾਲਾਤ ਅਨੁਸਾਰ ਕਈ ਗੱਲਾਂ ਬਣਦੀਆਂ ਰਹਿੰਦੀਆਂ ਹਨ ਪਰ ਇਸ ਇਤਿਹਾਸਕ ਹਕੀਕਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਗੁਰੂ ਹਰਿਗੋਬਿੰਦ ਸਾਹਿਬ ਦੀ ਪਰੋਪਕਾਰੀ ਸ਼ਖਸੀਅਤ ਨੇ ਇਨ੍ਹਾਂ ਪਹਾੜੀ ਰਾਜਿਆਂ ਨੂੰ ਆਪਣੇ ਸ਼ਰਧਾਲੂ ਬਣਾਇਆ ਤੇ ਉਨ੍ਹਾਂ ਵੀ ਸਮੇਂ ਸਮੇਂ ਗੁਰੂ ਜੀ ਦੀ ਸੇਵਾ ਟਹਿਲ ਕੀਤੀ। ਕਿਸੇ ਸ਼ਾਂਤ-ਸੁਭਾ, ਮਾਲਾਧਾਰੀ ਸੇਵਕ ਨੂੰ ਸ਼ਸਤ੍ਰਧਾਰੀ ਬਣਾ ਕੇ ਲੜਾਉਣਾ ਸਾਧਾਰਣ ਗੱਲ ਨਹੀਂ ਸੀ, ਫਿਰ ਇਹ ਕਿਰਤੀ ਲੋਕ ਮਾਮੂਲੀ ਹੈਸੀਅਤ ਦੇ ਸਨ ਤੇ ਦੂਜੇ ਪਾਸੇ ਸ਼ਹਿਨਸ਼ਾਹੀਅਤ ਤੇ ਉਨ੍ਹਾਂ ਦੇ ਮੁੱਦਈ ਚੰਗੇ ਤਕੜੇ ਅਮੀਰ ਜਾਗੀਰਦਾਰ ਸਨ। ਸੋ ਗੁਰੂ ਹਰਿਗੋਬਿੰਦ ਸਾਹਿਬ ਨੇ ਉਹ ਕਾਰਨਾਮਾ ਕੀਤਾ ਜੋ ਕਿ ਭਾਰਤ ਦੀ ਕਿਸੇ ਧਾਰਮਿਕ ਪਰੰਪਰਾ ਵਿਚ ਕੋਈ ਨਾਂ ਥਾਂ ਜਾਂ ਹੋਂਦ ਵੀ ਨਹੀਂ ਸੀ ਰੱਖਦਾ। ਆਪ ਨੇ ਸੁਰੱਖਿਆ ਖਾਤਰ ਚਾਰ ਪੰਜ ਜੰਗ ਲੜੇ। ਜਦੋਂ ਵੀ ਸ਼ਾਹੀ ਫੌਜਾਂ ਚੜ੍ਹ ਕੇ

ਆਈਆਂ, ਬੜੀ ਦਾਨਾਈ ਤੇ ਦਲੇਰੀ ਨਾਲ ਉਨ੍ਹਾਂ ਦਾ ਸਾਮ੍ਹਣਾ ਕੀਤਾ ਤੇ ਕਈ ਵਾਰ ਉਨ੍ਹਾਂ ਨੂੰ ਭਾਂਜ ਵੀ ਦਿੱਤੀ। ਇਹ ਸਭ ਕੁਝ ਨਵੇਂ ਸਿਖਾਂਦਰੂਆਂ ਲਈ ਇਕ ਤਰ੍ਹਾਂ ਫੌਜੀ ਸਿਖਲਾਈ ਦਾ ਅਭਿਆਸ ਮਾਤਰ ਸੀ ਤੇ ਸਿੱਖ ਸੰਗਤਾਂ ਇਸਦੀ ਸਫਲਤਾ ਤੇ ਅਤਿਅੰਤ ਪ੍ਰਸੰਨ ਸਨ।

ਗੁਰੂ ਦਰਬਾਰ ਦੇ ਢਾਡੀ ਅਬਦੁਲਾ ਤੇ ਨੱਥਮੱਲ ਉਤਸ਼ਾਹ ਨਾਲ ਇਹ ਪਉੜੀਆਂ ਗਾਉਂਦੇ ਤੇ ਸੰਗਤਾਂ ਨੂੰ ਸੁਣਾਉਂਦੇ ਸਨ :-

'ਦੋ ਤਲਵਾਰੀ ਬਧੀਆਂ, ਇਕ ਮੀਰੀ ਤੇ ਇਕ ਪੀਰਿ ਦੀ।
ਇਕ ਅਜ਼ਮਤਿ ਦੀ ਇਕ ਰਾਜ ਦੀ ਇਕ ਰਾਖੀ ਕਰੇ ਵਜ਼ੀਰ ਦੀ
ਹਿੰਮਤ ਬਾਂਹਾਂ ਕੋਟ ਗੜ੍ਹ, ਦਰਵਾਜ਼ਾ ਬਲਖ ਬਖੀਰ ਦੀ
ਕਟਕ ਸਿਪਾਹੀ ਨੀਲ ਨਲ, ਮਾਰ ਦੁਸ਼ਟਾਂ ਕਰੇ ਤਗ਼ੀਰ ਜੀ
ਪੱਗ ਤੇਰੀ, ਕੀ ਜਹਾਂਗੀਰ ਦੀ ।੧।'
'ਸਤਿਗੁਰ ਵਿਚ ਵਡਾਲੀ ਦੇ ਜਨਮਿਆ, ਚੰਦ ਸੂਰਜ ਬਾਲਾ ਚੜ੍ਹੀਦਾ
ਇੰਦ੍ਰ ਨੇ ਪੰਘੂੜਾ ਭੇਜਿਆ, ਸੁਰਗ ਤੋਂ, ਉਹ ਲਾਲ ਜਵੇਹਰ ਜੜੀਦਾ
ਤੇਰਾ ਨਾਮ ਲਿਆਂ ਗੁਰੂ ਹਰਿ ਗੋਬਿੰਦ, ਅਮਰਾਵਤਿ ਪਉੜੀ ਚੜ੍ਹੀਦਾ
ਤੁਧ ਗੋਪ ਉਠਾਲੀ ਪ੍ਰਿਥਮੀ, ਕਿਰਸਾਣ ਜਿਵਾਵੇਂ ਰੜੀਂਦਾ
ਕਉਣ ਬੰਦਾ, ਤੁਧ ਨਾਲਿ ਅੜੀ ਦਾ ।੨।'

ਭਾਈ ਗੁਰਦਾਸ ਵਾਰਾਂ ਦਾ ਸਰਬੋਤਮ ਕਲਾਕਾਰ ਸੀ, ਜਿਸ ਨੇ ਚਾਰ ਗੁਰੂਆਂ ਦੀ ਸੰਗਤ ਸਦਕੇ ਗੁਰੂ ਘਰ ਦੇ ਸਰਬ-ਪੱਖੀ ਵਿਕਾਸ ਦੀ ਇਤਿਹਾਸਕ ਝਾਕੀ ਤੱਕੀ ਸੀ, ਉਹ ਵੀ ਸ਼ਸਤ੍ਰਧਾਰੀ ਗੁਰੂ ਦੀ ਮਹਿਮਾ ਕਰਦਾ ਥੱਕਦਾ ਨਹੀਂ ਸਗੋਂ ਉਸ ਸਮੇਂ ਕੁਝ ਸਿਖਾਂ ਵਿਚ ਜੋ ਮਾੜੀ ਮੋਟੀ ਗ਼ਲਤਫਹਿਮੀ ਪਈ, ਉਸ ਦਾ ਸਪਸ਼ਟੀਕਰਨ ਉਸ ਖ਼ੂਬ ਦਿੱਤਾ ਹੈ :-

(੧) ਪੰਜਿ ਪਿਆਲੇ ਪੰਜਿ ਪੀਰ, ਛਠਮੁ ਪੀਰੁ ਬੈਠਾ ਗੁਰ ਭਾਰੀ
ਅਰਜਨੁ ਕਾਇਆ ਪਲਟਕੈ, ਮੂਰਤਿ ਹਰਿ ਗੋਬਿੰਦ ਸਵਾਰੀ
ਦਲ ਭੰਜਨ ਗੁਰ ਸੂਰਮਾ, ਵਡ ਜੋਧਾ ਬਹੁ ਪਰਉਪਕਾਰੀ ।੪੮। (ਵਾਰ੧

(੨) 'ਹਰਖਹੁ ਸੋਗਹੁ ਬਾਹਰਾ, ਹਰਣ ਭਰਣ ਸਮਰਥੁ ਸਿਰੰਦਾ
ਰਸ ਕਸ ਰੂਪ ਨ ਰੇਖ ਵਿਚਿ, ਰਾਗ ਰੰਗ ਨਿਰਲੇਪ ਰਹੰਦਾ

ਗੋਸ਼ਟਿ ਗਿਆਨ ਅਗੋਚਰਾ, ਬੁਧਿ ਬਲ ਬਚਨ ਬਿਬੇਕ ਨ ਛੰਦਾ
ਗੁਰ ਗੋਵਿੰਦੁ ਗੋਵਿੰਦ ਗੁਰੂ ਹਰਿਗੋਬਿੰਦ ਸਦਾ ਵਿਗਸੰਦਾ।
ਗੁਰਮੁਖਿ ਮਾਰਗਿ ਚਲਣਾ, ਖੰਡੇ ਧਾਰ ਕਾਰ ਨਿਬਹੰਦਾ।
ਗੁਰ ਸਿਖ ਲੈ ਗੁਰਸਿਖ ਚਲੰਦਾ ।੨੧। ਵਾਰ੨੪

(੩) ਖੇਤੀ ਵਾੜਿ ਸੁ ਢਿੰਗਰੀ, ਕਿੱਕਰ ਆਸ ਪਾਸ ਜਿਉਂ ਬਾਗੈ
ਸੱਪ ਪਲੇਟੇ ਚੰਨਣੈ, ਬੂਹੇ ਜੰਦਾ, ਕੁੱਤਾ ਜਾਗੈ
ਕੰਵਲੈ ਕੰਡੇ ਜਾਣੀਅਨਿ, ਸਿਆਣਾ ਇਕ ਕੋਈ ਵਿਚਿ ਫਾਗੈ
ਜਿਉਂ ਪਾਰਸ ਵਿਚ ਪੱਥਰੇ, ਮਣਿ ਮਸੱਤਕ ਜਿਉਂ ਕਾਲੇ ਨਾਗੈ
ਚਰਣ ਕਵਲ ਗੁਰ ਸਿਖ ਭਉਰ, ਸਾਧਸੰਗਤਿ ਸਹਿਲੰਗ ਸੁਭਾਗੈ।
ਪਿਰਮ ਪਿਆਲੇ ਦੁਤਰ ਝਾਗੈ ।੨੫।੨੬।

ਇਥੇ ਹੀ ਬਸ ਨਹੀਂ, ਕਈ ਸਮਕਾਲੀ ਸੰਤ ਸਾਧੂ ਵੀ ਖਸ਼ਟਮ ਗੁਰੂ ਦੀ ਹਥਿਆਰਬੰਦ ਕਾਰਵਾਈ ਨੂੰ ਸੰਦੇਹ ਦੀ ਨਜ਼ਰ ਨਾਲ ਤੱਕਦੇ ਸਨ। ਜਦੋਂ ਸ੍ਰੀ ਨਗਰ ਗੜ੍ਹਵਾਲ ਲਾਗੇ ਸ਼ਿਵਾਜੀ ਦੇ ਧਰਮ ਗੁਰੂ-ਸਮਰਥ ਸੁਆਮੀ, ਗੁਰੂ ਹਰਿਗੋਬਿੰਦ ਜੀ ਨੂੰ ਮਿਲੇ ਤਾਂ ਉਸਨੇ ਵੀ ਕੁਝ ਅਜੇਹੇ ਸ਼ੰਕੇ ਕੀਤੇ ਪਰੰਤੂ ਪ੍ਰਬੀਨ ਸਤਿਗੁਰਾਂ ਉੱਤਰ ਦੇ ਕੇ ਉਸਨੂੰ ਹਰ ਤਰ੍ਹਾਂ ਸੰਤੁਸ਼ਟ ਕਰ ਦਿੱਤਾ ਸੀ। ੩੯ ਨੰ. ਸਾਖੀ ਦਾ ਵਾਰਤਾਲਾਪ ਇਉਂ ਹੈ :-

'ਹਉਂ ਸੁਣਿਆ ਥਾ, ਗੁਰੂ ਨਾਨਕ ਦੀ ਗਾਦੀ ਪਰ ਬੈਠਾ ਹੈ, ਨਾਨਕ ਗੁਰੂ ਤਿਆਗੀ ਸਾਧੂ ਥੇ, ਤੁਮ ਸ਼ਸਤ੍ਰ ਧਾਰਨ ਕਰੇ ਹੈਨਿ, ਘੋੜੇ ਫਉਜਿ ਰਖੀ ਹੈ, ਸੱਚਾ ਪਾਤਸ਼ਾਹ ਕਹਾਵਤ ਹੈ, ਕੈਸਾ ਸਾਧੂ ?' ਗੁਰੂ ਹਰਿਗੋਬਿੰਦ ਕਹਿਆ -

'ਬਾਤਨ ਫਕੀਰੀ, ਜ਼ਾਹਰ ਅਮੀਰੀ, ਸ਼ਸਤ੍ਰ ਗ਼ਰੀਬ ਕੀ ਰੱਖਿਆ, ਜਰਵਾਣੇ ਕੀ ਭੱਖਿਆ। ਬਾਬਾ ਨਾਨਕ ਸੰਸਾਰ ਨਹੀਂ ਤਿਆਗਿਆ, ਮਾਇਆ ਤਿਆਗੀ ਥੀ, ਰਾਮਦਾਸ ਪ੍ਰਸੰਨ ਹੋਇ ਕਹਿਆ - ਏਹੁ ਹਮਾਰੇ ਮਨ ਭਾਵਤੀ ਹੈ।'

(ਪੰਜਾਹ ਸਾਖੀਆਂ

ਸੋ ਗੁਰੂ ਹਰਿ ਗੋਬਿੰਦ ਕੇਵਲ ਲੜਾਈ ਭਿੜਾਈ ਦੀਆਂ ਵਿਉਂਤਾਂ ਵਿਚ ਹੀ ਨਹੀਂ ਸੀ ਲਗੇ ਹੋਏ, ਸਗੋਂ ਪਵਿੱਤਰ ਧਰਮ-ਯੁੱਧ ਪਰੰਪਰਾ ਨੂੰ ਪਰਿਪੱਕ ਕਰਨ ਲਈ ਆਪਣੇ ਸਿੱਖਾਂ ਨੂੰ ਵੀ ਚੇਤਨ ਕਰ ਰਹੇ ਸਨ। ਜਦੋਂ ਗੁਜਰਾਤ ਦੌਲੇ ਸ਼ਾਹ ਫਕੀਰ ਦੇ ਚੇਲਿਆਂ ਅਜੇਹੀ ਸ਼ੰਕਾ ਕੀਤੀ ਤਾਂ ਉਨ੍ਹਾਂ ਆਪਣੇ ਰਾਜਯੋਗ ਦਾ

ਸਮੁੱਚਾ ਫਲਸਫਾ ਇਉਂ ਸਮਝਾਇਆ।

ਸਵਾਲ ਸਨ :-

ਔਰਤ ਕਿਆ ਔਰ ਫਕੀਰੀ ਕਿਆ! ਹਿੰਦੀ ਕਿਆ ਔਰ ਪੀਰੀ ਕਿਆ?

ਪੁੱਤਰ ਕਿਆ ਵੈਰਾਗ ਕਿਆ? ਦੌਲਤ ਕਿਆ ਔਰ ਤਿਆਗ ਕਿਆ?

ਜਵਾਬ – 'ਔਰਤ ਈਮਾਨ, ਪੁੱਤਰ ਨਿਸ਼ਾਨ

ਦੌਲਤ ਗੁਜ਼ਰਾਨ, ਫਕੀਰ ਨ ਹਿੰਦੂ ਨ ਮੁਸਲਮਾਨ।'

ਸੋ ਖਸ਼ਟਮ ਗੁਰੂ ਨੇ ਜਿਥੇ ਸ਼ਸਤਰ ਵਿਦਿਆ ਦੀ ਸਿੱਖਲਾਈ ਦਿੱਤੀ, ਉਥੇ ਨਾਲ ਹੀ ਸਿੱਖਾਂ ਨੂੰ ਆਪਣਾ ਸਮਾਜ ਸ਼ਾਸਤਰ ਵੀ ਪੜ੍ਹਾਇਆ ਕਿ ਅਸੀਂ ਸੰਸਾਰ ਵਿਚ ਜੇ ਵਿਚਰਨਾ ਹੈ ਤੇ ਇਸਦੇ ਵਿਕਾਸ ਦੇ ਭਾਈਵਾਲ ਬਣਨਾ ਹੈ ਤਾਂ ਬਿਰਕਤ ਬਣਕੇ ਜਾਂ ਤਨ ਤੇ ਸੁਆਹ ਮਲਕੇ ਜੰਗਲ ਵਲ ਨਹੀਂ ਦੌੜ ਜਾਣਾ। ਸਗੋਂ ਇਸ ਦੁਨੀਆਂ ਵਿਚ ਰਹਿ ਕੇ ਇਸਦੀ ਸੇਵਾ ਕਰਕੇ ਜਸ ਖੱਟਣਾ ਹੈ। ਸੰਗ੍ਰਾਮ ਰਚਣਾ ਵੀ ਇਕ ਸੇਵਾ ਹੈ ਤਾਂ ਕਿ ਬਦੀ ਵਲੋਂ ਪਾਈਆਂ ਰੁਕਾਵਟਾਂ ਦੂਰ ਕਰਕੇ ਸਹੀ ਧਰਮ ਦਾ ਪ੍ਰਕਾਸ਼ ਕੀਤਾ ਜਾਵੇ। ਇਹ ਧਨ ਪਦਾਰਥ ਤੇ ਬਾਲ ਪਰਵਾਰ ਸਭ ਸਹਾਇਕ ਸ਼ਕਤੀਆਂ ਹਨ ਤੇ ਇਨ੍ਹਾਂ ਦੇ ਪੂਰੇ ਸਹਯੋਗ ਨਾਲ ਤੇ ਫਿਰ 'ਅੰਜਨ ਮਾਹਿ ਨਿਰੰਜਨਿ' ਰਹਿ ਕੇ ਹੀ ਬਾਬਾ ਨਾਨਕ ਦਾ ਨਿਰਾਲਾ ਧਰਮਯੁੱਧ ਦਾ ਸਿਧਾਂਤ ਨਿਭਾਇਆ ਜਾ ਸਕਦਾ ਹੈ।

(੩) ਖੰਡਾ ਜਾਂਕੇ ਹਾਥ ਮਹਿ .....

ਗੁਰੂ ਗੋਬਿੰਦ ਸਿੰਘ (1661-1708 ਈ.) ਜੀ ਦੀ ਸ਼ਖਸੀਅਤ ਰੰਗ-ਰੱਤੀ ਰੂਹਾਨੀਅਤ, ਵਿਸ਼ਾਲ ਬੁਧਿਮਾਨਤਾ ਤੇ ਬੇਮਿਸਾਲ ਬੀਰਤਾ ਦਾ ਬਚਿੱਤਰ ਸੰਗਮ ਸੀ ਜਿਨ੍ਹਾਂ ਬੜੇ ਹੀ ਭਿਆਨਕ ਸਮੇਂ ਧਰਮ ਚਲਾਉਣ, ਨੇਕ ਪੁਰਸ਼ਾਂ ਨੂੰ ਬਚਾਉਣ ਤੇ ਦੁਸ਼ਟ ਦੋਖੀਆਂ ਨੂੰ ਮੁਕਾਉਣ ਦੀ ਐਸੀ ਯੋਜਨਾਬੱਧ ਲਹਿਰ ਚਲਾਈ ਕਿ ਧਰਮ-ਯੁੱਧ ਦੇ ਸੂਤਰਧਾਰ ਬਾਬਾ ਨਾਨਕ ਦਾ ਸੁਪਨਾ ਸਾਕਾਰ ਹੋ ਗਿਆ। ਉਹ ਸੁਪਨਾ ਇਤਨਾ ਹੀ ਸੀ ਕਿ ਗਊ ਗਰੀਬ ਅਕਾਰਣ ਮਾਰੇ ਨ ਜਾਣ ਤੇ ਪਾੜ-ਖਾਣੇ ਖੂਨੀ ਬਘਿਆੜ ਸਦਾ ਸਿਰ ਚਾੜ੍ਹੇ ਨ ਜਾਣ। ਇਸਦਾ ਇਕੋ ਤਰੀਕਾ

ਸੀ ਕਿ ਨਿਤਾਣੀਆਂ ਗਊਆਂ ਨੂੰ ਹੀ ਇਤਨਾ ਸ਼ਕਤੀਵਾਨ ਕੀਤਾ ਜਾਵੇ ਕਿ ਉਹ ਜਾਬਰ ਬਘਿਆੜਾਂ ਨੂੰ ਖੁਦ ਸਿੰਗਾਂ ਉਤੇ ਚੁੱਕ ਕੇ ਪਰੇ ਵਗਾਹ ਮਾਰਨ। ਬਾਬੇ ਨਾਨਕ ਦਾ ਗਿਲਾ ਇਹੋ ਸੀ ਕਿ ਮੁਕਾਬਲਾ ਬਰਾਬਰ ਦਾ ਹੋਵੇ, ਫਿਰ ਕੋਈ ਸ਼ਿਕਾਇਤ ਦੀ ਗੁੰਜੇਸ਼ ਨਹੀਂ ਰਹੇਗੀ –

'ਕਰਤਾ। ਤੂ ਸਭਨਾ ਕਾ ਸੋਈ।

ਜੇ ਸਕਤਾ ਸਕਤੇ ਕਉ ਮਾਰੇ ਤ. ਮਨਿ ਰੋਸੁ ਨ ਹੋਈ।' (ਆਸਾ ੧

ਦੋ ਸੌ ਸਾਲ ਦੀ ਲੰਮੀ ਘਾਲ ਬਾਦ ਇਹ ਵਿਉਂਤ ਸਿਰੇ ਚੜ੍ਹੀ ਜਦੋਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੀ ਪਾਹੁਲ ਦੇ ਕੇ ਗਰੀਬ, ਨਿਤਾਣੇ ਨਿਮਾਣੇ ਦਲਿਤ ਲੋਕਾਂ ਨੂੰ ਸਰਬਲੋਹੀ ਖਾਲਸੇ ਬਣਾ ਦਿੱਤਾ ਤੇ ਉਹ ਸ਼ਸਤ੍ਰਧਾਰੀ ਹੋ ਕੇ ਸਨਮੁਖ ਜੂਝਣ ਲਗੇ। ਅੰਤ ਐਸਾ ਚਮਤਕਾਰ ਹੋਇਆ ਕਿ ਚਿੜੀਆਂ ਨੇ ਬਾਜ਼ਾਂ ਨੂੰ ਢਾਹਿਆ ਤੇ ਸ਼ੇਰ-ਦਿਲ ਗਊਆਂ ਨੇ ਬਘਿਆੜਾਂ ਨੂੰ ਦੂਰ ਭਜਾਇਆ। ਸਤਿਗੁਰੂ ਇਹੋ ਚਾਹੁੰਦੇ ਸਨ :–

'ਨਾਮ ਗ੍ਰਿਬ ਨਿਵਾਜ ਹਮਾਰਾ। ਹੇ ਜਗ ਮਹਿੰ ਪ੍ਰਸਿਧ ਅਪਾਰਾ

ਸੋ ਸਫਲਾ ਜਗ ਮਹਿੰ ਤਬ ਥੇ ਹੈ। ਲਘੁ ਜਾਤਿਨ ਕੌ ਬਡਪਨ ਦੇਹੈ।

ਜਿਨਕੀ ਜਾਤਿ ਵਰਣ ਕੁਲ ਮਾਹੀ। ਸਰਦਾਰੀ ਨਹਿੰ ਭਈ ਕਦਾਂਹੀ

ਕੀਟਨ ਤੇ ਇਨ ਕੋ ਮ੍ਰਿਗਿੰਦੂ। ਕਰਊਂ ਹਰਨ ਹਿਤ ਤੁਰਕ ਗਜਿੰਦੂ

ਇਨ ਹੀ ਕੋ ਸਰਦਾਰ ਬਨਾਵਉਂ। ਤਬੈ ਗੁਬਿੰਦ ਸਿੰਘ ਨਾਮ ਕਹਾਵਉਂ।

(ਸ੍ਰੀ ਗੁਰ ਪੰਥ ਪ੍ਰਕਾਸ਼ (ਗਿ. ਗਿਆਨ ਸਿੰਘ)

ਲਾਲਾ ਦੌਲਤ ਰਾਇ ਨਿਝਕ ਹੋ ਕੇ ਕਹਿੰਦੇ ਹਨ ਕਿ ਜੋ ਕੰਮ ਸ੍ਰੀ ਰਾਮਚੰਦ੍ਰ ਨ ਕਰ ਸਕੇ ਤੇ ਨਾਹੀ ਸ੍ਰੀ ਕ੍ਰਿਸ਼ਨ ਜੀ ਨੂੰ ਖਿਆਲ ਆਇਆ ਅਤੇ ਕੋਈ ਹੋਰ ਸੂਰਜਬੰਸੀ ਯਾ ਚੰਦ੍ਰਬੰਸੀ ਰਾਜਿਆਂ ਨੂੰ ਵੀ ਜੁਗਤਿ ਨ ਸੁੱਝੀ, ਉਸ ਵਿਗੜੀ ਨੂੰ ਸਵਾਰਨ ਲਈ ਦਸਮੇਸ਼ ਗੁਰੂ ਜੀ ਨੇ ਕਮਰਕਸਾ ਕੀਤਾ ਤੇ ਉਸਨੂੰ ਪੂਰਾ ਕਰ ਕੇ ਦਿਖਾਇਆ।

ਮਿਸਟਰ ਮੇਕਾਲਫ ਦੇ ਖਿਆਲ ਵਿਚ 'ਪੈਰਾਂ ਹੇਠ ਲਿਤਾੜੇ ਜਾ ਰਹੇ ਨੀਚਾਂ ਦਲਿਤਾਂ ਨੂੰ ਤੇਗ ਦੇ ਧਨੀ ਸਰਦਾਰ ਬਣਾ ਕੇ ਲੜਾਉਣਾ ਗੁਰੂ ਸਾਹਿਬ ਦਾ ਹੀ ਅਦੁਤੀ ਕਾਰਨਾਮਾ ਸੀ।'

ਡਾ. ਹਰੀ ਰਾਮ ਗੁਪਤਾ ਜੈਸਾ ਇਤਿਹਾਸਕਾਰ, ਪੁਰਾਣਕ ਮਿਥਿਹਾਸ ਦੀ

ਕਥਾ ਲੈ ਕੇ ਕਹਿੰਦਾ ਹੈ, 'ਪੁਰਾਣੇ ਸਮੇਂ ਦੇਵਤਿਆਂ ਨੇ ਦੈਂਤਾਂ ਦੇ ਖੈ ਲਈ ਦੁਰਗਾ ਨੂੰ ਪ੍ਰਗਟਾਇਆ, ਮੱਧਕਾਲ ਵਿਚ ਬ੍ਰਾਹਮਣਾਂ ਤੁਰਕਾਣੀ ਹੜ੍ਹ ਨੂੰ ਰੋਕਣ ਲਈ ਯੱਗ ਰਚਾ ਕੇ ਰਾਜਪੂਤ ਉਜਾਗਰ ਕੀਤੇ ਤੇ ਮੁਗਲ ਹਕੂਮਤ ਦੇ ਜਬਰ ਮੇਟਣ ਲਈ ਦਸਮ ਗੁਰੂ ਜੀ ਨੇ ਸੂਰਬੀਰ ਖਾਲਸਾ ਸਾਜ ਕੇ ਬਿਦੇਸੀ ਹੱਲਿਆਂ ਦਾ ਮੂੰਹ ਮੋੜ ਕੇ ਰੱਖ ਦਿੱਤਾ। (ਹਿਸਟਰੀ ਆਫ ਦੀ ਸਿਖਜ਼

ਸ੍ਰੀ ਰਣਬੀਰ ਨੇ ਆਪਣੀ ਰਚਨਾ 'ਯੁਗਪੁਰਸ਼' ਵਿਚ ਸਾਫ ਸਪਸ਼ਟ ਲਿਖਿਆ ਹੈ, 'ਜੇ ਇਸ ਦੇਸ਼ ਵਿਚ ਦਸਮ ਗੁਰੂ ਦਾ ਅਵਤਾਰ ਨ ਹੁੰਦਾ ਤੇ ਉਹ ਇਕ ਨਵਯੁਗ ਦੀ ਬੁਨਿਆਦ ਨ ਰਖਦੇ ਤਾਂ ਸ਼ਾਯਦ ਇਹ ਦੇਸ਼ ਹੋਰ, ਹਜ਼ਾਰ ਵਰ੍ਹੇ ਤਕ ਆਜ਼ਾਦੀ ਹਾਸਲ ਨ ਕਰ ਸਕਦਾ।'

ਇਹ ਕੁਝ ਚੋਣਵੇਂ ਹਿੰਦੂ ਵਿਦਵਾਨਾਂ ਦੀਆਂ ਰਾਵਾਂ ਇਸ ਲਈ ਦਿੱਤੀਆਂ ਹਨ ਤਾਂ ਕਿ ਉਹ ਜੋ ਨਕਲੀ ਮਹਾਤਮਾ ਤੇ ਬੁਧਿ ਹੀਣ ਬਾਣੀਆ ਨੇਤਾ ਲਿਖਦਾ ਰਿਹਾ ਕਿ ਦਸਮ ਗੁਰੂ ਇਕ ਭੁੱਲੜ ਆਗੂ ਸੀ ਜਿਸ ਤਲਵਾਰ ਫੜਾ ਕੇ ਖਾਹਮ ਖਾਹ ਝਗੜੇ ਪੁਆੜੇ ਪਾਏ। ਇਸ ਭਲੇ ਮਾਣਸ ਨੂੰ ਪੁਛੋ ਕਿ ਜੇ ਉਹ ਜਨ-ਸਾਧਾਰਣ ਨੂੰ ਸ਼ਸਤ੍ਰਧਾਰੀ ਬਣਾ ਕੇ ਲੜਨ ਮਰਨ ਲਈ ਤਿਆਰ ਨ ਕਰਦੇ ਤੇ ਸੌ ਸਾਲ ਖਾਲਸਾ ਤੇਗ ਦਾ ਪਹਿਰਾ ਨ ਦਿੰਦਾ ਤਾਂ ਦੱਰਰਾ ਖੈਬਰ ਵਲੋਂ ਆ ਰਹੀ ਚੋਰਾਂ ਲੁਟੇਰਿਆਂ ਦੀ ਧਾੜ ਨੂੰ ਕੌਣ ਰੋਕਦਾ। ਜੇ ਸ਼ਸਤ੍ਰਧਾਰੀ ਹੋਣ ਦਾ ਸਿਧਾਂਤ ਨ ਅਪਣਾਇਆ ਹੁੰਦਾ ਤਾਂ ਨਾਦਰ ਤੇ ਅਬਦਾਲੀ ਦੇ ਮਾਰੂ ਹੱਲਿਆਂ ਤੋਂ ਦੇਸ਼ ਦੀ ਸੁਰੱਖਿਆ ਕੌਣ ਕਰਦਾ। ਜੇ ਇਹ ਸੰਸਾਰ ਨਿਰੇ ਪੂਰੇ ਭਲੇ ਮਾਣਸਾਂ ਦੀ ਬਸਤੀ ਹੋਣ ਦੀ ਥਾਂ ਜਾਬਰਾਂ, ਜ਼ਾਲਮਾਂ, ਲੁਟੇਰਿਆਂ, ਦੁਸ਼ਟਾਂ ਦੋਖੀਆਂ ਦੀ ਭੀੜ ਵਿਚ ਹੀ ਘਿਰਿਆ ਹੋਇਆ ਸੀ ਤਾਂ ਸ਼ਸਤ੍ਰਧਾਰੀ ਬਲੀ ਯੋਧੇ ਹੀ ਇਸ ਨੂੰ ਮੁਕਤ ਕਰਾ ਸਕਦੇ ਸਨ। ਅੱਜ ਹਰ ਦੇਸ਼ ਨੇ ਆਪਣੀ ਸੁਰੱਖਿਆ ਲਈ ਸੈਨਾ ਰੱਖੀ ਹੋਈ ਹੈ। ਜੇ ਲੋਕ ਅਜ ਗਾਂਧੀ ਜੀ ਦੀ ਗਲਤ ਫਿਲਾਸਫੀ ਅਪਣਾਉਂਦੇ ਤਾਂ ਸਾਰੇ ਹੀ ਅਸਭਯ ਤੇ ਅਨਾੜੀ ਲੋਕਾਂ ਦੇ ਗੁਲਾਮ ਹੁੰਦੇ। ਇਸੇ ਕਰਕੇ ਪੰਜਾਬ ਦੇ ਬੁਧਿਮਾਨ ਚਾਹੇ ਉਹ ਹਿੰਦੂ ਸਿਖ ਸਨ, ਚਾਹੇ ਮੁਸਲਮਾਨ, ਸਭ ਨੇ ਇਕੋ ਗੱਲ ਆਖੀ ਹੈ ਕਿ ਜੇ ਗੁਰੂ ਗੋਬਿੰਦ ਸਿੰਘ ਵਰਗਾ ਮਹਾਂ ਜੋਧਾ ਨ ਹੁੰਦਾ ਤਾਂ ਹਿੰਦਵੀਅਤ ਦੀ ਕੀ ਮਨੁੱਖਤਾ ਦੀ ਵੀ ਖੈਰੀਅਤ ਨਹੀਂ ਸੀ।

ਸੋ ਜਿਤਨਾ ਚਿਰ ਸੰਸਾਰ ਵਿਚ ਹਰਨਾਕਸ਼, ਦੁਰਜੋਧਨ, ਰਾਵਣ,

ਚੰਗੇਜ਼ ਖਾਂ, ਤੈਮੂਰ ਤੇ ਹਿਟਲਰ ਜੈਸੇ ਦੈਂਤ-ਬਿਰਤੀ ਲੋਕ ਹਨ, ਉਤਨਾ ਚਿਰ ਇਨ੍ਹਾਂ ਨੂੰ ਕਾਬੂ ਕਰਨ ਤੇ ਠੀਕ ਰਸਤੇ ਲਿਆਉਣ ਲਈ ਸ਼ਸਤ੍ਰਧਾਰੀ ਧਰਮ-ਜੋਧਿਆਂ ਦੀ ਸਦਾ ਆਵੱਸ਼ਕਤਾ ਹੈ, ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਸਾਈਂ ਬੁਲ੍ਹੇ ਸ਼ਾਹ ਦਾ ਕਥਨ ਤਾਂ ਪ੍ਰਸਿਧ ਹੀ ਹੈ :–

'ਨ ਕਹੂੰ ਜਬ ਕੀ ਨ ਕਹੂੰ ਤਬ ਕੀ ਬਾਤ ਕਹੂੰ ਮੈਂ ਅਬ ਕੀ
ਅਗਰ ਨ ਹੋਤੇ ਗੁਰੂ ਗੋਬਿੰਦ ਸਿੰਘ, ਸੁੰਨਤ ਹੋਤੀ ਸਭ ਕੀ।'

ਭਾਈ ਸੰਤੋਖ ਸਿੰਘ ਜੀ ਦਾ ਪ੍ਰਸਿੱਧ ਕਬਿੱਤ ਇਸੇ ਦੀ ਵਿਆਖਿਆ ਹੈ:

ਛਾਇ ਜਾਤੀ ਏਕਤਾ ਅਨੇਕਤਾ ਬਿਲਾਇ ਜਾਤੀ
ਹੋਵਤੀ ਕੁਚੀਲਤਾ ਕਿਤੇਬ ਔ ਕੁਰਾਨ ਕੀ।
ਪਾਪ ਹੀ ਪ੍ਰਪੱਕ ਜਾਤੇ ਧਰਮ ਧਸਕ ਜਾਤੇ
ਵਰਣ ਗਰਕ ਜਾਤੇ ਸਹਿਤ ਵਿਧਾਨ ਕੀ।
ਦੇਵੀ ਦੇਵ ਦੇਹੁਰੇ ਸੰਤੋਖ ਸਿੰਘ ਦੂਰ ਹੋਤੇ
ਰੀਤਿ ਮਿਟ ਜਾਤੀ ਕਥਾ ਵੇਦ ਔ ਪੁਰਾਨ ਕੀ।
ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ ਪਰਮ ਸੂਰ
ਮੂਰਤਿ ਨ ਹੋਤੀ ਜਉ ਪੈ ਕਰੁਣਾ ਨਿਧਾਨ ਕੀ।

(ਗੁਰ ਪ੍ਰਤਾਪ ਸੂਰਜ ਰੁਤ 5, ਅੰਸ 53

ਸ਼ਸਤ੍ਰਧਾਰੀ ਬੀਰ ਜੋਧਾ ਹੋਣਾ ਕੋਈ ਸਾਧਾਰਣ ਗੱਲ ਨਹੀਂ, ਇਸ ਲਈ ਸਭ ਤੋਂ ਪਹਿਲਾਂ ਮੌਤ ਦੇ ਭੈ ਤੋਂ ਮੁਕਤ ਹੋਣਾ ਜ਼ਰੂਰੀ ਹੈ। ਭੈਭੀਤ ਆਦਮੀ ਨ ਹਥਿਆਰਬੰਦ ਹੀ ਹੋ ਸਕਦਾ ਹੈ ਤੇ ਨਾਹੀ ਰਣ ਤੱਤੇ ਵਲ ਮੂੰਹ ਕਰ ਸਕਦਾ ਹੈ। ਇਸੇ ਕਰਕੇ ਗੁਰੂਆਂ ਨੇ ਬਾਣੀ ਵਿਚ ਥਾਂ ਥਾਂ ਇਹ ਗੱਲ ਦੁਹਰਾਈ ਹੈ ਕਿ ਮੌਤ ਤਾਂ ਕੁਦਰਤੀ ਨਿਯਮ ਦਾ ਇਕ ਅਹਿਮ ਅੰਗ ਹੈ, ਜੋ ਉਪਜਿਆ ਹੈ, ਉਸਨੇ ਬਿਨਸਣਾ ਹੈ, ਜੋ ਆਇਆ, ਉਸਨੇ ਇਕ ਦਿਨ ਜਾਣਾ ਵੀ ਹੈ :-

'ਜੋ ਆਇਆ ਸੋ ਚਲਸੀ, ਸਭੁ ਕੋਈ ਆਈ ਵਾਰੀਐ।'
'ਰਾਣਾ ਰੰਕ ਨ ਕੋ ਰਹਹਿ, ਰੰਗੁ ਨ ਤੁੰਗੁ ਫਕੀਰ
ਵਾਰੀ ਆਪੋ ਆਪਣੀ, ਕੋਇ ਨ ਬੰਧੈ ਧੀਰ।' ਰਾਮਕਲੀ ੧

ਇਸ ਹਾਲਤ ਵਿਚ ਗੁਰੂ ਨਾਨਕ ਨੇ ਇਹ ਸੋਝੀ ਦਿੱਤੀ ਹੈ ਕਿ ਇਹ ਮੌਤ

ਵਰਨਾ ਵੀ ਹੱਕ ਸੱਚ ਹੀ ਹੈ, ਕੋਈ ਅਣਹੋਣੀ ਨਹੀਂ :-

ਮਰਣੁ ਮੁਣਸਾ ਸੂਰਿਆ ਹਕੁ ਹੈ, ਜਿ ਹੋਇ ਮਰਣੁ ਪਰਵਾਣੋ।
ਸੂਰੇ ਸੇਈ ਆਗੈ ਆਖੀਅਹਿ, ਸਾਚੀ ਦਰਗਹਿ ਪਾਵਹਿ ਮਾਣੋ। (ਵਡਹੰਸ

ਸੋ ਇਸ ਹਕੀਕਤ ਨੂੰ ਦ੍ਰਿੜ ਕਰਾਕੇ ਗੁਰੂਆਂ ਇਸੇ ਗੱਲ ਤੇ ਜ਼ੋਰ ਦਿੱਤਾ ਕਿ ਨਿਰਭੈਤਾ ਧਾਰਨਾ ਜ਼ਰੂਰੀ ਹੈ। ਬਿਨਾ ਨਿਰਭੈ ਹੋਏ ਜ਼ਿੰਦਗੀ ਦੇ ਰਣਖੇਤਰ ਵਿਚ ਜੂਝਿਆ ਨਹੀਂ ਜਾ ਸਕਦਾ।

'ਮਸਾਫੇ ਹਸਤੀ ਕੀ ਕਸ਼ਮਕਸ਼ ਮੇਂ, ਮੁਹਾਲ ਮੁਸ਼ਕਲ ਹੈ ਬਚ ਕੇ ਰਹਿਨਾ
ਅਸੀਰ ਕਰ ਯਾ ਅਸੀਰ ਹੋ ਜਾ, ਸ਼ਿਕਾਰ ਕਰ ਯਾ ਸ਼ਿਕਾਰ ਹੋ ਜਾ।'

ਸ੍ਰੀ ਦਸਮੇਸ਼ ਇਹੋ ਅਰਦਾਸ ਸਿਖਾਉਂਦੇ ਹਨ :-

ਆਪਿ ਹਾਥ ਦੇ ਮੁਝਹਿ ਉਬਰੀਐ, ਮਰਣੁ ਕਾਲ ਕਾ ਤ੍ਰਾਸ ਨਿਵਰੀਐ।
(ਬੇਨਤੀ ਪਾ.੧੦

ਸੋ ਧਰਮ-ਯੁੱਧ ਵਿਚ ਪ੍ਰਵੇਸ਼ ਕਰਨ ਲਈ ਮੌਤ ਦੀ ਮਾਰ ਤੋਂ ਨਿਰਭੈ ਹੋਣਾ ਪਹਿਲੀ ਸ਼ਰਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਥਾਂ ਥਾਂ ਇਹ ਉਪਦੇਸ਼ ਦਰਜ ਹਨ :- 'ਮਰਣਾ ਮੂਲਾਂ ਮਰਣਾ। ਭੀ ਕਰਤਾਰ ਹੁੰ ਡਰਣਾ।'

'ਤੈ ਸਾਹਿਬ ਕੀ ਬਾਤ ਜਿ ਆਖੈ, ਕਹੁ ਨਾਨਕ ਕਿਆ ਦੀਜੈ
ਸੀਸੁ ਵਢੇ ਕਰਿ ਬੈਸਣੁ ਦੀਜੈ, ਵਿਣੁ ਸਿਰ ਸੇਵ ਕਰੀਜੈ।' (ਵਡਹੰਸ੧
ਪਹਿਲਾ ਮਰਣੁ ਕਬੂਲਿ, ਜੀਵਣ ਕੀ ਛਡਿ ਆਸੁ
ਹੋਹੁ ਸਭਨ ਕੀ ਰੇਣੁਕਾ, ਤਉ ਆਉ ਹਮਾਰੈ ਪਾਸਿ। (ਵਾਰ ਮਾਰੂ

ਕਬੀਰ ਸਾਹਿਬ ਦੇ ਬਚਨ ਵੀ ਬੜੀ ਹੱਲਾ ਸ਼ੇਰੀ ਦੇਣ ਵਾਲੇ ਹਨ ਜੋ ਹਰ ਜੋਧੇ ਨੂੰ ਜੂਝਣ ਲਈ ਸਦਾ ਤਿਆਰ ਬਰਤਿਆਰ ਕਰਦੇ ਆਏ ਹਨ :-

ਗਗਨ ਦਮਾਮਾ ਬਾਜਿਓ, ਪਰਿਓ ਨਿਸਾਨੈ ਘਾਉ
ਖੇਤ ਜੁ ਮਾਂਡਿਓ ਸੂਰਮਾ, ਅਬ ਜੂਝਨ ਕਉ ਦਾਉ।
ਸੂਰਾ ਸੋ ਪਹਿਚਾਨੀਐ, ਜੋ ਲਰਹਿ ਦੀਨ ਕੇ ਹੇਤੁ।
ਪੁਰਜਾ ਪੁਰਜਾ ਕਟਿ ਮਰਹਿ, ਕਬਹੂ ਨ ਛਾਡੈ ਖੇਤੁ।
ਜਿਸ ਮਰਨੇ ਤੇ ਜਗ ਡਰੈ, ਮੇਰੇ ਮਨਿ ਆਨੰਦੁ
ਮਰਨੇ ਹੀ ਤੇ ਪਾਈਐ, ਪੂਰਨ ਪਰਮਾਨੰਦੁ।' (ਸਲੋਕ ਕਬੀਰ
'ਡਗਮਗ ਛਾਡਿ ਰੇ ਮਨ ਬਉਰਾ

ਅਬ ਤਉ ਜਰ ਮਰੇ ਸਿਧਿ ਪਾਈਐ, ਲੀਨਉ ਹਾਥਿ ਸਿਧਉਰਾ।'

'ਦਸਮ ਗ੍ਰੰਥ' ਵਿਚ ਜਿਥੇ ਸੁਤੰਤ੍ਰਤਾ ਸੰਗ੍ਰਾਮ ਹਿਤ ਜੂਝਣ ਲਈ ਸਭ ਤੋਂ ਵੱਧ ਰੱਬੀ ਸਿਦਕ ਉਤੇ ਜ਼ੋਰ ਦਿੱਤਾ ਹੈ, ਉਥੇ ਨਾਲ ਹੀ ਮੌਤ ਦੇ ਭੈ ਤੋਂ ਮੁਕਤ ਹੋ ਕੇ ਲੜ ਮਰਨ ਦੀ ਤਾਕੀਦ ਹੈ। ਇਹ ਮੰਗ ਬਾਰ-ਬਾਰ ਦੁਹਰਾਈ ਗਈ ਹੈ ਤਾਂ ਕਿ ਸੂਰਬੀਰ ਨਿਸ਼ਚਿੰਤ ਤੇ ਨਿਡਰ ਹੋ ਕੇ ਜੂਝੇ।

ਪਹਿਲੇ ਅਜ਼ਾਦੀ ਦਾ ਐਲਾਨ ਹੈ :-

ਪਾਂਇ ਗਹੇ ਜਬ ਤੇ ਤੁਮਰੇ, ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤ ਏਕ ਨ ਮਾਨਯੋ
ਸਿੰਮ੍ਰਿਤਿ ਸ਼ਾਸਤ੍ਰ ਬੇਦ ਸਬੈ, ਬਹੁ ਭੇਦ ਕਹੈਂ ਹਮ ਏਕ ਨ ਜਾਨਯੋ
ਸ੍ਰੀ ਅਸਿ ਪਾਨ ਕ੍ਰਿਪਾ ਤੁਮਰੀ ਕਰਿ, ਮੈਂ ਨ ਕਹਯੋ ਸਬ ਤੋਹਿ ਬਖਾਨਯੋ।੯੬੩

(ਰਾਮਾਵਤਾਰ, ਬਚਿਤ੍ਰ ਨਾਟਕ ਪੰ.੧੦

ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰ ਬੰਡੰ
ਭੁਜਦੰਡ ਅਖੰਡੰ ਤੇਜ ਪ੍ਰਚੰਡੰ, ਜੋਤਿ ਅਮੰਡੰ ਭਾਨੁ ਪ੍ਰਭੰ
ਸਿਖ ਸੰਤਾਂ ਕਰਣੰ ਦੁਰਮਤਿ ਦਰਣੰ, ਕਿਲ ਬਿਖ ਹਰਣੰ ਅਸਿ ਸਰਣੰ
ਜੈ ਜੈ ਜਗ ਕਾਰਣ ਸ੍ਰਿਸ਼ਟਿ ਉਬਾਰਣ, ਮਮ ਪ੍ਰਤਿਪਾਰਣ ਜੈ ਤੇਗੰ।੨।

(ਬਚਿਤ੍ਰ ਨਾਟਕ ਪਾ.੧੦

ਦੇਹਿ ਸ਼ਿਵਾ : ਵਰ ਮੋਹਿ ਇਹੈ, ਸੁ ਸੁਕਰਮਨ ਤੇ ਕਬਹੂੰ ਨ ਟਰੋਂ
ਨ ਡਰੋਂ ਅਰਿ ਸੋ ਜਬ ਜਾਇ ਲਰੋਂ, ਨਿਸਚੈ ਕਰਿ ਅਪਨੀ ਜੀਤ ਕਰੋਂ
ਅਰੁ ਸਿਖਹੋਂ ਅਪਨੇ ਹੀ ਮਨ ਕੋ, ਇਹੁ ਲਾਲਚ ਹਉਂ ਗੁਣ ਤਉ ਉਚਰੋਂ
ਜਬ ਆਵ ਕੀ ਅਉਧ ਨਿਦਾਨ ਬਨੈ, ਅਤਿ ਹੀ ਰਣ ਮੈਂ ਤਬ ਜੂਝ ਮਰੋਂ।੨੩੧।

(ਚੰਡੀ ਚਰਿਤ੍ਰੋਕਤੀ ਬਿਲਾਸ ਪੰ.੧੦

ਹੇ ਰਵਿ ਹੇ ਸਸਿ ਹੇ ਕਰੁਣਾਨਿਧਿ, ਮੇਰੀ ਅਬੈ ਬਿਨਤੀ ਸੁਨਿ ਲੀਜੈ
ਅਉਰ ਨ ਮਾਂਗਤ ਹੋਂ ਤੁਮ ਤੇ ਕਛੁ, ਚਾਹਤ ਹਉਂ ਚਿਤ ਮੈਂ ਸੋਈ ਦੀਜੈ
ਸ਼ਸਤ੍ਰਨ ਸਿਉ ਅਤਿ ਹੀ ਰਨ ਭੀਤਰ, ਜੂਝਿ ਮਰੋਂ ਕਹਿ ਸਾਚ ਪਤੀਜੈ
ਸੰਤ ਸਹਾਇ ਸਦਾ ਜਗ ਮਾਇ! ਕ੍ਰਿਪਾ ਕਰਿ ਸਯਾਮ ਇਹੈ ਬਰੁ ਦੀਜੈ।੧੯੦੦
'ਜਉ ਕਿਛੁ ਇਛ ਕਰੋਂ ਧਨ ਕੀ, ਚਲਯੋ ਧਨ ਦੇਸਨ ਦੇਸ ਤੇ ਆਵੈ
ਅਉਰ ਸਬੈ ਰਿਧਿ ਸਿਧਿਨ ਪੈ, ਹਮਰੋ ਨਹਿੰ ਨੈਕੁ ਹੀਯਾ ਲਲਚਾਵੈ

ਅਉਰ ਸੁਨੋ ਕਛੁ ਜੋਗ ਬਿਖੈ, ਕਹਿ ਕਉਨ ਇਤੋ ਤਨ ਤਪਕੈ ਤਨ ਤਾਵੈ
ਜੂਝ ਮਰਉ ਰਨ ਮੈਂ ਤਜ ਭੈ, ਤੁਮ ਤੇ ਪ੍ਰਭੁ! ਸਯਾਮ ਇਹੈ ਬਰੁ ਪਾਵੈ।੧੯੦੧
ਛਤ੍ਰੀ ਕੋ ਪੂਤ ਹੌਂ ਬਾਮਨ ਕੋ ਨਹਿੰ, ਕੈ ਤਪੁ ਆਵਤ ਹੈਂ ਜੁ ਕਰੋਂ
ਅਰੁ ਅਉਰ ਜੰਜਾਰ ਜਿਤੋ ਗ੍ਰਿਹ ਕੋ, ਤੁਹਿ ਤਯਾਗ ਕਹਾਂ ਚਿਤ ਤਾਂ ਮੈ ਧਰੋ
ਅਬ ਰੀਝ ਕੈ ਦੇਹੁ ਵਹੈ ਹਮ ਕਉ, ਜੋ ਹਉਂ ਬਿਨਤੀ ਕਰ ਜੋਰਿ ਕਰੋ
ਜਬ ਆਉ ਕੀ ਅਉਧ ਨਿਦਾਨ ਬਨੈ, ਅਤਿ ਹੀ ਰਨ ਮੈਂ ਤਬ ਜੂਝਿ ਮਰੋਂ।੨੪੯੯।

ਕ੍ਰਾਂਤੀਕਾਰੀ ਕਲਗੀਧਰ ਨੇ ਜਿਥੇ 'ਨਮੋ ਸ਼ਸਤ੍ਰ ਪਾਵੇ, ਨਮੋ ਅਪਤ ਮਾਵੇ, ਕਹਿਕੇ ਸਰਬ ਸ਼ਕਤੀਮਾਨ ਨੂੰ ਸਲਾਮ ਕੀਤਾ, ਉਥੇ ਉਸ਼ੇਦ ਨਵੇ ਨਾਮ-ਖੰਡਾ, ਭਗਉਤੀ, ਤੇਗ, ਖੜਗ, ਅਸਿ, ਕ੍ਰਿਪਾਨ, ਅਸਿਧੁਜ, ਖੜਗ ਕੇਤੁ, ਕਾਲ ਮਹਾਂਕਾਲ, ਸਰਬਕਾਲ, ਸਰਬਲੋਹ ਆਦਿ ਪ੍ਰਚਲਤ ਕਰਕੇ ਧਰਮ ਜੋਧਿ ਮੰਨਣ ਦੀ ਸੰਘਰਸ਼ ਬਿਰਤੀ ਨੂੰ ਹੋਰ ਪ੍ਰਚੰਡਣ ਦਾ ਪ੍ਰਯਤਨ ਕੀਤਾ। ਜਦੋਂ ਕਿ ਭਾਰਤੀ ਸਾਹਿਤ ਵਿਚ ਇਹ ਸੰਕੇਤ ਕਦੀ ਕਿਸੇ ਨਹੀਂ ਸੀ ਵਰਤੇ।

ਇਸ ਬਾਣੀ ਰਾਹੀਂ ਜੋ ਧਰਮ-ਯੁੱਧ ਕਰਨ ਲਈ ਯੋਧੇ ਤਿਆਰ ਕੀਤੇ ਗਏ, ਫੌਜ ਖੜੀ ਕੀਤੀ ਗਈ, ਉਹ ਕਿਸੇ ਜ਼ਰ, ਜ਼ੋਰੂ, ਜ਼ਿਮੀਨ ਤੇ ਕਬਜ਼ਾ ਕਰਨ ਲਈ ਨਹੀਂ ਤੇ ਨਾ ਹੀ ਕਿਸੇ ਉਤੇ ਚੜ੍ਹਾਈ ਕਰਕੇ ਉਸਨੂੰ ਦਬੇਲ ਬਣਾਉਣ ਲਈ ਹੇ ਸੀ। ਉਹ ਵਧੇਰੇ ਸੁਰੱਖਿਆ ਖਾਤਰ ਹੀ ਸੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਪੰਜ ਸੱਤ ਵੱਡੇ ਜੰਗ ਲੜੇ, ਉਹ ਵੀ ਕੇਵਲ ਸੁਰੱਖਿਆ ਖਾਤਰ ਹੀ ਸਨ। ਆਨੰਦਪੁਰ ਨੂੰ ਪਹਾੜੀ ਰਾਜਿਆਂ ਤੇ ਲਾਹੌਰ ਸਰਹੰਦ ਦੀਆਂ ਮੁਗਲ ਫੌਜਾਂ ਨੇ ਸਾਲਾਂ-ਬਧੀ ਘੇਰਾ ਪਾ ਰੱਖਿਆ। ਫਿਰ ਸੰਧੀਨਾਮਾ ਵੀ ਹੋਇਆ ਤਾਂ ਸਤਿਗੁਰਾਂ ਆਨੰਦਪੁਰ ਦਾ ਕਿਲਾ ਤਾਂ ਤਿਆਗ ਦਿੱਤਾ, ਪਰ ਇਨ੍ਹਾਂ ਗੱਦਾਰ ਤੇ ਬੇਈਮਾਨ ਲਸ਼ਕਰਾਂ ਨੇ ਚਮਕੌਰ ਲਾਗੇ ਜਾ ਕੇ ਫਿਰ ਘੇਰਾ ਪਾ ਲਿਆ। ਸਤਿਗੁਰਾਂ ਚਾਲੀ ਕੁ ਭੁੱਖਣ-ਭਾਣੇ ਸਾਥੀਆਂ ਨਾਲ ਜੰਗ ਲੜੀ ਪਰ ਈਨ ਨ ਮੰਨੀ। ਇਸੇ ਤਰ੍ਹਾਂ ਮੁਕਤਸਰ ਦੀ ਆਖਰੀ ਜੰਗ ਵੀ ਇਵੇਂ ਹੋਈ। ਸਾਧਨ ਨਹੀਂ ਸਨ, ਕਿਲਾ ਵੀ ਕੋਈ ਨਹੀਂ। ਫਿਰ ਵੀ ਸਿੰਘ ਨਿਰਭੈ ਹੋ ਕੇ ਜੂਝੇ। ਇਹ ਧਰਮ-ਯੁੱਧ ਦੀਆਂ ਲਾਸਾਨੀ ਜੰਗਾਂ, ਸਿਖਾਂ ਨੂੰ ਸਬਕ ਦੇਣ ਲਈ ਸਨ ਕਿ ਜਦ ਟਾਕਰਾ ਹੋਵੇ ਤਾਂ ਫਿਰ ਸੂਰਮਾ ਉਹੋ ਹੈ ਜੋ ਪੁਰਜ਼ਾ ਪੁਰਜ਼ਾ ਤਾਂ ਭਾਵੇਂ ਕੱਟ ਮਰੇ ਪਰ ਕਦੀ ਪਰਾਧੀਨ ਹੋਣਾ ਪਰਵਾਣ ਨ ਕਰੇ। ਸੋ ਇਹ ਅਮਲੀ ਸਿਖਿਆਵਾਂ ਸਨ ਜੋ ਖਾਲਸੇ ਨੇ ਸਤਿਗੁਰਾਂ ਦੀ ਹਜ਼ੂਰੀ

ਵਿਚ ਸਿਖੀਆਂ ਤੇ ਹਰ ਸਮੇਂ ਉਸ ਤੇ ਪਹਿਰਾ ਦਿੱਤਾ। ਉਸ ਸਮੇਂ ਮੁਗਲ ਰਾਜ ਦੇ ਫੁਰਮਾਨਾਂ ਅਨੁਸਾਰ ਕੋਈ ਵਧੀਆ ਘੋੜੇ ਦੀ ਸਵਾਰੀ ਨਹੀਂ ਸੀ ਕਰ ਸਕਦਾ, ਵਧੀਆ ਕਿਸਮ ਦੇ ਹਥਿਆਰ ਨਹੀਂ ਸੀ ਪਹਿਨ ਸਕਦਾ, ਨਗਾਰਾ ਨਹੀਂ ਸੀ ਵਜਾ ਸਕਦਾ, ਝੰਡਾ ਨਹੀਂ ਸੀ ਝੁਲਾ ਸਕਦਾ, ਕਲਗੀ ਨਹੀਂ ਸੀ ਲਾ ਸਕਦਾ, ਬਾਜ਼ ਰੱਖਣਾ ਵੀ ਵਰਜਿਤ ਸੀ ਪਰ ਸਤਿਗੁਰਾਂ ਆਪਣੇ ਸਾਮ੍ਹਣੇ ਇਹ ਸਾਰੀਆਂ ਗੱਲਾਂ ਕੀਤੀਆਂ ਤੇ ਸਮਝਾਇਆ ਕਿ ਇਹ ਸਭ ਕੁਝ ਸ਼ਾਹੀ ਚਿੰਨ੍ਹ ਹਨ ਜੋ ਸਰਕਾਰੀ ਫੁਰਮਾਨ ਮੁਤਾਬਿਕ ਹਿੰਦੂਆਂ ਲਈ ਵਰਜਿਤ ਹਨ ਪਰ ਖਾਲਸੇ ਨੇ ਸਭੇ ਪਾਬੰਦੀਆਂ ਤੋੜ ਕੇ ਇਹ ਧਾਰਨ ਕਰਨੇ ਤੇ ਪਾਤਸ਼ਾਹੀ ਵਲ ਕਦਮ ਵਧਾਉਣਾ ਹੈ। ਇਸੇ ਕਰਕੇ ਰਹਿਤਨਾਮਿਆਂ ਵਿਚ ਅੰਕਿਤ ਹੈ।

ਖਾਲਸਾ ਸੋ ਜੋ ਚੜ੍ਹਹਿ ਤੁਰੰਗ। ਖਾਲਸਾ ਸੋ ਜੋ ਕਰਹਿ ਨਿਤ ਜੰਗ
ਖਾਲਸਾ ਸੋਇ ਸ਼ਸਤ੍ਰ ਕਉ ਧਾਰਹਿ। ਖਾਲਸਾ ਸੋਇ ਦੁਸ਼ਟ ਕਉ ਮਾਰਹਿ।
(ਤਨਖਾਹਨਾਮਾ ਭਾ. ਨੰਦ ਲਾਲ

ਇਸੇ ਤਰ੍ਹਾਂ ਅਸੀਂ ਅਰਦਾਸ ਕਰਨ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ 'ਚਿਟਿਆਂ ਬਾਜ਼ਾਂ ਵਾਲੇ' ਯਾ 'ਨੀਲੇ ਦੇ ਸ਼ਾਹ ਸਵਾਰ' ਆਦਿ ਵਿਸ਼ੇਸ਼ਣ ਲਾ ਕੇ ਉਨ੍ਹਾਂ ਨੂੰ ਯਾਦ ਕਰਦੇ ਹਾਂ। ਜੇ ਸਰਸਰੀ ਤੌਰ ਤੇ ਦੇਖੀਏ ਤਾਂ ਘੋੜੇ ਜਾਂ ਬਾਜ਼ ਰੱਖਣ ਮਾਤਰ ਨਾਲ ਕੋਈ ਮਹਾਨ ਨਹੀਂ ਬਣ ਜਾਂਦਾ ਪਰ ਸਤਿਗੁਰੂ ਦੀ ਮਹਾਨਤਾ ਇਸ ਕਰਕੇ ਹੈ ਕਿ ਉਨ੍ਹਾਂ ਔਰੰਗਜ਼ੇਬ ਵਲੋਂ ਲਾਈਆਂ ਸਾਰੀਆਂ ਪਾਬੰਦੀਆਂ ਨਿਰਭੈ ਹੋ ਕੇ ਤੋੜੀਆਂ ਤੇ ਖਾਲਸੇ ਨੂੰ ਵੀ ਨਿਡਰ ਹੋ ਕੇ ਇਨ੍ਹਾਂ ਦੇ ਧਾਰਨ ਕਰਨ ਦੇ ਆਦੇਸ਼ ਦਿੱਤੇ। ਸ਼ਾਹੀ ਫੁਰਮਾਨ ਮੁਤਾਬਿਕ ਕੋਈ ਹਿੰਦੂ ਰਾਜਪੂਤ ਨਗਾਰਾ ਨਹੀਂ ਸੀ ਵਜਾ ਸਕਦਾ ਤੇ ਨਾ ਹੀ ਝੰਡਾ ਝੁਲਾ ਸਕਣ ਦਾ ਅਧਿਕਾਰ ਰਖਦਾ ਸੀ ਪਰ ਗੁਰੂ ਸਾਹਿਬ ਨੇ ਆਨੰਦਪੁਰ ਵਿਚ ਰਣਜੀਤ ਨਗਾਰਾ ਵਜਾ ਕੇ ਤੇ ਕੇਸਰੀ ਝੰਡਾ ਝੁਲਾ ਕੇ ਸਿਖਾਂ ਨੂੰ ਰਾਜ ਭਾਗ ਦੇ ਵਰਦਾਨ ਦਿੱਤੇ। ਸੋ ਸਮੇਂ ਦੇ ਹਾਲਾਤ ਦਾ ਜਾਇਜ਼ਾ ਲੈ ਕੇ ਹੀ ਅਸੀਂ ਇਨ੍ਹਾਂ ਗੱਲਾਂ ਦੀ ਮਹਾਨਤਾ ਅਨੁਭਵ ਕਰਕੇ ਕਲਗੀਧਰ ਦੇ ਕਾਰਨਾਮਿਆਂ ਦਾ ਮਹੱਤਵ ਪਛਾਣ ਸਕਦੇ ਹਾਂ। ਇਸੇ ਤਰ੍ਹਾਂ ਨੀਲੇ ਬਸਤਰ ਪਹਿਨਣੇ ਇਸਲਾਮੀ ਸਭਿਆਚਾਰ ਵਿਚ ਖਾਸ ਵਡਿਆਈ ਦੇ ਸੂਚਕ ਸਨ। ਸੂਫੀ ਫਕੀਰ ਜਾਂ ਅਮੀਰ ਵਜ਼ੀਰ ਹੀ ਇਨ੍ਹਾਂ ਨੂੰ ਧਾਰਨ ਦਾ ਅਧਿਕਾਰ ਰੱਖਦੇ ਸਨ। ਨਿਹੰਗ ਸਿੰਘਾਂ ਦੀਆਂ ਲਾਡਲੀਆਂ ਫੌਜਾਂ ਨੇ ਜਾਣ ਬੁਝ ਕੇ ਨੀਲੰਬਰੀ

ਵਸ ਅਪਣਾਇਆ ਤੇ ਲੋਕਾਂ ਨੂੰ ਦਿਖਾਇਆ ਕਿ ਅਸੀਂ ਵੀ ਉਸੇ ਗੌਰਵ ਦੇ ਧਾਰਨੀ ਹਾਂ। ਇਨ੍ਹਾਂ ਚਿੰਨ੍ਹਾਂ ਨਿਸ਼ਾਨਾਂ ਨੂੰ ਇਤਿਹਾਸਕ ਪ੍ਰਸੰਗ ਵਿਚ ਰੱਖਕੇ ਵਿਚਾਰਨਾ ਯੋਗ ਹੈ।

(੪) ਅਕਾਲ ਪੁਰਖ ਕੀ ਫੌਜ

ਖਾਲਸਾ ਕਾਲ ਪੁਰਖ ਕੀ ਫੌਜ
ਪ੍ਰਗਟਯੋ ਖਾਲਸਾ ਪਰਾਤਮ ਕੀ ਮੌਜ।

ਦਸਮ ਗੁਰੂ ਨੇ ਸ੍ਰੀ ਗੁਰੂ ਗ੍ਰੰਥ ਜੀ ਤਾਬਿਆ ਖਾਲਸਾ ਪੰਥ ਨੂੰ 'ਅਕਾਲ ਪੁਰਖ ਦੀ ਫੌਜ' ਕਹਿਕੇ ਭਵਿੱਸ਼ਤ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਸੀ। ਇਹ ਅਕਾਲੀ ਸੈਨਾ ਨੇ ਉਸ ਸੰਕਟ ਕਾਲ ਵਿਚ ਅੰਦਰਲੀ ਮੁਗਲ ਮਲਾਮਤ ਤੇ ਬਾਹਰਲੇ ਕਰੂਰ ਹਮਲਿਆਂ ਦੀ ਕਿਆਮਤ ਨਾਲ ਸਿੱਝਕੇ ਜਿਸ ਤਰ੍ਹਾਂ ਧਰਮ ਤੇ ਦੇਸ ਦੀ ਸੇਵਾ ਕੀਤੀ, ਉਹ ਅਠਾਰਵੀਂ ਸਦੀ ਦੇ ਪੰਜਾਬ ਦਾ ਸੁਨਿਹਰੀ ਇਤਿਹਾਸ ਹੈ। ਫੌਜਦਾਰ ਤਾਂ ਬਦਲਦੇ ਰਹੇ ਪਰ ਫੌਜੀ ਮਿਸ਼ਨ ਇਕੋ ਸੀ ਕਿ ਗੁਲਾਮੀ ਦੀਆਂ ਜੰਜ਼ੀਰਾਂ ਕੱਟ ਕੇ ਹਰ ਤਰ੍ਹਾਂ ਸੁਤੰਤ੍ਰਤਾ ਤੇ ਸ਼ਾਂਤੀ ਅਮਨ ਦੀ ਸੁਰੱਖਿਆ ਕੀਤੀ ਜਾਵੇ। ਬਾਬਾ ਬੰਦਾ ਸਿੰਘ ਬਹਾਦਰ (1670-1716) ਪਹਿਲੇ ਫੌਜਦਾਰ ਸਨ, ਜਿਨ੍ਹਾਂ ਪੰਜ ਪਿਆਰਿਆਂ ਦੀ ਅਗਵਾਈ ਵਿਚ ਗੁਰੂ ਕਲਗੀਧਰ ਦੇ ਬਖਸ਼ੇ ਪੰਜ ਤੀਰਾਂ ਤੇ ਥਾਪੜੇ ਨਾਲ ਇਹ ਮੁਹਿੰਮ ਆਰੰਭੀ। ਹੈਰਾਨੀ ਇਹ ਹੁੰਦੀ ਹੈ ਕਿ ਗੁਰੂ ਸਾਹਿਬ ਨੇ ਇਕ ਵਿਗੜੇ ਹੋਈ ਵੈਰਾਗੀ ਸਾਧ ਤੋਂ ਦੇਸ਼ ਦੀ ਵਿਗੜੀ ਹਾਲਤ ਨੂੰ ਸੋਧਣ ਦਾ ਕੰਮ ਲਿਆ। ਗੁਰੂ ਦੀ ਚੋਣ ਵੀ ਕਮਾਲ ਸੀ ਤੇ ਬੰਦਾ ਵੀ ਬੇਮਿਸਾਲ।

ਗੁਰੂ ਸਾਹਿਬ, ਗੋਦਾਵਰੀ ਕੰਢੇ ਇਸ ਦੇ ਡੇਰੇ ਪੁਜੇ, ਇਸ ਨੇ ਆਪਣੇ ਮੰਤ੍ਰ ਜੰਤ੍ਰ ਤੇ ਬੀਰਾਂ ਦੀ ਮੱਦਦ ਨਾਲ ਆਪ ਨੂੰ ਪਰੇਸ਼ਾਨ ਕਰਨਾ ਚਾਹਿਆ ਪਰ ਸਭ ਬਿਅਰਥ। ਸਤਿਗੁਰਾਂ ਆਪਣੇ ਸਿਖਾਂ ਨੂੰ ਕਹਿ ਕੇ ਇਸਦੇ ਡੇਰੇ-ਬੱਧੀਆਂ ਦੋ ਚਾਰ ਬੱਕਰੀਆਂ ਵੀ ਝਟਕਵਾ ਦਿੱਤੀਆਂ ਤੇ ਥਾਂ ਲਹੂ ਲੁਹਾਣ ਕਰ ਦਿੱਤਾ। ਇਹ ਬਾਹਰੋਂ ਭੱਜਾ ਭਜਾ ਆਇਆ ਤੇ ਪੁੱਛਣ ਲਗਾ - ਆਪ ਕੌਣ ਹੋ, ਗੁਰੂ ਸਾਹਿਬ ਨੇ ਅੱਗੋਂ ਜ਼ੋਰ-ਨਾਲ ਕਿਹਾ, ਉਹ ਜਿਸਨੂੰ ਕਿ ਤੂੰ ਜਾਣਦਾ ਹੀ ਹੈਂ। ਵੈਰਾਗੀ ਨੇ ਕਿਹਾ, ਮੈਂ ਕੀ ਜਾਣਦਾ ਹਾਂ। ਗੁਰੂ ਸਾਹਿਬ ਆਖਣ ਲਗੇ - ਤੂੰ ਆਪਣੇ ਮਨ ਵਿਚ ਹੀ

ਸੋਚ। ਮਾਧੋਦਾਸ (ਸੋਚ ਕੇ) ਆਪ ਗੁਰੂ ਗੋਬਿੰਦ ਸਿੰਘ ਹੋ? ਸਤਿਗੁਰਾਂ ਕਿਹਾ - ਹਾਂ। ਤੁਸੀਂ ਇਥੇ ਕਿਵੇਂ ਆ ਗਏ ? ਮੈਂ ਇਸ ਲਈ ਆਇਆ ਹਾਂ ਕਿ ਤੈਨੂੰ ਸਿੰਘ ਸਜਾਵਾਂ। ਮਾਧੋ ਦਾਸ ਨੇ ਸਨਿੰਮਰ ਹੋ ਚਰਣੀਂ ਹੱਥ ਲਾ ਕੇ ਕਿਹਾ - ਮੈਨੂੰ ਪਰਵਾਣ ਹੈ, ਮੈਂ ਤਾਂ ਆਪ ਦਾ ਹੀ ਬੰਦਾ (ਗੁਲਾਮ) ਹਾਂ।' ਪਰ ਮੈਨੂੰ ਇਹ ਸਮਝ ਨਹੀਂ ਆਈ ਕਿ ਆਪ ਦੇ ਸੇਵਕਾਂ ਇਥੇ ਬੱਕਰੇ ਕਿਉਂ ਹਲਾਲ ਕੀਤੇ ਤੇ ਡੇਰੇ ਨੂੰ ਕਿਉਂ ਅਪਵਿੱਤਰ ਕੀਤਾ ਹੈ? ਗੁਰੂ ਸਾਹਿਬ ਨੇ, ਬੰਦੇ ਦੀ ਆਤਮਾ ਨੂੰ ਝੰਜੋੜਦਿਆਂ ਕਿਹਾ, 'ਓ ਵੈਰਾਗੀ! ਤੂੰ ਇਸ ਅਪਵਿਤ੍ਰਤਾ ਨੂੰ ਰੋਂਦਾ ਹੈਂ। ਬੇ ਗੁਨਾਹਾਂ ਦਾ ਖ਼ੂਨ ਡੋਲ੍ਹ ਡੋਲ੍ਹ ਇਨ੍ਹਾਂ ਮਲੇਛਾਂ ਸਾਰਾ ਦੇਸ਼ ਹੀ ਅਪਵਿੱਤਰ ਤੇ ਨਾਪਾਕ ਕਰ ਛਡਿਆ ਹੈ, ਇਸਦਾ ਕੌਣ ਜ਼ੁੰਮੇਵਾਰ ਹੈ? ਜਾਓ ਜਬਰ ਨਾਲ ਟੱਕਰ ਲਓ ਤੇ ਇਸ ਪਾਪ ਨੂੰ ਬੰਦ ਕਰਾਓ।' 'ਬੰਦਾ' ਉਹ ਰੁੱਖ ਹੈ ਜੋ ਦੂਜੇ ਰੁੱਖ ਨੂੰ ਖਾ ਜਾਵੇ।

'ਬੰਦਾ ਜਿਸ ਤਰੁ ਕੋ ਲਗੈ, ਤਾਂ ਕੋ ਦੇਤ ਸੁਕਾਇ
ਤੂੰ ਹਮਰਾ 'ਬੰਦਾ' ਭਯੋ, ਲਗ ਤੁਰਕਨ ਕੋ ਜਾਇ।'

ਇਉਂ ਸਤਿਗੁਰਾਂ ਨੇ ਉਸਦੀ ਸੁੱਤੀ ਆਤਮਾ ਨੂੰ ਜਗਾਇਆ ਤੇ ਅੰਮ੍ਰਿਤਪਾਨ ਕਰਾ ਕੇ ਸਿੰਘ ਸਜਾਇਆ। ਇਸ ਉਪਰੰਤ ਮੁਗ਼ਲਾਂ ਨੇ ਜੋ ਜ਼ੁਲਮ ਸਾਡੇ ਗੁਰੂਆਂ ਤੇ ਮਾਸੂਮ ਸਾਹਿਬਜ਼ਾਦਿਆਂ ਨਾਲ ਕੀਤੇ, ਉਹ ਹੌਲੀ ਹੌਲੀ ਸਿਆਣੇ ਸਿੰਘਾਂ ਨੇ ਸੁਣਾਏ ਤੇ ਉਹ ਹੈਰਾਨ ਹੁੰਦਾ ਗਿਆ। ਪੰਜਾਬ ਜਾਣ ਦੀ ਤਿਆਰੀ ਹੋਈ ਤਾਂ ਉਸਦੇ ਵੱਡੇ ਸਾਥੀ, ਚੱਕ੍ਰਵਰਤੀ ਵਣਜਾਰੇ ਬਹਾਦਰ ਸਿੰਘ ਸਨ ਜੋ ਕਿ ਦੇਸ਼ ਦੇ ਚੱਪੇ ਚੱਪੇ ਤੋਂ ਜਾਣੂ ਸਨ। ਇਧਰ ਹੁਕਮਨਾਮੇ ਵੀ ਥਾਂ ਥਾਂ ਭੇਜੇ ਗਏ। ਮਾਲਵੇ ਦੇ ਸਿੰਘ ਵੌਹਰਨ ਆ ਮਿਲੇ। ਇਹ ਗੱਲ ਨਵੰਬਰ 1709 ਈ. ਦੀ ਹੈ ਕਿ ਸਮਾਣਾ, ਘੁੜਾਮ, ਸ਼ਾਹਾਬਾਦ, ਵਜ਼ੀਰ ਖਾਂ ਦਾ ਪਿੰਡ ਕੁੰਜਪੁਰਾ ਤੇ ਕਪੂਰੀ ਅਤੇ ਸਢੌਰੇ ਦੇ ਦੁਸ਼ਟਾਂ ਨੂੰ ਜਾ ਸੋਧਿਆ। ਹੌਲੀ ਹੌਲੀ ਸਿੰਘਾਂ ਦਾ ਦਲ ਵੱਧਦਾ ਗਿਆ। 12 ਮਈ 1710 ਨੂੰ ਸਰਹੰਦ ਉਤੇ ਧਾਵਾ ਕੀਤਾ ਤੇ ਚਪੜ ਚਿੜੀ ਦੇ ਮੈਦਾਨ ਵਿਚ ਹੋਈ ਗਹਿਗਚ ਲੜਾਈ ਦੌਰਾਨ ਸਾਹਿਬਜ਼ਾਦਿਆਂ ਦਾ ਕਾਤਲ, ਨਵਾਬ ਵਜ਼ੀਰ ਖਾਂ ਮਾਰਿਆ ਗਿਆ। ਸਰਹੰਦ 28 ਪਰਗਣਿਆਂ ਤੇ 36 ਲੱਖ ਸਾਲਾਨਾ ਆਮਦਨ ਦਾ ਸੂਬਾ ਸੀ, ਸ. ਬਾਜ਼ ਸਿੰਘ ਨੂੰ ਇਥੋਂ ਦਾ ਗਵਰਨਰ ਥਾਪਿਆ ਗਿਆ ਤੇ ਭਾਈ ਆਲੀ ਸਿੰਘ ਨੂੰ ਇਸਦਾ ਨਾਇਬ। ਇਹ ਸਰਹੰਦ-ਵਿਜਯ ਕੋਈ ਮਾਮੂਲੀ ਗੱਲ ਨਹੀਂ ਸੀ। ਇਸਦੇ ਪਿਛੇ ਸਾਹਿਬਜ਼ਾਦਿਆਂ

ਦਾ ਵੀਟਿਆ ਖ਼ੂਨ, ਤਮਾਮ ਸਿੰਘਾਂ ਵਿਚ ਅਥਾਹ ਜੋਸ਼ ਪੈਦਾ ਕਰ ਰਿਹਾ ਸੀ ਜਿਸਦਾ ਸਿਟਾ ਇਹ ਯੁਗ-ਪਰਿਵਰਤਨ ਹੋਇਆ।

ਸਿੰਘਾਂ ਜਮਨਾ ਪਾਰ ਵੀ ਕਈ ਹੱਲੇ ਕੀਤੇ - ਸਹਾਰਨਪੁਰ, ਅੰਬੇਟਾ ਜਲਾਲਾਦ ਤਕ ਤੇ ਇਧਰ ਬਟਾਲਾ, ਕਲਾਨੌਰ ਤੇ ਪਠਾਣ ਕੋਟ ਵੀ ਸਿੰਘਾਂ ਹੱਥ ਆ ਗਏ ਸਨ। ਜਦੋਂ ਮੁਗ਼ਲ ਫੌਜ ਆਈ ਤਾਂ ਇਹ ਗੁਰੀਲੇ, ਪਹਾੜੀਂ ਚੜ੍ਹ ਗਏ ਤੇ ਬੰਦਾ ਬਹਾਦਰ ਵੀ ਨਾਹਣ ਵਲ ਨਿਕਲ ਗਿਆ। ਫਰਵਰੀ 1712 ਵਿਚ ਲਾਹੌਰ, ਅਚਾਨਕ ਬਾਦਸ਼ਾਹ ਬਹਾਦਰ ਸ਼ਾਹ ਦਾ ਦੇਹਾਂਤ ਹੋ ਗਿਆ ਤਾਂ ਦਿੱਲੀ ਵਿਚ ਤਖਤ ਲਈ ਝਗੜਾ ਹੁੰਦਾ ਰਿਹਾ। ਸਿੰਘਾਂ ਇਸਦਾ ਫਾਇਦਾ ਉਠਾ ਕੇ ਪਹਾੜ ਵੱਲ ਆਪਣੀ ਸ਼ਕਤੀ ਵਧਾਈ। ਸਢੌਰੇ ਲਾਗੇ ਬੰਦਾ ਬਹਾਦਰ ਨੇ ਮੁਖਲਸ ਗੜ੍ਹ ਨੂੰ 'ਲੋਹਗੜ੍ਹ' ਨਾਂ ਦੇ ਕੇ ਆਪਣੀ ਰਾਜਧਾਨੀ ਬਣਾਇਆ। ਸਿੱਕਾ ਚਾਲੂ ਕੀਤਾ, ਉਸ ਤੇ ਇਹ ਸ਼ਬਦ ਅੰਕਿਤ ਸਨ :-

'ਸਿੱਕਾ ਜ਼ਦ ਬਰ ਹਰ ਦੁਆਲਮ ਤੇਗਿ ਨਾਨਕ ਵਾਹਬ ਅਸਤ
ਫਤਿਹ ਗੋਬਿੰਦ ਸ਼ਾਹੇ-ਸ਼ਾਹਾਂ, ਫਜ਼ਲਿ ਸੱਚਾ ਸਾਹਿਬ ਅਸਤ।'

ਇਸੇ ਤਰ੍ਹਾਂ ਇਹ ਸਰਕਾਰੀ ਮੋਹਰ ਤਿਆਰ ਕੀਤੀ ਗਈ :-

'ਦੇਗੋ ਤੇਗ ਫਤਹ ਨੁਸਰਤ ਬੇਦਰੰਗ
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।'

ਇਹ ਸਰਗਰਮੀਆਂ ਸਾਧਾਰਣ ਨਹੀਂ ਸਨ, ਇਕ ਵਾਰ ਤਾਂ ਸਾਰੇ ਪੰਜਾਬ ਵਿਚ ਇਹ ਗੱਲ ਫੈਲ ਗਈ ਕਿ ਸਿੱਖ ਰਾਜ ਹੋ ਗਿਆ ਹੈ ਕਿ ਕਿਉਂਕਿ ਇਕੋ ਕਲਮ ਦੇ ਝਟਕੇ ਨਾਲ ਜ਼ਿਮੀਦਾਰੀ ਖਤਮ ਕਰਕੇ ਤਮਾਮ ਰਾਹਕ, ਮਾਲਕ ਬਣਾ ਦਿੱਤੇ ਗਏ ਸਨ। ਇਹ ਖਬਰ ਦਿੱਲੀ ਲਈ ਬੜੀ ਅਸਹਿ ਸੀ। ਬੰਦਾ ਸਿੰਘ ਬਹਾਦਰ ਦੋ ਸਾਲ ਲਗਾਤਾਰ ਫੌਜੀ ਸ਼ਕਤੀ ਨੂੰ ਮਜ਼ਬੂਤ ਕਰਦਾ ਰਿਹਾ। ਫਿਰ ਗੁਰਦਾਸ ਨੰਗਲ ਦੀ ਗੜ੍ਹੀ-ਨੁਮਾ ਹਵੇਲੀ ਵਿਚ ਆਕੀ ਹੋ ਬੈਠਾ।, 7-8 ਮਹੀਨੇ ਘੇਰਾ ਰਿਹਾ, ਅੰਨ ਪਾਣੀ ਤੇ ਦਾਰੂ ਸਿੱਕਾ ਮੁਕਦਾ ਗਿਆ। ਜਿਸ ਕਰਕੇ ਦਸੰਬਰ 1715 ਈ. ਵਿਚ 740 ਸਿੰਘਾਂ ਸਮੇਤ ਬੰਦਾ ਬਹਾਦਰ ਗ੍ਰਿਫਤਾਰ ਕਰਕੇ ਲਾਹੌਰ ਤੇ ਦਿੱਲੀ ਲਿਆਂਦਾ ਗਿਆ। ਮੁਖੀ ਸਿਖ ਆਗੂ ਵੱਖ ਕਰਕੇ, 694 ਸਿੱਖ ਕਤਲ ਕਰਨ ਲਈ ਕੁਤਵਾਲ ਦੇ ਹਵਾਲੇ ਕੀਤੇ ਗਏ। ਸੌ ਸੌ ਸਿੰਘ ਰੋਜ਼ ਮੌਤ ਦੇ ਘਾਟ ਉਤਾਰੇ ਜਾਂਦੇ ਪਰ ਕਿਸੇ ਸਿੱਖ ਨੇ ਧਰਮ ਨਹੀਂ ਤਿਆਗਿਆ। ਅੰਗ੍ਰੇਜ਼ੀ ਸਫੀਰ ਨੇ ਵੀ

ਇਸਦੀ ਪੁਸ਼ਟੀ ਕੀਤੀ ਹੈ।

ਅੰਤ ਸਰਬਰਾਹ ਖ਼ਾਂ ਕੋਤਵਾਲ ਦੀ ਨਿਗਰਾਨੀ ਹੇਠ ਖੁਆਜਾ ਕੁਤਬਦੀਨ ਬਖ਼ਤਯਾਰ ਕਾਕੀ ਦੇ ਮਕਬਰੇ ਲਾਗੇ, ਬੰਦਾ ਬਹਾਦਰ 9 ਜੂਨ 1716 ਨੂੰ ਸਾਥੀਆਂ ਸਮੇਤ ਤਰ੍ਹਾਂ ਤਰ੍ਹਾਂ ਦੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਉਸਦਾ ਨਿਕਾ ਪੁੱਤਰ ਅਜੈ ਸਿੰਘ ਵੀ ਨਾਲ ਸੀ। ਜੱਲਾਦ ਨੇ ਉਸਦਾ ਕਾਲਜਾ ਕੱਢ ਕੇ ਬੰਦਾ ਬਹਾਦਰ ਦੇ ਮੂੰਹ ਉਤੇ ਮਾਰਿਆ ਤੇ ਉਸਨੂੰ ਵੀ ਪਾਰ ਬੁਲਾਇਆ। ਬੰਦਾ ਬਹਾਦਰ ਸਿੰਘ ਇਕ ਅਨੋਖੀ ਸੀ, ਤੂਫਾਨ ਸੀ, ਜੋ ਝੱਖੜ ਵਾਂਗ ਹੇਠਲੀ ਉਤੇ ਕਰਦਾ ਲੰਘ ਗਿਆ। ਇਹ ਖੰਡੇ ਦੇ ਅੰਮ੍ਰਿਤ ਦੀ ਬਰਕਤ ਸੀ।

'ਲੋਗ ਕਹਤੇ ਹੈਂ ਕਿ ਬਦਲਤਾ ਹੈ ਜ਼ਮਾਨਾ
ਮਰਦ ਵੁਹ ਹੈ ਜੋ ਜ਼ਮਾਨੇ ਕੋ ਬਦਲਤੇ ਹੈਂ।'

(੫) ਮਰਜੀਵੜਿਆਂ ਦਾ ਸ਼ਹੀਦੀ ਬਾਗ਼

ਆਮ ਤੌਰ ਤੇ ਕਿਸੇ ਧਰਮ ਦਾ ਸਿਧਾਂਤ ਹੀ ਸਭ ਤੋਂ ਅਹਿਮ ਹੁੰਦਾ ਜਾਂ ਫਿਰ ਉਸ ਅਨੁਸਾਰ ਬਿਤਾਇਆ ਜੀਵਨ ਪਰ ਕਈ ਵਾਰ ਉਸ ਸਿਧਾਂਤ ਖਾਤਰ ਮਰਨਾ ਇਤਨਾ ਅਹਿਮ ਹੋ ਜਾਂਦਾ ਕਿ ਬਾਕੀ ਸਭ ਗੱਲਾਂ ਪਿਛੇ ਰਹਿ ਜਾਂਦੀਆਂ ਹਨ। ਸ਼ਹੀਦੀ ਲਹਿਰ ਜ਼ਿੰਦਗੀ ਦੀ ਲਹਿਰ ਬਹਰ ਲਾਉਂਦੀ ਬਦੀ ਨੂੰ ਐਸਾ ਸੁੱਕਣੇ ਪਾਉਂਦੀ ਹੈ ਕਿ ਕਾਤਿਲ ਆਪਣੇ ਆਪ ਮਰ ਜਾਂਦਾ ਹੈ।

ਸਿੱਖੀ ਦੀ ਸ਼ਾਨ ਮੁਰੀਦਾਂ ਨਾਲੋਂ ਸ਼ਹੀਦਾਂ ਨੇ ਜ਼ਿਆਦਾ ਵਧਾਈ ਹੈ। ਗੁਰੂ ਅਰਜਨ, ਗੁਰੂ ਤੇਗ ਬਹਾਦਰ, ਮਾਤਾ ਗੁਜਰੀ ਤੇ ਸਾਹਿਬਜ਼ਾਦਿਆਂ ਇਸਦਾ ਉਦਘਾਟਨ ਕੀਤਾ ਤੇ ਫਿਰ ਅੱਗੇ ਤੋਂ ਅਗੇ ਇਹ ਸ਼ਹੀਦੀ ਬਾਗ ਪ੍ਰਫੁਲਤ ਹੁੰਦਾ ਗਿਆ। ਮੌਲਾਨਾ ਰੂਮੀ ਨੇ ਬੜਾ ਸਪਸ਼ਟ ਕਿਹਾ ਹੈ, ਜਦ ਦਾਣਾ ਜ਼ਿਮੀਨ ਵਿਚ ਛਿਪ ਕੇ ਅੰਤਰ ਧਿਆਨ ਹੋ ਜਾਂਦਾ ਹੈ ਤਾਂ ਉਸਦਾ ਅੰਤਰੀਵ ਰਹੱਸ, ਬਾਗ ਦੀ ਹਰਿਆਵਲ ਬਣ ਮੁੜ ਉਜਾਗਰ ਆ ਹੁੰਦਾ ਹੈ।

'ਦਾਨਾ ਚੂੰ ਅੰਦਰ ਜ਼ਿਮੀ ਪਿਨਹਾਂ ਸ਼ਵਦ
ਸਿਰਰਿ ਊ ਸਰਸਬਜ਼ੀਏ ਬੁਸਤਾਂ ਸ਼ਵਦ।'

ਜੋ ਸ਼ਹੀਦ ਮਰਦਾ ਨਹੀਂ, ਵੇਸ ਬਦਲ ਕੇ ਆਉਂਦਾ ਤੇ ਦੁਨੀਆਂ ਨੂੰ ਨਵਾਂ

ਮਾਰਗ ਦਰਸਾਉਂਦਾ ਇਉਂ ਗਾਉਂਦਾ ਜਾਂਦਾ ਹੈ :–

'ਮੈਂ ਨ ਮਰਉ ਮਰਬੋ ਸੰਸਾਰਾ, ਅਬ ਮੁਹਿ ਮਿਲਿਓ ਹੈ ਜੀਆਵਣ ਹਾਰਾ।'

'ਜਹਾਂ ਮੇ ਅਹਲੇ ਈਮਾਂ, ਮਿਸਲ ਖ਼ੁਰਸ਼ੀਦ ਜੀਤੇ ਹੈਂ

ਉਧਰ ਡੂਬੇ ਇਧਰ ਨਿਕਲੇ, ਇਧਰ ਡੂਬੇ ਉਧਰ ਨਿਕਲੇ। (ਡਾ. ਇਕਬਾਲ

10 ਦਸੰਬਰ 1710 ਈ. ਨੂੰ ਦਿੱਲੀ ਤੋਂ ਸ਼ਾਹੀ ਫੁਰਮਾਨ ਜਾਰੀ ਕੀਤਾ ਗਿਆ ਸੀ ਕਿ ਜਿਥੇ ਵੀ ਕੋਈ ਗੁਰੂ ਨਾਨਕ-ਨਾਮ ਲੇਵਾ ਮਿਲੇ, ਉਸਨੂੰ ਕਤਲ ਕਰ ਦਿਓ।

'ਨਾਨਕ ਪ੍ਰਸਤਾਂ ਰਾ, ਹਰ ਜਾ ਕਿ ਬਾ ਯਾਬੰਦ, ਬਕਤਲ ਰਸਾਨਦ।'

(ਅਖ਼ਬਾਰਿ ਦਰਬਾਰਿ ਮੁਅੱਲਾ

ਅਜੇਹਾ ਹੁਕਮ ਹੀ ਫਰੁਖਸਿਯਰ ਨੇ 1716 ਈ. ਵਿਚ ਬੰਦਾ ਬਹਾਦਰ ਦੇ ਕਤਲ ਬਾਦ ਦੁਹਰਾਇਆ।

'ਬਾਦ ਕਤਲਿ ਊ, ਹੁਕਮ ਸ਼ੁਦ ਕਿ ਹਰ ਜਾ

ਈਂ ਫਿਰਕਾ ਰਾ ਯਾਬੰਦ, ਬੇਤਅੱਮਲ ਬਿਕੁਸ਼ੰਦ।'

(ਮਿਫਤਾਹ ਉ. ਤ੍ਵਾਰੀਖ

ਇਸ ਤਰ੍ਹਾਂ 1710 ਤੋਂ 1760 ਈ. ਤਕ ਪੰਜਾਹ ਸਾਲ, ਲਗਾਤਾਰ ਸਿਖਾਂ ਦੇ ਕਤਲ ਦਾ ਦਮਨ-ਚੱਕਰ ਚਲਦਾ ਰਿਹਾ।

ਇਕ ਹਜ਼ਾਰ ਸਿਖ ਤਾਂ ਉਦੋਂ ਬੰਦਾ ਬਹਾਦਰ ਦੇ ਨਾਲ ਹੀ ਅੱਗੇ ਪਿਛੇ ਦਿੱਲੀ ਮਾਰ ਮੁਕਾਇਆ ਗਿਆ। ਫਿਰ ਸਿੱਖ ਮਾਰਨਾ ਇਕ ਸਰਕਾਰੀ ਕਰਤੱਬ ਹੀ ਬਣ ਗਿਆ। ਸੂਬਾ ਲਾਹੌਰ ਨੇ ਤਾਂ ਦਸ ਰੁਪਏ ਇਨਾਮ ਸਿੱਖ ਦਾ ਪਤਾ ਦੱਸਣ ਵਾਲੇ ਲਈ ਤੇ ਮਾਰ ਕੇ ਲਿਆਉਣ ਵਾਲੇ ਲਈ ਪੰਜਾਹ ਰੁਪਏ ਕਰ ਦਿੱਤੇ। ਇਸ ਐਲਾਨ ਅਨੁਸਾਰ ਕਿਤਨੇ ਸਿੰਘ ਸ਼ਹੀਦ ਕੀਤੇ ਗਏ, ਇਸਦਾ ਲੇਖਾ ਲਾਉਣਾ ਮੁਸ਼ਕਲ ਹੈ।

24 ਜੂਨ 1734 ਈ. ਨੂੰ ਦਰਜਨਾਂ ਸਿੱਖ ਨੌਜੁਆਨਾਂ ਸਮੇਤ ਨੱਬੇ-ਸਾਲਾ ਬਜ਼ੁਰਗ ਭਾਈ ਮਨੀ ਸਿੰਘ ਜੀ ਨੂੰ ਲਾਹੌਰ ਬੰਦ ਬੰਦ ਕੱਟ ਕੇ ਸ਼ਹੀਦ ਕੀਤਾ ਗਿਆ। ਆਪ ਦੇ ਵੱਡੇ ਸਪੁੱਤਰ ਚਿਤ੍ਰ ਸਿੰਘ ਨੂੰ ਚਰਖੜੀ ਚਾੜ੍ਹਿਆ ਗਿਆ ਸੀ, ਨਾਲ ਹੀ ਇਨ੍ਹਾਂ ਦੇ ਵੱਡੇ ਭਾਈ ਜੇਠਾ ਸਿੰਘ ਦੇ ਸਪੁੱਤਰ ਗੁਲਜ਼ਾਰਾ ਸਿੰਘ ਦੀ ਪੁੱਠੀ ਖੱਲ ਲਾਹ ਕੇ ਅੰਤ ਕੀਤਾ ਗਿਆ ਸੀ। ਭਾਈ ਮਨੀ ਸਿੰਘ ਦਾ ਹੋਰ

ਭਾਈ ਜਗਤ ਸਿੰਘ ਵੀ ਇਸੇ ਕਤਲਾਮ ਵਿਚ ਸ਼ਾਮਲ ਸੀ।

ਇਸ ਤੋਂ ਇਲਾਵਾ ਭਾਈ ਜੇਠਾ ਤੇ ਭਾਈ ਰੂਪ ਚੰਦ ਆਪ ਦੇ ਹੀ ਸਕੇ ਭਾਈ ਸਨ। ਇਨ੍ਹਾਂ ਨੂੰ ੯ ਕੱਤਕ ੧੭੬੮ ਬਿ. (1711 ਈ.) ਵਿਚ 38 ਸਾਥੀਆਂ ਸਮੇਂ ਅਲੋਵਾਲ (ਲਾਹੌਰ) ਦੇ ਮੁਕਾਮ ਤੇ ਜੀਉਂਦਿਆਂ-ਜੀ ਧਰਤੀ ਵਿਚ ਦੱਬਕੇ ਖਤਮ ਕਰ ਦਿੱਤਾ ਸੀ। ਇਹ ਵੇਰਵੇ ਸਾਨੂੰ ਭੱਟਾਂ ਦੀਆਂ ਵਹੀਆਂ ਵਿਚੋਂ ਮਿਲਦੇ ਹਨ, ਬਾਕੀ ਹਜ਼ਾਰਾਂ ਸ਼ਹੀਦ ਸਿੰਘ ਐਸੇ ਹਨ ਜਿਨ੍ਹਾਂ ਦਾ ਬਿਉਰਾ ਕਿਸੇ ਥਾਂ ਦਰਜ ਹੀ ਨਹੀਂ। ਇਸੇ ਸਾਲ ਭਾਈ ਅਰਜਨ ਸਿੰਘ, ਹਕੀਕਤ ਰਾਇ ਦਾ ਮਾਮਾ, ਚਰਖੜੀ ਚਾੜ੍ਹ ਕੇ ਸ਼ਹੀਦ ਕੀਤਾ ਗਿਆ। ਇਹ ਘਟਨਾਵਾਂ ਨੌਜੁਆਨ ਹਕੀਕਤ ਦੇ ਸੀਨੇ ਅੰਦਰ ਅੱਗ ਬਾਲ ਰਹੀਆਂ ਸਨ। ਹਕੀਕਤ ਰਾਇ ਧਰਮਾਤਮਾ ਖਾਨਦਾਨ ਦਾ ਨੌਨਿਹਾਲ ਸੀ, ਇਸਦਾ ਬਾਬਾ ਨੰਦ ਲਾਲ ਸੱਤਵੇਂ ਗੁਰੂ ਹਰਿ ਰਾਇ ਪਾਸ ਗਲੋਟੀਆਂ ਆ ਕੇ ਸਿੱਖੀ ਮੰਡਲ ਵਿਚ ਪ੍ਰਵੇਸ਼ ਕਰ ਗਿਆ ਸੀ। ਅੱਗੇ ਇਸਦੇ ਦੋ ਪੁੱਤਰ ਸਨ - ਭਾਗ ਮੱਲ ਤੇ ਬਾਘ ਮੱਲ। ਇਹ ਦੋਵੇਂ ਹੀ ਵਜ਼ੀਰਾਬਾਦ ਲਾਗੇ ਝਨਾਂ ਪਾਰ ਸਹੋਦਰੇ ਵਿਚ ਭਾਈ ਕਨ੍ਹਈਏ ਦੀਆਂ ਪੋਤਰੀਆਂ ਤੇ ਭਾਈ ਲੱਛੀ ਰਾਮ ਦੀਆਂ ਸਪੁੱਤਰੀਆਂ ਗੌਰਾਂ ਤੇ ਕੌਰਾਂ ਨਾਲ ਵਿਆਹੇ ਹੋਏ ਸਨ। ਬਾਘ ਮੱਲ ਦੇ ਘਰ ਮਾਤਾ ਕੌਰਾਂ ਦੀ ਕੁਖੋਂ ਸਤੰਬਰ 1716 ਈ. ਵਿਚ ਸਿਆਲਕੋਟ ਸ਼ਹਿਰ ਵਿਚ ਹਕੀਕਤਰਾਇ ਦਾ ਜਨਮ ਹੋਇਆ। ਮਦਰੱਸੇ ਪੜ੍ਹਨ ਲਗਾ ਤੇ ਉਥੇ ਹੀ ਮੁਸਲਿਮ ਬੱਚਿਆਂ ਨਾਲ ਕੋਈ ਝਗੜਾ ਝੇੜਾ ਹੋ ਗਿਆ। ਇਸਨੂੰ ਗ੍ਰਿਫਤਾਰ ਕਰਕੇ ਲਾਹੌਰ ਲਿਆਂਦਾ ਗਿਆ, ਕਈ ਸਵਾਲ ਜਵਾਬ ਹੋਏ ਤੇ ਕਈ ਹਮਦਰਦ ਸ਼ਹਰੀ ਵੀ ਇਸ ਅੱਲੜ੍ਹ ਬਾਲਕੇ ਨੂੰ ਬਚਾਉਣ ਲਈ ਤਰਲੇ ਕਰਦੇ ਰਹੇ ਪਰ ਕਾਜ਼ੀ ਦੇ ਫਤਵੇ ਅਤੇ ਨਵਾਬ ਜ਼ਕਰੀਆ ਖ਼ਾਂ ਦੀ ਮਨਜੂਰੀ ਨਾਲ 1734 ਈ. ਦੀ ਬਸੰਤ ਪੰਚਮੀ ਨੂੰ ਬੇਕਸੂਰ ਨੌਜੁਆਨ ਸ਼ਹੀਦ ਕਰ ਦਿੱਤਾ ਗਿਆ। ਅਗਰਾ ਸਿੰਘ ਸੇਠੀ ਲਿਖਦਾ ਹੈ :–

'ਚਾਰ ਘੜੀ ਫਿਰ ਸਤਿਗੁਰ ਸਿਮਰਿਆ, ਸਿਰ ਪਰ ਚੀਰਾ ਧਰਿਆ
ਅੱਖੀਂ ਲਾਲ ਗੁਲਾਲੇ ਹੋਈਆਂ, ਰੰਗ ਅਜਬ ਪ੍ਰੇਮ ਦਾ ਚੜ੍ਹਿਆ
ਜੋ ਵੇਖੇ ਸੂਰਤਿ ਧਰਮੀ ਦੀ, ਅੰਦਰਿ ਆਹ ਦਾ ਭਰਿਆ.
ਕਹੁ ਜੀ ਲਿਸ਼ਕਨਿ ਤੇਗਾਂ ਤੇ ਤਲਵਾਰੀਂ, ਧਰਮੀ ਮੂਲ ਨ ਡਰਿਆ।
ਜਬ ਦਿਤੀ ਜਾਨ ਹਕੀਕਤ ਨੇ, ਤਬ ਹੋਯਾ ਧਰਮ ਸਹਾਈ

ਵਿਚ ਲਾਹੌਰ ਦੇ ਮਾਤਮ ਹੋਯਾ, ਕਿਆ ਕੋ ਆਖਿ ਸੁਣਾਈ
ਸੂਰਜ ਗ਼ਮ ਪਰ ਆਯਾ ਹੈ, ਮਹਲਾਂ ਪਰ ਫਿਰੀ ਸਿਆਹੀ
ਕਹੁ ਜੀ, ਧਉਲ ਧਰਮ ਦਾ ਕੰਬ ਗਿਆ, ਜਿਸ ਧਰਤੀ ਸਭ ਹਿਲਾਈ।
(ਵਾਰ ਹਕੀਕਤ ਰਾਇ

ਭਾਈ ਤਾਰੂ ਸਿੰਘ – ਪਿੰਡ ਪੂਲ੍ਹਾ ਜ਼ਿਲਾ ਲਾਹੌਰ ਦਾ ਨਿਵਾਸੀ ਗੱਭਰੂ ਸੀ ਜੋ ਬਨਵਾਸੀ ਸਿੰਘਾਂ ਨੂੰ ਗੁਪਤ ਜਿਵੇਂ ਕਿਵੇਂ ਚੋਰੀ ਛੁਪੋਰੀ ਰਸਦ ਪਾਣੀ ਭੇਜਦਾ ਰਹਿੰਦਾ ਸੀ। ਹਰਿ ਭਗਤ ਨਿਰੰਜਨੀਏ ਮੁਖਬਰ ਦੀ ਸ਼ਿਕਾਇਤ ਤੇ ਇਸਨੂੰ ਪਕੜ ਕੇ ਲਾਹੌਰ ਲਿਆਂਦਾ ਗਿਆ। ਕੇਸ ਕੱਟਣ ਦੀ ਧੱਕੇਸ਼ਾਹੀ ਕੀਤੀ ਗਈ ਪਰ ਇਸਨੇ ਕੇਸਾਂ ਦੀ ਬੇਅਦਬੀ ਨਹੀਂ ਹੋਣ ਦਿੱਤੀ। ਆਖਰ ਖੋਪਰੀ ਉਤਾਰੀ ਗਈ। ਇਹ ਜ਼ਖਮੀ ਹਾਲਤ ਵਿਚ ਤੜਫਦਾ ਵੀ ਬਾਣੀ ਪੜ੍ਹਦਾ ਰਿਹਾ। ਕੁਦਰਤ ਐਸੀ ਕਿ ਉਧਰ ਨਵਾਬ ਜ਼ਕਰੀਆ ਖ਼ਾਂ ਦਾ ਪਿਸ਼ਾਬ ਬੰਦ ਹੋ ਗਿਆ, ਨਵਾਬ ਨੇ ਮਹਿਸੂਸ ਕੀਤਾ ਕਿ ਮੈਂ ਬੇਹਿਸਾਬ ਬੇਗੁਨਾਹ ਸਿਖਾਂ ਨੂੰ ਤਸੀਹੇ ਦਿੱਤੇ, ਇਸ ਕਰਕੇ ਇਹ ਕਸ਼ਟ ਝੱਲਣਾ ਪੈ ਰਿਹਾ ਹੈ। ਇਸ ਕਰਕੇ ਭਾਈ ਸੁਬੇਗ ਸਿੰਘ ਕੁਤਵਾਲ ਨੂੰ ਪੰਜ ਹਜ਼ਾਰ ਭੇਟਾ ਦੇ ਕੇ ਖਾਲਸੇ ਪਾਸ ਕਾਹਨੂਵਾਣ ਦੇ ਛੰਭ ਵਿਚ ਘੱਲਿਆ ਗਿਆ। ਅੱਗੋਂ ਸਿੰਘਾਂ ਆਖਿਆ 'ਭਾਈ ਤਾਰੂ ਸਿੰਘ ਦੀ ਚਰਨਦਾਸੀ (ਜੁੱਤੀ) ਤੁਰਕ ਦੇ ਸਿਰ ਨੂੰ ਲਾਈ ਜਾਵੇ, ਤਾਂ ਛੁਟਕਾਰਾ ਹੋ ਸਕਦਾ ਹੈ।' ਐਸਾ ਹੀ ਕੀਤਾ ਗਿਆ ਤਾਂ 1 ਜੁਲਾਈ 1745 ਈ. ਨੂੰ ਨਵਾਬ ਦੁਖ ਭਰਦਾ ਮਰ ਗਿਆ ਤੇ ਇਸਦੇ ਪਿਛੋਂ ਭਾਈ ਤਾਰੂ ਸਿੰਘ ਦੀ ਆਤਮਾ ਨੇ ਵੀ ਜ਼ਖਮੀ ਚੋਲਾ ਤਿਆਗ ਕੇ ਉਡਾਰੀ ਲਾਈ।

ਭਾਈ ਸੁਬੇਗ ਸਿੰਘ :– ਜ਼ਕਰੀਆ ਖ਼ਾਂ ਨੇ ਮਰਨ ਤੋਂ ਪਹਿਲਾਂ ਭਾਈ ਸੁਬੇਗ ਸਿੰਘ ਨੂੰ ਲਾਹੌਰ ਦਾ ਕੁਤਵਾਲ ਬਣਾ ਦਿੱਤਾ ਸੀ ਤੇ ਇਸਨੇ ਬਹੁਤ ਸਾਰੀਆਂ ਤਸੀਹਿਆਂ ਵਾਲੀ ਸਜ਼ਾਵਾਂ ਇਕ ਤਰ੍ਹਾਂ ਬੰਦ ਕਰ ਦਿੱਤੀਆਂ ਸਨ ਕਿਉਂਕਿ ਇਹ ਬਹੁਤੀਆਂ ਸਿਖਾਂ ਨੂੰ ਹੀ ਭੁਗਤਣੀਆਂ ਪੈਂਦੀਆਂ ਸਨ। ਕੁਝ ਹੋਰ ਅਜੇਹੀਆਂ ਸ਼ਿਕਾਇਤਾਂ ਰਲਾ ਮਿਲਾ ਕੇ ਕਾਜ਼ੀਆਂ ਨਵੇਂ ਨਵਾਬ ਯਹੀਆ ਖ਼ਾਂ ਦੇ ਐਸੇ ਕੰਨ ਭਰੇ ਕਿ ਭਾਈ ਸੁਬੇਗ ਸਿੰਘ ਨੂੰ, ਉਸਦੇ ਨੌਜੁਆਨ ਸਪੁੱਤਰ ਸ਼ਹਿਬਾਜ਼ ਸਿੰਘ ਸਮੇਤ ਕੈਦ-ਖਾਨੇ ਡਕ ਦਿੱਤਾ। ਕੁਝ ਹਮਦਰਦ ਸੱਜਣਾਂ ਇਹ ਗੱਲ ਕਹੀ ਕਿ ਤੁਸੀਂ ਆਪਣੇ ਬੇਟੇ ਨੂੰ ਜੀਉਂਦਾ ਰੱਖ ਕੇ ਆਪਣੀ ਕੁਲ ਦਾ ਨਿਸ਼ਾਨ ਤਾਂ ਬਚਾ

ਲਓ ਪਰ ਭਾਈ ਸਾਹਿਬ ਦਾ ਜਵਾਬ ਸੀ :-

'ਸਿਖਨ ਕਾਜ ਸੁ ਗੁਰੂ ਹਮਾਰੇ। ਸੀਸ ਦੀਏ ਨਿਜ ਸਣੁ ਪਰਿਵਾਰੇ
ਹਮ ਕਾਰਨ ਗੁਰ ਕੁਲਹਿ ਗਵਾਈ। ਹਮ ਕੁਲ ਰਾਖੇ ਕੌਣ ਵਡਾਈ।

(ਸ੍ਰੀ ਗੁਰ ਪੰਥ ਪ੍ਰਕਾਸ਼ (ਰਤਨ ਸਿੰਘ ਭੰਗੂ)

ਸੋ ਦੋਹਾਂ ਪਿਉ ਪੁੱਤਰਾਂ ਨੂੰ ਚਰਖੜੀ ਤੇ ਚਾੜ੍ਹ ਕੇ ਸ਼ਹੀਦ ਕਰ ਦਿੱਤਾ ਗਿਆ। ਇਹ ਘਟਨਾ ਫਰਵਰੀ 1746 ਈ. ਦੀ ਹੈ। ਅਜੇਹੇ ਸੂਰਬੀਰ ਸ਼ਹੀਦਾਂ ਸਦਕੇ ਲਾਸ਼ਾਂ ਦਾ ਢੇਰ ਲਗ ਗਿਆ, ਜੋਕਿ 'ਸ਼ਹੀਦ ਗੰਜ' ਕਹਿਲਾਇਆ।

(ੲ) ਨੀਲੰਬਰੀ ਮਰੇਲਿਆਂ ਦਾ ਮਾਰੂ ਰਾਗ

ਇਸ ਸ਼ਹੀਦੀ ਬਾਗ ਦੇ ਨਾਲ ਨਾਲ ਹੀ ਇਕ ਤ੍ਵਾਰੀਖੀ ਬੀਆਬਾਨ ਵਿਚ ਖਾੜਕੂ ਜੁਝਾਰੂਆਂ ਦਾ ਮਾਰੂ ਰਾਗ ਸੁਣਾਈ ਦਿੰਦਾ ਹੈ ਜੋ ਹਰ ਸਰਕਾਰ ਨੂੰ ਕਾਂਬਾ ਛੇੜੀ ਰੱਖਦਾ ਤੇ ਇਧਰ ਉਧਰ ਭਜਾਈ ਫਿਰਦਾ ਹੈ। ਸ੍ਰੀ ਕ੍ਰਿਸ਼ਨ ਦਾ ਪਿਆਰਾ ਲਿਬਾਸ ਪੀਤੰਬਰੀ ਸੀ। ਇਧਰ ਦਸਮੇਸ਼ ਗੁਰੂ ਅਕਾਲ ਪੁਰਖ ਦਾ 'ਨੀਲ ਬਸਨ ਬਨਵਾਰੀ' ਕਹਿ ਕੇ ਦਰਸ਼ਨ ਕਰਾਉਂਦੇ ਹਨ। ਉਸ ਸਮੇਂ ਅਮੀਰਾਂ ਵਜ਼ੀਰਾਂ ਦੀ ਸ਼ਾਹੀ ਜਮਾਤ ਵਧੇਰੇ ਨੀਲੰਬਰੀ ਪੁਸ਼ਾਕ ਪਾ ਕੇ ਦਰਬਾਰੇ ਹਾਜ਼ਰੀ ਭਰਦੀ ਸੀ, ਗੁਰੂ ਸਾਹਿਬ ਨੇ ਗਰੀਬ ਸਿਖਾਂ ਨੂੰ ਇਹੋ ਰੰਗ ਰੂਪ ਦੇ ਕੇ ਖੰਡੇ ਦੀ ਪਾਹੁਲ ਛਕਾ ਕੇ ਵੱਡੇ ਰੁਤਬੇ ਤੇ ਪਹੁੰਚਾਇਆ ਤੇ ਨੀਲੇ ਬਾਣੇ ਨੂੰ ਮਹਾਂ ਕਾਲ ਦਾ ਪਹਿਰਾਵਾ ਕਹਿਕੇ ਵਡਿਆਇਆ।

'ਮਹਾਂ ਕਾਲ ਦਾ ਨੀਲਾ ਬਾਣਾ ਪਹਿਰਾਵਣਾ
ਕਰਨਾ ਜੁੱਧ, ਨਾਲ ਤੁਰਕਾਂ ਤੇ ਤੁਰਕਾਂ ਨੂੰ ਮਾਰਿ ਹਟਾਵਣਾ।

(ਬੰਸਾਵਲੀਨਾਮਾ

ਦੂਜੇ ਭਾਈ ਗੁਰਦਾਸ ਨੇ ਵੀ ਇਸੇ ਦੀ ਪੁਸ਼ਟੀ ਕੀਤੀ ਹੈ :-

ਸੱਚ ਫਤਿਹ ਬੁਲਾਈ ਗੁਰੂ ਕੀ, ਜੀਤਯੋ ਰਣ ਭਾਰਾ
ਸਭ ਦੈਂਤ ਅਰਿਨ ਕੋ ਘੇਰ ਕਰਿ, ਕੀਜੈ ਪ੍ਰਹਾਰਾ।
ਤਬ ਸਹਿਜੇ ਪ੍ਰਗਟਯੋਂ ਜਗਤ ਮੈਂ, ਗੁਰ ਜਾਪੁ ਉਚਾਰਾ

ਯੌ ਉਪਜੇ ਸਿੰਘ ਭੁਜੰਗੀਏ, ਨੀਲੰਬਰ ਧਾਰਾ।੧੫।

ਰਹਿਤਨਾਮਿਆਂ ਦੇ ਆਦੇਸ਼ ਇਸੇ ਪ੍ਰਕਾਰ ਦੇ ਹਨ –

'ਸੋ ਅਕਾਲੀ ਰੂਪ ਹੈ, ਨੀਲ ਬਸਤ੍ਰ ਪਹਿਰਾਇ
ਜਪੈ ਜਾਪੁ ਗੁਰਬਰ ਅਕਾਲ, ਸਰਬ ਲੋਹ ਪਹਿਰਾਇ।੧।
ਪੰਚ ਸ਼ਸਤ੍ਰ ਧਰਿ ਦੇਹ ਪੈ, ਕ੍ਰਿਪਾਨ ਗਾਤਰੇ ਰਾਖਿ
ਕਰਦ ਭੇਟ ਬਿਨ ਪਾਨ ਨਹਿੰ, ਅਕਾਲ ਭਾਵ ਸਤਿ ਭਾਖ।
ਕ੍ਰਿਪਾਨ ਸੀਸ ਪੈ ਰਾਖ ਕੈ, ਬੁੰਗਾ ਊਚਾ ਧਾਰ
ਧਰੀ ਸੁ ਕਲਗੀ ਪੰਥ ਸਿਰਿ, ਸਤਿਗੁਰ ਹੋਏ ਦਯਾਰ।

(ਰਹਿਤਨਾਮਾ ਭਾ. ਦਯਾ ਸਿੰਘ

ਇਹ ਸੂਰਬੀਰ ਪਹਿਰਾਵਾ ਖਾੜਕੂ ਸਿੰਘਾਂ ਲਈ ਇਸ ਕਰਕੇ ਜ਼ਰੂਰੀ ਸੀ ਕਿ ਬਦੀ ਕਰਨ ਵਾਲੇ ਭੈ ਖਾਣ। ਸ਼ਹੀਦ ਤਾਂ ਮਰਨ ਦੀ ਤਿਆਰੀ ਕਰਦਾ ਪਰ ਖਾੜਕੂ ਮਾਰਨ ਦੀ ਤਿਆਰੀ ਵਿਚ ਰਹਿੰਦਾ ਹੈ ਤਾਂ ਕਿ ਤੱਤਫਟ ਬੁਰਿਆਈ ਦਾ ਸਿਰ ਕੁਚਲਿਆ ਜਾ ਸਕੇ। ਨਿਸ਼ਾਨਾ ਦੋਹਾਂ ਦਾ ਸਮਾਜ ਦੀ ਬਿਹਤਰੀ ਹੈ।

ਅਜੇਹੇ ਹੌਲਨਾਕ ਹਾਲਤ ਵਿਚ ਕਈ ਹਿਰਦੇ ਦੇ ਉਚੇ ਸੁੱਚੇ, ਹਮਦਰਦ ਹਿੰਮਤੀ ਬੰਦੇ ਵੀ ਸਨ ਜੋ ਜ਼ੋਰ ਜਬਰ ਬਰਦਾਸ਼ਤ ਨ ਕਰਦੇ ਹੋਏ ਵਾਹ ਲਗਦੀ ਬਨਵਾਸੀ ਸਿੰਘਾਂ ਨੂੰ ਜਿਵੇਂ ਕਿਵੇਂ ਅੰਨ ਪਾਣੀ ਭੇਜਦੇ ਰਹਿੰਦੇ ਸਨ।

(੧) ਭਾਈ ਤਾਰਾ ਸਿੰਘ ਡਲਵਾਂ ਵਾਲਾ (ਪਿਤਾ ਅਟਲਰਾਇ ਬੁੱਟਰ) ਇਸੇ ਪਰਕਾਰ ਦਾ ਮਰਦ ਸੀ, ਜਿਸ ਪਾਸ ਕਈ ਵਾਰ ਇਧਰੋਂ ਉਧਰੋਂ ਆਏ ਜੁਆਨ ਵੀ ਠਾਹਰ ਕਰ ਲੈਂਦੇ ਸਨ ਤੇ ਪਰੋਪਕਾਰੀ ਕੰਮਾਂ ਵਿਚ ਉਸਦਾ ਹੱਥ ਵਟਾਉਂਦੇ ਸਨ। ਲਾਹੌਰ ਸ਼ਿਕਾਇਤ ਹੋਈ ਕਿ ਤਾਰਾ ਸਿੰਘ ਕੱਢੇ ਵੱਢੇ ਸਿਖਾਂ ਨੂੰ ਜੰਗਲਾਂ ਵਿਚ ਰੋਟੀਆਂ ਪਹੁੰਚਾਉਂਦਾ ਹੈ। ਪੱਟੀ ਦਾ ਫੌਜਦਾਰ ਮਿਰਜ਼ਾ ਬੇਗ 80 ਪਿਆਦੇ ਤੇ 25 ਘੋੜ ਸਵਾਰ ਲੈ ਕੇ ਆ ਗਿਆ ਤੇ ਲਾਹੌਰ ਤੋਂ ਮੋਮਨ ਖਾਂ ਵੀ ਫੌਜਕਸ਼ੀ ਕਰਕੇ ਆ ਪਹੁੰਚਿਆ। ਚੰਗਾ ਭੇੜ ਹੋਇਆ ਪਰ 20-22 ਸਿੰਘ ਇਤਨੀ ਕੁਮਕ ਨਾਲ ਕਿੰਨਾ ਕੁ ਚਿਰ ਲੜ ਸਕਦੇ ਸਨ। ਸਾਰੇ ਸਨਮੁਖ ਜੂਝ ਕੇ ਸ਼ਹੀਦੀਆਂ ਪਾ ਗਏ। ਪਰ ਸ਼ਹੀਦੀ ਨੇ ਤਾਰਾ ਸਿੰਘ ਦੇ ਨਾਂ ਦੀ ਥਾਂ ਥਾਂ ਧੁੰਮ ਪਾ ਦਿੱਤੀ। ਇਹ ਘਟਨਾ ੧੭੨੨ ਈ. ਮਾਘ ਵਦੀ ਚੌਥ ੧੭੭੯ ਬਿ. ਦੀ ਹੈ। ਇਸਨੇ ਪਹਿਲੇ ੯ ਵਿਸਾਖ ੧੭੬੬ ਬਿ. ਨੂੰ ਹੋਈ ਅੰਮ੍ਰਿਤਸਰ ਦੀ ਜੰਗ ਵਿਚ

ਵੀ ਹਿੱਸਾ ਲਿਆ ਸੀ ਤੇ ਪੱਟੀ ਵਾਲੇ ਹਰਿ ਸਹਾਇ ਨੂੰ ਥਾਂ ਮਾਰਿਆ ਸੀ।
(੨) ਭਾਈ ਬੋਤਾ ਸਿੰਘ ਤੇ ਗਰਜਾ ਸਿੰਘ :– ਗਰਜਾ ਸਿੰਘ ਮਜ਼ਬੀ ਤੇ ਬੋਤਾ ਸਿੰਘ ਭੜਾਣੇ (ਲਾਹੌਰ) ਦਾ ਜ਼ਿਮੀਦਾਰ ਸੀ ਤੇ ਇਹ ਗੱਲ 1740 ਈ. ਦੀ ਹੈ ਕਿ ਇਹ ਦੋਵੇਂ ਅੰਮ੍ਰਿਤਸਰ ਇਸ਼ਨਾਨ ਕਰਕੇ ਵਾਪਸ ਆਪਣੇ ਇਲਾਕੇ ਵਲ ਆ ਰਹੇ ਸਨ ਤੇ ਤਰਨ ਤਾਰਨ ਲਾਗੇ ਝਾੜ ਛਿਛਰਿਆਂ ਵਿਚੀਂ ਲੰਘ ਰਹੇ ਸਨ ਤਾਂ ਇਨ੍ਹਾਂ ਨੂੰ ਦੇਖ ਕੇ ਦੋ ਰਾਹੀ ਕਹਿਣ ਲਗੇ, ' ਔਹ ਸਿੰਘ, ਕਿਥੇ ਲੁਕੇ ਫਿਰਦੇ ਹਨ ? ਦੂਜੇ ਨੇ ਕਿਹਾ, 'ਇਹ ਸਿੰਘ ਨਹੀਂ ਹੋਣੇ, ਸਿੰਘ ਕੀ ਤੇ ਕਿਤੇ ਲੁਕਾ ਛਿਪਾ ਕੀ?' ਇਹ ਗੱਲ ਇਨ੍ਹਾਂ ਦੇ ਦਿਲ ਨੂੰ ਚੀਰ ਗਈ। ਉਸੇ ਵੇਲੇ ਦੋਵੇਂ ਨੂਰ ਦੀ ਸਰਾਂ ਲਾਗੇ ਸੜਕ ਉਤੇ ਖੜੇ ਕੇ ਚੁੰਗੀ ਵਸੂਲਣ ਲਗ ਪਏ ਅਤੇ ਉਧਰ ਸੂਬਾ ਲਾਹੌਰ ਵਲ ਇਉਂ ਰੁੱਕਾ ਲਿਖ ਭੇਜਿਆ –

'ਚਿਠੀ ਸੁਣਹੋ ਖਾਨੂ ਕੋਤਾ। ਆਨਾ ਗੱਡਾ ਪੈਸਾ ਖੋਤਾ।
ਇਹ ਜਗਾਤ ਲੇਤ ਸਿੰਘ ਬੋਤਾ। ਹੱਥ ਮੈਂ ਰਾਖਤ ਮੋਟਾ ਸੋਟਾ।
ਮੇਰਾ ਦੇਈਂ ਸੰਨੇਹਾ ਜਾਇ। ਭਾਬੀ ਖਾਨੇ ਨੂੰ ਸਮਝਾਇ।' (ਪੰਥ ਪ੍ਰਕਾਸ਼

ਇਤਲਾਹ ਮਿਲਣ ਤੇ ਜਲਾਲੁਦੀਨ ਦੀ ਕਮਾਨ ਹੇਠ ਸੌ ਸਵਾਰ ਚੜ੍ਹ ਕੇ ਆ ਗਿਆ। ਦੋਹਾਂ ਸਿੰਘਾਂ ਪਿੱਠਾਂ ਜੋੜ ਲਈਆਂ ਤੇ ਇਉਂ ਸੋਟਿਆਂ ਨਾਲ ਲੜਦੇ ਭਿੜਦੇ ਹੀ ਸ਼ਹੀਦੀਆਂ ਪਾ ਗਏ।

(੩) ਭਾਈ ਮਹਿਤਾਬ ਸਿੰਘ ਤੇ ਸੁੱਖਾ ਸਿੰਘ :– ਸ. ਮਹਿਤਾਬ ਸਿੰਘ ਮੀਰਾਂ ਕੋਟ (ਲਾਹੌਰ) ਗੋਤ ਭੰਗੂ ਇਤਿਹਾਸਕਾਰ ਭਾਈ ਰਤਨ ਸਿੰਘ ਕਰਤਾ ਪੰਥ ਪ੍ਰਕਾਸ਼ ਦਾ ਬਾਬਾ ਸੀ। ਇਸੇ ਤਰ੍ਹਾਂ ਸੁਖਾ ਸਿੰਘ, ਮਾੜੇ ਕੰਬੋ ਕੀ ਦਾ ਨਿਵਾਸੀ ਸੀ। ਦੋਹਾਂ ਦੀ ਸੁਰ ਰਲਦੀ ਸੀ ਤੇ ਦੁਖ ਸੁਖ ਵਿਚ ਇੱਕਠੇ ਹੀ ਵਿਚਰਦੇ ਸਨ। ਜਦੋਂ ਜ਼ਕਰੀਆ ਖਾਂ ਨੇ ਮੱਸੇ ਰੰਘੜ ਮੰਡਿਆਲੀ ਵਾਲੇ ਨੂੰ ਦਰਬਾਰ ਸਾਹਿਬ ਪਟੇ ਉਤੇ ਦੇ ਦਿੱਤਾ ਤਾਂ ਉਸਨੇ ਬੜੀ ਬੇਅਦਬੀ ਕੀਤੀ, ਹੁੱਕਾ ਪੀਣਾ, ਸ਼ਰਾਬਨੋਸ਼ੀ ਕਰਨਾ ਤੇ ਰੰਡੀਆਂ ਦਾ ਨਾਚ ਕਰਾਉਣਾ ਉਸਦਾ ਰੋਜ਼ਾਨਾ ਸ਼ੁਗਲ ਸੀ। ਜਦੋਂ ਇਸ ਜੋੜੀ ਨੂੰ ਪਤਾ ਲਗਾ ਤਾਂ ਇਨ੍ਹਾਂ ਪੇਂਡੂ ਜ਼ਿਮੀਦਾਰਾਂ ਦਾ ਭੇਸ ਬਣਾ ਕੇ ਮਾਮਲਾ ਦੇਣ ਦਾ ਸਾਂਗ ਰਚਿਆ ਤੇ ਮੱਸ ਦੇ ਦਰਬਾਰ ਵਿਚ ਜਾ ਹਾਜ਼ਰ ਹੋਏ। ਉਸਨੇ ਮਾਮਲੇ ਦੀ ਥੈਲੀ ਚੁਕਣ ਲਈ ਹੱਥ ਵਧਾਇਆ ਤਾਂ ਮਹਿਤਾਬ ਸਿੰਘ ਨੇ ਤੇਗੇ ਨਾਲ ਮੱਸੇ ਦਾ ਸਿਰ ਲਾਹ ਦਿੱਤਾ ਤੇ ਸਿਰ ਨੇਜ਼ੇ ਉਤੇ ਟੰਗ ਕੇ ਦੌੜ ਗਿਆ।

ਇਹ ਘਟਨਾ ਸੰਮਤ ੧੭੯੭ ਬਿ.(1740 ਈ.) ਭਾਦੋਂ ਦੀ ਮੱਸਿਆ ਨੂੰ ਵਾਪਰੀ।

ਇਨ੍ਹਾਂ ਬੀਕਾਨੇਰ ਜਾ ਕੇ ਸਿੰਘਾਂ ਨੂੰ ਦਿਖਾਇਆ ਕਿ ਕਿਸੇ ਮੁਸ਼ਟੰਡੇ ਨੂੰ ਤਲਵਾਰ ਜਾਂ ਖੰਡੇ ਨਾਲ ਕਿਵੇਂ ਸੋਧੀਦਾ ਹੈ। ਪਿਛੋਂ ੧੭੪੫ ਈ. (ਹਾੜ ਦੀ ਪੂਰਨਮਾਸ਼ੀ ੧੮੦੨ ਬਿ.) ਸ. ਮਹਿਤਾਬ ਸਿੰਘ ਜੀ ਲਾਹੌਰ ਚਰਖੜੀ ਚਾੜ੍ਹ ਕੇ ਸ਼ਹੀਦ ਕੀਤੇ ਗਏ।

(੪) ਭਾਈ ਨਿਬਾਹੂ ਸਿੰਘ :– ਇਹ ਘਟਨਾ 1746 ਈ. ਦੀ ਹੈ। ਦੀਵਾਨ ਲਖਪਤਿ ਦਾ ਭਾਈ ਜਸਪਤ ਏਮਨਾਬਾਦ ਦਾ ਫੌਜਦਾਰ ਸੀ ਜੋ ਸਿਖਾਂ ਦਾ ਸ਼ਿਕਾਰ ਕਰਨ ਲਈ ਇਧਰ ਫੌਜ ਸਮੇਤ ਘੁੰਮ ਫਿਰ ਰਿਹਾ ਸੀ। ਅੱਗੇ ਸਿੰਘਾਂ ਦਾ ਜਥਾ ਲੰਗਰ ਪਾਣੀ ਤਿਆਰ ਕਰਨ ਲਈ 'ਗੁਸਾਈਆਂ ਦੀ ਝਿੜੀ' ਵਿਚ ਡੇਰਾ ਲਾਈ ਬੈਠਾ ਸੀ। ਇਹ ਲੱਭਦਾ ਲੱਭਦਾ ਭਾਰੀ ਛੇੜ ਲੈ ਕੇ ਇਧਰ ਆਇਆ, ਜਸਪਤਿ ਦਾ ਹਾਥੀ ਅੱਗੇ ਵਧਿਆ ਤੇ ਉਸਦੇ ਮਗਰੇ ਨਿਬਾਹੂ ਸਿੰਘ ਰੰਘਰੇਟੇ ਨੇ ਪੂੰਛ ਫੜ ਕੇ ਹਾਥੀ ਤੇ ਚੜ੍ਹ ਕੇ ਜਸਪਤ ਦਾ ਸਿਰ ਲਾਹ ਛਾਲ ਮਾਰਨ ਦੀ ਕੀਤੀ। ਇਹ ਕਾਰਾ ਦੇਖ ਕੇ ਫੌਜ ਵਿਚ ਭਾਜੜ ਪੈ ਗਈ। ਇਸ ਤਰ੍ਹਾਂ ਸਿੰਘ ਸੂਲੀ ਚੜ੍ਹਦੇ ਵੀ ਰਹੇ ਤੇ ਵੈਰੀ ਨੂੰ ਦਾਅ ਲਾ ਕੇ ਸੂਲ੍ਹੀ ਚਾੜ੍ਹਦੇ ਵੀ ਰਹੇ। ਇਹੋ ਨੀਲੰਬਰੀ ਜੁਝਾਰੂਆਂ ਦੀ ਵਰਿਆਮਤਾ ਤੇ ਅੱਗ੍ਰਗਾਮਿਤਾ ਸੀ।

(੫) ਬਾਬਾ ਦੀਪ ਸਿੰਘ :– ਇਹ ਪੋਹੂ ਵਿੰਡ (ਜ਼ਿਲਾ ਲਾਹੌਰ) ਦਾ ਜੰਮਪਲ ਗੋਤ ਖਹਿਰਾ ਜੱਟ, ਸ. ਭਾਗ ਸਿੰਘ ਦਾ ਪੁੱਤਰ ਸੀ। ਇਸਦੇ ਨਾਨਕੇ ਰੁੜਕੇ ਸਨ। ਇਹ ਵਧੇਰੇ ਦਮਦਮਾ ਸਾਹਿਬ ਰਿਹਾ। ਪੜ੍ਹਿਆ-ਲਿਖਿਆ ਵਿਦਵਾਨ ਸੀ ਤੇ ਸ਼ਸਤ੍ਰਾਂ ਦਾ ਵੀ ਚੰਗਾ ਜਾਣੀ ਜਾਣ ਸੀ। ਆਏ ਗਏ ਅਤਿਥੀ ਸਿੰਘਾਂ ਦੀ ਸੇਵਾ ਕਰਨਾ ਆਪਣਾ ਪਰਮ ਕਰਤੱਬ ਸਮਝਦਾ ਸੀ। ਇਸ ਸਮੇਂ ਅਹਿਮਦ ਸ਼ਾਹ ਅਬਦਾਲੀ ਦੇ ਉਤੋੜਿਤੀ ਹਮਲੇ ਹੋ ਰਹੇ ਸਨ ਤੇ ਪਤਾ ਲਗਿਆ ਕਿ ਉਸਨੇ ਦਰਬਾਰ ਸਾਹਿਬ ਦੀ ਬੇਪਤੀ ਕਰਨੀ ਠਾਣੀ ਹੋਈ ਹੈ ਤਾਂ ਬਾਬਾ ਦੀਪ ਸਿੰਘ ਜੀ ਨੇ ਜਥਾ ਤਿਆਰ ਕਰਕੇ ਦੀਵਾਲੀ ਮੌਕੇ ਅੰਮ੍ਰਿਤਸਰ ਵਲ ਨੂੰ ਧਾਈ ਕਰ ਦਿੱਤੀ। ਅੱਗੋਂ ਪਠਾਣ ਵੀ ਅੱਗਾ ਰੋਕੀ ਬੈਠੇ ਸਨ। ਬਾਬਾ ਦੀਪ ਸਿੰਘ ਸੀਸ ਤਲੀ ਤੇ ਰੱਖ ਕੇ ਲੜਦੇ ਲੜਦੇ ਰਾਮਸਰ ਪਾਸ ਪਹੁੰਚ ਗਏ ਤੇ ਸੀਸ ਭੇਟ ਕਰ ਦਿੱਤਾ। ਇਹ ਗੱਲ 11 ਨਵੰਬਰ 1757 ਈ. ਦੀ ਹੈ।

(੬) ਸ. ਮਿਤ ਸਿੰਘ ਦੰਗਈ : – ਇਹ ਨਿੱਝਰ ਗੋਤ ਦੇ ਸ. ਮਹਿਤਾਬ

ਸਿੰਘ ਦਾ ਪੁੱਤਰ ਅਜਨਾਲੇ ਦਾ ਜੰਮਪਲ ਸੀ। ਇਹ (1715-1767 ਈ.) ਚੰਗਾ ਧੜਵੈਲ ਜੋਧਾ ਸੀ ਤੇ ਕਈ ਵਾਰ ਐਂਵੇ ਹੀ ਛੇੜ, ਛੇੜ ਬਹਿੰਦਾ। ਇਹ ਮਿਸਲ ਡੱਲੇਵਾਲੀਆ ਦਾ ਕੁਝ ਚਿਰ ਜਥੇਦਾਰ ਵੀ ਰਿਹਾ। ਖੇੜੀ ਸੱਯਦਾਂ ਇਸਦੀ ਰਾਜਧਾਨੀ ਸੀ ਜਿਥੇ ਕਿ ਇਸ ਪਾਸ 21 ਪਿੰਡ ਸਨ। ਪਿਛੋਂ ਇਸਨੇ ਥਾਨੇਸਰ ਨੂੰ ਰਾਜਧਾਨੀ ਬਣਾਇਆ ਜਿਥੇ ਕਿ 60 ਕੁ ਪਿੰਡਾਂ ਦਾ ਇਸ ਦਾ ਇਲਾਕਾ ਸੀ। ਸਰਦਾਰ ਭੰਗਾ ਸਿੰਘ ਇਸੇ ਦਾ ਭਤੀਜਾ ਸੀ, ਜਿਸਦੀ ਲੜਕੀ ਮਹਾਂਰਾਜਾ ਕਰਮ ਸਿੰਘ ਨੂੰ ਵਿਆਹੀ ਗਈ ਸੀ। ਜਨਵਰੀ 1764 ਵਿਚ ਜਦੋਂ ਸਿੰਘਾਂ ਸਰਹੰਦ ਦੀ ਪੂਰੀ ਸੁਧਾਈ ਕੀਤੀ ਤਾਂ ਉਦੋਂ ਨਵਾਬ ਜ਼ੈਨ ਖ਼ਾਂ ਨੂੰ ਇਸੇ ਮਿਤ ਸਿੰਘ ਨੇ ਝਟਕਾਇਆ ਸੀ। ਇਹ ਜਮਨਾ ਪਾਰ ਹੱਲੇ ਗੁੱਲੇ ਲਈ ਵੱਡਾ ਜਥਾ ਲੈ ਕੇ ਜਾਂਦਾ ਰਹਿੰਦਾ। ਇਕ ਵਾਰ ਮਈ 1767 ਈ. ਵਿਚ ਸਹਾਰਨਪੁਰ ਦੇ ਪੱਛਮ ਵਲ ਇਸਦਾ ਜਥਾ ਸ਼ਾਮਲੀ ਤੇ ਕਹਾਣੇ ਦੇ ਇਲਾਕੇ ਵਿਚ ਰੁਹੇਲਿਆਂ ਦੀ ਭੀੜ ਵਿਚ ਘਿਰ ਗਿਆ। ਉਤੋਂ ਪਠਾਣੀ ਫੌਜ ਆ ਗਈ ਤੇ ਇਹ ਨਗਰ ਫੂਲ ਲਾਗੇ ਪੰਜ ਹਜ਼ਾਰ ਜਥੇ ਅਤੇ ਭਾਈਆਂ ਸਮੇਤ ਮਾਰਿਆ ਗਿਆ।

(ਅਹਿਵਾਲ ਮੁਤੱਲਕਾ ਖਾਨਦਾਨ ਨਿਸ਼ਰ ਸਰਦਾਰਾਨ

(੭) ਬਾਬਾ ਗੁਰਬਖਸ਼ ਸਿੰਘ :– ਇਸੇ ਤਰ੍ਹਾਂ ੧ ਦਸੰਬਰ ੧੭੬੪ ਈ. ਵਿਚ ਜਦੋਂ ਅਬਦਾਲੀ ਦਾ ਸੱਤਵਾਂ ਹੱਲਾ ਹੋਇਆ ਤਾਂ ਉਸਨੇ ਫਿਰ ਹਰਿ ਮੰਦਰ ਦੀ ਬੇਅਦਬੀ ਕਰਨੋਂ ਸੰਕੋਚ ਨ ਕੀਤਾ। ਅੱਗੋਂ ਬਾਬਾ ਗੁਰਬਖਸ਼ ਸਿੰਘ ਦੀ ਅਗਵਾਈ ਵਿਚ ੩੦ ਨਿਹੰਗ ਸਿੰਘ ਤਿਆਰ ਬਰਤਿਆਰ ਬੈਠੇ ਸਨ ਤੇ ਬਾਬਾ ਗੁਰਬਖਸ਼ ਸਿੰਘ ਜੀ ਨੇ ਸਚਮੁਚ ਮੌਤ ਲਾੜੀ ਨੂੰ ਵਰਨ ਲਈ ਵਿਆਂਹਦੜ ਦਾ ਪੁਸ਼ਾਕਾ ਪਾਇਆ ਹੋਇਆ ਸੀ। ਇਹ ਸਿੰਘ ਅਕਾਲ ਬੁੰਗੇ ਦੇ ਸਨਮੁਖ ਆ ਨਿਕਲੇ ਤੇ ਹਜ਼ਾਰਾਂ ਦੀ ਪਠਾਣੀ ਫੌਜ ਨਾਲ ਜੂਝਦੇ ਸ਼ਹੀਦ ਹੋ ਗਏ। ਕਾਜ਼ੀ ਨੂਰ ਮੁਹੰਮਦ ਜੰਗਨਾਮੇ ਵਿਚ ਲਿਖਦਾ ਹੈ ਕਿ ਇਨ੍ਹਾਂ ਵਿਚੋਂ ਕਿਸੇ ਈਨ ਨਹੀਂ ਕਬੂਲੀ ਸਗੋਂ ਖਿੜੇ ਮੱਥੇ ਸੂਰਬੀਰ ਜੁਝਾਰੂਆਂ ਵਾਂਙ ਲੜਦੇ ਭਿੜਦੇ ਸ਼ਹੀਦੀਆਂ ਪਾ ਗਏ।

ਇਸ ਤਰ੍ਹਾਂ ਪੰਜਾਹ ਸਾਲਾਂ ਦੇ ਸੰਕਟ ਕਾਲ ਵਿਚ ਜਿਥੇ ਬੇਅੰਤ ਸ਼ਹੀਦੀਆਂ ਹੋਈਆਂ ਉਥੇ ਅਨੇਕਾਂ ਵਰਿਆਮ ਯੋਧਿਆਂ ਸੰਘਰਸ਼ ਕਰਕੇ ਵੈਰੀਆਂ ਨੂੰ ਵੀ ਮਿਟੀ ਮਿਲਾਇਆ। ਸ. ਜੱਸਾ ਸਿੰਘ ਨਵੰਬਰ 1761 ਈ. ਵਿਚ ਲਾਹੌਰ ਤੇ ਤਖਤ ਉਤੇ

'ਸੁਲਤਾਨੁਲ ਕੌਮ' ਦਾ ਖਿਤਾਬ ਧਾਰ ਕੇ ਬਿਰਾਜਮਾਨ ਹੋਏ ਤੇ ਸਿੱਕਾ ਵੀ ਚਾਲੂ ਕੀਤਾ।

'ਸਿੱਕਾ ਜ਼ਦ ਦਰ ਜਹਾਂ ਬਫਜ਼ਲਿ ਅਕਾਲ
ਮੁਲਕਿ ਅਹਿਮਦ ਗ੍ਰਿਫਤ ਜੱਸਾ ਕਲਾਲ।'

ਹੌਲੇ ਹੌਲੇ ਬਾਦਸ਼ਾਹੀ ਹੋਈ ਤੇ ਮਿਸਲਦਾਰ ਸਰਦਾਰਾਂ ਥਾਂ ਥਾਂ ਹਕੂਮਤਾਂ ਕਾਇਮ ਕਰਕੇ ਗਣਤੰਤਰ ਵਾਲਾ ਢੰਗ ਅਪਣਾਇਆ।

11 ਮਾਰਚ 1783 ਨੂੰ ਸ. ਬਘੇਲ ਸਿੰਘ ਮਿਸਲ ਕਰੋੜੀਆ ਨੇ ਦਿੱਲੀ ਦੇ ਲਾਲ ਕਿਲ੍ਹੇ ਉਤੇ ਕੇਸਰੀ ਝੰਡਾ ਹੀ ਨਹੀਂ ਝੁਲਾਇਆ ਬਲਕਿ ਸ਼ਾਹ ਆਲਮ ਸਾਨੀ ਦੀ ਹਮਾਇਤ ਨਾਲ ਥਾਂ ਥਾਂ ਪੁਛ ਪੜਤਾਲ ਕਰਕੇ ਅਨੇਕਾਂ ਇਤਿਹਾਸਕ ਗੁਰੂ ਅਸਥਾਨ ਵੀ ਸਥਾਪਤ ਕੀਤੇ ਜੋ ਕਿ ਉਸ ਸਮੇਂ ਮੁਸਲਮਾਨੀਂ ਜ਼ੋਰ ਕਾਰਣ ਸਭ ਦੱਬੇ ਦਬਾਏ ਸਨ।

ਇਹ ਗੱਲ ਵੀ ਕਮਾਲ ਦੀ ਹੈ ਕਿ ਇਸ ਜੁਗਗਰਦੀ ਦੇ ਜ਼ਮਾਨੇ ਸ. ਜੱਸਾ ਸਿੰਘ ਆਹਲੂਵਾਲੀਆ (1718-1783 ਈ.) ਦੀ ਕਮਾਨ ਹੇਠ ਜਿਵੇਂ ਪੰਜਾਬ ਦੇ ਲੋਕਾਂ ਖਾਸ ਕਰਕੇ ਸਿਖਾਂ, ਕਾਬਲ ਤੇ ਦਿੱਲੀ ਦੀ ਟੱਕਰ ਵਿਚਕਾਰ, ਸਾਰੀਆਂ ਮੁਸੀਬਤਾਂ ਝਾਗ ਕੇ ਪੰਜਾਬ ਦੀ ਸੁਤੰਤ੍ਰਤਾ ਤੇ ਅਮਨ ਸ਼ਾਂਤੀ ਨੂੰ ਬਰਕਰਾਰ ਰੱਖਿਆ ਤੇ ਉਰੇ ਸੰਤ ਸਿਪਾਹੀ-ਆਚਰਣ ਦਾ ਸਬੂਤ ਦੇ ਕੇ ਕੀਰਤਿ ਪਾਈ, ਉਹ ਵੀ ਕਲਗੀ ਵਾਲੇ ਗੁਰੂ ਦੀ ਕਲਾ ਦਾ ਕ੍ਰਿਸ਼ਮਾ ਹੀ ਹੈ। ਨਹੀਂ ਤਾਂ ਉਸ ਸਮੇਂ, ਕੀ ਮੁਗਲ ਕੀ ਪਠਾਣ ਅਤੇ ਕੀ ਹਿੰਦੂ ਮੁਸਲਮਾਨ ਸਭੇ ਭ੍ਰਿਸ਼ਟਾਚਾਰ ਦਾ ਸ਼ਿਕਾਰ ਸਨ ਤੇ ਲੁਟ ਮਾਰ ਜਾਇਜ਼ ਹੀ ਮੰਨੀ ਜਾਂਦੀ ਸੀ ਪਰ ਪੰਜਾਬ ਦੇ ਲੋਕ ਇਨ੍ਹਾਂ ਜੁਝਾਰੂ ਨੀਲੰਬਰੀ ਸਿੰਘਾਂ ਦਾ ਖਾਸ ਸਤਿਕਾਰ ਕਰਦੇ ਤੇ ਇਨ੍ਹਾਂ ਤੋਂ ਬਲਹਾਰ ਜਾਂਦੇ ਸਨ। ਪੰਜਾਬ ਦੀਆਂ ਸੁਆਣੀਆਂ ਨਿਧੜਕ ਹੋ ਕੇ ਕਹਿੰਦੀਆਂ :–

'ਆਏ ਨੀ ਨਿਹੰਗ। ਬੂਹੇ ਖੋਲ੍ਹ ਦੇ ਨਿਸ਼ੰਗ।'

ਦੂਜੇ ਪਾਸੇ ਜਿਨ੍ਹਾਂ ਲੋਕਾਂ ਦੀਆਂ ਬਹੂ-ਬੇਟੀਆਂ ਜਰਵਾਣੇ ਧਾੜਵੀ ਲੈ ਜਾਂਦੇ, ਉਹ ਵੀ 'ਕੱਛਾਂ ਵਾਲੇ' ਜੁਝਾਰੂ ਬਾਬਿਆਂ ਤੋਂ ਹੀ ਆਸਵੰਦ ਸਨ ਕਿ ਇਹੋ ਬਸਰੇ-ਵਿਕੇਂਦੀਆਂ ਸਾਡੀਆਂ ਧੀ–ਧਿਆਣੀਆਂ ਤੇ ਬਹੂ-ਬੇਟੀਆਂ ਵਾਪਸ ਲਿਆਉਣ ਲਈ ਸਮਰੱਥ ਹਨ।

'ਮੋੜੀਂ ਬਾਬਾ! ਕੱਛ ਵਾਲਿਆ। ਛਈ ਰੰਨ ਗਈ ਬਸਰੇ ਨੂੰ ਗਈ।'

ਉਨ੍ਹਾਂ ਦਾ ਵਿਸ਼ਵਾਸ ਜਾਇਜ਼ ਤੇ ਸੱਚਾ ਸੀ ਕਿਉਂਕਿ ਸਰਦਾਰ ਜੱਸਾ ਸਿੰਘ ਤੇ ਮਹਾਰਾਜਾ ਅਮਰ ਸਿੰਘ ਪਟਿਆਲਾ ਨੇ ਹਜ਼ਾਰਾਂ ਲੜਕੀਆਂ ਨੂੰ ਝਨਾਂ ਕੰਢਿਓਂ ਛੁਡਾ ਕੇ ਲਿਆਂਦਾ ਤੇ ਫਿਰ ਯੂ. ਪੀ. ਦਿਲੀ ਤੱਕ ਥਾਂ ਥਾਂ ਉਨ੍ਹਾਂ ਦੇ ਘਰੀਂ ਪਹੁੰਚਾਇਆ। ਇਤਿਹਾਸ ਅਜੇਹੀ ਸ਼ਾਨਦਾਰ ਦਾਸਤਾਨ ਦਾ ਸਦਾ ਸਨਮਾਨ ਕਰਦਾ ਰਹੇਗਾ।

ਸਿੰਘ-ਆਚਰਣ ਦੀ ਇਹ ਬੁਨਿਆਦੀ ਖ਼ੂਬੀ ਸੀ ਕਿ ਉਨ੍ਹਾਂ ਇਕੋ ਇਕ ਅਕਾਲੀ ਈਮਾਨ ਤੇ ਆਤਮ-ਸਨਮਾਨ ਨੂੰ ਪਹਿਲ ਦਿੱਤੀ।

'ਤੁਮਹਿ ਛਾਡ ਕੋਊ ਅਵਰਿ ਨ ਧਯਾਊਂ। ਜੋ ਬਰ ਚਹੂੰ ਸੋ ਤੁਮਤੇ ਪਾਊਂ।'

ਕਾਬਲੀ ਪਠਾਣਾਂ ਪੰਜਾਹ ਵਰ੍ਹਿਆਂ ਵਿਚ 20 ਹਮਲੇ ਕੀਤੇ, 17 ਅਹਿਮਦਸ਼ਾਹ ਅਬਦਾਲੀ ਨੇ, 5 ਉਸਦੇ ਪੁੱਤਰ ਤੈਮੂਰਸ਼ਾਹ ਨੇ, 4 ਪੋਤਰੇ ਸ਼ਾਹ ਜ਼ਮਾਨ ਨੇ। ਪਰ ਸਿੰਘਾਂ ਭੈਭੀਤ ਹੋ ਕੇ ਇਨ੍ਹਾਂ ਨਾਲ ਗੱਠਜੁਪ ਨਹੀਂ ਕੀਤੀ ਭਾਵੇਂ ਉਹ ਅਨੇਕ ਵਾਰ ਤਰਲੇ ਲੈਂਦੇ ਰਹੇ। ਦੂਜੇ ਪਾਸੇ ਬੇਗ਼ੈਰਤੇ ਰਾਣੇ ਰਾਜੇ ਬਾਰ ਬਾਰ ਸੱਦੇ ਭੇਜ ਰਹੇ ਸਨ ਕਿ ਅਸੀਂ ਤੁਹਾਡੇ ਬਗ਼ੈਰ ਨਿਖਸਮੇ ਹਾਂ, ਸਾਨੂੰ ਤੁਹਾਡੀ ਲੋੜ ਹੈ। ਤੈਮੂਰ ਪੰਜਵੇਂ ਹੱਲੇ ਸਮੇਂ ਸਵਾ ਲੱਖ ਫੌਜ ਲੈ ਕੇ ਆਇਆ। ਇਸ ਸਮੇਂ ਰਾਜਾ ਵਿਜੈ ਸਿੰਘ ਜੋਧਪੁਰੀਏ ਨੇ ਇਸਨੂੰ 20 ਲੱਖ ਦੇਣਾ ਕੀਤਾ ਤੇ ਤਿੰਨ ਹਜ਼ਾਰ ਊਠ ਪਾਣੀ ਮੁਹੱਯਾ ਕਰਨ ਲਈ ਨਿਸਚਤ ਕੀਤੇ। ਸ਼ਾਹ ਜ਼ਮਾਨ ਤੀਜੀ ਵਾਰ ਹਮਲਾਵਰ ਹੋਇਆ ਤਾਂ ਸ਼ਾਹ ਆਲਮਗੀਰ ਸਾਨੀ ਦੀ ਪੇਸ਼ਕਸ਼ ਸੀ ਕਿ 50 ਹਜ਼ਾਰ ਕੂਚ ਵਾਲੇ ਦਿਨ ਤੇ 25 ਹਜ਼ਾਰ ਡੇਰੇ ਵਾਲੇ ਦਿਨ ਦਾ ਖਰਚਾ ਦਿੱਤਾ ਜਾਵੇਗਾ ਪਰ ਸਿੰਘਾਂ ਦਿੱਲੀ ਤਕ ਆਉਣ ਹੀ ਨ ਦਿੱਤਾ। ਫਿਰ ਮਈ 1797 ਈ. ਵਿਚ ਸ਼ਾਹ ਜ਼ਮਾਨ ਨੂੰ ਟੀਪੂ ਸੁਲਤਾਨ ਦੀ ਪੇਸ਼ਕਸ਼ ਸੀ. ਤਿੰਨ ਕਰੋੜ ਨਜ਼ਰਾਨਾ ਤੇ ਲੱਖ ਘੋੜਾ ਅਤੇ ਵੀਹ ਹਜ਼ਾਰ ਸਵਾਰ ਹਾਜ਼ਰ ਕਰੇਗਾ। ਇਸੇ ਤਰ੍ਹਾਂ ਵਜ਼ੀਰ ਅਲੀ ਅਵਧ ਵਾਲੇ ਨੇ ਤੇ ਜੰਮੂ, ਕਾਂਗੜੇ ਦੇ ਰਾਣਿਆਂ ਅਰਜ਼ੀਆਂ ਘੱਲੀਆਂ, ਜੰਡਿਆਲੇ ਵਾਲੇ ਮਹੰਤ ਵਿਸ਼ੰਭਰ ਦਾਸ ਨੇ ਵੀ ਖੁਸ਼ਾਮਦਾਂ ਕੀਤੀਆਂ। ਇਹ ਕਿੰਨੀ ਸ਼ਰਮਨਾਕ ਹਾਲਤ ਸੀ ਕਿ ਇਥੋਂ ਦੇ ਬੇਗ਼ੈਰਤੇ ਰਾਜੇ ਰਾਣੇ ਬਿਦੇਸੀ ਲੁਟੇਰਿਆਂ ਨੂੰ ਖੁਦ ਬਾਰ ਬਾਰ ਸੱਦੇ ਦੇ ਰਹੇ ਸਨ ਪਰ ਖਾਲਸੇ ਨੇ ਇਕ ਵਾਰ ਵੀ ਐਸੀ ਗਿਰਾਵਟ ਨਹੀਂ ਦਿਖਾਈ। ਸਦਾ 'ਰਾਜ ਕਰੇਗਾ ਖਾਲਸਾ' ਹੀ ਪੜ੍ਹਦੇ ਰਹੇ। ਦੋ ਘੱਲੂਘਾਰੇ ਹੋਏ, ਛੋਟਾ ਘੱਲੂਘਾਰਾ ਕਾਹਨੂੰਵਾਣ ਦੇ ਛੰਭ ਲਾਗੇ ਮਈ

1746 ਵਿਚ ਹੋਇਆ। ਜਦੋਂ ਲਖਪਤਿ ਫੌਜ ਚੜ੍ਹਾ ਕੇ ਲਿਆਇਆ ਤੇ ਜੰਗਲ ਨੂੰ ਅੱਗਾਂ ਲਵਾਈਆਂ, 10-15 ਹਜ਼ਾਰ ਸਿੰਘ ਸ਼ਹੀਦ ਹੋਏ। ਵੱਡਾ ਘੱਲੂਘਾਰਾ ਕੁੱਪ ਰਹੀੜੇ ਦੇ ਮੈਦਾਨ ਵਿਚ ਅਬਦਾਲੀ ਦੇ ਛੇਵੇਂ ਹਮਲੇ ਸਮੇਂ 5 ਫਰਵਰੀ 1762 ਈ. ਨੂੰ ਹੋਇਆ, ਲਗਭਗ 20-25 ਹਜ਼ਾਰ ਸਿਖ ਸ਼ਹੀਦ ਹੋਏ। ਸ. ਜੱਸਾ ਸਿੰਘ ਆਹਲੂਵਾਲੀਏ ਦੇ 22 ਜ਼ਖਮ ਤੇ ਚੜ੍ਹਤ ਸਿੰਘ ਦੇ 16 ਕਾਰੀ ਜ਼ਖਮ ਲਗੇ ਪਰ ਮਸਤਾਨੇ ਸਿੰਘ ਕਹਿ ਰਹੇ ਸਨ ਕਿ ਖਾਲਸਾ ਘੱਲੂਘਾਰਿਆਂ ਦੀ ਅੱਗ ਵਿਚ ਪੈ ਕੇ ਬਾਰਾਂ-ਵੰਨੀ ਦਾ ਸੋਨਾ ਹੋ ਗਿਆ ਹੈ, ਸਾਡਾ ਰਾਖਾ ਅਕਾਲ ਪੁਰਖ ਹੈ –

'ਹਮ ਕਾਹੂੰ ਕੀ ਕਾਣ ਨ ਕਢਤੇ, ਅਪਣੇ ਗੁਰ ਪ੍ਰਸਾਦੇ।'

ਅਨੁਮਾਨ ਹੈ ਕਿ ਅਠਾਰਵੀਂ ਸਦੀ ਵਿਚ ਮੁਗਲਾਂ ਪਠਾਣਾਂ ਤੇ ਪਹਾੜੀਏ ਗੱਦਾਰਾਂ ਲਗਭਗ ਇਕ ਲੱਖ ਸਿੰਘ ਤਸੀਹੇ ਦੇ ਦੇ ਸ਼ਹੀਦ ਕੀਤਾ, ਉਨ੍ਹਾਂ ਦੇ ਘਰ ਬਾਰ ਲੁੱਟੇ, ਤਬਾਹੀ ਮਚਾਈ, ਮਾਸੂਮ ਬਾਲ ਬੱਚੇ ਕੱਟ ਕੱਟ ਮਾਵਾਂ ਦੇ ਗਲੀਂ ਹਾਰ ਪਾਏ ਅਤੇ ਅਕਾਰਣ ਸੈਂਕੜੇ ਧਰਮ-ਗ੍ਰੰਥ ਫੂਕ ਫੂਕ ਸੁਆਹ ਕੀਤੇ।

ਅਨੇਕਾਂ ਧਰਮਸ਼ਾਲਾਵਾਂ ਤੇ ਇਤਿਹਾਸਕ ਗੁਰਦੁਆਰੇ ਢਾਹ ਢਾਹ ਮਿਟੀ ਵਿਚ ਮਿਲਾਏ ਪਰ ਸਿਖਾਂ ਕਦੀ ਕਿਸੇ ਦੀ ਈਨ ਨ ਮੰਨੀ ਤੇ ਨਾ ਹੀ ਡਰ ਕੇ ਆਪਣਾ ਧਰਮ ਤਿਆਗਿਆ।

ਇਹ ਅਸੂਲ-ਪ੍ਰਸਤੀ ਦੀ ਸੁਨਹਿਰੀ ਮਿਸਾਲ ਹੈ ਜੋ ਗੁਰੂ ਦੇ ਧਰਮ-ਯੋਧਿਆਂ ਨਿਭਾਕੇ ਦਿਖਾਈ। ਫਿਰ ਜੇ ਰਾਜਨੀਤਕ ਸ਼ਕਤੀ ਹੱਥ ਆ ਗਈ ਤਾਂ ਬਦਲੇ ਦੀ ਭਾਵਨਾ ਨਾਲ ਕਿਸੇ ਗ਼ੈਰ ਸਿੱਖ ਜਾਂ ਮੁਸਲਮਾਨ ਨੂੰ ਕੋਈ ਸਜ਼ਾ ਨਹੀਂ ਦਿੱਤੀ। ਜ਼ਾਹਰ ਹੈ ਕਿ ਗੁਰੂ ਕੇ ਸਿੰਘ ਚੜ੍ਹਦੀ ਕਲਾ ਤੇ ਸਰਬਤ ਦੇ ਭਲੇ ਲਈ ਸਦਾ ਡਟੇ ਰਹੇ, ਇਹੋ ਸੱਚੇ ਧਰਮ-ਯੁੱਧ ਦਾ ਲੱਛਣ ਹੈ। ਫਿਰ ਸ਼ਾਨਦਾਰ ਖੂਬੀ ਇਹ ਵੀ ਵਰਣਨਯੋਗ ਹੈ ਕਿ ਇਹ ਸੌ ਸਾਲ ਦੇ ਸੰਗ੍ਰਾਮ ਦੀ ਜਿੱਤ ਜਾਂ ਫਤਹਿਯਾਬੀ ਨੂੰ ਕਿਸੇ ਮੋਹਰੀ ਸੂਰਬੀਰ ਦੀ ਵਿਅਕਤੀਗਤ ਪ੍ਰਾਪਤੀ ਨਾ ਮੰਨਿਆ ਗਿਆ ਸਗੋਂ ਸਮੁੱਚੇ ਪੰਥ ਦੀ ਜਿੱਤ ਕਰਾਰ ਦਿੱਤਾ ਸੀ। ਸੋ ਲੋਕਤੰਤ੍ਰ ਅਸੀਂ ਪੱਛਮ ਤੋਂ ਨਹੀਂ ਹਾਸਲ ਕੀਤਾ, ਇਹ ਵੀ ਸਾਡੇ ਗੁਰੂ ਦੀ ਬਖਸ਼ਿਸ਼ ਹੀ ਸੀ। ਅਠਾਰਵੀਂ ਸਦੀ ਦੇ ਅੰਤ ਵਿਚ ਜਦ ਸਭ ਦੋਖੀ ਮਾਰੇ ਗਏ ਤਾਂ ਰਾਜਸੱਤਾ ਖਾਲਸੇ ਦੇ ਹੱਥ ਆਈ ਤਾਂ ਸਾਡੇ ਕਵੀਆਂ, ਲਿਖਾਰੀਆਂ ਇਸਨੂੰ 'ਫਤਿਹਨਾਮਾ ਗੁਰੂ ਖਾਲਸਾ ਜੀ ਕਾ' ਕਹਿ ਕੇ ਸਲਾਹਿਆ। ਵੰਨਗੀ ਵਜੋਂ ਦੋ ਸਮਕਾਲੀ ਰਚਨਾਵਾਂ ਇਥੇ ਦਿੰਦੇ ਹਾਂ।

ਪਹਿਲੀ ਕ੍ਰਿਪਾਦਯਾਲ ਸਿੰਘ ਭੱਲੇ ਦੀ ਹੈ, ਦੂਜੀ ਭਾਈ ਦਯਾਲ ਸਿੰਘ ਦੀ। ਇਹ ਦੂਜੀ ਕਵੀ ਨੇ ਉਦੋ ਲਿਖੀ ਜਾਪਦੀ ਹੈ, ਜਦੋਂ ਸਿੰਘਾਂ ਸ਼ਾਹ ਜ਼ਮਾਨ ਦੇ ਥਾਪੇ ਹਾਕਮ ਅਹਿਮਦ ਖ਼ਾਂ ਸ਼ਹਾਨਚੀ ਨੂੰ ਮਾਰ ਕੇ ਰੁਹਤਾਸ ਦਾ ਕਿਲਾ ਮੁੜ ਕਬਜ਼ੇ ਕਰ ਲਿਆ ਸੀ।

ਇਸੇ ਹੀ ਸਮੇਂ ਕਈ ਤਰ੍ਹਾਂ ਦੇ ਹੋਰ ਸਿੰਘ-ਵਿਜਯ ਦੇ ਗੀਤ ਲਿਖੇ ਜਾ ਰਹੇ ਸਨ। ਮਹਿਮਾ ਪ੍ਰਕਾਸ਼ ਦੇ ਕਰਤਾ ਭਾਈ ਸਰੂਪ ਚੰਦ ਭੱਲੇ ਦੇ ਸਪੁਤ੍ਰ ਕ੍ਰਿਪਾ ਦਯਾਲ ਦਾਸ ਨੇ 1796 ਈ. ਵਿਚ ਇਕ 'ਫਤਿਹ ਨਾਮਾ' ਲਿਖਿਆ ਜੋ ਇਸ ਪ੍ਰਕਾਰ ਹੈ :–

ਫਤਿਹਨਾਮਾ ਸਤਿਗੁਰੂ ਜੀ ਕੇ ਪੰਥ ਕਾ :–

ਸੰਮਤ ਅਠਾਰਾਂ ਸੈ ਤਿਰਪਨ ਮਾਘ ਸੁਦੀ ਪੰਚਮੀ ਕੋ ਕਹਾ
ਗੁਰੂ ਨਾਨਕ ਜੀ ਕੀ ਅਉਲਾਦ, ਬੇਟਾ ਸ੍ਰੀ ਬਾਬਾ ਸਰੂਪਚੰਦ ਜੀ ਕਾ
ਕ੍ਰਿਪਾ ਦਿਆਲ ਨਾਮੇ, ਤਖ਼ੱਲਸ ਦਾਸ।
'ਸਿਖਾਂ ਕੀ ਮੱਦਤ ਸਤਿਗੁਰੂ ਆਪ ਹੈ ਉਨ੍ਹ ਕਉ ਉਸੀ ਕਾ ਸਦਾ ਜਾਪਿ ਹੈ
ਗੁਰੂ ਪੰਥ ਕੀ ਤੋ ਸਦਾ ਜੀਤ ਹੈ, ਗ਼ਨੀਮੇ ਫਉਜ ਕੁਲ ਭੈ ਭੀਤ ਹੈ।
ਕਰੈਂ ਸਤਿਗੁਰ ਖਾਲਸੇ ਕਾ ਪ੍ਰਕਾਸ਼, ਕਿ ਝੂਲੇ ਧਰਮ ਕੀ ਬੇਕਯਾਸ
ਕਰੈਂ ਸੰਤ ਸਤਿਗੁਰ ਕੇ ਹਰਿ ਜਾ ਬਿਲਾਸ,
ਹੋਵੈ ਸਭ ਜਗਤ ਕੇ ਦਿਲੋਂ ਮੇ ਹੁਲਾਸ
ਹਮਾਰਾ ਗੁਰੂ ਕਲਗੀ ਵਾਲਾ ਹੈ ਜੀ। ਬਦਰਗਹਿ ਸਾਹਿਬ ਸੇ ਆਲਾ ਹੈ ਜੀ੧।
ਕਹੈਂ ਜੁ ਜ਼ਬਾਂ ਸੇ ਕਿ 'ਆਤਾ ਹੈ ਸ਼ਾਹ',
ਨਿਕਾਲੇ ਜ਼ਬਾਂ ਉਸ ਕੀ ਗਰਦਨ ਕੇ ਰਾਹ
ਕਹੈ ਦੁਸ਼ਮਨੀ ਸੇ ਕੋਈ ਜੁ ਇਹ ਬਾਤ
ਕੋਈ ਰੋਜ਼ ਮੇਂ ਹੋਇ ਉਸ ਕੇ ਕੁਲ ਕਾ ਘਾਤ
ਕਰੇ ਨਿੰਦਿਆ ਜੁ ਗੁਰੂ ਪੰਥ ਕੀ, ਹੋਏ ਨੇਸਤੋਨਾਬੂਦ ਉਸ ਕੇ ਬੰਸ ਕੀ
ਸੁਨੇ ਨਿੰਦਿਆ ਜੋ ਕੋਈ ਕਾਨ ਸੇ, ਵਹ ਗੁਜ਼ਰਹਿ ਅਪਨੇ ਦੀਨੋ ਈਮਾਨ ਸੇ
ਹਮਾਰਾ ਗੁਰੂ ਕਲਗੀਵਾਲਾ ਹੈ ਜੀ। ਬਦਰਗਾਹ ਸਾਹਿਬ ਕੇ ਆਲਾ ਹੈ ਜੀ੨।
ਹਮੇਂ ਆਸਰਾ ਸਤਿਗੁਰੂ ਪੈ ਕਮਾਲ, ਹੋਇੰ ਨਸ਼ਟ ਯਹ ਦੁਸ਼ਟ ਤਾਤਕਾਲ
ਉਦੇ ਅਸਤ ਮੈਂ ਹੋਵੇਗਾ ਇਨ ਕਾ ਰਾਜ,
ਕੋਈ ਰੋਜ਼ ਮੈਂ ਦੇਵੈਂਗੇ ਸਭ ਖਿਰਾਜ
ਗਊ ਬ੍ਰਾਹਮਣ ਕੀ ਵੈ ਰੱਛਯਾ ਕਰੈਂ,
ਸਦਾ ਧਿਆਨ ਸਤਿਗੁਰ ਕਾ ਹਿਰਦੈ ਧਰੈਂ
ਹਮਾਰਾ ਗੁਰੂ ਕਲਗੀਵਾਲਾ ਹੈ ਜੀ, ਬਦਰਗਹਿ ਸਾਹਿਬ ਕੇ ਆਲਾ ਹੈ ਜੀ੩।
ਜੋ ਚਾਹੇ ਕੋਈ ਕਿ ਫਤੇ ਹੋਵਹਿ ਸ਼ਾਹ,

ਕਰੈਂ ਸਤਿਗੁਰੂ ਖਾਨਾ ਉਨਕਾ ਤਬਾਹ
ਇਸ਼ਾਰੇ ਕਤਲ ਕੇ ਕਰੈਂ ਜਸ ਕੋਈ, ਉਸੀ ਕੇ ਊਪਰ ਆਖਿਰ ਹੋਗਾ ਸੋਈ
ਅੰਮ੍ਰਿਤਸਰ ਜੀ ਕੀ ਜੋ ਕਰੈ ਬੁਰੀ ਬਾਤ,
ਕਰੈ ਦੁਰਗਾ ਜੀ ਉਸ ਕੇ ਘਰਿ ਉਤਪਾਤ
ਇਹੋ ਤੋ ਸਤਿਗੁਰ ਜੀ ਕਾ ਹੈ ਬਾਂਕਾ ਪੰਥ,
ਪੜ੍ਹਹਿ ਔ ਸੁਨਹਿ ਸਦਾ ਬਾਨੀ ਗ੍ਰੰਥ ਹਮਾਰਾ ਗੁਰੂ ਕਲਗੀ ਵਾਲਾ ਹੈ ਜੀ,
ਬਦਰਗਹਿ ਸਾਹਿਬ ਕੇ ਆਲ੍ਹਾ ਹੈ ਜੀ । ੪ ।
ਅੰਮ੍ਰਿਤਸਰ ਜੀ ਮੇਂ ਤੋਂ ਗੁਰੂ ਆਪ ਹੈ,
ਵਹਾਂ ਸਤਿਗੁਰੂ ਜੀ ਕਾ ਸਦ ਪ੍ਰਤਾਪ ਹੈ
ਤੇਰੇ ਸਿਖੋਂ ਕੀ ਜੋ ਚਰਨ ਧੂਰਿ ਹੈ, ਯੇਹੀ ਆਲਮੇ ਬਾਲਾ ਮੇਂ ਨੂਰ ਹੈ
ਸਦਾ ਅਪਨੇ ਪੰਥ ਕੀ ਜੈ ਕਰੋਂ। ਸਕਲ ਸਿਖ ਸੰਗਤਿ ਕੀ ਦੁਰਮਤਿ ਹਰੋਂ
ਯੇਹੀ ਦਾਸ ਕੀ ਬੇਨਤੀ ਸਤਿਗੁਰੂ, ਕਿ ਕਰ ਦੋ ਜਹਾਂ ਮੇ ਮੁਝੇ ਸੁਰਖਰੂ
ਹਮਾਰਾ ਗੁਰੂ ਕਲਗੀਵਾਲਾ ਹੈ ਜੀ, ਬਦਰਗਾਹਿ ਸਾਹਿਬ ਕੇ ਆਲ੍ਹਾ ਹੈ ਜੀ।੫।

ਭਾਈ ਦਯਾਲ ਸਿੰਘ ਦਾ 'ਫਤਿਹਨਾਮਾ' ਮਾਰਚ 1797 ਈ. ਦੀ ਕਿਰਤ ਹੈ, ਪਠਾਣਾ ਉਤੇ ਵਿਜਯ ਦੀ ਖੁਸ਼ੀ ਵਿਚ ਹੀ ਇਹ ਰਚਨਾ ਰਚੀ।

ਪਉੜੀ

ਅੱਵਲਿ ਸਿਫਤਿ ਰੱਬਾਣੀ ਕਰੀਏ, ਜਿਹੜਾ ਖੇਲ ਬਣਾਏ ਜੀ
ਤੇ ਹਿੰਦੂ ਤੁਰਕ ਦੁਹਾਂ ਨੂੰ ਰੱਸੇ ਪੈਰ ਮਜ਼ਹਬ ਦੇ ਪਾਏ ਜੀ
ਤੇ ਬਣਿ ਕੇ ਆਪੁ ਖਿਲਾਰੀ ਬੈਠਾ, ਖੇਲੇ ਦੋਵੇਂ ਲਾਏ ਜੀ
ਤੇ ਜਿਸ ਦੇ ਵਲ ਹੋਵੇ ਉਹ ਆਪੇ, ਬਾਜ਼ੀ ਸੋ ਜਿਣ ਜਾਏ ਜੀ । ੧ ।
ਤੇ ਪਹਿਲਾਂ ਗਿਲਜਾ ਚੜ੍ਹਿ ਕੇ ਆਇਆ, ਸਿੰਘਾਂ ਪੈਰ ਹਟਾਇਆ ਜੀ
ਤੇ ਵਿਚਿ ਪੰਜਾਬੋਂ ਨੱਠੇ ਸਭੇ, ਪਹਾੜੀਂ ਡੇਰਾ ਲਾਇਆ ਜੀ
ਤੇ ਸਤਿਗੁਰ ਪੂਰਾ ਵੇਖੇ ਕਉਤਕ, ਭਾਣਾ ਜਿਸੁ ਵਰਤਾਇਆ ਜੀ
ਤੇ ਆਪੇ ਢਾਹਿ ਉਸਾਰੇ ਆਪੇ, ਆਪੇ ਖੇਲ ਰਚਾਇਆ ਜੀ । ੨ ।
ਤੇ ਗਿਲਜਾ ਲੰਘ ਝਨਾਓਂ ਸਿੱਧਾ, ਵਿਚ ਲਾਹੌਰੇ ਆਇਆ ਜੀ
ਤੇ ਕਰ ਕੇ ਜ਼ੋਰ ਹੁਕਮ ਦਾ ਸੂਰੇ, ਲੋਕਾਂ ਨੂੰ ਉਸ ਤਾਇਆ ਜੀ
ਤੇ ਸਾਹਿਬ ਦੇ ਦਿਲ ਗ਼ੈਰਤ ਗਈਆ ਭੇਡਾਂ ਵਾਂਗ ਨਸਾਇਆ ਜੀ
ਤੇ ਬੇੜਾ ਫੇਰ ਧਰਮ ਦਾ ਬੰਨ੍ਹੇ, ਆਪੇ ਸਾਹਿਬ ਲਾਇਆ ਜੀ । ੩ ।
ਤੇ ਆਏ ਸਿੰਘ ਪਹਾੜੋਂ ਮੁੜ ਕੇ, ਆਪੋ ਆਪਣੀ ਦੇਸੀਂ ਜੀ
ਤੇ ਮੈਲੇ ਵੇਸ ਧੁਵਾਵਣ ਬਸਤਰ, ਮਲ੍ਹ ਮਲ੍ਹ ਨਾਵਣ ਕੇਸੀਂ ਜੀ
ਤੇ ਮਾਰੇ ਖੌਫ ਰਜ਼ਾਦੇ ਆਹੇ, ਡੁੱਗਰ ਮੈਲੀਂ ਵੇਸੀਂ ਜੀ
ਤੇ ਵਾਹਿਗੁਰੂ ਦੇ ਵਾਰੇ ਜੀ, ਮੁੜ ਕੀਤੇ ਚਿੱਟੀ ਭੇਸੀਂ ਜੀ । ੪ ।

ਤੇ ਹੋਣੀ ਫੇਰ ਲਿਆਈ ਗਿਲਜੇ, ਮੁੜਕੇ ਪਿਛੋਂ ਆਇਆ ਜੀ।
ਤੇ ਜੱਟ ਜਲਾਲੀ ਚੱਠੇ ਗੁੱਜਰ, ਚਾਵਣਾਂ ਰਲ ਕੇ ਚਾਇਆ ਜੀ
ਤੇ ਗਿਲਜਾ ਆਇਓ ਲੱਖਾ ਡਿੰਗੀਂ, ਸਿੰਘਾਂ ਨੇ ਸੁਣ ਪਾਇਆ ਜੀ
ਤੇ ਦੇਖੋ ਹੋਣਹਾਰ ਨ ਰਹਿੰਦੀ, ਫੜ ਕੇ ਕਾਲ ਲਿਆਇਆ ਜੀ।੫।
ਤੇ ਬੇਟਾ ਗੁੱਜਰ ਸਿੰਘ ਅਵਤਾਰੀ, ਉਸ ਨੇ ਦਿਲ ਵਿਚ ਏਹਾ ਧਾਰੀ
ਆਖਰ ਮਰਨਾ ਹੈ ਇਕ ਵਾਰੀ, ਹੋਵਗੁ ਸਾ ਜੋ ਗੁਰੂ ਚਿਤਾਰੀ, ਲੜੀਏ ਦੀਨ ਤੇ।
ਸਾਹਿਬ ਸਿੰਘ ਹਲਕਾਰੇ ਘੱਲੇ, ਦੇ ਕੇ ਖਰਚ ਉਨ੍ਹਾਂ ਦੇ ਪੱਲੇ
ਤੁਸੀਂ ਖ਼ਬਰ ਲਿਆਵਹੁ ਕੱਲੇ, ਕਰਸੀ ਸਾਹਿਬ ਕੰਮ ਸੁਵੱਲੇ,
ਖ਼ਤਰਾ ਕੁਝ ਨਹੀਂ । ੬ ।
ਅਗੋਂ ਮੁੜ ਆਏ ਹਲਕਾਰੇ, ਖਬਰਾਂ ਆਈਆਂ ਚੜ੍ਹਦੇ ਤਾਰੇ
ਫੌਜਾਂ ਦਿਸਣ ਬੱਦਲ ਕਾਲੇ, ਸੁਣਿਆ ਸਿੰਘਾਂ ਨੇ ਸਭ ਸਾਰੇ, ਗੁਰੂ ਚਿਤਾਰਦੇ
ਕੰਨੀਂ ਲਾ ਗੁਜਰਾਤੇ ਆਇਆ, ਸੂਕੇ ਆ ਉਸ ਡੇਰਾ ਪਾਇਆ
ਸਿੰਘਾਂ ਸੁਣ ਕੇ ਖ਼ਤਰਾ ਖਾਇਆ। .... ਕੀਕੂੰ ਹੋਵਸੀ । ੭ ।
ਦੂਲਾ ਸਿੰਘ ਸਾਹਿਬ ਸਰਦਾਰ, ਉਸ ਨੇ ਸਿਰ ਤੇ ਬੱਧਾ ਭਾਰ
ਸਿੰਘੋ! ਲੜਨਾ ਅੱਕਾ ਕਾਰ, ਕਮਰਾਂ ਕਸੋ ਹੋਹੁ ਤਯਾਰ, ਮਾਰਾਂ ਤੁਰਕ ਨੂੰ
ਸਿੰਘਾਂ ਸਭਨਾਂ ਕਮਰਾਂ ਲਾਈਆਂ, ਨਿੱਕਲ ਬਾਹਰ ਫੌਜਾਂ ਆਈਆਂ
ਦਿੱਸਨ ਤੇਗਾਂ ਤੇਜ਼ ਹਵਾਈਆਂ,
ਰਲ ਮਿਲ ਹੱਸਣ ਵਾਂਗੂ ਭਾਈਆਂ, ਜਪਦੇ ਜਾਪ ਨੂੰ । ੮ ।
ਅੱਗੋਂ ਗਿਲਜਾ ਚੜ੍ਹ ਕੇ ਆਇਆ, ਸਿੰਘਾਂ ਡਿੱਠਾ ਉਪਰਵਾਇਆ।
ਗਿਲਜੇ ਤਾਣਾ ਕੋਹੁ ਵਿਚਿ ਲਾਇਆ, ਫੌਜਾਂ ਆ ਉਸ ਫੇਰਾ ਪਾਇਆ
ਜਾਂ ਫੌਜਾਂ ਆਮੋ ਸਾਹਮੋਂ ਆਈਆਂ, ਤੁਰਕਾਂ ਤੇਗਾਂ ਆਇ ਚਲਾਈਆਂ
ਸਿੰਘਾਂ ਸਨਮੁਖ ਹੋ ਕੇ ਖਾਈਆਂ, ਬੇਟੇ ਧੰਨ ਜਣੇ ਨੀਂ ਮਾਈਆਂ, ਸੋਹਣੇ ਸੂਰਮੇ।੯।
ਤੁਰਕਾਂ ਆਣ ਜੰਬੂਰੇ ਢੋਏ, ਹੱਥੀਂ ਪਾਵਣ ਨੂੰ ਉੱਠ ਹੋਏ।
ਮਾਰੋ ਮਾਰ ਪਈ ਵਲ ਦੋਏ, ਬੈਠਾ ਵਿਚ ਮੁਹੰਮਦ ਰੋਏ, ਬੂਹੇ ਰੱਬ ਦੇ।
ਆਹਾ ਰੱਬ ਨੂੰ ਬਹੁਤ ਪਿਆਰਾ, ਪਰ ਕੁਝ ਚੱਲਸਿ ਨਾਹੀਂ ਚਾਰਾ
ਸਤਿਗੁਰ ਬੈਠਾ ਪਾਸ ਕਰਾਰਾ,
ਜੰਞੂ ਟਿੱਕੇ ਦਾ ਰਖਵਾਰਾ, ਧੁਜਾ ਉਹ ਧਰਮ ਦੀ । ੧੦ ।
ਤਾਂ ਆ ਕੇ ਤੁਰਕਾਂ ਜ਼ੋਰ ਪਾਇਆ, ਸਿੰਘਾਂ ਪਿਛੇ ਪੈਰ ਹਟਾਇਆ
ਕਲਗੀ ਵਾਲਾ ਚੜ੍ਹ ਕੇ ਆਇਆ,
ਉਸ ਨੇ ਪਿੱਛਾ ਆਣ ਦਬਾਇਆ, ਪੜਦਾ ਕੱਜਿਆ।
ਜਾਂ ਤੁਰਕਾਂ ਕੀਤਾ ਤੀਜਾ ਹੱਲਾ, ਅੱਗੋਂ ਮੂਹੋਂ ਪਇਓ ਨੇ ਖੱਲਾ
ਝੰਡਾ ਢੱਠਾ ਲਸ਼ਕਰ ਚੱਲਾ, ਕੀਤਾ ਸਾਹਿਬ ਕੰਮ ਸੁਵੱਲਾ, ਫੜ ਕੇ ਤੇਗ਼ ਨੂੰ।੧੧।

ਨਾਲੇ ਵਾਹਰ ਕੀਤੀ ਸ਼ਾਹ ਦੌਲਾ, ਉਸ ਨੂੰ ਹੁਕਮ ਸੀ ਕੀਤਾ ਮੌਲਾ
'ਤੁਰਕ ਨੂੰ ਮਾਰੇ ਫੜ ਕੇ ਪੌਲਾ,
ਕੱਚੇ ਤੁਰਕਾਂ ਦਾ ਕੰਮ ਹੌਲਾ,' ਛੇਵੇਂ ਗੁਰੂ ਕਹਿਆ।
ਦੌਲੇ ਮੰਨ ਲਿਆ ਗੁਰ ਭਾਣਾ, ਲੈ ਕੇ ਪੌਲਾ ਦੌਲਾ ਧਾਣਾਂ
ਅੱਗੋਂ ਤੁਰਕਾਂ ਦਾ ਭੱਜ ਜਾਣਾ, ਸੁੱਕੇ ਪੱਤਾਂ ਵਾਂਗ ਉਡਾਣਾ
ਲਸ਼ਕਰ ਤੁਰਕ ਦਾ । ੧੨ ।
ਫਿਰ ਸਭ ਸਿੰਘ ਪਏ ਕਿਲਕਾਰ, ਨੱਠੇ ਤੁਰਕ ਨ ਆਵੇ ਵਾਰ
ਵੱਗਣਿ ਤੇਗਾਂ ਸਾਵਣ ਧਾਰ, ਛੁੱਟਣ ਲੋਹੂ ਦੇ ਭਭਕਾਰ, ਭੱਬਰ ਭੱਬ ਕੇ
ਅੱਗੋਂ ਆਇ ਗਈ ਵਿਚਿ ਰਾਤ, ਸਿੰਘ ਜੁੜ ਮੁੜ ਲੱਥੇ ਗੁਜਰਾਤ
ਵਣ ਤ੍ਰਿਣ ਸਤਿਗੁਰ ਦਾ ਪ੍ਰਤਾਪ।.......ਦਿਸੇ ਖਾਲਸਾ । ੧੩ ।
ਗਿਲਜੇ ਵੱਗੀ ਰੱਬ ਦੀ ਮਾਰ, ਪਿੜ ਵਿਚ ਮਾਰੇ ਚਾਰੇ ਯਾਰ
ਕੀਤੇ ਕਰਮ ਸੁ ਆਏ ਕਾਰ, ਨੱਠਾ ਕਾਬਲ ਤੇ ਕੰਧਾਰ, ਆਇਆ ਖਾਲਸਾ।
ਖ਼ਬਰਾਂ ਗਈਆਂ ਧੁਰ ਪਾਤਸ਼ਾਹ, ਮਾਰੀ ਟੋਪੀ ਭੋਇੰ ਤੇ ਲਾਹ
ਰੱਬਾ! ਕੀ ਕੁਝ ਕੀਤੇ ਆਹ, ਸਾਡਾ ਦਿੱਤੇ ਫਿਰਕਾ ਢਾਹ, ਵਿਚ ਪੰਜਾਬ ਦੇ।੧੪।
ਏਵੇਂ ਦਿਆਲ ਸਿੰਘ ਰੱਬ ਭਾਣੀ, ਕੇਹੜਾ ਮੇਟੇ ਕਲਮ ਰੱਬਾਣੀ
ਅਰਸ਼ੋਂ ਵੱਗੀ ਤੇਗ ਪਠਾਣੀ, ਅਗੋਂ ਪਿੱਛਿ ਗਏ ਰੰਞਾਣੀ, ਭੁੱਲੇ ਰੱਬ ਥੀਂ।
ਜੇਕੋ ਕਰਸੀ ਸਾਹਿਬ ਯਾਦ, ਉਹੋ ਹਰਿ ਜੀ ਆਖਰ ਆਦਿ
ਝੂਠੀ ਦੁਨੀਆਂ ਕਰਗੁ ਬਿਬਾਦ,
ਇਸ ਵਿਚ ਕਤਰਾ ਨਾਹੀਂ ਸਾਦ, ਡਿੱਠਾ ਢੂੰਡ ਕੇ । ੧੫ ।

ਸ੍ਵੈਯਾ

ਜੁੱਧ ਠਟਾ ਹਰਿ ਜੂ ਪ੍ਰਿਥਵੀ ਪਰ, ਦੇਵਨ ਦਾਨਵ ਕੋ ਅਤਿ ਭਾਰੀ
ਦਾਨਵ ਹਾਰ ਚਲੇ ਰਣ ਮੈਂ, ਜੈਸੇ ਜੂਪ ਕੇ ਹਾਰ ਚਲੇ ਜੁ ਜੁਆਰੀ।੧੬।
ਜੁਧ ਮੈਂ ਸੁਧ ਨਾ ਕਾਇ ਰਹੀ, ਦੁਹੂੰ ਓਰਨ ਬੀਰ ਲਰੇ ਬਰ ਸੋਂ
ਭੁਜ ਮੈਂ ਭੁਜ ਕੋ ਗਹਿ ਆਪਸ ਮੈਂ, ਦੁਹੂੰ ਓਰਨ ਮਾਰ ਕਰੀ ਕਰ ਸੋਂ
ਜਬ ਚੰਡਿ ਜੀ ਕੋ ਰਿਸ ਆਇ ਗਈ, ਇਹ ਭਾਂਤਨ ਮਾਰ ਦਈ ਅਰਿ ਸੋਂ
ਜੈਸੇ ਪੰਖ ਬਿਹੀਨ ਫਿਰੇ ਪੰਖੀਆਂ, ਇਹ ਭਾਂਤਨ ਗੇਰ ਦਏ ਧਰ ਸੋਂ।੧੭।

ਦੋਹਰਾ

ਦੈਂਤ ਹਾਰ ਘਰ ਕੋ ਚਲੇ ਭਾਜੇ ਬਚੇ ਸੁ ਤੇਵ
ਨਰ ਨਾਰੀ ਮੰਗਲ ਕਰੈਂ, ਜੈ ਚੰਡੀ ਬਰ ਦੇਵ । ੧੮ ।

ਦੋਹਰਾ

ਸੰਮਤ ਠਾਰਾਂ ਸੈ ਬਰਖ ਬੀਤੇ ਪੰਜਾਹ ਚਾਰ
ਵੈਸਾਖ ਦਿਵਸ ਬਾਵੀਂ ਗਏ, ਐਤਵਾਰ ਥਿਤ ਵਾਰ । ੧੯ ।

ਇਤਿ ਸ੍ਰੀ ਫਤਿਹਨਾਮਾ ਸੰਪੂਰਨੰ।

* * *

(੭)

ਸ਼ੇਰਿ ਪੰਜਾਬ ਰਣਜੀਤ ਸਿੰਘ

ਮਹਾਰਾਜਾ ਰਣਜੀਤ ਸਿੰਘ (੧੭੮੦-੧੮੩੯ ਈ.) ਸ਼ਾਇਦ ਪਹਿਲਾ ਤੇ ਆਖ਼ਰੀ ਮਹਾਰਾਜਾ ਸੀ ਜਿਸ ਨੇ ਪੰਜਾਬ ਵਿਚ ਸੁਤੰਤਰ ਪੰਜਾਬੀ ਰਾਜ ਕਾਇਮ ਕੀਤਾ ਤੇ ਸੰਸਾਰ ਦੇ ਇਤਿਹਾਸ ਵਿਚ ਪੰਜਾਬੀਆਂ ਦੀ ਵਡਿਆਈ ਦਾ ਸਿੱਕਾ ਜਮਾਇਆ। ਅੱਠ ਸੌ ਸਾਲ ਤੋਂ ਪਈ ਗੁਲਾਮੀ ਦੀ ਛੱਟ ਨੂੰ ਪੰਜਾਬ ਦੇ ਸਿਰੋਂ ਲਾਹੁਣਾ ਉਸੇ ਸੂਰੇ ਮਰਦ ਦਾ ਹੀ ਕੰਮ ਸੀ। ੯੯੮ ਈ. ਤੋਂ ਲੈ ਕੇ ੧੦੨੧ ਈ. ਤਕ ਪਾਲ ਰਾਜੇ - ਜੈਪਾਲ, ਅਨੰਗਪਾਲ ਅਤੇ ਤ੍ਰਿਲੋਚਨਪਾਲ ਆਦਿ, ੩੨ ਸਾਲ ਪੰਜਾਬ ਲਈ ਲੜਦੇ ਰਹੇ, ਪਰ ਆਖਰ ਮਹਿਮੂਦ ਗਜ਼ਨਵੀ ਦੇ ਹੱਲਿਆਂ ਨੇ ਪੰਜਾਬ ਦਾ ਹੀ ਨਹੀਂ, ਸਗੋਂ ਹਿੰਦ ਦਾ ਵੀ ਲੱਕ ਭੰਨ ਦਿੱਤਾ ਤੇ ਬਾਕੀ ਹਿੰਦੁਸਤਾਨ ਨਾਲ ਪੰਜਾਬ ਭੀ ਬਿਦੇਸ਼ੀਆਂ ਦੇ ਪੰਜੇ ਵਿਚ ਆ ਗਿਆ। ਫਿਰ ਸਦੀਆਂ-ਬੱਧੀ ਗੌਰੀ, ਖ਼ਿਲਜੀ, ਤੁਗਲਕ, ਪਠਾਣ ਤੇ ਮੁਗ਼ਲ ਵਾਰੋ ਵਾਰੀ ਇਥੇ ਰਾਜ ਕਰਦੇ ਰਹੇ। ਸਦੀਆਂ ਦੀ ਇਸ ਨਿਤਾਣੀ ਤੇ ਮਾੜੀ ਅਵਸਥਾ ਨੂੰ ਬਦਲਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ੧੬੯੯ ਈ. ਵਿਚ ਅਨੰਦਪੁਰ ਤੋਂ ਸਿਖਾਂ ਨੂੰ ਸਿੰਘ ਸਜਾ ਕੇ ਇਕ ਇਨਕਲਾਬੀ ਤਹਿਰੀਕ ਦੀ ਨੀਂਹ ਰਖੀ। ਇਸ ਦੇ ਛੇਤੀ ਹੀ ਚੰਗੇ ਸਿਟੇ ਨਿਕਲੇ, ਚੁਨਾਂਚਿ ੧੭੧੦ ਈ. ਵਿਚ ਬਾਬਾ ਬੰਦਾ ਸਿੰਘ ਦੀ ਅਗਵਾਈ ਵਿਚ ਪੰਜਾਬੀਆਂ ਨੇ ਸਰਹਿੰਦ ਨੂੰ ਫਤੇ ਕੀਤਾ। ਮਿਟ ਰਹੇ ਮੁਗਲ ਸਾਮਰਾਜ ਨੇ ਇਸ ਲਹਿਰ ਨੂੰ ਬਥੇਰਾ ਦਬਾਉਣ ਦੀ ਕੋਸ਼ਿਸ਼ ਕੀਤੀ, ਨਾਦਰਸ਼ਾਹ ਅਤੇ ਅਹਿਮਦਸ਼ਾਹ ਦੁਰਾਨੀ ਦੇ ਹੱਲਿਆਂ ਦੇ ਕਈ ਬਿਦੇਸ਼ੀ ਝੱਖੜ ਵੀ ਝੁਲੇ ਪਰ ਇਹ ਅੰਦੋਲਨ ਵੱਧ ਤੋਂ ਵੱਧ ਜ਼ੋਰ ਫੜਦਾ ਗਿਆ।

ਖ਼ਾਲਸਾ-ਸਾਜ਼ਨਾ ਤੋਂ ਠੀਕ ਸੌ ਵਰ੍ਹੇ ਬਾਅਦ ੧੭੯੯ ਈ. ਵਿਚ ਮਹਾਰਾਜਾ

ਰਣਜੀਤ ਸਿੰਘ ਨੇ ਲਾਹੌਰ ਦੇ ਕਿਲੇ ਤੇ ਪੰਜਾਬੀ ਝੰਡਾ ਝੁਲਾਇਆ ਤੇ ਸਾਂਝੇ ਪੰਜਾਬੀ ਰਾਜ ਦੀ ਨੀਂਹ ਰੱਖੀ। ਦੁਨੀਆਂ ਨੇ ਵੇਖਿਆ ਕਿ ਕੁਝ ਸਾਲਾਂ ਵਿਚ ਹੀ ਮੁਲਤਾਨ, ਪਿਸ਼ਾਵਰ, ਕਸ਼ਮੀਰ ਤੇ ਤਿੱਬਤ ਦੀਆਂ ਸਰਹਦਾਂ ਇਸ ਝੰਡੇ ਹੇਠ ਆ ਗਈਆਂ। ਜਦੋਂ ਕਿ ਇਹ ਸੂਬੇ ੫੦ ਵਰ੍ਹਿਆਂ ਤੋਂ ਪਠਾਣੀ ਕਬਜ਼ੇ ਹੇਠ ਚਲੇ ਆ ਰਹੇ ਸਨ। ਜੇਕਰ ਇਕ ਪਾਸੇ ਇਸ ਪੰਜਾਬੀ ਰਾਜ ਦੀਆਂ ਹੱਦਾਂ ਤਿੱਬਤ ਤੋਂ ਹਿੰਦੂ ਕੁਸ਼ ਪਹਾੜਾਂ ਨਾਲ ਖਹਿੰਦੀਆਂ ਸਨ ਤਾਂ ਦੂਜੇ ਪਾਸੇ ਸ਼ਿਕਾਰਪੁਰ ਸਿੰਧ ਨਾਲ ਜਾ ਲਗਦੀਆਂ ਸਨ। ਜੇ ਇਧਰ ਸਤਲੁਜ ਦਾ ਬੰਨਾ ਲਗਦਾ ਸੀ ਤਾਂ ਦੂਜੇ ਪਾਸੇ ਦੱਰਰਾ ਖੈਬਰ (ਅਫਗਾਨਿਸਤਾਨ) ਤਕ ਇਸਦੀ ਹੱਦ ਸੀ।

ਮਿ. ਕਨਿੰਘਮ ਦੇ ਸ਼ਬਦਾਂ ਵਿਚ 'ਰਣਜੀਤ ਸਿੰਘ ਨੂੰ ਪੰਜਾਬ ਅਧੋਗਤੀ ਵੱਲ ਜਾ ਰਿਹਾ ਮਿਲਿਆ, ਜੋ ਮਿਸਲਦਾਰ ਸਰਦਾਰਾਂ ਦੀ ਪਰਸਪਰ ਫੁੱਟ ਦਾ ਸ਼ਿਕਾਰ ਹੋ ਰਿਹਾ ਸੀ ਅਤੇ ਅਫਗਾਨਾਂ ਤੇ ਮਰਾਠਿਆਂ ਦਾ ਦਬਕਾਇਆ ਫਿਰੰਗੀਆਂ ਦੇ ਮਾਤਹਿਤ ਜਾਣ ਵਾਲਾ ਸੀ ਪਰ ਰਣਜੀਤ ਸਿੰਘ ਦੀ ਕਾਰੀਗਰੀ ਨੇ ਇਨ੍ਹਾਂ ਖਿੰਡੀਆਂ-ਪੁੰਡੀਆਂ ਸ਼ਕਤੀਆਂ ਨੂੰ ਇਕ ਥਾਂ ਜੋੜ ਕੇ ਇਕ ਸ਼ਾਨਦਾਰ ਬਾਦਸ਼ਾਹੀ ਵਿਚ ਸੰਗਠਿਤ ਕਰ ਦਿਤਾ। ਇਉਂ ਇਸ ਰਾਜ ਦੀ ਲੰਬਾਈ ਚੌੜਾਈ 1 ਲੱਖ 45 ਹਜ਼ਾਰ ਮੁਰੱਬਾ ਮੀਲ ਸੀ ਤੇ ਇਸ ਤੋਂ 32475000 ਰੁਪਿਆ ਸਾਲਾਨਾ ਆਮਦਨ ਸੀ।* ਸਾਰੀ ਸਟੇਟ ਦਾ ਰਾਜਪ੍ਰਬੰਧ ਸੂਬਾ ਲਾਹੌਰ, ਸੂਬਾ ਮੁਲਤਾਨ, ਸੂਬਾ ਪਿਸ਼ਾਵਰ ਤੇ ਸੂਬਾ ਕਸ਼ਮੀਰ ਵਿਚ ਵੰਡਿਆ ਹੋਇਆ ਸੀ। ਜਿਸ ਸਮੇਂ ਮ: ਰਣਜੀਤ ਸਿੰਘ ਦਾ ਦੇਹਾਂਤ ਹੋਇਆ, ਉਸ ਵੇਲੇ ਕੁਲ ਫੌਜ ਦੀ ਗਿਣਤੀ 1 ਲੱਖ

---

* ਪ੍ਰਿੰ: ਸੀਤਾ ਰਾਮ ਕੋਹਲੀ ਨੇ ਵੇਰਵਾ ਇਉਂ ਦਿੱਤਾ ਹੈ :-

ਮਾਲੀਆ	17557741
ਨਜ਼ਰਾਨਾ	603657
ਆਬਕਾਰੀ ਆਦਿ	1531634
ਜਾਗੀਰਾਂ	9196000
	28889032

ਸ਼ਾਮਤ ਅਲੀ ਨੇ 31 ਰਜਮਟਾਂ ਪੈਦਲ ਫੌਜ, 90 ਰਜਮਟਾਂ ਘੋੜ ਸਵਾਰ, 288 ਤੋਪਾਂ ਅਤੇ ਬਾਰਾਂ ਕੁ ਹਜ਼ਾਰ ਬੇਕਾਇਦਾ ਫੌਜ ਦੱਸੀ ਹੈ।

25 ਹਜ਼ਾਰ 800 ਜੁਆਨ ਸੀ। 384 ਵੱਡੀਆਂ ਤੋਪਾਂ, 480 ਹਲਕੀਆਂ ਤੋਪਾਂ ਤੇ 60 ਹਜ਼ਾਰ ਘੋੜਾ ਸੀ। ਖਜ਼ਾਨੇ ਵਿਚ 8 ਕਰੋੜ ਰੁਪਿਆ ਨਕਦ ਤੇ 80 ਕਰੋੜ ਰੁਪਏ ਦੇ ਹੀਰੇ ਜਵਾਹਰ ਆਦਿ ਸਨ। ਇਸ ਤੋਂ ਇਲਾਵਾ ਹੋਰ ਨਿਕਾ ਮੋਟਾ ਸਮਾਨ ਜੋ ਕਰੋੜਾਂ ਦੀ ਕੀਮਤ ਦਾ ਸੀ ਉਸ ਦੀ ਗਿਣਤੀ ਨਹੀਂ। ਇਤਨੇ ਰਾਜ, ਖਜ਼ਾਨੇ ਤੇ ਫੌਜ ਦੀ ਵਿਸ਼ਾਲਤਾ ਨੂੰ ਵੇਖ ਕੇ ਹੈਰਾਨੀ ਹੁੰਦੀ ਹੈ ਕਿ ਸ਼ੇਰੇ ਪੰਜਾਬ ਨੇ ਥੋੜੇ ਜਿਹੇ ਵਰ੍ਹਿਆਂ ਵਿਚ ਇਹ ਏਡੀ ਕਰਾਮਾਤ ਇਥੇ ਕਿਵੇਂ ਕਰ ਵਿਖਾਈ। ਉਸਦੀ ਇਸ ਦਾਨਾਈ, ਦੂਰੰਦੇਸ਼ੀ, ਮੇਹਨਤ, ਕਾਬਲੀਅਤ ਤੇ ਸੂਰਮਤਾਈ ਦੀ ਹਰ ਦੇਸੀ ਬਿਦੇਸੀ ਲਿਖਾਰੀ ਨੇ ਰੱਜ ਕੇ ਪ੍ਰਸੰਸਾ ਕੀਤੀ ਹੈ। ਜਿਨ੍ਹਾਂ ਉਸ ਨੂੰ ਅੱਖੀਂ ਵੇਖਿਆ, ਉਹ ਉਸਦੀ ਵਡਿਆਈ ਕਰਦੇ ਨਹੀਂ ਥੱਕਦੇ।

ਅਲੈਗਜ਼ੈਂਡਰ ਬਰਨਜ਼ ਕਹਿੰਦਾ ਹੈ ਕਿ ਮੈਂ ਕਿਸੇ ਹਿੰਦੁਸਤਾਨੀ ਤੋਂ ਇਤਨਾ ਪ੍ਰਭਾਵਿਤ ਨਹੀਂ ਹੋਇਆ, ਜਿਤਨਾ ਮ: ਰਣਜੀਤ ਸਿੰਘ ਤੋਂ । ਉਹ ਆਪਣੀ ਸ਼ਕਤੀ ਅਜੇਹੀ ਕਾਬਲੀਅਤ ਨਾਲ ਵਰਤਦਾ ਹੈ, ਜੋ ਕਿਸੇ ਹੋਰ ਦੇਸੀ ਰਾਜੇ ਵਿਚ ਬਿਲਕੁਲ ਨਹੀਂ ਵੇਖੀ ਗਈ। ਮੂਰ ਕਰਾਫਟ ਲਿਖਦਾ ਹੈ, ਕਿ ਮੈਂ ਏਸ਼ੀਆ-ਭਰ ਵਿਚ ਸ਼ੇਰਿ ਪੰਜਾਬ ਜਿੰਨਾ ਪ੍ਰਬੀਨ ਹੁਕਮਰਾਨ ਨਹੀਂ ਡਿਠਾ। ਕੈਪਟਨ ਮਰੇ ਆਖਦਾ ਹੈ ਕਿ ਅਸੀਂ ਉਸਦੀ ਵਡਿਆਈ ਕਰਨੋਂ ਰੁਕ ਨਹੀਂ ਸਕਦੇ, ਜਿਸ ਨੇ ਇਤਨੀਆਂ ਜ਼ਿਆਦਾ ਔਕੜਾਂ ਵਿਚੀਂ ਲੰਘ ਇਕ ਮਾਮੂਲੀ ਸਰਦਾਰੀ ਤੋਂ ਉਠਕੇ ਆਪਣੇ ਆਪ ਨੂੰ ਇਤਨੀ ਵੱਡੀ ਆਜ਼ਾਦ ਸਲਤਨਤ ਦਾ ਬਾਦਸ਼ਾਹ ਬਣਾਇਆ। ਮਾਰਸ਼ਮੈਨ ਦਾ ਇਹ ਅਨੁਮਾਨ ਠੀਕ ਹੈ ਕਿ ਜੇਕਰ ਈਸਟ ਇੰਡੀਆ ਕੰਪਨੀ ਦੀ ਅਥੱਲ ਤਾਕਤ ਨੇ ਉਸਨੂੰ ਸਾਰਿਆਂ ਪਾਸਿਆਂ ਤੋਂ ਘੇਰਿਆ ਨ ਹੁੰਦਾ ਤਾਂ ਉਹ ਨਿਰਸੰਦੇਹ ਹਿੰਦ ਵਿਚ ਇਕ ਨਾਮਣੇ ਵਾਲੀ ਨਵੀਂ ਸ਼ਹਿਨਸ਼ਾਹਿਅਤ ਕਾਇਮ ਕਰ ਜਾਂਦਾ। ਸਰ ਲੈਪਲ ਗ੍ਰਿਫਨ ਲਿਖਦਾ ਹੈ ਕਿ ਮ: ਰਣਜੀਤ ਸਿੰਘ ਸਚਮੁਚ ਸੰਸਾਰ ਦੇ ਉਨ੍ਹਾਂ ਗੈਰ ਮਾਮੂਲੀ ਆਦਮੀਆਂ ਵਿਚੋਂ ਹੋਇਆ ਹੈ, ਜਿਨ੍ਹਾਂ ਸੰਸਾਰ ਦਾ ਤਖਤਾ ਪਲਟ ਦਿੱਤਾ। ਜੇ ਅੰਗਰੇਜ਼ ਨਾ ਹੁੰਦੇ ਤਾਂ ਉਹ ਦਿੱਲੀ ਤਕ ਜਾਂ ਇਸ ਤੋਂ ਵੀ ਅੱਗੇ ਆਪਣੀਆਂ ਹੱਦਾਂ ਵਧਾਉਂਦਾ। ਉਸਦੇ ਰਾਜ ਬਾਰੇ ਡਬਲਿਊ ਸੀ, ਔਜ਼ਬਰਨ ਕਹਿੰਦਾ ਹੈ ਕਿ ਇਹ ਠੀਕ ਹੈ ਕਿ ਉਹ ਤੇਗ ਦੇ ਬਲ ਨਾਲ ਹਕੂਮਤ ਚਲਾਉਂਦਾ ਹੈ ਪਰ ਇਨਸਾਫ ਨਾਲ ਇਹ ਆਖਣਾ ਪੈਂਦਾ ਹੈ ਕਿ ਖੁਲ੍ਹੀ ਲੜਾਈ ਤੋਂ ਬਿਨਾਂ ਉਸਨੇ ਕਦੀ ਕਿਸੇ ਨੂੰ ਜਾਨੋਂ ਨਹੀਂ ਮਾਰਿਆ,

ਭਾਵੇਂ ਉਸ ਦੀ ਜਾਨ ਲੈਣ ਲਈ ਕਈ ਹੱਤਿਆਕਾਰੀ ਹੱਲੇ ਵੀ ਹੋਏ। ਕਈ ਮੁਹੱਜ਼ਬ ਰਾਜਿਆਂ ਦੇ ਦੇਸਾਂ ਨਾਲੋਂ ਉਸ ਦਾ ਰਾਜ ਜਬਰ ਜ਼ੁਲਮ ਤੋਂ ਰਹਿਤ ਹੈ।

ਜਰਨਲ ਜਾਨ ਗੌਰਡਨ ਦੇ ਲਫਜ਼ਾਂ ਵਿਚ ਉਸਦੇ ਪ੍ਰਬੰਧ ਥੱਲੇ ਜੇਹਾ ਸ਼ਾਂਤੀ ਦਾ ਰਾਜ ਹੋਇਆ, ਵੈਸਾ ਪੰਜਾਬ ਵਿਚ ਕਦੇ ਨਹੀਂ ਹੋਇਆ। ਮਿ: ਐਚ. ਈ. ਫੇਨ ਜੋ ਅੰਗਰੇਜ਼ ਕਮਾਂਡਰ-ਇਨ ਚੀਫ ਦਾ ਪਰਾਈਵੇਟ ਸਕੱਤਰ ਸੀ ਤੇ ਕੰਵਰ ਨੌਨਿਹਾਲ ਸਿੰਘ ਦੀ ਸ਼ਾਦੀ ਸਮੇਂ ਲਾਹੌਰ ਆਇਆ ਸੀ, ਉਹ ਲਿਖਦਾ ਹੈ : 'ਰਣਜੀਤ ਸਿੰਘ' ਨੂੰ ਉਸਦੀ ਪਰਜਾ ਬੜਾ ਉਦਾਰ-ਚਿਤ ਬਾਦਸ਼ਾਹ ਮੰਨਦੀ ਹੈ ਤੇ ਸਾਰੇ ਹੋ ਗੁਜ਼ਰੇ ਬਾਦਸ਼ਾਹਾਂ ਵਿਚੋਂ ਉਸ ਨੂੰ ਵਧੇਰੇ ਪਿਆਰਾ ਤੇ ਚੰਗਾ ਹੁਕਮਰਾਨ ਜਾਣਦੀ ਹੈ। ਉਸ ਨੂੰ ਨਾ ਕੇਵਲ ਵਡੇ ਹੀ ਪਿਆਰ ਕਰਦੇ ਹਨ, ਸਗੋਂ ਨਿਕੇ ਨਿਕੇ ਮੁੰਡੇ ਭੀ ਦਿਲੋਂ ਆਪਣਾ ਕਿਰਪਾਲੂ ਬਾਦਸ਼ਾਹ ਮੰਨਦੇ ਹਨ। ਉਸ ਦੇ ਹਰਮਨ ਪਿਆਰਾ ਹੋਣ ਦਾ ਇਸ ਤੋਂ ਵਧੇਰੇ ਹੋਰ ਕੀ ਸਬੂਤ ਹੋ ਸਕਦਾ ਹੈ ਕਿ ਜਦ ਤੋਂ ਉਸ ਨੇ ਰਾਜ ਭਾਗ ਸੰਭਾਲਿਆ ਹੈ, ਉਸ ਨੇ ਇਕ ਆਦਮੀ ਨੂੰ ਵੀ ਮੌਤ ਦੀ ਸਜ਼ਾ ਨਹੀਂ ਦਿਤੀ। ਉਸ ਦਾ ਬੇਅੰਤ ਕ੍ਰਿਪਾਲਤਾ ਵਾਲਾ ਸਲੂਕ, ਜੋ ਉਸ ਵਲੋਂ ਦੇਸ ਦੇ ਆਮ ਲੋਕਾਂ ਨਾਲ ਕੀਤਾ ਜਾਂਦਾ ਹੈ, ਉਸ ਦੇ ਚੰਗੇ ਤੇ ਉਚੇ ਆਚਰਣ ਦਾ ਸਬੂਤ ਹੈ। ਇਹ ਗੱਲ ਬੜੀ ਹੀ ਅਸਚਰਜ ਹੈ ਕਿ ਇਹ ਬਿਨਾਂ ਕਿਸੇ ਨੂੰ ਸਖਤ ਸਜ਼ਾ ਦੇਣ ਦੇ ਨਿਰੀ ਤਾੜਨਾ ਨਾਲ ਹੀ ਅਜੇਹੇ ਅੱਥਰੇ ਲੋਕਾਂ ਵਿਚ ਰਾਜ-ਪ੍ਰਬੰਧ ਨੂੰ ਬਹੁਤ ਚੰਗੀ ਤਰ੍ਹਾਂ ਨਿਭਾ ਰਿਹਾ ਹੈ ਅਤੇ ਉਸ ਦਾ ਮਾਮਲਾ ਬੱਧੇ ਸਮੇਂ ਵਿਚ ਸੌਖਾ ਹੀ ਉਸ ਦੇ ਖਜ਼ਾਨੇ ਵਿਚ ਪਹੁੰਚ ਜਾਂਦਾ ਹੈ। ਅਸਲ ਰਾਜਾ ਜਾਂ ਮਾਲਕ ਉਹ ਚੰਗਾ ਹੁੰਦਾ ਹੈ ਜਿਸ ਦੀ ਉਸ ਦੇ ਨੌਕਰ ਵੀ ਪ੍ਰਸ਼ੰਸਾ ਕਰਨ। ਮੇਜਰ ਹੈਨਰੀ ਲਾਰੰਸ ਲਿਖਦਾ ਹੈ, 'ਮੈਂ ਇਹ ਆਖ ਸਕਦਾ ਹਾਂ ਕਿ ਜਿਤਨਾ ਸਮਾਂ ਮੈਂ ਉਸਦੀ ਚਾਕਰੀ ਵਿਚ ਰਿਹਾ ਹਾਂ, ਘਟੋ ਘਟ ਹਰ ਯੂਰਪੀਨ ਫੌਜ ਨਾਲੋਂ ਉਸਦੀ ਨੌਕਰੀ ਵਿਚ ਘੱਟ ਹੀ ਗੁਲਾਮੀ ਦੇਖੀ ਹੈ ਤੇ ਹੋਰ ਮੁਹੱਜ਼ਬ ਰਾਜਾਂ ਦੀ ਨੌਕਰੀ ਨਾਲੋਂ ਉਥੇ ਮੈਨੂੰ ਆਪਣੀ ਜ਼ਮੀਰ ਵਿਰੁਧ ਘੱਟ ਹੀ ਕੋਈ ਗੱਲ ਕਰਨੀ ਪੈਂਦੀ ਸੀ।'

ਮਿ. ਮੈਕਗ੍ਰੇਗਰ ਕਹਿੰਦਾ ਹੈ ਕਿ ਮਹਾਰਾਜਾ ਆਪਣੀ ਪਰਜਾ ਨਾਲ ਬੜੇ ਹੀ ਪਿਆਰ ਨਾਲ ਵਰਤਦਾ ਸੀ। ਉਹ ਅਕਸਰ ਤਰਸ ਤੇ ਖਿਮਾਂ ਤੋਂ ਹੀ ਕੰਮ ਲੈਂਦਾ ਸੀ। ਚੰਗੇ ਵਰਤਾਉ ਤੇ ਰਹਿਮਦਿਲੀ ਵਿਚ ਉਹ ਨਿਰਸੰਦੇਹ ਇਸ ਦੇਸ ਵਿਚ ਹੋ ਗੁਜ਼ਰੇ ਸਾਰਿਆਂ ਬਾਦਸ਼ਾਹਾਂ ਵਿਚੋਂ ਮੋਹਰੀ ਸੀ। ਉਹ ਬਿਨਾਂ ਕਿਸੇ ਸੰਗੀਨ

ਅਪਰਾਧ ਦੇ ਕਦੇ ਕਿਸੇ ਨੂੰ ਸਖਤ ਸਜ਼ਾ ਨਹੀਂ ਸੀ ਦੇਂਦਾ। ਨਾ ਉਹ ਕਿਸੇ ਦੀ ਜਾਨ ਨਹੱਕ ਗਵਾਉਂਦਾ ਤੇ ਨਾ ਹੀ ਕਿਸੇ ਨੂੰ ਅੰਗਹੀਣ ਕਰਵਾਉਂਦਾ। ਇਸੇ ਦੀ ਪੁਸ਼ਟੀ ਕਰਦਾ ਮੁਹੰਮਦ ਲਤੀਫ ਲਿਖਦਾ ਹੈ ਕਿ ਇਸ ਗੱਲ ਵਿਚ ਅਸੀਂ ਵੀ ਮੈਕਗ੍ਰੇਗਰ ਨਾਲ ਸੰਮਤੀ ਰਖਦੇ ਹਾਂ ਕਿ ਅਸਾਂ ਵੀ ਕਿਸੇ ਇਤਿਹਾਸ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਸਖਤੀ, ਬੁਰਿਆਈ ਤੇ ਜ਼ੁਲਮ ਦੀ ਕੋਈ ਨਜ਼ੀਰ ਨਹੀਂ ਪੜ੍ਹੀ। ਅਸਾਂ ਕਿਤੇ ਨਹੀਂ ਸੁਣਿਆ ਕਿ ਉਸ ਨੇ ਕਿਸੇ ਦੀਆਂ ਅੱਖਾਂ ਕਢਵਾ ਸੁਟੀਆਂ ਹੋਣ ਜਾਂ ਕਿਸੇ ਦੇ ਅੰਗ ਭੰਗ ਕੀਤੇ ਹੋਣ ਜਾਂ ਫਿਰ ਕਿਸੇ ਨੂੰ ਤਸੀਹੇ ਦੇ ਦੇ ਜਾਨੋਂ ਮਾਰਿਆ ਹੋਵੇ।*

ਕੈਪਟਨ ਮਰੇ ਇਸ ਗੱਲ ਦੀ ਤਸਦੀਕ ਕਰਦਾ ਲਿਖਦਾ ਹੈ ਕਿ ਉਸਦੀ ਤਬੀਅਤ ਵਿਚ ਬੇਰਹਿਮੀ ਨਹੀਂ ਸੀ ਅਤੇ ਉਸਨੇ ਸਖਤ ਤੋਂ ਸਖਤ ਕਸੂਰ ਲਈ ਵੀ ਕਦੀ ਕਿਸੇ ਦੋਖੀ ਨੂੰ ਮੌਤ ਦੀ ਸਜ਼ਾ ਨਹੀਂ ਦਿੱਤੀ। ਇਨਸਾਨੀ ਹਮਦਰਦੀ ਬਲਕਿ ਰਹਿਮਦਿਲੀ ਰਣਜੀਤ ਸਿੰਘ ਦੇ ਆਚਰਣ ਦਾ ਇਕ ਖਾਸਾ ਸੀ, ਐਸੀ ਕੋਈ ਮਿਸਾਲ ਨਹੀਂ ਕਿ ਉਸਨੇ ਕਦੀ ਬੇਪਰਵਾਹੀ ਵਿਚ ਵੀ ਕਿਸੇ ਦੇ ਖ਼ੂਨ ਨਾਲ ਆਪਣੇ ਹੱਥ ਰੰਗੇ ਹੋਣ।

ਬੈਰਨ ਚਾਰਲਸ ਹਿਊਗਲ ਕਹਿੰਦਾ ਹੈ 'ਸ਼ਾਇਦ ਅੱਗੇ ਕਦੇ ਵੀ ਕਿਸੇ ਇਕ ਆਦਮੀ ਨੇ ਇਤਨੀ ਘਟ ਸਖਤੀ ਨਾਲ ਰਾਜ ਨਹੀਂ ਕਾਇਮ ਕੀਤਾ ਅਤੇ ਜਦ ਅਸੀਂ ਉਸਦੇ ਮੁਲਕ ਅਤੇ ਅਸਭਯ ਲੋਕਾਂ ਵੱਲ ਨਜ਼ਰ ਮਾਰਦੇ ਹਾਂ ਜਿਨ੍ਹਾਂ ਨਾਲ ਕਿ ਉਸਨੂੰ ਵਰਤਣਾ ਪੈਂਦਾ ਹੈ ਤਾਂ ਉਸਦੀ ਨਰਮ ਹਕੂਮਤ ਹੋਰ ਵੀ ਅਨੋਖੀ ਜਾਪਦੀ ਹੈ।'

ਸ਼ੇਰਿ ਪੰਜਾਬ ਦੇ ਇਤਨਾ ਹਰਮਨ ਪਿਆਰਾ ਹੋਣ ਦਾ ਕਾਰਣ ਇਹ ਸੀ ਕਿ ਉਹ ਬਿਨਾਂ ਕਿਸੇ ਮਜ਼ਬੀ ਭਿੰਨ ਭੇਦ ਦੇ ਹਰ ਹਿੰਦੂ, ਮੁਸਲਮਾਨ ਨੂੰ ਉਤਨਾ ਹੀ ਪਿਆਰਦਾ ਸੀ, ਜਿਤਨਾ ਕਿ ਸਿਖਾਂ ਨੂੰ। ਫਕੀਰ ਅਜੀਜ਼ੁਦੀਨ ਬਿਦੇਸ ਮੰਤ੍ਰੀ ਤੇ ਗ੍ਰਿਹ ਮੰਤਰੀ ਸੀ. ਮੀਆਂ ਗੌਸ ਖ਼ਾਂ ਤੇ ਸੁਲਤਾਨ ਮੁਹੰਮਦ ਖ਼ਾਂ ਦੋਵੇਂ ਪਿਊ ਪੁੱਤਰ ਮਹਾਰਾਜ ਦੇ ਤੋਪਖਾਨੇ ਦੇ ਇੰਚਾਰਜ ਰਹੇ। ਇਲਾਹੀ ਬਖਸ਼, ਦੀਵਾਨ ਮੋਹਕਮ ਚੰਦ, ਮਿਸਰ ਦੀਵਾਨ ਚੰਦ ਮੰਨੇ ਹੋਏ ਫੌਜੀ ਜਰਨੈਲ ਸਨ। ਦੀਵਾਨ

---

* ਮ: ਰਣਜੀਤ ਸਿੰਘ (ਬਾਵਾ ਪ੍ਰੇਮ ਸਿੰਘ), ਪੰਨਾ 321

ਸਾਵਣ ਮੱਲ, ਸੂਬਾ ਮੁਲਤਾਨ ਦਾ ਤੇ ਦੀਵਾਨ ਮੋਤੀ ਰਾਮ ਕਸ਼ਮੀਰ ਦਾ ਹਾਕਮ ਰਿਹਾ। ਰਾਜਾ ਦੀਨਾਨਾਥ, ਦੀਵਾਨ ਗੰਗਾ ਰਾਮ, ਭਵਾਨੀ ਦਾਸ ਤੇ ਮਿਸਰ ਬੇਲੀ ਰਾਮ ਆਦਿ ਸਿਆਣੇ ਸਰਕਾਰੀ ਖਜ਼ਾਨੇ ਦੀ ਸੰਭਾਲ ਦੇ ਜ਼ਿੰਮੇਵਾਰ ਸਨ। ਡੋਗਰੇ ਤਾਂ ਆਪਣੀ ਚਤੁਰਤਾ ਨਾਲ ਥਾਂ ਥਾਂ ਮਾਨ ਮਰਾਤਬੇ ਪ੍ਰਾਪਤ ਕਰਦੇ ਹੀ ਸਨ, ਧਿਆਨ ਸਿੰਘ ਵਜ਼ੀਰ-ਆਜ਼ਮ ਸੀ। ਯੋਗਤਾ ਕਰਕੇ ਕਈ ਬਿਦੇਸੀ ਵੀ ਸੂਬਿਆਂ ਦੇ ਹਾਕਮ ਬਣੇ ਜਿਵੇਂ ਕਿ ਅਵੀਤੇਬਿਲ ਪਿਸ਼ਾਵਰ ਦਾ ਗਵਰਨਰ ਰਿਹਾ ਸੀ। ਇਉਂ ਅਸੀਂ ਵੇਖਦੇ ਹਾਂ ਕਿ ਮਹਾਰਾਜੇ ਦੇ ਰਾਜ ਵਿਚ ਸਭ ਦੇ ਸਮਾਨ ਅਧਿਕਾਰ ਸਨ ਤੇ ਉਸਦਾ ਰਾਜ ਸਹੀ ਅਰਥਾਂ ਵਿਚ ਅਫਿਰਕੂ (Secular) ਸਾਂਝਾ ਪੰਜਾਬੀ ਰਾਜ ਸੀ। ਪਿੰਡਾਂ ਵਿਚ ਪੰਚਾਇਤਾਂ ਪ੍ਰਬੰਧ ਚਲਾਉਂਦੀਆਂ ਸਨ ਤੇ ਮਹਾਰਾਜੇ ਦਾ ਸਰਕਾਰੀ ਕਰਮਚਾਰੀਆਂ ਨੂੰ ਹੁਕਮ ਸੀ ਕਿ ਉਹ ਪਿੰਡ ਦੇ ਚੌਧਰੀਆਂ, ਪੰਚਾਂ ਦੀ ਸਲਾਹ ਨਾਲ ਹੀ ਲਗਾਨ ਲਾਇਆ ਕਰਨ -

'ਬਮਸ਼ਵਰਾ ਚੌਧਰੀਆ ਵ ਪੰਚਾਂ, ਸ਼ਾਇਸਤਾ ਕਸ ਬੰਦੋਬਸਤ ਮੁਆਮਲਾ ਬਾਜਦ ਸਾਖ਼ਤ।'*

ਇਸ ਰਾਜ ਦਾ ਨਾਂ 'ਸਰਕਾਰ ਖਾਲਸਾ' ਅਤੇ ਸ਼ਾਹੀ ਦਰਬਾਰ ਦਾ ਨਾਮ 'ਦਰਬਾਰ ਖਾਲਸਾ' ਸੱਦਿਆ ਜਾਂਦਾ ਸੀ ਤੇ ਨਾਨਕਸ਼ਾਹੀ ਸਿੱਕਾ ਚਲਦਾ ਸੀ। ਇਕ-ਪੁਰਖੀ ਰਾਜੇ ਵਾਂਗ ਮਹਾਰਾਜੇ ਨੇ ਆਪਣੇ ਆਪ ਨੂੰ ਕਦੀ ਵੱਡਾ ਪਰਗਟ ਨਹੀਂ ਕੀਤਾ, ਉਸਦੀ ਆਪਣੀ ਮੋਹਰ ਵਿਚ ਵੀ 'ਰਣਜੀਤ ਸਿੰਘ, ਅਕਾਲ ਸਹਾਇ' ਲਿਖਿਆ ਹੋਇਆ ਸੀ। ਵੱਧ ਤੋਂ ਵੱਧ ਸਿਖ ਉਸਨੂੰ 'ਸਿੰਘ ਸਾਹਿਬ' ਕਹਿਕੇ ਪੁਕਾਰਦੇ ਸਨ ਤੇ ਆਮ ਪਰਜਾ ਉਸਨੂੰ ਪਿਆਰ ਸਤਿਕਾਰ ਨਾਲ 'ਸਰਕਾਰ' ਨਾਂ ਨਾਲ ਹੀ ਯਾਦ ਕਰਦੀ ਸੀ।

ਇਤਿਹਾਸਕ ਵਿਥਿਆ :

ਪੰਜਾਬ ਦੇ ਰਾਜਨੀਤਕ ਇਤਿਹਾਸ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਨਾਂ ਸੂਰਜ ਵਾਂਗ ਦਮਕਾਂ ਮਾਰ ਰਿਹਾ ਹੈ। ਰਾਜ-ਪ੍ਰਬੰਧਕ ਵਿਸ਼ੇਸ਼ਤਾਵਾਂ ਕਾਰਣ ਉਸ ਨੂੰ ਸਹਿਜੇ ਹੀ ਮਹਾਰਾਜਾ ਅਸ਼ੋਕ ਤੇ ਬਾਦਸ਼ਾਹ ਅਕਬਰ ਨਾਲ ਮੇਲਿਆ ਜਾ ਸਕਦਾ ਹੈ। ਉਸ ਦੀ ਰਾਜਨੀਤਕ ਕਾਬਲੀਅਤ, ਸੂਰਮਗਤੀ, ਪਰਜਾ-

* ਜੀਵਨ ਮਹਾਰਾਜਾ ਰਣਜੀਤ ਸਿੰਘ (ਬਾਬਾ ਪ੍ਰੇਮ ਹੋਤੀ), ਪੰਨਾ 292

ਪਿਆਰ ਤੇ ਚੜ੍ਹਦੀ ਕਲਾ ਦੇ ਇਤਿਹਾਸਕ ਕਾਰਨਾਮੇ ਭੁਲਾਏ ਜਾਣ ਵਾਲੇ ਨਹੀਂ। ਸੱਚੀ ਗੱਲ ਤਾਂ ਇਹ ਕਿ ਪੰਜਾਬ ਦੀ ਜੇਹੀ ਸ਼ਾਨ, ਸ਼ੋਭਾ, ਮਾਣ ਮਹੱਤਾ ਤੇ ਖੁਸ਼ਹਾਲੀ ਉਸ ਦੇ ਰਾਜ ਵਿਚ ਹੋਈ, ਅਜੇਹੀ ਹੋਰ ਕਿਸੇ ਜ਼ਮਾਨੇ ਸ਼ੈਦ ਪੰਜਾਬ ਨੂੰ ਨਸੀਬ ਨਹੀਂ ਹੋਈ। ਬਹਾਦਰੀ ਨਾਲ ਦੇਸ ਲਈ ਘਾਲੀਆਂ ਘਾਲਾਂ ਕਾਰਣ ਉਸ ਨੂੰ 'ਸ਼ੇਰਿ ਪੰਜਾਬ' ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਉਹ ਸਚਮੁਚ ਪੰਜਾਬ ਦਾ ਸ਼ੇਰ ਸੀ, ਜਿਸ ਨੇ ਅਤਿਆਚਾਰੀ ਜਰਵਾਣਿਆਂ ਦਾ ਬੀ ਨਾਸ ਕਰਕੇ ਪੰਜਾਬ ਵਿਚ ਅਮਨ-ਅਮਾਨ ਦਾ ਰਾਜ ਕਾਇਮ ਕੀਤਾ।

ਸਿਖ ਮਿਸਲਾਂ ਦਾ ਚੜ੍ਹਦੀਆਂ ਕਲਾ ਦਾ ਸਮਾਂ ਇਕ ਪ੍ਰਫੁਲਤ ਬੂਟੇ ਵਾਂਗ ਸੀ ਜਿਸ ਤੇ ਮਹਾਰਾਜਾ ਰਣਜੀਤ ਸਿੰਘ ਸ਼ੇਰਿ ਪੰਜਾਬ ਸੁੰਦਰ ਗੁਲਾਬ ਦੇ ਫੁਲ ਵਾਂਗ ਵਿਗਸਿਆ ਤੇ ਜਿਸ ਦੀ ਮਹਿਕ ਨੇ ਹਿੰਦ ਵਿਚ ਹੀ ਨਹੀਂ ਸਗੋਂ ਏਸ਼ੀਆ ਤੇ ਯੂਰਪ ਭਰ ਵਿਚ ਸਿੱਖ ਪੰਥ ਦੀ ਸੁਗੰਧ ਫੈਲਾਈ। ਉਸ ਦੇ ਉਜਾਗਰ ਹੋਣ ਸਮੇਂ ਪੰਜਾਬ ਦੀ ਅਵਸਥਾ ਯੋਗ ਨੇਤਾ ਦੇ ਅਭਾਵ ਕਾਰਣ ਡਾਵਾਂ-ਡੋਲ ਜਿਹੀ ਸੀ। ਸ: ਜੱਸਾ ਸਿੰਘ ਆਹਲੂਵਾਲੀਆ, ਸ: ਬਘੇਲ ਸਿੰਘ, ਸ: ਹਰੀ ਸਿੰਘ ਭੰਗੀ ਤੇ ਸ: ਚੜ੍ਹਤ ਸਿੰਘ ਜੇਹੀਆਂ ਪ੍ਰਸਿਧ ਪੰਥਕ ਹਸਤੀਆਂ ਸਿੱਖ ਕੌਮ ਵਿਚ ਨਹੀਂ ਸਨ ਰਹੀਆਂ ਤੇ ਅਗੋਂ ਅਜੇਹੇ ਮਿਸਲਦਾਰ ਅੱਗੇ ਆਏ ਜੋ ਚੰਗੇ ਸਿੰਘ ਹੋਣ ਦੀ ਨਿਸਬਤ ਸਰਦਾਰ ਵਧੇਰੇ ਸਨ। ਬਜ਼ੁਰਗਾਂ ਦੀਆਂ ਘਾਲਾਂ ਨਾਲ ਉਨ੍ਹਾਂ ਨੂੰ ਚੰਗੀ ਚੋਖੀ ਆਮਦਨੀ ਵਾਲੇ ਇਲਾਕੇ ਤਾਂ ਵਿਰਸੇ ਵਿਚ ਬਣੇ ਬਣਾਏ ਮਿਲ ਗਏ ਸਨ, ਪਰ ਉਨ੍ਹਾਂ ਵਿਚ ਆਚਰਣਕ ਉਚਤਾ, ਕੁਰਬਾਨੀ, ਸੇਵਾ ਭਾਵ ਤੇ ਦਾਨਾਈ ਉਸ ਮਾਤਰਾ ਵਿਚ ਨਹੀਂ ਸੀ ਕਿ ਉਨ੍ਹਾਂ ਦੀ ਪੂਰੀ ਤਰ੍ਹਾਂ ਸੰਭਾਲ ਕਰ ਸਕਦੇ। ਕਾਬਲ ਦੀ ਕਮਜ਼ੋਰ ਸ਼ਹਿਨਸ਼ਾਹੀਅਤ ਵੀ ਸਿੰਘਾਂ ਦੀ ਇਹ ਦਸ਼ਾ ਵੇਖ ਕੇ ਲਾਹੌਰ ਉਤੇ ਫਿਰ ਕਬਜ਼ੇ ਦਾ ਦਾਅ ਮਾਰਨ ਦੇ ਆਹਰ ਵਿਚ ਸੀ। ਜਮਨਾ ਪਾਰ ਮਰਹੱਟੇ ਤੇ ਫ਼ਿਰੰਗੀ ਵੀ ਅਜੇਹੀ ਤਾੜ ਵਿਚ ਸਨ ਕਿ ਕਦੋਂ ਅਜੇਹਾ ਮੌਕਾ ਮਿਲੇ। ਪੰਜਾਬ ਦੇ ਕਈ ਪੁਰਾਣੇ ਖ਼ਾਨਦਾਨੀ ਮੁਸਲਮ ਚੌਧਰੀ ਪਠਾਣ, ਸੱਯਦ ਤੇ ਚੱਠੇ ਆਦਿ ਇਸ ਗੱਲ ਲਈ ਤਿਆਰ ਬੈਠੇ ਸਨ ਕਿ ਜੇ ਕੋਈ ਸਿੱਖ ਤਾਕਤ ਨੂੰ ਸੱਟ ਮਾਰੇ, ਉਸ ਦਾ ਸਾਥ ਦਿਤਾ ਜਾਵੇ। ਕਸੂਰ, ਪਾਕਪਟਨ, ਝੰਗ, ਨੂਰਪੁਰ, ਮਿਠਾ ਟਿਵਾਣਾ, ਖੁਸ਼ਾਬ ਤੇ ਸਾਹੀਵਾਲ ਆਦਿ ਦੇ ਨਵਾਬ ਖਾਲਸਈ ਇਲਾਕਿਆਂ ਵਿਚ ਆਪਣੀ ਆਪਣੀ ਥਾਂ ਜੰਮੇ ਹੋਏ ਸਨ। ਇਸ ਤੋਂ ਇਆਵਾ ਕਸ਼ਮੀਰ,

ਅਟਕ, ਪਿਸ਼ੌਰ, ਮਨਕੇਰਾ ਤੇ ਮੁਲਤਾਨ ਦੇ ਸੁਤੰਤਰ ਨਵਾਬ ਵੀ ਚੰਗੀ ਤਾਕਤ ਦੇ ਮਾਲਕ ਸਨ। ਇਹ ਨਵਾਬੀ ਘੇਰਾ ਕਿਸੇ ਮੌਕੇ ਵੀ ਦਿੱਲੀ ਯਾ ਕਾਬਲ ਨਾਲ ਮਿਲ ਕੇ ਖਿੰਡੀ-ਪੁੰਡੀ ਸਿੱਖ ਤਾਕਤ ਲਈ ਮਾਰੂ ਹੋ ਸਕਦਾ ਸੀ। ਜਾਰਜ ਥਾਮਸ ਸਿੱਖ ਮਿਸਲਾਂ ਦੇ ਅੱਖੀਂ ਡਿਠੇ ਹਾਲ ਬਿਆਨ ਕਰਦਾ ਲਿਖਦਾ ਹੈ ਕਿ ਪਿਛਲੇ ਸਾਲਾਂ ਤੋਂ ਸਿਖ ਸਰਦਾਰਾਂ ਵਿਚ ਬਖੇੜਾ-ਝਗੜਾ ਤੇ ਘਰੇਲੂ ਵੈਰ ਵਧਿਆ ਹੈ, ਜਿਸ ਨੇ ਉਨ੍ਹਾਂ ਵਿਚ ਬਦਲੇ ਦੀ ਭਾਵਨਾ ਤੇ ਭਾਰੀ ਫੂਟ ਪੈਦਾ ਕਰ ਦਿੱਤੀ ਹੈ। ਇਉਂ ਸਿੰਘਾਂ ਦੀ ਸਮੱਰਥਾ ਜੋ ਕਾਬਲ ਤੇ ਦਿੱਲੀ ਨੂੰ ਕੰਬਾ ਰਹੀ ਸੀ, ਉਹ ਖੁਦ ਫੁਟ ਦਾ ਸ਼ਿਕਾਰ ਹੋ ਕੇ ਤਬਾਹੀ ਵਲ ਜਾ ਰਹੀ ਸੀ।

ਸ. ਚੜ੍ਹਤ ਸਿੰਘ ਦੇ ਪੋਤੇ, ਸ. ਮਹਾਂ ਸਿੰਘ ਦੇ ਸਪੁੱਤਰ-ਸ਼ੁਕਰਚੱਕੀਆ ਮਿਸਲ ਦੇ ਨੌਜੁਆਨ ਸਰਦਾਰ ਰਣਜੀਤ ਸਿੰਘ (ਜਨਮ 2 ਨਵੰਬਰ 1780) ਨੇ ਇਸ ਸਾਰੀ ਦੁਰਦਸ਼ਾ ਨੂੰ ਅਨੁਭਵ ਕਰ ਕੇ ਖਿੰਡੇ-ਪੁੰਡੇ ਸਿਖ ਤੇ ਗੈਰ ਸਿਖ ਰਜਵਾੜਿਆਂ ਨੂੰ ਸੰਗਠਿਤ ਕਰ ਕੇ ਇਕ ਸ਼ਾਨਦਾਰ ਪੰਜਾਬੀ ਸਲਤਨਤ ਕਾਇਮ ਕਰਨ ਦਾ ਫੈਸਲਾ ਕੀਤਾ। ਕਨ੍ਹਈਆ ਅਤੇ ਨਕਈ ਮਿਸਲ ਦੀ ਤਾਕਤ ਰਿਸ਼ਤੇ -ਦਾਰੀ ਹੋ ਜਾਣ ਕਾਰਣ ਰਣਜੀਤ ਸਿੰਘ ਨਾਲ ਬੱਝ ਚੁਕੀ ਸੀ, ਇਸ ਮਿਲਵੀਂ ਤਾਕਤ ਨੇ ਭੰਗੀ ਮਿਸਲ ਦੇ ਸਰਦਾਰਾਂ- ਮੋਹਰ ਸਿੰਘ, ਸਾਹਿਬ ਸਿੰਘ ਤੇ ਚੇਤ ਸਿੰਘ - ਤੋਂ 7 ਜੁਲਾਈ 1799 ਨੂੰ ਲਾਹੌਰ ਖੋਹ ਕੇ ਆਪਣੇ ਕਬਜ਼ੇ ਕੀਤਾ। ਪੰਜਾਬ ਉਤੇ ਰਾਜ ਕਰਨ ਲਈ ਇਸ ਦੀ ਕੇਂਦਰੀ ਰਾਜਧਾਨੀ ਕਾਬੂ ਕਰਨਾ ਪਹਿਲੀ ਤੇ ਜ਼ਰੂਰੀ ਗੱਲ ਸੀ। ਨਾਲੇ ਲਾਹੌਰ ਦੇ ਪਤਵੰਤਿਆਂ-ਹਕੀਮ ਹਾਕਮ ਰਾਇ, ਸ. ਗੁਰਬਖਸ਼ ਸਿੰਘ ਤੇ ਮੀਆਂ ਆਸ਼ਕ ਮੁਹੰਮਦ ਆਦਿ ਨੇ ਭੰਗੀਆਂ ਦੀ ਤ੍ਰੈਅਮਲੀ ਤੋਂ ਛੁਟਕਾਰਾ ਪਾਉਣ ਲਈ ਰਣਜੀਤ ਸਿੰਘ ਵਲ ਬੇਨਤੀ-ਪੱਤ੍ਰ ਵੀ ਘੱਲਿਆ ਸੀ। ਰਣਜੀਤ ਸਿੰਘ ਨੇ ਲਾਹੌਰ ਤੇ ਕਬਜ਼ਾ ਕਰ ਕੇ ਨਾਨਕਸ਼ਾਹੀ ਸਿੱਕਾ ਚਾਲੂ ਕੀਤਾ, ਜਿਸ ਤੇ ਇਹ ਸ਼ਬਦ ਅੰਕਿਤ ਸਨ :-

'ਦੇਗੋ ਤੇਗੋ ਫਤਹ ਨੁਸਰਤ ਬੇਦਰੰਗ
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।'

ਭੰਗੀ ਤੇ ਰਾਮਗੜ੍ਹੀਏ ਸਰਦਾਰਾਂ ਨਿਜ਼ਾਮੁੱਦੀਨ ਕਸੂਰੀਏ ਨਾਲ ਰਲ ਕੇ ਰਣਜੀਤ ਸਿੰਘ ਦੀ ਉਠ ਰਹੀ ਤਾਕਤ ਨੂੰ ਦਕਾਉਣਾ ਚਾਹਿਆ, ਭਸੀਨ ਦੇ ਮੁਕਾਮ ਤੇ ਤਕੜੀ ਟੱਕਰ ਹੋਈ ਪਰ ਦੁਸ਼ਮਣ ਨੂੰ ਹਾਰ ਦਾ ਮੂੰਹ ਦੇਖਣਾ ਪਿਆ।

ਰਣਜੀਤ ਸਿੰਘ ਨੇ ਦਾਨਾਈ ਤੋਂ ਕਮ ਲੈਂਦਿਆਂ- ਸ. ਜੱਸਾ ਸਿੰਘ ਆਹਲੂਵਾਲੀਏ ਦੇ ਪੋਤੇ ਸ. ਫਤਹ ਸਿਘ ਨਾਲ ਪਗ ਵਟਾ ਕੇ ਮਿਤ੍ਰਤਾ ਗੰਢੀ, ਜਿਸ ਦੇ ਖ਼ਾਨਦਾਨ ਤੋਂ ਅਗ ਕਪੂਰਥਲਾ ਰਿਆਸਤ ਚਲੀ। 1805 ਵਿਚ ਮਰਾਠਾ ਸਰਦਾਰ ਜਸਵੰਤ ਰਾਓ ਹੁਲਕਰ ਫਿਰੰਗੀਆਂ ਦਾ ਦਬਾਇਆ, ਸਹਾਇਤਾ ਦੀ ਆਸ ਲੈ ਕੇ ਪੰਜਾਬ ਆਇਆ, ਇਸ ਸਮੇਂ ਮਹਾਰਾਜਾ ਮੁਲਤਾਨ ਵਲ ਦੌਰੇ ਤੇ ਸੀ। ਵਾਪਸੀ ਤੇ ਉਸ ਨੇ ਹੁਲਕਰ ਦਾ ਖੋਹਿਆ ਇਲਾਕਾ ਦਿਵਾ ਕੇ ਦੋਹਾਂ ਧਿਰਾਂ ਦਾ ਸਮਝੌਤਾ ਕਰਾ ਦਿੱਤਾ, ਇਸ ਨਾਲ ਦੇਸ਼ ਵਿਚ ਮਹਾਰਾਜੇ ਦੀ ਦਾਨਾਈ ਤੇ ਰਾਜਨੀਤਕ ਪ੍ਰਭਾਵ ਦਾ ਸਿੱਕਾ ਦੂਰ ਦੂਰ ਮੰਨਿਆ ਗਿਆ।

ਅੰਗ੍ਰੇਜ਼ਾਂ ਲਈ ਰਣਜੀਤ ਸਿੰਘ ਦੀ ਚੜ੍ਹਦੀ ਤਾਕਤ ਅਸਹਿ ਸੀ ਤੇ ਉਹ ਇਸ ਨੂੰ ਸਤਲੁਜ ਤਕ ਮਹਿਦੂਦ ਰਖ ਕੇ ਰਾਜ਼ੀ ਸਨ। ਮਹਾਰਾਜੇ ਦਾ ਸੁਪਨਾ ਸੀ ਕਿ ਸੂਬਾ ਸਰਹੰਦ ਦੇ ਇਲਾਕੇ ਵਾਲੀਆਂ ਰਿਆਸਤਾਂ ਤੇ ਜਾਗੀਰਾਂ ਨੂੰ ਵੀ ਸੰਗਠਿਤ ਕਰ ਕੇ ਕਿਵੇਂ ਨ ਕਿਵੇਂ ਜਮਨਾ ਤਕ ਮਹਾਨ ਪੰਜਾਬੀ ਰਾਜ ਸਥਾਪਤ ਕੀਤਾ ਜਾਵੇ।

ਇਵੇਂ ਹੀ 1806 ਵਿਚ ਰਾਜਾ ਸਾਹਿਬ ਸਿੰਘ ਪਟਿਆਲਾ ਤੇ ਰਾਜਾ ਜਸਵੰਤ ਸਿੰਘ ਨਾਭਾ ਦੇ ਦਰਮਿਆਨ ਚਲ ਰਹੇ ਝਗੜੇ ਦਾ ਨਿਪਟਾਰਾ ਕੀਤਾ। 1808 ਵਿਚ ਸਤਲੁਜ ਪਾਰ ਦਿਆਂ ਰਾਜਿਆਂ ਰਈਸਾਂ, ਸਮਾਣੇ ਵਿਚ ਇਕੱਤਰ ਹੋ ਕੇ ਫਿਰੰਗੀਆਂ ਦੀ ਰਾਖੀ ਹੇਠ ਆ ਜਾਣ ਦਾ ਫੈਸਲਾ ਕੀਤਾ, ਜਿਸ ਦਾ ਮਹਾਰਾਜੇ ਨੂੰ ਤਕੜਾ ਦੁਖ ਹੋਇਆ। 25 ਅਪ੍ਰੈਲ 1809 ਨੂੰ ਅੰਗ੍ਰੇਜ਼ਾਂ ਦੇ ਪ੍ਰਤਿਨਿਧ ਮਿ. ਮਿਟਕਾਫ ਤੇ ਮਹਾਰਾਜਾ ਦੇ ਦਰਮਿਆਨ ਕਸੂਰ ਲਾਗੇ ਅਹਿਦਨਾਮਾ ਹੋਇਆ, ਜਿਸ ਅਨੁਸਾਰ ਸਤਲੁਜ, ਮਹਾਰਾਜੇ ਦੀ ਰਾਜਸੀ ਹੱਦ ਮੰਨੀ ਗਈ ਤੇ ਦਰਿਆ ਪਾਰ ਦਾ ਇਲਾਕਾ ਅੰਗ੍ਰੇਜ਼ੀ ਪ੍ਰਭਾਵ ਹੇਠ ਆ ਗਿਆ। ਹੁਣ ਮਹਾਰਾਜੇ ਨੇ ਪਹਾੜੀ ਇਲਾਕੇ ਵਲ ਰੁਖ ਕੀਤਾ ਤੇ ਕਾਂਗੜਾ ਫਤ੍ਹੇ ਕਰਕੇ ਕੁੱਲੂ, ਮੰਡੀ, ਸੁਕੇਤ ਤੇ ਨੂਰਪੁਰ ਆਦਿ ਰਿਆਸਤਾਂ ਨੂੰ ਤਾਬੇ ਕੀਤਾ। 1810 ਵਿਚ ਸਾਹੀਵਾਲ ਤੇ ਖੁਸ਼ਾਬ, ਸਿੱਖ ਰਾਜ ਵਿਚ ਮਿਲਾਏ ਗਏ। ਕੁਦਰਤ ਦੀ ਖੇਡ ਅਹਿਮਦਸ਼ਾਹ ਅਬਦਾਲੀ ਦਾ ਪੋਤਰਾ ਹਿੰਦ ਉਤੇ ਚਾਰ ਅਸਫਲ ਹੱਲੇ ਕਰਨ ਵਾਲਾ ਸ਼ਾਹ ਜ਼ਮਾਨ - ਮਹਾਰਾਜੇ ਪਾਸ ਸਰਣਾਰਥੀ ਹੋ ਕੇ ਆਇਆ। ਸ਼ੇਰਿ-ਪੰਜਾਬ ਨੇ 1813 ਵਿਚ ਇਸ ਦੇ ਭਰਾ ਸ਼ਾਹ ਸੁਜਾਅ ਨੂੰ ਕਸ਼ਮੀਰ ਦੀ ਮੁਹਿਮ

ਸਰ ਕਰਕੇ ਕੈਦੋਂ ਛੁਡਾ ਕੇ ਲਿਆਂਦਾ ਜਿਸ ਤੇ ਉਸ ਦੀ ਮਲਕਾ - ਵਫਾ ਬੇਗਮ ਨੇ 26 ਕ੍ਰੋੜ ਦੀ ਕੀਮਤ ਦਾ ਪ੍ਰਸਿੱਧ ਕੋਹਿਨੂਰ ਹੀਰਾ ਮਹਾਰਾਜੇ ਦੀ ਭੇਟ ਕੀਤਾ।

1814 ਵਿਚ ਕਸ਼ਮੀਰ ਉਤੇ ਫਿਰ ਚੜ੍ਹਾਈ ਕੀਤੀ ਗਈ ਪਰ ਮਹਾਰਾਜਾ ਨਜ਼ਰਾਨਾ ਲੈ ਕੇ ਵਾਪਸ ਆ ਗਿਆ। 1817 ਵਿਚ ਹਜ਼ਾਰੇ ਦਾ ਪਹਾੜੀ ਇਲਾਕਾ ਸਰ ਕੀਤਾ। 1818 ਵਿਚ ਮੁਲਤਾਨ ਫਤ੍ਹੇ ਕੀਤਾ, ਜਿਸ ਦੀ ਜਿਤ ਦਾ ਸੇਹਰਾ ਅਕਾਲੀ ਫੂਲਾ ਸਿੰਘ ਤੇ ਉਸ ਦੇ ਬੀਰ ਜੋਧਿਆਂ ਦੇ ਸਿਰ ਸੀ। ਤੋਪ ਦਾ ਪਹੀਆ ਟੁੱਟਣ ਤੇ ਵਾਰੀ ਵਾਰੀ ਸਿੰਘ ਉਸ ਹੇਠ ਮੋਢੇ ਦੇਂਦੇ ਰਹੇ ਤੇ ਗੋਲਿਆਂ ਨਾਲ ਹੀ ਮਰ ਮਿਟਦੇ ਰਹੇ, ਪਰ ਕਿਸੇ ਨੇ ਜਾਨ ਦੀ ਪ੍ਰਵਾਹ ਨਹੀਂ ਕੀਤੀ। ਸੱਯਦ ਗੁਲਾਮ ਜੀਲਾਨੀ 'ਮੁਲਤਾਨੇ ਜੰਗ' ਵਿਚ ਅੱਖੀਂ ਡਿਠੀ ਘਟਨਾ ਬਿਆਨ ਕਰਦਾ ਲਿਖਦਾ ਹੈ, 'ਮੈਂ ਸਿੰਘਾਂ ਦਾ ਕੌਮੀ ਪ੍ਰੇਮ ਤੇ ਕੁਰਬਾਨੀ ਦਾ ਚਾਅ ਵੇਖ ਕੇ ਸਭ ਤੋਂ ਪਹਿਲਾਂ ਆਪਣਾ ਮੋਢਾ ਡਾਹ ਕੇ ਨਿਸਾਰ ਹੋ ਜਾਣਾ ਚਾਹੁੰਦਾ ਸਾਂ। ਮੈਂ ਪਿਛੇ ਇਸ ਲਈ ਰਹਿ ਗਿਆ ਤਾਂ ਕਿ ਸਿੰਘਾਂ ਦੀ ਲਾਸਾਨੀ ਸੂਰਬੀਰਤਾ ਦੀ ਕਹਾਣੀ ਸੰਸਾਰ ਨੂੰ ਦੱਸ ਸਕਾਂ।' ਇਸੇ ਸਾਲ ਪਿਸ਼ਾਵਰ ਉਤੇ ਵੀ ਚੜ੍ਹਾਈ ਕੀਤੀ ਗਈ ਪਰ ਯਾਰ ਮੁਹੰਮਦ ਖਾਂ ਨੂੰ ਵੀ ਉਥੋਂ ਦਾ ਹਾਕਮ ਥਾਪ ਕੇ ਤੇ ਭਾਰੀ ਰਕਮ ਲੈ ਕੇ ਖਾਲਸਾ ਫੌਜ ਪਰਤ ਆਈ। 1819 ਵਿਚ ਕਸ਼ਮੀਰ, 1821 ਵਿਚ ਮਾਨਕੇਰਾ ਨੂੰ ਫਤ੍ਹੇ ਕਰ ਕੇ ਸਿਖ ਸਲਤਨਤ ਵਿਚ ਮਿਲਾਇਆ ਗਿਆ।

ਮਾਰਚ 1822 ਵਿਚ ਨਿਪੋਲੀਅਨ ਦੀ ਫੌਜ ਦੇ ਹਾਰੇ ਹੋਏ ਜਰਨੈਲ ਵੈਨਤੂਰਾ (ਫ੍ਰਾਂਸੀਸੀ) ਤੇ ਜਨਰਲ ਐਲਾਰਡ (ਇਤਾਲਵੀ) ਨੌਕਰੀ ਦੀ ਭਾਲ ਵਿਚ ਕਾਬਲ ਥਾਈਂ ਮਹਾਰਾਜੇ ਪਾਸ ਪਹੁੰਚੇ। ਮਹਾਰਾਜੇ ਨੇ ਸਿੱਖ ਸਰਕਾਰ ਦੀ ਵਫਾਦਾਰੀ ਨਿਭਾਉਣ, ਤਮਾਕੂਨੋਸ਼ੀ, ਦਾਹੜੀ ਕੇਸ ਮੁਨਾਉਣ ਅਤੇ ਗਊ ਮਾਸ ਤੋਂ ਪਰਹੇਜ਼ ਰੱਖਣ ਦੀ ਸ਼ਰਤ ਮੰਨਵਾ ਕੇ ਇਨ੍ਹਾਂ ਨੂੰ ਮੁਲਾਜ਼ਮ ਰਖਿਆ। ਵੈਨਤੂਰਾ ਸ਼ੇਰਿ ਪੰਜਾਬ ਦੇ ਦੇਹਾਂਤ ਪਿਛੋਂ ਈਸਟ ਇੰਡੀਆ ਕੰਪਨੀ ਪਾਸ ਜਾ ਨੌਕਰ ਹੋਇਆ ਸੀ ਤੇ ਐਲਾਰਡ ਤਾਂ ਪਿਛੋਂ ਫਰਾਂਸ ਦੇ ਬਾਦਸ਼ਾਹ ਫਿਲਪ ਵਲੋਂ ਸਫੀਰ ਵੀ ਨੀਅਤ ਹੋ ਗਿਆ ਸੀ। ਇਸ ਦਾ ਪੰਜਾਬ ਨਾਲ ਇਤਨਾ ਡਾਢਾ ਪਿਆਰ ਹੋ ਗਿਆ ਸੀ, ਇਹ ਆਖਿਆ ਕਰਦਾ ਸੀ ਕਿ ਮੇਰੀ ਕਬਰ ਲਾਹੌਰ ਹੀ ਬਣੇ। ਇਨ੍ਹਾਂ ਤੋਂ ਇਲਾਵਾ ਹੋਰ ਵੀ ਇਤਾਲਵੀ, ਫ੍ਰਾਂਸੀਸੀ, ਜਰਮਨੀ, ਅੰਗ੍ਰੇਜ਼, ਰੂਸੀ, ਅਮ੍ਰੀਕਨ, ਸਪੇਨੀ ਪੁਰਤਗਾਲੀ ਲਗਭਗ 72 ਬਿਦੇਸੀ ਆਦਮੀ ਮਹਾਰਾਜੇ ਦੀ ਮੁਲਾਜ਼ਮਤ ਵਿਚ

ਆਏ, ਜਿਨ੍ਹਾਂ ਦਾ ਸਵਿਸਥਾਰ ਵੇਰਵਾ - ਸਿੱਖ ਰਾਜ ਦੇ ਹਿਸਟੋਰੀਅਨ ਬਾਵਾ ਪ੍ਰੇਮ ਸਿੰਘ ਜੀ ਨੇ ਆਪਣੀ ਪੁਸਤਕ 'ਖਾਲਸਾ ਰਾਜ ਦੇ ਬਦੇਸੀ ਕਰਿੰਦੇ' ਵਿਚ ਵੇਰਵੇ ਸਹਿਤ ਦਿੱਤਾ ਹੈ।

ਮਾਰਚ 1824 ਵਿਚ ਨੁਸ਼ਹਿਰੇ ਦੀ ਜੰਗ ਵਿਚ ਪਠਾਣੀ ਤਾਕਤ ਤੇ ਸਿੱਖ ਤਾਕਤ ਦਾ ਭਾਰੀ ਟਾਕਰਾ ਹੋਇਆ, ਅਕਾਲੀ ਫੂਲਾ ਸਿੰਘ ਸ਼ਹੀਦ ਹੋ ਗਏ ਤੇ ਪਿਸ਼ਾਵਰ ਉਤੇ ਸਿੱਖ ਫੌਜ ਦਾ ਮੁਕੰਮਲ ਕਬਜ਼ਾ ਹੋਇਆ। ਅਖੀਰ ਯਾਰ ਮੁਹੰਮਦ ਖ਼ਾਂ ਤੇ ਦੋਸਤ ਮੁਹੰਮਦ ਖ਼ਾਂ ਨੇ ਮਾਫੀ ਮੰਗ ਲਈ ਤੇ ਮਹਾਰਾਜੇ ਨੇ ਯਾਰ ਮੁਹੰਮਦ ਖ਼ਾਂ ਨੂੰ ਹੀ ਫਿਰ ਉਥੋਂ ਦਾ ਹਾਕਮ ਨੀਅਤ ਕਰ ਦਿੱਤਾ। ਇਹ ਪਹਿਲਾ ਮੌਕਾ ਸੀ ਜਦੋਂ ਸੈਂਕੜਿਆਂ ਵਰ੍ਹਿਆਂ ਤੋਂ ਹਿੰਦ ਨੂੰ ਲੁੱਟਣ ਵਾਲੇ ਪਠਾਣਾਂ ਉਤੇ ਪੰਜਾਬੀਆਂ ਆਪਣਾ ਸਿੱਕਾ ਜੰਮਾਇਆ। ਇਸ ਤੋਂ ਬਾਦ ਅੱਠ ਸੌ ਵਰ੍ਹਿਆਂ ਤੋਂ ਹਿੰਦ ਉਤੇ ਦੱਰਰਾ ਖ਼ੈਬਰ ਵਲੋਂ ਆਉਣ ਵਾਲੀ ਧਾਵਿਆਂ ਦੀ ਕਾਂਗ ਸਦਾ ਲਈ ਬੰਦ ਕਰ ਦਿੱਤੀ ਗਈ। ਨੌਸ਼ਹਿਰੇ ਦੀ ਜੰਗ ਨੇ ਅਫ਼ਗਾਨਾਂ ਦੇ ਦਿਲਾਂ ਉਤੇ ਸਿੱਖ ਬੀਰਤਾ ਦੀ ਬਹੁਤ ਧਾਂਕ ਜਮਾਈ। ਇਕ ਮਖੌਲੀਏ ਵਿਦਵਾਨ ਮੁੱਲਾਂ ਰਸ਼ੀਦ ਨੇ ਕਾਬਲ ਦਰਬਾਰ ਵਿਚ ਬੈਠਿਆਂ ਆਪਣੇ ਪੈਰ ਆਪ ਚੁੰਮ ਕੇ ਆਖਿਆ ਕਿ ਮੈਂ ਤਾਂ ਇਨ੍ਹਾਂ ਚਰਨਾਂ ਦੇ ਸਦਕੇ ਬਚ ਕੇ ਇਥੇ ਪਹੁੰਚਾ ਹਾਂ, ਨਹੀਂ ਤਾਂ ਮੈਂ ਅਕਾਲੀ ਸਿੰਘਾਂ ਦੇ ਕਾਬੂ ਆ ਜਾਣਾ ਸੀ। ਉਸ ਨੇ ਫਿਰ ਕਿਹਾ ਕਿ ਮੈਂ ਸਿੰਘਾਂ ਨਾਲ ਤਾਂ ਲੜਨਾ ਪਸੰਦ ਕਰਾਂਗਾ, ਜੇ ਸਰਹੱਦ ਦੇ ਕਿਸੇ ਉਚੇ ਪਹਾੜੀ ਟਿਲੇ ਤੇ ਬੈਠ ਕੇ ਲੰਮੇ ਲੰਮੇ ਨੇਜ਼ਿਆਂ ਨਾਲ ਦੂਰ ਪੰਜਾਬ ਵਿਚ ਫਿਰਦੇ ਸਿਖਾਂ ਨੂੰ ਮਾਰਨਾ ਹੋਵੇ। ਇਸੇ ਤਰ੍ਹਾਂ ਇਕ ਵੇਰ ਹਾਕਮ ਕਾਬਲ ਨੇ ਆਖਿਆ ਕਿ ਜੇ ਪਿਸ਼ਾਵਰ ਦਾ ਬਾਲਾ ਹਿਸਾਰ ਕਿਲਾ ਕਾਬਲ ਵਿਚ ਹੁੰਦਾ ਤਾਂ ਬੜੀ ਚੰਗੀ ਗੱਲ ਸੀ। ਅਗੋਂ ਮੁੱਲਾਂ ਰਸ਼ੀਦ ਨੇ ਹੱਸ ਕੇ ਜਵਾਬ ਦਿੱਤਾ, 'ਇਹ ਹੋ ਸਕਦਾ ਹੈ, ਕਿਲ੍ਹੇ ਦੇ ਚਹੁੰਈ ਪਾਸੀਂ ਚਾਰ ਪਠਾਣ ਬੰਨ੍ਹ ਦਿਓ ਤੇ ਫਿਰ ਉਨ੍ਹਾਂ ਉਤੇ ਇਕ ਅਕਾਲੀ ਨਿਹੰਗ ਛਡ ਦਿੱਤਾ ਜਾਵੇ, ਜਦੋਂ ਪਠਾਣ ਜ਼ੋਰ ਨਾਲ ਦੌੜਨਗੇ, ਤਾਂ ਕਿਲ੍ਹਾ ਆਪੇ ਖਿਚੀਂਦਾ ਕਾਬਲ ਆ ਜਾਵੇ ਗਾ।' ਇਹ ਗੱਲਾਂ ਦਸਦੀਆਂ ਹਨ ਕਿ ਕਾਬਲੀ ਪਠਾਣ ਸਿੰਘਾਂ ਦੀ ਸ਼ਕਤੀ ਤੋਂ ਕਿਤਨੇ ਭੈਭੀਤ ਤੇ ਪ੍ਰਭਾਵਿਤ ਸਨ।

ਮਹਾਰਾਜੇ ਦੀਆਂ ਜਿੱਤਾਂ ਦਾ ਇਤਨਾ ਪ੍ਰਭਾਵ ਪਿਆ ਕਿ 1826 ਵਿਚ ਨਿਜ਼ਾਮ ਹੈਦਰਾਬਾਦ ਨੇ ਇਕ ਕੀਮਤੀ ਚਾਨਣੀ ਤੇ ਕਈ ਹੋਰ ਤੋਹਫੇ ਭੇਜੇ।

ਚਾਨਣੀ ਤਾਂ ਸੋਹਣੀ ਵੇਖ ਕੇ ਸ਼ੇਰਿ-ਪੰਜਾਬ ਨੇ ਉਸੇ ਸਮੇਂ ਹਰਿਮੰਦਰ ਦਰਬਾਰ ਸਾਹਿਬ ਅੰਮ੍ਰਿਤਸਰ ਭਿਜਵਾ ਦਿੱਤੀ। 1827 ਵਿਚ ਕਸ਼ਮੀਰ ਵਿਚ ਭਿਆਨਕ ਕਾਲ ਪਿਆ, ਜਿਸ ਤੇ ਮਹਾਰਾਜੇ ਨੇ ਦਿਲ ਖੋਲ੍ਹ ਕੇ ਲੋਕਾਂ ਦੀ ਸਹਾਇਤਾ ਕੀਤੀ। 1828 ਵਿਚ ਮਹਾਰਾਜੇ ਵਲੋਂ ਫਕੀਰ ਅਜ਼ੀਜ਼ੁਦੀਨ ਦੀ ਅਗਵਾਈ ਵਿਚ ਇਕ ਵਫਦ ਸ਼ਿਮਲੇ ਲਾਰਡ ਐਮਹਰਸਟ ਦੀ ਮੁਲਾਕਾਤ ਲਈ ਗਿਆ, ਇਸੇ ਤਰ੍ਹਾਂ ਅੰਗ੍ਰੇਜ਼ੀ ਸਰਕਾਰ ਵਲੋਂ ਇਕ ਸਫੀਰ ਅੰਮ੍ਰਿਤਸਰ ਆਇਆ। ਸ਼ਿਮਲੇ ਗੱਲ ਬਾਤ ਦੇ ਦੌਰਾਨ ਵਿਚ ਫਕੀਰ ਸਾਹਿਬ ਤੋਂ ਪੁਛਿਆ ਗਿਆ ਕਿ ਮਹਾਰਾਜਾ ਸਾਹਿਬ ਦੀ ਕਿਸ ਪਾਸੇ ਦੀ ਅੱਖ ਮਾਰੀ ਹੋਈ ਹੈ ? ਸਿਆਣੇ ਵਜ਼ੀਰ ਨੇ ਉਤਰ ਦਿੱਤਾ ਕਿ ਉਨ੍ਹਾਂ ਦੇ ਪ੍ਰਭਾਵਸ਼ਾਲੀ ਜਲਾਲੀ ਚੇਹਰੇ ਸਾਮ੍ਹਣੇ ਮੈਂ ਕਦੀ ਨਜ਼ਰ ਉਠਾ ਕੇ ਨਹੀਂ ਵੇਖ ਸਕਿਆ, ਇਸ ਲਈ ਇਹ ਦੱਸਣਾ ਔਖਾ ਹੈ।'

ਫਿਰੰਗੀ ਮਹਾਰਾਜੇ ਦੀ ਨਿਤ ਨਿਤ ਦੜ੍ਹਦੀ ਕਲਾ ਦੇਖ ਕੇ ਨਹੀਂ ਸੀ ਸਹਾਰ ਸਕਦੇ। ਕੰਪਨੀ ਵਲੋਂ ਸੱਯਦ ਅਹਿਮਦ ਬਰੇਲਵੀ ਨੂੰ ਕਾਫੀ ਰੁਪਏ ਦੇ ਕੇ ਪਠਾਣੀ ਇਲਾਕੇ ਵਲ ਛੇੜਖਾਨੀ ਕਰਨ ਲਈ ਘੱਲਿਆ ਗਿਆ। ਜਹਾਦ ਦੇ ਨਾਂ ਤੇ ਇਸ ਨੇ ਪਠਾਣਾਂ ਨੂੰ ਚੰਗਾ ਭੜਕਾਇਆ ਪਰ ਖਾਲਸਈ ਫੌਜ ਦੇ ਸਾਮ੍ਹਣੇ ਇਸ ਦੀ ਕੋਈ ਪੇਸ਼ ਨਾ ਗਈ। 1830-1 ਵਿਚ ਇਸ ਮੁੜ ਸ਼ਰਾਰਤਾਂ ਕੀਤੀਆਂ ਪਰ ਅੰਤ ਸਿੰਘਾਂ ਮੁਜ਼ੱਫਰਾਬਾਦ ਦੇ ਕਿਲ੍ਹੇ ਵਿਚ ਘੇਰ ਕੇ ਇਸ ਨੂੰ ਮਾਰ ਮੁਕਾਇਆ। 1831 ਵਿਚ ਇੰਗਲੈਂਡ ਸਰਕਾਰ ਦਾ ਪੋਲੀਟੀਕਲ ਏਜੰਟ ਅਲੈਗਜ਼ੈਂਡਰ ਬਰਨਜ਼ ਸਿੰਧ ਦੇ ਰਸਤੇ ਆਪਣੇ ਬਾਦਸ਼ਾਹ ਵਲੋਂ ਸ਼ੇਰਿ-ਪੰਜਾਬ ਲਈ ਤੋਹਫੇ ਲੈ ਕੇ ਹਾਜ਼ਰ ਹੋਇਆ। ਮਨੋਰਥ ਤਾਂ ਫਿਰੰਗੀ ਸਰਕਾਰ ਦਾ ਇਹ ਸੀ ਕਿ ਸਿੰਧ ਦੇ ਇਲਾਕੇ ਤੋਂ ਪੂਰਾ ਪੂਰਾ ਵਾਕਫ ਹੋਇਆ ਜਾਵੇ ਤੇ ਵਪਾਰ ਤੇ ਰਾਜ ਕਾਜ ਲਈ ਮੈਦਾਨ ਬਣਾਇਆ ਜਾਵੇ। 26 ਅਕਤੂਬਰ, 1831 ਨੂੰ ਰੋਪੜ ਦੇ ਮੁਕਾਮ ਤੇ ਮਹਾਰਾਜੇ ਦੀ ਗਵਰਨਰ ਜਨਰਲ ਵਿਲੀਅਮ ਬੈਂਟਿੰਕ ਨਾਲ ਮੁਲਾਕਾਤ ਹੋਈ, ਜਿਸ ਦਾ ਮਕਸਦ ਦੋਹਾਂ ਸਰਕਾਰਾਂ ਦਰਮਿਆਨ ਪਰਸਪਰ ਪਿਆਰ ਦੋਸਤੀ ਪੱਕਿਆਂ ਕਰਨਾ ਸੀ ਅਤੇ ਅਤੇ ਅੰਗ੍ਰੇਜ਼ ਦਾ ਨਿਸ਼ਾਨਾ ਆਪਣੀ ਚਤੁਰ ਨੀਤੀ ਅਨੁਸਾਰ ਗੱਠਤੁੱਪ ਕਰਨਾ ਸੀ। ਰਣਜੀਤ ਸਿੰਘ ਵੀ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦਾ ਸੀ, ਚੁਨਾਂਚਿ ਜਦ 1832 ਵਿਚ ਈਸਾਈ ਮਿਸ਼ਨਰੀ ਜੋਜ਼ਫ ਵੂਲਫ ਲਾਹੌਰ ਆਇਆ ਤਾਂ ਰਣਜੀਤ ਸਿੰਘ ਨੇ ਕਿਹਾ, 'ਤੂੰ ਸਾਨੂੰ ਕਿਉਂ ਧਰਮ ਈਮਾਨ ਲਈ

ਪ੍ਰੇਰ ਰਿਹਾ ਹੈਂ, ਹਿੰਦ ਦੇ ਅੰਗ੍ਰੇਜ਼ਾਂ ਨੂੰ ਕਿਉਂ ਨਹੀਂ ਸਿਖਾਂਦਾ ਜਿਨ੍ਹਾਂ ਦਾ ਕੋਈ ਧਰਮ ਹੀ ਨਹੀਂ।' ਫੇਰ ਮਿਸ਼ਨਰੀ ਨੇ ਪੁਛਿਆ 'ਮਨੁੱਖ ਰੱਬ ਨੂੰ ਕਿਵੇਂ ਪਾ ਸਕਦਾ ਹੈ?' ਰਣਜੀਤ ਸਿੰਘ ਨੇ ਹੱਸ ਕੇ ਕਿਹਾ, 'ਫਿਰੰਗੀਆਂ ਨਾਲ ਸੰਧੀ ਕਰ ਕੇ ਜਿਵੇਂ ਕਿ ਮੈਂ ਹੁਣੇ ਹੁਣੇ ਕੀਤਾ ਹੈ।'

ਪਿਸ਼ਾਵਰ ਵਲ ਫਿਰ ਗੜਬੜ ਹੋਈ। ਸੱਯਦ ਮੁਹੰਮਦ ਲਤੀਫ ਦੇ ਲਿਖਣ ਅਨੁਸਾਰ ਬਾਰਕਜ਼ਈਆਂ ਦੇ ਜ਼ੁਲਮਾਂ ਤੋਂ ਤੰਗ ਆ ਕੇ ਸ਼ੀਆ ਮੁਸਲਮਾਨਾਂ ਅਤੇ ਹਿੰਦੂਆਂ ਹਰੀ ਸਿੰਘ ਨਲੂਏ ਰਾਹੀਂ ਸ਼ੇਰਿ-ਪੰਜਾਬ ਪਾਸ ਫਰਿਆਦ ਘੱਲੀ। ਨਲੂਏ ਨੇ ਮਈ 1834 ਵਿਚ ਪਿਸ਼ਾਵਰ ਤੇ ਸਿੱਧਾ ਆਪਣਾ ਕਬਜ਼ਾ ਕਰ ਲਿਆ ਤੇ ਕੰਵਰ ਨੌਨਿਹਾਲ ਸਿੰਘ ਉਥੋਂ ਦਾ ਹਾਕਮ ਨੀਅਤ ਹੋਇਆ। ਇਹ ਵੇਖ ਕੇ ਦੋਸੱਤ ਮੁਹੰਮਦ ਖ਼ਾਂ ਬਹੁਤ ਦੁਖੀ ਹੋਇਆ, ਫੌਜ ਲੈ ਕੇ ਆਇਆ ਪਰ ਖਾਲਸਈ ਫੌਜਾਂ ਸਾਮ੍ਹਣੇ ਫਿਰ ਦੌੜ ਗਿਆ। ਨਲੂਏ ਸਰਦਾਰ ਨੇ ਆਪਣੀ ਸਰਹੱਦ ਮਜ਼ਬੂਤ ਕਰਨ ਲਈ ਮਿਚਨੀ ਤੇ ਸੰਕਰ ਗੜ੍ਹ-ਦੋ ਨਵੇਂ ਕਿਲੇ ਬਣਾਏ। ਇਸ ਸਮੇਂ ਕਰਨਲ ਜ਼ੋਰਾਵਰ ਸਿੰਘ ਦੀ ਕਮਾਨ ਹੇਠ ਮਹਾਰਾਜੇ ਦੀਆਂ ਫੌਜਾਂ ਨੇ ਲਦਾਖ ਫਤੇ ਕੀਤਾ। 1836 ਵਿਚ ਸ. ਹਰੀ ਸਿੰਘ ਨਲੂਏ ਨੇ ਜਮਰੌਦ ਦੇ ਮਸ਼ਹੂਰ ਕਿਲੇ ਉਤੇ ਕਬਜ਼ਾ ਕਰਕੇ ਕੇਸਰੀ ਝੰਡਾ ਜਾ ਲਹਿਰਾਇਆ। ਇਹ ਗੱਲਾਂ ਉਨ੍ਹਾਂ ਪਠਾਣਾਂ ਲਈ ਅਸ਼ੱਲ ਸਨ ਜਿਨ੍ਹਾਂ ਦੇ ਬਾਪ-ਦਾਦੇ ਕੱਲ ਹਿੰਦੁਸਤਾਨੀਆਂ ਨੂੰ ਲੁਟ ਲੁਟ ਨਹੀਂ ਸੀ ਰੱਜਦੇ। ਦੋਸਤ ਮੁਹੰਮਦ ਅਪ੍ਰੈਲ 1837 ਵਿਚ 30 ਹਜ਼ਾਰ ਦਾ ਪਠਾਣੀ ਕਟਕ ਜਮਰੌਦ ਤੇ ਚੜ੍ਹਾ ਲਿਆਇਆ, ਅੱਗੇ ਕਿਲੇ ਵਿਚ ਕੇਵਲ ਸੱਤ ਸੌ ਪੰਜਾਬੀ ਸੀ। ਕਾਫੀ ਅਰਸਾ ਖਾਲਸਈ ਫੌਜਾਂ ਡਟ ਕੇ ਲੜਦੀਆਂ ਰਹੀਆਂ। ਇਕ ਸੂਰਬੀਰ ਬੀਬੀ ਨੇ ਪਠਾਣੀ ਵੇਸ ਧਾਰ ਨਲੂਏ ਸ੍ਰਦਾਰ ਨੂੰ ਪਿਸ਼ੌਰ ਜਾ ਖਬਰ ਪਹੁੰਚਾਈ। ਦਸ ਹਜ਼ਾਰ ਫੌਜ ਲੈ ਕੇ ਨਲੂਆ ਫੌਰਨ ਪੁਜਾ, ਗਹਿਗਚ ਲੜਾਈ ਹੋਈ, ਪਠਾਣ ਭੱਜ ਨਿਕਲੇ ਤੇ ਸ. ਹਰੀ ਸਿੰਘ ਦੀ ਛਾਤੀ ਵੀ ਪਹਾੜ ਓਹਲੇ ਲੁਕੇ ਪਠਾਣ ਦੀ ਗੋਲੀ ਨਾਲ ਡਾਢੀ ਜ਼ਖਮੀ ਹੋਈ ਤੇ ਉਹ 30 ਅਪ੍ਰੈਲ 1837 ਨੂੰ ਗੁਰ ਚਰਨਾਂ ਵਿਚ ਜਾ ਬਿਰਾਜਿਆ। ਮਹਾਰਾਜਾ ਇਹ ਖਬਰ ਸੁਣ ਕੇ ਆਪ ਫੌਜ ਲੈ ਕੇ ਪਹੁੰਚਾ ਤੇ ਦੋਸਤ ਮੁਹੰਮਦ ਖ਼ਾਂ ਕਾਬਲ ਵੱਲ ਭੱਜ ਗਿਆ। ਨਲੂਏ (1791-1837) ਜੇਹੇ ਸਿਆਣੇ ਤੇ ਨਿਧੜਕ ਜਰਨੈਲ ਦੀ ਮੌਤ ਨਾਲ ਸਿੱਖ ਰਾਜ ਨੂੰ ਡਾਢਾ ਘਾਟਾ ਪਿਆ। ਹਜ਼ਾਰਾ, ਕਸ਼ਮੀਰ ਤੇ ਪਿਸ਼ੌਰ ਜੇਹੇ ਮੂੰਹ-ਜ਼ੋਰ ਇਲਾਕਿਆਂ ਨੂੰ ਕਾਬੂ ਕਰਨਾ ਆਪ

ਦਾ ਹੀ ਕੰਮ ਸੀ। ਮਿ. ਬਰਨਜ਼ ਕਹਿੰਦਾ ਹੈ ਕਿ ਮੈਂ ਅਟਕ ਦਰਿਆ ਪਾਰ ਕਰਨ ਸਮੇਂ ਘਬਰਾਇਆ। ਨਲੂਏ ਨੇ ਕਿਹਾ 'ਮਿ. ਬਰਨਜ਼! ਸਿੰਘ ਬਣਨ ਦਾ ਕੀ ਫਾਇਦਾ ਜੇ ਅਟਕ ਪਾਰ ਨ ਕੀਤਾ', ਉਹ ਮੈਨੂੰ ਵੀ ਘੋੜੇ ਉਤੇ ਨਾਲ ਬਿਠਾ ਕੇ ਪਾਰ ਲੈ ਆਇਆ।' ਅਜ ਤਕ ਪਠਾਣੀ ਇਲਾਕੇ ਵਿਚ ਸਰਦਾਰ ਨਲੂਏ ਦੇ ਨਾਂ ਦੀ ਧਾਕ ਹੈ।

1837 ਵਿਚ ਕਾਬਲ ਤੇ ਹਮਲਾ ਕਰਨ ਸਬੰਧੀ ਸਾਂਝੀ ਤਿਆਰੀ ਲਈ ਲਾਰਡ ਆਕਲੈਂਡ ਤੇ ਮਹਾਰਾਜਾ ਦੇ ਦਰਮਿਆਨ ਫੀਰੋਜ਼ਪੁਰ ਮੁਲਾਕਾਤ ਹੋਈ। ਖਾਲਸਾ ਦਲ ਤੇ ਫਿਰੰਗੀ ਫੌਜਾਂ ਨੇ ਕਾਬਲ ਫਤ੍ਹੇ ਕਰਕੇ ਸ਼ਾਹ ਸੁਜ਼ਾਅ ਨੂੰ ਗੱਦੀ ਤੇ ਬਿਠਾਇਆ। ਅੰਗ੍ਰੇਜ਼ਾਂ ਦਾ ਮਤਲਬ ਰੂਸੀ ਹੱਲੇ ਦੇ ਡਰ ਤੋਂ ਪੇਸ਼ਬੰਦੀ ਕਰਨਾ ਸੀ। ਪਰ ਇਹ ਮੌਕਾ ਹੀ ਨਾ ਆਇਆ।

ਮਹਾਰਾਜਾ 22 ਮਈ 1839 ਨੂੰ ਕੰਵਰ ਖੜਕ ਸਿੰਘ ਨੂੰ ਰਾਜਗੱਦੀ ਦੇ ਕੇ ਕੁਝ ਚਿਰ ਬੀਮਾਰ ਰਹਿਣ ਉਪਰੰਤ 27 ਜੂਨ 1839 ਨੂੰ ਚਲਾਣਾ ਕਰ ਗਿਆ। ਇਸ ਨਾਲ ਇਕ ਤਰ੍ਹਾਂ ਪੰਜਾਬ ਦੀ ਸ਼ਾਨ ਦਾ ਸੂਰਜ ਡੁਬ ਗਿਆਂ। ਹੈਰਾਨੀ ਦੀ ਗੱਲ ਹੈ ਕਿ 15 ਹਾੜ ਨੂੰ ਮਹਾਰਾਜੇ ਨੇ ਲਾਹੌਰ ਉਤੇ ਕਬਜ਼ਾ ਕੀਤਾ ਤੇ 15 ਹਾੜ ਨੂੰ ਹੀ ਉਸ ਦਾ ਦੇਹਾਂਤ ਹੋਇਆ। ਸ਼ਾਇਦ ਪੂਰੇ ਚਾਲੀ ਸਾਲ ਰਾਜ ਕਰਨਾ ਹੀ ਉਸ ਦੇ ਭਾਗਾਂ ਵਿਚ ਲਿਖਿਆ ਗਿਆ ਸੀ।

ਪੰਜਾਬ ਦਾ ਨਿਰਮਾਤਾ :

ਜੇਕਰ ਦੇਖਿਆ ਜਾਵੇ ਮੌਜੂਦਾ ਪੰਜਾਬ ਦਾ ਨਿਰਮਾਤਾ ਮਹਾਰਾਜਾ ਰਣਜੀਤ ਸਿੰਘ ਹੀ ਸੀ, ਜਿਸ ਦਾ ਘੇਰਾ ਪਿਸ਼ਾਵਰ ਤੇ ਕਸ਼ਮੀਰ ਤੋਂ ਲੈ ਕੇ ਜਮਨਾ ਤਕ ਫੈਲਿਆ ਹੋਇਆ ਸੀ। ਇਹੋ ਪੁਰਾਣਾ ਪੰਜਾਬ ਸੀ ਜਿਸ ਨੂੰ 'ਸਪਤਸਿੰਧੁ' ਕਹਿੰਦੇ ਸਨ। ਰਾਜਸੀ ਸੋਝੀ ਤੇ ਸ਼ਕਤੀ ਸਦਕੇ ਇਸ ਨੂੰ ਮੁੜ ਮੂਰਤੀਮਾਨ ਕਰਨਾ ਇਹ ਸ਼ੇਰਿ-ਪੰਜਾਬ ਦੀ ਕਰਾਮਾਤ ਸੀ, ਇਹੋ ਬਣਿਆ ਬਣਾਇਆ ਪੰਜਾਬ ਬਰਤਾਨਵੀਂ ਰਾਜ ਦੇ ਕਬਜ਼ੇ ਵਿਚ ਆਇਆ। ਇਤਨੀਆਂ ਵਿਰੋਧਤਾਈਆਂ ਦੇ ਹੁੰਦਿਆਂ ਸਾਂਝੇ ਪੰਜਾਬ ਦਾ ਢਾਂਚਾ ਉਸਾਰਨਾ ਸਚਮੁਚ ਵੱਡੀ ਗੱਲ ਸੀ। ਮੁਸਲਮਾਨਾਂ, ਹਿੰਦੂਆਂ ਤੇ ਸਿੱਖਾਂ ਸਭ ਨੂੰ ਨਾਲ ਲੈ ਕੇ ਇਸ ਰਾਜ ਭਾਗ ਦਾ ਹਿਸੇਦਾਰ ਬਣਾਉਣਾ ਤੇ ਪੰਜਾਬੀਅਤ ਦਾ ਫ਼ਖਰ ਜਗਾਉਣਾ ਮ. ਰਣਜੀਤ ਸਿੰਘ ਦੀ ਹੀ ਕਾਢ ਸੀ

ਇਹ ਠੀਕ ਹੀ ਹੈ ਕਿ ਕੱਲ ਦੀ ਹਾਕਮ ਮੁਸਲਮ ਜਮਾਤ ਨੂੰ ਮੀਰਮੰਨੂ ਤੇ ਅਬਦਾਲੀ ਵਾਂਗ ਤਲਵਾਰ ਦੇ ਜ਼ੋਰ ਨਾਲ ਦਬਾ ਕੇ ਥੱਲੇ ਸੁਟਿਆ ਜਾ ਸਕਦਾ ਸੀ ਪਰ ਇਹ ਗੱਲ ਰਣਜੀਤ ਸਿੰਘ ਦੇ ਕੌਮੀ ਨਾਅਰੇ 'ਤੇਰੇ ਭਾਣੇ ਸਰਬਤ ਦਾ ਭਲਾ' ਦੇ ਅਨਕੂਲ ਨਹੀਂ ਸੀ। ਇਸ ਲਈ ਉਸ ਨੇ ਕਿਸੇ ਵੀ ਮਜ਼੍ਹਬ ਜਾਂ ਧਰਮ ਦੇ ਬੰਦੇ ਵਿਰੁਧ ਨਫਰਤ ਜਾਂ ਵਿਰੋਧ ਦੀ ਕਾਰਵਾਈ ਨਹੀਂ ਕੀਤੀ, ਸਭ ਨੂੰ ਬਰਾਬਰ ਦੇ ਸ਼ਹਿਰੀ ਜਾਣ ਕੇ ਸਤਿਕਾਰਿਆ। ਇਕ ਵਾਰ ਕੁਝ ਪੰਡਤਾਂ ਆ ਕੇ ਅਰਜ਼ ਕੀਤੀ ਕਿ ਸਾਡੇ ਪਿੰਡ ਵਿਚ ਕੁਝ ਕੁ ਘਰ ਮੁਸਲਮਾਨਾਂ ਦੇ ਹਨ, ਉਨ੍ਹਾਂ ਨੂੰ ਕਹੋ ਕਿ ਬਾਂਗ ਦੇ ਕੇ ਸਾਡੇ ਪੂਜਾ ਪਾਠ ਵਿਚ ਵਿਘਨ ਨ ਪਾਇਆ ਕਰਨ। ਮਹਾਰਾਜੇ ਨੇ ਮੌਲਵੀ ਨੂੰ ਬੁਲਾਕੇ ਪੁਛਿਆ, ਜੇ ਉਚੀ ਬਾਂਗ ਨ ਦਿਓ ਤਾਂ ਤੁਹਾਡਾ ਕੀ ਨੁਕਸਾਨ ਹੁੰਦਾ ਹੈ? ਉਸ ਨੇ ਜਵਾਬ ਦਿੱਤਾ ਕਿ ਬਾਂਗ ਤਾਂ ਨਿਮਾਜ਼ੀਆਂ ਨੂੰ ਸੱਦਾ ਦੇਣ ਦਾ ਇਕ ਤਰੀਕਾ ਹੈ।

ਸ਼ੇਰਿ ਪੰਜਾਬ ਨੇ ਦੋਹਾਂ ਧਿਰਾਂ ਦੀ ਗੱਲ ਸੁਣ ਕੇ ਪੰਡਤਾਂ ਨੂੰ ਕਿਹਾ ਕਿ ਅੱਜ ਤੋਂ ਮੁੱਲਾਂ ਬਾਂਗ ਨਹੀਂ ਦੇਵੇਗਾ। ਤੁਸੀਂ ਆਪਣੀ ਪੂਜਾ ਨਿਰਵਿਘਨ ਕਰੋ। ਦੂਸਰੇ ਦਿਨ ਪਿੰਡ ਵਿਚ ਸ਼ਾਹੀ ਫੁਰਮਾਨ ਸੁਣਾਇਆ ਗਿਆ ਕਿ ਅਜ ਤੋਂ ਕੋਈ ਮੁਸਲਮਾਨ ਪਿੰਡ ਵਿਚ ਬਾਂਗ ਨ ਦੇਵੇ। ਦੂਸਰੇ, ਹਿੰਦੂਆਂ ਨੂੰ ਹੁਕਮ ਦਿੱਤਾ ਜਾਂਦਾ ਹੈ ਕਿ ਨਮਾਜ਼ ਦੇ ਮੌਕੇ ਤੇ ਇਹ ਚੁਪਚਾਪ ਘਰ ਘਰ ਜਾ ਕੇ ਤਮਾਮ ਮੁਸਲਮਾਨਾਂ ਨੂੰ ਮਸੀਤ ਵਿਚ ਪਹੁੰਚਣ ਲਈ ਸੱਦਾ ਦਿਆ ਕਰਨ ਤਾਂ ਕਿ ਉਹ ਵਕਤ ਸਿਰ ਖੁਦਾ ਦੀ ਬੰਦਗੀ ਕਰ ਸਕਣ। ਜੋ ਹੁਕਮ ਦੀ ਪਾਲਣਾ ਨਹੀਂ ਕਰੇਗਾ, ਉਸਨੂੰ ਸਜ਼ਾ ਮਿਲੇਗੀ।'

ਦੋ ਦਿਨ ਵਿਚ ਹੀ ਪੰਡਿਤ ਲੋਕ ਮੁਸਲਮਾਨਾਂ ਨੂੰ ਦਿਨ ਵਿਚ ਪੰਜ ਪੰਜ ਵੇਰ ਸੱਦੇ ਦਿੰਦੇ ਦਿੰਦੇ ਥੱਕ ਗਏ ਤੇ ਮੁੜ ਮਹਾਰਾਜੇ ਪਾਸ ਆ ਕੇ ਆਖਣ ਲਗੇ ਕਿ ਸਾਡੇ ਲਈ ਇਹ ਬਹੁਤ ਔਖਾ ਹੈ ਕਿ ਅਸੀਂ ਸਾਰਾ ਦਿਨ ਨਿਮਾਜ਼ੀਆਂ ਨੂੰ ਬੁਲਾਵਾ ਦਿੰਦੇ ਰਹੀਏ, ਸਾਨੂੰ ਤਾਂ ਬਾਂਗ ਹੀ ਮਨਜ਼ੂਰ ਹੈ। ਸ਼ੇਰਿ ਪੰਜਾਬ ਨੇ ਹੱਸ ਕੇ ਕਿਹਾ, ' ਇਹ ਸਾਂਝਾ ਪੰਜਾਬੀਆਂ ਦਾ ਰਾਜ ਹੈ, ਇਸ ਵਿਚ ਹਰ ਹਿੰਦੂ, ਮੁਸਲਮਾਨ ਨੂੰ ਪੂਰੀ ਪੂਰੀ ਧਾਰਮਿਕ ਅਜ਼ਾਦੀ ਹੈ ਤੇ ਹਰ ਕਿਸੇ ਨੂੰ ਪੂਜਾ ਤੇ ਨਿਮਾਜ਼ ਦੀ ਪੂਰਨ ਖੁਲ੍ਹ ਹੈ, ਇਸ ਲਈ ਕੋਈ ਕਿਸੇ ਗੁਆਂਢੀ ਲਈ ਔਕੜਾਂ ਪੈਦਾ ਕਰਕੇ ਆਪ ਖੁਸ਼ ਨਹੀਂ ਰਹਿ ਸਕਦਾ, ਖੁਸ਼ੀ ਵੱਸੋ ਤੇ ਖੁਸ਼ੀ ਵੱਸਣ ਦਿਓ,

ਇਹੋ ਚੰਗੇ ਰਾਜ ਦੀ ਨਿਸ਼ਾਨੀ ਹੈ।'

ਇਸੇ ਤਰ੍ਹਾਂ ਇਕ ਵੇਰ ਇਕ ਮੁਸਲਮ ਖਸ਼ਨਵੀਸ ਸੁਨਹਿਰੀ ਕੁਰਾਨ ਸ਼ਰੀਫ ਲਿਖ ਕੇ ਲਈ ਜਾ ਰਿਹਾ ਸੀ ਤਾਂ ਕਿ ਉਹ ਦੂਰ ਸਰਹੱਦੀ ਇਲਾਕੇ ਵਲ ਕਿਸੇ ਮੁਸਲਮਾਨ ਨਵਾਬ ਨੂੰ ਪੇਸ਼ ਕਰਕੇ ਵੱਧ ਤੋਂ ਵੱਧ ਧਨ ਹਾਸਲ ਕਰ ਸਕੇ। ਜਦੋਂ ਮਹਾਰਾਜੇ ਨੂੰ ਇਸ ਗੱਲ ਦਾ ਪਤਾ ਲਗਾ ਤਾਂ ਉਸ ਨੇ ਲਿਖਾਰੀ ਨੂੰ ਆਪਣੇ ਪਾਸ ਬੁਲਾਇਆ ਤੇ ਪਿਆਰ ਨਾਲ ਪਾਸ ਬਿਠਾ ਕੇ ਪੁਛਿਆ ਕਿ ਤੂੰ ਇਹ ਸੁਨਹਿਰੀ ਕੁਰਾਨ ਕਿਥੇ ਲਿਜਾ ਰਿਹਾ ਹੈਂ ? ਉਸ ਨੇ ਕਿਹਾ, 'ਇਹ ਮੇਰੀ ਵਰ੍ਹਿਆਂ ਦੀ ਘਾਲ ਹੈ, ਮੈਂ ਇਸਨੂੰ ਕਿਸੇ ਅਮੀਰ ਨਵਾਬ ਪਾਸ ਦੇ ਕੇ ਉਮਰ ਦੀ ਰੋਟੀ ਲੈਣੀ ਚਾਹੁੰਦਾ ਹਾਂ।' ਮਹਾਰਾਜੇ ਨੇ ਤੱਤ ਫੱਟ ਦਸ ਹਜ਼ਾਰ ਮੋਹਰ ਦੇ ਕੇ ਉਸਨੂੰ ਨਿਹਾਲੋ ਨਿਹਾਲ ਕਰ ਦਿੱਤਾ।

ਹਸਦਿਆਂ ਹਸਦਿਆਂ ਕੋਲੋਂ ਫਕੀਰ ਅਜ਼ੀਜ਼ੁਦੀਨ ਨੇ ਇਹ ਗੱਲ ਜ਼ਰੂਰ ਆਖੀ, 'ਮਹਾਰਾਜ! ਇਹ ਤਾਂ ਕਿਸੇ ਮੋਮਨ ਦੇ ਕੰਮ ਆਉਣ ਵਾਲੀ ਚੀਜ਼ ਹੈ, ਤੁਹਾਨੂੰ ਇਸਦਾ ਕੀ ਲਾਭ ? ਮਹਾਰਾਜੇ ਨੇ ਮੁਸਕਰਾ ਕੇ ਕਿਹਾ, ' ਰੱਬ ਨੇ ਮੈਨੂੰ ਇਸੇ ਲਈ ਇਕ ਅੱਖ ਦਿੱਤੀ ਹੈ ਕਿ ਮੈਂ ਸਭ ਧਰਮਾਂ ਅਤੇ ਸਾਰਿਆਂ ਦੇ ਧਰਮ-ਗ੍ਰੰਥਾਂ ਨੂੰ ਇਕ ਸਮਾਨ ਤੱਕਾਂ।'

ਹਿੰਦੂਆਂ ਦੇ ਧਾਰਮਕ ਭਾਵਾਂ ਤੇ ਕੌਮੀ ਸਨਮਾਨ ਦਾ ਉਨ੍ਹਾਂ ਨੂੰ ਕਿੰਨਾ ਖਿਆਲ ਸੀ, ਜਦੋਂ 1838 ਈ. ਵਿਚ ਸ਼ਾਹ ਸ਼ੁਜਾਅ ਨੂੰ ਕਾਬਲ ਦੇ ਤਖਤ ਉਤੇ ਬਿਠਾਉਣ ਲਈ ਅੰਗਰੇਜ਼ ਅਤੇ ਸਿੱਖ ਸਰਕਾਰ ਨੇ ਸ਼ਰਤਾਂ ਤੈਅ ਕੀਤੀਆਂ ਤਾਂ ਮਹਾਰਾਜੇ ਨੇ ਇਹ ਸ਼ਰਤ ਵੀ ਸ਼ਾਹ ਸੁਜ਼ਾਅ ਤੋਂ ਮੰਨਵਾਈ ਸੀ ਕਿ ਸਾਨੂੰ ਸੋਮਨਾਥ ਦੇ ਮੰਦਰ ਦੇ ਚੰਦਨ ਦੇ ਤਖਤੇ ਵਾਪਸ ਕੀਤੇ ਜਾਣਗੇ ਜੋ ਕਿ ਗਿਆਰ੍ਹਵੀਂ ਸਦੀ ਵਿਚ ਮਹਿਮੂਦ ਗਜ਼ਨਵੀ ਹਿੰਦ ਤੋਂ ਲੁਟ ਕੇ ਲੈ ਗਿਆ ਸੀ।

ਮ. ਰਣਜੀਤ ਸਿੰਘ ਦਾ ਪਰਜਾ ਨਾਲ ਕਿੰਨਾ-ਕੁ ਪਿਆਰ ਸੀ ਤੇ ਉਹ ਆਮ ਗਰੀਬ ਲੋਕਾਂ ਨੂੰ ਆਦਰ ਦੇਣ ਵਿਚ ਕਿਤਨੀ ਕੁ ਖੁਸ਼ੀ ਅਨੁਭਵ ਕਰਦਾ ਸੀ, ਇਹ ਇਤਿਹਾਸਕ ਲਿਖਤਾਂ ਤੋਂ ਇਲਾਵਾ ਉਨ੍ਹਾਂ ਰਵਾਇਤੀ ਕਹਾਣੀਆਂ ਤੋਂ ਵੀ ਜ਼ਾਹਰ ਹੈ ਕਿ ਕਿਵੇਂ ਜੀਵਨ-ਭਰ ਉਸ ਉਦਾਰਤਾ, ਖੁਲ੍ਹ-ਦਿਲੀ ਤੇ ਗਰੀਬਨਿਵਾਜ਼ੀ ਤੋਂ ਕੰਮ ਲਿਆ। ਕਾਲ ਪੈਣ ਦੇ ਮੌਕੇ ਤੇ ਜੇਕਰ ਇਕ ਗਰੀਬ ਬੁੱਢਾ, ਸਰਕਾਰ ਵਲੋਂ ਆਪਣੇ ਹਿੱਸੇ ਵਿਚ ਮਿਲੀ ਅਨਾਜ ਦੀ ਪੰਡ ਚੁਕਣੋਂ

ਅਸਮਰਥ ਹੈ ਤਾਂ ਰਣਜੀਤ ਸਿੰਘ ਭੇਸ ਬਦਲ ਕੇ ਉਹ ਪੰਡ ਆਪ ਘਰ ਛਡ ਕੇ ਆਉਂਦਾ ਹੈ। ਜੇਕਰ ਬੇਰੀ ਦੇ ਬੇਰ ਝਾੜਦਿਆਂ ਬੱਚਿਆਂ ਦੀਆਂ ਇੱਟਾਂ ਕਿਤੇ ਰਣਜੀਤ ਸਿੰਘ ਦੇ ਹਾਥੀ ਨੂੰ ਜਾ ਲਗਦੀਆਂ ਹਨ ਤਾਂ ਉਹ ਇਹ ਕਹਿਕੇ ਬਾਲਕਾਂ ਨੂੰ ਸਜ਼ਾ ਦੇਣ ਦੀ ਥਾਂ ਮੋਹਰਾਂ ਪ੍ਰਦਾਨ ਕਰਦਾ ਹੈ ਕਿ ਕੀ ਰਣਜੀਤ ਸਿੰਘ ਬੇਰੀ ਨਾਲੋਂ ਵੀ ਨਿਕੰਮਾ ਹੈ ਜੋ ਇੰਨੀਆਂ ਇੱਟਾਂ ਰੋੜੇ ਖਾ ਕੇ ਬਾਲਾਂ ਨੂੰ ਫਲ ਦਿੰਦੀ ਆ ਰਹੀ ਹੈ?

ਉਸਦੀ ਭੋਲੀ ਪਰਜਾ ਉਸ ਨੂੰ ਪਾਰਸ ਸਮਝਦੀ ਹੈ, ਜਿਸ ਦੀ ਛੋਹ ਨਾਲ ਹਰ ਚੀਜ਼ ਸੋਨੇ ਵਾਂਗ ਦਮਕ ਉਠਦੀ ਹੈ, ਇਸੇ ਨਿਸਚੇ ਵਿਚ ਇਕ ਗਰੀਬ ਬੁੱਢੀ ਮਹਾਰਾਜੇ ਨਾਲ ਆਪਣਾ ਲੋਹੇ ਦਾ ਤਵਾ ਛੁਹਾਉਣਾ ਚਾਹੁੰਦੀ ਹੈ ਤਾਂ ਕਿ ਉਸਦੀ ਕੰਗਾਲੀ ਦੂਰ ਹੋ ਸਕੇ। ਮਹਾਰਾਜਾ ਖੁਸ਼ੀ ਖੁਸ਼ੀ ਤਵੇ ਦੇ ਬਰਾਬਰ ਸੋਨਾ ਦੇ ਕੇ ਭੋਲੀ-ਭਾਲੀ ਬਿਰਧ ਮਾਈ ਨੂੰ ਪਰਸੰਨ ਕਰਦਾ ਹੈ।

ਕੰਵਰ ਨੌਨਿਹਾਲ ਸਿੰਘ ਦੇ ਵਿਆਹ ਸਮੇਂ ਇਕ ਮਿਰਾਸੀ ਕੀੜੇ-ਮਕੌੜਿਆਂ ਦਾ ਭਰਿਆ ਘੜਾ ਲਿਆ ਕੇ ਰਖਦਾ ਤੇ ਆਖਦਾ ਹੈ, ਮੈਨੂੰ ਪਤਾ ਲੱਗਾ ਹੈ ਕਿ ਮਹਾਰਾਜਾ ਖੁਸ਼ੀਆਂ ਵਿਚ ਦਾਨ ਦੀ ਵਰਖਾ ਬਰਸਾ ਰਹੇ ਹਨ ਅਤੇ 'ਜੀ ਪ੍ਰਤੀ' ਸਭ ਨੂੰ ਮੋਹਰਾਂ ਦੇ ਰਹੇ ਹਨ, ਉਸਨੂੰ ਵੀ ਮੋਹਰ ਦਿੱਤੀ ਗਈ ਪਰ ਉਸ ਘੜੇ ਦਾ ਢੱਕਣ ਉਠਾ ਕੇ ਕਿਹਾ, 'ਮਹਾਰਾਜ ਦਾ ਹੁਕਮ ਜੀ ਪ੍ਰਤੀ' ਮੋਹਰ ਦੇਣ ਦਾ ਹੈ, ਇਨ੍ਹਾਂ ਗਰੀਬਾਂ ਦੀ ਵੀ ਸੁਣੋ।' ਮਹਾਰਾਜਾ ਹੱਸ ਕੇ ਉਸਦਾ ਘੜਾ ਮੋਹਰਾਂ ਨਾਲ ਭਰਨ ਦੀ ਆਗਿਆ ਕਰਦਾ ਅਤੇ ਚਤੁਰ ਮਿਰਾਸੀ ਗੁਣ ਗਾਉਂਦਾ ਚਲਿਆ ਜਾਂਦਾ ਹੈ।

ਨਿਆਂਕਾਰ :

ਦਰਅਸਲ ਮਹਾਰਾਜਾ ਦਇਆ, ਖਿਮਾ ਤੇ ਹਮਦਰਦੀ ਨਾਲ ਭਰਪੂਰ ਸੀ ਤੇ ਇਨਸਾਨੀ ਜ਼ਿੰਦਗੀ ਦਾ ਮੁੱਲ ਸਮਝਦਾ ਸੀ। ਜੇ ਕਿਤੇ ਉਸ ਵਲੋਂ ਨੀਅਤ ਹਾਕਮ ਨੇ ਵੀ ਹਮਦਰਦੀ ਤੇ ਨਿਆਂ ਦਾ ਪੱਲਾ ਛੱਡਿਆ ਤਾਂ ਉਸਨੇ ਉਸਦੀ ਵੀ ਚੰਗੀ ਖਬਰ ਲਈ। ਇਕ ਵਾਰ ਅਟਕ ਤੇ ਹਜ਼ਾਰੇ ਦੇ ਨਾਜ਼ਮ ਸਰਦਾਰ ਹੁਕਮਾ ਸਿੰਘ ਚਿਮਨੀ ਨੇ, ਜੋ ਕਿ ਇਕ ਬਹਾਦਰ ਜਰਨੈਲ ਵੀ ਸੀ, ਇਕ ਸੈਦ ਖ਼ਾਂ ਨਾਮੀ ਆਦਮੀ ਨੂੰ (ਜੋ ਕੋਟ ਹਸਨ ਅਲੀ ਦਾ ਵਸਨੀਕ ਸੀ) ਕਿਸੇ ਜ਼ਾਤੀ ਰੰਜਸ਼ ਦੇ

ਕਾਰਨ ਸਾਰੇ ਮਾਮਲੇ ਦੀ ਪੂਰੀ ਪੁਣਛਾਣ ਕੀਤੇ ਬਿਨਾਂ, ਮੌਤ ਦੀ ਸਜ਼ਾ ਦੇ ਦਿੱਤੀ। ਜਦ ਮਹਾਰਾਜੇ ਨੂੰ ਇਸ ਘਟਨਾ ਪਤਾ ਲਗਾ ਤਾਂ ਉਸ ਖੁਦ ਪੜਤਾਲ ਕਰ ਕੇ ਸਰਦਾਰ ਨੂੰ ਇਸ ਅਨਿਆਂ-ਪੂਰਣ ਗ਼ਲਤ ਫੈਸਲੇ ਕਾਰਣ ਆਪਣੇ ਅਹੁਦੇ ਤੋਂ ਹਟਾ ਦਿੱਤਾ ਤੇ ਨਾਲੇ ਸਵਾ ਲੱਖ ਰੁਪਈਆ ਜੁਰਮਾਨਾ ਕਰਕੇ ਉਸਦੇ ਵਾਰਸਾਂ ਨੂੰ ਦਿਵਾਇਆ।

ਇਕ ਵਾਰ ਅਵੇਤਿਬਲ ਨੇ ਪਿਸ਼ਾਵਰ ਵਲ ਫੌਜੀ ਲੋੜ ਨੂੰ ਮੁਖ ਰੱਖ ਕੇ ਇਕ ਖਤ੍ਰੀ ਦਾ ਘਰ ਦੱਬ ਲਿਆ, ਮਹਾਰਾਜੇ ਨੂੰ ਜਦ ਪਤਾ ਲਗਾ ਤਾਂ ਉਸ ਨੇ 15 ਹਜ਼ਾਰ ਰੁਪਈਆ ਅਵੇਤਿਬਲ ਦੀ ਤਨਖਾਹ ਵਿਚੋਂ ਕੱਟ ਕੇ ਖਤ੍ਰੀ ਨੂੰ ਦਿੱਤਾ ਤਾਂ ਕਿ ਉਹ ਨਵਾਂ ਘਰ ਬਣਾ ਸਕੇ। ਇਹ ਸੀ ਉਸਦਾ ਨਿਆਂ ਤੇ ਪਰਜਾ-ਪਿਆਰ ਵਾਲਾ ਸੁਭਾਉ।

ਇਸੇ ਤਰ੍ਹਾਂ ਦੀ ਇਕ ਘਟਨਾ ਕਸ਼ਮੀਰ ਦੇ ਅਫ਼ਸਰਾਂ ਬਾਰੇ ਆਉਂਦੀ ਹੈ। ਕਸ਼ਮੀਰ ਦਾ ਗਵਰਨਰ ਸ਼ਹਿਜ਼ਾਦਾ ਸ਼ੇਰ ਸਿੰਘ ਸੀ ਤੇ ਦੀਵਾਨ ਵਿਸਾਖਾ ਸਿੰਘ ਉਥੋਂ ਦਾ ਕਾਰਦਾਰ ਸੀ ਪਰ ਇਹ ਅਫਸਰ ਈਮਾਨਦਾਰ ਨਹੀਂ ਸੀ, ਸਰਕਾਰੀ ਰੁਪਈਆ ਖਾਂਦਾ ਸੀ। ਇਸ ਨੂੰ ਮੁਸ਼ਕਾਂ ਬੰਨ੍ਹ ਕੇ ਲਾਹੌਰ ਲਿਆਂਦਾ ਗਿਆ ਤੇ ਉਸ ਪਾਸ ਜੋ ਨਕਦ ਰੁਪਈਆ ਮਿਲਿਆ, ਉਹ ਜ਼ਬਤ ਕਰ ਲਿਆ ਗਿਆ। ਫਿਰ ਸ਼ੇਖ ਗੁਲਾਮ ਮੁਹੱਯੁਦੀਨ ਨੂੰ ਕਸ਼ਮੀਰ ਦਾ ਪਰਬੰਧ ਸੁਧਾਰਨ ਲਈ ਘੱਲਿਆ, ਪਰ ਉਹ ਵੀ ਲੱਖਾਂ ਰੁਪਏ ਘਾਉਘੱਪ ਕਰ ਗਿਆ। ਉਸ ਨੇ ਹੁਸ਼ਿਆਰਪੁਰ ਆਪਣੀ ਹਵੇਲੀ ਵਿਚ ਸਾਰੀ ਦੌਲਤ ਦੱਬ ਕੇ ਉਤੇ ਪੀਰ ਦੀ ਕਬਰ ਬਣਾ ਦਿੱਤੀ। ਮਹਾਰਾਜੇ ਨੇ ਕਬਰ ਪੁਟਾ ਕੇ 9 ਲੱਖ ਰੁਪਏ ਦਾ ਸੋਨੇ ਚਾਂਦੀ ਦਾ ਮਾਲ ਕਢਾਇਆ ਅਤੇ ਕਿਹਾ, 'ਸ਼ੇਖ ਜੀ ! ਤੇਰੇ ਪੀਰ ਦੀ ਤਪਸਿਆਂ ਐਵੇਂ ਨਹੀਂ ਗਈ, ਦੇਖ! ਉਸਦੀਆ ਹੱਡੀਆਂ ਵੀ ਸੋਨੇ ਚਾਂਦੀ ਦੀਆਂ ਹੋ ਗਈਆਂ ਹਨ।' ਇਹ ਕਹਿਕੇ ਰੁਪਈਆਂ ਖਜ਼ਾਨੇ ਜਮ੍ਹਾ ਕਰ ਲਿਆ ਤੇ ਸ਼ੇਖ ਨੂੰ ਨੌਕਰੀਓਂ ਬਰਖਾਸਤ ਕਰ ਦਿੱਤਾ। ਇਨ੍ਹਾਂ ਗੱਲਾਂ ਤੋਂ ਪਤਾ ਲਗਦਾ ਹੈ ਕਿ ਮਹਾਰਾਜਾ ਜਿਥੇ ਗਰੀਬ ਪਰਜਾ ਦਾ ਧਿਆਨ ਰੱਖਦਾ ਸੀ, ਉਥੇ ਧੱਕਾਖੋਰ, ਬੇਈਮਾਨ ਅਫਸਰਾਂ ਨੂੰ ਵੀ ਉਨ੍ਹਾਂ ਦੀਆਂ ਕਰਤੂਤਾਂ ਦੀ ਸਜ਼ਾ ਦੇਣੋਂ ਸੰਕੋਚ ਨਹੀਂ ਸੀ ਕਰਦਾ।

ਜੀਵਨ ਪ੍ਰਤੀ ਉਸਦਾ ਰਵਈਆ ਇਤਨਾ ਹਮਦਰਦੀ ਤੇ ਰਹਿਮਦਿਲੀ ਵਾਲਾ ਸੀ ਕਿ ਕਦੀ ਉਹ ਕਿਸੇ ਨੂੰ ਨਿਰਾਸ ਨਹੀਂ ਸੀ ਜਾਣ ਦਿੰਦਾ। ਇਥੋਂ ਤਕ

ਕਿ ਜੇਕਰ ਕੁਝ ਯੂਰਪੀਨ ਵੀ ਉਸ ਪਾਸ ਆਏ, ਉਨ੍ਹਾਂ ਨੂੰ ਪੂਰਾ ਆਦਰ ਦਿੱਤਾ। ਹਾਲਾਂ ਕਿ ਉਸ ਸਮੇਂ ਯੂਰਪੀਨ ਲੋਕਾਂ ਨੂੰ ਖ਼ਾਲਸਾ ਦਰਬਾਰ ਦੀ ਨੌਕਰੀ ਵਿਚ ਲੈਣਾ ਖਤਰੇ ਤੋਂ ਖਾਲੀ ਨਹੀਂ ਸੀ। ਪਰ ਗੁਣਵੰਤ ਬਿਦੇਸੀ ਲੋਕਾਂ ਦੇ ਗੁਣਾਂ ਦੀ ਕਦਰ ਕਰਦਿਆਂ ਮਹਾਰਾਜੇ ਨੇ ਬਗੈਰ ਕਿਸੇ ਭਿੰਨ ਭੇਦ ਦੇ ਉਨ੍ਹਾਂ ਦੀ ਯੋਗਤਾ ਤੋਂ ਪੂਰਾ ਪੂਰਾ ਲਾਭ ਉਠਾਇਆ ਤੇ ਉਨ੍ਹਾਂ ਨੂੰ ਆਦਰ ਪਿਆਰ ਨਾਲ ਰਖਿਆ। ਨਾਲ ਹੀ ਆਪਣੇ ਕੌਮੀ ਸਵੈਮਾਨ ਨੂੰ ਕਾਇਮ ਰੱਖਣ ਵਿਚ ਕੋਈ ਕਸਰ ਨਹੀਂ ਛੱਡੀ। ਮਿਸਾਲ ਲਈ ਬਿਦੇਸ਼ੀਆਂ ਨੂੰ ਨੌਕਰੀ ਵਿਚ ਲੈਣ ਸਮੇਂ ਇਹ ਸ਼ਰਤਾਂ ਮੰਨਵਾਈਆਂ ਜਾਂਦੀਆਂ ਸਨ -

1. ਦਾੜ੍ਹੀ ਸੁਚੀ ਰੱਖਣੀ ਹੋਵੇਗੀ।
2. ਗਊ ਮਾਸ ਤੋਂ ਪਰਹੇਜ਼ ਕਰਨਾ ਹੋਵੇਗਾ।
3. ਤਮਾਕੂਨੋਸ਼ੀ ਨਹੀਂ ਕਰਨੀ ਹੋਵੇਗੀ।
4. ਕਿਸੇ ਯੂਰਪੀਨ ਤਾਕਤ ਨਾਲ ਸਿੱਧਾ ਖ਼ਤ-ਪੱਤ੍ਰ ਨਹੀਂ ਕਰਨਾ ਹੋਵੇਗਾ।
5. ਜੇ ਸ਼ਾਦੀ ਕਰਨੀ ਹੋਵੇ ਤਾਂ ਕਿਸੇ ਦੇਸੀ ਔਰਤ ਨਾਲ ਵਿਆਹ ਕਰਨ ਨੂੰ ਤਰਜੀਹ ਦਿੱਤੀ ਜਾਵੇਗੀ, ਇਤਿਆਦਿਕ।

ਇਉਂ ਅਸੀਂ ਵੇਖਦੇ ਹਾਂ ਕਿ ਸਰਬ-ਸਾਂਝ ਮਹਾਰਾਜ ਦੀ ਅਗਵਾਈ ਹੇਠ ਸਾਂਝ ਪੰਜਾਬ ਦੀ ਉਸਾਰੀ ਜਿਥੇ ਹਿੰਦੂ, ਸਿੱਖ, ਮੁਸਲਮਾਨ ਰਲ ਕੇ ਕਰ ਰਹੇ ਸਨ, ਉਥੇ ਸ਼ੇਰਿ ਪੰਜਾਬ ਦੀ ਦਾਨਾਈ ਸਦਕਾ ਕਈ ਅੰਗਰੇਜ਼, ਫ੍ਰਾਂਸੀਸੀ ਤੇ ਇਤਾਲਵੀ ਆਦਿਕ ਈਸਾਈ ਭਾਈ ਵੀ ਇਸ ਪਵਿਤਰ ਭੂਮੀ ਲਈ ਆਪਣਾ ਯੋਗਦਾਨ ਪਾ ਰਹੇ ਸਨ।

ਸਿੱਖ ਗੁਰੂਆਂ ਲਈ ਉਸਦਾ ਸਰਧਾ ਪ੍ਰੇਮ ਵੀ ਪ੍ਰਸਿੱਧ ਹੈ ਜੋ ਚੀਜ਼ ਵਧੀਆ ਜਾਪੀ, ਉਹ ਗੁਰੂ ਰਾਮਦਾਸ ਦੇ ਦਰਬਾਰ ਅਰਪਣ ਕਰਨਾ ਉਹ ਆਪਣਾ ਪਵਿਤਰ ਫ਼ਰਜ਼ ਸਮਝਦਾ ਸੀ। ਆਪਣੇ ਪੋਤਰੇ ਦੇ ਸਿਰ ਤੇ ਹੀਰੇ ਮੋਤੀਆਂ ਦਾ ਜੜਿਆ ਸੇਹਰਾ ਚੰਗਾ ਲਗਿਆ, ਤਾਂ ਉਸੇ ਸਮੇਂ ਦਰਬਾਰ ਸਾਹਿਬ ਭੇਟਾ ਕੀਤਾ ਗਿਆ। ਨਿਜ਼ਾਮ ਹੈਦਰਾਬਾਦ ਦੱਖਣ ਨੇ ਇਕ ਕੀਮਤੀ ਚਾਨਣੀ ਘੱਲੀ, ਜਦੋਂ ਬਸੰਤ ਦੇ ਦਰਬਾਰ ਤੇ ਇਹ ਲਾਈ ਗਈ ਤਾਂ ਮਹਾਰਾਜਾ ਉਸ ਦੀ ਸ਼ੋਭਾ ਵੇਖਕੇ ਇਕ ਦਮ ਇਜੇਹੇ ਪ੍ਰੇਮ ਵਿਚ ਆ ਗਏ ਕਿ ਉਸੇ ਸਮੇਂ ਇਹ ਚਾਨਣੀ ਗੁਰੂ ਰਾਮਦਾਸ ਦੇ ਦਰਬਾਰ ਵਿਚ ਸਜਾਉਣ ਲਈ ਭੇਜ ਦਿੱਤੀ।

ਜਦੋਂ ਉਨ੍ਹਾਂ ਨੂੰ ਪਤਾ ਲਗਾ ਕਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਅੰਤਮ ਯਾਦਗਾਰੀ ਸਥਾਨ ਅਜੇ ਤਕ ਨਹੀਂ ਬਣਿਆ, ਕਿਉਂਕਿ ਸਤਿਗੁਰਾਂ ਦਾ ਹੁਕਮ ਹੈ, ਜੋ ਕੋਈ ਮੇਰੀ ਯਾਦ ਕਾਇਮ ਕਰੇਗਾ, ਉਸਦਾ ਬੰਸ ਨਹੀਂ ਰਹੇਗਾ, ਇਸੇ ਡਰ ਤੋਂ ਕਿਸੇ ਨੇ ਇਹ ਸੇਵਾ ਨਹੀਂ ਨਿਭਾਈ। ਮਹਾਰਾਜਾ ਰਣਜੀਤ ਸਿੰਘ ਨੇ ਕਿਹਾ ਕਿ ਮੇਰਾ ਭਾਵੇਂ ਸਰਬੰਸ ਮਿਟ ਜਾਏ, ਪਰ ਮੈਂ ਆਪਣੇ ਗੁਰੂ ਦੀ ਯਾਦਗਾਰ ਜ਼ਰੂਰ ਸਥਾਪਤ ਕਰਨੀ ਹੈ ਅਤੇ ਉਨ੍ਹਾਂ ਇਸੇ ਤਰ੍ਹਾਂ ਹੀ ਕੀਤਾ।

ਜੇ ਸ਼ਾਹੀ ਦਰਬਾਰ ਸਜਾਇਆ ਤਾਂ ਉਸ ਦਾ ਨਾਂ 'ਦਰਬਾਰ ਖਾਲਸਾ' ਰਖਿਆ, ਜੇ ਰਾਜ ਚਲਾਇਆ ਤਾਂ ਉਸ ਦਾ ਨਾਂ 'ਸਰਕਾਰ ਖਾਲਸਾ' ਰਖਿਆ, ਜੇ ਸਿੱਕਾ ਚਾਲੂ ਕੀਤਾ ਤਾਂ ਆਪਣੇ ਨਾਂ ਦਾ ਨਹੀਂ, ਸਗੋਂ 'ਨਾਨਕ ਸ਼ਾਹੀ' ਸਿੱਕਾ ਜਾਰੀ ਕੀਤਾ। ਸਮੂੰਹ ਹਿੰਦੂ ਮੁਸਲਮਾਨਾਂ ਦੀ ਮਿਲਵਰਤਣ ਲੈ ਕੇ ਚਲਣਾ ਉਸ ਦੀ ਨੀਤੀ ਸੀ ਅਤੇ ਪੰਜਾਬ ਨੂੰ ਹਰ ਤਰ੍ਹਾਂ ਖੁਸ਼ਹਾਲ ਤੇ ਸ਼ਕਤੀਸ਼ਾਲੀ ਬਣਾਉਣਾ ਉਸ ਦਾ ਆਦਰਸ਼ ਸੀ। ਪਰ ਆਮ ਪਰਜਾ ਮਹਾਰਾਜੇ ਨੂੰ 'ਸਰਕਾਰ' ਨਾਂ ਨਾਲ ਹੀ ਯਾਦ ਕਰਕੇ ਖੁਸ਼ ਸੀ, ਕਿਉਂਕਿ ਉਹ ਸਭ ਦਾ ਤੇ ਸਭ ਉਸ ਦੇ ਸਨ।

ਪ੍ਰਿੰ: ਸੀਤਾ ਰਾਮ ਕੋਹਲੀ ਲਿਖਦੇ ਹਨ -

"ਇਕ ਗੱਲ ਹੋਰ ਜੋ ਰਣਜੀਤ ਸਿੰਘ ਦੀ ਗੌਰਮੈਂਟ ਸਬੰਧੀ ਵਿਚਾਰ ਯੋਗ ਅਤੇ ਸ਼ਲਾਘਾ ਯੋਗ ਹੈ, ਉਹ ਇਹ ਹੈ ਕਿ ਇਸਦੇ ਰਾਜ ਵਿਚ ਧਰਮ ਤੇ ਕੌਮ ਦਾ ਸਵਾਲ ਕਦੀ ਉਤਪੰਨ ਹੀ ਨਹੀਂ ਹੋਇਆ। ਜੇ ਰਣਜੀਤ ਸਿੰਘ ਦੀ ਸਫ਼ਲਤਾ ਪੰਥ ਦੀ ਸਲਤਨਤ ਸੀ ਜਿਸ ਵਿਚ ਹਰੇਕ ਸਿੱਖ ਨੂੰ ਦਰਜੇ ਅਤੇ ਹੁਦੇ ਦੇ ਲਿਹਾਜ਼ ਬਿਨਾ ਪੂਰੇ ਅਤੇ ਬਰਾਬਰ ਦੇ ਹੱਕ ਪ੍ਰਾਪਤ ਸਨ ਤਾਂ ਗੈਰ ਸਿਖਾਂ ਲਈ ਵੀ ਉਨ੍ਹਾਂ ਦੀ ਯੋਗਤਾ ਅਤੇ ਵਿਦਵਤਾ ਅਨੁਸਾਰ ਰਾਜ ਦਰਬਾਰ ਦੇ ਦਰਵਾਜੇ ਖੁਲ੍ਹੇ ਸਨ। ਜੇ ਵੱਖ ਵੱਖ ਸੀਗਿਆਂ ਦੇ ਵੱਡੇ ਅਫਸਰਾਂ ਤੇ ਇਕ ਨਜ਼ਰ ਪਾਈ ਜਾਵੇ ਤਾਂ ਇਸ ਗੱਲ ਦੀ ਪੂਰੀ ਪ੍ਰੋੜ੍ਹਤਾ ਹੋ ਜਾਵੇਗੀ। ਤੋਪਖਾਨੇ ਵਰਗੇ ਭਾਰੀ ਤੇ ਜ਼ਰੂਰੀ ਸੀਗੇ ਦੀ ਕਮਾਨ ਪਹਿਲਾਂ ਮੀਆਂ ਗ਼ੌਸ ਖ਼ਾਂ ਕੋਲ ਸੀ ਅਤੇ ਪਿਛੋਂ ਮਿਸਰ ਦੀਵਾਨ ਚੰਦ ਦੇ ਹੱਥਾਂ ਵਿਚ ਰਹੀ। ਉਸ ਦੀ ਮਿਰਤੂ ਪਿਛੋਂ ਗ਼ੌਸ ਖ਼ਾਂ ਦਾ ਪੁੱਤਰ ਜਰਨੈਲ ਸੁਲਤਾਨ ਮੁਹੰਮਦ ਖ਼ਾਂ ਆਪਣੇ ਪਿਤਾ ਦੇ ਹੁੱਦੇ ਉਤੇ ਤਰੱਕੀ ਕਰਦਾ ਹੋਇਆ ਪੁਜ ਗਿਆ। ਫਕੀਰ ਅਜ਼ੀਜ਼ੁਦੀਨ ਦੇ ਮੁਸਾਹਿਬੀ ਦੇ ਦਰਜੇ ਬਰਾਬਰ ਕਿਸੇ ਹੋਰ ਬੰਦੇ ਨੂੰ ਐਨਾ ਉਚਾ ਮਰਤਬਾ ਪ੍ਰਾਪਤ ਨਹੀਂ ਸੀ। ਹੋਰਨਾਂ ਮੁਲਕਾਂ ਨਾਲ ਰਾਜਸੀ

ਚਿੱਠੀ-ਪੱਤਰ ਤੇ ਗੱਲ ਬਾਤ ਦੇ ਅਤਿ ਜ਼ਰੂਰੀ ਤੇ ਭਾਰੀ ਕੰਮ ਤੇ ਫ਼ਕੀਰ ਅਜ਼ੀਜ਼ੁਦੀਨ ਹੀ ਨੀਯਤ ਕੀਤਾ ਜਾਂਦਾ ਸੀ। ਇਸ ਦਾ ਇਕ ਛੋਟਾ ਭਰਾ ਮਹਾਰਾਜੇ ਦੇ ਨਿਜੀ ਸ਼ਫ਼ਾਖਾਨੇ ਦਾ ਇਨਚਾਰਜ ਸੀ ਅਤੇ ਇਸ ਦਾ ਤੀਜਾ ਭਾਈ ਦੇਰ ਤੀਕ ਕਿਲਾ ਗੋਬਿੰਦ ਗੜ੍ਹ ਅੰਮ੍ਰਿਤਸਰ ਦਾ ਇਨਚਾਰਜ ਰਿਹਾ। ਦੀਵਾਨ ਮੋਹਕਮ ਚੰਦ ਅਤੇ ਮਿਸਰ ਦੀਵਾਨ ਚੰਦ ਖਾਲਸਾ ਫੌਜ ਦੇ ਚੋਣਵੇਂ ਅਤੇ ਸਿਰਕੱਢ ਜਰਨੈਲਾਂ ਵਿਚੋਂ ਸਨ। ਦੀਵਾਨ ਸਾਵਣ ਮੱਲ ਅਤੇ ਦੀਵਾਨ ਮੋਤੀ ਰਾਮ ਚੋਟੀ ਦੇ ਗਵਰਨਰ ਸਨ ਅਤੇ ਦੋ ਬੜੇ ਸੂਬਿਆਂ ਅਰਥਾਤ - ਸੂਬਾ ਮੁਲਤਾਨ ਤੇ ਸੂਬਾ ਕਸ਼ਮੀਰ ਦੀ ਨਜ਼ਾਮਤ ਉਨ੍ਹਾਂ ਦੇ ਸਪੁਰਦ ਸੀ।

ਦੀਵਾਨ ਭਵਾਨੀ ਦਾਸ, ਦੀਵਾਨ ਗੰਗਾ ਰਾਮ ਅਤੇ ਰਾਜਾ ਦੀਨਾਨਾਥ ਦੀ ਨਿਗਰਾਨੀ ਵਿਚ ਸਾਰੇ ਰਾਜ ਦੀ ਆਮਦਨੀ ਅਤੇ ਖਰਚ ਦਾ ਹਿਸਾਬ ਰਹਿੰਦਾ ਸੀ। ਸਰਕਾਰੀ ਖਜ਼ਾਨਾ ਸਮੇਤ ਕੋਹਿਨੂਰ ਹੀਰੇ ਦੇ, ਮਿਸਰ ਬੇਲੀ ਰਾਮ ਨੂੰ ਸੌਂਪਿਆ ਹੋਇਆ ਸੀ। ਡੋਗਰੇ ਭਾਈਆਂ ਵਿਚੋਂ ਰਾਜਾ ਧਿਆਨ ਸਿੰਘ ਵੱਧਦਾ ਵੱਧਦਾ ਪ੍ਰਧਾਨ-ਮੰਤ੍ਰੀ ਦੇ ਹੁੱਦੇ ਤੀਕ ਪੁਜ ਗਿਆ ਸੀ। ਭਾਵ ਕੀ ਅਸੀਂ ਏਸ ਪ੍ਰਸ਼ਨ ਨੂੰ ਭਾਵੇਂ ਕਿਸੇ ਪਾਸਿਓਂ ਵਿਚਾਰੀਏ, ਸਾਨੂੰ ਇਸ ਦਾ ਇਕੋ ਉਤਰ ਵਿਖਾਈ ਦਿੰਦਾ ਹੈ, ਅਰਥਾਤ ਮਹਾਰਾਜੇ ਦੇ ਰਾਜ-ਪ੍ਰਬੰਧ ਦੀ ਨੀਤੀ, ਵਿਸ਼ਾਲ ਦਰਿਆਦਿਲੀ ਤੇ ਨਿਰਭਰ ਸੀ ਅਤੇ ਇਸ ਵਿਚ ਧਰਮ ਜਾਂ ਕੌਮ ਦੀ ਰਿਆਇਤ ਤਕ ਵੀ ਨਹੀਂ ਸੀ।

ਇਹ ਏਸੇ ਦ੍ਰਿੜ੍ਹਤਾ, ਸਹਿਨਸ਼ੀਲਤਾ ਅਤੇ ਵਿਸ਼ਾਲਦਿਲੀ ਦਾ ਹੀ ਫਲ ਸੀ ਕਿ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਵਿਚ ਇਕ ਸ਼ਾਨਦਾਰ ਤੇ ਬਲਵਾਨ ਰਾਜ ਦੀ ਨੀਂਹ ਰੱਖੀ ਅਤੇ ਦੇਸ਼ ਵਿਚ ਨਵੇਂ ਸਿਰਿਓਂ ਆਮਨ ਤੇ ਸ਼ਾਂਤੀ ਸਥਾਪਤ ਕੀਤੀ। ਵਪਾਰ, ਦਸਤਕਾਰੀ ਅਤੇ ਉਦਯੋਗ ਨੂੰ ਵੀ ਨਵੇਂ ਸਿਰਿਓਂ ਵਾਧਾ ਨਸੀਬ ਹੋਇਆ। ਇਕ ਪਾਸਿਓਂ ਕਾਬਲ ਤੇ ਈਰਾਨ ਦੇ ਸੌਦਾਗਰ, ਦੂਜੇ ਬੰਨਿਓਂ ਸਿੰਧ ਅਤੇ ਸ਼ਿਕਾਰਪੁਰ ਦੇ ਵਪਾਰੀ, ਤੀਜੀ ਦਿਸ਼ਾ ਵਲੋਂ ਦਿਲੀ ਅਤੇ ਆਗਰੇ ਦੇ ਸੌਦਾਗਰ ਅਤੇ ਉਤਰ ਵਲੋਂ ਤਿੱਬਤ, ਲੱਦਾਖ ਅਤੇ ਕਸ਼ਮੀਰ ਦੇ ਵਪਾਰੀ ਲਾਹੌਰ ਅਤੇ ਅੰਮ੍ਰਿਤਸਰ ਦੀਆਂ ਮੰਡੀਆਂ ਵਿਚ ਆਪਣਾ ਮਾਲ ਲਿਆ ਕੇ ਬੇਖਟਕੇ ਵੇਚਿਆ ਕਰਦੇ ਸਨ।"*

---

* ਫ਼ਤਿਹਨਾਮਾ ਗੁਰੂ ਖਾਲਸਾ ਜੀ ਕਾ, ਭੂਮਿਕਾ (ਪ੍ਰਿੰ: ਸੀਤਾ ਰਾਮ ਕੋਹਲੀ ਪੰ: 52-53)

ਮ. ਰਣਜੀਤ ਸਿੰਘ ਸੱਚਾ ਸੁੱਚਾ ਪੰਜਾਬੀ ਸੀ ਤੇ ਉਸ ਨੇ ਪੰਜਾਬੀਆਂ ਦਾ ਸਾਂਝਾ ਰਾਜ ਕਾਇਮ ਕੀਤਾ। ਕਈ ਇਸ ਨੂੰ ਸਿੱਖਾਂ ਦੀਆਂ ਬਹੁਤੀਆਂ ਘਾਲਣਾ ਕਰ ਕੇ 'ਸਿੱਖ ਰਾਜ' ਦਾ ਨਾਮ ਵੀ ਦਿੰਦੇ ਸਨ, ਪਰੰਤੂ ਇਸ ਰਾਜ ਵਿਚ ਹਿੰਦੂਆਂ ਮੁਸਲਮਾਨਾਂ ਸਭ ਦੀ ਸਾਂਝ ਸੀ। ਜਿਥੇ ਸੈਨਿਕ ਯੋਗਤਾ ਦੇ ਕਾਰਣ ਫੌਜ ਤੇ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਉਸ ਵਿਚ ਹਿੰਦੂ, ਮੁਸਲਮਾਨ - ਵਜ਼ੀਰ ਤਾਂ ਆਮ ਮਿਲਦੇ ਹਨ ਪਰ ਸਿੱਖ ਕੋਈ ਵੀ ਨਜ਼ਰ ਨਹੀਂ ਪੈਂਦਾ। ਇਸ ਤੋਂ ਸਾਫ ਹੈ ਕਿ ਮਹਾਰਾਜੇ ਦਾ ਸੁਫਨਾ ਪੰਜਾਬੀ ਰਾਜ ਸੀ ਤੇ ਉਹੋ ਉਸਦੀ ਅਮਲੀ ਸੂਰਤ ਸੀ। ਜਿਥੇ ਉਸ ਨੇ ਲੱਖਾਂ ਰੁਪਈਆਂ ਦੀਆਂ ਜਗੀਰਾਂ ਗੁਰਦੁਆਰਿਆਂ ਦੇ ਨਾਂ ਲਵਾਈਆਂ, ਉਥੇ ਉਸੇ ਤਰ੍ਹਾਂ ਮਸੀਤਾਂ ਤੇ ਠਾਕਰ ਦੁਆਰਿਆਂ ਦੇ ਨਾਂ ਵੀ ਚੋਖੀਆਂ ਜਾਗੀਰਾਂ ਲਾਈਆਂ। ਲਾਹੌਰ ਨੂੰ ਸਦੀਆਂ ਤੋਂ ਅਜੇਹੇ ਹਾਕਮ ਹੀ ਮਿਲਦੇ ਰਹੇ, ਜਿਨ੍ਹਾਂ ਦੀ ਨਜ਼ਰ ਵਿਚ ਆਪਣੇ ਦੁਸ਼ਮਨਾਂ ਲਈ ਕਤਲਗਾਹ ਤੋਂ ਸਿਵਾ ਦੂਜੀ ਥਾਂ ਕੋਈ ਨਹੀਂ ਸੀ। ਜੇ ਉਹ ਚਾਹੁੰਦਾ ਤਾਂ ਉਹ 'ਮੀਰ ਮੰਨੂੰ' ਵਾਲੇ ਬਦਲੇ ਲੈ ਸਕਦਾ ਸੀ। ਪਰ ਉਹ ਅਜੇਹਾ ਪੱਖਪਾਤੀ ਨਹੀਂ ਸੀ। ਸਰ ਸੱਯਦ ਲਤੀਫ ਠੀਕ ਕਹਿੰਦਾ ਹੈ ਕਿ ਉਹ ਮਜ਼ਬੀ ਪੱਖ-ਪਾਤ ਤੋਂ ਰਹਿਤ ਸੀ, ਪਰ ਆਪਣੀ ਧਾਰਮਕ ਰਹਿਣੀ ਬਹਿਣੀ ਦਾ ਜ਼ਰੂਰ ਹਾਮੀ ਸੀ।' ਫਿਰ ਉਸਨੇ ਜਿਤਨੇ ਨਵਾਬਾਂ ਦੇ ਇਲਾਕੇ ਆਪਣੇ ਰਾਜ ਵਿਚ ਮਿਲਾਏ ਸਭ ਨੂੰ ਜਗੀਰਾਂ ਦਿੱਤੀਆਂ, ਕੈਦਾਂ ਵਿਚ ਜਾਂ ਦਰ ਦਰ ਤੇ ਭਿਖਾਰੀ ਬਣਾ ਕੇ ਨਹੀਂ ਰੋਲਿਆ।

ਇਸ ਗੱਲ ਤੋਂ ਪ੍ਰਸੰਨ ਹੋ ਕੇ ਮੇਜਰ ਲਾਰੰਸ ਲਿਖਦਾ ਹੈ, 'ਦਿੱਲੀ ਤੇ ਕਾਬਲ ਦੇ ਬਜ਼ਾਰਾਂ ਵਿਚ ਆਪ ਸ਼ਾਹੀ ਘਰਾਣੇ ਦੀਆਂ ਲੋਕਾਂ ਨੂੰ ਦਰ ਦਰ ਮੰਗਦਿਆਂ ਵੇਖੋਗੇ, ਪਰ ਪੰਜਾਬ ਵਿਚ ਅਜੇਹਾ ਕੋਈ ਘਰਾਣਾ ਨਹੀਂ ਦਿਸਦਾ, ਜਿਸਦਾ ਇਲਾਕਾ ਮਹਾਰਾਜੇ ਨੇ ਫਤਹਿ ਕਰਕੇ ਆਪਣੇ ਰਾਜ ਨਾਲ ਮਿਲਾਇਆ ਹੋਵੇ ਤੇ ਉਸਨੂੰ ਗੁਜ਼ਾਰੇ ਲਈ ਚੋਖੀ ਜਾਗੀਰ ਜਾਂ ਪਿਨਸ਼ਨ ਨਾ ਦਿੱਤੀ ਹੋਵੇ।'

(ਜੀਵਨ ਬ੍ਰਿਤਾਂਤ ਰਣਜੀਤ ਸਿੰਘ) ਕ੍ਰਿਤ ਬਾਬਾ ਪ੍ਰੇਮ ਸਿੰਘ ਹੋਤੀ

ਸ਼ੇਰਿ ਪੰਜਾਬ ਦਾ ਰਾਜ-ਪ੍ਰਬੰਧ -

ਮ: ਰਣਜੀਤ ਸਿੰਘ ਦਾ ਰਾਜ ਪ੍ਰਬੰਧ ਸੁਚੱਜੀ ਭਾਂਤ ਦਾ ਸੀ, ਜਿਸ ਬਾਰੇ ਕਿਸੇ ਨੂੰ ਘਟ ਵਧ ਹੀ ਸ਼ਿਕਾਇਤ ਹੈ। ਇਹ ਰਾਜ, ਚਾਰ ਸੂਬਿਆਂ ਵਿਚ ਵੰਡਿਆ ਹੋਇਆ ਸੀ - ਲਾਹੌਰ, ਮੁਲਤਾਨ, ਪਿਸ਼ਾਵਰ ਤੇ ਕਸ਼ਮੀਰ। ਹਰ ਸੂਬੇ ਦਾ ਇਕ

ਨਾਜ਼ਮ ਮੁਕਰਰ ਸੀ, ਉਹ ਹਿੰਦੂ, ਮੁਸਲਮਾਨ ਜਾਂ ਸਿੱਖ ਕੋਈ ਵੀ ਹੋ ਸਕਦਾ ਸੀ। ਪ੍ਰਬੰਧਕ ਸੌਖ ਲਈ ਹਰ ਸੂਬਾ ਪਰਗਣਿਆਂ ਵਿਚ ਤੇ ਹਰ ਪਰਗਣਾ ਕਈ ਤਅੱਲਕਿਆਂ ਵਿਚ ਵੰਡਿਆ ਹੋਇਆ ਸੀ। ਲਗਭਗ 50-60 ਪਿੰਡਾਂ ਦਾ ਇਕ ਤਅੱਲਕਾ ਹੁੰਦਾ ਸੀ। ਹਰ ਪਿੰਡ ਵਿਚ ਪੰਚਾਇਤ ਹੁੰਦੀ ਤੇ ਉਸਦੀ ਸਲਾਹ ਨਾਲ ਹੀ ਤਅੱਲਕੇਦਾਰ ਜਾਂ ਕਾਰਦਾਰ ਸਾਰਾ ਕਾਰੋਬਾਰ ਚਲਾਉਂਦੇ ਸਨ। ਕਾਰਦਾਰ ਹੀ ਉਨ੍ਹਾਂ ਦਿਨਾਂ ਵਿਚ ਮੁਖ ਹਾਕਮ ਸਨ ਜੋ ਪ੍ਰਬੰਧ ਦੇ ਨਾਲ ਨਾਲ ਨਿਆਂ ਦਾ ਕੰਮ ਵੀ ਨਿਭਾਉਂਦੇ ਸਨ, ਮਾਲੀਆ ਉਗ੍ਰਾਹੁਣਾ ਵੀ ਇਨ੍ਹਾਂ ਦੇ ਜ਼ਿੰਮੇ ਸੀ। ਮੁਗਲ ਜ਼ਮਾਨੇ ਵਿਚ ਫਸਲ ਦਾ ਤੀਜਾ ਹਿਸਾ ਲਗਾਨ ਵਜੋਂ ਲਿਆ ਜਾਂਦਾ ਸੀ ਤੇ ਕਈ ਥਾਂ ਇਸ ਤੋਂ ਵੀ ਵੱਧ। ਲੇਕਿਨ ਇਸਦਾ ਹਿਸਾਬ ਲਾਉਣਾ ਔਖਾ ਸੀ, ਇਸ ਕਰਕੇ ਕਨਕੂਤ ਮੁਕਰਰ ਕੀਤੇ ਗਏ, ਜੋ ਫਸਲਾਂ ਦੀ ਆਮਦਨ ਦਾ ਮੋਟਾ ਅਨੁਮਾਨ ਤਿਆਰ ਕਰਕੇ ਫਿਰ ਪੰਚਾਂ ਦੀ ਸਲਾਹ ਨਾਲ ਮਾਮਲਾ ਨਿਸਚਤ ਕਰਦੇ ਸਨ। ਜੇ ਕਿਤੇ ਵੱਧ ਮਾਮਲਾ ਲਾਇਆ ਜਾਂਦਾ ਤਾਂ ਮਹਾਰਾਜਾ, ਫਰਿਆਦ ਸੁਣ ਕੇ ਉਸ ਵਿਚ ਖੁਦ ਕਟੌਤੀ ਕਰ ਛਡਦਾ ਸੀ।

ਲਗਾਨ ਤੋਂ ਬਿਨਾਂ ਨਜ਼ਰਾਨਾ, ਜ਼ਬਤੀ, ਆਬਕਾਰੀ, ਚੁੰਗੀ ਆਦਿ ਹੋਰ ਵੀ ਆਮਦਨ ਦੇ ਕਈ ਵਸੀਲੇ ਸਨ ਤੇ ਇਸਦਾ ਸਾਰਾ ਪ੍ਰਬੰਧ ਦੀਵਾਨ ਭਵਾਨੀ ਦਾਸ ਨੇ ਸੰਗਠਿਤ ਕੀਤਾ ਸੀ। ਇਹ ਪ੍ਰਬੰਧਕ ਢਾਂਚਾ ਭਾਵੇਂ ਸਿੱਧਾ-ਸਾਦਾ ਸੀ ਪਰ ਇਹ ਦਿਆਨਤਦਾਰੀ ਤੇ ਨਿਰਭਰ ਸੀ, ਕਿਸੇ ਨੂੰ ਭ੍ਰਿਸ਼ਟਾਚਾਰ ਕਰਨ ਦੀ ਜੁਰਅਤ ਨਹੀਂ ਸੀ। ਇਕ ਇਸਦਾ ਵੱਡਾ ਕਾਰਣ ਇਹ ਸੀ ਕਿ ਅਫਸਰ ਸਭ ਰੱਜੇ-ਪੁੱਜੇ ਸਨ, ਚੰਗਾ ਕੰਮ ਕਰਨ ਵਾਲੇ ਨੂੰ ਮਹਾਰਾਜਾ ਖੁਸ਼ ਹੋ ਕੇ ਤਨਖਾਹ ਤੋਂ ਇਲਾਵਾ ਜਗੀਰਾਂ ਵੀ ਲਾ ਦਿੰਦਾ ਸੀ ਤੇ ਹੋਰ ਇਨਾਮ ਕਨਾਮ ਵੀ ਦਿੰਦਾ ਰਹਿੰਦਾ ਸੀ। ਦੂਸਰੇ, ਭਾਅ ਬੜੇ ਸਸਤੇ ਸਨ। ਖਾਸ ਕਰਕੇ ਖਾਣ ਪੀਣ ਦੀਆਂ ਚੀਜ਼ਾਂ ਦੇ। ਇਕ ਰਜਮਟ ਦਾ ਹਿਸਾਬ ਮੋਦੀ ਨਾਲ ਇਉਂ ਕੀਤਾ ਗਿਆ ਸੀ-

ਦੁਧ - ਇਕ ਮਣ ||=)
ਘਿਉ - ਇਕ ਮਣ ੮)
ਕਣਕ - ਇਕ ਮਣ |||=)
ਜੌਂ - ਇਕ ਮਣ ||=)
ਜੁਆਰ - ਇਕ ਮਣ ||)

ਲੂਣ - ਇਕ ਮਣ ।=)
ਲੱਕੜ - ਇਕ ਮਣ -)*

ਫੌਜੀ ਪ੍ਰਬੰਧ -

ਹਿੰਦ ਦੀ ਸੈਨਿਕ ਪਰੰਪਰਾ ਬਹੁਤੀ ਪ੍ਰਣਾਲੀਬੱਧ ਨਹੀਂ ਸੀ ਤੇ ਸਿਖਾਂ ਦੇ ਫੌਜੀ ਜਥੇ ਵੀ ਨਿਤ ਨਿਤ ਦੁਸ਼ਮਣਾਂ ਨਾਲ ਟੱਕਰਾਂ ਲੈਂਦੇ ਕਈ ਕਿਸਮ ਦੇ ਤਜਰਬੇ ਹਾਸਲ ਕਰ ਚੁਕੇ ਸਨ, ਪਰੰਤੂ ਯੂਰਪੀਨ ਢੰਗ ਦੀ ਸੁਸਿਖਿਅਤ ਫੌਜ ਦੇ ਮੁਕਾਬਲੇ ਇਹ ਉਤਨੇ ਤਾਕ ਨਹੀਂ ਸਨ। ਮਹਾਰਾਜੇ ਨੇ ਇਸ ਲੋੜ ਨੂੰ ਅਨੁਭਵ ਕਰਕੇ ਫੌਜ ਨੂੰ ਨਵੇਂ ਢੰਗ ਦੀ ਸਿਖਲਾਈ ਦੇਣ ਵਿਚ ਵਿਸ਼ੇਸ਼ ਦਿਲਚਸਪੀ ਲਈ ਤੇ ਈਸਟ ਇੰਡੀਆ ਕੰਪਨੀ ਦੀ ਨੌਕਰੀ ਛੱਡ ਕੇ ਆਏ ਅਨੇਕਾਂ ਫੌਜੀਆਂ ਨੂੰ ਵੱਧ ਪੈਸੇ ਦੇ ਕੇ ਆਪਣੀ ਮੁਲਾਜ਼ਮਤ ਵਿਚ ਰੱਖਿਆ। ਖਾਸ ਕਰਕੇ ਪਹਿਲੇ ਪਹਿਲ ਨਾਇਕ ਜਸਵੰਤ ਸਿੰਘ ਨੇ ਇਸ ਕੰਮ ਵਿਚ ਵਿਸ਼ੇਸ਼ ਹਿੱਸਾ ਪਾਇਆ।

ਫੌਜ ਦੋ ਕਿਸਮ ਦੀ ਸੀ - ਫੌਜਿ ਆਇਨ ਤੇ ਫੌਜਿ ਬੇਕਵਾਇਦ। ਫੌਜਿ ਆਇਨ ਉਹ ਸੀ ਜੋ ਬਾਕਾਇਦਾ ਸਿਖਿਆ ਗ੍ਰਹਿਣ ਕਰਕੇ ਤਿਆਰ ਕੀਤੀ ਗਈ ਸੀ। 'ਫੌਜੇ ਬੇਕਵਾਇਦ' ਵਿਚ ਆਮ ਤੌਰ ਤੇ ਉਹ ਘੋੜ-ਚੜ੍ਹੇ ਸ਼ਾਮਲ ਸਨ ਜੋ ਇਸ ਸਿਖਿਆ ਦੀ ਬਹੁਤੀ ਲੋੜ ਨਹੀਂ ਸੀ ਸਮਝਦੇ ਤੇ ਰਵਾਇਤ੍ਹੀ ਤੌਰ ਤੇ ਫੌਜੀ ਜੀਵਨ ਬਸਰ ਕਰਦੇ ਸਨ। ਫੌਜਿ ਆਇਨ ਵੀ ਅੱਗੇ ਤਿੰਨ ਭਾਗਾਂ ਵਿਚ ਵੰਡੀ ਹੋਈ ਸੀ - ਪੈਦਲ, ਘੋੜ ਸਵਾਰ ਤੇ ਤੋਪਖਾਨਾ। ਚੂੰਕਿ ਸਿੱਖ ਸਾਰੇ ਹੀ ਸਰਦਾਰ ਸਨ ਤੇ ਹਰ ਕੋਈ ਘੋੜਾ ਰੱਖਦਾ ਸੀ, ਇਸ ਕਰਕੇ ਆਮ ਤੌਰ ਤੇ ਸਿੱਖ ਸਿਪਾਹੀ ਪੈਦਲ ਫੌਜ ਵਿਚ ਸ਼ਾਮਲ ਹੋਣਾ ਹੱਤਕ ਦੀ ਗੱਲ ਸਮਝਦੇ ਸਨ ਤੇ ਜੇ ਕੋਈ ਕਵਾਇਦ ਸਿੱਖਣ ਲਈ ਕਹਿੰਦਾ ਤਾਂ ਇਹ ਉਸਨੂੰ 'ਕੰਜਰੀ ਦਾ ਨਾਚ' ਕਹਿਕੇ ਠੱਠਾ ਕਰਦੇ ਲੇਕਿਨ ਇਹ ਭੁਲੇਖੇ ਹੌਲੀ ਹੌਲੀ ਦੂਰ ਹੋ ਗਏ ਤੇ ਹਜ਼ਾਰਾਂ ਦੀ ਗਿਣਤੀ ਵਿਚ ਜੁਆਨ ਪਲਟਨਾਂ ਵਿਚ ਸ਼ਾਮਲ ਹੋਏ। ਖਾਸ ਕਰਕੇ ਸਿੱਖ ਰਾਜ ਦੀਆਂ ਜਿੱਤਾਂ ਤੇ ਮਹਾਰਾਜੇ ਦੀਆਂ ਬਖਸ਼ਸ਼ਾਂ ਨੇ ਵਧੀਆ ਫੌਜ ਬਣਾਉਣ ਵਿਚ ਢੇਰ ਹਿੱਸਾ ਪਾਇਆ। 1822 ਵਿਚ ਜਨਰਲ ਵੈਨਤੂਰਾ ਤੇ ਜਨਰਲ ਐਲਾਰਡ

---

* ਖਾਲਸਾ ਰਾਜ ਦੇ ਉਸਰੀਏ, ਪੰਨਾ 42 (ਬਾਬਾ ਪ੍ਰੇਮ ਸਿੰਘ ਹੋਤੀ)
ਆਰਮੀ ਆਫ ਮ. ਰਣਜੀਤ ਸਿੰਘ, ਪੰਨਾ 416 (ਪ੍ਰਿੰ: ਸੀਤਾ ਰਾਮ ਕੋਹਲੀ)

ਵਰਗੇ ਬਿਦੇਸੀ ਸੈਨਾਪਤਿ ਮਹਾਰਾਜੇ ਦੀ ਨੌਕਰੀ ਵਿਚ ਆ ਗਏ, ਜਿਨ੍ਹਾਂ ਫੌਜ ਨੂੰ ਹੋਰ ਪ੍ਰਬੀਨ ਬਣਾਉਣ ਵਿਚ ਯੋਗਦਾਨ ਦਿੱਤਾ। ਇਹ 'ਫੌਜਿ ਖਾਸ' ਕਹਾਉਂਦੀ ਸੀ ਤੇ ਕਈ ਇਸਨੂੰ 'ਫ੍ਰਾਂਸੀਸੀ ਕੰਪੂ' ਵੀ ਕਹਿ ਦਿੰਦੇ ਸਨ। ਇਹ ਫੌਜ ਕੇਵਲ ਸਿਖਾਂ ਦੀ ਹੀ ਨਹੀਂ ਸੀ, ਇਸ ਵਿਚ ਰਾਜਪੂਤ, ਪਠਾਣ, ਡੋਗਰੇ ਤੇ ਪੂਰਬੀਏ ਵੀ ਹਜ਼ਾਰਾਂ ਦੀ ਗਿਣਤੀ ਵਿਚ ਸ਼ਾਮਲ ਸਨ। ਹਰ ਪਲਟਨ ਵਿਚ ਅੱਠ ਕੰਪਨੀਆਂ ਹੁੰਦੀਆਂ ਸਨ ਤੇ ਹਰ ਕੰਪਨੀ ਵਿਚ ਸੌ ਜਵਾਨ। ਹਰ ਕੰਪਨੀ ਵਿਚ ਸੂਬੇਦਾਰ, ਜਮਾਂਦਾਰ, ਚਾਰ ਹਵਾਲਦਾਰ ਤੇ ਚਾਰ ਨਾਇਕ ਹੁੰਦੇ ਸਨ। ਕੁਮੈਦਾਨ ਮੁਖੀਆ ਹੁੰਦਾ ਸੀ। ਰਜਮਟ ਤਿੰਨ ਸੌ ਤੋਂ ਛੇ ਸੌ ਘੋੜ-ਸਵਾਰਾਂ ਤਕ ਦੀ ਹੁੰਦੀ ਸੀ, ਅਗੇ ਇਸਦੇ ਹੋਰ ਹਿੱਸੇ ਕੀਤੇ ਗਏ ਤਾਂ ਉਸਨੂੰ 'ਰਸਾਲਾ' ਕਹਿੰਦੇ ਸਨ।

ਤਨਖਾਹਾਂ ਦਾ ਮਾਸਕ ਦਰ ਇਉਂ ਹੁੰਦਾ ਸੀ -

ਜਰਨਲ	-	375 ਰੁਪਏ
ਕਰਨਲ	-	250
ਕੁਮੈਦਾਨ	-	60
ਰਸਾਲਦਾਰ	-	35 ਰੁਪਏ
ਐਡਜੂਟੈਂਟ	-	30
ਸੂਬੇਦਾਰ	-	20
ਜਮਾਦਾਰ	-	15
ਹਵਾਲਦਾਰ	-	12
ਨਾਇਕ	-	10
ਸਿਪਾਹੀ	-	7
ਬੇਲਦਾਰ	-	5
ਖਲਾਸੀ	-	3*

ਹਰ ਸਿਪਾਹੀ ਦੀ ਬਨਾਤ ਦੀ ਲਾਲ ਕੁੜਤੀ, ਨੀਲੀ ਪਤਲੂਨ ਤੇ ਅਸਮਾਨੀ ਰੰਗ ਦੀ ਦਸਤਾਰ ਹੁੰਦੀ ਸੀ। ਇਕ ਬੰਦੂਕ, ਇਕ ਸੰਗੀਨ, ਇਕ ਤਲਵਾਰ ਤੇ 50 ਗੋਲੀਆਂ, ਇਕ ਥੈਲਾ। ਫੌਜੀ, ਰੇਸ਼ਮੀ ਪੱਗਾਂ ਵੀ ਆਮ ਬੰਨ੍ਹਦੇ

---

* ਪੰਜਾਬ ਏਜ਼ ਏ ਸਾਵਰਨ ਸਟੇਟ (ਗੁਲਸ਼ਨ ਲਾਲ ਚੋਪੜਾ) ਪੰਨਾ 142 (1960)

ਹਨ। ਕਰਨਲ ਸਟੀਨ ਬੈਖ਼ ਕਹਿੰਦਾ ਹੈ ਕਿ ਸਿੱਖ ਫੌਜਾਂ ਦੀ ਵਰਦੀ ਬੜੀ ਸੋਹਣੀ ਤੇ ਬਹੁਮੁੱਲੀ ਬਨਾਤ (ਹਰੀ ਜਾਂ ਨੀਲੀ) ਦੀ ਹੁੰਦੀ ਸੀ ਅਤੇ ਉਹ ਜੋ ਸਾਫ਼ੇ ਬੰਨ੍ਹਦੇ, ਉਹ ਕਸ਼ਮੀਰੀ ਹੁੰਦੇ ਸਨ।

ਮਿਸਲਾਂ ਦੇ ਜ਼ਮਾਨੇ ਸਿੱਖ ਸਰਦਾਰਾਂ, ਤੋਪਖਾਨੇ ਵਲ ਬਹੁਤਾ ਧਿਆਨ ਨਹੀਂ ਸੀ ਦਿੱਤਾ, ਲੇਕਿਨ ਮਹਾਰਾਜੇ ਨੇ ਤੋਪਖਾਨਾ ਤਿਆਰ ਕਰਨ ਲਈ ਉਚੇਚੇ ਕਦਮ ਉਠਾਏ। ਇਹ ਵੀ ਚਾਰ ਕਿਸਮ ਦਾ ਸੀ - ਤੋਪਖਾਨਾ ਫ਼ੀਲ ਬਾਤਰੀ, ਤੋਪਖਾਨਾ ਅਸਪੀ, ਤੋਪਖਾਨਾ ਗਾਵੀ ਤੇ ਤੋਪਖਾਨਾ ਸ਼ੁਤਰੀ। ਵੱਡੇ ਮੋਰਚਿਆਂ ਤੇ ਹਾਥੀਆਂ ਵਾਲਾ ਤੋਪਖਾਨਾ ਘੱਲਿਆ ਜਾਂਦਾ ਸੀ ਤੇ ਖਾਸ ਕਰਕੇ ਪਹਾੜੀ ਚੜ੍ਹਾਈਆਂ ਸਮੇਂ ਇਹ ਵਧੇਰੇ ਕੰਮ ਆਉਂਦਾ। ਹਲਕੀਆਂ ਤੋਪਾਂ ਊਠਾਂ ਉਤੇ ਲੱਦਕੇ ਲਿਜਾਈਆਂ ਜਾਂਦੀਆਂ ਸਨ। ਤੋਪਾਂ ਦੇ ਨਾਮ ਵੀ ਅਕਾਲ ਬਖਸ਼, ਗੋਬਿੰਦ ਬਾਣ, ਖਾਲਸਾ-ਪਸੰਦ, ਫਤਹਿ ਜੰਗ, ਨੁਸਰਤ ਜੰਗ, ਅਦੂ-ਕੋਬ ਭਾਂਤ ਭਾਂਤ ਦੇ ਰੱਖੇ ਹੋਏ ਸਨ। ਇਹ ਸਭ ਛੋਟੀਆਂ ਵੱਡੀਆਂ ਤੋਪਾਂ ਮਹਾਰਾਜਾ ਆਪਣੇ ਕਾਰਖਾਨਿਆਂ ਵਿਚ ਤਿਆਰ ਕਰਾਉਂਦਾ ਸੀ ਤੇ ਇਸ ਕੰਮ ਦੀ ਨਿਗਰਾਨੀ ਸ. ਲਹਿਣਾ ਸਿੰਘ ਮਜੀਠੀਆ, ਕਾਦਰ ਬਖਸ਼, ਖਲੀਫਾ ਨੂਰਦੀਨ ਅਤੇ ਜਰਨਲ ਕੋਰਟ ਵਗੈਰਾ ਕਰਦੇ ਸਨ।

ਸ਼ੇਰਿ ਪੰਜਾਬ ਦਾ ਦਰਬਾਰ :

ਭਾਵੇਂ ਹਰ ਜਿੱਤ ਦਾ ਸੇਹਰਾ ਜਰਨੈਲ ਦੇ ਸਿਰ ਹੀ ਹੁੰਦਾ ਹੈ, ਪਰ ਉਸ ਜਿੱਤ ਵਿਚ ਹੋਰਾਂ ਦਾ ਵੀ ਯਥਾਯੋਗ ਹਿੱਸਾ ਹੁੰਦਾ ਹੈ। ਇਸੇ ਤਰ੍ਹਾਂ ਭਾਵੇਂ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਬੀਰਤਾ, ਸਾਹਸ, ਸਿਆਣਪ ਤੇ ਨੀਤੀ ਨਾਲ ਇਤਨੀ ਵੱਡੀ ਸਲਤਨਤ ਕਾਇਮ ਕੀਤੀ, ਪਰੰਤੂ ਇਸ ਪ੍ਰਾਪਤੀ ਵਿਚ ਉਸਦੇ ਦਰਬਾਰੀਆਂ ਤੇ ਹੋਰ ਲਾਇਕ ਸੈਨਾਪਤੀਆਂ ਦਾ ਵੀ ਯੋਗਦਾਨ ਹੈ। ਇਸਨੂੰ ਕਿਸੇ ਤਰ੍ਹਾਂ ਅਣਡਿਠ ਨਹੀਂ ਕੀਤਾ ਜਾ ਸਕਦਾ। ਇਕ ਹੋਰ ਗੱਲ ਮਾਅਰਕੇ ਦੀ ਹੈ, ਮਹਾਰਾਜੇ ਨੇ ਕੇਵਲ ਸਲਤਨਤ ਹੀ ਨਹੀਂ ਬਣਾਈ, ਸਗੋਂ ਬੰਦੇ ਵੀ ਬਣਾਏ। ਜੋ ਕੋਈ ਉਸਦੇ ਦਰਬਾਰ ਵਿਚ ਆਇਆ, ਉਹ ਕੋਈ ਖਾਨਦਾਨੀ ਸ਼ੋਭਾ ਸ਼ਾਨ ਜਾਂ ਸਿਖਿਆ ਲੈ ਕੇ ਨਹੀਂ ਪੁੱਜਾ, ਸਗੋਂ ਆਮ ਸਿਪਾਹੀਆਂ ਵਾਂਗ ਭਰਤੀ ਹੋ ਕੇ ਸਮੇਂ ਦੇ ਤਜਰਬੇ ਅਤੇ ਮਹਾਰਾਜੇ ਦੀ ਕ੍ਰਿਪਾਲਤਾ ਨਾਲ ਉਚੇ ਤੋਂ ਉਚੇ ਅਹੁਦੇ

ਤਕ ਪੁਜਾ। ਇਸ ਤਰ੍ਹਾਂ ਉਸਨੇ ਆਪਣੇ ਦਰਬਾਰੀਆਂ ਤੇ ਸੈਨਾਪਤੀਆਂ ਨੂੰ ਖੁਦ ਸਿਰਜਿਆ ਤੇ ਫਿਰ ਉਨ੍ਹਾਂ ਹੱਥੋਂ ਉਹ ਕਾਰਨਾਮੇ ਕਰਾਏ ਜੋ ਇਤਿਹਾਸ ਵਿਸਾਰ ਨਹੀਂ ਸਕਦਾ। ਜਿਥੇ ਸ. ਹਰੀ ਸਿੰਘ ਨਲੂਆ, ਸ. ਲਹਿਣਾ ਸਿੰਘ ਮਜੀਠਾ ਤੇ ਸ. ਸ਼ਾਮ ਸਿੰਘ ਵਰਗੇ ਸਿਆਣੇ ਸਿੱਖ ਸਰਦਾਰ ਸਨ, ਉਥੇ ਫਕੀਰ ਅਜ਼ੀਜ਼ੁਦੀਨ, ਫਕੀਰ ਨੂਰੁੱਦੀਨ, ਜਰਨਲ ਇਲਾਹੀ ਬਖਸ਼ ਤੇ ਜਰਨਲ ਗੌਸ ਖ਼ਾਂ ਵਰਗੇ ਵਫਾਦਾਰ ਮੁਸਲਮਾਨ ਵੀ ਸਨ, ਜਿਥੇ ਰਾਜਾ ਧਿਆਨ ਸਿੰਘ, ਰਾਜਾ ਸੁਚੇਤ ਸਿੰਘ, ਵਰਗੇ ਚਤੁਰ ਰਾਜਪੂਤ ਸਨ, ਉਥੇ ਦੀਵਾਨ ਮੁਹਕਮ ਚੰਦ, ਦੀਵਾਨ ਭਵਾਨੀ ਦਾਸ, ਦੀਵਾਨ ਮੋਤੀ ਰਾਮ, ਦੀਵਾਨ ਗੰਗਾ ਰਾਮ, ਦੀਵਾਨ ਦੀਨਾਨਾਥ ਤੇ ਮਿਸਰ ਬੇਲੀ ਰਾਮ ਵਰਗੇ ਲਾਇਕ ਹਿੰਦੂ ਅਫਸਰ ਵੀ ਸਨ। ਜੇ ਕਿਤੇ ਜਨਰਲ ਵੈਨਤੂਰਾ, ਐਲਾਰਡ, ਕੋਰਟ ਜਾਂ ਜਨਰਲ ਅਵੀਤੇਬਲ ਵਰਗੇ ਬਿਦੇਸੀ ਵੀ ਮਹਾਰਾਜੇ ਦੇ ਨਜ਼ਦੀਕ ਆਏ ਤਾਂ ਉਸਨੇ ਉਨ੍ਹਾਂ ਦੀਆਂ ਜੋਗਤਾਵਾਂ ਦਾ ਪੰਜਾਬ ਦੀ ਤਰੱਕੀ ਲਈ ਪੂਰਾ ਪੂਰਾ ਪ੍ਰਯੋਗ ਕੀਤਾ। ਇਹ ਮਹਾਰਾਜੇ ਦੀ ਦਾਨਾਈ ਤੇ ਖੁਲ੍ਹਦਿਲੀ ਸੀ ਕਿ ਉਹ ਅਨੇਕ ਕਿਸਮ ਦੇ ਵਿਅਕਤੀਆਂ ਨੂੰ ਲੈ ਕੇ ਆਪਣਾ ਰਾਜਨੀਤਕ ਤੇ ਸੈਨਿਕ ਸਫਰ ਸਫਲਤਾ ਸਹਿਤ ਕਰਦਾ ਗਿਆ। ਉਸਨੂੰ ਕਿਤੇ ਅਸਫਲਤਾ ਦਾ ਮੂੰਹ ਨਹੀਂ ਦੇਖਣਾ ਪਿਆ ਤੇ ਨਾ ਹੀ ਉਸਨੂੰ ਕਿਸੇ ਵੈਰੀ ਵਿਰੁਧ ਅਜੇਹੀ ਕਠੋਰ ਜ਼ਾਬਰ ਕਾਰਵਾਈ ਕਰਨ ਦੀ ਲੋੜ ਪਈ, ਜਿਸ ਕਾਰਣ ਇਤਿਹਾਸ ਉਸਨੂੰ ਸ਼ਰਮਸਾਰ ਕਰ ਸਕੇ। ਉਹ ਨਿੰਮ੍ਰਤਾ ਤੇ ਉਦਾਰਤਾ ਦਾ ਪੁੰਜ ਸੀ, ਜੋ ਬਾਦਸ਼ਾਹ ਹੁੰਦਿਆਂ ਸਿੱਖ ਭਾਈਚਾਰੇ ਵਿਚ ਖੜ ਕੇ ਮਾਫੀ ਵੀ ਮੰਗ ਸਕਦਾ ਸੀ ਤੇ ਫੌਰਨ ਵਿਰੋਧੀਆਂ ਨੂੰ ਵੀ ਮਾਫ ਕਰ ਸਕਦਾ ਸੀ, ਉਸਦਾ ਜਸ ਇਤਿਹਾਸ ਗਾਉਂਦਾ ਰਹੇਗਾ।

ਪਾਠਕਾਂ ਨੇ ਉਤੇ ਦੇਖਿਆ ਹੈ ਕਿ ਬਾਹਰਲੇ ਤਮਾਮ ਸਫੀਰਾਂ ਤੇ ਯਾਤਰੂਆਂ ਮਹਾਰਾਜੇ ਦੀ ਮਹਿਮਾ ਕੀਤੀ ਹੈ ਤੇ ਉਹ ਉਸਦੀ ਖੂਬੀਆਂ ਦਸਦੇ ਨਹੀਂ ਥਕਦੇ। ਇਨ੍ਹਾਂ ਬਿਦੇਸੀ ਲੇਖਕਾਂ ਤੋਂ ਇਲਾਵਾ ਮਹਾਰਾਜੇ ਦੇ ਤਪ ਤੇਜ਼ ਅਤੇ ਉਸ ਦੇ ਰਾਜ ਦੀਆਂ ਖੂਬਸੂਰਤੀਆਂ ਨੂੰ ਦੇਸ ਦੇ ਕਵੀਆਂ ਵੀ ਖੂਬ ਗਾਂਵਿਆ ਹੈ, ਕੁਝ ਵੰਨਗੀਆਂ ਇਥੇ ਦਿੰਦਾ ਹਾਂ -

ਹਾਕਮ ਸਿੰਘ ਦਰਵੇਸ਼ ਲਿਖਦਾ ਹੈ :

ਬਾਦਸ਼ਾਹ ਰਣਜੀਤ ਸਿੰਘ ਗੁਰੂ ਕੀਤਾ, ਤੈਨੂੰ ਫੁਲ ਜਿਉਂ ਵਾਂਗ ਗੁਲਾਬ ਦੇ ਜੀ।

ਹਾਕਮ ਸਿੰਘ ਤੇਰੇ ਜੇਹਾ ਬਾਦਸ਼ਾਹ ਨਾ, ਡਿਠੇ ਮੁਲਖ ਤੇ ਜੇਹਾ ਪੰਜਾਬ ਦੇ ਜੀ ।੧੬।

ਜਾਫਰਬੇਗ ਕਹਿੰਦਾ ਹੈ :

ਤੇ ਤਾਬਿਆ ਕਈ ਹਜ਼ਾਰ ਰਾਜੇ, ਸੰਦਲਦੀਪ ਬੀਕਾਨੇਰ ਜੀਨ ਤਾਈਂ।
ਧੁਰੋਂ ਟਾਪੂਓਂ ਲੰਦਣੋਂ ਚਲ ਗੋਰੇ, ਹਥ ਬੰਨ੍ਹ ਆ ਕਰਨ ਤਾਜ਼ੀਮ ਤਾਈਂ।
ਚੰਬੇ, ਕੁਲੂ, ਭੁਟੰਤ ਥੀਂ ਆਵਹਿੰ ਟਕੇ, ਸਾਰਾ ਮੁਲਖ਼ ਸ੍ਰਕਾਰ ਦੀ ਈਨ ਤਾਈਂ।
ਜਾਫਰਬੇਗ ਸਰਕਾਰ ਦੀ ਧਮਕ ਭਾਰੀ, ਟਕੇ ਆਉਂਦੇ ਚੀਨ ਮਚੀਨ ਤਾਈਂ।

ਪੰਜਾਬ ਦਾ ਕੌਮੀ ਕਵੀ ਸ਼ਾਹ ਮੁਹੰਮਦ ਲਿਖਦਾ ਹੈ :

'ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ, ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ ਕਸ਼ਮੀਰ ਪਿਸ਼ੌਰ ਚੰਬਾ, ਜੰਮੂ ਕਾਂਗੜਾ ਕੋਟ ਨਿਵਾਇ ਗਿਆ।
ਤਿਬਤ ਦੇਸ ਲਦਾਖ ਤੇ ਚੀਨ ਤੋੜੀਂ, ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਨ ਪੰਚਾਸ ਬਰਸਾਂ, ਅੱਛਾ ਰੱਜ ਕੇ ਰਾਜ ਕਮਾਇ ਗਿਆ।੫।

ਇਸਦੇ ਰਾਜ ਵੇਲੇ ਪੰਜਾਬ ਕਿਹੋ ਜਿਹਾ ਖੁਸ਼ਹਾਲ ਸੀ :

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ, ਸਿਰ ਦੋਹਾਂ ਦੇ ਉਤੇ ਅਫਾਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ, ਅੱਗੇ ਨਹੀਂ ਸੀ ਤੀਸਰੀ ਜਾਤ ਆਈ।੩।

ਇਸੇ ਤਰ੍ਹਾਂ ਨਿਹਾਲ ਸਿੰਘ ਦਸਦਾ ਹੈ :

ਤੇ ਤਬਾਅ ਸਰਕਾਰ ਦੀ ਅਜਬ ਭਾਰੀ, ਤੋਪਾਂ ਰਹਿਕਲਾਂ ਸਣੇ ਜੰਬੂਰਿਆਂ ਦੇ।
ਕਲਾਨੌਰ ਫਿਲੌਰ ਪਿਸ਼ੌਰ ਤਾਈਂ, ਟਕੇ ਦੇਂਵਦੇ ਨੀ ਮਾਰੇ ਹੂਰਿਆਂ ਦੇ।
ਤੇਗ ਢਾਲ ਤਲਵਾਰ ਤੁਫੰਗ ਨੇਜ਼ੇ, ਕੌਣ ਅਟਕਦਾ ਈ ਅਗੇ ਸੂਰਿਆਂ ਦੇ।
ਪੈਣ ਭਾਜੜਾਂ ਚੀਨ ਮਚੀਨ ਤਾਈਂ, ਕਾਬਲ ਕੰਬਦਾ ਜ਼ਰਾ ਖੰਘੂਰਿਆਂ ਦੇ।੪।

ਕਾਨ੍ਹ ਸਿੰਘ ਬੰਗਾ ਇਹੋ ਕਹਿੰਦਾ ਹੈ :

ਹੂਈ ਦਿਨ ਬਦਿਨ ਜੀਤ ਸਰਕਾਰ ਕੀ, ਜੁ ਦੁਸ਼ਮਨ ਕਰੇਂ ਸਿਫਤ ਦਰਬਾਰ ਕੀ ।੪੦।
ਗੁਰੂ ਪੁਸ਼ਤ ਉਸ ਕੀ ਪੈ ਮੱਦਤ ਧਰੈਂ। ਸਭੀ ਲਾਟ ਆ ਕਰ ਮੁਤਾਬਤ ਕਰੈਂ।੫੦।
ਸਿਰੋਂ ਲਾਹਿ ਟੋਪੀ ਕੋ ਕਰਤੇ ਸਲਾਮ। ਕਰੇ ਬਾਦਸ਼ਾਹੀ ਮੁਲਕ ਕੀ ਤਮਾਮ।੫੧।

ਗਵਾਲ ਕਵੀ ਆਪਣੀ ਰਚਨਾ 'ਵਿਜਯ-ਵਿਨੋਦ' ਵਿਚ ਉਸਦੇ ਸ਼ਾਂਤੀ-ਭਰਪੂਰ ਰਾਜ ਦੀ ਉਪਮਾ ਕਰਦਾ ਲਿਖਦਾ ਹੈ ਕਿ ਉਸਦੇ ਰਾਜ ਵਿਚ ਸ਼ੇਰ ਬੱਕਰੀ ਇਕੋ ਘਾਟ ਪਾਣੀ ਪੀਂਦੇ ਹਨ :

'ਪਰਮ ਪ੍ਰਤਾਪੀ ਮਹਾਰਾਜਾ ਰਣਜੀਤ ਸਿੰਘ,

ਕੇਤੇ ਰੰਕ ਕੀਏ ਭੂਪ, ਭੂਪੇ ਰੰਕ ਸਰ ਜੀ।
ਚੋਰ ਧਾੜਵੀਨ ਕੀ ਨਾ ਰਾਖੀ ਹੈ ਨਿਸ਼ਾਨੀ ਕੋਊ,
ਸ਼ੇਰ ਗਾਈਂ ਪਾਨੀ ਪੀਐਂ ਮੇਲ ਏਕ ਮਰਜ਼ੀ ।੧੮।

(ਵਿਜਯ ਵਿਨੋਦ)

ਮਿਹਰ ਸਿੰਘ ਗੁਜਰਾਤੀ ਉਸ ਦੀ ਸਖਾਵਤ ਦੀ ਵਿਸ਼ੇਸ਼ ਪ੍ਰਸੰਸਾ ਕਰਦਾ ਹੈ :

ਸਬਜ਼ੇ ਮਾਣਕ ਲਾਲ ਲਵਾਏ, ਕੁੰਦਨ ਨਾਲ ਜੜਾ ਕੇ
ਚੇਹਰਾ ਲਟ ਲਟ ਲਾਟਾਂ ਭਰਨ, ਬਹੇ ਅੰਬਾਰੀ ਆਕੇ।
ਵਸਤੀ ਦੇ ਜਾਂ ਨੇੜੇ ਲੰਘੇ, ਮੋਹਰਾਂ ਜਾਇ ਲੁਟਾਂਦਾ।
ਸੁੱਟ ਰੁਪਈਏ ਤਰਫ ਗ਼ਰੀਬਾਂ, ਜ਼ਿਮੀ ਸੁਪੇਦ ਕਰਾਂਦਾ। (ਪੰਜਾਬ ਰਉਸ਼ਨ

ਸ਼ੇਰਿ ਪੰਜਾਬ ਦੇ ਮਹਿਮਾ ਕਾਰ :

ਇਸ ਮਹਾਨ ਪੰਜਾਬੀ ਮਹਾਰਾਜੇ ਦੇ ਲਾਸਾਨੀ ਜਰਨੈਲ ਸ. ਹਰੀ ਸਿੰਘ ਨਲੂਏ ਬਾਰੇ ਤਾਂ, ਜਿਨ੍ਹਾਂ ਉਸ ਦੀਆਂ ਜਿੱਤਾਂ ਵਿਚ ਸਭ ਤੋਂ ਵੱਧ ਹਿਸਾ ਪਾਇਆ, ਕਾਦਰਯਾਰ, ਰਾਮ ਦਿਆਲ ਅਣਦ ਤੇ ਸਹਾਈ ਸਿੰਘ ਆਦਿ ਕਵੀਆਂ ਦੀਆਂ ਰਚਨਾਵਾਂ ਮਿਲਦੀਆਂ ਹਨ ਅਤੇ ਸਿੰਘਾਂ ਤੇ ਫਿਰੰਗੀਆਂ ਦੇ ਜੰਗਾਂ ਸਬੰਧੀ ਵੀ ਕਈ ਕਿੱਸੇ ਮਿਲਦੇ ਹਨ। ਪਰੰਤੂ ਸ਼ੇਰਿ ਪੰਜਾਬ ਸਬੰਧੀ ਕਿਸੇ ਸਮਕਾਲੀ ਦੀ ਕੋਈ ਛਪੀ ਪੰਜਾਬੀ ਰਚਨਾ ਨਹੀਂ ਮਿਲਦੀ। ਦਸਿਆ ਜਾਂਦਾ ਹੈ ਕਿ ਕਵੀ ਹਾਸ਼ਮ ਨੇ 'ਮਹਾਰਾਜਾ ਰਣਜੀਤ ਸਿੰਘ ਦੀ ਵਾਰ' ਲਿਖੀ ਸੀ ਪਰ ਉਹ ਤਾਂ ਅਜੇ ਤਕ ਅਕਾਸ਼ੀ ਬੇਲ ਦਾ ਫੁਲ ਹੀ ਬਣੀ ਰਹੀ ਹੈ। ਇਸੇ ਤਰ੍ਹਾਂ ਨਾਭੇ ਦੇ ਨੇੜੇ ਕਨਸੂਹਾ ਪਿੰਡ ਦੇ ਵਸਨੀਕ ਬਾਬਾ ਨਰੈਣ ਸਿੰਘ ਜੀ ਹੋਏ ਹਨ ਜਿਨ੍ਹਾਂ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਕਾਫੀ ਅਰਸਾ ਨੌਕਰੀ ਕੀਤੀ ਤੇ 147 ਸਾਲ ਦੀ ਉਮਰ ਵਿਚ ਚੜ੍ਹਾਈ ਕੀਤੀ। ਇਨ੍ਹਾਂ ਨੂੰ ਵੀ ਇਕ 'ਮ. ਰਣਜੀਤ ਸਿੰਘ ਦੀ ਵਾਰ' ਯਾਦ ਸੀ ਜੋ ਕਿ ਉਹ ਗਾ ਕੇ ਸੁਣਾਇਆ ਕਰਦੇ ਸਨ। ਇਵੇਂ ਜਿਵੇਂ ਕੁਝ ਹੋਰ ਰਚਨਾਵਾਂ ਦੀ ਵੀ ਸ਼ੋਤ ਮਿਲਦੀ ਹੈ ਪਰ ਅਜੇ ਤਕ ਛਪੀ ਕੋਈ ਨਹੀਂ। ਮ. ਰਣਜੀਤ ਸਿੰਘ ਬਾਰੇ ਉਨ੍ਹਾਂ ਦੇ ਸਮਕਾਲੀ ਕਵੀਆਂ ਦੀਆਂ ਲਿਖੀਆਂ ਮੈਨੂੰ ਕੁਝ ਅਣਛਪੀਆਂ ਸੀਹਰਫੀਆਂ ਮਿਲੀਆਂ ਹਨ। ਪਹਿਲੀ ਦਾ ਕਰਤਾ ਹਾਕਮ ਸਿੰਘ ਦਰਵੇਸ਼ ਹੈ, ਇਹ 1830 ਈ. ਦੀ ਰਚਨਾ ਹੈ। ਦੂਜੀ ਦਾ ਕਰਤਾ ਸਾਵਣਯਾਰ ਹੈ, ਇਹ ਵੀ ਇਸੇ ਸਮੇਂ ਦੀ ਹੈ। ਤੀਸਰੀ ਜਾਫਰਬੇਗ ਦੀ ਕਿਰਤ, ਇਹ ਅਨੁਮਾਨਨ 1840

ਈ: ਜਾਂ ਪਿਛੋਂ ਦੀ ਰਚਨਾ ਹੈ। ਭਾਗ ਸਿੰਘ ਦੀ ਸੀਹਰਫੀ ਮੁਕੰਮਲ ਨਹੀਂ ਮਿਲ ਸਕੀ ਤੇ ਮਿਹਰ ਸਿੰਘ ਗੁਜਰਾਤੀ ਦੀ ਰਚਨਾ 1859 ਈ. ਦੀ ਹੈ।

(੧) ਹਾਕਮ ਸਿੰਘ ਦਰਵੇਸ, ਪਰਸਿੱਧ ਨਗਰ ਰਾਇਪੁਰ ਜ਼ਿਲਾ ਲੁਧਿਆਣਾ ਦਾ ਜੰਮ-ਪਲ ਸੀ। ਉਸ ਨੇ ਆਪਣਾ ਪਿੱਛਾ ਲਿਖਦਿਆਂ ਦਸਿਆ ਹੈ -

*ਰਾਪੁਰ ਨਗਰ ਸੁਹਾਵਣਾ, ਘਰ ਘਰ ਜਹਿੰ ਸਰਦਾਰ।
ਆਸ਼ਕ ਹਾਕਮ ਸਿੰਘ ਨ, ਤੇਹਿੰ ਧਰਿਓ ਅਵਤਾਰ । ੩੪।
ਰੰਗੇ ਕਾ ਸੁਤ ਬਖਤ ਮਲ, ਬਾਘਾ ਜਾਂਹਿ ਸਪੂਤ
ਸਾਹਿਬ ਬਖਸ਼ ਤਾਂ ਸੁਤ ਭਯੇ, ਹਾਕਮ ਸਿੰਘ ਤਿਹ ਪੂਤ। ੩੫।

ਰਾਇਪੁਰ ਵਿਚ ਹੁਣ ਵੀ ਕਵੀ ਦੇ ਬਜ਼ੁਰਗ ਦੇ ਨਾਂ ਤੇ ਇਕ ਪੱਤੀ 'ਰੰਗੇ ਦੀ ਪੱਤੀ' ਕਰਕੇ ਮਸ਼ਹੂਰ ਹੈ।

ਹਾਕਮ ਸਿੰਘ ਚੜ੍ਹਦੀ ਜਵਾਨੀ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਜਾ ਭਰਤੀ ਹੋਇਆ। ਇਸ ਦਾ ਸਬੰਧ ਮਸ਼ਹੂਰ ਜਰਨੈਲ ਗੁਲਾਬ ਸਿੰਘ ਪੋਹੂਵਿੰਡੀਏ ਦੇ ਡੇਰੇ ਨਾਲ ਸੀ।

---

* ਕਬਿਤ - ਜੰਬੂ ਦੀਪ ਭਰਥ ਖੰਡ ਸਤਲੁਜ ਜਮਨਾ ਮੱਧ,
ਦੇਸ ਜੋ ਪੰਜਾਬ ਤਾਂ ਮੇਂ ਧਾਮ ਦੋ ਅਨੂਪ ਹੈਂ।
ਰਾਪੁਰ ਗੁਜਰਵਾਲ ਨਗਰ ਦੋਊ ਬਿਸਾਲ,
ਜਹਾਂ ਬਸੈਂ ਗਰੇਵਾਲ ਸੁਭਟ ਸਰੂਪ ਹੈਂ।
ਰਾਇਪੁਰ ਨਗਰ ਜਹਾਂ ਪਾਂਚ ਹੈਂ ਬਗਰ ਔਰ,
ਸੁੰਦਰ ਬਜ਼ਾਰ ਘਰ ਕੋਊ ਨ ਕੁਰੂਪ ਹੈਂ।
ਹਰਿ ਹਾਕਮ ਦਰਵੇਸ਼ ਤਹਾਂ ਲੀਨੋ ਹੈ ਜਨਮ ਬੰਸ,
ਬਸਤ ਨਰੇਸ਼ ਜਹਿੰ ਘਰ ਘਰ ਭੂਪ ਹੈਂ। ੧।
ਜਹਾਂ ਘਰ ਘਰ ਹੈ ਖਾਨ ਮਹਾਂ ਚਤੁਰ ਸੁਜਾਨ,
ਮਾਨੇ ਦੂਜੇ ਕੀ ਨਾ ਆਨ ਬੀਚ ਕਤਹੂੰ ਨਾ ਰਾਖਤੇ।

ਰਾਇਪੁਰ ਨਗਰ ਦੀ ਕਵੀ ਨੇ ਆਪਣੀ ਦੂਜੀ ਸੀਹਰਫੀ ਵਿਚ ਵੀ ਰੱਜ ਕੇ ਪ੍ਰਸ਼ੰਸਾ ਕੀਤੀ ਹੈ। ਇਸ ਵਿਚੋਂ ਅਜ ਤੋਂ ਸਵਾ ਸੌ ਵਰ੍ਹੇ ਪਹਿਲੋਂ ਦੀ ਗਰੇਵਾਲੀ-ਸ਼ਾਨ ਦੀ ਝਲਕ ਵਜਦੀ ਹੈ।

ਨਰ ਔਰ ਨਾਰਿ ਤਹਾਂ ਸੁੰਦਰ ਦੀਦਾਰ ਜੈਸੇ,
ਰਾਜਨ ਕੁਮਾਰ ਮੁਖੋਂ ਬੈਨ ਐਸੇ ਭਾਖਤੇ।
ਬੀਚ ਹੂੰ ਦੀਵਾਨਖਾਨੇ ਬੈਠਤ ਦੀਵਾਨ ਲਾਇ,
ਮਾਨੋ ਗੋਕਲ ਕੇ ਕਾਨ੍ਹ ਰਾਜਹੰਸ ਮੋਤੀ ਚਾਖਤੇ।
ਐਸੋ ਜੋਊ ਮਾਨਸਰ ਹਾਕਮ ਸਿੰਘ ਹੰਸ ਬਾਸੀ,
ਰਚਯੋ ਹੈ ਬਿਰੰਚ ਆਪ ਬਾਹਨ ਕੇ ਤਾਖਤੇ। ੨।
'ਪੋਹ ਪਿੰਡੀਆ ਸੂਰਮਾ ਸਖੀ ਜੋਧਾ,
ਗੁਲਾਬ ਸਿੰਘ ਸਰਦਾਰ ਜੋ ਛੈਲ ਹੈ ਜੀ
ਹਾਕਮ ਸਿੰਘ ਰਹਿੰਦਾ ਓਹਦੇ ਵਿਚ ਡੇਰੇ,
ਤੇਰੀ ਮੇਹਰ ਜੋ ਵਿਚ ਝਰਨੈਲ ਹੈ ਜੀ। ੨੮।

ਜਿਸ ਸਮੇਂ ਦੇਰ ਦੀ ਅੜੀ ਮੁਲਤਾਨ ਦੀ ਮੁਹਿੰਮ ਜਨਵਰੀ 1818 ਈਸਵੀ ਵਿਚ ਫਤਹ ਹੋਈ ਤਾਂ 'ਮੁਲਤਾਨ ਵਿਜਯ' ਦੀ ਖਬਰ ਸ਼ੈਦ ਮਹਾਰਾਜੇ ਪਾਸ ਇਸੇ ਪਹੁੰਚਾਈ ਅਤੇ ਇਨਾਮ ਪਾਇਆ। ਇਸ ਤੋਂ ਜਾਪਦਾ ਹੈ ਕਿ ਇਹ ਚੰਗਾ ਫੁਰਤੀਲਾ ਸ਼ਾਹ ਸਵਾਰ ਸੀ :-

'ਜੇ ਕੋਈ ਮਾਰ ਮੁਲਤਾਨ ਦੀ ਖਬਰ ਲਿਆਵੇ,
ਉਹਨਾਂ ਦਿਆਂ ਮੈਂ ਕੰਗਣਾਂ ਜੋੜੀਆਂ ਹੀ।'
ਹਾਕਮ ਸਿੰਘ ਦਰਵੇਸ਼ ਨੇ ਖਬਰ ਦਿੱਤੀ,
ਮਾਰਿਓ ਕਿਲਾ ਤੋਪੀਂ ਕੰਧਾਂ ਤੋੜੀਆਂ ਹੀ। ੧੫।

1830 ਈ. ਤਕ ਸ਼ੇਰਿ ਪੰਜਾਬ ਨੇ ਲਗਭਗ ਸਭ ਇਲਾਕੇ ਫਤਹ ਕਰਕੇ ਨਿਸ਼ਕੰਟਕ ਰਾਜ ਕਾਇਮ ਕਰ ਲਿਆ ਸੀ। ਹਾਕਮ ਸਿੰਘ ਦਰਵੇਸ਼ ਨੇ ਬੀਰ ਸਿਪਾਹੀ ਨਾਤੇ ਇਨ੍ਹਾਂ ਜਿੱਤਾਂ ਵਿਚ ਆਪ ਵੀ ਹਿਸਾ ਲਿਆ ਹੋਵੇਗਾ। ਜਾਂ ਫਿਰ ਜਿਸ ਮੁਹਿੰਮ ਤੇ ਉਸ ਨੂੰ ਜਾਣ ਦਾ ਮੌਕਾ ਨਹੀਂ ਮਿਲਿਆ, ਉਸ ਬਾਰੇ ਆਪਣੇ ਸਾਥੀ ਸਿਪਾਹੀਆਂ ਪਾਸੋਂ ਅੱਖੀ ਡਿਠੀਆਂ ਗੱਲਾਂ ਸੁਣੀਆਂ ਹੋਣਗੀਆਂ। ਇਹਨਾਂ ਸਾਰੀਆਂ ਜਿੱਤਾਂ ਨੇ ਕਵੀ ਦੇ ਮਨ ਨੂੰ ਪਰੇਰਨਾ ਦਿੱਤੀ ਕਿ ਉਹ ਅੱਖੀਂ ਡਿਠੀਆਂ ਖਾਲਸੇ ਦੀਆਂ ਚੜ੍ਹਦੀਆਂ ਕਲਾ ਨੂੰ ਕਲਮਬੰਦ ਕਰੇ। ਇਉਂ ਦਰਵੇਸ਼ ਨੇ 1830 ਈ: ਮੁਤਾਬਕ 1887 ਬਿ: ਮਘਰ ਸੁਦੀ ਸੱਤਮੀ ਦਿਨ ਸੋਮਵਾਰ ਨੂੰ ਇਹ 'ਸੀਹਰਫੀ ਗੁਰੂ ਖਾਲਸੇ ਸ਼ਾਹ ਕੀ' ਰਚਨਾ ਸਮਾਪਤ ਕੀਤੀ। ਇਸ ਤੋਂ ਇਲਾਵਾ

ਆਪ ਦੀਆਂ ਗੁਰ ਉਸਤੁਤਿ, ਬੈਰਾਗ ਹਕਾਨੀ, ਇਸ਼ਕ ਹਕਾਨੀ, ਜੋਗ ਕਲਾ ਸੀਹਰਫੀ, ਜੰਗਨਾਮਾ, ਸਾਧ ਅਸਾਧ ਦੇ ਲੱਛਣ, ਮਰਦ ਨਾਮਰਦ ਦੇ ਲੱਛਣ, ਦੋਹੜੇ ਬੈਰ ਬਿਰੋਧ, ਬੈਂਤਾਂ ਭਰਮ ਨਾਸਨੇ ਦੀਆਂ, ਛਪੈਛੰਦ ਤੇ ਅੱਖੀਆਂ ਫਰੇਲੀਆਂ ਆਦਿ ਨਿਕੀਆਂ ਨਿਕੀਆਂ ਰਚਨਾਵਾਂ ਮਿਲਦੀਆਂ ਹਨ।

ਇਨ੍ਹਾਂ ਵਿਚ ਫਕੀਰੀ ਤੇ ਗਿਆਨ ਦਾ ਰੰਗ ਪ੍ਰਧਾਨ ਹੈ ਜੋ ਕਿ ਉਨ੍ਹਾਂ ਦੇ 'ਦਰਵੇਸ਼' ਨਾਂ ਨੂੰ ਸਫਲ ਕਰਦਾ ਹੈ। "ਬੈਤਾਂ ਰਿਛ ਮਾਰਨੇ ਕੀਆਂ", ਵਿਚ ਉਸ ਨੇ ਆਪ ਬੀਤੀ ਲਿਖੀ ਹੈ ਕਿ ਕਿਵੇਂ ਉਸ ਦਲੇਰੀ ਨਾਲ ਜੰਗਲੀ ਰਿੱਛ ਨੂੰ ਖਤਮ ਕੀਤਾ। ਆਮ ਤੌਰ ਤੇ ਆਪਣੀਆਂ ਰਚਨਾਵਾਂ ਵਿਚ ਕਵੀ ਨੇ 'ਦਰਵੇਸ਼' ਜਾਂ 'ਆਸ਼ਕ' ਉਪਨਾਮ ਵਰਤਿਆ ਹੈ। ਦਰਵੇਸ਼ ਨਿਰਾ - ਪੂਰਾ ਆਪਦਾ ਤਖੱਲਸ ਹੀ ਨਹੀਂ ਜਾਪਦਾ ਸਗੋਂ ਆਪ ਵਿਚ ਦਰਵੇਸ਼ੀ ਰੰਗ ਵੀ ਸੀ। ਛੰਦ ਨੰ. 33 ਵਿਚ ਕਵੀ ਮਹਾਰਾਜੇ ਨੂੰ ਸੰਬੋਧਨ ਕਰ ਕੇ ਵੈਰਾਗ ਗਿਆਨ ਦਾ ਉਪਦੇਸ ਵੀ ਦਿੰਦਾ ਹੈ। ਇਸੇ ਤਰ੍ਹਾਂ ਉਸ ਦੀਆਂ ਹੋਰ ਲਿਖਤਾਂ ਵੀ ਇਸ ਦਾ ਪ੍ਰਮਾਣ ਹਨ।

ਹਾਕਮ ਸਿੰਘ ਚੂੰਕਿ ਲੜਨ-ਮਰਨ ਵਾਲਾ ਸਿਪਾਹੀ ਸੀ, ਇਸ ਲਈ ਉਸ ਦੀ ਇਸ 'ਸੀਹਰਫੀ ਗੁਰੂ ਖਾਲਸੇ ਸ਼ਾਹ ਕੀ' ਵਿਚ ਵੈਰੀਆਂ ਲਈ ਉਹ ਗੁੱਸਾ ਵੀ ਭਖਦਾ ਦਿਖਾਈ ਦੇਂਦਾ ਹੈ ਜੋ ਕਿ ਆਮ ਤੌਰ ਤੇ ਕਿਸੇ ਫੌਜੀ ਬੀਰ ਵਿਚ ਹੋ ਸਕਦਾ ਹੈ। ਮ: ਰਣਜੀਤ ਸਿੰਘ ਦੀਆਂ ਤਮਾਮ ਜਿੱਤਾਂ ਨੂੰ ਉਸ ਨੇ ਥਾਂ ਥਾਂ 'ਸਤਿਗੁਰੂ ਦੀ ਬਖਸ਼ਸ਼' ਤੇ 'ਗਿਆਰਮੇ ਗੁਰੂ' ਗੁਰੂ ਪੰਥ* ਦੀ ਬਰਕਤ ਦੱਸਿਆ ਹੈ। ਇਸ ਸਿਹਰਫੀ ਦਾ ਸਿਰਲੇਖ ਵਿਅਕਤੀ ਦੀ ਥਾਂ 'ਗੁਰੂ ਖਾਲਸੇ ਸ਼ਾਹ' ਦੀ ਸਥਾਪਨਾ ਦਾ ਪ੍ਰਤੀਕ ਹੈ ਜੋ ਇਕ ਤਰ੍ਹਾਂ ਸਿਧਾਂਤਕ ਵਿਜਯ ਦਾ ਪ੍ਰਗਟਾਵਾ ਹੈ। ਇਸ ਤੋਂ ਉਸ ਸਮੇਂ ਦੇ ਸਿੰਘ-ਨਿਸ਼ਚੇ ਦਾ ਪਤਾ ਲਗਦਾ ਹੈ। ਕਵੀ ਮੁਲਤਾਨ ਦੇ ਨਵਾਬ ਮੁਜ਼ੱਫਰ ਖਾਨ ਨੇ ਉਸਦੀ ਬੇਟੀ ਦੇ ਵਾਰਤਾਲਾਪ ਨਾਲ ਆਪਣਾ ਪ੍ਰਸੰਗ ਅਰੰਭ ਕਰਦਾ ਹੈ। ਮੁਲਤਾਨ ਦੀ ਜਿੱਤ ਦਾ ਹਾਲ ਜ਼ਰਾ ਵਿਸਤਾਰ ਨਾਲ

---

* ਦਰਅਸਲ ਉਸ ਸਮੇਂ ਪੰਜਾਬੀਅਤ ਤੇ ਸਿੰਘਊ ਇਕ ਤਰ੍ਹਾਂ ਇਕਮਿਕ ਹੋ ਗਏ ਸਨ, ਤੇ ਸਭ ਨੂੰ 'ਗੁਰੂ ਪੰਥ' ਦੀ ਸ਼ਕਤੀ ਦਾ ਵਿਸ਼ਵਾਸ ਸੀ, ਸ਼ਾਹ ਮੁਹੰਮਦਾ ਲਿਖਦਾ ਹੈ :

'ਸ਼ਾਹ ਮੁਹੰਮਦਾ ਅੰਤ ਨੂੰ ਸੋਈ ਹੋਣਾ, ਜੋ ਕਰੇਗਾ ਖਾਲਸਾ ਪੰਥ ਮੀਆਂ।'

'ਸ਼ਾਹ ਮੁਹੰਮਦਾ ! ਤੁਸੀਂ ਪੰਜਾਬੀਓ ਜੀ! ਕੀਰਤਿ ਸਿੰਘ ਸਿਪਾਹੀ ਦੀ ਰੱਖਣੀ ਜੀ।'

(ਜੰਗਨਾਮਾ)

ਦੇ ਕੇ ਫਿਰ ਬਾਕੀ ਜਿੱਤਾਂ ਦਾ ਉਤਸ਼ਾਹ ਨਾਲ ਵਰਨਣ ਕੀਤਾ ਹੈ। ਅਮਰ ਸਿੰਘ, ਰਾਮ ਦਿਆਲ, ਬੁਧ ਸਿੰਘ, ਗਰਭਾ ਸਿੰਘ, ਕਰਮ ਸਿੰਘ ਤੇ ਅਕਾਲੀ ਫੂਲਾ ਸਿੰਘ ਆਦਿ ਬੀਰਾਂ ਦੇ ਨਾਂ ਵੀ ਆਏ ਹਨ। ਅਕਾਲੀ ਜੀ ਦੇ ਨੌਸ਼ਹਿਰੇ ਦੇ ਜੰਗ ਵਿਚ ਸ਼ਹੀਦ ਹੋਣ ਦਾ ਮਹਾਰਾਜੇ ਨੂੰ ਕਿਤਨਾ ਦੁਖ ਹੋਇਆ।

ਗਾਫ਼ ਗਮ ਕੀਤੇ ਬਾਦਸ਼ਾਹ ਸੁਣਕੇ,
ਫੂਲਾ ਸਿੰਘ ਸ਼ਹੀਦ ਜਾਂ ਹੋਇਆ ਸੁਣਿਆ।
ਅੱਖੀਂ ਰੋਮਦੇ ਦੀ ਹਿੰਝੂ ਭਰਿਓ ਸਾਫਾ,
ਮੱਥਾ ਲਾਇ ਅੰਗੂਠੇ ਦੇ ਨਾਲ ਧੁਣਿਆ।
ਕਹਿੰਦਾ! 'ਖਾਲਸਾ ਜੀ! ਤੁਰਕਾਂ ਕਾਫਰਾਂ ਨੇ,
ਮੇਰਾ ਕੱਢਿ ਖਜ਼ਾਨਿਓਂ ਲਾਲ ਚੁਣਿਆ।'
ਹਾਕਮ ਸਿੰਘ ਸ਼ਹੀਦਾਂ ਮੈਂ ਹੋਈ ਸ਼ਾਦੀ
ਹੂਰਾਂ ਪਰੀਆਂ ਨੇ ਮੰਗਲਾਚਾਰ ਗੁਣਿਆ। ੪।

ਇਸ ਸੀਹਰਫੀ ਦਾ ਉਤਾਰਾ ਮੈਨੂੰ ਸ. ਨਿਰੰਜਨ ਸਿੰਘ ਜੀ ਤੋਂ ਪ੍ਰਾਪਤ ਹੋਇਆ ਜੋ ਕਿ ਪਟਿਆਲੇ ਦੇ ਪੁਰਾਣੇ ਗ੍ਰੰਥੀ ਤੇ ਲਿਖਾਰੀ ਖਾਨਦਾਨ ਵਿਚੋਂ ਸਨ। ਇਸ ਕ੍ਰਿਪਾਲਤਾ ਲਈ ਮੈਂ ਉਨ੍ਹਾਂ ਦਾ ਦਿਲੋਂ ਧੰਨਵਾਦੀ ਹਾਂ। ਆਪਣੇ ਬਜ਼ੁਰਗ ਮਿਤਰ ਗਿਆਨੀ ਜਾਗਰਿ ਸਿੰਘ ਜੀ ਰਾਇਪੁਰ ਤੇ ਸ: ਨਿਰੰਜਨ ਸਿੰਘ ਗਰੇਵਾਲ ਦਾ ਵੀ ਕ੍ਰਿਤੱਗ ਹਾਂ, ਜਿਨ੍ਹਾਂ ਕਵੀ ਜੀ ਦੇ ਖਾਨਦਾਨ ਤੇ ਰਚਨਾ ਸਬੰਧੀ ਕਈ ਲੋੜੀਂਦੀ ਗੱਲਾਂ ਦੀ ਵਾਕਫੀਅਤ ਦਿੱਤੀ।

(੨) ਦੂਸਰੀ ਰਚਨਾ ਸਾਵਣਯਾਰ ਦੀ ਹੈ, ਇਹ ਪੂਰੀ ਸਿਹਰਫੀ ਅਸਾਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਲਾਇਬਰੇਰੀ ਦੇ ਖਰੜਾ ਨੰ. 853 ਤੋਂ ਉਤਾਰੀ ਸੀ। ਇਹ ਵੀ ਸ਼ੇਰਿ ਪੰਜਾਬ ਦੀਆਂ ਜਿੱਤਾਂ ਤੇ ਗੌਰਵ ਦੀ ਗਾਥਾ ਹੈ। ਇਸ ਵਿਚ ਵਿਸ਼ੇਸ਼ ਗੱਲ ਰਣਜੀਤ ਸਿੰਘ ਦੇ ਮੋਰਾਂ ਨਾਲ ਪ੍ਰੇਮ ਦਾ ਚਰਚਾ ਹੈ ਜੋ ਕਵੀ ਨੇ ਨਿਧੜਕ ਹੋ ਕੇ ਅੰਕਿਤ ਕੀਤਾ ਹੈ। ਮੋਰਾਂ ਦੇ ਵਿਯੋਗ ਤੇ ਬਿਹਬਲਤਾ ਦਾ ਵੀ ਚੰਗਾ ਵਰਣਨ ਹੈ।

ਇਸ ਖਰੜੇ ਵਿਚ ਇਕ ਸਿਹਰਫੀ ਉਸਦੀ ਹੋਰ ਵੀ ਹੈ। ਵੈਸੇ ਇਸ ਕਵੀ ਦੀਆਂ ਇਕ ਦੋ ਹੋਰ ਰਚਨਾਵਾਂ ਵੀ ਮਿਲਦੀਆਂ ਹਨ ਜਿਨ੍ਹਾਂ ਵਿਚੋਂ 'ਇਕ-ਮਾਹੇ' ਰੂਪ ਵਿਚ ਲਿਖੀਆਂ ਮਾਝਾਂ ਅਸਾਂ ਆਪਣੀ ਪੁਸਤਕ 'ਪੰਜਾਬੀ ਮਾਝਾਂ'

ਵਿਚ ਪ੍ਰਕਾਸ਼ਤ ਕੀਤੀਆਂ ਹਨ। ਉਸ ਮਹੀਨੇ ਦੇ ਤੀਹ ਦਿਨਾਂ ਦੇ ਆਧਾਰ ਤੇ ਤੀਹ ਛੰਦ ਲਿਖੇ ਹਨ। ਵੰਨਗੀ ਮਾਤਰ ਦੋ ਛੰਦ ਦਿੰਦੇ ਹਾਂ -

ਦਿਨ ਪਹਿਲੇ ਮੈਨੂੰ ਸੋਚ ਸੱਜਣ ਦੀ, ਵਿਛੜੇ ਨੀ ਅਜ ਬੇਲੀ।
ਹੋਇ ਹੈਰਾਨ ਖੜੀ ਵਿਚ ਦਰ ਦੇ, ਸੁੰਞੀ ਦੇਖ ਹੰਵੇਲੀ। .
ਦਰਦ ਫਿਰਾਕ ਮਾਹੀ ਦਾ ਢੂੰਡੇ, ਜਗ ਵਿਚ ਫਿਰਾਂ ਅਕੇਲੀ।
ਸਾਵਣ ਯਾਰ ਲਚਾਰ ਖਲੋਤੀ, ਕੰਤਾਂ ਬਾਝ ਮਹੇਲੀ । ੧।
ਦਿਨ ਤੀਹਵੇਂ ਮੇਰਾ ਬੇਲੀ ਆਇਆ, ਫੁਲਾਂ ਛੇਜ ਵਿਛਾਈ।
ਰਲ ਮਿਲ ਸੋਹਲੇ ਗਾਵਣ ਸਈਆਂ, ਘੜੀ ਮੁਮਾਰਖ ਪਾਈ।
ਨੇਵਰ ਦੇ ਝੁਨਕਾਰ ਸੁਹਾਵਣ, ਠੁਮ ਠੁਮ ਕਰਦੀ ਆਈ।
ਸਾਵਣ ਯਾਰ ਬਹਾਰਾਂ ਹਰ ਦਮ, ਸ਼ੁਕਰ ਮਾਹੀ ਗਲ ਲਾਈ। ੩੦।

(੩) ਇਸ ਤੋਂ ਇਲਾਵਾ ਤੀਜੀ ਸੀਹਰਫੀ ਜਾਫਰਬੇਗ ਦੀ ਰਚਨਾ 'ਬੈਂਤਾਂ ਸਰਕਾਰ ਰਣਜੀਤ ਸਿੰਘ ਕੀਆਂ' ਜਾਂ 'ਸੀਹਰਫੀ ਸਰਕਾਰ ਦੀ' ਨਾਂ ਹੇਠ ਮਿਲਦੀ ਹੈ। ਜਿਥੇ ਹਾਕਮ ਸਿੰਘ ਤੇ ਸਾਵਣਯਾਰ ਨੇ ਆਪਣੀਆਂ ਸੀਹਰਫ਼ੀਆਂ ਵਿਚ ਮਹਾਰਾਜੇ ਦੀਆਂ ਜਿੱਤਾਂ ਦਾ ਵਰਨਣ ਕਰਦਿਆਂ ਉਨ੍ਹਾਂ ਦੇ 'ਜੀਵਨ ਸਮਾਚਾਰ' ਲਿਖੇ ਹਨ, ਉਥੇ ਜਾਫਰਬੇਗ ਨੇ ਮੁੱਢਲੀਆਂ ਦੋ ਚਾਰ ਬੈਂਤਾਂ ਵਿਚ ਸ਼ੇਰਿ ਪੰਜਾਬ ਦਾ ਇਕਬਾਲ ਦੱਸ ਕੇ ਉਨ੍ਹਾਂ ਦੇ 'ਮਰਨ-ਸਮਾਚਾਰ' ਨੂੰ ਵਿਸ਼ੇਸ਼ ਤੌਰ ਤੇ ਅੰਕਿਤ ਕੀਤਾ ਹੈ। ਹਾਕਮ ਸਿੰਘ ਦੀ ਰਚਨਾ ਵਿਚ ਜੋਸ਼, ਸਰਗਰਮੀ ਤੇ ਫ਼ੌਜੀਆਂ ਵਾਲੀ ਤੇਜ਼ੀ ਹੈ। ਜਾਫਰਬੇਗ ਦੀ ਰਚਨਾ ਪਿਆਰ, ਹਮਦਰਦੀ ਤੇ ਕਰੁਣਾ ਨਾਲ ਭਰੀ ਹੋਈ ਹੈ। ਮੁਸਲਮਾਨ ਹੁੰਦਿਆਂ ਜਾਫਰਬੇਗ ਨੇ ਮੁਸਲਮ ਸ਼ਬਦਾਵਲੀ ਕਿਤੇ ਨਹੀਂ ਵਰਤੀ, ਸਗੋਂ ਮਹਾਰਾਜੇ ਨੂੰ 'ਅਉਤਾਰ' ਹੀ ਲਿਖਿਆ ਹੈ। ਇਕ ਕਵੀ ਫੌਜੀ ਹੈ ਤੇ ਦੂਜਾ ਸਿਵਲੀਅਨ, ਦੂਸਰੇ ਇਨ੍ਹਾਂ ਦੇ ਮਜ਼ਮੂਨ ਦਾ ਵੀ ਫਰਕ ਹੈ। ਇਕ ਗੱਲ ਵਿਚ ਇਹ ਜ਼ਰੂਰ ਰਲਦੇ ਹਨ ਕਿ ਪੇਸ਼ਾਵਰ ਕਵੀ ਨ ਹੋਣ ਕਾਰਨ ਤਿੰਨਾਂ ਆਪਣੇ ਮਨ ਭਾਉਂਦੇ ਉਬਾਲ, ਸਿਧੀ-ਸਾਦੀ ਬੋਲੀ ਵਿਚ ਨਿਝੱਕ ਹੋ ਕੇ ਪਰਗਟ ਕੀਤੇ ਹਨ ਤੇ ਛੰਦਾਬੰਦੀ ਦੇ ਬੰਧਨਾਂ ਵਿਚ ਵੀ ਆਪਣੇ ਆਪ ਨੂੰ ਵਧੇਰੇ ਨਹੀਂ ਕਸਿਆ। ਇਕ ਹੋਰ ਗੱਲ ਵਿਚ ਵੀ ਇਹ ਸਮਾਨ ਹੀ ਹਨ ਕਿ ਪੜ੍ਹੇ ਲਿਖੇ ਨਾ ਹੋਣ ਕਾਰਨ ਸਭ ਨੇ ਸੀਹਰਫੀ ਦੇ ਅੱਖਰਾਂ ਦੀ ਵੀ ਗਲਤ ਵਰਤੋਂ ਕੀਤੀ ਹੈ। ਭਾਵੇਂ ਜਾਫਰ ਬੇਗ ਨੇ ਆਪਣੀ ਸੀਹਰਫੀ ਵਿਚ ਰਚਨ-ਕਾਲ ਨਹੀਂ ਦਿੱਤਾ ਪਰ

[illegible]

ਕਵੀ ਨੇ ਦੇਸ਼ ਦੀ [illegible]

[illegible] ਸੀ ਜੋ [illegible]

[illegible] ਬਾਦ [illegible]

ਹੀ ਕਾਫੀ ਨਿੱਗਰ ਪ੍ਰਮਾਣ ਹਨ। ਜੈਸਾ ਕਿ [illegible] ਨਿਹੰਗ ਕਿਸੇ ਪਿੰਡ ਜਾਂਦੇ, ਤਾਂ [illegible] ਕਹਿੰਦੀਆਂ :

[illegible]

[illegible] ਜਬਰਦਸਤੀ [illegible] ਤੌਰ ਤੇ ਦੇਸ਼ ਦੀ ਫਰਿਆਦ 'ਕੱਛ ਵਾਲੇ ਬਾਬੇ' [illegible] ਅੱਜ ਤਕ ਇਸ ਲੋਕ-ਗੀਤ ਦੀ ਪਰੰਪਰਾ ਇਸ ਸੁਨਹਿਰੀ ਇਤਿਹਾਸ ਨੂੰ ਸੰਭਾਲੀ ਆ ਰਹੀ ਹੈ :

'ਛਈ' ਰੰਨ ਗਈ ਬਸਰੇ ਨੂੰ ਗਈ, ਮੋੜੀਂ ਬਾਬਾ ਕੱਛ ਵਾਲਿਆ! 'ਛਈ'।

'ਕੱਛ ਵਾਲੇ ਬਾਬੇ' ਨੇ ਇਨ੍ਹਾਂ ਪੁਕਾਰਾਂ ਨੂੰ ਸੁਣਿਆ ਤੇ ਆਪਣੀਆਂ ਜਾਨਾਂ [illegible]

ਕੇ ਦੇਸ਼ ਦੀ ਇੱਜ਼ਤ ਨੂੰ ਬਚਾਇਆ। ਰਣਜੀਤ ਸਿੰਘ ਨੇ ਤਾਂ ਜਮਰੋਦ ਤੇ ਝੰਡਾ ਝੁਲਾ ਕੇ ਇਹ ਲੁਟੇਰਿਆਂ ਦਾ ਰਾਹ ਹੀ ਬੰਦ ਕਰ ਦਿੱਤਾ। ਇਸ ਲਈ ਜਾਫਰਬੇਗ ਨੇ ਵੀ ਇਸ ਗੱਲ ਦੀ ਉਗਾਹੀ ਭਰੀ ਹੈ ਕਿ ਸ਼ੇਰੇ ਪੰਜਾਬ ਦੇ ਰਾਜ ਵਿਚ ਹੁਣ ਸਭ ਦੀ ਇੱਜ਼ਤ ਮਹਿਫੂਜ਼ ਹੈ :-

'ਅਲਫ ਆਖ ਤੂੰ ਸਿਫਤ ਸਰਕਾਰ ਵਾਲੀ
ਸਿੰਘ ਪੰਥ ਵਿਚੋਂ ਹੋਏ ਧਜਾਧਾਰੀ।
ਜਿਹਦੇ ਰਾਜ, ਕੁਆਰੀਆਂ ਰਾਹ ਤੁਰੀਆਂ,
ਡਰਦਾ ਛੇੜਦਾ ਨਾਂਹਿ ਕੋ ਖੌਫ ਮਾਰੀ।'

ਪਰੰਤੂ ਜਦੋਂ, ਮਹਾਰਾਜੇ ਦਾ ਦੇਹਾਂਤ ਹੋ ਗਿਆ ਤਾਂ ਕਵੀ ਦਾ ਮੱਥਾ ਠਣਕਿਆ ਕਿ ਹੁਣ ਫਿਰੰਗੀ ਦੀ ਦਗੇਬਾਜ਼ੀ ਪੰਜਾਬ ਵਿਚ ਵੀ ਅਮਨ ਤੇ ਖੁਸ਼ਹਾਲੀ ਨਹੀਂ ਰਹਿਣ ਦੇਵੇਗੀ। ਉਹ ਲਿਖਦਾ ਹੈ :-

'ਜਾਫ਼ਰਬੇਗ ਜਹਾਨ ਵਿਚ ਪਿਆ ਰੌਲਾ,
ਅਜ ਉਲਟ ਗਈ ਹਿੰਦ ਦੀ ਪਾਤਸ਼ਾਹੀ।'

ਸਚਮੁਚ ਅਜੇਹਾ ਹੀ ਹੋਇਆ ਜੈਸਾ ਕਿ ਕਵੀ ਦਾ ਭਵਿਖਤ ਵਾਕ ਸੀ। ਮਹਾਰਾਜੇ ਦੇ ਚਲਾਣੇ ਬਾਦ ਡੋਗਰਾਗਰਦੀ ਤੇ ਫਿਰੰਗੀ ਦੀ ਚਲਾਕੀ ਕਾਰਨ ਜੋ ਨਖੁਸ਼ਗਵਾਰ ਘਟਨਾਵਾਂ ਵਾਪਰੀਆਂ, ਉਨ੍ਹਾਂ ਤੋਂ ਹਰ ਪੰਜਾਬੀ ਜਾਣੂ ਹੈ। ਲੱਖਾਂ ਫੌਜਾਂ ਦੇ ਹੁੰਦਿਆਂ-ਸੁੰਦਿਆਂ ਜਿੱਤਾਂ ਜਿਤਕੇ ਵੀ ਪੰਜਾਬ ਨੂੰ ਆਖਰ ਹਾਰ ਦਾ ਮੂੰਹ ਵੇਖਣਾ ਪਿਆ।

'ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫੌਜਾਂ ਜਿਤ ਕੇ ਅੰਤ ਨੂੰ ਹਾਰੀਆਂ ਨੀ।' (ਜੰਗਨਾਮਾ

ਜਾਫ਼ਰਬੇਗ ਰਚਿਤ ਇਸ ਸੀਹਰਫੀ ਦੇ ਦੋ ਹੱਥ-ਲਿਖਤ ਉਤਾਰੇ ਦੇਖਣ ਵਿਚ ਆਏ ਹਨ ਇਕ ਸੰਤ ਇੰਦਰ ਸਿੰਘ ਦੀ ਚਕਰਵਰਤੀ ਪਾਸ (1912 ਬਿ: ਦਾ ਲਿਖਿਆ) ਦੂਜਾ ਕਰੋੜਾ ਸਿੰਘ ਜੀ ਬਦਲੇ ਵਾਲਿਆਂ ਪਾਸ (1924 ਬਿ: ਦਾ ਲਿਖਿਆ), ਜੋ ਕਿ ਉਹਨਾਂ ਦੇ ਬਜ਼ੁਰਗ ਬਾਬਾ ਕਾਨ੍ਹ ਸਿੰਘ ਜੀ ਦਾ ਲਿਖਿਆ ਹੋਇਆ ਹੈ। ਦੋਹਾਂ ਕਾਪੀਆਂ ਵਿਚ ਅਨੇਕ ਪਾਠ-ਭੇਦ ਹਨ। ਸ਼ਬਦਾਂ ਤੇ ਤੁਕਾਂ ਤੋਂ ਇਲਾਵਾ ਕਈ ਬੈਂਤ ਸਾਰੇ ਦੇ ਸਾਰੇ ਹੋਰਵੇਂ ਹਨ। ਇਤਨੇ ਪਾਠ-ਭੇਦਾਂ ਤੋਂ ਅਨੁਮਾਨ ਲਗਦਾ ਹੈ ਕਿ ਜਾਫਰ ਬੇਗ ਦੀ ਇਹ ਰਚਨਾ ਆਮ ਲੋਕਾਂ ਵਿਚ ਕਾਫੀ

ਪੜ੍ਹੀ ਸੁਣੀ ਗਈ ਹੈ। ਨਹੀਂ ਤਾਂ ਪਾਠ-ਭੇਦਾਂ ਦੀ ਇਤਨੀ ਸੰਭਾਵਨਾ ਨਹੀ ਹੁੰਦੀ।

ਇਹ ਤਿੰਨ ਸੀਹਰਫੀਆਂ, ਸਿੱਖ, ਹਿੰਦੂ, ਮੁਸਲਮਾਨ ਭਰਾਵਾਂ ਦੇ ਮਨੋਭਾਵ ਪਰਗਟਾਉਣ ਵਾਲੀਆਂ ਹਨ ਕਿ ਮਹਾਰਾਜਾ ਰਣਜੀਤ ਸਿੰਘ ਕੇਹੋ ਜੇਹਾ ਸੀ ਤੇ ਲੋਕਾਂ ਨੂੰ ਕਿੰਨਾ ਕੁ ਪਰਵਾਣ ਸੀ। ਹਾਕਮ ਸਿੰਘ ਤੇ ਸਾਵਣਯਾਰ ਨੇ ਮਹਾਰਾਜੇ ਦੇ ਜੀਉਂਦਿਆਂ-ਜੀ ਰਚਨਾ ਕੀਤੀ ਤੇ ਜਾਫਰਬੇਗ ਨੇ ਦੇਹਾਂਤ ਬਾਦ ਸਿਹਰਫੀ ਲਿਖੀ ਲੇਕਿਨ ਸਭ ਨੇ ਇਕ-ਸੁਰ ਉਸ ਦੀ ਮਹਿਮਾ ਹੀ ਗਾਈ ਹੈ।

(੪) ਭਾਈ ਭਾਗ ਸਿੰਘ ਦੀ ਸੀਹਰਫੀ ਸਾਨੂੰ ਪੂਰੀ ਨਹੀਂ ਮਿਲ ਸਕੀ, ਉਸ ਦੇ ਕੁਝ ਕੁ ਛੰਦ ਹੀ ਪੇਸ਼ ਕਰ ਸਕੇ ਹਾਂ। ਇਹ ਵੀ ਸਮਕਾਲੀ ਰਚਨਾ ਹੈ।

(੫) ਇਸ ਤੋਂ ਇਲਾਵਾ ਇਸੇ ਸਮੇਂ ਕਈ ਹਿੰਦੀ ਕਵੀ ਹੋਏ ਉਨ੍ਹਾਂ ਵੀ ਆਪਣੇ ਢੰਗ ਨਾਲ ਸ਼ੇਰਿ ਪੰਜਾਬ ਦੀ ਸ਼ੋਭਾ ਵਰਣਨ ਕੀਤੀ ਹੈ, ਉਹ ਵੀ ਚੋਣਵੇਂ ਛੰਦ ਅਸਾਂ ਅੱਗੇ ਦੇ ਦਿੱਤੇ ਹਨ। ਇਨ੍ਹਾਂ ਵਿਚ ਕਈ ਕਵੀ ਮਹਾਰਾਜੇ ਦੇ ਦਰਬਾਰੀ ਕਵੀ ਸਨ ਜਿਵੇਂ ਬੁਧ ਸਿੰਘ, ਗਵਾਲ ਭੱਟ ਤੇ ਮੇਘ ਸਿੰਘ ਆਦਿ। ਸ਼ਾਇਦ ਪੂਰਨ ਸਿੰਘ ਵੀ ਕੋਈ ਨਿਕਟਵਰਤੀ ਕਵੀ ਹੀ ਸੀ। ਮੇਰਾ ਖਿਆਲ ਹੈ ਕਿ ਪੰਜਾਬੀ ਤੇ ਹਿੰਦੀ ਵਿਚ ਮ: ਰਣਜੀਤ ਸਿੰਘ ਸਬੰਧੀ ਹੋਰ ਵੀ ਚੀਜ਼ਾਂ ਲਿਖੀਆਂ ਗਈਆਂ ਹੋਣਗੀਆਂ, ਲੋੜ ਹੈ ਇਸ ਗੌਰਵ ਦੀ ਸਮੱਗਰੀ ਨੂੰ ਥਾਂ ਥਾਂ ਤੋਂ ਸੰਭਾਲਿਆ ਜਾਵੇ। ਇਹ ਸਮਾਂ ਪੰਜਾਬ ਦੇ ਇਤਿਹਾਸ ਦਾ ਸੁਨਹਿਰੀ ਪੰਨਾ ਹੈ ਜੋ ਮ. ਰਣਜੀਤ ਸਿੰਘ ਦੇ ਅਤੇ ਪੰਜਾਬੀਆਂ ਦੀ ਸੂਰਮਗਤੀ ਦੇ ਕਾਰਨਾਮਿਆਂ ਨਾਲ ਜਗਮਗ ਜਗਮਗ ਕਰ ਰਿਹਾ ਹੈ। ਮੇਰਾ ਵਿਸ਼ਵਾਸ ਹੈ, ਇਹ ਗੌਰਵਗਾਥਾ ਸਦਾ ਸਾਨੂੰ ਪ੍ਰੇਰਨਾ ਤੇ ਉਤਸ਼ਾਹ ਦਿੰਦੀ ਰਹੇਗੀ।

ਅੱਗੇ ਅਸਲ ਰਚਨਾਵਾਂ ਪੇਸ਼ ਹਨ।

[illegible] ਸ਼ਾਹ ਕੀ

[illegible]

[illegible]

ਨਰ ਮਿ[illegible] ਜੀ [illegible] ਜੀ। ੧।

ਕਰਕੇ [illegible] ਨੇ,

ਦਿੱਤਾ ਫੌਜਦਾਰੀਆਂ [illegible]

[illegible] ਉਬਾਰਨੇ ਜੀ

[illegible]

[illegible] ਸੰਘਾਰ [illegible]

[illegible]

[illegible]

[illegible] ਕਸਾਏ [illegible] । ੨।

ਤੇ ਤੀਨ ਤ੍ਰਿਲੋਕ ਮੇਂ ਖਬਰ ਹੋਈਆ,
ਜਦੋਂ ਗੁਰੂ ਨੇ ਖਾਲਸਾ ਸਾਜਿਆ ਜੀ।
ਗਈਆਂ ਧੁੰਮਕ ਈਰਾਨ ਤੂਰਾਨ ਤਾਈਂ,
ਧੌਂਸਾ ਖਾਲਸੇ ਦਾ ਜਦੋਂ ਬਾਜਿਆ ਜੀ।
ਕਰਕੇ ਮਤਾ ਸਭ ਪੀਰਾਂ ਮੁਲਤਾਨ ਦਿਤਾ
ਜਾਇ ਖਾਲਸਾ ਬੀਚ ਬੇਰਾਜਿਆ ਜੀ।
ਹਾਕਮ ਸਿੰਘ ਦੇ ਗੁਰੂ ਦਾ ਤੇਜ ਭਾਰੀ,
ਦੇਖ ਦਲਾਂ ਨੂੰ ਤੁਰਕੜਾ ਭਾਜਿਆ ਜੀ । ੩।

ਮੁਜ਼ੱਫਰ ਕੀ ਬੇਟੀ ਕਾ ਜਬਾਬ -

(ਨਵਾਬ ਮੁਜ਼ੱਫਰ ਖਾਨ ਮੁਲਤਾਨ ਦਾ)

ਸੋ ਸਤਿਗੁਰੂ ਡਾਢੇ ਨੇ ਫੌਜ ਭੇਜਾ,
ਮਾਰ ਲਿਆ ਮੁਲਤਾਨ ਨੂੰ ਪਾਇ ਘੇਰੇ।
ਮੈਨੂੰ ਨਜ਼ਰ ਆਇਆ ਵਿਚ ਸੁਫਨਿਆਂ ਦੇ,
ਬੁਰਜਾਂ ਵਿਚ ਕੀਤੇ ਸਿੰਘਾਂ ਆਣ ਡੇਰੇ।
ਬਾਣੇ ਦਿਸਦੇ ਲੱਖ ਸੁਰਮਈ ਮੈਨੂੰ,
ਨਹੀਂ ਦਿਸਦੇ ਬਾਬਲਾ ! ਪੀਰ ਤੇਰੇ।
ਹਾਕਮ ਸਿੰਘ ਹੋਊ ਫਤ੍ਹੇ ਖਾਲਸੇ ਦੀ,
ਅਜੇ ਜਾਇ ਮਿਲ ਤੂੰ ਆਖੇ ਲਗ ਮੇਰੇ। ੪।

ਜੀਮ ਜਾਣ ਲਈਆ ਤੇਰੀ ਮਤਿ ਹੋਛੀ,
ਮੈਨੂੰ ਨਜ਼ਰ ਆਈ ਨੀ ਅਲੇਲ ਧੀਏ। 2 ਅੰਜਾਣ
ਜਿਨ੍ਹਾਂ ਬੈਰ ਹੈ ਮਜ਼ੁਬ ਤੇ ਦੀਨ ਵਾਲਾ,
ਸਾਡਾ ਹਿੰਦੂਆਂ ਦਾ ਕੇਹਾ ਮੇਲ ਧੀਏ।
ਸਾਨੂੰ ਸਾੜਿਆਂ ਨੂੰ ਫੇਰ ਤੂੰ ਸਾੜ ਨਾਹੀਂ,
ਬਲਦੀ ਅੱਗ ਤੇ ਪਾਉ ਨ ਤੇਲ ਧੀਏ।
ਸਾਰੇ ਪੀਰ ਮੁਲਤਾਨ ਦੇ ਵਲ ਮੇਰੀ
ਹਾਕਮ ਸਿੰਘ ਮੈਂ ਵਡਾ ਦਲੇਲ ਧੀਏ । ੫।

ਹੇ ਹੋਛਿਆ ਬਾਬਲਾ ! ਅਕਲ ਤੇਰੀ,
ਮੈਨੂੰ ਨਜ਼ਰ ਹੈ ਨਾਹੀਂ ਹੈ ਠਿਕਾਣੇ।
ਗੁਰੂ ਗੋਬਿੰਦ ਸਿੰਘ ਬਲਵੰਤ ਜੋਧਾ,
ਉਹਨੂੰ ਜਾਇ ਮਿਲੇ ਪੀਰ ਤੇਰੇ ਮੁਲਾਣੇ।
ਤੇਰੇ ਕਿਲੇ ਤੇ ਕੋਟ ਅਟਾਰੀਆਂ ਵਿਚ,
ਮੈਨੂੰ ਦਿਸਦੇ ਆਣ ਬਹਿ ਗੁਏ ਠਾਣੇ।
ਹਾਕਮ ਸਿੰਘ ਬੇਟੀ ਆਖੇ ਖਾਨ ਨੂੰ ਜੀ,
ਮੇਰੀ ਬਾਤ ਨੂੰ ਤੂੰ ਆਵਾਰੋਂਣ ਜਾਣੇ। ੬ ।

ਖੇ ਖਾਇ ਗੁੱਸਾ ਚੜ੍ਹਿਆ ਖਾਲਸਾ ਹੀ,
ਲਿਆ ਮਾਰ ਕੇ ਕਿਲਾ ਮੁਲਤਾਨ ਦਾ ਜੀ।
ਤੋਪਾਂ ਜੋੜ ਕੇ ਵਾਹ ਮੈਦਾਨ ਕੀਤਾ,
ਕੰਬਿਆ ਤਖਤ ਸੋ ਜ਼ਿਮੀ ਅਸਮਾਨ ਦਾ ਜੀ।
ਗੁਰੂ ਗੋਬਿੰਦ ਸਿੰਘ ਬਲਵੰਤ ਜੋਧੇ,
ਤੋੜਿਆ ਕੁਫ਼ਰ ਹੰਕਾਰ ਤੁਰਕਾਨ ਦਾ ਜੀ।
ਹਾਕਮ ਸਿੰਘ ਪਾਈ ਫਤੇ ਖਾਲਸੇ ਨੇ,
ਕੱਟਿਆ ਸੀਸ ਮੁਦੱਫਰੇ ਖ਼ਾਨ ਦਾ ਜੀ । ੭।

ਦਾਲ ਦਲਾਂ ਦਾ ਮੋਹਰੀ ਗੁਰੂ ਮੇਰਾ,
ਜੀਹਦਾ ਗੁਰੂ ਗੋਬਿੰਦ ਸਿੰਘ ਨਾਮ ਹੈ ਜੀ।
ਨਾਮ ਲੈਂਦਿਆਂ ਦੇ ਦੁਖ ਦੂਰ ਹੁੰਦੇ,
ਹੁੰਦੇ ਸਭੇ ਹੀ ਪੂਰਨ ਕਾਮ ਹੈ ਜੀ।
ਬਾਦਸ਼ਾਹ ਰਣਜੀਤ ਸਿੰਘ ਉਨ੍ਹੀਂ ਕੀਤਾ,
ਹੋਰ ਰੱਯਤ ਮੁਲਖ ਤਮਾਮ ਹੈ ਜੀ।
ਹਾਕਮ ਸਿੰਘ ਦਰਵੇਸ਼ ਹਮੇਸ਼ ਪਕੜੀ,
ਐਸੇ ਗੁਰੂ ਦੇ ਚਰਨਾਂ ਦੀ ਸਾਮ 1 ਹੈ ਜੀ। ੮।

1 ਸ਼ਰਣ

ਜ਼ਾਲ ਜਾਇ ਰਜੌਰੀ ਨੂੰ ਮਾਰ ਫੌਜੀਂ,
ਬੰਨ੍ਹਿਆ ਮਾਰ ਖਾਇ ਪਾਇ ਜੰਜ਼ੀਰ ਨੂੰ ਜੀ।
ਪਇਆ ਹੌਲ ਸਰਕਾਰ ਦੇ ਤੇਜ ਸੁਣ ਕੇ,
ਭੱਜਿਆ ਛੱਡ ਕੇ ਤੁਰਕ ਕਸ਼ਮੀਰ ਨੂੰ ਜੀ।
ਬਾਦਸ਼ਾਹ ਨੂੰ ਗੁਰੂ ਕਸ਼ਮੀਰ ਦਿੱਤੀ,
ਲੁਟਿਆ ਤੁਰਕ ਦੇ ਮਾਲਵਾ ਹੀਰ ਨੂੰ ਜੀ,
ਹਾਕਮ ਸਿੰਘ ਡਾਢੇ ਗੁਰੂ ਕੌਣ ਜਾਣੇ,
ਤੇਰਿਆਂ ਦਿਲਾਂ ਦੀ ਮੌਜ ਤਦਬੀਰ ਨੂੰ ਜੀ। ੯।

ਰੇ ਰਾਜ ਕਰਨਾ ਏਸ ਖਾਲਸੇ ਨੇ,
ਉਦੇ ਅਸਤ ਲੌ ਧੂਮ ਤੇ ਧਾਮ2 ਦਾ ਜੀ। 2 ਰੋਹਬ ਦਾਬ
ਕਹਿਆ ਗੁਰੂ ਦਾ ਹੋਮਦਾ ਜਾਇ ਪੂਰਾ,
ਤੁਰਕ ਮਾਰ ਲੈਣਾ ਰੂਮ ਸਾਮ ਦਾ ਜੀ।
ਸੋਢੀ ਰਾਇ ਗੋਬਿੰਦ ਸਿੰਘ ਗੁਰੂ ਜੋਧਾ,
ਉਧ੍ਹਾ ਬਚਨ ਹੈ ਅਟਲ ਮੁਦਾਮ3 ਦਾ ਜੀ। 3 ਸਦੈਵੀ
ਹਾਕਮ ਸਿੰਘ ਭੀ ਆਸਰਾ ਆਣ ਲੀਤਾ,
ਐਸੇ ਸਤਿਗੁਰੂ ਸੱਚੇ ਦੇ ਨਾਮ ਦਾ ਜੀ। ੧੦।

ਜੋ ਜੰਗ ਮੈਂ ਜਿਨ੍ਹਾਂ ਦਾ ਗੁਰੂ ਜੀਤੇ,
ਉਨ੍ਹਾਂ ਸੰਗਤਾਂ ਨੂੰ ਕਾਈ ਹਾਰ ਨਾਹੀਂ।
ਗਿਣਤੀ ਅੰਤ ਨਾ ਆਂਵਦਾ ਖਾਲਸੇ ਦਾ,
ਫੌਜਾਂ ਦਲਾਂ ਦਾ ਪਾਰਾ ਵਾਰ ਨਾਹੀਂ।
ਬਾਦਸ਼ਾਹ ਰਣਜੀਤ ਸਿੰਘ ਗੁਰੂ ਕਰਿਆ,
ਗੁਰੂ ਫਜ਼ਲ 4 ਦਾ ਕੁਝ ਸ਼ੁਮਾਰ ਨਾਹੀਂ। 4 ਕ੍ਰਿਪਾ
ਹਾਕਮ ਸਿੰਘ ਡਾਢਾ ਪੰਥ ਸਤਿਗੁਰੂ ਦਾ,
ਜੀਧ੍ਹੇ ਪੰਥ ਦਾ ਉਰਾਰ ਤੇ ਪਾਰ ਨਾਹੀਂ। ੧੧।

ਸੀਨ ਸਤਿਗੁਰੂ ਆਪ ਬਲਵੰਤ ਜੋਧੇ,
ਵਡੇ ਸੂਰਮੇ ਹਠੀ ਨਿਹੰਗ ਸਾਜੇ।
ਤੋੜੇ, ਚੱਕਰ ਤੇ ਪੇਟੀਆਂ ਕਮਰ ਤੇਗਾਂ,
ਬਾਣੇ ਸੁਰਮਈ ਮੁਕਟ ਸਿਰ ਪਰ ਬਿਰਾਜੇ।
ਦਸਤੀਂ ਪਕੜ ਸ਼ਮਸ਼ੇਰਾਂ ਤੇ ਰਾਮ ਜੰਗੇ 2, 2 ਬੰਦੂਕਾਂ
ਮਾਰਨ ਗਿਲਜਿਆਂ ਚਿੜੀ ਜਿਉਂ ਬਾਜ਼ ਖਾਜੇ।
ਹਾਕਮ ਸਿੰਘ ਡਾਢਾਪੰਥ ਖਾਲਸੇ ਦਾ,
ਜੀਹਦੇ ਦੇਖ ਦੀਦਾਰ ਨੂੰ ਦੁਖ ਭਾਜੇ। ੧੨।

ਸੀਨ ਸੋਹਣਾ ਸਤਿਗੁਰੂ ਸਖੀਤ ਜੋਧਾ, 3 ਦਾਨੀ
ਜੀਹਦੇ ਨਾਮ ਦੇ ਲਏ ਦੁਖ ਦੂਰ ਹੋਂਦੇ।
ਸਤੀ4 ਸੇਵਕਾਂ ਨੂੰ ਕਾਈ ਕਮੀ ਨਾਹੀ, 4 ਨੇਕ
ਸੀਨੇ ਦੁਸ਼ਮਣਾਂ ਦੇ ਚਕਨਾਚੂਰ ਹੋਂਦੇ।
ਗੋਬਿੰਦ ਸਿੰਘ ਗੁਰੂ, ਜੀਹਨੇ ਸੇਵਿਆ ਹੈ,
ਉਹਦੇ ਸਭੇ ਹੀ ਕੰਮ ਭਰਪੂਰ ਹੁੰਦੇ।
ਹਾਕਮ ਸਿੰਘ ਦਰਵੇਸ਼ ਵੀ ਆਸ ਕਰਦਾ,
ਸਾਨੂੰ ਕਮੀ ਨਾ ਫ਼ਜ਼ਲ ਹਜ਼ੂਰ ਹੁੰਦੇ। ੧੩।

ਸੁਆਦਿ ਸਾਬਤ ਹੋਇ ਕੇ ਬਾਦਸ਼ਾਹ ਨੇ,
ਫੌਜਾਂ ਚਾੜ੍ਹੀਆਂ ਗੁਰੂ ਮਨਾਇਕੇ ਜੀ।
ਲਿਆ ਘੇਰ ਮਲਕੇਰੇ 5 ਨੂੰ ਜਾਇ ਫੌਜੀਂ, 5 ਮਾਨਕੇਰਾ
ਚਾਰੋਂ ਤਰਫ ਵਲੋਂ ਘੇਰੇ ਪਾਇ ਕੇ ਜੀ।
ਚਲਣ ਰਹਕਲੇ 6 ਤੇ ਛੁੱਟਣ ਰਾਮ ਜੰਗੇ, 6 ਛੋਟੀ ਤੋਪ
ਕੜਕਣ ਬਿਜਲੀਆਂ ਜਿਉਂ ਤੋਪਾਂ ਸਾਇਕੇ ਜੀ।
ਹਾਕਮ ਸਿੰਘ ਮਲਕੇਰੇ ਦਾ ਕਿਲਾ ਕੀਤਾ,
ਤੋਪੀਂ ਢਾਹਿ ਮੈਦਾਨ ਉਡਾਇਕੇ ਜੀ। ੧੪।

ਜ਼ੁਆਦਿ ਜਦੋਂ ਸ੍ਰਕਾਰ ਨੇ.ਹੁਕਮ ਕੀਤਾ,
ਕਿਲਾ ਮਾਰ ਲੈਣਾ ਧਰ ਕੇ ਪੌੜੀਆਂ ਜੀ।
ਜੋ ਕੋਈ ਮਾਰ ਮੁਲਤਾਨ ਦੀ ਖਬਰ ਲਿਆਵੇ,
ਉਨ੍ਹਾਂ ਦਿਆਂ ਮੈਂ ਕੰਗਣਾਂ ਜੋੜੀਆਂ ਜੀ।
ਹਾਕਮ ਸਿੰਘ ਦਰਵੇਸ਼ ਨੇ ਖ਼ਬਰ ਦਿੱਤੀ,
'ਮਾਰਿਓ ਕਿਲ੍ਹਾ' ਤੋਪੀਂ ਕੰਧਾਂ ਤੋੜੀਆਂ ਜੀ।
ਬਾਦਸ਼ਾਹ ਫੜ ਕੇ ਤੇਰੇ ਦੋਖੀਆਂ ਨੂੰ,
ਖੱਲਾਂ ਪੁਠੀਆਂ ਲਾਹ ਨਚੋੜੀਆਂ ਜੀ। ੧੫।

ਤੋਇ ਤੋਪ ਤੇ ਰਹਿਕਲੇ ਗਜਿੰਦਿਆਂ ਨੂੰ,
ਸੁਣ ਕੇ ਪਇਆ ਦਿਲ ਹੌਲ ਨਬਾਬ ਦੇ ਜੀ।
ਆਕੀ ਹੋਣੇ ਦੀ ਸ਼ੇਖੀਆ ਭੁਲ ਗਈਆਂ,
ਮਿਲਿਆ ਆਣ ਲੈ ਨਜ਼ਰ ਸ਼ਤਾਬ ਦੇ ਜੀ।
ਬਾਦਸ਼ਾਹ ਰਣਜੀਤ ਸਿੰਘ ਗੁਰੂ ਕੀਤਾ,
ਤੈਨੂੰ ਫੁਲ ਜਿਉਂ ਵਾਂਗ ਗੁਲਾਬ ਦੇ ਜੀ।
ਹਾਕਮ ਸਿੰਘ ਤੇਰੇ ਜੇਹਾ ਬਾਦਸ਼ਾਹ ਨਾ,
ਡਿਠੋ ਮੁਲਖ ਤੇ ਜੇਹਾ ਪੰਜਾਬ ਦੇ ਜੀ। ੧੬।

ਜ਼ੋਇ ਜਾਚ ਕੇ ਮੈਂ ਭਲੀ ਭਾਂਤ ਡਿਠੇ,
ਲਿਖਾਂ ਜਸ ਤੇਰਿਆਂ ਗੁਣਾਂ ਕੇਹੜਿਆਂ ਦਾ।
ਰਾਵੀ ਜੇਹਲਮ ਝੰਨਾਂਓ ਨੇ ਲਾਂਘ ਦਿਤੇ,
ਤਜ ਕੇ ਮਾਨ ਗੁਮਾਨ ਬਖੇੜਿਆਂ ਦਾ।
ਤੇਰੀ ਫੌਜ ਨੂੰ ਅਟਕ ਨ ਹਟਕਿਓ ਹੀ,
ਕਟਕ ਲੰਘ ਗਏ ਬਿਨਾਂ ਬੇੜਿਆਂ ਦੇ।
ਹਾਕਮ ਸਿੰਘ ਦਰਵੇਸ਼ ਕੀ ਸਿਫਤ ਆਖੇ,
ਲੋਕ ਕਰਨ ਸ਼ੋਭਾ ਦੂਰਾਂ ਨੇੜਿਆਂ ਦੇ। ੧੭।

ਐਨ ਅਮਰ ਸਿੰਘ ਜੁਆਨ ਦੇ ਤੀਰ ਕਾਰੀ,
ਘੋੜਿਆਂ ਹਸਤੀਆਂ ਦੇ ਵਿਚੀਂ ਪਾਰ ਹੋਏ।
ਅਮਰ ਸਿੰਘ ਤੇ ਰਾਮ ਦਿਆਲ ਜੋਧੇ,
ਜਿਨ੍ਹਾਂ ਮਾਰ ਕੇ ਲਾਖ ਗਿਲਜੇ ਪਾਰ ਹੋਏ।
ਛੁਟੇ ਹੁਕਮ ਰਜਾਇ ਦੇ ਰਾਮਜੰਗੇ,
ਉਧਰ ਦੋਮੇ ਸ਼ਹੀਦ ਸਰਦਾਰ ਹੋਏ।
ਹਾਕਮ ਸਿੰਘ ਪਾਈ ਭਾਜ ਮੁਸਲਿਆਂ ਨੂੰ,
ਬੱਢੇ ਤੇਗੀਂ ਜਾਂ ਬਹੁਤ ਲਾਚਾਰ ਹੋਏ। ੧੮।

ਐਨ ਅਕਲ ਕਰਕੇ ਬਾਦਸ਼ਾਹ ਨੇ ਜੀ,
ਫੌਜਾਂ ਭੇਜ ਪਸ਼ੌਰ ਨੂੰ ਘਾਤਿ ਲਾਈ।
ਤੋਰੀ ਸੱਤ ਸੈ ਤੋਪ ਤੇ ਸੈ ਗੁਬਾਰਾ,
ਸੋਲਾਂ ਲਾਖ ਅਸਵਾਰ ਲੈ ਕਰੀ ਧਾਈ।
ਲਗੀ ਲਾਰ ਲਾਹੌਰ ਪਸ਼ੌਰ ਤਾਈਂ,
ਪਈ ਧੁੰਮ ਜਾ ਗਿਲਜਿਆਂ ਖਬਰ ਪਾਈ।
ਹਾਕਮ ਸਿੰਘ ਪਈ ਭਾਜ ਮੁਸਲਿਆਂ ਨੂੰ,
ਪੁੱਤਾਂ ਮਾਪਿਆਂ ਭੈਣਾਂ ਨ ਮਿਲੇ ਭਾਈ । ੧੯।

ਗੈਨ ਗਜ਼ਬ ਕੀਤੇ ਫੇਰ ਗਾਜ਼ੀਆਂ ਨੇ,
ਲੱਕੀਂ ਬੰਨ੍ਹ ਤੇਗਾਂ ਮੱਥੇ ਆਣ ਡਾਹੇ।
ਸਾਡਾ ਵੈਰ ਹੈ ਦੀਨ ਤੇ ਮਜ਼ਬ ਵਾਲਾ,
ਹੱਥੀਂ ਬੰਨ੍ਹ ਗਾਨੇ ਫਿਰਦੇ ਮੌਤ ਗਾਹੇ।
ਏਧਰ ਚੜ੍ਹਤ ਕੀਤੀ ਬੁਧ ਸਿੰਘ ਜੋਧੇ,
ਗੜ੍ਹੀ ਮਾਰ ਕੇ ਤੇਗਾਂ ਤਦੋ ਨਾਲ ਵਾਹੇ।
ਹਾਕਮ ਸਿੰਘ ਫਤੇ ਹੋਈ ਖਾਲਸੇ ਦੀ,
ਸਿੰਘੀਂ ਸੂਰਮੀਂ ਲੜਨ ਦੇ ਚਾਉ ਲਾਹੇ । ੨੦।

ਫੇ ਫੇਰ ਚੜ੍ਹਿਆ ਹਸਨੂੰ ਸੂਰਿਆਂ ਦੀ,
ਹੱਥੀਂ ਪਕੜ ਕੇ ਤੇਗ ਕਟਾਰੀਆਂ ਨੂੰ।
ਤੀਰਾਂ ਨੇਜ਼ਿਆਂ ਬਰਛੀਏ ਜਾਇ ਬੇਧੇ,
ਪੁੱਤਰ ਮਿਲੇ ਨਹੀਂ ਮਾਮਾਂ ਪਿਆਰੀਆਂ ਨੂੰ।
ਫੂਲਾ ਸਿੰਘ ਜੋਧੇ ਕਈ ਲਾਖ ਗਿਲਜਾ,
ਮਾਰਿਆ ਹੱਥ ਲੈ ਤੇਗ ਦੁਧਾਰੀਆਂ ਨੂੰ।
ਹਾਕਮ ਸਿੰਘ ਆਈ ਗਰੀਬ ਲਜਿਆਂ ਨੇ,
ਗੁਰੂ ਫਤੇ ਦਿੱਤੀ ਕੇਸਾਂ ਧਾਰੀਆਂ ਨੂੰ । ੨੧।

ਕਾਫ ਕਹਰ ਕਰਕੇ ਖ਼ੂਨੀ ਗਿਲਜਿਆਂ ਨੇ,
ਗਰਭਾ ਸਿੰਘ ਤੇ ਕਰਮ ਸਿੰਘ ਆਣ ਬਲਿਆ।
ਦੋਹਾਂ ਡਾਹਿ ਮਥੇ ਮਾਰਿਆ ਗਿਲਜਿਆਂ ਨੂੰ,
ਕਈ ਲਾਖ ਗਿਲਜਾ ਓਸੇ ਠਓੜ। ਗਲਿਆ। 1 ਥਾਂ
ਚੰਨਣ ਚਿਖਾ ਬਣਾਇਕੇ ਫੂਕ ਦਿੱਤਾ,
ਜੇਹੜਾ ਦੁਧ ਮਲਾਈ ਦੇ ਨਾਲ ਪਲਿਆ।
ਹਾਕਮ ਸਿੰਘ ਪਾਈ ਫਤੇ ਖਾਲਸੇ ਨੇ,
ਫੂਲਾ ਸਿੰਘ ਸ਼ਹੀਦਾਂ ਦੇ ਵਿਚ ਰਲਿਆ। ੨੨।

ਕਾਫ ਕਤਲ ਕੀਤਾ ਮਾਰ ਗਿਲਜਿਆਂ ਨੂੰ,
ਫੌਜਾਂ ਭੇਜ ਕੇ ਵਿਚ ਪਸ਼ੌਰ ਦੇ ਜੀ।
ਪਈਆ ਭਾਂਜ ਕੰਧਾਰ ਤੇ ਕਾਬਲਾਂ ਨੂੰ,
ਤੁਰਕ ਜਪਤ ਕੀਤੇ ਠੌਰ ਠੌਰ ਦੇ ਜੀ।
ਹਾਕਮ ਸਿੰਘ ਦੇ ਗੁਰੂ ਨੇ ਸਾਜਿਆ ਤੂੰ,
ਅਜ ਹੋਰ ਨਾਹੀ ਤੇਰੇ ਤੌਰ ਦੇ2 ਜੀ। 2 ਸਮਾਨ
ਬਾਦਸ਼ਾਹ ਰਣਜੀਤ ਸਿੰਘ ਵਲੀ ਜੋਧੇ,
ਜੀਹਦਾ ਤਖਤ ਹੈ ਵਿਚ ਲਾਹੌਰ ਦੇ ਜੀ। ੨੩।

ਗਾਫ਼ ਗ਼ਮ ਕੀਤੇ [illegible] ਭਲੀ,
ਫੂਲਾ ਸਿੰਘ ਸ਼ਹੀਦ ਨੇ [illegible]।
ਔਖੀ ਤੇਗ਼ਦੇ ਦੀ ਤਿੱਖ, [illegible]
ਮੱਥਾ ਲਾਏ ਅਹੂਨੇ ਦੇ ਲਾਲ ਧੁਣਿਆ।
ਕਹਿੰਦਾ, 'ਖਾਲਸਾ ਜੀ! ਤੁਰਕਾਂ ਕਾਫਰਾਂ ਨੇ,
ਮੇਰਾ ਕੱਢ ਖ਼ਜ਼ਾਨਿਓਂ ਲਾਲ ਚੁਣਿਆ।'
ਹਾਕਮ ਸਿੰਘ ਸ਼ਹੀਦਾਂ ਮੈਂ ਹੋਈ ਸ਼ਾਦੀ,
ਹੂਰਾਂ ਪਰੀਆਂ ਨੇ ਮੰਗਲਾਚਾਰ ਗੁਣਿਆ ।੨੪।

ਗਾਫ ਗੁਰੂ ਗਿਆਰਮਾ 'ਖਾਲਸਾ ਜੀ',
ਜਿਨ੍ਹੀ ਜਾਣਿਆ ਭੌਜਲੋਂ ਪਾਰ ਹੋਏ।
ਨਿਤ ਭੇੜਦੇ ਤੇਗ [illegible]
ਸਿੰਘ ਸੂਰਮੇ ਹਣੀ ਹਜ਼ਾਰ ਹੋਏ।
ਬਾਦਸ਼ਾਹ ਰਣਜੀਤ ਸਿੰਘ ਗੁਰੂ ਕਰਿਆ,
ਓਧੀ ਮੇਹਰਾਂ ਵਿਚ ਕਈ ਸਰਦਾਰ ਹੋਏ।
ਹਾਕਮ ਸਿੰਘ ਦਰਵੇਸ ਭੀ ਆਸ ਕਰਦਾ,
ਕਦੀ ਅਸਾਂ ਭੀ ਫਜ਼ਲ[1] ਗੁਰਦੁਆਰ ਹੋਏ। ੨੫। [1] ਮੇਹਰ

ਲਾਮ ਲਿਖਿਆ ਗੁਰੂ ਗੋਬਿੰਦ ਸੱਚੇ,
ਉਦੇ ਅਸਤ ਦਾ ਖਾਲਸਾ ਰਾਜ ਕਰਣਾ।
ਹੋਰ ਦੀਨ ਤੇ ਮਜ਼ਬ ਨ ਕੋਈ ਰਹਸੀ,
ਇਕੋ ਰਹੁਰਾ ਖਾਲਸਾ ਕੌਲੁ ਕਰਣਾ।
ਮੁਖੋਂ ਸ੍ਰੀ ਅਕਾਲ ਦਾ ਜਾਪ ਜਪਸੀ,
ਜੀਧੇ ਜਾਪ ਕਰ ਬਹੁੜ ਨ ਹੋਇ ਮਰਣਾ।
ਹਾਕਮ ਸਿੰਘ ਭੀ ਭਾਲ ਕੇ ਜਗਤ ਸਾਰਾ,
ਔਸ ਸੱਚੇ ਦੇ ਗੁਰੂ ਦਾ ਲਇਓ ਸਰਣਾ । ੨੬।

ਮੀਮ ਮੰਨਿਆ ਜਿਨ੍ਹਾਂ ਨੇ ਸਤਿਗੁਰੂ ਨੂੰ,
ਓਨ੍ਹਾਂ ਕਾਫਰਾਂ ਦੇ ਦਿਲ ਦਫੇ ਹੁੰਦੇ।
ਕੰਬਣ ਧਰਤ ਅਕਾਸ਼ ਤੇ ਚੰਦ ਤਾਰੇ,
ਚੌਦਾਂ ਲੋਕ ਜਾਂ ਗੁਰੂ ਜੀ ਖ਼ਫੇ ਹੁੰਦੇ।
ਰਾਮਦਾਸ ਦੀ ਆਲ ਔਲਾਦ ਦਾ ਜੀ,
ਨਾਮ ਲੈਂਦਿਆਂ ਦੇ ਪਾਪ ਦਫੇ ਹੁੰਦੇ।
ਹਾਕਮ ਸਿੰਘ ਦਰਵੇਸ਼ ਭੀ ਆਸ ਕਰਦਾ,
ਸਭੀ ਸੇਵਕਾਂ ਨੂੰ ਚਉਣੇ ਨਫੇ ਹੁੰਦੇ। ੨੭।

ਨੂਨ ਨਜ਼ਰ ਸਤਿਗੁਰ ਦੀ ਕੀਮੀਆ 1 ਹੈ — 1 ਰਸਾਇਣ
ਮੈਂ ਭੀ ਸੁਣ ਕੇ ਹੀ ਪਕੜਿਆ ਗੈਲ2 ਹੈ ਜੀ। — 2 ਸਾਥ
ਬਾਦਸ਼ਾਹ ਰਣਜੀਤ ਸਿੰਘ ਗੁਰੂ ਕਰਿਆ,
ਤੇਰੀਆਂ ਫੌਜਾਂ ਦਾ ਅਜਬ ਤਉ ਸੈਲ ਹੈ ਜੀ।
ਪੋਹੂ ਪਿੰਡੀਆ ਸੂਰਮਾ ਸਖੀ ਜੋਧਾ,
ਗੁਲਾਬ ਸਿੰਘ ਸਰਦਾਰ ਜੋ ਛੈਲ ਹੈ ਜੀ।
ਹਾਕਮ ਸਿੰਘ ਰਹਿੰਦਾ ਉਹਦੇ ਵਿਚ ਡੇਰੇ,
ਤੇਰੀ ਮੇਹਰ ਜੋ ਵਿਚ ਜ਼ਰਨੈਲ3 ਹੈ ਜੀ। ੨੮। — 3 ਜਰਨੈਲ

ਵਾਉ ਵਿਕ੍ਰਮੀ ਸਾਲ ਸਤਾਸੀਏ4 ਮੈ, — 4੧੯੮੭ ਬਿ.
ਸਦੀ ਠਾਰਮੀ ਬੈਂਤ ਬਣਾਇਆ ਮੈਂ।
ਮੱਘਰ ਚੰਦ ਦੀ ਸਪਤਮੀ ਸੋਮਵਾਰੀ,
ਗੁਰੂ ਗੋਬਿੰਦ ਸਿੰਘ ਨੂੰ ਧਿਆਇਆ ਮੈਂ।
ਬਾਦਸ਼ਾਹ ਰਣਜੀਤ ਸਿੰਘ ਖਾਲਸੇ ਦਾ,
ਵਾਂਗੂੰ ਸੇਵਕਾਂ ਜਸੁ ਸੁਣਾਇਆ ਮੈਂ।
ਹਾਕਮ ਸਿੰਘ ਫੜ ਕੇ ਚਰਨ ਖਾਲਸੇ ਦੇ,
ਮਨ ਭਾਂਵਦਿਆਂ ਫਲਾਂ ਨੂੰ ਪਾਇਆ ਮੈਂ। ੨੯।

ਹੇ ਹਰਦਮ ਗੁਰੂ ਗੋਬਿੰਦ ਸਿੰਘ ਜੀ,
ਰਹੇ ਵਿਚ ਧਿਆਨ ਸਾਸੋ ਸਾਸ ਤੇਰੇ।
ਦਾਸ ਆਪਣੇ ਨੂੰ ਏਹੋ ਦਾਨ ਦੀਜੇ,
ਮੁਕਤਿ ਰਹੇ ਗੁਲਾਮ ਹੋਏ ਪਾਸ ਤੇਰੇ।
ਏਹੋ ਚਾਉ ਮੈਂਡੇ ਵਸਾਂ ਕੋਲ ਤੈਂਡੇ,
ਨਿਤ ਸੁਣਾਂ ਮੈਂ ਬਚਨ ਬਿਲਾਸ ਤੇਰੇ।
ਹਾਕਮ ਸਿੰਘ ਦਰਵੇਸ਼ ਦੀ ਅਰਜ਼ ਏਹੋ,
ਸਦਾ ਰਹਾਂ ਮੈਂ ਗੁਰੂ ਜੀ ਪਾਸ ਤੇਰੇ। ੩੦।

ਲਾਮ ਲਾਇਕ ਤਖਤ ਸਲਾਮ ਦੇ ਤੂੰ,
ਕੋਈ ਹੋਰ ਨਾਹੀਂ ਤੇਰੇ ਸੀਰ ਦਾ1 ਜੀ। 1 ਸਮਾਨ
ਜਿਸਦੇ ਕੀਤਿਆਂ ਜਗ ਨੂੰ ਸੁਖ ਆਵੇ,
ਜਾਵੇ ਭੁਖ ਤੇ ਦੁਖ ਸਰੀਰ ਦਾ ਜੀ।
ਬਾਦਸ਼ਾਹ ਰਣਜੀਤ ਸਿੰਘ ਵਲੀ ਜੋਧਾ,
ਤੈਨੂੰ ਜ਼ੋਰ ਗੋਬਿੰਦ ਸਿੰਘ ਪੀਰ ਦਾ ਜੀ।
ਹਾਕਮ ਸਿੰਘ ਦੀ 'ਸੀਸ2 ਹਮੇਸ਼ ਰਹੇ, 2 ਅਸੀਸ
ਸਦਾ ਅਟਲ ਹੈ ਬੋਲ ਫਕੀਰ ਦਾ ਜੀ। ੩੧।

ਅਲਫ ਇਕ ਤੇ ਇਕ ਬਲਵੰਤ ਜੋਧੇ,
ਵਡੇ ਸੂਰਮੇ ਸ਼ਸਤ੍ਰੀਂ ਕੜੇ ਹੋਏ।
ਮੁਖੋਂ ਸ੍ਰੀ ਅਕਾਲ ਦਾ ਜਾਪ ਜਪਦੇ,
ਹੀਰੇ ਲਾਲ ਨਗ ਮੋਤੀਏਂ ਜੜੇ ਹੋਏ।
ਸੋਹਣ ਹਸਤੀਆਂ ਵਿਚ ਅੰਬਾਰੀਆਂ ਦੇ,
ਮਾਰਨ ਗਿਲਜਿਆਂ ਮੋਹਰੇ ਘੜੇ ਹੋਏ।
ਹਾਕਮ ਸਿੰਘ ਜਿਨ੍ਹਾਂਦੜਾ ਗੁਰੂ ਜੋਧਾ,
ਕਿਉਂ ਹਾਰਦੇ ਜਿੰਗ ਵਿਚ ਲੜੇ ਹੋਏ। ੩੨।

ਜੇ ਯਾਦ ਰਖੀਂ ਗੁਰੂ ਸੱਚੇ ਨੂੰ ਤੂੰ,
ਦੇਖੀਂ ਗੁਰਾਂ ਦੇ ਨਾਉਂ ਥੋਂ ਭੁਲ ਜਾਂਦਾ।
ਦੁਨੀਆਂ ਜੀਵਣਾ ਖੁਆਬ ਖਿਆਲ ਵਾਂਙੂੰ,
ਵਤ ਮਾਇਆ ਨੂੰ ਵੇਖ ਕੇ ਫੁਲ ਪਾਂਦਾ।
ਹਾਕਮ ਸਿੰਘ ਆਖੇ ਬਾਦਸ਼ਾਹ ਤੇਨੂੰ,
ਵੇਖੀਂ ਬਚਨ ਅਸਾਡੇ ਨੂੰ ਭੁਲ ਜਾਂਦਾ।
ਬਾਦਸ਼ਾਹ ਬਣਕੇ ਜਿਨ੍ਹਾਂ ਗੁਰੂ ਜਪਿਆ,
ਪਾਸ ਰੱਬ ਦੇ ਤਿਨ੍ਹਾਂ ਦਾ ਮੁਲ ਪਾਂਦਾ। ੩੩।

ਛਪੈ - ਜੰਬੂ ਦੀਪ ਭਰਥ ਖੰਡ, ਜਮਨਾ ਸਤਲੁਜ ਵਿਚਕਾਹੇ।
ਬੀਚ ਪੰਜਾਬ ਸੁ ਦੇਸ ਤਿਹਾੜਾ, ਸਤਲੁਜ ਢਾਹੇ।
ਲੁਦਿਆਣੇ ਥੋਂ ਦੱਛਨ ਕੋਸ, ਅਠਿ ਨਗਰ ਰਚੇ ਹਰਿ।
ਰਾਪੁਰ, ਗੁਜਰਵਾਲ ਬਸਤ, ਜਹਿੰ ਭੂਪ ਘਰੇ ਘਰ।
ਰਾਪੁਰ ਨਗਰ ਸੁਹਾਵਣਾ, ਘਰਿ ਘਰਿ ਜਹਿ ਸਰਦਾਰ।
ਆਸ਼ਕ ਹਾਕਮ ਸਿੰਘ ਨੇ, ਤਹਿੰ ਧਰਯੋ ਅਵਤਾਰ । ੩੪।
ਰੰਗੇ ਕਾ ਸੁਤ ਬਖਤਮਲ, ਬਾਘਾ ਜਾਂਹਿ ਸਪੂਤ।
ਸਾਹਿਬ ਬਖਸ਼ ਤਾਂ ਸੁਤ ਭਇਓ, ਹਾਕਮ ਸਿੰਘ ਤਿਹ ਪੂਤ।੩੫।
ਸਪਤ ਲੋਕ ਚੌਦਾਂ ਭਵਨ, ਜੇਤਾ ਸਭ ਸੰਸਾਰ।
ਹਾਕਮ ਸਿੰਘ ਇਕ ਰੱਬ ਬਿਨ, ਸਭ ਕੇ ਭੁਲਣਹਾਰ। ੩੬।

ਦੋਹਰਾ - ਸਾਹਿਬ ਏਕ ਅਭੁਲ ਹੈ, ਭੁਲਣਹਾਰ ਜਹਾਨ।
ਹਾਕਮ ਸਿੰਘ ਕੀ ਭੁਲ ਪਰ, ਮਤ ਕੋਈ ਧਰੀਓ ਤਾਨ ।੩੭।

ਇਤਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੇ ਖਾਲਸੇ ਸ਼ਾਹਿ ਕੀਆਂ ਬੈਂਤਾਂ। ਸੰਪੂਰਨ।
ਫਤੇ ਜੰਗ ਉਸਤਤਿ ਖਾਲਸੇ ਕੀ, ਸਮਾਪਤਮਸਤੁ ਸ੍ਰੀ ਸ਼ੁਭ ਮਸਤ।

(੨)

ਸਿਹਰਫੀ ਸਰਕਾਰ ਦੀ (ਸਾਵਣਯਾਰ)

ਅਲਫ ਏਸ ਪੰਜਾਬ ਦੇ ਵਿਚ ਅੰਦਰ
ਇਕ ਪਾਤਸ਼ਾਹ ਆਫਰੀਂ ਦਉਰ ਦਾ ਈ।
ਦੁੰਬ ਬੱਕਰੀ ਦੀ ਬਾਘ ਆੜ ਬੱਧਾ,
ਜਿਸ ਅਦਲ ਪਾਇਆ ਇਸ ਤੌਰ ਦਾ ਈ।
ਲਏ ਸਾਰ ਗਰੀਬ ਨਿਮਾਣਿਆਂ ਦੀ,
ਜਿਨ ਰਾਜ ਕੀਤਾ ਵਡੇ ਗੌਰ ਦਾ ਈ।
ਸਾਵਣਯਾਰ ਬੇਟਾ ਮਹਾਂ ਸਿੰਘ ਜਾਇਆ,
ਰਣਜੀਤ ਸਿੰਘ ਵਲੀ ਲਾਹੌਰ ਦਾ ਈ । ੧।

ਬੇ ਬਾਦਸ਼ਾਹ ਮੁਲਖ ਪੰਜਾਬ ਦਾ ਈ,
ਜਿਸ ਅਦਲ ਪਾਇਆ ਪਾਂਡੋ ਕੋਰਵਾਂ ਦਾ।
ਰਾਜੇ ਬਿਕਰਮਾਜੀਤ ਮਹਾਂ ਜੀਤ ਵਾਂਙੂ,
ਰਾਜਾ ਭਰਥਰੀ ਰਾਜ ਸਨੇਰਵਾਂ ਦਾ।
ਸੱਦਾਦ ਸ਼ਮਸਾਦ ਨਮਰੂਦ ਵਾਂਗੂ
ਫਿਰਾਊਨ ਕਹਊਨ ਨਉਸ਼ੇਰਵਾਂ ਦਾ।
ਸਾਵਣਯਾਰ ਰਣਜੀਤ ਸਿੰਘ ਰਾਜ ਤੇਰਾ,
ਜੀ ਕੂੰ ਪਾਤਸ਼ਾਹ ਹੰਸ ਪੁਕੋਰਵਾਂ ਦਾ । ੨।

ਤੇ ਤਖਤ ਤੈਨੂੰ ਸਦਾ ਅਬਾਦ ਰਹੇ,
ਰਣਜੀਤ ਸਿੰਘਾ ! ਬਾਦਸ਼ਾਹ ਤੇਰੀ।
ਗੁਰੂ ਗੋਬਿੰਦ ਨੇ ਤੈਨੂੰ ਨਿਵਾਜਿਆ ਈ,
ਬਾਬਾ ਨਾਨਕ ਹੈ ਪੁਸ਼ਤ ਪਨਾਹ ਤੇਰੀ।
ਸੁਰਗਾਸ਼ੁਮ ਸ਼ਮਾਲ ਜਨੂਬ[1] ਤਾਈਂ,
ਨੇਕ ਰਹੇ ਅਦਾਲਤ ਖਾਹ ਤੇਰੀ।

[1] ਜਨੂਬ (ਦੱਖਣ)

ਸਾਵਣਯਾਰ ਦੀ ਬੇਨਤੀ ਰੱਬ ਅੱਗੇ,
ਬੰਦਾ ਪਹੁੰਚਦਾ ਹਿੰਦ ਦਰਗਾਹ ਤੇਰੀ । ੩।

ਜੋ ਸਾਬਤੀ ਵਿਚ ਜਹਾਨ ਦੇ ਜੀ,
ਰਣਜੀਤ ਸਿੰਘ ਦੇ ਇਕਬਾਲ ਭਾਰੇ।
ਸਵਰਗਾਸ਼੍ਰਮ ਸ਼ਮਾਲ ਜਨੂਬ1 ਤਾਈਂ, 1 ਦੱਖਣ
ਕੰਬੀ ਧਰਤਿ ਤੇ ਛਿਪਨ ਅਕਾਸ਼ ਤਾਰੇ।
ਤੇਰੀ ਹੈਬਤ2 ਦੇ ਕੋਲੋਂ ਵਿਚ ਝੱਲੀਂ, 2 ਦਬਦਬਾ
ਰੁੰਨੇ ਸ਼ੇਰ ਆਹੀਂ ਮਾਰ ਮਾਰ ਨਾਅਰੇ।
ਸਾਵਣਯਾਰ ਪਹਾੜ ਤੇ ਬਹਰ ਬਰਰੋ3, 3 ਜਲ ਤੇ ਥਲ
ਪੰਛੀ ਕਰਨ ਦੁਆਇ ਚੋਗੇ ਚੁਗਨਵਾਰੇ। ੪।

ਜੀਮ ਜਿਤ ਵਲ ਕਰਿ ਸਮਿਆਨ ਚੜ੍ਹਦਾ,
ਰਣਜੀਤ ਸਿੰਘ ਪਾਤਸ਼ਾਹ ਜੰਗ ਦਾ ਏ।
ਹਥਿਆਰ ਸੁਟੇ ਹੱਥੋਂ ਰਾਜਿਆਂ ਨੇ,
ਸਾਡਾ ਜ਼ੋਰ ਨਹੀਂ ਚਲ ਸੰਗਦਾ ਏ।
ਮੂੰਹੋਂ ਲੁਕਮੇ 4 ਛਹਿਨ ਸਰਕਾਰੀਆਂ ਦੇ, 4 ਬੁਰਕੀਆਂ
ਸੰਘੋਂ ਹੇਠ ਨਹੀਂ ਜ਼ਰਾ ਲੰਘਦਾ ਏ।
ਸਾਵਣਯਾਰ ਕੁਆਰੀਆਂ ਰਾਹ ਪਈਆਂ,
ਨਹੀਂ ਬੱਕਰੀ ਖੌਫ ਪਲੰਗ5 ਦਾ ਏ। ੫। 5 ਚਿਤ੍ਰਾ

ਹੇ ਹੁਕਮ ਤੇਰਾ ਰਣਜੀਤ ਸਿੰਘਾ !
ਸਾਰੇ ਮੁਲਖ ਉਤੇ ਪਰਵਾਨ ਹੋਇਆ।
ਧੰਨੀਘੇਪ ਵਲਾਇਤਾਂ ਬਲਖ ਤਾਈਂ,
ਕਸ਼ਮੀਰ ਸਣੇ ਕੁਰਾਸਾਨ ਹੋਇਆ।
ਢੱਠਾ6 ਭਖਰ ਛਛਰਾ ਵਿਚ ਥਲੀਂ, 6 ਠੱਠਾ (ਸਿੰਧ)
ਹੋਰ ਸਿੰਧ ਤੇ ਸਣੇ ਐਰਾਨ ਹੋਇਆ।
ਸਾਵਣਯਾਰ ਪਹਾੜ ਤੇ ਮਾਲਵਾ ਜੀ,
ਲੱਖੀ ਜੰਗਲ ਹਿੰਦੁਸਤਾਨ ਹੋਇਆ। ੬।

ਖੇ ਖੂਬ ਡਿਠੀ ਸ਼ਾਨ ਖਾਲਸੇ ਦੀ,
ਕੈਂਠੇ ਸ਼ਾਨ ਦੁਸ਼ਾਲੇ ਸਪੂਤਿਆਂ ਨੂੰ।
ਹਾਥੀ ਘੋੜੇ ਹੰਬਾਰੀਆਂ ਊਠ ਝੂਲਾਂ,
ਸੁਇਨਾ ਕਾਕੜਾ ਖੋਤਿਆਂ ਕੁੱਤਿਆਂ ਨੂੰ।
ਨਾਈਆਂ ਡੂੰਮਾਂ ਤੇ ਕੰਜਰਾਂ ਟਹਲੀਆਂ ਨੂੰ,
ਸੁਇਨਾ ਦਿੱਤਾ ਜਗਾਇਕੇ ਸੁੱਤਿਆਂ ਨੂੰ।
ਸਾਵਣਯਾਰ ਰਣਜੀਤ ਸਿੰਘ ਰੰਗ ਲਾਇਆ,
ਜ਼ਰੀ ਬਾਦਲਾ ਦੇ ਹਲ-ਜੋਤਿਆਂ ਨੂੰ । ੭।

ਦਾਲ ਦਾਉਰੀ ਲਾਇ ਦੀਵਾਨ ਬੈਠਾ,
ਇਹ ਪਾਤਸ਼ਾਹ ਮੁਲਖ ਪੰਜਾਬ ਦਾ ਈ।
ਚਾਰੇਂ ਤਰਫ ਮੁਸਾਹਬ1 ਘੱਤ ਘੇਰਾ, 1 ਵੱਡੇ ਸਰਦਾਰ
ਤਾਰਿਆਂ ਵਿਚ ਜਿਉਂ ਚੰਦ ਮਤਾਬ ਦਾ ਈ।
ਕਰੇ ਗੁਫਤ-ਗੋਈ ਗੁਰਮਤਾ ਵੱਡਾ,
ਮੋਤੀ ਹੰਸ ਚੁਗੇ ਪੁਰਆਬ ਦਾ ਈ।
ਸਾਵਣਯਾਰ ਮਹਾਂ ਸਿੰਘ ਬਾਗ ਲਾਇਆ,
ਰਣਜੀਤ ਸਿੰਘ ਫੁਲ ਗੁਲਾਬ ਦਾ ਈ। ੮।

ਜ਼ਾਲ ਜ਼ਉਕ2 ਦੀ ਹਾਜ਼ਰੀ ਆਣ ਲਏ, 2 ਸ਼ੌਕ ਚਾਅ
ਜਦੋਂ ਲਸ਼ਕਰ ਕਰੇ ਸਮਿਆਨ ਸਿੰਘਾਂ।
ਲਾਲੇ ਲਾਲ ਬਾਣੇ ਫਉਜਾਂ ਬਾਂਕੀਆਂ ਦੇ,
ਦਿਤੀ ਸ਼ਾਨ ਜੋ ਵਿਚ ਮਦਾਨ ਸਿੰਘਾਂ।
ਹਾਥੀ ਘੋੜੇ ਹਬਾਰੀਆਂ3 ਊਠ ਝੂਲਾਂ, 3 ਹੌਦੇ
ਤੰਬੂ ਲਾਲ ਕਨਾਤ ਨਿਸ਼ਾਨ ਸਿੰਘਾਂ।
ਸਾਵਣਯਾਰ ਰਣਜੀਤ ਸਿੰਘ ਰੰਗ ਲਾਇਆ,
ਕੀਤੇ ਲਸ਼ਕਰ ਲਾਲ ਦੀਵਾਨ ਸਿੰਘਾਂ। ੯।

ਰੇ ਰਣਕ1 ਨਗਾਰਿਆਂ ਨੌਬਤਾਂ ਦੀ, 1 ਗੁੰਜਾਰ
ਜਿਸ ਵੇਲੇ ਤੰਬੂਰ ਤਾਂ ਵਜਦੇ ਨੀ।
ਤੋਪਾਂ ਰਹਿਕਲੇ ਸ਼ਲਕ ਜੰਬੂਰਿਆਂ ਦੀ,
ਬੱਦਲ ਵਾਂਗ ਗੁਬਾਰੇ ਤਾਂ ਗੱਜਦੇ ਨੀ।
ਦੂਤੀ ਦੁਸ਼ਮਣਾਂ ਦੇ ਜੀ ਲਰਜ਼2 ਜਾਂਦੇ, 2 ਕੰਬਦੇ
ਡੇਰੇ ਛਡ ਪਿਛਾਂਹ ਨੂੰ ਭੱਜਦੇ ਨੀ।
ਸਾਵਣ ਯਾਰ ਰਣਜੀਤ ਸਿੰਘ ਰਾਜ ਤੇਰਾ,
ਜਿਸਨੂੰ ਹਰ ਦਮ ਦਾਈਏ ਲੱਜ ਦੇ ਨੀ। ੧੦।

ਜ਼ੇ ਜ਼ਰਿ ਜ਼ਰੀ ਜ਼ਰ ਬਾਦਲਾ ਦਾ,
ਫ਼ੌਜਾਂ ਬਾਂਕੀਆਂ ਦਾ ਕੁਲ ਸਾਹਾਨ ਆਹਾ।
ਹਾਥੀ ਘੋੜੇ ਹੰਬਾਰੀਆਂ ਉਨ ਝੂਲਾਂ,
ਜ਼ਰੀ ਬਾਦਲਾ ਕੁਲ ਸਮਯਾਨ ਆਹਾ।
ਜ਼ਰੀ ਬਾਦਲੇ ਕੁਲ ਮੁਸਾਹਬਾਂ ਨੂੰ,
ਜ਼ਰ ਵਿਚ ਗਲਤਾਨ ਈਵਾਨ3 ਆਹਾ। 3 ਦਰਬਾਰ
ਸਾਵਣ ਯਾਰ ਰਣਜੀਤ ਸਿੰਘ ਤੇਰਾ ਸਾਨੀ,
ਨਾ ਕੋਈ ਬਾਦਸ਼ਾਹ ਵਿਚ ਜਹਾਨ ਆਹਾ। ੧੧।

ਸੀਨ ਸ਼ਹਿਰ ਲਾਹੌਰ ਦਾ ਤੌਰ ਚੰਗਾ,
ਉਚੇ ਮਹਲ ਤੇ ਮਾੜੀਆਂ ਕੋਟ ਕੰਧਾਂ।
ਉਚੇ ਕੋਟ ਨੜਿੰਨਵੇਂ ਬੁਰਜ ਜਿਸਦੇ,
ਦਰਵਾਜ਼ੇ ਤੇ ਕਿੰਗਰੇ ਵਾਂਗ ਚੰਦਾਂ।
ਬਾਲਾਸਾਰ ਮਹਲ ਮਸੀਤ ਛੱਤਾਂ,
ਅਕਲ ਨਾਲ ਬਣਾਈਆਂ ਨੀ ਹੋਸ਼ਵੰਦਾਂ।
ਸਾਵਣ ਯਾਰ ਰਣਜੀਤ ਸਿੰਘ ਪੈਂਠ ਲਾਈ,
ਖੁਲ੍ਹੇ ਰਸਤੇ ਬਪਾਰੀਆਂ ਰਾਹ ਵੰਦਾਂ। ੧੨।

ਸੀਨ ਸਿਲਸਿਲਾ ਤਖਤ ਤਾਊਸ ਵਾਲਾ1, 1 ਤਖਤ ਵਰਗਾ
ਵਿਚ ਸ਼ਹਿਰ ਲਾਹੌਰ ਦੇ ਥਾਂ ਆਹਾ।
ਹੀਰੇ ਲਾਲ ਜਵਾਹਰਾਂ ਜੜਤ ਹੋਈ,
ਜਿਥੇ ਬੈਠ ਕਰੇਂਦੜਾ ਨਿਆਂ ਆਹਾ।
ਪਾਣੀ ਦੁੱਧ ਥੀਂ ਕਰੇ ਅਲਹਿਦਾ ਓਇ,
ਰਣਜੀਤ ਸਿੰਘ ਬਾਦਸ਼ਾਹ ਨਾਂ ਆਹਾ।
ਸਾਵਣ ਯਾਰ ਰਣਜੀਤ ਸਿੰਘ ਵਿਚ ਕਿਸਨੂੰ,
ਕਰੇ ਪੰਖੀ ਹੁਮਾ ਤੇ ਛਾਂ ਆਹਾ। ੧੩।

ਸੁਆਦ ਸਿਫਤ ਕਰਾਂ ਸ਼ਾਲਾਬਾਗ ਦੀ ਮੈਂ,
ਜਿਥੇ ਰਹੇ ਬਹਾਰ ਗੁਲਜ਼ਾਰ ਸਦਾ।
ਗੋਇਆ ਕਿੱਤਾ ਏ ਬਾਗ ਬਹਿਸ਼ਤ ਵਾਲੀ,
ਰਹੇ ਲਸਨ ਗੁਲ ਜਸ਼ਨ ਸ਼ਿਕਾਰ ਸਦਾ।
ਰਾਗ ਰੰਗ ਰਹੇ ਦਿਨੇ ਰਾਤ ਉਥੇ,
ਗੋਇਆ ਪਰੀਆਂ ਦੇ ਰਹਿਣ ਉਤਾਰ ਸਦਾ।
ਸਾਵਣਯਾਰ ਸਫ ਰਾਜੇ ਇੰਦ੍ਰ ਵਾਲੀ,
ਰਣਜੀਤ ਸਿੰਘ ਨੂੰ ਸਜਾ ਵਾਰ ਸਦਾ। ੧੪।

ਜ਼ੁਆਦ ਜ਼ਰਬ ਜ਼ਮੀਰ ਮਨੀਰ2 ਆਹਾ, 2 ਰੌਸ਼ਨ
ਅਕਲ ਦਾ ਅੰਤਿ ਸੁਮਾਰ ਨਾ ਹੀ।
ਰਾਜਾ ਆਸ਼ਕਾਂ ਦੇ ਵਿਚ ਆਸ਼ਕ ਹੈਗਾ,
ਏਹੋ ਜੇਹਾ ਕੋਈ ਸਰਦਾਰ ਨਾਹੀ।
ਖਲਕ ਖੂਬੀ ਸਖਾਵਤ3 ਮਿਹਰ ਕਰੇ, 3 ਉਦਾਰਤਾ
ਫਾਹੇ ਦੇਂਦਾ ਉਹੋ ਚੋਰ ਚਕਾਰ ਨਾਹੀ।
ਸਾਵਣਯਾਰ ਰਣਜੀਤ ਸਿੰਘ ਤੇਰਾ ਸਾਨੀ,
ਹੋਰ ਬਾਦਸ਼ਾਹ ਵਿਚ ਸੰਸਾਰ ਨਾ ਹੀ। ੧੫।

ਤੇਇ ਤਰਫ ਜ਼ੀਦੀ ਵਲ ਧਿਆਨ ਕਰੇ,
ਰਣਜੀਤ ਸਿੰਘ ਪਾਤਸ਼ਾਹ ਜਗ ਦਾ ਏ।
ਗੋਇਆ ਦੇਖਦਾ ਰਾਜੇ ਨੂੰ ਕੀਮੀਆ1, ਏ   1 ਰਸਾਇਣ
ਜਿਵੇਂ ਲੋਹੇ ਨੂੰ ਪਾਰਸ ਲਗਦਾ ਏ।
ਹੀਰੇ ਮੋਤੀਆਂ ਲਾਲ ਜਵਾਹਰਾਂ ਦਾ,
ਤੇ ਦਰਿਆਉ ਨਸੀਬ ਦਾ ਵਗਦਾ ਏ।
ਸਾਵਣਯਾਰ ਕਿਸੇ ਕੋਲ ਹੀਰਾ ਮੋਤੀ,
ਕਿਸੇ ਹੱਥ ਆਇਆ ਬੂੰਬਾ ਝੱਗ ਦਾ ਏ। ੧੬।

ਜ਼ੋਇ ਜ਼ਾਹਰਾ ਰਾਜੇ ਦੇ ਰਾਜ ਡਿਠਾ,
ਸੁਇਨਾ ਰੁੱਪਾ ਮਝੈਲੀਆਂ ਜੱਟੀਆਂ ਨੂੰ।
ਜ਼ਰੀ ਜ਼ੇਵਰੀ ਅੰਗ ਹੰਢਾਵਣੇ ਨੂੰ,
ਜ਼ਰੀ ਬਾਦਲੇ ਹੁਸਨ ਪਲਟੀਆਂ ਨੂੰ।
ਬਾਰੀਂ ਜੰਗਲਾਂ ਦੇ ਵਿਚ ਚਰਦੀਆਂ ਨੀ,
ਗਲੀਂ ਹੱਸ ਮਝੈਲੀਆਂ ਕੱਟੀਆਂ ਨੂੰ।
ਸਾਵਣਯਾਰ ਰਣਜੀਤ ਸਿੰਘ ਰਾਜ ਤੇਰਾ,
ਰੱਬ ਭਾਗ ਲਾਇਆ ਮਾਝੇ ਪੱਟੀਆਂ ਨੂੰ। ੧੭।

ਐਨ ਆਦਲੀ2 ਆਦਿ ਕਦੀਮ ਰਾਜਾ,   2 ਇਨਸਾਫ ਕਰਨ ਵਾਲਾ
ਦੇਖੋ ਜ਼ਾਹਰਾ ਸਭ ਨਿਸਾਨੀਆਂ ਨੂੰ।
ਜੜ ਮੁਢ ਕਦੀਮ ਦੀ ਪੁਟਦਾ ਏ,
ਤੁਰਤ ਮਾਰਦਾ ਕਹਿਰ ਤੂਫਾਨੀਆਂ ਨੂੰ।
ਖੁਲਕ3 ਖੂਬੀ ਸਖਾਵਤ ਮਿਹਰ ਕਰੇ,   3 ਸੁਭਾ
ਫਾਹੇ ਦੇਂਦਾ ਨ ਕਦੇ ਜ਼ਨਾਨੀਆਂ ਨੂੰ।
ਸਾਵਣ ਯਾਰ ਸੰਸਾਰ ਸਭ ਯਾਦ ਕਰੇ,
ਰਣਜੀਤ ਸਿੰਘ ਸ਼ਾਹ-ਜਹਾਨੀਏ ਨੂੰ। ੧੮।

ਗ਼ੈਨ ਗ਼ੈਬ ਦੇ ਇਲਮ ਮਲੂਮ ਤੈਨੂੰ,
ਸਭ ਬੇਦ ਕਿਤੇਬਾਂ ਨੂੰ ਜਾਣਦਾ ਏ।
ਰਿਗ ਸਾਮ ਤੇ ਜੁਜਰ ਤੇ ਬੇਦ ਚਾਰੇ,
ਬੇਦਾ ਅਚਾਰੀ ਬੇਦ ਪੁਰਾਨ ਦਾ ਏ।
ਦਿਲ ਵਿਚ ਦਲੀਲ ਜੇ ਮਿਥੇ ਕੋਈ,
ਰਣਜੀਤ ਸਿੰਘ ਤੁਰਤ ਪਛਾਣਦਾ ਏ।
ਸਾਵਣ ਯਾਰ ਨਿਵਾਈਆਂ ਨੀ ਚਾਰ ਕੁੰਟਾਂ,
ਜਿਵੇਂ ਗੋਸ਼ਾ ਅਸੀਲ ਕਮਾਨ ਦਾ ਏ। ੧੯।

ਫੇ ਫ਼ੇਰ ਆਇਆ ਇਕ ਵਹਮ ਮੈਨੂੰ,
ਕਰਾਂ ਇਸ਼ਕ ਦੇ ਵਲ ਧਯਾਨ ਸਾਰਾ।
ਰਾਜਾ ਆਸ਼ਕਾਂ ਦੇ ਵਿਚ ਆਸ਼ਕ ਹੈਗਾ,
ਜੈਂਦਾ ਇਸ਼ਕ ਦੇ ਵਲ ਧਯਾਨ ਸਾਰਾ।
ਮੋਰਾਂ1 ਨਾਲ ਜੋ ਲਾਈਆਂ ਨੀ,
ਜਾਣੇ ਪ੍ਰਿਥਵੀ ਜਗ ਜਹਾਨ ਸਾਰਾ।
ਸਾਵਣ ਯਾਰ ਰਣਜੀਤ ਸਿੰਘ ਆਸ਼ਕਾਂ ਥੀਂ,
ਉਹ ਭੀ ਆਸ਼ਕ ਵਿਚ ਜਹਾਨ ਭਾਰਾ । ੨੦।

1 ਮਹਾਰਾਜੇ ਦੀ ਮੁਸਲਮ ਪ੍ਰੇਮਿਕਾ

ਕਾਫ਼ ਕਾਇਮ ਰਹਿੰਦਾ ਵਿਚ ਇਸ਼ਕ ਦੇ ਜੀ,
ਰਣਜੀਤ ਸਿੰਘ ਸ਼ਾਹ ਜਹਾਨ ਵਾਲਾ।
ਕਰੇ ਸ਼ਹਿਰ ਲਾਹੌਰ ਦੀ ਬਾਦਸ਼ਾਹੀ,
ਪੁੰਨੂੰ ਹੋਤ ਜਿਉਂ ਕੇਚ ਮਿਕਰਾਨ ਵਾਲਾ।
ਰੂਮ ਸਾਮ ਤੀਕਰ ਮਸ਼ਹੂਰ ਸਾਰੇ,
ਇਸ਼ਕ ਆਸ਼ਕ ਹੈਗਾ ਵੱਡੀ ਸ਼ਾਨ ਵਾਲਾ।
ਸਾਵਣ ਯਾਰ ਮੋਰਾਂ ਕਾਮਕੰਦਲਾ ਓਇ,
ਰਣਜੀਤ ਸਿੰਘ ਸ਼ਾਹ ਪਰੀਆਨ ਵਾਲਾ। ੨੧।

ਕਾਫ ਕੂੰਜ ਦੇ ਵਾਂਗ ਕੁਰਲਾਉਂਦੀ ਜੀ,
ਤੇਰੇ ਦਰਦ ਫਿਰਾਕ ਦੇ ਨਾਲ ਮੋਰਾਂ।
ਘਟਾਂ ਸਾਉਣ ਦੀਆਂ ਚੜ੍ਹ ਆਈਆਂ ਨੀ,
ਬੱਦਲ ਇਸ਼ਕ ਦੇ ਨੇ ਲਈਆਂ ਘਨਘੋਰਾਂ।
ਪਈਆਂ ਰਾਣੀਆਂ ਵਸ ਕਹਾਣੀਆਂ ਨੀ,
ਹੋਈ ਵਿਚ ਮਰਾਤਬੇ ਨਾਲ ਮੋਰਾਂ।
ਸਾਵਣਯਾਰ ਪੁਕਾਰਦੀ ਸਦਾ ਤੈਨੂੰ,
ਰਣਜੀਤ ਸਿੰਘ ਮੱਤਾ ਹੈ ਨਾਲ ਹੋਰਾਂ। ੨੨।

'ਲਾਮ ਲਾਈਆਂ ਦੀ ਲੱਜ ਪਾਲ ਸਿੰਘਾ!
ਤੈਨੂੰ ਵਾਸਤਾ ਆਪਣੇ ਨਾਮ ਦਾ ਈ।
ਬੰਦੀ ਤੇਰੀਆਂ ਨਾਮ ਦੀ ਸ਼ਰਮ ਤੈਨੂੰ,
ਮੰਨ ਅਰਜ਼ ਗੁਲਾਮ ਦਾ ਵਾਸਤਾ ਈ।'
ਮੇਰਿਆਂ ਅਉਗਣਾਂ ਵਲਿ ਨ ਧਯਾਨ ਕਰੀਂ,
ਤੈਨੂੰ ਵਾਸਤਾ ਜੁਜਰ ਰਿਗ ਸਾਮ ਦਾ ਈ।
ਸਾਵਣ ਯਾਰ ਰਣਜੀਤ ਸਿੰਘ ਗਲਿ ਲਾਵੀਂ
ਤੈਨੂੰ ਵਾਸਤਾ ਆਪਣੇ ਨਾਮ ਦਾ ਈ। ੨੩।

'ਮੀਮ ਮੰਨ ਨ ਮੰਨ ਰਣਜੀਤ ਸਿੰਘਾ,
ਅੱਵਲ ਆਖਰ ਤਾਈਂ ਬੰਦੀ ਤੇਰੀਆਂ ਜੀ।
ਕਿਸ ਵਾਸਤੇ ਮਨੋ ਵਿਸਾਰੀਆਂ ਮੈਂ,
ਬਿਦਰਦ ਹੋ ਅੱਖੀਆਂ ਫੇਰੀਆਂ ਜੀ।
ਕਰਾਂ ਦਾਦ ਅੱਗੇ ਫਰਿਆਦ ਰੱਬਾ,
ਦਰਗਾਹ ਅੰਦਰ ਕੂਕਾਂ ਮੇਰੀਆਂ ਜੀ।
ਸਾਵਣ ਯਾਰ ਨਿਕਾਰੀ ਮੈਂ ਕੌਣ ਕੋਈ,
ਦਰਬਾਰ ਮੇਂ ਚੰਗ ਚੰਗੇਰੀਆਂ ਜੀ। ੨੪।

ਨੂਨ ਨੀਂਦ ਅਰਾਮ ਨ ਆਸ਼ਕਾਂ ਨੂੰ,
ਜਿਸ ਵੇਲੜੇ ਦੀ ਲਾਈ ਪ੍ਰੀਤ ਸਿੰਘਾ।
ਪ੍ਰੀਤਿ ਲਾਇਕੇ ਮੂਲ ਨ ਛੱਡੀਏ ਵੇ,
ਇਹ ਤਾਂ ਬਾਦਸ਼ਾਹ ਦੀ ਨਹੀਂ ਰੀਤਿ ਸਿੰਘਾ।
ਤੇਰੀਆਂ ਰਾਣੀਆਂ ਕਰਨ ਕਹਾਣੀਆਂ ਨੀ,
ਤੇਰੇ ਇਸ਼ਕ ਦੇ ਗਾਵਣ ਗੀਤ ਸਿੰਘਾ।
ਸਾਵਣ ਯਾਰ ਪੁਕਾਰਦੀ ਕੰਜਰੀ ਜੀ,
ਮੋਰਾਂ ਆਖਦੀ ਸਮਝਿ ਰਣਜੀਤ ਸਿੰਘਾ । ੨੫।

ਵਾਉ ਵੇਹੜਿਆਂ ਤ੍ਰਿੰਞਣ ਪਾਇਕੇ ਜੀ,
ਬਹਿ ਆਤਣ ਕੁੜੀਆਂ ਕੱਤਦੀਆਂ ਨੀ।
ਤੇਰੇ ਇਸ਼ਕ ਦੇ ਗਾਉਣ ਗਾਉਂਦੀਆਂ ਨੀ,
'ਰਣਜੀਤ ਸਿੰਘਾ!' ਤੰਦਾਂ ਘੱਤਦੀਆਂ ਨੀ।
ਗਾਉਣ ਮੋਰਾਂ ਦੇ ਇਸ਼ਕ ਦਾ ਮਾਜਰਾ ਵੇ,
ਕੁੜੀਆਂ ਰੋਂਦੀਆਂ ਹੰਝੂ ਰੱਤ ਦੀਆਂ ਨੀ।
ਸਾਵਣ ਯਾਰ ਪੁਕਾਰਦੀ ਸਦਾ ਤੇਨੂੰ,
ਰਣਜੀਤ ਸਿੰਘ ਗੱਲਾਂ ਮਤਿ ਦੀਆਂ ਨੀ। ੨੬।

ਹੇ ਹਾਥੀਆਂ ਘੋੜਿਆਂ ਦਾਨ ਕਰਦਾ,
ਰਣਜੀਤ ਸਿੰਘ ਹੇ ਬਾਦਸ਼ਾਹ ਧਾਰੀ।
ਚਾਹੇ ਆਜਜ਼ਾਂ ਨੂੰ ਬਹੁਤਾ ਰਾਜ ਦੇਵੇ,
ਬਖਸ਼ੇ ਮੁਲਖ ਜਗੀਰ ਤੇ ਫਉਜ ਭਾਰੀ।
ਸਦਾ ਵਰਤ ਛਬੀਲ ਤੇ ਪੁੰਨ ਲਾਏ,
ਗਲ ਪਾਈ ਸੁ ਧਰਮ ਦੀ ਲੱਜ ਜਾਰੀ।
ਸਾਵਣ ਯਾਰ ਰਣਜੀਤ ਸਿੰਘ ਰਾਜ ਤੇਰਾ,
ਪਰਜਾ ਸੁਖੀ ਵਸੇ ਪਈ ਸਭ ਸਾਰੀ। ੨੭।

ਲਾਮ ਲਸ਼ਕਰਾਂ ਅੰਤੁ ਨ ਆਂਵਦਾ ਏ,
ਫੌਜਾਂ ਬਾਂਕੀਆਂ ਰੰਗ ਬਰੰਗੀਆਂ ਦਾ।
ਓਨ੍ਹਾਂ ਗਿਲਜਿਆਂ ਨੂੰ ਮਾਰ ਦੂਰ ਕੀਤਾ,
ਇਕਬਾਲ ਘਟਾਇਆ ਫਿਰੰਗੀਆਂ ਦਾ।
ਮੁਲਤਾਨੀਆਂ ਤੇਗ ਮਿਆਨ ਕੀਤੇ,
ਤੇਰਾ ਦੇਖਕੇ ਤੇਜ਼ ਭੁਝੰਗੀਆਂ1 ਦਾ। 1 ਅਕਾਲੀ ਗੱਭਰੂ
ਸਾਵਣ ਯਾਰ ਰਣਜੀਤ ਸਿੰਘ ! ਰਾਜੁ ਤੇਰਾ,
ਸਾਈਂ ਕਰੇ ਵਲਾਇਤਾਂ ਚੰਗੀਆਂ ਦਾ। ੨੮।

ਅਲਫ ਓੜਕ ਉਮਰ ਦਰਾਜ਼2 ਤੇਰੀ, 2 ਉਮਰ ਲੰਮੀ ਹੋਵੇ
ਰਹੇ ਰੋਜ਼ਿ ਕਯਾਮਤ ਦੌਰ ਤਾਈਂ।
ਖੜਕ ਸਿੰਘ ਤੇਰਾ, ਸ਼ੇਰ ਸਿੰਘ ਦੂਲੇ,
ਫਰਜ਼ੰਦ3 ਕਬੀਲੜਾ ਅਉਰ ਤਾਈਂ। 3 ਪੁੱਤਰ
ਰਹੇ ਦਾਇਮ ਕਾਇਮ ਰਾਜ ਤੇਰਾ,
ਸਾਈਂ ਰੱਖੀਂ ਆਬਾਦ ਲਾਹੌਰ ਤਾਈਂ।
ਸਾਵਣ ਯਾਰ ਰਣਜੀਤ ਸਿੰਘ ਰਾਜ ਤੇਰਾ,
ਬੰਦਾ ਹਾਜ਼ਰ ਖਿਜ਼ਮਤ ਹੈ ਗੌਰ ਤਾਈਂ। ੨੯।

ਜੋ ਯਾਵਰ4 ਰਹਨ ਕਦੀਮ ਤੈਨੂੰ, 4 ਮੱਦਦਗਾਰ
ਇੱਕੀ ਪੀਰ ਜਿਨ੍ਹਾਂ ਦਾ ਹੈ ਕਰਮ5 ਤੈਨੂੰ। 5ਬਖਸ਼ਿਸ਼
ਬਾਬੇ ਨਾਨਕ ਦਾ ਸਿਰ ਤੇ ਛਤ੍ਰ ਝੁਲੇ,
ਜਿਸ ਕੀਤਾ ਸਹਾਈ ਹੈ ਧਰਮ ਤੈਨੂੰ।
ਕਲਿਜੁਗ ਦੇ ਵਿਚ ਅਵਤਾਰ ਲਇਓ,
ਸਤਿਗੁਰ ਦਾ ਯਾਦ ਸੀ ਜਰਮ ਤੈਨੂੰ।
ਸਾਵਣ ਯਾਰ ਤਾਰੀਫ ਬਣਾਇ ਕਹੀ,
ਰਣਜੀਤ ਸਿੰਘ ਬਾਦਸ਼ਾਹ ਸ਼ਰਮ ਤੈਨੂੰ। ੩੦।

ਸਮਾਪਤ।

ਸੀਹਰਫੀ ਸਰਕਾਰ ਕੀ (ਜਾਫਰਬੇਗ)

ਅਲਫ ਆਖ ਤੂੰ ਸਿਫਤ ਸਰਕਾਰ ਵਾਲੀ,
ਸਿੰਘ ਪੰਥ ਵਿਚੋਂ ਹੋਇ ਧਜਾਧਾਰੀ।
ਜਿਹਦੇ ਰਾਜ, ਕੁਆਰੀਆਂ ਰਾਹ ਤੁਰੀਆਂ,
ਡਰਦਾ ਛੇੜਦਾ ਨਾਹਿ ਕੋ ਖੌਫ਼ ਮਾਰੀ।
ਭੰਗੀ ਰਾਮ-ਗੜ੍ਹੀਏ ਰਾਜੇ ਜ਼ੋਰ ਕੀਤੇ,
ਲਈ ਜ਼ੋਰ ਦੇ ਨਾਲ ਪੰਜਾਬ ਸਾਰੀ।
ਜਾਫਰਬੇਗ ਜਿਹਦੇ ਵਲ ਰੱਬ ਹੋਵੇ,
ਫਤੇ ਆਉਂਦੀ ਵਿਚ ਮੈਦਾਨ ਕਾਰੀ। ੧।

ਬੇ ਬੜਾ ਇਕਬਾਲ ਸਰਕਾਰ ਤੇਰਾ,
ਦਿਤਾ ਰੱਬ ਮਰਾਤਬਾ ਰਾਜਧਾਰੀ।
ਬਾਈ ਰਾਜ ਪਹਾੜ ਸਲਾਮ ਕਰਦੇ,
ਮੱਥਾ ਟੇਕਦੀ ਖਲਕ ਤਮਾਮ ਸਾਰੀ।
ਟੀਹਰਾ ਕਾਂਗੜਾ ਅਟਕ ਪਿਸ਼ੌਰ ਤਾਈਂ,
ਖਹਿਬਰ ਕੰਬਿਆ ਦੇਖ ਕੇ ਧਮਕ ਭਾਰੀ।
ਜਾਫਰਬੇਗ ਸਿੰਘਾਂ ਖਹਿਬਰ ਬੰਸ ਕੀਤਾ,
ਪਈਆਂ ਭਾਜੜਾਂ ਵਿਚ ਘੰਧਾਰ ਸਾਰੀ। ੨।

ਤੇ ਤਾਬਿਆ ਨਾਲ ਸਰਦਾਰ ਰਾਜੇ,
ਸੰਦਲਦੀਪ ਬੀਕਾਨੇਰ ਜੀਨ ਤਾਈਂ।
ਧੁਰੋਂ ਟਾਪੂਓਂ ਨੰਦਨੋਂ 1 ਚਲ ਗੋਰੇ, 1 ਲੰਡਨ
ਹਥ ਬੰਨ੍ਹ ਆ ਕਰਨ 2ਤਾਜ਼ੀਮ ਤਾਈਂ। 2 ਸਤਿਕਾਰ
ਚੰਬੇ ਕੁੱਲੂ ਭੁਟੰਤ ਥੀਂ ਆਵਹਿੰ ਟਕੇ,

ਸਾਰਾ ਮੁਲਖ ਸਰਕਾਰ ਦੀ ਈਨ ਤਾਈਂ।
ਜਾਫਰਬੇਗ ਸਰਕਾਰ ਦੀ ਧਮਕ ਡਾਢੀ,
ਟਕੇ ਆਉਂਦੇ ਚੀਨ-ਮਚੀਨ ਤਾਈਂ। ੩।

ਜੇ ਸਭ ਹਕੂਮਤਾਂ ਬੰਦ ਕਰਕੇ,
ਇਕੋ ਹੁਕਮ ਸਰਕਾਰ ਨੇ ਆਪ ਕੀਤਾ।
ਅੱਗੇ ਤਾਬਿਆ ਕਈ ਹਜ਼ਾਰ ਰਾਜੇ,
ਜਿਨ੍ਹਾਂ ਆਪ ਹਕੂਮਤਾਂ ਰਾਜ ਕੀਤਾ।
ਹੱਥ ਬੰਨ੍ਹ ਸਰਕਾਰ ਨੂੰ ਕਹਿਣ ਸਾਰੇ,
'ਗੁਰੂ ਖਾਲਸੇ ਦਾ ਸਿਰਤਾਜ ਕੀਤਾ'।
ਜਾਫਰਬੇਗ ਸਰਕਾਰ ਦਾ ਲੇਖ ਡਾਢਾ,
ਚਾਰੋਂ ਤਰਫ ਚੌਫੇਰ ਦਾ ਰਾਜ ਕੀਤਾ। ੪।

ਜੀਮ ਜਿਮੇ ਸਰਕਾਰ ਤਿਆਰ ਹੋਈ,
ਚੜ੍ਹ ਨਾਲ ਫਿਰੰਗੀ ਦੇ ਮੇਲ ਚਾਇਆ।
ਲਈਆਂ ਤੁਰਤ ਸ਼ਿੰਗਾਰਕੇ ਨਾਲ ਫੌਜਾਂ,
ਹਾਥੀ ਘੋੜਿਆਂ ਹਾਰ ਹਮੇਲ ਪਾਇਆ।
ਜ਼ਰੀ ਬਾਦਲਾ ਨਾਲ ਦੁਸ਼ਾਲਿਆਂ ਦੇ,
ਰੰਗ ਰੰਗ ਦੀ ਫੌਜ ਬਣਾਇ ਲਿਆਇਆ।
ਜਾਫਰਬੇਗ ਸਰਕਾਰ ਦੀ ਫੌਜ ਬਾਂਕੀ,
ਲਾਟ* ਵੇਖ ਹੈਰਾਨਗੀ ਵਿਚ ਆਇਆ।

ਹੇ ਹਥ ਸਰਕਾਰ ਨੂੰ ਬੰਨ੍ਹ ਅਗੋਂ,
ਜੰਗੀ ਲਾਟ ਕਹਿੰਦਾ ਰਖੋ ਲਾਜ ਮੇਰੀ।
ਮੱਦਦ ਸ਼ਾਹ ਸੁਜ਼ਾਅ ਦੀ ਤੇਰ ਫੌਜਾਂ,

* ਲਾਰਡ ਆਕਲੈਂਡ ਨਾਲ ਹੋਈ ਮੁਲਾਕਾਤ ਵਲ ਸੰਕੇਤ ਹੈ।

ਸਭੋ ਸ਼ਰਮ ਤੈਨੂੰ ਰਖੇਂ ਲਾਜ ਮੇਰੀ।
ਬਖਸ਼ੀ ਬੈਠ ਸਰਕਾਰ ਨੇ ਪੁਤ੍1 ਕੀਤਾ, 1 ਕੰਵਰ ਨੌਨਿਹਾਲ ਸਿੰਘ
ਕੱਢ ਮੁਸਲਮਾਨੀ ਫੌਜ ਨਾਲ ਟੋਰੀ।
ਚਲੇ ਬੇਗ ਦਰ ਕੂਚ ਦਰ ਕੂਚ ਸਾਰੇ,
ਚੜ੍ਹੀ ਗਰਦ ਗਵਾਰ ਅਸਮਾਨ ਤੋੜੀਂ।
ਜਾਫਰਬੇਗ ਖਹਿਬਰ ਵਿਚ ਪਾਇ ਠਾਣਾ,
ਛੁੱਟਾ ਮੁਲਖ ਕੰਧਾਰ ਐਰਾਨ ਤੋਰੀਂ। ੬।

ਖੇ ਖਾਸ ਸਰਕਾਰ ਦੇ ਪਾਸ ਬਹਿ ਕੇ,
ਜੰਗੀ ਲਾਟ ਨੇ ਬੈਠ ਜੁਬਾਬ ਕੀਤਾ।
ਸ਼ੀਸ਼ੇ ਖੋਲ੍ਹ ਕੇ ਤਿਸਮ ਫਿਰੰਗ ਵਾਲੇ,
ਲਾਟ ਨਾਲ ਸਰਕਾਰ ਸ਼ਰਾਬ ਪੀਤਾ।
ਦਾਰੂ ਤੇਜ਼ ਅੰਗਰੇਜ਼ ਫਿਰੰਗ ਵਾਲੀ,
ਪੀਂਦੇ ਸਾਰ ਮਹਾਰਾਜ ਬੇਤਾਬ ਕੀਤਾ।
ਜਾਫਰਬੇਗ ਸਰਕਾਰ ਦਾ ਨਿਮਕ ਖਾ ਕੇ,
ਇਨ੍ਹਾਂ ਜ਼ਾਲਮਾਂ ਬੇਇਨਸਾਫ ਕੀਤਾ। ੭।

ਦਾਲ ਦਗਾ ਫਿਰੰਗੀਆਂ ਵਿਚ ਬੜਾ,
ਆਕਿਲ2 ਆਖਦੇ ਆਦਿ ਜੁਗਾਦਿ ਸਾਰੇ। 2ਸਿਆਣੇ
ਦਗੇ ਨਾਲ ਲਿਆ ਦਿਲੀ ਤਖਤ ਏਨ੍ਹਾਂ,
ਦਗੇ ਨਾਲ ਲਏ ਕਿਲ੍ਹੇ ਕੋਟ ਭਾਰੇ।
ਅੰਤ ਨਾਲ ਸਰਕਾਰ ਦੇ ਦਗਾ ਕੀਤਾ,
ਬਣੇ ਬਹੁਤ ਮਹਾਰਾਜ ਦੇ ਖਾਸ ਪਿਆਰੇ।
ਜਾਫਰਬੇਗ ਸਰਕਾਰ ਨੂੰ 'ਸ਼ੁਦਿ' ਕੀਤਾ,
ਰਹੇ ਪਾਸ ਅੰਬੀਰ ਮੁਸਾਹਬ ਸਾਰੇ। ੮।

ਜ਼ਾਲ ਜ਼ਹਰ ਦਾ ਕਿਸਮ ਸ਼ਰਾਬ ਚੜ੍ਹਿਆ,

ਭੁੱਲਾ ਰਾਗ ਤੇ ਰੰਗ ਨ ਕੁਝ ਭਾਵੇ।
ਤਲਖੀ ਜੋਸ਼ ਪਿਆਰ ਪਿਆਸ ਦੌੜੀ,
ਮੁਸ਼ਕ ਬੇਦ ਅਨਾਰ ਗੁਲਾਬ ਆਵੇ।
ਲਗੇ ਲੱਖ ਹਕੀਮ ਸਿਆਣਿਆਂ ਦੇ,
ਦਾਰੂ ਕਾਲ ਦਾ ਕਿਸੇ ਨ ਕਾਰ ਆਵੇ।
ਜਾਫਰਬੇਗ ਨ ਚਲਦਾ ਜ਼ੋਰ ਕੋਈ,
ਜਿਹਨੂੰ ਆਪ ਸੱਚਾ ਰੱਬ ਲੈਣ ਆਵੇ। ੯।

ਰੇ ਰੋਜ਼ ਬਰੋਜ਼ ਸਰਕਾਰ ਮਾਂਦੀ,1 1 ਦਿਨ ਬਦਿਨ ਕਮਜ਼ੋਰ
ਘਟੇ ਮਰਤਬਾ ਹੋਇ ਲਚਾਰ ਖੱਲੇ।
ਥੱਕੇ ਜ਼ੋਰ ਲਾ ਬੇਦ ਤਬੀਬ2 ਸਾਰੇ, 2 ਹਕੀਮ
ਡਾਢੇ ਰਬ ਦੇ ਨਾਲ ਨਾ ਜ਼ੋਰ ਚੱਲੇ।
ਦਾਰੂ ਕੌਣ ਕਰੇ ਤਕਦੀਰ ਵਾਲਾ,
ਐਸਾ ਕੌਣ ਜੋ ਕਾਲ ਨੂੰ ਮੋੜ ਘਲੇ।
ਜਾਫਰਬੇਗ ਆਵੇ ਧੁਰੋਂ ਕਾਲ ਜਿਸਦਾ,
ਉਹਦੇ ਥਾਂਇ ਨਾ ਦੂਸਰਾ ਹੋਰ ਚਲੇ। ੧੦।

ਜ਼ੇ ਜ਼ੋਰ ਨ ਚਲਦਾ ਕਾਲ ਅੱਗੇ,
ਕਾਲ ਮਾਰਿਆ ਰਾਜਿਆਂ ਰਾਣਿਆਂ ਨੂੰ।
ਡੇਰੇ ਛੱਡ ਸੁੱਤੇ ਵਿਚ ਜੰਗਲਾਂ ਦੇ,
ਡਾਢੇ ਦੇਖ ਲੈ ਰੱਬ ਦੇ ਭਾਣਿਆਂ ਨੂੰ।
ਹਾਥੀ ਝੂਲਦੇ ਕਰ ਗਏ ਕੂਚ ਡੇਰੇ,
ਸੁੰਞੇ ਦੇਖ ਲੈ ਮਹਿਲ ਟਿਕਾਣਿਆਂ ਨੂੰ।
ਜਾਫਰਬੇਗ ਇਕੱਲੜੇ ਕਾਲ ਤੋਰੇ,
ਸੁੰਞੇ ਦੇਖ ਲੈ ਤੰਬੂਆਂ ਤਾਣਿਆਂ ਨੂੰ। ੧੧।

ਸੀਨ ਸਿੰਘ ਮਹਾਰਾਜ ਦੀ ਤਬ੍ਹਾ ਮਾਂਦੀ,

ਸੁੱਕਾ ਸੰਘ ਤੇ ਕੁੰਦ ਜ਼ਬਾਨ ਹੋਈ।
ਲਗੇ ਰੋਣ ਵਜ਼ੀਰ ਮੁਸਾਹਬ ਸਾਰੇ,
ਪਰੇਸ਼ਾਨੀ ਖਲਕ ਤਮਾਮ ਹੋਈ।
ਕਰੇ ਸੈਨਤਾਂ ਬੰਦ ਦਰਬਾਰ ਕੀਤਾ,
ਰਾਜੇ1 ਬਾਝੁ ਨ ਸਮਝਦਾ ਹੋਰ ਕੋਈ।
ਜਾਫਰਬੇਗ ਦੂਲੋ ਖੜਗ ਸਿੰਘ ਬਾਝੋਂ,
ਅੰਦਰ ਲੰਘ ਨ ਜਾਮਦਾ ਹੋਰ ਕੋਈ। ੧੨।

1 ਰਾਜਾ ਧਿਆਨ ਸਿੰਘ

ਸੀਨ ਸ਼ਰਮ ਮੇਰੀ ਸਿੰਘਾ! ਲਾਜ ਤੈਨੂੰ,
ਖੜਗ ਸਿੰਘ ਰੁੰਨਾ ਦੂਲੋ ਮਾਰ ਨਾਰੇ।
ਪਿਛੋਂ ਕੌਣ ਰਹਿਆ ਤੇਰਾ ਲਾਡਲਾ ਮੈਂ,
ਰਾਜ ਰੀਤਿ ਦੇ ਕੰਮ ਹਨ ਬੜੇ ਭਾਰੇ।
ਛੱਡ ਚੱਲਿਆ ਹਭ ਜੰਜਾਲ ਮੈਨੂੰ,
ਦਿਸੇ ਮੁਲਕ ਵੈਰਾਨ ਅੰਧੇਰ ਸਾਰੇ।
ਜਾਫਰਬੇਗ ਸ਼ਹਿਜ਼ਾਦੇ ਦੀ ਅਰਜ਼ ਸੁਣਕੇ,
ਦਿਲ ਵਿਚ ਸਰਕਾਰ ਦਲੀਲ ਧਾਰੇ। ੧੩।

ਸੁਆਦ ਸੁਣ ਸਰਕਾਰ ਨੂੰ ਹੋਸ਼ ਆਈ,
ਆਖੇ ਬਣੀਂ ਸਜ਼ਾਦੇ ਨੂੰ ਹੋਸ਼ ਬਾਲਾ।
ਤੂੰ ਹੈਂ ਕੋਲ ਤੇ ਕੌਰ1 ਪਿਸ਼ੌਰ ਬੈਠਾ,
ਕਰੀਂ ਹੋਸ਼ ਤੂੰ ਉਹ ਨਿਦਾਨ ਬਾਲਾ।
ਬਾਰਾਂ ਵਰ੍ਹੇ ਕਰੂ ਮੜ੍ਹੀ ਰਾਜ ਮੇਰੀ,
ਫੇਰ ਕਰੇ ਜੁ ਕੋਈ ਨਸੀਬ ਬਾਲਾ।
ਜਾਫਰਬੇਗ ਸਜ਼ਾਦੇ ਨੂੰ ਦੇਇ ਮੱਤੀਂ,
ਸੁਧ ਬੁਧ ਕਰੀਂ ਰਾਜ ਰੀਤਿ ਬਾਲਾ। ੧੪।

1 ਨੌਨਿਹਾਲ ਸਿੰਘ

ਜ਼ੁਆਦ ਜ਼ਰਾ ਨ ਕਰੋ ਵਿਸ਼ਵਾਸ ਕੋਈ,

ਫਲਕ ਬਾਤ ਸਰਕਾਰ ਨੂੰ ਜਿਆਦ ਆਈ।
ਹੱਥੀਂ ਮਾਯਿਆਂ ਦਿਤਾ ਨ ਰਾਜ ਮੈਨੂੰ,
ਧੁਰੋਂ ਲੇਖ ਲਿਖੀ ਮੈਨੂੰ ਬਾਦਸ਼ਾਈ।
ਏ ਚੇਲਿਆ ਮੈਂ ਹਥੀਂ ਰਾਜ ਤੈਨੂੰ,
ਰਖੀਂ ਕੋਲ ਰਾਜਾ ਤੇਰਾ ਦਰਦ ਖ਼ਾਹੀ, ਹਮਦਰਦ
ਜਾਫਰਬੇਗ ਜੇ ਲੇਖ ਵਿਚ ਰਾਜ ਹੋਸੀ,
ਨਹੀਂ ਵੇਖਸਾਂ ਮੈਂ ਪਿਛੇ ਆਣ ਸਾਈ । ੧੫।

ਤੋਇ ਤਰਫ ਸਰਕਾਰ ਖਜ਼ਾਨਿਆਂ ਦੇ,
ਦਿਲੋਂ ਸਮਝ ਗਿਆਨ ਧਿਆਨ ਕੀਤਾ।
ਹੁਣ ਨਹੀਂ ਇਹ ਦੌਲਤਾਂ ਕੰਮ ਸਾਡੇ,
ਅੱਗੇ ਮਿਲੇਗਾ ਜੋ ਪੁੰਨ ਦਾਨ ਕੀਤਾ।
ਸੋਨੇ ਭਾਂਡੇ ਖਾਸੇ ਭਰੇ ਸ਼ਰਫੀਆਂ ਦੇ,
ਹਾਥੀ ਘੋੜਿਆਂ ਮੋਤੀਆਂ ਦਾਨ ਕੀਤਾ।
ਜਾਫਰਬੇਗ ਸਰਕਾਰ ਨੇ ਕੁਲੀ ਛਡੀ,
ਛੱਤੀ ਲੱਖ ਹਥੀਂ ਪੁੰਨ ਦਾਨ ਕੀਤਾ। ੧੬।

ਚੋਇ ਜ਼ਾਹਰ ਦੀ ਹੋਸ਼ ਖਮੋਸ਼ ਹੋਈ,
ਅੱਖੀਂ ਮੀਟੀਆਂ ਕਾਹਲਾ ਦਮ ਆਇਆ।
ਗਸ਼ੀ ਖਾਇ ਸਰਕਾਰ ਬੇਹੋਸ਼ ਹੋਈ,
ਖੜਕ ਸਿੰਘ ਰਾਜੇ ਸੱਥਰ ਚੁਕ ਲਾਇਆ।
ਦੀਵਾ ਮਣਸਿਆ ਹੋਰ ਹਜ਼ਾਰ ਗਊਆਂ,
ਗੰਗਾ ਜਲ ਪਾਣੀ ਅੰਮ੍ਰਿਤ ਮੁਖ ਲਾਇਆ।
ਜਾਫਰਬੇਗ ਸਰਕਾਰ ਨੇ ਪ੍ਰਾਣ ਤਿਆਗੇ,
ਦੇਖ ਪ੍ਰਿਥਵੀ ਸ਼ਹਿਰ ਅਸਚਰਜ ਆਇਆ। ੧੭।

ਐਨ ਆਇ ਸਰਕਾਰ ਦਾ ਕਾਲ ਹੋਇਆ,

ਟੁੱਟਾ ਸਭ ਸਰਦਾਰਾਂ ਦਾ ਮਾਨ ਯਾਰੋ।
ਲਗੇ ਰੋਣ ਵਜ਼ੀਰ ਮੁਸਾਹਿਬ ਸਾਰੇ,
ਢੱਠਾ ਫੌਜ ਦਾ ਲਾਲ ਨਿਸ਼ਾਨ ਯਾਰੋ।
ਰੋਣ ਲਗੀਆਂ ਬੈਠਕਾਂ ਖਾਨਗਾਹੀਆਂ,
ਸੁੰਞੇ ਦਿਸਦੇ ਸ਼ੀਸ਼ ਮਹਲਾਨ ਯਾਰੋ।
ਜਾਫਰਬੇਗ ਐਸਾ ਗੁਲ ਦੀਵਾ ਹੋਇਆ,
ਪਇਆ ਵਿਚ ਅੰਧੇਰ ਜਹਾਨ ਯਾਰੋ। ੧੮।

ਰੋਨ ਗਮੀ ਦੀ ਕੂਕ ਪੁਕਾਰ ਸੁਣਕੇ,
ਪਿਆ ਹਲਚਲਾ ਵਿਚ ਲਾਹੌਰ ਸਾਰੇ।
ਗਲੀ ਕੂਚਿਆਂ ਸ਼ਹਿਰ ਬਜ਼ਾਰ ਰੋਂਦੇ,
ਲਰਜ਼ਾ ਖਾਇ ਕੰਧੇ ਕਿਲੇ ਕੋਟ ਭਾਰੇ।
ਆਹੀਂ ਬਾਝੁ ਨ ਹੋਰ ਆਵਾਜ਼ ਆਵੇ,
ਖ਼ੂਨੀ ਦਿਸਦੇ ਰੰਗ ਮਹਲ ਸਾਰੇ।
ਜਾਫਰਬੇਗ ਚੂੜੇ ਭੰਨੇ ਰਾਣੀਆਂ ਨੇ,
ਗਲੀਂ ਵਿਚ ਖੋਹੇ ਹੱਥੀਂ ਕੇਸ ਕਾਰੇ। ੧੯।

ਫੇ ਫੇਰ ਫਿਰਾਕ ਦਾ ਜੋਸ਼ ਚੜ੍ਹਿਆ,
ਖੜਗ ਸਿੰਘ ਦੂਲੋਂ ਭੁਬੀਂ ਮਾਰ ਰੋਇਆ।
ਕਰੇ ਕੌਣ ਅਦਾਲਤਾਂ ਬਾਝੁ ਤੇਰੇ,
ਮੈਂ ਤਾਂ ਲਾਡਲਾ ਦੁੱਖਾਂ ਦੇ ਵਿਚ ਚੋਇਆ।
ਕੰਧਾਂ ਕਾਲੀਆਂ ਸ਼ਹਿਰ ਹੜਤਾਲ ਹੋਈ,
ਧੁੰਦੂਕਾਰ ਜ਼ਿਮੀਨ ਅਸਮਾਨ ਹੋਇਆ।
ਜਾਫਰਬੇਗ ਸਰਕਾਰ ਦਾ ਬੇੜਾ[1] ਬਧਿਆ,
ਹੀਰੇ ਮੋਤੀਏਂ ਜੜਤ ਤਿਆਰ ਹੋਇਆ। ੨੦।

[1] ਜਨਾਜ਼ਾ

ਕਾਫ ਕਰਕੇ ਬਹੁਤ ਅਗਰ ਚੰਦਨ ਕੱਠਾ,

ਚਿਖਾ ਚੁਕ ਸੁ ਬਾਗ ਦੇ ਵਿਚ ਲਾਈ।
ਬਣਿਆ ਬਿਬਾਨ ਸੁੰਦਰ ਜੈਸੇ ਬੇਦ ਰੀਤੀ,
ਜ਼ਰੀ ਬਾਦਲਾ ਦੁਸ਼ਾਲੇ ਨਹੀਂ ਸੁਧ ਕਾਈ।
ਚਿਖਾ ਚਾੜ੍ਹ ਲਾਂਬੂ ਚੁਕ ਲਾਇਓ
ਗਇਓ ਸੁਰਗ ਨੂੰ ਤੁਰਤ ਹੀ ਕਰੀ ਧਾਈ।
ਜਾਫਰਬੇਗ ਜਹਾਨ ਵਿਚ ਪਿਆ ਰੌਲਾ,
'ਅਜੁ ਉਲਟ ਗਈ ਹਿੰਦ ਦੀ ਪਾਤਸ਼ਾਹੀ'। ੨੧।

ਕਾਫ ਕੌਰ ਨੂੰ ਖਬਰ ਪਜ਼ੀਰ ਹੋਈ,
ਗੰਗਾ ਚੜ੍ਹੀ ਸਰਕਾਰ ਤਿਆਰ ਡੇਰਾ।
ਤੁਰੇ ਏਸ ਜਹਾਨ ਤੋਂ ਕੂਚ ਕਰਕੇ,
ਸਾਰੀ ਉਮਰ ਨ ਹੋਇਗੁ ਮੇਲ ਤੇਰਾ।
ਪਇਆ ਵਿਚ ਅੰਧੇਰ ਪੰਜਾਬ ਸਾਰੇ,
ਖੜਗ ਸਿੰਘ ਰਾਜੇ ਪਿਛੋਂ ਹੋਰੁ ਕੇਹੜਾ ?
ਜਾਫਰਬੇਗ ਕਹੁ ਆਫਰੀਂਬਾਦ[1] ਰਾਜੇ,
ਜਿਸ ਕੀਤਾ ਹੈ ਨਿਮਕ ਹਲਾਲ ਤੇਰਾ। ੨੨।

[1] ਸ਼ਾਬਾਸ਼

ਕਾਫ ਕਹਿਰ ਦੇ ਨਾਲ ਸਦਾਰ ਰੁੰਨੇ,
ਖੁਲ੍ਹੇ ਕੇਸ ਲਿਟਾਂ ਗਲ ਪੜੀਆਂ।
ਚੰਦਨ ਚੀਰ ਚਿਖਾ ਬਾਗ ਵਿਚ ਲਾਈ,
ਇਕੱਲਾ ਵੇਖ ਟੁਰਿਆ ਫੌਜਾਂ ਕੋਲ ਖੜੀਆਂ।
ਮੁਹਰਾਂ ਲਾਲ ਜਵਾਹਰਾਂ ਸੋਟ ਹੋਈਆਂ,
ਨੌਂ ਰਾਣੀਆਂ ਸਤੀ ਹੋਇ ਨਾਲ ਸੜੀਆਂ।
ਜਾਫਰਬੇਗ ਉਹੋ ਕੀਤੇ ਕਰਮ ਉਨ੍ਹਾਂ,
ਜਿਹੜੀਆਂ ਨਾਲ ਸਕਾਰ ਦੇ ਖ਼ਾਕ ਰਲੀਆਂ। ੨੩।

ਲਾਮ ਲਾਂਬੂ ਸਰਕਾਰ ਨੂੰ ਆਪ ਹੱਥੀਂ,

ਖੜਕ ਸਿੰਘ ਦੂਲੋਂ ਤਿਖਾ ਅੱਗ ਲਾਈ।
ਡੁੱਬੀ ਮਾਰ ਤੇ ਤਾਰ ਜ਼ਿਮੀਨ ਡਿਗਾ,
ਗਮੀਂ ਵਿਚ ਗੋਤੇ ਨਹੀਂ ਹੋਸ਼ ਕਾਈ।
ਲਿਆ ਉਨ ਸਰਕਾਰ ਨੇ ਵਿਚ ਗੋਦੀ,
ਹੱਥ ਬੰਨ੍ਹ ਕਹਿੰਦੇ ਸਾਰੇ ਉਜ਼ਰਖ਼ਾਹੀ।
'ਜਾਫ਼ਰਬੇਗ ਅਸੀਂ ਗੁਲਾਮ ! ਤੇਰੇ,
ਨਹੀਂ ਝੁਰ ਦੂਲੇ ! ਕਰੀਂ ਬਾਦਸ਼ਾਹੀ ।' ੨੪।

'ਮੰਸ ਮੁਲਕ ਸਣੇ ਅਸੀਂ ਨਫ਼ਰ ਤੇਰੇ,
ਕੀ ਮਜਾਲ ਸਾਡੀ ਅਸੀਂ ਉਜ਼ਰ ਕਰੀਏ।
ਆਖੀ ਮੁਲਖ ਮੁਹਿੰਮ ਤੇ ਘੱਲ ਸਾਨੂੰ,
ਤੇਰੇ ਬਾਪ ਦਾ ਨਿਮਕ ਹਲਾਲ ਕਰੀਏ।
ਜਿਥੇ ਫੌਜ ਹੋਵੇ ਦੁਸ਼ਮਣ ਡਾਢਿਆਂ ਦੀ,
ਪਿੜਾ ਰੱਖ ਸਾਡਾ ਮੂਹਰੇ ਜਾਇ ਮਰੀਏ।
ਜਾਫ਼ਰਬੇਗ ਸਰਕਾਰ ਦਾ ਨਿਮਕ ਖਾਧਾ,
ਤੇਰੇ ਰਾਜ ਤੋਂ ਜਾਨ ਕੁਰਬਾਨ ਕਰੀਏ। ੨੫।

ਨੂੰਨ ਨਾਲ ਸਰਕਾਰ ਦੇ ਫੁਲ ਚੁਗਣੇ,
ਤੀਏ ਰੋਜ਼ ਸਰਦਾਰ ਤਿਆਰ ਸਾਰੇ।
ਹੱਥ ਬੰਨ੍ਹ ਸਰਕਾਰ ਨੂੰ ਕਰਨ ਕੁੰਨਸ1, 1ਨਮਸਕਾਰ
ਤਿਖਾ ਦੇਖ ਫੁੱਲੇ ਡੁੱਬੀ ਮਾਰ ਸਾਰੇ।
ਸੰਮਨ ਫੜ ਕੇ ਬਾਗ ਪਸੰਦ ਕੀਤਾ,
ਅਸੀਂ ਹੋਏ ਹਾਂ ਵੇਖ ਹੈਰਾਨ ਸਾਰੇ।
ਜਾਫ਼ਰਬੇਗ ਸਰਕਾਰ ਦੇ ਫੁਲ ਚੁਣ ਕੇ,
ਖਾਸੇ2 ਵਿਚ ਪਾ ਕਰਨ ਸਲਾਮ ਸਾਰੇ। ੨੬। 2 ਪਾਲਕੀ

ਵਾਉ ਵੇਖ ਸੁੰਦੇ ਤੰਬੂ ਫੌਜ ਤੇਰੇ,

ਮੁੜ ਵੇਖ ਤੂੰ ਮਹਲ ਅਟਾਰੀਆਂ ਨੀ।
ਮੁੜ ਵਿਚ ਤਬੇਲਿਆਂ ਭੌਰ ਤਾਜੀ,
ਹਾਥੀ ਝੂਲਦੇ ਗਏ ਅੰਬਾਰੀਆਂ ਨੀ।
ਮਾਲ ਮੁਲਕ ਵਲਾਇਤਾਂ ਛੱਡ ਤੁਰਿਆ,
ਰੰਨਾਂ ਰੋਂਦੀਆਂ ਕੋਲ ਸ਼ਿੰਗਾਰੀਆਂ ਨੀ।
ਜਾਫਰਬੇਗ ਸਰਕਾਰ ਚੜ੍ਹ ਵਿਚ ਖਾਸੇ,
ਗੰਗਾ ਜਾਣ ਦੀਆਂ ਕੀਤੀਆਂ ਤਿਆਰੀਆਂ ਨੀ। ੨੭।

ਵਾਊ ਬੈਠ ਕੇ ਸਭ ਸਲਾਹ ਕਰਦੇ,
ਕਰੋ ਬੇਗ ਦੀ ਅਸਤ ਪੁਚਾਵਣੇ ਦੀ।
ਕਰੋ ਮਜਲ ਦਰਮਜਲ ਹੀ ਕੂਚ ਛੇਤੀ,
ਰਤੀ ਦੇਰ ਨ ਕਰੋ ਹੁਣ ਜਾਵਣੇ ਦੀ।
ਨਾਲ ਘੋੜੇ ਦੁਸ਼ਾਲੇ ਤਿਆਰ ਕਰਕੇ,
ਕੱਫਣ ਅੰਗ ਪੁਸ਼ਾਕ ਵਿਛਾਵਣੇ ਦੀ।
ਜਾਫਰਬੇਗ ਸਮਾਨ ਸਭ ਤਿਆਰ ਕਰ ਕੇ,
ਹੋਈ ਤਿਆਰੀ ਸੋ ਗੰਗ ਦੇ ਜਾਵਣੇ ਦੀ। ੨੮।

ਰੇ ਹੋਰ ਲੈ ਦੌਲਤਾਂ ਸਿੰਘ ਰਾਜਾ,
ਚੜ੍ਹ ਗੰਗਾ ਦੇ ਨ੍ਹਾਵਣੇ ਤਿਆਰ ਹੋਇਆ।
ਛੁਟੇ ਕਿਲੇ ਸਲਾਮੀ ਦੇ ਤੋਪਖਾਨੇ,
ਅੰਮ੍ਰਿਤਸਰ ਜਦੋਂ ਦਾਖਲ ਆਣ ਹੋਇਆ।
ਜਿਸ ਚੜ੍ਹਤ ਦੇ ਨਾਲ ਅਗੋ ਆਮਦਾ ਸੀ,
ਉਸੀ ਚੜ੍ਹਤ ਦਾਖਲ ਜਾਂਦੀ ਵਾਰ ਹੋਇਆ।
ਜਾਫਰਬੇਗ ਸਰਕਾਰ ਦਰਬਾਰ ਆਵੀ,
ਰੋਂਦੀ ਪ੍ਰਿਥਮੀ ਸ਼ਹਿਰ ਹੜਤਾਲ ਹੋਇਆ। ੨੯।

ਲਾਮ ਲੱਖ ਸਰਕਾਰ ਪੰਜਾਬ ਵੱਲੀ,

ਨਹੀਂ ਆਵਣਾ ਦੂਸਰੀ ਵਾਰ ਯਾਰੋ।
ਤਰਨਤਾਰਨ ਚੜ੍ਹ ਆਦਿ ਇਸਨਾਨ ਕੀਤਾ,
ਸ਼ੇਰ ਸਿੰਘ ਮਿਲਿਆ ਵੈਰੋਵਾਲ ਯਾਰੋ।
ਚੁੰਮੇ ਫੁੱਲ ਸਰਕਾਰ ਦੇ ਬਹੁਤ ਰੁੰਨਾ,
ਦੌਲਤ ਵੰਡੀਆ ਕਈ ਹਜ਼ਾਰ ਯਾਰੋ।
ਜਾਫਰਬੇਗ ਪਾਇਆ ਸ਼ੱਕ ਦੁਸ਼ਮਣਾਂ ਨੇ,
ਰਿਹਾ ਬਾਪ ਕੋਲੋਂ ਗੁਨਹਗਾਰ ਯਾਰੋ। ੩੦।

ਅਲਫ ਆਉਣ ਰਾਜੇ ਅਗੇ ਮਿਲਣ ਨੂੰ ਜੀ,
ਘੋੜੇ ਨਜ਼ਰ ਸਰਕਾਰ ਨੂੰ ਦੇਣ ਸਾਰੇ।
ਵੇਖੇ ਖਾਕ ਸਰਕਾਰ ਦੀ ਨਜ਼ਰ ਲੈਂਦੀ,
ਮੂਏ ਪਾਤਸ਼ਾਹ ਦਾ ਦਮ ਕੌਣ ਮਾਰੇ।
ਕਰਮ ਸਿੰਘ ਰਾਜਾ1 ਅਗੋਂ ਆਇ ਮਿਲਿਆ, 1ਪਟਿਆਲਾ ਪਤਿ
ਚੁੰਮੇ ਫੁਲ ਸਰਕਾਰ ਦੇ ਲੱਖ ਵਾਰੇ।
ਜਾਫਰਬੇਗ ਸਰਕਾਰ ਦਾ ਵੇਖ ਸਾਇਆ,
ਮੂਏ ਸ਼ੇਰ ਦਾ ਅਜੇ ਭੀ ਖੌਫ ਮਾਰੇ। ੩੧।
ਜੇ ਯਾਦ ਕਰ ਸਿਫਤ ਸੁਣਾਇ ਸਾਰੀ,
ਚਾਰੇ ਤਰਫ ਸਰਕਾਰ ਨੇ ਰਾਜ ਕੀਤਾ।
ਪਿਛੇ ਦੇ ਆਏ, ਇਥੇ ਆਇ ਲੀਤਾ,
ਏਥੇ ਦੇਇ ਟੁਰਿਆ ਅਗੇ ਜਾਇ ਲੀਤਾ।
ਮੁਹਰਾਂ ਲਾਲ ਜਵਾਹਰਾਂ ਸੋਟ ਹੋਈ,
ਗੰਗਾ ਵਿਚ ਫੁੱਲਾਂ ਇਸ਼ਨਾਨ ਕੀਤਾ।
ਜਾਫਰਬੇਗ ਸਰਕਾਰ 'ਉਤਾਰ'2 ਹੈਸੀ, 2 ਅਵਤਾਰ
ਸੁਰਗਪੁਰੀ ਬੈਕੁੰਠ ਜਾਇ ਰਾਜ ਕੀਤਾ। ੩੨।

ਸੰਪੂਰਨੰ

(੪)

'ਬੈਂਤਾ ਭਾਗ ਸਿੰਘ ਕੀਆਂ' ਵਿਚੋਂ

ਤੋਇ ਤਲਬ ਹੈ ਕਾਲਬ ਮਾਰਨੇ ਦੀ,
ਪਾਰ ਜਾਮਨੀ ਖ਼ੂਨ ਗੁਜ਼ਾਰਨੇ ਦੀ।
ਸਿਖਾਂ ਸੇਵਕਾਂ ਸੰਤਾਂ ਉਬਾਰਨੇ ਦੀ,
ਗਊ ਬ੍ਰਾਹਮਣਾਂ ਦੇ ਪ੍ਰਤਿਪਾਰਨੇ ਦੀ।
ਠੱਗਾਂ ਵੈਰੀਆਂ ਤਾਂਈਂ ਸੰਘਾਰਨੇ ਦੀ,
ਪਾਪੀ ਨਿੰਦਕਾਂ ਠਉਰ ਬਿਡਾਰਨੇ ਦੀ।
ਭਾਗ ਸਿੰਘ ਸਰਕਾਰ ਦੇ ਆਵਨੇ ਦੀ,
ਟੇਕ ਛੰਦ ਕਬਿੱਤ ਉਚਾਰਨੇ ਦੀ। ੧੬।

ਜ਼ੋਇ ਜ਼ਾਲਮ ਤੇਜ਼ ਪ੍ਰਚੰਡ ਤੇਰਾ,
ਗ਼ਮ ਖਾਇਆ ਹੈ ਦੇਖਿ ਫਿਰੰਗੀਆਂ ਨੇ।
ਨਾਦ ਸੁਣ ਨਿਸ਼ਾਨ ਭਜਾਨ ਭੇਰੀ,
ਮੰਨੀ ਹਾਰ ਰੁਹੇਲਿਆਂ ਜੰਗੀਆਂ ਨੇ।
ਗ਼ਈ ਸਭੇ ਗ਼ਰੂਰਤ ਗਿਲਜ਼ਿਆਂ ਦੀ,
ਛਡੇ ਸ਼ਸਤ੍ਰ ਬੁੰਦੇਲ ਸੀ ਬੰਦੀਆਂ ਨੇ।
ਭਾਗ ਸਿੰਘ ਸਰਕਾਰ ਦੇ ਖਉਫ ਕੋਲੋਂ,
ਘਾਸ ਲੀਤਾ ਹੈ ਦੇਖ ਕੁਲੰਗੀਆਂ ਨੇ। ੧੭।

ਐਨ ਉਮਰ ਦਰਾਜ਼ ਜੋ ਹੋਇ ਤੇਰੀ,
ਵਿਚ ਖਾਲਸੇ ਦੇ ਸਰਕਾਰ ਹੈਂ ਤੂੰ।
ਸ਼ੀਂਹ ਬੱਕਰੀ ਇਕਠੇ ਨੀਰ ਪੀਵਣ
ਹੱਕ ਨਿਆਉਂ ਤੇ ਧਰਮ ਅਉਤਾਰ ਹੈਂ ਤੂੰ।
ਹੀਰੇ ਮੋਤੀਆਂ ਚੂਨਿਆਂ ਪੰਨਿਆਂ ਦਾ,

ਦਾਨ ਕਰਨ ਨੂੰ ਬੜਾ ਅਪਾਰ ਹੈਂ ਤੂੰ।
ਸੂਰਜ ਚੰਦ ਲੌਂ ਰਾਜ ਅਖੰਡ ਤੇਰਾ,
ਭਾਗ ਸਿੰਘ ਮੇਰੀ ਸਰਕਾਰ ਹੈਂ ਤੂੰ। ੧੮।

ਗ਼ੈਨ ਗ਼ਮ ਨਾਹੀ ਤੇਰੇ ਰਾਜ ਅੰਦਰ,
ਸਾਰੀ ਖ਼ਲਕ ਘਣਾ ਸੁਖ ਪਾਇਆ ਏ।
ਗਿਲਜੇ ਮਾਰ ਨਵਾਬ ਖ਼ਰਾਬ ਕੀਤੇ,
ਦਲ ਮੁਗਲ ਪਠਾਣਾਂ ਦਾ ਘਾਇਆ ਏ।
ਢੋਹੀ ਫਿਰੀ ਸਰਕਾਰ ਦੀ ਦੇਸ ਸਾਰੇ,
ਰੋਇਆ ਖਾਲਸੇ ਤੇਜ ਸਵਾਇਆ ਏ।
ਭਾਗ ਸਿੰਘ ਅਕਾਲ ਤੋਂ ਸਿਧਿ ਪਾਈ,
ਕਲੁ ਕਾਲ ਮੈਂ ਹੁਕਮ ਚਲਾਇਆ ਏ। ੧੯।

---

(੫) 'ਪੰਜਾਬ ਰਉਸ਼ਨ' ਭਾਈ ਮਿਹਰ ਸਿੰਘ ਕਿਰਤ ਵਿਚੋਂ :-

ਸ. ਮਿਹਰ ਸਿੰਘ ਗੁਜਰਾਤੀ (1859 ਈ.) ਨੇ ਜਿਥੇ ਸ਼ੇਰਿ ਪੰਜਾਬ ਦੀ ਵਡਿਆਈ, ਦਾਨਾਈ ਤੇ ਸਖਾਵਤ ਦੀ ਸਿਫਤ ਕੀਤੀ ਹੈ, ਉਥੇ ਸਿੱਖ ਮਿਸਲਾਂ ਦੇ ਮੋਢੀ ਸਰਦਾਰਾਂ ਨੂੰ ਵੀ ਸ਼ਰਧਾਂਜਲੀ ਅਰਪਣ ਕੀਤੀ ਹੈ ਜੋ ਇਤਿਹਾਸਕ ਅਹਿਮੀਅਤ ਰੱਖਣ ਵਾਲੀ ਹੈ। ਯਾਦ ਰਹੇ ਇਹ ਕਵੀ, ਭਾਈ ਕੇਸਰ ਸਿੰਘ ਛਿਬਰ ਕਰਤਾ 'ਬੰਸਾਵਲੀਨਾਮਾ' ਦਾ ਪੋਤਰਾ ਤੇ ਭਾਈ ਸੇਵਾ ਸਿੰਘ ਦਾ ਪੁੱਤਰ ਸੀ। ਇਸਨੇ ਜੌਹਨ ਬੀਮ ਲਈ 'ਪੰਜਾਬ ਰਉਸ਼ਨ' ਕਿੱਸਾ ਲਿਖਿਆ ਸੀ, 1859 ਈ. ਵਿਚ। ਇਹ ਟੂਕ ਉਸੇ ਲਿਖਤ ਵਿਚੋਂ ਹੈ :-

ਜਿਉਂ ਜਿਉਂ ਵਿਚ ਪੰਜਾਬ ਹਕੂਮਤਿ, ਕੀਤੀ ਹੈ ਸਰਦਾਰਾਂ
ਜਿਉਂ ਜਿਉਂ ਜੰਗ ਹੋਏ ਵਿਚ ਮੁਲਕਾਂ, ਜਿਉਂ ਜਿਉਂ ਟੁਰੀਆਂ ਵਾਰਾਂ।
ਤਖਤ ਲਾਹੌਰ ਵੱਡਾ ਹੈ ਕਿੱਸਾ, ਖੋਲ੍ਹਿ ਬਿਆਨ ਸੁਣਾਵਾਂ।
ਜਿਉਂ ਜਿਉਂ ਰਾਜ ਪੰਜਾਬੀ ਕਰਦੇ, ਤਿਉਂ ਤਿਉਂ ਕਹਿੰਦਾ ਜਾਵਾਂ।
ਨੌਕਰ ਰਹਣ ਲਗੇ ਸਿਖ ਅੱਗੋਂ, ਪੰਥ ਗੁਰੂ ਦਾ ਹੋਇਆ।

ਫਿਰ ਨਵਾਬ ਕਪੂਰ ਸਿੰਘ ਜੀ, ਪਰਗਟ ਹੋਇ ਖਲੋਇਆ।
ਭੂਮਾ ਸਿੰਘ ਸਰਦਾਰ ਸਦਾਏ, ਭੰਗੀ ਵੱਡਾ ਜੰਗੀ।
ਰਣ ਵਿਚ ਗੱਜੇ ਵਾਂਙੂ ਸ਼ੇਰਾਂ, ਤੇਗ ਜਿਹਦੇ ਹਥ ਨੰਗੀ।
ਚੜ੍ਹਤ ਸਿੰਘ ਜੀ ਭੰਗੀ ਆਹੇ, ਵਡੇ ਬਹਾਦਰ ਸੂਰੇ
ਰਣ ਵਿਚ ਕਦੇ ਨ ਪਿੱਠ ਭਵਾਈ, ਤੋਲ ਬੋਲ ਦੇ ਪੂਰੇ।
ਦੇਸੂ ਸਿੰਘ ਜੀ ਭੰਗੀ ਹੋਯਾ, ਵਡਾ ਜਿਹੜਾ ਬਲਕਾਰੀ
ਜੰਗ ਪਿਆ ਨਹੀਂ ਮੁੜਿਆ ਖਾਲੀ, ਮਾਰੇ ਸੈਇ ਤਲਵਾਰੀ।
ਸਰਦਾਰ ਕਰਮ ਸਿੰਘ ਦੂਲੋ ਹੋਯਾ, ਜੰਗ ਕਰੇ ਵਰਿਆਮੀ
ਖੰਡਾ ਮਾਰੇ ਸ਼ਾਕ ਬਿਡਾਰੇ, ਇਸ ਗੱਲੋਂ ਹੈ ਨਾਮੀ।
ਬਾਘ ਸਿੰਘ ਜੀ ਹੱਲੋਵਾਲੀਆ, ਵਡਾ ਹਠੀਲਾ ਰਣ ਦਾ
ਸਖੀ ਬਹਾਦਰ ਸੂਰਾ ਪੂਰਾ, ਕੋ ਐਸਾ ਸੁਤ ਜਣਦਾ।
ਗੁਰਬਖਸ਼ ਸਿੰਘ ਜੀ ਦੋਦੇ ਵਾਸੀ, ਕਰੀ ਜਿਨ੍ਹਾਂ ਸਰਦਾਰੀ
ਨਿਸਚਾ ਪੱਕੀ ਸਤਿਗੁਰ ਚਰਨੀਂ, ਜਿਸਕੇ ਮਨ ਵਿਚ ਧਾਰੀ।
ਜੈ ਸਿੰਘ ਹੋਰ ਹਕੀਕਤ ਸਿੰਘ ਜੀ, ਤਿਨ੍ਹਾਂ ਕਨ੍ਹੈਯੇ ਕਹਿੰਦੇ
ਵਡੇ ਦਾਨਾਉ ਬਹਾਦਰ ਹੋਏ, ਸੋਇ ਸਿਖ ਰਾਖਿਆ ਰਹਿੰਦੇ।
ਗੰਡਾ ਸਿੰਘ ਤੇ ਝੰਡਾ ਸਿੰਘ ਜੀ, ਮਾਲਕ ਦਲ ਵਿਚ ਆਹੇ
ਲਾਗਾ ਜਾ ਮੁਲਤਾਨ ਲਗਾਇਆ, ਗਈਆ ਧਮਕ ਨਗਾਰੇ।
ਮਾਰਿਆ ਮੁਲਕ ਵੱਡਾ ਕਰ ਜ਼ੋਰਾ, ਫਿਰ ਮੁਲਤਾਨ ਛੁਡਾਯਾ
ਘੋੜਾ ਫੇਰਿਆ ਧਲ ਲੰਮੇ ਵਿਚ, ਦੇਸ਼ ਸਭੇ ਚਾ ਗਾਹਿਆ।
ਲੰਮੇ ਸਿੱਖੀ ਪਰਗਟ ਹੋਈ, ਰਾਜ ਕਰਨ ਜਾਂ ਲਗੇ
ਸਿਖ ਸਰਦਾਰ ਹੋਏ ਮਸ਼ਹੂਰੀ, ਤਾਂ ਰੌਸ਼ਨ ਵਿਚ ਜਗੇ।
ਫੇਰ ਇਰਾਦਾ ਅੰਮ੍ਰਿਤਸਰ ਦਾ, ਧਰ ਚੜ੍ਹਦੇ ਮੁਖ ਆਏ
ਸ਼ਹਿਰ ਲਾਹੌਰ ਆਹੇ ਸਿੱਖ ਕੱਠੇ, ਹੋਰ ਖਰੂਦ ਮਚਾਏ।
ਇਕ ਦਿਨ ਰਾਤੀਂ ਕਰਦਿਆਂ ਬਾਤੀਂ, ਬਹਿ ਇਹ ਮਤਾ ਪਕਾਯਾ
'ਕਤਲ ਕਰੋ ਕਸਾਬਪੁਰਾ ਸਭ, ਸਾਡੇ ਦਿਲ ਇਹ ਆਯਾ।'
ਵੱਡਾ ਮਹਾਤਮ ਇਨ੍ਹਾਂ ਮਾਰਨ, ਸ਼ਾਸਤ੍ਰ ਆਖਿ ਸੁਣਾਂਦੇ
ਗੌ-ਹਤਿਆ ਫਿਰ ਹੋਇ ਨ ਇਥੇ, ਇਹ ਤਰਕੀਬ ਬਣਾਂਦੇ।

ਕਸਾਬਪੁਰਾ ਸੀ ਦੱਖਣ ਪਾਸੇ, ਸ਼ਹਿਰੋ ਹੇਠ ਵਸੀਂਦਾ
ਸਿਖਾਂ ਆਇ ਕੀਤੀ ਸ਼ਬਖੂਨੀ, ਗੁਲ ਰੌਗਾ ਕੁਝ ਥੀਂਦਾ।
ਸੁਣਕੇ ਚੜ੍ਹੇ ਨਵਾਬ ਲਾਹੌਰੋਂ, ਫਉਜ ਲਈ ਸੰਗਿ ਸਾਰੀ
ਭਾਟੀ ਦਰਵਾਜ਼ੇ ਥੀਂ ਬਾਹਰ, ਨਿਕਲੀ ਆਇ ਸਵਾਰੀ।
ਅੱਗੋ ਦਯਾ ਸਿੰਘ ਵਲਟੋਹੀਆ, ਖੜਾ ਹੋਯਾ ਚੜ੍ਹਿ ਘੋੜੇ
ਸਨਮੁਖ ਦੇਖਿ ਨਵਾਬ ਹੌਦੇ ਵਿਚ, ਤੀਰ ਕਮਾਨੋਂ ਜੋੜੇ।
ਖਿਚ ਕਮਾਨ ਕੰਨਾਂ ਤਕ ਆਂਦੀ, ਤੀਰ ਲੋਹਿਓਂ ਕਰ ਛੋੜੇ
ਲਗਾ ਜਾਇ ਮਹਾਵਤ ਤਾਈਂ, ਸੀਸ ਮੱਥੀਂ ਫੋੜੇ।
ਗਿਰਦੀ ਖਾ ਲੁੜਿਆ ਭੂੰ ਉਤੇ, ਤਨ ਥੀਂ ਜਾਨ ਸਿਧਾਈ
ਹੋਰ ਮਹਾਵਤ ਚੜ੍ਹਿਆ ਹਾਥੀ, ਹਾਜ਼ਰ ਸੀ ਉਤ ਜਾਈ।
ਦਯਾ ਸਿੰਘ ਜੀ ਆਪਣਾ ਡੇਰਾ, ਜੰਗਲ ਤਰਫ ਭਿਜਾਇਆ
ਜਾਂ ਉਹ ਗਿਆ ਦੁਰਾਡਾ ਡੇਰਾ, ਆਪੂੰ ਬੀ ਫਿਰ ਧਾਇਆ।
ਚੜ੍ਹ ਲਲਕਾਰੇ ਖਪਰੇ ਪਾਰੇ, ਵਾਹਰ ਤੱਕ ਖਲੋਏ
ਉਸਨੂੰ ਮਾਰੇ ਨੇਜ਼ਾ ਰਲ ਕੇ, ਜੋ ਤਿਨ ਅੱਗੋ ਹੋਏ।
ਜਾਂ ਉਹ ਸਿੰਘ ਦੁਰਾਡੇ ਜਾ ਕੇ, ਤੁਪਕਾਂ ਕਸਿ ਖਲੋਵਨ
ਮਾਸੇ ਜੜ ਕੇ ਧਰ ਕੇ ਛਾਤੀ, ਫਿਰ ਇਕ ਸਾਹਰੇ ਹੋਵਣ।
ਦਯਾ ਸਿੰਘ ਇਕ ਪਾਸਾ ਹੋ ਕੇ, ਘੋੜਾ ਫੇਰ ਹਟਾਏ
ਕਰੇ ਕਵਾਇਦ ਨੇਜੇ ਵਾਲੀ, ਵਿਚ ਸਿਖਾਂ ਰਲਿ ਜਾਏ।
ਨੇੜੇ ਫਉਜ ਨਵਾਬੀ ਆਵੇ, ਤਾਂ ਸਭ ਤੁਪਕਾਂ ਮਾਰਨ
ਮਰਨ ਸਵਾਰ ਪਿਆਦੇ ਬਹੁਤੇ, ਵੇਖੋ ਰੱਬ ਦਾ ਕਾਰਨ।
ਸਿਖ ਪਿਛਾੜੀ ਹਟਦੇ ਜਾਂਦੇ, ਤੁਪਕਾਂ ਤੀਰ ਚਲਾਂਦੇ।
ਦਯਾ ਸਿੰਘ ਜੀ ਡਕ ਖਲੋਂਦੇ, ਹੋਰੁ ਪਿਛਾੜੀ ਧਾਂਦੇ।
ਨੱਠੇ ਜਾਂਦੇ ਤੁਪਕ ਚਲਾਂਦੇ, ਤੁਰਕ ਇਨ੍ਹਾਂ ਨੇ ਮਾਰੇ
ਸਿੱਖ ਪਵਣਿ ਵਿਚ ਆਇ ਦਲੇ ਦੇ, ਜਦੋਂ ਨਵਾਬ ਵੰਗਾਰੇ।
ਹਟਣ ਪਿਛਾੜੀ ਹਰਯਕ ਵਾਰੀ, ਲਾਵਣ ਖੂਬ ਬੰਦੂਕਾਂ
ਪਿੜ ਵਿਚ ਢਹਿੰਦੀ ਫੌਜ ਨਵਾਬੀ, ਨਿਕਲਣ ਤਨ ਥੀਂ ਫੂਕਾਂ।
ਜਾਂਦੇ ਜਾਂਦੇ ਗਏ ਦੁਰਾਡੇ, ਸਿੰਘਾਂ ਸ਼ੋਰ ਮਚਾਇਆ

ਗੰਡਾ ਸਿੰਘ ਤੇ ਝੰਡਾ ਸਿੰਘ, ਮੁਲਤਾਨੋਂ ਆਹਾ ਆਇਆ।
ਪਾਣੀ ਦੇਖਿ ਤਲਾਉ ਵਡੇਰਾ, ਉਥੇ ਡੇਰਾ ਲਾਇਆ।
ਜੰਗ ਬੁਲਾਰਾ ਸੁਣਿਆ ਕੰਨੀਂ, ਉਨ੍ਹਾਂ ਸਵਾਰ ਦੁੜਾਇਆ।
ਦਯਾ ਸਿੰਘ ਵਲਟੋਹੀਆ ਆਹਾ, ਨਾਲਿ ਨਵਾਬ ਲੜੀਂਦਾ
ਆਇ ਸਵਾਰੇ ਫਤਿਹ ਬੁਲਾਈ, ਹਾਲਤ ਸਭ ਪੁਛੀਂਦਾ।
ਆਖਣ, 'ਨਾਲ ਨਵਾਬ ਲੜੇ ਹਾਂ, ਜੰਗ ਕਰੇਂਦੇ ਆਏ।
ਪਿਛਲੀ ਰਾਤ ਕੀਤੀ ਸ਼ਬਖੂਨੀ, ਭੁਖੇ ਤੇ ਤ੍ਰਿਹਾਏ।
ਕਤਲ ਕੀਤਾ ਕਸਾਬਪੁਰੇ ਨੂੰ, ਸੁਣਿ ਨਵਾਬ ਚੜ੍ਹ ਆਇਆ।
ਅੰਮ੍ਰਿਤ ਵੇਲੇ ਦਾ ਮੁਖ ਜੁੜਿਆ, ਹੁਣ ਤਕ ਸਜੇ ਸਾਹਿਆ।
ਲੜਦਿਆਂ ਚਾਰੇ ਪਹਰ ਗੁਜ਼ਰੇ, ਲੱਧਾ ਅੰਨ ਨ ਪਾਣੀ
ਅੱਗੋ ਭੀ ਵਿਚ ਫਾਕੇ ਸਾਨੂੰ, ਦੂਜੀ ਰਾਤਿ ਵਿਹਾਣੀ।
ਲੈ ਪੈਗ਼ਾਮ ਗਿਆ ਵਲ ਡੇਰੇ, ਸਾਰਾ ਚਾੜ੍ਹ ਲਿਆਯਾ
ਗੰਡਾ ਸਿੰਘ ਤੇ ਝੰਡਾ ਸਿੰਘ ਨੇ, ਜ਼ੋਰ ਵਧੇਰਾ ਪਾਯਾ।
ਓੜਕ ਹਟੇ ਨਵਾਬ ਹੋਰੀਂ ਵੀ, ਸਿਖ ਪਿਛੇ ਲਗ ਆਏ।
ਲਾਹੌਰ ਸ਼ਹਿਰ ਦੇ ਅੰਦਰ ਵੜਿਆ, ਬੂਹਾ ਬੰਦ ਕਰਾਏ।
ਡੇਰਾ ਬਾਹਰ ਲਗਾਯਾ ਸਿੰਘਾਂ, ਬਹੁਤੇ ਕੱਠੇ ਹੋਏ
ਦਾਣੇ ਰਿੰਨ੍ਹ ਟਿੰਡਾਂ ਵਿਚ ਖਾਧੇ, ਸੁਖ ਦੀ ਨੀਂਦ੍ਰੇ ਸੋਏ।
ਫਉਜਾਂ ਲੈ ਨਵਾਬ ਸਲਾਮਤ, ਸ਼ਾਹਦਰੇ ਨੂੰ ਆਯਾ
ਸਿੰਘਾਂ ਜਾਂ ਗੋਇਲ ਦੇ ਪੱਤਣ, ਉਪਰ ਲਾਂਘਾ ਪਾਯਾ।
ਬਾਘ ਬੱਚੇ ਦੇ ਨੇੜੇ ਆਕੇ, ਸਿੱਖਾਂ ਫੈਲ ਚਲਾਇਆ ਫਾਇਰ
ਕਿਤਨੇ ਗਿੜੇ ਸਵਾਰ ਪਿਆਦੇ, ਸਭ ਦਾ ਜੀਉ ਹਿਲਾਇਆ।
ਆਇ ਵਜ਼ੀਰਾਬਾਦੇ ਪੱਤਣ, ਪਹੁਤਾ ਨਾਲਿ ਦਲੇਰੀ
ਸਿਖਾਂ ਘੋੜੇ ਗਾਹਣ ਪਾਏ, ਜਿਥੇ ਕੋਟ ਲਵੇਰੀ।
ਆ ਗੁਜਰਾਤੇ ਜੰਗ ਹੋਯਾ ਮੁੜ, ਮਾਰੇ ਜਣੇ ਵਧੇਰੇ
ਡੇਰਾ ਕੂਚ ਨਵਾਬ ਕਰਾਇਆ, ਵੱਡੇ ਵਕਤ ਸਵੇਰੇ।
ਦੁਇ ਕੋਹ ਗੁਜਰਾਤੇ ਥੀਂ ਲਹਿੰਦੇ, ਬੇਲਾ ਬਰਵਰ ਭਾਰਾ ਜਗਲ
ਵਿਚ ਰੱਖੇ ਦੇ ਸਿੰਘ ਰਲੇ ਆ, ਹੋਯਾ ਵਡਾ ਬੁਲਾਰਾ। ਰੌਲਾ

ਲਗੀ ਇਕ ਬੰਦੂਕ ਨਵਾਬੇ, ਮੁਰਦਾ ਹੱਥ ਨ ਆਇਆ
ਗੱਖੜ ਅੱਗੇ ਲਗ ਨੱਠੇ ਆ, ਡੇਰਾ ਸਾਬ ਲੁਟਾਇਆ।
ਸਿੰਘਾਂ ਵਲੇ ਪਾਈ ਉਸ ਦਿਨ ਥੀਂ, ਲਗੇ ਫੇਰੇ ਮਾਰਨ
ਮਾਝਾ ਸਣੇ ਪੁਨਹਾਰੇ ਲੀਤਾ, ਏਹੋ ਹੋਇਆ ਕਾਰਨ।
ਸਤੱਲੁਧਰ ਦਾ ਬੰਨਾ ਕੀਤਾ, ਮੁਲਕ ਉਥੋਂ ਤਕ ਲੀਆ
ਸਰਦਾਰ ਚੜ੍ਹਤ ਸਿੰਘ ਸੁਕਰ ਚੱਕੀਆ, ਨਾਲ ਤਦੋਂ ਰਲਿ ਪਇਆ।
ਸਰਦਾਰ ਬਘੇਲ ਸਿੰਘ ਦਿਲੀ ਵਾਲਾ, ਆਹਾ ਵਡਾ ਸਿਆਣਾ
ਜੰਗੋਂ ਜੁੜਿਆ ਕਦੀ ਨ ਮੁੜਿਆ, ਪਹਿਨ ਸ਼ਹੀਦੀ ਬਾਣਾ।
ਜੱਸਾ ਸਿੰਘ ਵਿਚ ਆਹਲੂਵਾਲੀਆ, ਉਹ ਸਰਦਾਰ ਸੁਹਾਵੇ
ਅਹਿਮਦ ਤਖਤ ਜੱਸਾ ਸਿੰਘ ਲੀਤਾ, ਸਿੱਕਾ ਏਹ ਚਲਾਵੇ।
ਆਪਣੇ ਨਾਂ ਟਕਸਾਲ ਲਵਾਈ, ਉਸਨੇ ਕੋਈ ਦਿਹਾੜਾ
ਕਾਜ਼ੀ ਮੁਫਤੀ ਤੇ ਉਲਮਾਵਾਂ, ਪਾਇਆ ਵੱਡਾ ਪਵਾੜਾ।
ਜੱਸਾ ਸਿੰਘ ਸੀ ਠੋਕਾ ਦੂਜਾ, ਜਿਸੇ ਥਰੈਯਾ ਕਹੀਐ
ਕੋਈ ਦਿਨ ਮੁਖਤਯਾਰੀ ਉਸਦੀ, ਸਿਖਾਂ ਦੇ ਵਿਚ ਰਹੀਐ।
ਗੁੱਜਰ ਸਿੰਘ ਸੰਧੂ ਫਿਰ ਹੋਯਾ, ਅੱਖੀਂ ਥੀਂ ਜੋ ਕਾਣਾ
ਕਿਲ੍ਹਾ ਮੁਰੰਮਤ ਉਸਨੇ ਕੀਤਾ, ਪਾ ਗੁਜਰਾਤੇ ਥਾਣਾ।
ਅਠਾਰਾਂ ਸੈ ਸਤਾਰਾਂ ਸੰਮਤ, ਸਿਖਾਂ ਪੈਰ ਸੰਭਾਲੇ
ਜਹਾਨ ਖ਼ਾਨ ਦਾ ਲੁਟਿਆ ਡੇਰਾ, ਜਾ ਸੱਲਕੋਟ ਦੁਆਲੇ।
ਅਮਲ ਸਿਖਾਂ ਦਾ ਸਾਬਤ ਹੋਯਾ, ਵਿਚ ਪੰਜਾਬ ਤਦਾਂਹੀ
ਅਠਾਰਾਂ ਸੈ ਵੀਹ ਸੰਮਤ ਆਹਾ, ਬਿਕ੍ਰਮ ਜੀ ਦਾ ਤਾਂਹੀ।
ਬਰਸ ਚਹੁਤਰ ਰੌਲੇ ਦੇ ਵਿਚ, ਰਹੀ ਪੰਜਾਬ ਵੈਰਾਨੀ
ਚੜ੍ਹਤ ਸਿੰਘ ਦਾ ਬੇਟਾ ਹੋਯਾ, ਮਹਾਂ ਸਿੰਘ ਵਡ-ਗਿਆਨੀ।
ਰਣਜੀਤ ਸਿੰਘ ਘਰ ਉਸ ਦੇ ਜੰਮਿਆ, ਵਾਹੁ ਜੋਧਾ ਬਲਕਾਰੀ।
ਰਾਜ ਕਰੇਗਾ ਦੀਪ ਇਕੀ ਦਾ, ਜੋਤਿਸ਼ ਕਹੇ ਪੁਕਾਰੀ।
ਜੰਗ ਬਹਾਦਰ ਭਾਰਾ ਹੋਇਆ, ਜਿਤ ਵਲ ਮੱਥਾ ਡਾਹਿਆ।
ਮਣਕੇਰਾ, ਮੁਲਤਾਨ, ਪਿਸ਼ਾਵਰ, ਬਰਸੇ ਵਿਚ ਡੁਬਾਇਆ।
ਅਠਤਾਲੀ ਸਇ ਇਕੱਤਰ ਸੰਮਤ, ਕਲਿਯੁਗ ਵਾਲਾ ਹੋਯਾ

ਬਿਕ੍ਰਮ ਵਾਲਾ ਅਠਾਰਾਂ ਸਇ, ਉਪਰ ਵੀਹ ਖਲੋਯਾ।
ਸਤਾਰਾਂ ਸੈ ਇਕੱਤਰ ਸੰਮਤ, ਈਸਾ ਵਾਲਾ ਕਹਿੰਦੇ
ਬਾਰਾਂ ਸਇ ਇਕਤਾਲੀ ਸੰਮਤ, ਹਿਜਰੀ ਭੀ ਲਿਖ ਲੈਂਦੇ।
'ਰਣਜੀਤ ਸਿੰਘ ਨੇ ਵਿਚ ਪੰਜਾਬੇ' ਮੇਟੇ ਸਭ ਖਰਾਬੇ
ਮਾਝਾ ਮੁਲਕ ਜੇਹਲਮ ਦਾ ਦੰਦਾ, ਲੀਤਾ ਸਣੇ ਦੁਆਬੇ।
ਜਿਤਨੀ ਖੇਚਲ ਮੁਲਕ ਵਿਚਾਲੇ, ਸਭੇ ਕਜੀਏ ਮੇਟੇ
ਅੱਵਲਿ ਜੁ ਸਰਦਾਰ ਬਡੇ ਸੀ ਅਕਲੀਂ ਨਾਲਿ ਸਮੇਟੇ।
ਘੋੜਾ ਫੇਰਿਆ ਇਸ ਮੁਲਕੇ ਵਿਚ, ਥਲ ਪਰਬਤ ਸਭ ਗਾਹੇ
ਟਕੇ ਦੁਆਲਿਓਂ ਰਾਜੇ ਦੇਂਦੇ, ਜਿਤਨੇ ਗਿਰਦ ਨਿਵਾਹੇ।
ਕੇਈ ਵਿਲਾਇਤਿ ਤਾਬਿਆ ਹੋਈ, ਦੇਖਿ ਉਹਦੀ ਵਰਿਆਮੀ
ਰਾਜਿਆਂ ਜੇਡਾ ਕਦਰ ਉਨ੍ਹਾਂ ਦਾ, ਜੋ ਵਿਚਿ ਰਹਿਣ ਗੁਲਾਮੀ।
ਵਡੇ ਵਡੇ ਸੀ ਜੰਗ ਬਹਾਦਰ, ਨੌਕਰ ਮਰਦ ਸਿਪਾਹੀ
ਜੁਥੇ ਨ ਜੰਗੋਂ ਮੁੜੇ ਕਦਾਹੀਂ, ਵਾਹੁ ਵਾਹੁ ਕਰੇ ਲੁਕਾਈ।
ਸੋਨਾ ਮੋਤੀ ਫੁਲ ਕਰਵਾਯਾ, ਚੰਗਾ ਸ਼ਾਲ ਦੁਸ਼ਾਲਾ
ਸੋਨੇ ਸੰਗਲ ਹਾਥੀਆਂ ਪਾਏ, ਹੌਦਾ ਹੀਰਿਆਂ ਵਾਲਾ।
ਸਭਨੇ ਮਾਣਕ ਲਾਲ ਲਵਾਏ, ਕੁੰਦਨ ਨਾਲ ਜੜਾ ਕੇ
ਚੇਹਰਾ ਲਟ ਲਟ ਲਾਟਾਂ ਭਰਦਾ, ਚੜੇ ਅੰਬਾਰੀ ਆ ਕੇ।
ਵਸਤੀ ਦੇ ਜਾਂ ਨੇੜੇ ਲੰਘੇ, ਮੋਹਰਾਂ ਜਾਇ ਲੁਟਾਂਦਾ
ਸੁਟ ਰੁਪਈਏ ਤਰਫ ਗ੍ਰੀਬਾਂ, ਜ਼ਿਮੀ ਸੁਫੇਦ ਕਰਾਂਦਾ।
ਲੁੱਟਣ ਦੌਲਤ ਖਜ਼ਨਿ ਬਹੁਤੇਰੇ, ਬਾਕੀ ਥੁੜ ਨਹੀਂ ਰਹਿੰਦੀ
ਸੋਨੇ ਰੁਪੇ ਦਾ ਇਹ ਬੱਦਲ, ਸਭ ਲੁਕਾਈ ਕਹਿੰਦੀ।
ਰਾਤੀ ਥੈਲੀਆਂ ਪੂਰ ਰੱਖਦਾ, ਆਪਣੇ ਨਿਤ ਸਿਰ੍ਹਾਣੇ
ਦਿਨ ਨੂੰ ਦੇਂਦਾ ਵੰਡ ਗ੍ਰੀਬਾਂ, ਖੁਸ਼ੀ ਦਿਲੇ ਵਿਚ ਜਾਣੇ।
ਰਾਵੀ ਸਣੇ ਝਨਾਂਵੇ ਜੇਹਲਮ, ਅਟਕ ਲੰਘੇ ਜਦ ਆ ਕੇ
ਬੁੱਕ ਰੁਪਏ ਸਣੇ ਪਤਾਸੇ, ਭਰ ਪਾਂਦਾ ਵਿਚ ਜਾ ਕੇ।
ਘੋੜਾ ਠੇਲ੍ਹ ਦੇਵੇਂ ਦਰਿਆਈਂ, ਗਾਹਣ ਪਾ ਕੇ ਲੰਘਦਾ
ਚਾਰ ਮੁਸਾਤਰ ਹਾਥ ਹੋਵੈ ਜਲ, ਕੰਢਾ ਛੋਹ ਨ ਤੰਗ ਦਾ।

ਪਾਸ ਰਕਾਬ ਨ ਪਾਣੀ ਪਹੁੰਚੇ, ਲੰਘੇ ਡੇਰਾ ਸਾਰਾ
ਭੇੜ ਮਹਾਰੂ ਦੁੰਬੇ ਲੰਘੇ, ਡਿਠਾ ਅਟਕ ਕਿਨਾਰਾ।
ਜੋ ਜੋ ਨਾਲ ਲੰਘੇ ਮਹਾਰਾਜੇ, ਸੋ ਤੇ ਤੰਗ ਨ ਭੇਵੇ
ਫਿਰ ਦਰਿਆਇ ਉਥਾਈਂ ਹੋਵੇ, ਹਾਥ ਨਹੀਂ ਕੁਝ ਦੇਵੇ।
ਐਸੀ ਅਜ਼ਮਤ ਕਰ ਮਹਾਰਾਜਾ, ਲੰਘ ਜਾਇ ਦਰਿਆਈਂ
ਰਾਜ ਕੀਤਾ ਉਣਤਾਲੀ ਬਰਸਾਂ, ਵਿਚ ਲਾਹੌਰ ਤਦਾਂਹੀ।
ਸਾਸ ਛੱਡੇ ਜਾਂ ਉਸ ਮਹਾਰਾਜੇ, ਵਕਤ ਕਿਵੇਹਾ ਆਯਾ
ਲਾਖ ਜਨਾਵਰ ਮੁਏ ਤਦਾਂਹ, ਆਹਣ ਗੜ੍ਹਾ ਰੱਬ ਪਾਯਾ।
ਦਿਨ ਚੜ੍ਹਿਆ ਤੇ ਸਤੀਆਂ ਹੋਈਆਂ, ਨਾਲ ਉਹਦੇ ਦਸ ਯਾਰਾਂ
ਚਿਖਾ ਬਣਾਈ ਬਹੁਤੀ ਲੰਮੀ, ਪਾ ਚੰਦਨ ਦੀਆਂ ਭਾਰਾਂ।
ਚਾਣ ਬਿਬਾਨ ਮੁਸਾਹਬ ਰਲ ਕੇ। ਸਤੀਆਂ ਦੌਲਤ ਲੁੱਟੀ
ਚਾਂਦੀ ਸੋਨਾ ਮੋਹਾ ਰੁਪਯਾ, ਬਹੁਤ ਗ਼ਰੀਬਾਂ ਲੁੱਟੀ।
ਕਪੜਾ ਭਾਂਡਾ ਅੰਤ ਨ ਰਹਿਆ, ਜੋ ਬਖਸ਼ਿਆ ਮੁਹਤਾਜਾਂ
ਢੱਕਾਂ ਛੋੜਿ ਫਿਰੇ ਲੱਖ ਬੰਦੇ, ਹੋਰ ਲਨਾਵਨ ਬਾਜ਼ਾਂ।
ਖੜਕ ਸਿੰਘ ਫੜ ਲੱਖੂ ਲਹਯਾ, ਜੋ ਬੇਟਾ ਟਿਕਿਆਲਾਂ
ਕ੍ਰਿਆ ਕਰਮ ਸੱਭ ਕੁਝ ਕੀਤਾ, ਜਿਉਂ ਸ਼ਾਸਤ੍ਰ ਦਲ ਦਾਲਾ।

(ਪੰਜਾਬ ਰਉਸ਼ਨ ਕਿੱਸਾ (1859 ਈ., ਹੱਥ-ਲਿਖਤ
- ਇੰਡੀਆ ਆਫਿਸ ਲਾਇਬ੍ਰੇਰੀ ਲੰਡਨ)

(ਹੁਣ ਇਹ ਰਚਨਾ ਇਤਿਹਾਸਕ ਸਿੰਘ ਬ੍ਰਦਰਜ਼ ਅੰਮ੍ਰਿਤਸਰ ਵਲੋਂ 1998 ਵਿਚ ਪ੍ਰਕਾਸ਼ਤ ਕਰ ਦਿੱਤੀ ਗਈ ਹੈ।)

(ਓ)

ਸਮਕਾਲੀ ਹਿੰਦੀ ਕਵੀਆਂ ਦੀ ਨਜ਼ਰ ਵਿਚ
ਸ਼ੇਰਿ ਪੰਜਾਬ

1. ਪੂਰਨ ਸਿੰਘ ਦੂਲੇ ਰਣਜੀਤ ਸਿੰਘ

ਪ੍ਰਿਥਮੈ ਭਗਉਤੀ ਮੈਂ ਗਣੇਸ਼ ਕੇ ਮਨਾਊਂ ਆਦਿ
ਸਿਮਰੋਂ ਗੋਬਿੰਦ ਸਿੰਘ ਕਲੂ ਕੇ ਜ਼ਮਾਨੇ ਪੈ।
ਕਲਾ ਧਾਰ ਸਤਿਗੁਰ ਕੀ ਉਪਜਿਓ ਰਣਜੀਤ ਸਿੰਘ,
ਜੀਤਯੋ ਸਭ ਦੇਸ ਸੁਖ ਦੀਨੋ ਹਿੰਦਵਾਨੇ ਪੈ।
ਸ਼ੁਤਰਾਂ ਤੁਰੰਗ ਫੀਲ ਫਉਜਾਂ ਕੇ ਬਡੇ ਡੀਲ,
ਪਾਵਤ ਜਾਗੀਰਾਂ ਜ਼ਰ ਲੇਤ ਹੈਂ ਖਜ਼ਾਨੇ ਪੈ।
ਪੂਰਨ ਸਿੰਘ ਕੀ ਬਿਨੰਤੀ ਸੁਨ ਦੂਲੇ ਰਣਜੀਤ ਸਿੰਘ,
ਕਾਹੇ ਕੋ ਕਰਤ ਕੋਪ ਕਾਬਲੀ ਕੁਤਾਨੇ ਪੈ* ।੧।

ਜੀਤਿਓ ਮੁਲਤਾਨ ਮਲਕੇਰਾ ਕਸ਼ਮੀਰ ਜੀਤ,
ਭਾਜ ਗਇਓ ਫੱਤਾ + ਲਰਿਓ ਅਟਕ ਕੇ ਪਇਆਨੇ ਪੈ।
ਸਿੰਧ ਦੀਓ ਗਾਹਨ ਤੈਂ ਨੌਰੀ ਪਰ ਜੁੱਧ ਕੀਓ,
ਭਾਜਿਓ ਅਜ਼ੀਮ ਲਾਜ ਲਾਗੀ ਤੁਰਕਾਨੇ ਪੈ।
ਪਾਛੇ ਜਾਗੀਰੇ1 ਬੁਧ ਸਿੰਘ ਸਾਥ ਜੁਧ ਕੀਓ, 1ਜਹਾਂਗੀਰਾ ਕਿਲਾ
ਭਾਜੇ ਮੁਲਖਈਐ ਛੋਡ ਜਾਰਤਾਂ ਪਛਾਨੇ ਪੈ।
ਪੂਰਨ ਸਿੰਘ ਕੀ ਬਿਨੰਤੀ ਸੁਨ ਦੂਲੇ ਰਣਜੀਤ ਸਿੰਘ,
ਕਾਹੇ ਕੋ ਕਰਤ ਕੋਪ ਕਾਬਲੀ ਕੁਤਾਨੇ ਪੈ ।੨।

---

* ਕਾਬਲੀ ਕੁੱਤੇ ਦਾ ਸੰਕੇਤ ਹਮਲਾਵਰ ਪਠਾਣਾਂ ਵਲ ਹੈ। 1839 ਈ. ਦੇ ਸ਼ੁਰੂ ਵਿਚ ਸਿੱਖ ਫੌਜਾਂ ਤੇ ਅੰਗ੍ਰੇਜ਼ਾਂ ਰਲ ਕੇ ਕਾਬਲ ਕੰਧਾਰ ਤੇ ਕਬਜ਼ਾ ਕੀਤਾ ਤੇ ਸ਼ਾਹ ਸੁਜਾਅ ਨੂੰ ਗੱਦੀ ਤੇ ਬਿਠਾਇਆ ਸੀ + ਫਤਿਹ ਖ਼ਾਂ ਵਜ਼ੀਰ

ਜੀਤੇ ਪਹਾੜ ਸਭੀ ਰਾਜੇ ਜੁਹਾਰ ਕਰਤ,
ਦੇਵੀ ਦਇਆਲ ਭਈ ਕਾਂਗੜੇ ਦਿਵਾਨੇ ਪੈ।
ਕਈ ਲਾਖ ਦੇਸਨ ਕੇ ਟਕੇ ਚਲ ਆਵਤ ਹੈਂ,
ਪਾਵਤ ਲਾਹੌਰ ਧੁਜਾ ਝੂਲਤੀ ਖਜ਼ਾਨੇ ਪੈ
ਫੌਜਨ ਕੇ ਜ਼ੋਰ ਸੇਤੀ ਘੋੜੇ ਹਜ਼ਾਰ ਲੀਏ,
ਲੈਲੀ ਕਹਾਰ ਜੈਸੇ ਪਲੇ ਸਤਦਖਾਨੇ ਪੈ
ਪੂਰਨ ਸਿੰਘ ਕੀ ਬਿਨੰਤੀ ਸੁਨ ਦੂਲੇ ਰਣਜੀਤ ਸਿੰਘ,
ਕਾਹੇ ਕੋ ਕਰਤ ਕੋਪ ਕਾਬਲੀ ਕੁਤਾਨੇ ਪੈ । ੩ ।

ਖੜਕ ਸਿੰਘ ਦੂਲੇ ਸ਼ੇਰ ਸਿੰਘ ਚੜ੍ਹਿਓ ਫੌਜਨ ਮੈਂ,
ਜੀਤਿਓ ਸਭ ਦੇਸ ਜ਼ੋਰ ਦੀਹਿ ਪੈਂਦ ਖਾਨੇ ਪੈ।
ਜੇਤੇ ਮੁਲਖੀਏ ਸਭ ਆਇ ਮਿਲੇ ਡੇਰਨ ਮਹਿ,
ਮਾਰਿਓ ਖਲੀਫਾ ਤੇਗ ਚਲੀ ਜੁਧ ਖਾਨੇ ਪੈ।
ਸੁਨ ਕਰਿ ਸਿਰਕਾਰ ਲਊ ਸ਼ਹਰ ਮੈਂ ਨੌਰੋਜ਼ ਕੀਯੋ
ਦਾਗੀ ਲਖ ਤੋਪ ਰੋਬ ਦੀਨੀ ਸ਼ਾਦਿਆਨੇ ਪੈ।
ਪੂਰਨ ਸਿੰਘ ਕੀ ਬਿਨੰਤੀ ਸੁਨ ਦੂਲੋਂ ਰਣਜੀਤ ਸਿੰਘ,
ਕਾਹੇ ਕੋ ਕਰਤ ਕੋਪ ਕਾਬਲੀ ਕੁਤਾਨੇ ਪੈ । ੪ ।
ਅਟਕ ਕੋ ਬੰਧਾਇਓ ਪੁਲ ਚੜਿਓ ਨੌਨਿਹਾਲ ਸਿੰਘ,
ਜੀਤਿਓ ਪਿਸ਼ੌਰ ਫਿਰ ਜੁੱਧ ਕੇ ਸੀਆਨੇ ਪੈ।
ਜੇਤੇ ਮੁਸਾਹਿਬ ਸਭ ਤਾਇਆ ਸ਼ਹਿਜ਼ਾਦੇ ਕੀ,
ਪਾਇਓ ਸੁਮੇਰ ਗੜ੍ਹ ਵਾਹੀ ਕੇ ਟਿਕਾਨੇ ਪੈ।
ਮਿਚਨੀ, ਪੰਚਤਾਰਾ ਮੁਲਖਈਏ ਸਭ ਜੀਤ ਲਏ,
ਫਰਾਸੀਸ ਘੋੜ ਚੜ੍ਹੇ ਜੁਝਤੇ ਨਿਸ਼ਾਨੇ ਪੈ।
ਪੂਰਨ ਸਿੰਘ ਕੀ ਬਿਨੰਤੀ ਸੁਣ ਦੂਲੇ ਰਣਜੀਤ ਸਿੰਘ
ਕਾਹੇ ਕੋ ਕਰਤ ਕੋਪ ਕਾਬਲੀ ਕੁਤਾਨੇ ਪੈ । ੫ ।

ਬਾਨਵਾਸੀ ਸੰਮਤ ਫਿਰ ਆਇਓ ਦੋਸਤ ਮੁਹੰਮਦ,

ਉਨਸੋਂ ਰਲੀਏ ਗਾਜ਼ੀ ਲੰਘ ਖੈਬਰ ਗਲਾਨੇ ਪੈ।
ਸੁਨ ਕੇ ਸਿਰਕਾਰ ਹਜ਼ਾਰ ਸਿੰਘ ਸ਼ਾਥ ਲੀਏ,
ਪਹੁੰਚਿਓ ਪਿਸ਼ੌਰ ਚੜ੍ਹਿਓ ਜੇਠ ਕੇ ਤਪਾਨੇ ਪੈ।
ਤੀਨ ਦਿਨ ਡੇਰਾ ਤਿਸ ਤੁਰਕ ਨੇ ਮੁਕਾਮ ਕੀਆ,
ਭਾਜ ਗਇਆ ਗੀਦੀ ਤੇਰੇ ਤੇਜ ਕੇ ਡਰਾਨੇ ਪੈ।
ਪੂਰਨ ਸਿੰਘ ਕੀ ਬਿਨੰਤੀ ਸੁਣ ਦੂਲੇ ਰਣਜੀਤ ਸਿੰਘ,
ਕਾਹੇ ਕੌ ਕਰਤ ਕੋਪ ਕਾਬਲੀ ਕੁਤਾਨੇ ਪੈ । ੬ ।

ਤਾਪ ਤੇਤਲਾਕ ਸੇਤੀ ਲਗੇ ਕਈ ਲਾਖ ਸੀਸ,
ਹਾਰਿਓ ਨਮਿਡਾ ਜੀਤ ਬੈਠੇ ਹੈਂ ਦਿਸਾਨੇ ਪੈ।
ਖੈਬਰ ਜਲਾਲਾਬਾਦ ਕਾਬਲ ਥਰਰਾਟ ਪਰੀ,
ਗਜ਼ਨੀ ਕੰਧਾਰ ਧਮਕ ਲਾਗੀ ਐਰਾਨੇ ਪੈ।
ਰੂਮ ਸਾਮ ਬਲਖ ਤੇ ਬੁਖਾਰਾ ਡਰਪਾਤ ਭਏ,
ਕਾਂਪਿਓ ਮਖਿਆਲਾ ਧਾਂਕ ਪਰੀ ਕੁਰਸਾਨੇ ਪੈ।
ਪੂਰਨ ਸਿੰਘ ਕੀ ਬਿਨੰਤੀ ਸੁਨ ਦੂਲੋ ਰਣਜੀਤ ਸਿੰਘ,
ਕਾਹੇ ਕੌ ਕਰਤ ਕੋਪ ਕਾਬਲੀ ਕੁਤਾਨੇ ਪੈ । ੭ ।

ਕਈ ਲਾਖ ਮਾਇਆ ਫਿਰ ਦੀਨੀ ਸਿੰਘ ਫੌਜਨ ਕੋ,
ਕਈ ਲਾਖ ਬਾਂਟ ਦਈ ਪੁੰਨ ਕੇ ਸਮਿਆਨੇ ਪੈ।
ਜੀਤ ਬੀਰ ਖੇਤ ਦੂਲੋ ਫੌਜਨ ਕੇ ਸਾਥ ਚੜਿਓ,
ਮਿਲਿਓ ਨਉਨਿਹਾਲ ਸਿੰਘ ਜਸ ਹੂ ਕੇ ਗਾਨੇ ਪੈ।
ਆਸਾ ਮਨ ਦਰਸਨ ਕੀ ਚਲੀਐ ਅੰਮ੍ਰਿਤਸਰ,
ਝੂਲਤੇ ਨਿਸ਼ਾਨ ਜਸ ਕੇ ਬਾਜਤੇ ਦਮਾਮੇ ਪੈ।
ਪੂਰਨ ਸਿੰਘ ਕੀ ਬਿਨੰਤੀ ਸੁਨ ਦੂਲੇ ਰਣਜੀਤ ਸਿੰਘ,
ਕਾਹੇ ਕੌ ਕਰਤ ਕੋਪ ਕਾਬਲੀ ਕੁਤਾਨੇ ਪੈ । ੮ ।

ਹੋਰ ਸ਼ਹਰ ਲਹਰ ਬਹਰ ਗੁਡ ਪਿਸ਼ੌਰ ਸ਼ਹਰ,

ਚਮਕਨੀ ਚਾਕ ਭਈ ਮੇਵਾ ਕੀ ਮਿਕਾਨ ਪੈ।
ਪੰਥ ਕੇ ਕਲੇਸ ਸਭੈ ਕਾਟ ਹਨੇ ਸੀਂਗਾਰ ਨ,
ਬਹੁਤ ਭਈ ਭਾਰੀ ਫਿਰ ਕਾਬਲੀ ਤੁਰਕਾਨ ਪੈ।
ਫਰਾਂਸੀਸ ਬਦਲੀ ਅਰ ਕਾਂਪੂ ਪਿਸ਼ੌਰ ਗਯੋ,
ਸ਼ੇਰ ਸਿੰਘ ਦੂਲੇ ਰਹਯੋ ਕਾਬਲ ਕੇ ਠਾਨੇ ਪੈ।
ਪੰਥ ਕਾ ਸਹਾਈ ਸੱਚਾ ਸਾਹਿਬ ਗੋਬਿੰਦ ਸਿੰਘ,
ਦਾਸ ਕੀ ਬਿਨੰਤੀ ਸਦਾ ਰਹੈ ਮਿਹਰਵਾਨੈਂ ਪੈ । ੯ ।

੨. ਗਣੇਸ਼ਦਾਸ ਪਿੰਗਲ -

ਆਪਨ ਰੂਪ ਦਿਓ ਕਰਤਾਰ ਤੇ ਕੋਇ ਕਿਸੀ ਤੇ ਨ ਘਾਟ ਕਹਾਵੈਂ
ਆਪਨ ਆਪ ਕਰੇ ਮਿਲ ਰਾਰ, ਮਲੇਛਨ ਸੰਗਨ ਜੰਗ ਮਚਾਵੈਂ
ਤਿੰਹ ਤੇ ਗੁਰ ਆਪ ਬੀਚਾਰ ਕੀਓ, ਸਭ ਸਿੰਘਨ ਕੋ ਪਤਿ ਏਕ ਬਨਾਵੈਂ
ਰਣਜੀਤ ਮ੍ਰਿਗਿੰਦ੍ਰ ਭਇਓ ਤਬਹੀ, ਤਹਿਂ ਛਤ੍ਰ ਦੀਓ ਕਰਤਾਰ ਸੋ ਭਾਵੈ।੫।

ਦੋਹਰਾ

ਚੜ੍ਹਤ ਸਿੰਘ ਨਾਤੀ ਭਯੋ, ਮਹਾਂ ਸਿੰਘ ਕੋ ਨੰਦ
ਛਤ੍ਰ ਦੀਓ ਕਰਤਾਰ ਨੇ, ਸਰਬ ਸੁਖਨ ਕੋ ਕੰਦ । ੬ ।

....

ਦੁਸ਼ਟ ਬਿਦਾਰਨ ਕੋ ਲੀਨੇ ਅਵਤਾਰ ਆਪ
ਕ੍ਰਿਸ਼ਨ ਸਰੂਪ ਹ੍ਵੈ ਕੇ, ਅਨਿਕ ਦੈਂਤ ਘਾਏ ਹੈਂ
ਤੈਸੇ ਰਣਜੀਤ ਸਿੰਘ, ਤੁਰਕ ਸੰਘਾਰਨ ਕੇ,
ਕਲੂ ਕੇ ਪ੍ਰਮਾਨ ਜਾਨ ਆਪ ਰੂਪ ਆਏ ਹੈਂ । ੧੨ ।

.... (ਮੁਲਤਾਨ ਜੁਧ

ਚੜ੍ਹਿਓ ਰਣਜੀਤ ਸਿੰਘ ਹਿੰਦੂਓਂ ਕਾ ਪਾਤਸਾਹ
ਆਪ ਕਰਤਾਰ ਅਵਤਾਰ ਧਾਰ ਆਇਕੇ
ਸਾਥ ਉਮਰਾਉ ਬੀਰ, ਚੜ੍ਹੇ ਸਭ ਧਾਰਿ ਧੀਰ
ਕਰਕੈ ਦੁਸਹਿਰਾ ਸੁਰਿਦੇ ਹਰ ਧਾਇ ਹੈ।

ਗੋਬਿੰਦ ਸਿੰਘ ਆਪ ਦੀਨੋ ਬਡੇ ਪਰਤਾਪ,
ਰਣਜੀਤ ਸਿੰਘ ਬਾਪ ਜੋਤ ਆਪਨੀ ਸੁ ਪਾਇਕੈ।
ਪ੍ਰਿਥਮ ਪੰਜਾਬ ਜੀਤ ਨੀਤਿ ਮੈਂ ਪ੍ਰਬੀਨ ਭਏ,
ਕਾਂਗੜੇ ਕਾ ਕੋਟ ਦੇਵੀ ਦੀਓ ਹਰਖਾਇਕੈ।
ਅਟਕ ਪਟਕ ਦੈ ਸੁ ਲੀਨੀ ਦੇਰ ਕੀਨੀ ਨਾਹਿ,
ਮਾਰ ਮੁਲਤਾਨ ਕਸ਼ਮੀਰ ਲੀਆ ਧਾਇ ਕੈ।
ਪਾਛੈ ਕਰੀ ਦੌਰ ਸੁ ਪਸ਼ੌਰ ਮਾਰ ਲਏ ਹਏ,
ਅਬ ਚੜ੍ਹੇ ਸਭ ਸਿੰਘ ਮਨ ਖੁਨਸਾਇਕੇ । ੪ ।

(ਪਿਸ਼ੌਰ ਜੁਧ)

(ਫਤਿਹਨਾਮਾ ਗੁਰੂ ਖਾਲਸਾ ਜੀ ਕਾ)

ਗ੍ਵਾਲ ਕਵਿ -
ਜਯੋਂ ਜਯੋਂ ਬੈਸ ਬਾਢੇ ਤਯੋਂ ਤਯੋਂ ਬਢਤ ਪ੍ਰਤਾਪ ਆਵੈ
ਪਿਤੁ ਹੀ ਕੇ ਆਗੇ ਕਿਤੇ ਮਾਰੇ ਦੁਸ਼ਟ ਗ੍ਰਾਹ ਸੇ
ਆਸ ਪਾਸ ਕੇਯਨ ਨਰਿੰਦਨ ਕੇ ਬ੍ਰਿੰਦ ਹੁਤੇ
ਤਿਨੈ ਫੰਦ ਡਾਰ ਕੀਏ ਬੰਦ ਹਰ ਰਾਹ ਤੇ
ਗ੍ਵਾਲ ਕਵਿ ਕਹੈ ਮਹਾਂ ਸਿੰਘ ਕੇ ਸਪੂਤ ਪੂਤ
ਰਣਜੀਤ ਸਿੰਘ ਆਮ ਹੂਏ ਵਾਹ ਵਾਹ ਸੇ
ਜਹਾਂ ਜਹਾਂ ਜਸ ਕੀ ਖਟਾਈ ਕੀ ਅਵਾਈ ਧਾਈ
ਤਹਾਂ ਤਹਾਂ ਸ਼ਤਰੁ ਫਾਟੇ ਦੂਧ ਕੇ ਕੜਾਹ ਸੇ । ੯ ।

ਕਾਬਲ ਮੈਂ ਕਈ ਵੇਰ ਕਤਲ ਕਰੇਯਾ ਆਏ
ਅਤਲ ਹੂੰ ਹਾਲਯੋ ਚਾਲਯੋ ਯਹ ਦੇਵ ! ਕਾ ਕਰੀ
ਦਿਲੀ ਕੇ ਚੁਗੱਤਾ ਕੱਤਾ ਬਾਂਧ ਬਾਂਧ ਆਏ ਪਰ
ਕਾਹੂੰ ਮੈਂ ਨ ਭਏ ਸਰ ਸਭ ਕੀ ਨਿਸਾ ਕਰੀ
ਗ੍ਵਾਲ ਕਵਿ ਕਹੈ ਮਹਾਰਾਜੇ ਰਣਜੀਤ ਸਿੰਘ
ਤਿਨ ਕੋ ਸਹਿਜ ਜੀਤਿ ਜੀਤਿ ਕੈ ਕ੍ਰਿਪਾ ਕਰੀ
ਠਾਕੁਰੀ ਨ ਕਾਹੂੰ ਕੀ ਰਹਨ ਦੀਨੀ ਪਰਬਤ ਮੈਂ

ਬਾਈਸ ਹੂੰ ਧਾਰ ਤੇ ਕਰਾਈ ਨਿਤ ਚਾਕਰੀ । ੧੦ ।

ਮਹਾਰਾਜ ਰਾਜਨ ਕੇ ਬੀਰ ਰਣਜੀਤ ਸਿੰਘ !
ਪ੍ਰਥਮ ਪੰਜਾਬੀ ਔ ਪਹਾੜੀ ਜੀਤੇ ਸਗਰੇ
ਅਟਕ ਪਿਸ਼ੌਰ ਕਸ਼ਮੀਰ ਮਨਕੇਰਾ ਅਰੁ
ਮਾਰੀ ਮੁਲਤਾਨ ਕੀਏ ਸਭ ਡਗਮਗ ਰੇ
ਗ੍ਵਾਲ ਕਵਿ ਕਹੈ ਨਵਾਬਨ ਬੇਆਬ ਕਿਯੇ
ਮੌਤ ਸੌਂ ਖਰਾਬ ਕੀਏ ਲਾਖਨ ਸੌਂ ਅਗਰੇ
ਜਾਰ ਦੀਏ ਫਾਰ ਦੀਏ, ਜਲ ਹੂੰ ਮੈਂ ਡਾਰ ਦੀਏ
ਭਾਂਤਿ ਭਾਂਤਿ ਮਾਰ ਦੀਏ, ਜੋ ਮਲੇਛ ਸਗਰੇ । ੧੧ ।

ਦੋਹਰਾ

'ਬਾਦਸ਼ਾਹ' ਸੰਗਯਾ ਪ੍ਰਸਿਧ, ਭਈ ਜਗਤ ਸਭ ਠੌਰ
ਜਾਂ ਕੇ ਸੌਹੀ ਜੰਗ ਕੇ, ਰਹਯੋ ਨ ਦੂਸਰ ਔਰ । ੧੨ ।

ਖ਼ੈਬਰ ਤੇ ਜੋ ਪਰ ਰਹੈਂ, ਕਾ ਨਵਾਬ ਕਾ ਸ਼ਾਹ
ਤਿਨ ਕੀ ਨਾਰੀ ਯੋਂ ਕਹੈਂ, 'ਸੁਨੋ ਹਮਾਰੇ ਨਾਹ । ੧੩ ।

ਕਬਿਤ

ਸ਼ੇਰਨ ਪੈ ਜਾਨੇ ਸ਼ਮਸ਼ੇਰ ਘਾਲਿਯਾ ਹੈਂ ਵਹੀ
ਰਣਜੀਤ ਸਿੰਘ ਜੂ ਕੀ ਫੌਜ ਆਵੈਂ ਚਾਲੀਆਂ
ਕਾਲੀਆਂ ਅਕਾਲੀਆਂ ਕੀ ਪੰਤਿ ਦੂਰ ਦੀਸੈ ਕੰਤ
ਜਾਂਯਗੀ ਸਮ੍ਹਾਲੀਆਂ ਨ ਫੇਰ ਤਤਕਾਲੀਆਂ
ਗ੍ਵਾਲ ਕਵਿ ਚਾਹਤ ਖੁਸ਼ਾਲੀਆਂ ਬਿਸਾਲੀਆਂ ਜੇ
ਰਾਖਨੀ ਹੈ ਮੁਖ ਪਰ ਲਾਲੀਆਂ ਬਹਾਲੀਆਂ
ਮੇਵਨ ਕੀ ਥਾਲੀਆਂ ਤੁਰੰਗਨ ਕੀ ਪਾਲੀਆਂ ਲੈ,
ਮਿਲੌ ਮੁਕਤਾਲੀਆਂ ਦੈ ਨਜ਼ਰ ਉਤਾਲੀਆਂ । ੧੪ ।

4. ਅਗਿਆਤ ਕਵੀ -

ਕਸ ਕੈ ਕਮਰ ਤੂਨ ਆਵੈ ਕੋ ਸਮਰ ਖੇਤ,
ਕਸਿ ਕਸਿ ਪਰੀ ਸੁਨਿ ਧਮਕ ਨਿਸ਼ਾਨਾ ਕੀ।
ਰੂਮ ਮੈਂ ਪਰੀ ਹੈ ਧੂਮ ਧਾਮ ਸਿਰਸਾਮ ਭਈ,
ਭਾਗੀ ਬਾਮ ਧਾਮ ਤੇ ਮੁਗਲੀ ਮੁਗਲਾਨਾ ਕੀ।
ਗਜ਼ਨੀ ਮੈਂ ਰਜਨੀ ਪੈ ਸਜਨੀ ਸੰਭਾਰੇ ਕੌਨ,
ਭਜਨੀ ਪਰੀ ਹੈ ਸੁਧਿ ਨਾਹਿ ਖਾਨ ਪਾਨਾ ਕੀ।
ਤੇਰੇ ਡਰਿ ਮਹਾਰਾਜ ਰਾਜਾ ਰਣਜੀਤ ਸਿੰਘ !
ਤਾਰ ਤਾਰ ਟੂਟੀ ਹੈ ਤੈਮੂਰ ਕੇ ਘਰਾਨਾ ਕੀ।

5. ਅਗਿਆਤ ਕਵੀ -

ਚਢਯੋ ਲੈ ਕਟਕ ਦੇਖ ਥਾਹ ਭਯੋ ਅਟਕ ਨਦ,
ਕਟਕ ਝਟਕ ਲੰਘ ਜਾਇ ਜੰਗ ਜੁਰ ਗੋ।
ਜੀਤ ਕੈ ਪਿਸ਼ੌਰ ਠੌਰ ਠੌਰ ਨਿਜ ਥਾਨੇ ਕੀਏ,
ਦੌਰਿ ਕੈ ਮਲੇਛ ਮਾਰੇ ਜੁਧ ਤੇ ਨ ਮੁਰ ਗੋ।
ਖੀਸ ਖੁਰਾਸਾਨੀ ਕੀਏ ਮਾਰੇ ਮੁਲਤਾਨੀ ਆਇ,
ਜੀਤੀ ਰਾਜਧਾਨੀ ਰੰਗ ਸੰਭ ਕੇ ਨਿਚੁਰ ਗੋ।
ਰਾਜੇ ਰਣਜੀਤ ਸਿੰਘ ਦੀਨੀ ਬਿਪ੍ਰ ਧਰਾ ਜੀਤ,
ਦੇਖ ਦਾਨ ਰੀਤਿ ਦੇਵ ਦ੍ਰੁਮ ਨਾਕ ਦੂਰ ਗੋ।

6. ਸ਼ਿਵਦਿਆਲ -

ਗਿਲਜੇ ਕੌ ਮਾਸ ਮੁਖ ਗੀਧ ਲੈ ਉਡਾਏ ਜਾਤ,
ਪ੍ਰੇਤ ਹੂੰ ਪਠਾਨਨ ਕੇ ਪੇਟ ਫਾਰੇ ਪਟ ਪਟ।
ਖੇਤ ਮੈਂ ਖਬੀਸ ਖੁਰਾਸਾਨਨ ਕੋ ਖਾਇ ਖਾਇ।
ਹਾਡ ਦੰਤ ਤਰੇ ਪਰੈਂ ਨਾਦ ਹੋਤ ਖਟ ਖਟ।
ਕਹੈ ਸ਼ਿਵਦਯਾਲ ਮਹਾਰਾਜ ਰਣਜੀਤ ਸਿੰਘ,
ਕਾਲਕਾ ਅਸੀਸ ਦੇਤ 'ਜਿਜੇ ਵਿਜੇ ਝਟ ਪਟ'।
ਡਾਕਿਨੀ ਔ ਸਾਕਨੀ ਪਿਸ਼ਾਚਨੀ ਅਘਾਨੀ ਘਨੀ,
ਲੋਹੂ ਪੀਵੈਂ ਜੋਗਨੀ ਗਰੇ ਮੈਂ ਹੋਤ ਗਟ ਗਟ।

7. ਗੰਗਾਧਰ -

ਪਾਰਥ1 ਮਚਾਯੋ ਮਹਾ ਪਾਰਥ ਭਰਥ ਪੁਰ — 1 ਅਰਜਨ
ਭਿਰੇ ਭਟ ਧੂਪ ਭੀਮ ਸੈਨਾ ਸੇ ਸਜਤ ਹੈਂ।
ਗੰਗਾਧਰ ਕਹੈ ਸ਼ਮਸ਼ੇਰਨ ਕੀ ਝੜਾ ਝੜੀ,
ਤੁੜਾ ਤੜੀ ਤੋਪਨ ਕੀ ਗੋਲਾ ਜੌਂ ਗਜਤ ਹੈਂ।
ਜੈ ਟਕਰੇ ਠਟ ਗਿਰੇ ਗੋਰਟਾ ਗਰਟਿ ਭਏ,
ਦੋਊ ਲਟ ਪਟ ਰਣ ਖੰਭ ਨ ਤਜਤ ਹੈਂ।
ਫਿਰਕਾ ਫਿਰੰਗਿਨ ਕੇ ਫਾਰ ਕੇ ਫਕੂਹੇ ਕਰੇ,
ਜੀਤ ਕੇ ਨਗਾਰੇ ਰਣਜੀਤ ਕੇ ਬਜਤ ਹੈਂ।

8. ਮੇਘ ਸਿੰਘ -

ਤਾਂਹਿ ਨਗਰ ਕੇ ਨ੍ਰਿਪਤ ਜੋ, ਸ੍ਰੀ ਰਣਜੀਤ ਮ੍ਰਿਗੇਸ਼,
ਜਾਂਕੇ ਦੇਸ ਬਿਦੇਸ ਕੇ, ਭੇਟਤ ਭੇਟ ਨਰੇਸ਼। ੩੦ ।
ਰੰਕਨ ਕੇ ਰਾਜਾ ਕਰੇ, ਰਾਜਨ ਕੋ ਕਰ ਰੰਕ।
ਸ੍ਰੀ ਰਣਜੀਤ ਮ੍ਰਿਗੇਸ਼ ਨ੍ਰਿਪ, ਭਯੋ ਛਤ੍ਰਪਤਿ ਬੰਕ । ੩੧ ।

ਕਬਿਤ - ਕਰਣ ਮਰੁਤ, ਹਰਿਚੰਦ ਬਲਿ ਦਾਨੀ ਭਏ,
ਅਜ ਕੀ ਕਹਾਨੀ ਮਨ ਦਾਨ-ਪਨ ਮੋਰੇ ਨਾ।
ਸ਼ਿਵ ਔ ਦਧੀਚਿ ਮੋਰਧੁਜ ਦੇਹ ਦਾਨ ਦੀਨੇ,
ਬਿਕ੍ਰਮ ਔ ਭੋਜ ਨ੍ਰਿਪ ਜੱਗ ਜਸ ਬੋਰੇ ਨਾ।
ਕਹੈ ਮੇਘ ਸਿੰਘ ਦਾਨ ਬੀਰ ਅਬ ਨਯੇ ਭਯੇ,
ਕਾਂਪਤ ਕੁਬੇਰ ਮੇਰੁ ਇੰਦ੍ਰ ਤਾਸ ਤੋਰੇ ਨਾ।
ਰਾਜਾ ਰਣਜੀਤ ਸਿੰਘ ਜੂ ਕੇ ਅਸ੍ਵਦਾਨ ਦੇਖ,
ਧਾਂਹੀ ਤੇ ਕਿਕਾਨ ਭਾਨੁ ਸਯੰਦਨ ਤੇ ਛੋਰੇ ਨਾ ।

(ਬ੍ਰਿਜਰਾਜ ਵਿਨੋਦ)

9. ਪਦਮਾਕਰ (1753 - 1833 ਈ.)

ਕਬਿੱਤ - ਦਾਹਨ ਤੇ ਦੂਨੀ ਤੇਗ, ਤਿੱਗਨੀ ਤ੍ਰਿਸ਼ੂਲ ਹੂੰ ਤੇ
ਚਿਲਨਾ ਤੇ ਚਉਗਨੀ ਚਲਾਕ ਚੱਕ੍ਰ ਚਾਲੀ ਤੈਂ।

ਕਹੈ ਪਦਮਾਕਰ ਮਹੀਪ ਰਣਜੀਤ ਸਿੰਘ।
ਐਸੀ ਸ਼ਮਸ਼ੇਰ ਸ਼ੇਰ ਸ਼ਤ੍ਰੁਨ ਪੈ ਘਾਲੀ ਤੈਂ।
ਪਵਨ ਤੇ ਪੰਚ ਔ ਪਚੀਸ ਗੁਨੀ ਪਾਵਕ ਤੇ
ਪ੍ਰਗਟ ਪਚਾਸ ਗੁਨ, ਪਰਲੈ ਕੀ ਪ੍ਰਨਾਲੀ ਹੈ।
ਸਾਂਪਨਿ ਤੇ ਸਉਗੁਨੀ, ਸਹੰਸ ਗੁਨੀ ਸ਼ੇਸ ਹੂੰਤੇ
ਲਾਖ ਗੁਨੀ ਲੂਕ ਤੇ, ਕਰੋਰ ਗੁਨੀ ਕਾਲੀ ਹੈ।

10. ਸੌਧਾ ਸਿੰਘ -

ਰਣਜੀਤ ਸਿੰਘ ਭੂਪਾਲ ਕਾ, ਅਸਥਿਰ ਹੋਵੈ ਰਾਜ
ਇਹੈ ਭਾਵਨੀ ਦਾਸ ਕੀ, ਸੰਵਰਹਿ ਤਾਂਕੇ ਕਾਜ । ੯ ।
ਜਬ ਲਉ ਅਸਥਿਰ ਜਗਤ ਮਹਿ, ਗੰਗ ਜਮਨ ਕੇ ਨੀਰ
ਤਬ ਲਉ ਤਾਂਕੇ ਰਾਜ ਕੌਂ, ਰਾਖੈ ਸ੍ਰੀ ਰਘੁਬੀਰ । ੧੦ ।

(ਹਾਤਿਮਨਾਮਾ) (1808)

11. ਬੁਧ ਸਿੰਘ -

ਸ੍ਰੀ ਗੁਰੂ ਗੋਬਿੰਦ ਸਿੰਘ ਪ੍ਰਤਾਪ। ਰਾਜ ਖਾਲਸੇ ਲਹਯੋ ਅਮਾਪ।
ਮਹਾਂ ਸਿੰਘ ਨ੍ਰਿਪਵਰ ਗ੍ਰਿਹਿ ਨੰਦ। ਪ੍ਰਗਟਯੋ ਉਦਧਿ ਸਦਨ ਜਯੋ ਚੰਦ।
ਸ੍ਰੀ ਰਣਜੀਤ ਸਿੰਘ ਜੂ ਨਾਮ। ਜਹ ਜਗ ਜੀਤ ਕਰਯੋ ਸੁ ਗੁਲਾਮ।
ਲਵਪੁਰ ਮਹਿੰ ਜਾ ਕੀ ਰਾਜਧਾਨੀ। ਤੇਜਵੰਤ ਬਲਵੰਤ ਮਹਾਨੀ। ੫੭।

ਦੋਹਰਾ

ਤਾਂ ਨ੍ਰਿਪ ਮੋਹਿ ਬੁਲਾਇਕੇ, ਕੀਨੋ ਬਹੁ ਸਨਮਾਨ
ਰਾਜਨੀਤਿ ਕੀ ਪ੍ਰੀਤਿ ਜਬ, ਚੀਤ ਚਹੀ ਅਤਿ ਮਾਨ।
ਕਹਾ ਸੁਖਨ ਸੁਖ ਸੌਂ ਬਿਗਸਾਇ, ਸਭਾ ਸੁਭਗ ਜਹਿੰ ਰਹੀ ਸੁਹਾਇ।
'ਬੁਧਿ ਬਾਰਧਿ' ਜੁ ਨੀਤਿ ਕਹਾਵਤ। ਕਵਿਕੁਲ ਜਾਂਕੀ ਕੀਰਤਿ ਗਾਵਤ।
ਨਾਮ 'ਅੱਯਾਰ ਦਾਨਸ਼ਹਿ' ਜਾਸੁ। ਸੋ ਭਾਖਾ ਅਬ ਕਰੌ ਸੁ ਰਾਸੁ।
ਸੁਨ ਨ੍ਰਿਪ ਬੈਨ ਐਨ ਰਿਤ ਧਾਰਿ। ਭਾਖਾ ਤਾਂਕੀ ਕਰੀ ਸਵਾਰਿ।
ਦੋਹਾ ਅਰ ਚੌਪਈ ਬਨਾਈ। ਹੁਤੀ ਫਾਰਸੀ ਮਹਿੰ ਜੋ ਭਾਈ।

(ਬੁਧਿ ਬਾਰਧਿ)

12. ਸੰਤ ਨਿਹਾਲ ਸਿੰਘ ਬੁੰਗਾ ਸੋਹਲਾਂ -

ਹਯ ਗਯ ਪਾਯਕ ਕੋਸ਼ ਗਢ, ਮੰਤ੍ਰੀ ਸੂਰ ਰੁ ਦੇਸ਼,
ਦਾਨ ਮਾਨ ਹਰਿ ਧਯਾਨ ਯੁਤ, ਸ੍ਰੀ ਰਣਜੀਤ ਮ੍ਰਿਗੇਸ਼ । ੯੦।
ਸ੍ਰੀ ਰਣਜੀਤ ਮ੍ਰਿਗੇਸ਼ ਨ੍ਰਿਪ, ਬਯੰਤ ਸਮਰ ਰਣਜੀਤ,
ਸਫਲ ਕਰਯੋ ਨਿਜ ਨਾਮ ਕਊ, ਪਿਖ ਮ੍ਰਿਗ ਰਿਪੁ ਹ੍ਵੈਂ ਭੀਤ । ੯੧।
ਅਤਿ ਪ੍ਰਤਾਪ ਕਹਿ ਲੌਂ ਕਹੈ, ਸਭ ਨ੍ਰਿਪ ਨਜ਼ਰੈਂ ਦੇਤ
ਭੂਲੀ ਹੰਸਨ ਪਾਂਤਿ ਜਨੁ, ਅਸ ਫੈਲਯੋ ਜਸ ਸ੍ਵੇਤ । ੯੨।
ਨੈਨੀਂ ਨਿਰਖਯੋ ਬਹੁਤ ਹਮ, ਸ੍ਰੀ ਰਣਜੀਤ ਮ੍ਰਿਗੇਸ਼
ਬਡੇ ਚਤੁਰ ਅੰਗਰੇਜ਼ ਹਿਤ, ਰਾਖਤ ਹੁਤੇ ਵਿਸ਼ੇਸ਼ । ੯੩।
ਬਹੁ ਚਿਰ ਭੋਗਯੋ ਰਾਜ ਤਿਨ, ਅੰਤ ਸਮੇਂ ਯੌਂ ਕੀਨ
ਗੁਰ ਗੋਬਿੰਦ ਮ੍ਰਿਗਿੰਦ ਬਚ, ਉਰ ਘਰ ਨਿਜ ਪਦ ਲੀਨ । ੯੪।

(ਭਵਸਾਗਰ ਸੇਤੁ ਗ੍ਰੰਥ)

13. ਸਾਹਿਬ ਸਿੰਘ ਮ੍ਰਿਗਿੰਦ -

ਸਵੈਯਾ - ਛੇਦਿ ਛਿਤੀਸ ਛਿਨਾਇ ਸਭੇ, ਛਿੜ ਛਤ੍ਰ ਲੈ ਅਪਨੇ ਸੀਸ ਤਨਾਯੇ।
ਪਾਲ ਪ੍ਰਜਾ ਰਿਪੁ ਸਾਲ ਬਡੇ, ਬਹੁ ਰਾਜ ਕਿਯੇ ਬਹੁਤੇ ਸੁਖ ਪਾਯੇ।
ਦੇਸ ਕਿਯੇ ਅਪਨੇ ਬਲ ਤੇ ਬਸ ਹੈ, ਜਸ ਜਾਇ ਤਿਹੂੰ ਪੁਰ ਛਾਯੇ।
ਦਾਨ ਕ੍ਰਿਪਾਨ ਉਦਾਰ ਬਡੇ, ਪ੍ਰਣ ਪੂਰਨ ਸੂਰ ਪ੍ਰਤਾਪ ਸੁਹਾਯੇ।੭।

ਚੌਪਈ

ਗਿਰਵਰ ਸਕਲ ਜੀਤ ਬਸ ਕੀਨੇ। ਜੀਤ ਦੇਸਪਤਿ ਕੀਨ ਅਧੀਨੇ
'ਜੰਬੂ ਗਿਰਿ ਕਸ਼ਮੀਰ ਪਿਸ਼ੌਰਾ। ਕੁੱਲੂ ਕਾਂਗੜਾ ਗੜ੍ਹ ਸਿਰਮੌਰਾ । ੮।
ਗੜ੍ਹ ਮੁਲਤਾਨ ਅਵਰ ਮਲਕੇਰਾ। ਬੰਨੂ ਟਾਂਕ ਮੁਲਖ ਸਭ ਘੇਰਾ।
ਸਤਦ੍ਰਵ ਬਯਾਸ ਰੰਗ ਐਰਾਵਤਿ। ਜੇਹਲਮ, ਅਟਕ, ਝਨਾਊ ਸੁਹਾਵਤ।੯।
ਪੰਚ ਮਹਾਂਨਦ ਬਹੁਤ ਸੁ ਪਾਵਨ। ਪੰਜਾਬ ਦੇਸ ਜਾਂ ਤੇ ਸੁਖਦਾਵਨ
ਸੁਖ ਭਰ ਰਾਜ ਕਰਤ ਭਯੋ ਰਾਜਾ। ਅਨਿਕ ਭਾਂਤ ਗ੍ਰਿਹ ਬਢਯੋ ਸਮਾਜਾ ।੧੦।

(ਰਾਣੀ ਰਾਜੇਂਦਰਮਤੀ ਚਰਿਤ੍ਰ)

14. ਕਾਨ੍ਹ ਸਿੰਘ ਬੰਗਾ -

ਜਗਾ ਬੀਚ ਸਿੰਘਨ ਕੇ ਪੰਜਾਬ ਮੈਂ

ਜਿਸੇ ਦੇਖ ਖੁਰਸ਼ੀਦ[1] ਨ ਤਾਬ ਮੇਂ । ੨੫ ।

ਮਹਾਰਾਜ ਜੰਗੀ ਬਹਾਦੁਰ ਹੂਆ
ਉਸੇ ਸਾਥ ਲੜਨੇ ਕੋ ਨ ਥਾ ਦੂਆ । ੨੬ ।
ਮਹਾਰਾਜ ਰਣਜੀਤ ਸਿੰਘ ਥਾ ਨਾਮ
ਰਖੇ ਖ਼ੌਫ ਖਾਲਕ ਕਾ ਦਿਲ ਮੈਂ ਤਮਾਮ । ੨੭ ।
ਅੱਵਲ ਉਨ ਨੇ ਲਾਹੌਰ ਲੀਨਾ ਲਪਟ
ਲੀਆ ਕਾਂਗੜਾ ਕੋਟ ਉਸ ਪਰ ਝਪਟ । ੨੮ ।
ਲੈ ਮਨਕੇਰਾ ਔ ਕਸ਼ਮੀਰ ਉਨ ਲੀਆ
ਜਲਦ ਬੀਚ ਮੁਲਤਾਨ ਥਾਨਾ ਕੀਆ । ੨੯ ।
ਲੀਆ ਪਲ ਮੇਂ ਪਿਸ਼ੌਰ ਗਿਲਜਾ ਜਿਤੇ
ਕਿਤੇ ਪਰਬਤੀ ਕੂਟ ਕੀਨੇ ਫਤੇ । ੩੦ ।
ਜਿਤੇ ਥੇ ਹੁਕਮ ਹਰ ਜ਼ਬਾਂ ਯਕ ਕਰੇ
ਨਹੀਂ ਔਰ ਕੇ ਛਤ੍ਰ ਚਾਮਰ ਢਰੇ । ੩੧ ।
ਕੀਏ ਜ਼ੇਰ ਜਿਤਨੇ ਮੁਲਕਿ ਸਾਹਿਬਾਂ
ਗੁਰੂ ਕੇ ਕਦਮ ਬੀਚ ਹਰ ਵਕਤ ਜਾਂ । ੩੨ ।
ਹੁਕਮ ਗ੍ਰੰਥ ਸਾਹਿਬ ਕਾ ਜੈਸੇ ਚਲੈ
ਚਲੇ ਉਸਕੇ ਊਪਰ ਨ ਦਮ ਭਰ ਟਲੇ । ੩੩ । (ਜੰਗਨਾਮਾ)

[1] ਸੂਰਜ

15. ਅਗਿਆਤ ਕਵੀ

ਆਗ ਬਨ ਸਿੰਘ ਰਣਜੀਤ ਚਢਹੈਂ ਜੋ ਕੋਪ ਕਰ,
ਛੂਟੈਂਗੇ ਗਰਬ ਸਭ ਭੂਪ ਮਦਮੱਤਾ ਕੇ।
ਦੱਛਨ ਕੀ ਕਹਾਂ ਜਹਾਂ ਜੱਛ ਰੱਛ ਲੱਛਪਤਿ,
ਮੇਰੁ ਫਨਪਤਿ ਸਮ ਕਾਂਪੈ ਬਨ ਪੱਤਾ ਕੇ।
ਤਜੇ ਧਰਾ ਧੀਰ ਸੁਰ ਕੱਛਪ ਚਕਿਤ ਹੋਤ,
ਨਦੀ ਨੀਰ ਕੀਰ ਲਖ ਡਰੇ ਸਿੰਧੁ ਸੱਤਾ ਕੇ।
ਦੁੱਜਨ ਕੋ ਮਾਰ ਬੈਠਿ ਹਿੰਦ ਕੇ ਸਿੰਘਾਸਨ ਪੈ,
ਗਾਡੈਂਗੇ ਨਿਸ਼ਾਨ ਸਿੰਘ ਬੀਚ ਕਲਕੱਤਾ ਕੇ।

ਕਬਿਤ ਲੇਲੀ ਕੋ -

ਸ੍ਰੀ ਗੁਰੂ ਗੋਬਿੰਦ ਸਿੰਘ ਪਗਨ ਪ੍ਰਤਾਪ ਪਾਇ
ਰਾਜਯੋ ਰਣਜੀਤ ਸਿੰਘ ਤੇਜ ਦੇਸ ਦੇਸ ਮੈਂ
ਭੂਪਤਿ ਜੇ ਭਾਰੀ ਤਿਨੇ ਕੀਨੀ ਹੈ ਖਵਾਸਦਾਰੀ
ਕਾਬਲੀ ਕੰਧਾਰੀ ਤ੍ਰਾਸ ਬਜੇ ਡੰਕ ਜੇ ਸਮੈਂ
'ਲੇਲੀ' ਤੁਰੰਗ ਤਰੁਨ ਤੁਰਗ ਹੂੰ ਤੇ ਤੀਖੋ
ਸੁੰਦਰ ਸੁਵੇਸ ਦੇਸ ਨੀਕੋ ਪਵਨ ਭੇਸ ਮੈਂ
ਸਗਰੀ ਵਿਲਾਇਤ ਕੇ ਪ੍ਰਾਨ ਕਿਧੌ ਬਾਜ ਦੀਨੇ
ਤ੍ਰਾਸਤ ਹੈ ਮਰਯੋ ਯਾਰੂ ਯਾਹੀ ਕੇ ਕਲੇਸ਼ ਮੈਂ।

16. ਨਫਤ੍ ਸਿੰਘ -

ਜਾਨੀ ਮਹਾਰਾਜ ਬ੍ਰਹਮ ਗਯਾਨੀ ਹੁਤੇ ਆਦਿ ਹੀ ਤੇ
ਦੇਹ ਅਭਿਮਾਨੀ ਜੀਵ ਜਗਤ ਪ੍ਰਕਾਸ਼ ਹੈ
ਅਸੁ ਰਥ ਗਜ ਸਜਿ ਭਜਿ ਦੇਖੀ ਧਜ
ਰਜ ਰਜ ਭੋਗੇ ਭੋਗ ਪਰਮ ਬਿਲਾਸ ਹੈ
ਸੁਕਵਿ 'ਨਫਤ੍ ਹਰੀ' ਦਾਨ ਦੀਏ ਮਾਨ ਕੀਏ
ਜੀਤੇ ਜੰਗ ਕਰਿ ਕਰਿ, ਜਬਰ ਮਵਾਸ ਹੈ
ਯਾਤੇ ਅਬ ਦੇਹ ਕੇ ਸਨੇਹ ਤਯਾਗ ਰਾਗ ਦ੍ਵੇਖ
ਕੀਨੇ ਪਰਮ ਤੱਤ੍ ਸਤ੍ ਲੋਕ ਮੈਂ ਨਿਵਾਸ ਹੈ।੧।
ਅਸ੍ਰ ਰਥ ਗਜ ਹੇਮਦਾਨ ਹੂੰ ਕੀ ਫੌਜੇਂ ਸੰਗ
ਦੈ ਕੇ ਧਰਮ ਡੰਕੇ ਕੋ ਬਜਾਇਕੇ ਭਲੇ ਗਏ।
ਸੁਕ੍ਰਿਤ ਕਰਮ ਕੋਸ਼ ਤੋਪੇਂ ਲੇ ਤਪਸਯਾ ਹੂੰ ਕੀ
ਗੁਨ ਕੇ ਸਮੂਹ ਸੰਗ ਚੇਰਾ ਹ੍ਵੈ ਚਲੇ ਗਏ।
ਸੁਕਵਿ 'ਨਫਤ੍ ਹਰਿ' ਜੀਤ ਮਹੀ ਮੰਡਲ ਕੋ
ਯਾਰਾਂ ਸ਼ਤੀ ਸਤਖ੍ਰਿਤੀ ਛਲਿ ਹ੍ਵੈ ਛਲੇ ਗਏ।
ਠਾਰਾਂ ਸੇ ਛਿਆਨਵੇਂ ਸੁ ਹਾੜ ਵਦੀ ਏਕਮ ਕੌ
ਵੀਰਵਾਰ ਵੀਰ ਸੁਰਗ ਜੀਤਨ ਚਲੇ ਗਏ।੨।

17. ਤਾਰਾ ਸਿੰਘ -

ਪੁੰਨਯਨ ਕੇ ਪੁੰਜ ਪਾਤਸ਼ਾਹੁ ਰਣਜੀਤ ਸਿੰਘ
ਤਾਂਕੀ ਦੇਹ ਰਾਖੀ ਆਨ ਚੰਦਨ ਚਿਤਾ ਮੇਂ ਹੈ।
ਚਾਰ ਪਟਰਾਨੀ ਲੈ [1]ਖਵਾਸਿਨ ਸੌਂ ਸਾਥ ਸੰਗ   1 ਗੋਲੀਆਂ
ਸਤੈਂ ਹ੍ਵੈ ਪਤਿਬ੍ਰਤ ਕੀ ਸੱਤਾ ਖ਼ੂਬ ਜਾਮੇਂ ਹੈ।
ਊਪਰ ਤੇ ਆਨਕੇ ਕਬੂਤਰ ਨੇ ਹੋਮੀ ਦੇਹ
ਕਹਾਂ ਕਹੋ ਤਾਂਕੀ ਤੋਹਿ ਅਜਬ ਕਲਾ ਮੇਂ ਹੈ।
ਮਾਨੋ ਪੁੰਨ ਪੱਛੀ ਕੇ ਸਰੂਪ ਧਰ ਸਾਥ ਚਲੇ
ਬਿਨਾ ਮਹਾਰਾਜ ਜਗ ਜੰਥੇ ਕੌਨ ਕਾਮੇ ਹੈ।

18. ਦਾਨੇ ਦਾਨੇ ਰਾਨੇ ਜਾਨੇ ਅਬ ਤੋ ਅਦਾਨੇ ਭਏ
ਤਾਂਕੇ ਰਾਜ ਖਾਨੇ ਤੋਪਖਾਨੇ ਕੀਏ ਭਾਨੇ ਹੈਂ।
ਗਊ ਦਿਜ ਘਾਨੇ ਕੀਰ ਬੇਦਨ ਬਖਾਨੇ ਕੌਨ
ਧਰਮ ਨਿਸ਼ਾਨੇ ਜੋਗ ਜੱਗ ਬਹਿਰਾਨੇ ਹੈਂ।
ਹੇਮ ਕਹੈ ਸਯਾਨੇ ਗੁਰੂ ਗ੍ਰੰਥ ਕੋ ਨ ਜਾਨੇ ਕੂਰ,
ਕੂਰ ਚਾਰ ਬਰਣ ਹ੍ਵੈ ਕੇ ਹਾ ਹਾ ਬਿਲਲਾਨੇ ਹੈਂ
ਐਹੋ ਬੀਰ ! ਹਿੰਦਵਾਨੇ ਰਣਜੀਤ ਸਿੰਘ ਕਾਨੇ
ਤੇਰੇ ਬਿਨ ਰਾਨੇ ਯੇ ਰਹੈਂ ਨ ਤੀਨ ਕਾਨੇ ਹੈਂ।

19. ਜਯ ਸਿੰਘ -

ਕੀਨੋ ਹੈ ਪਯਾਨ ਸੁਰਲੋਕ ਹੂੰ ਕੋ ਮਹਾਰਾਜ,
ਪੁੰਨ ਪੁੰਜ ਪ੍ਰਹਮੀ ਕੇ ਪਲ ਮੇਂ ਪਲਾਨੇ ਹੈਂ
ਕਾਂਕੀ ਕੀਜੇ ਓਟ ਕੌਨ ਸ਼ਤਰੂ ਕੀ ਬਚਾਵੇ ਚੋਟ,
ਗੋ ਗਰੀਬ ਗੁਣੀ ਗਣ ਅਤਿ ਬਿਲਖਾਨੇ ਹੈਂ।
'ਕੇਹਰ ਜਯ' ਕਹੈ ਸੁਰੀ ਸੰਪਦਾ ਬਿਲਾਨੀ ਬੀਰ
ਆਸੁਰੀ ਨੇ ਆਨ ਦੀਹ ਦੁੰਦਭਿ ਧਰਾਨੇ ਹੈਂ।
ਹਾਯ ਮਰਦਾਨੇ ! ਜਗ ਜਾਨੇ ਰਣਜੀਤ ਸਿੰਘ !,
ਤੇਰੇ ਬਿਨ ਕਾਨੇ ! ਜਗ ਬੀਚ ਤੀਨ ਕਾਨੇ ਹੈਂ

ਸਵੈਯਾ

ਗੀਤ ਕਵਿੱਤ ਜਵਾਹਰ ਜ਼ੇਵਰ ਹਾਥੀ ਹਥਯਾਰ ਕੀ ਆਬ ਗਈ ਹੈ
ਕੰਚਨ ਕੰਕਨ ਸ਼ਾਲ ਦੁਸ਼ਾਲਨ, ਮੋਤਿਨ ਮਾਲਨ ਆਰਸਈ ਹੈ
ਗਾਵੈ ਗੁਣੀ ਗਣ ਪੰਡਤ ਕੀ, ਚਰਚਾ ਸਭ ਹੀ ਕਲਿਕਾਲ ਲਈ ਹੈ
ਏਕ ਗੁਣੀ ਬਲਬੀਰ ਬਿਨਾ, ਸਗਰੇ ਗੁਣ ਕੀ ਹਟਤਾਲ ਭਈ ਹੈ।

20. ਗਿਆਨੀ ਗਿਆਨ ਸਿੰਘ -

ਮਹਾਰਾਜ ਕੇ ਸਰੀਰ ਦਾਹ ਹੋਤ ਦੇਖਿ ਦੇਖਿ,
ਰੋਵਤੇ ਅਮੀਰ ਔ ਫਕੀਰ ਛੋਡ ਤਾਬ ਕੌ।
ਭਾਖੈਂ - 'ਆਜ ਖ਼ਾਕ ਭਈ ਬੀਰਤਾਈ ਬੀਰਨ ਕੀ,
ਮੀਰਨ ਕੀ ਮੀਰਤਾ ਅੰਮੀਰਨ ਪ੍ਰਭਾਵ ਕੋ।
ਹਿੰਦੁਨ ਕੀ ਹਿੰਦ ਜਰੀ ਸਿੰਘਨ ਕੀ ਜਿੰਦ ਜਰੀ,
'ਗਯਾਨ ਹਰਿ' ਕਵੀਅਨ ਕੋ ਜਰਯੋ ਆਫਤਾਬ ਕੌ।
ਭੂਪਨ ਆਬਾਦੀ ਜਰੀ ਲਵਪੁਰ ਕੀ ਗਾਦੀ ਜਰੀ,
ਜਰ ਗਯੋ ਸੁਹਾਗ ਭਾਗ ਸਗਰੀ ਪੰਜਾਬ ਕੌ।'

(ਸ੍ਰੀ ਗੁਰ ਪੰਥ ਪ੍ਰਕਾਸ਼ (1898 ਈ.)

੭. ਪੰਜਾਬੀ ਲੋਕ-ਗੀਤ

ਚਿਟੀ ਪੱਗ ਤੇ ਪੈ ਗਈ ਧੂੜ ਵੇ
ਕਿਸੇ ਡਾਢੇ ਨੇ ਮਾਰਿਆ ਕੂੜ ਵੇ
ਜਿਸ ਰਾਜੇ ਦਾ ਤੂੰ ਹੈਂ ਸਿਪਾਹੀਆ, ਉਹ ਰਣਜੀਤ ਹੈ ਬੇਪਰਵਾਹੀਆ।
ਚਿਟੀ ਪੱਗ ਤੇ ਪੈਗੀ ਧੂੜ ਵੇ। ਕਿਸੇ ਡਾਢੇ ਨੇ ਮਾਰਿਆ ਕੂੜ ਵੇ
ਜਿਸ ਰਾਜੇ ਦੀ ਲਈ ਤੂ ਟੇਕ ਵੇ। ਉਹ ਰਣਜੀਤ ਤਾਂ ਡਾਢਾ ਨੇਕ ਵੇ।
ਚਿਟੀ ਪੱਗ ਤੇ ਪੈਗੀ ਧੂੜ ਵੇ। ਕਿਸੇ ਡਾਢੇ ਨੇ ਮਾਰਿਆ ਕੂੜ ਵੇ।
ਜਿਸ ਰਾਜੇ ਦੀ ਲਈ ਤੂੰ ਢਾਲ ਵੇ। ਉਹ ਰਣਜੀਤ ਤਾਂ ਅੰਗਪਾਲ ਵੇ।
ਚਿਟੀ ਪੱਗ ਤੇ ਪੈਗੀ ਧੂੜ ਵੇ। ਕਿਸੇ ਡਾਢੇ ਨੇ ਮਾਰਿਆ ਕੂੜ ਵੇ।
ਜਿਸ ਰਾਜੇ ਦੀ ਲਈ ਤਲਵਾਰ ਵੇ। ਉਹ ਰਣਜੀਤ ਤਾਂ ਬੀਰ ਸਰਦਾਰ ਵੇ।
ਚਿਟੀ ਪੱਗ ਤੇ ਪੈਗੀ ਧੂੜ ਵੇ। ਕਿਸੇ ਡਾਢੇ ਨੇ ਮਾਰਿਆ ਕੂੜ ਵੇ।

ਚਿਟਾ ਘੋੜਾ ਤੇ ਕਾਠੀ ਸਾਜ਼ ਵੇ। ਉਹ ਰਣਜੀਤ ਤਾਂ ਬੀਰ ਮਹਾਰਾਜ ਵੇ।

੯. ਪਸ਼ਤੋ ਲੋਕ ਗੀਤ

ਸਤਰ ਕਾਪਿਰ ਦਾ ਵੇ ਪਾਕਾ ਵਾਰੇ ਬਰੇਜ਼ੀ
ਦਿਲੋਸਾ ਵੇਲ ਆਵੇ ਸ਼ ਵਲਸ਼ੁ ਸਤਾਰਾ
ਜ਼ ਡਰੇਜ਼ਮ ਦੇ ਰੰਜੀਤ ਕਾਪਿਰ ਦੇ ਜ਼ੋਰਾ
ਪਾ ਲਕੂਨਾ ਪਾ ਕਰੋੜਨਾ ਹਿਸਾਬੇਗੀ
ਦਿਲੋਸਾ ਗਾਜ਼ੀ ਦੇ ਕੁਲਬਾਨੀ ਅਮੀਰ ਦਾ
ਪਾ ਗਰਜ਼ਾ ਵੂਲਾ ਦੇ ਰੰਜੀਤ ਕਾਪਿਰ ਲਸ਼ਕਰ ਦਾ।

ਅਰਥ - ਕਾਫਰ ਸਿਖ ਬੜੇ ਡਾਢੇ ਹਨ ਅਤੇ ਉਹ ਵੈਰੀ ਤੇ ਜਾ ਪੈਂਦੇ ਹਨ। ਦਿਲਾਸਾ ਖਾਂ ਹਾਕਮ ਬੰਨੂ ਨੇ ਕਿਹਾ, ਮੈਨੂੰ ਕੀ ਹੋ ਗਿਆ ਰੱਬਾ, ਮੇਰਾ ਹੌਸਲਾ ਕਿਧਰ ਗਿਆ। ਮੈਨੂੰ ਰਣਜੀਤ ਕਾਫਰ ਤੋਂ ਭੈ ਆਉਂਦਾ ਹੈ ਤੇ ਉਸਦੀ ਫੌਜ ਲੱਖਾਂ ਕਰੋੜਾਂ ਹੈ। ਦਿਲਾਸਾ ਖ਼ਾਂ ਸਾਰੇ ਬੰਨੂ ਦਾ ਅਮੀਰ ਹੈ ਪਰ ਇਸ ਨੂੰ ਰਣਜੀਤ ਦੇ ਦਲ ਨੇ ਘੇਰ ਲੀਤਾ ਹੈ। (ਖਾਲਸਾ ਰਾਜ ਦੇ ਉਸਰੀਏ, ਭਾਗ ੨ (ਪੰਨਾ 34)

ਮੁਲਾਂ ਰਸ਼ੀਦ ਦਾ ਪਸ਼ਤੋ ਗੀਤ

ਸਰਕਾਰ ਲਾ ਖੁਦਾਇ ਵਰਕੜੇ ਜ਼ੋਰ ਦੇ
ਦੁਨੀਆਂ ਕੇ ਸੀਕਦਾ ਤੁਰੇ ਸ਼ੋਰ ਦੇ।
ਸੀਕਾਨ ਸਦੀ ਦਾ ਦੇਵਾਨ ਦਾ ਕੜਾ ਮਾਰਦੀ,
ਦਾਪ ਮੁੰਗਲ ਦੀ ਨਿਵਲੀ ਰੱਬ ਗੱਫਾਰ ਦੀ।
ਉਲਸ ਬਿਆਵਰਾ ਗਏ ਸਰਕਾਰ ਲਾ ਨਨਾਵਾਤੇ,
ਸਰਕਾਰ ਬਖਸ਼ੀਸ਼ ਉਕੇ ਹਰ ਸੇਕ ਪਜ਼ਾਏ ਸ਼ੇਪਾਤੇ।
ਨਕੇਗੀ ਸੀਕੋ ਸਰਾ ਜੰਗ ਸਏ ਪਕਲਾਸ ਅਲਮਾਂ,
ਰਾਲੋ ਫੌਜੂ ਨਾ ਦਾ ਸਰਕਾਰ ਅਲਮਾਂ।
ਸੀਕਾਨ ਦੀ ਟੋਲ ਤੂਰ ਜ਼ਨਖੇ ਬਰਪਕੇ ਨਿਹੰਗ ਦੇ,
ਖਲਕਾ ਇਸਲਾਮ ਦਾ ਕੁਫਰ ਜੰਗ ਦੇ।

ਨੌਸ਼ਹਿਰੇ ਦੀ ਜੰਗ ਵਿਚ ਪਠਾਣਾਂ ਦੀ ਹਾਰ ਹੁੰਦੀ ਦੇਖ ਕੇ ਕਵੀ ਕਹਿੰਦਾ ਹੈ, 'ਰੱਬ ਨੇ ਸਰਕਾਰ (ਰਣਜੀਤ ਸਿੰਘ) ਨੂੰ ਇਕਬਾਲ ਬਖਸ਼ਿਆ ਹੈ, ਸਿਖਾਂ ਦੀ ਤਲਵਾਰ ਦੀ ਸਾਰੇ ਸੰਸਾਰ ਵਿਚ ਧਾਂਕ ਹੈ। ਸਿਖ ਕੀ ਹੈ, ਮਾਨੋ ਹਰ ਇਕ ਕੜਾਮਾਰ ਦਾ ਦੇਵ ਹੈ। ਇਨ੍ਹਾਂ ਵਲ ਰੱਬ ਦੀ ਨਜ਼ਰ ਸਵੱਲੀ ਹੈ। ਮੁਲਖ ਇਕੱਠਾ ਹੋ ਕੇ ਸਰਕਾਰ ਅੱਗੇ ਜਾਨ-ਬਖਸ਼ੀ ਲਈ ਫਰਿਆਦੀ ਹੋਇਆ, ਸਰਕਾਰ ਨੇ ਸਭ ਨੂੰ ਬਖਸ਼ ਦਿਤਾ ਤੇ ਸਾਰੇ ਲੋਕ ਆਪਣੀ ਆਪਣੀ ਥਾਂ ਆ ਵਸੇ। 'ਲੋਕੋ ! ਸਿੰਘਾਂ ਨਾਲ ਲੜਿਆਂ ਪੂਰੀ ਨਹੀਂ ਜੇ ਪੈਣੀ, ਸ਼ਾਂਤੀ ਨਾਲ ਰਹੋ, ਸਰਕਾਰ ਦੀਆਂ ਫੌਜਾਂ ਆ ਪਹੁੰਚੀਆਂ। ਸਿੱਖ ਤਾਂ ਸਾਰੇ ਹੀ ਚੰਗੇ ਤਲਵਾਰੀਏ ਹਨ ਪਰ ਨਿਹੰਗ ਸਭ ਤੋਂ ਵੱਧ ਹਨ। ਲੋਕੋ ! ਇਹ ਇਸਲਾਮ ਤੇ ਕੁਫਰ ਦੀ ਜੰਗ ਸੀ।

(ਜੀਵਨ ਅਕਾਲੀ ਫੂਲਾ ਸਿੰਘ- ਬਾਵਾ ਪ੍ਰੇਮ ਸਿੰਘ ਹੋਤੀ)
ਪੰਨਾ 123-24 (1945)

***

(੮)

ਪੰਜਾਬੀ ਜਰਨੈਲ –

ਸ. ਹਰੀ ਸਿੰਘ ਨਲੂਆ

ਜਰਨੈਲ ਹਰੀ ਸਿੰਘ ਨਲੂਆ (1791-1837 ਈ.) ਭਾਰਤੀ ਬੀਰ ਪਰੰਪਰਾ ਦੇ ਮਹਾਨ ਸੂਰਬੀਰ ਨਾਇਕ ਸਨ ਜਿਨ੍ਹਾਂ ਦੇਸ਼ ਦੇ ਸੁਤੰਤ੍ਰਤਾ-ਸੰਗ੍ਰਾਮ ਨੂੰ ਸਫਲ ਬਣਾ ਕੇ ਪੋਰਸ, ਬਿਕ੍ਰਮਾਜੀਤ ਤੇ ਚੰਦਰ-ਗੁਪਤ ਦੀ ਯਾਦ ਤਾਜ਼ਾ ਕਰਾ ਦਿੱਤੀ ਤੇ ਪੰਜਾਬ ਦੀ ਆਨਸ਼ਾਨ ਅਸਮਾਨੇ ਪਹੁੰਚਾ ਦਿੱਤੀ। ਸਿੱਖ ਰਾਜ ਸਮੇਂ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਦੂਜੇ ਨੰਬਰ ਤੇ ਜੇ ਕੋਈ ਪ੍ਰਸਿੱਧੀ -ਪ੍ਰਾਪਤ ਮਹਾਨ ਸ਼ਖਸੀਅਤ ਸੀ ਤਾਂ ਉਹ ਜਰਨੈਲ ਨਲੂਆ ਹੀ ਸੀ। ਨਲੂਏ ਦਾ ਅਰਥ ਹੀ ਸ਼ੇਰਾਂ ਉਤੇ ਵਿਜੇ ਪਾਉਣ ਵਾਲਾ ਸੂਰਮਾ ਹੈ ਤੇ ਉਸ ਕਈ ਵਾਰ ਇਕੱਲਿਆਂ ਹੀ ਸ਼ੇਰ ਦੀ ਗਰਦਨ ਮਰੋੜ ਕੇ ਇਹ ਗੌਰਵ ਪ੍ਰਾਪਤ ਕੀਤਾ ਸੀ। ਉਸਦੀ ਲਾਸਾਨੀ ਦਲੇਰੀ, ਦੂਰਦੇਸ਼, ਦਾਨਾਈ ਤੇ ਦਾਨੀ ਬਿਰਤੀ ਦੀ ਹਰ ਕਿਸੇ ਪ੍ਰਸ਼ੰਸਾ ਕੀਤੀ ਹੈ ਪਰ ਸਭ ਤੋਂ ਵੱਧ ਉਸਦੀ ਸੂਰਮਗਤੀ ਇਤਿਹਾਸਕਾਰਾਂ ਤੇ ਸਾਹਿਤਕਾਰਾਂ ਲਈ ਵਧੀਆਂ ਸਮੱਗਰੀ ਬਣੀ ਹੈ, ਉਹ ਸੂਰਮਗਤੀ ਜਿਸਨੇ ਸ਼ਹੀਦੀ ਦੇ ਸਿਖਰ ਤੇ ਪੁਜ ਕੇ ਉਚੀ ਸੁੱਚੀ ਸ਼ਾਨ ਦਾ ਸੇਹਰਾ ਸੀਸ ਬੰਨ੍ਹਾਇਆ।

ਪੰਜਾਬੀ ਕਵੀ ਦੀ ਇਹ ਵਿਸ਼ੇਸ਼ਤਾ ਹੈ ਕਿ ਉਹ ਕੇਵਲ ਤਿੰਨ ਚੀਜ਼ਾਂ ਦੀ ਸਿਫਤ ਕਰਦਾ ਹੈ - ਪਰਮ ਸਰੇਸ਼ਟਤਾ ਦੀ, ਪਰਮ ਬੀਰਤਾ ਦੀ ਜਾਂ ਪਰਮ ਸੁੰਦ੍ਰਤਾ ਦੀ, ਜੇ ਉਹ ਇਨ੍ਹਾਂ ਗੁਣਾਂ ਤੋਂ ਉਤਰ ਕੇ ਕੋਈ ਤੁਕਬੰਦੀ ਘੜਦਾ ਹੈ ਤਾਂ ਉਹ ਖੁਸ਼ਾਮਦੀ ਕਸੀਦਾ ਜਾਂ ਸਤੋਤਰ, ਭੱਟਾਂ ਮਿਰਾਸੀਆਂ ਵਾਲੀ ਕਲਿਆਣ ਹੀ ਕਿਹਾ ਜਾਂਦਾ ਹੈ ਤੇ ਸਾਹਿਤ ਉਸਦਾ ਸਨਮਾਨ ਕਰਨਾ ਪਰਵਾਨ ਨਹੀਂ ਕਰਦਾ। ਅਠਾਰਵੀਂ ਉਨੀਵੀਂ ਸਦੀ ਦੇ ਪੰਜਾਬੀ ਸੂਰਮੇ ਇਹੋ ਜੇਹੇ ਬੀਰ ਕਾਰਨਾਮੇ ਕਰਨ ਵਾਲੇ ਸਨ ਜਿਨ੍ਹਾਂ ਗਈ ਗਵਾਤੀ ਪੰਜਾਬ ਦੀ ਹਸਤੀ ਨੂੰ ਮੁੜ ਸਥਾਪਤ ਕੀਤਾ ਤੇ ਇਸ ਦੇ ਗੌਰਵ ਨੂੰ ਚਾਰ ਚੰਨ ਲਾਏ।

ਸਰਦਾਰ ਨਲੂਆ ਬਚਿਤਰ ਕਿਸਮ ਦਾ ਵਰਿਆਮ ਜੋਧਾ ਸੀ ਜੋ ਹਰ ਸੰਕਟ ਸਮੇਂ ਅਨੋਖੇ, ਸਾਹਸ ਦਾ ਪਰਿਦਰਸ਼ਨ ਕਰਦਾ ਸੀ। ਸਰ ਅਲੈਗਜ਼ੇਂਡਰ ਬਰਨਜ਼

ਆਪਣੇ ਸਫਰਨਾਮੇ ਵਿਚ ਲਿਖਦਾ ਹੈ ਕਿ ਜਦੋਂ ਅਸੀਂ ਅਟਕ (ਸਿੰਧ) ਦਰਿਆ ਪਾਰ ਕਰਨ ਲਗੇ ਤਾਂ ਦਰਿਆ ਬੜੇ ਤੂਫਾਨੀ ਜੋਸ਼ ਵਿਚ ਸੀ, ਮੇਰੀ ਸਲਾਹ ਬਦਲ ਗਈ ਕਿ ਅਜੇ ਨਾ ਜਾਇਆ ਜਾਵੇ ਕਿਉਂਕਿ ਸਾਡੇ ਸਾਮ੍ਹਣੇ ਪੰਜ ਸਵਾਰ ਤੇਜ਼ ਧਾਰ ਦੀ ਮਾਰ ਹੇਠ ਆ ਕੇ ਵਿਚੇ ਰੁੜ੍ਹ ਗਏ ਸਨ। ਮੈਂ ਚਾਹੁੰਦਾ ਹਾਂ ਕਿ ਅਸੀਂ ਰੁਕ ਜਾਈਏ ਪਰ ਜਰਨੈਲ ਨਲੂਏ ਨੇ ਆਪਣੇ ਅੰਦਾਜ਼ ਵਿਚ ਹੱਸਕੇ ਕਿਹਾ - 'ਸਿਖ ਬਣਨ ਦਾ ਕੀ ਫਾਇਦਾ ਜੇ ਦਰਿਆ ਅਟਕ ਪਾਰ ਨ ਕੀਤਾ।' "What is the use of a seik (sikh), if he can not pass the Attock (Indus). ਬਰਨਜ਼ ਲਿਖਦਾ ਹੈ ਕਿ ਉਹ (ਨਲੂਆ) ਘੋੜ ਸਵਾਰ ਹੈ ਮੈਨੂੰ ਵੀ ਜ਼ੋਰਾਜ਼ਰਬੀ ਨਾਲ ਲੈ ਕੇ ਬਿਖੜੀਆਂ ਧਾਰਾਂ ਪਾਰ ਕਰਦਾ ਗਿਆ। ਇਹ ਗੱਲ 14 ਮਾਰਚ 1832 ਈ. ਦੀ ਹੈ।

ਅਸਲ ਹਕੀਕਤ ਇਹ ਸੀ ਕਿ ਅਟਕ ਦਰਿਆ ਸਚਮੁਚ ਇਕ ਤਰ੍ਹਾਂ ਹਿੰਦੁਸਤਾਨੀਆਂ ਲਈ ਅਟਕਾਰ ਜਾਂ ਰੁਕ ਜਾਣ ਦਾ ਹਦਬੰਨਾ ਬਣ ਗਿਆ ਸੀ। ਕੋਈ ਹਿੰਦੁਸਤਾਨੀ ਇਸਨੂੰ ਪਾਰ ਕਰਨ ਦੀ ਜੁਰਅਤ ਇਸ ਲਈ ਨਹੀਂ ਸੀ ਕਰਦਾ ਕਿਉਂਕਿ ਸੱਤ ਸੌ ਸਾਲ ਤੋਂ ਬਿਦੇਸ਼ੀ ਜਰਵਾਣੇ ਖਾਸ ਕਰਕੇ ਤੁਰਕ ਪਠਾਣ ਉਧਰੋਂ ਆ ਕੇ ਹਿੰਦ ਨੂੰ ਲੁੱਟਦੇ ਮਾਰਦੇ ਰਹੇ ਸਨ। ਕਿਸੇ ਨੂੰ ਇਹ ਹਿੰਮਤ ਨਹੀਂ ਸੀ ਪੈਂਦੀ ਕਿ ਜ਼ੁਲਮ ਦੇ ਇਸ ਹੜ੍ਹ ਨੂੰ ਰੋਕ ਪਾਵੇ ਤੇ ਦੱਰਰਾ ਖੈਬਰ ਦੇ ਲੋਟੂ ਦਰਵਾਜ਼ੇ ਨੂੰ ਕੁੰਡੀ ਜਾ ਲਾਵੇ। ਇਹ ਮਾਣ ਜਰਨੈਲ ਨਲੂਏ ਨੂੰ ਹਾਸਲ ਹੋਇਆ ਜਿਸਨੇ ਪਿਸ਼ਾਵਰ ਤੇ ਕਬਜ਼ਾ ਕਰਕੇ ਤੇ ਆਲੇ ਦੁਆਲੇ ਦਰਜਨਾਂ ਕਿਲ੍ਹੇ ਬਣਾ ਕੇ ਫਿਰ ਦੱਰਰਾ ਖੈਬਰ ਦੇ ਮੂੰਹ ਤੇ ਜਮਰੌਦ ਦਾ ਫਤਿਹਗੜ੍ਹ ਕਿਲ੍ਹਾ ਉਸਾਰ ਕੇ ਅੜੀਅਲ ਤੇ ਔਂਤਰੇ ਅਫਗਾਨਾਂ ਦੀ ਹਿੱਕ ਤੇ ਮੂੰਗ ਦਲੀ। ਇਸ ਨਾਲ ਪੰਜਾਬ ਹੀ ਸੁਰੱਖਿਅਤ ਨਹੀਂ ਹੋਇਆ ਸਗੋਂ ਸਾਰਾ ਭਾਰਤ ਹੀ ਬਿਦੇਸ਼ੀ ਧਾੜਵੀਆਂ ਦੀ ਮਾਰ ਤੋਂ ਬਚ ਗਿਆ। ਭਾਵੇਂ ਸਿੱਖ ਮਿਸਲਾਂ ਦੇ ਜ਼ਮਾਨੇ ਇਹ ਫੌਜੀ ਜਿੱਤ ਕੁਝ ਹਦ ਤਕ ਪ੍ਰਾਪਤ ਕਰ ਲਈ ਗਈ ਸੀ ਫਿਰ ਵੀ ਇਸ ਸੈਨਿਕ ਵਿਜਯ ਨੂੰ ਰਾਜਨੀਤਕ ਵਿਜਯ ਦਾ ਰੂਪ ਦੇਣਾ ਮਹਾਰਾਜਾ ਰਣਜੀਤ ਸਿੰਘ ਵਰਗੇ ਨੀਤੀਕਾਰਾਂ ਤੇ ਨਲੂਏ ਵਰਗੇ ਸਿਪਹਸਲਾਰਾਂ ਦਾ ਹੀ ਕੰਮ ਸੀ। ਜਿਵੇਂ ਜਰਨੈਲ ਨਲੂਏ ਨੇ ਪਠਾਣਾਂ ਨੂੰ ਅੱਗੇ ਲਾਇਆ, ਉਹ ਕੇਵਲ ਇਸੇ ਦੀ ਤੇਗ ਦਾ ਕ੍ਰਿਸ਼ਮਾ ਸੀ। ਖਲੀਲ ਤੇ ਮੁਹੰਮਦ ਕਬੀਲਿਆਂ ਦੀਆਂ ਪਠਾਣੀ ਮਾਵਾਂ ਅਜੇ ਤਕ ਆਪਣੇ ਰੋਂਦੇ ਬੱਚਿਆਂ

ਨੂੰ 'ਹਰੀਆ ਰਾਗਲੇ' ਦਾ ਹਊਆ ਦਿਖਾ ਕੇ ਚੁਪ ਕਰਾਉਂਦੀਆਂ ਰਹੀਆਂ ਹਨ। ਇਸਦਾ ਚਰਚਾ ਸੱਯਦ ਮੁਹੰਮਦ ਲਤੀਫ* ਵਰਗੇ ਤਵਾਰੀਖ਼ਦਾਨਾਂ ਵੀ ਕੀਤਾ ਹੈ। ਭਾਵੇਂ ਹਰੀ ਸਿੰਘ ਨਲੂਏ ਨੇ ਹੋਰ ਅਨੇਕਾਂ ਜੰਗਾਂ ਵਿਚ ਸ਼ਾਨਦਾਰ ਹਿੱਸਾ ਪਾਇਆ ਪਰ ਹਜ਼ਾਰਾ, ਕਸ਼ਮੀਰ ਤੇ ਪਿਸ਼ਾਵਰ ਵਿਚ ਉਸ ਜੋ ਕੁਝ ਕਰਕੇ ਦਿਖਾਇਆ, ਇਤਿਹਾਸ ਉਸ ਨੂੰ ਭੁੱਲ ਨਹੀਂ ਸਕਦਾ। ਉਸਦੇ ਇਹ ਕਾਰਨਾਮੇ ਸਚਮੁਚ ਕਰਾਮਾਤ ਦਾ ਦਰਜਾ ਰਖਦੇ ਹਨ।

1820 ਈ. ਵਿਚ ਕਸ਼ਮੀਰ ਦੀ ਹਾਲਤ ਦੀਵਾਨ ਮੋਤੀ ਰਾਮ ਦੀ ਸੂਬੇਦਾਰੀ ਸਮੇਂ ਬਹੁਤੀ ਅੱਛੀ ਨਹੀਂ ਸੀ, ਲੋਕ ਮਾਮਲਾ ਦੇਣੋਂ ਵੀ ਇਨਕਾਰੀ ਹੋ ਰਹੇ ਸਨ ਤੇ ਸਰਕਾਰ ਦਾ ਕੰਮ ਕਿਵੇਂ ਚਲਦਾ। ਅਗਸਤ 1820 ਵਿਚ ਨਲੂਏ ਨੂੰ ਕਸ਼ਮੀਰ ਦਾ ਗਵਰਨਰ ਬਣਾਕੇ ਭੇਜਿਆ ਗਿਆ। ਉਸਨੇ ਜਾਂਦਿਆਂ ਹੀ ਪਹਿਲੀ ਗੱਲ ਕੀਤੀ, ਸਖਤੀ ਨਾਲ ਮਾਮਲਾ ਆ ਉਗ੍ਰਾਹਿਆ। ਜੇਹਲਮ ਲਾਗੇ ਦੇ ਰਈਸ ਰਾਜਾ ਗੁਲਾਮ ਅਲੀ ਖ਼ਾਂ ਖੱਖਾ ਤੇ ਜ਼ੁਲਫ ਅਲੀ ਖਾਂ ਬੱਬਾ ਬਹੁਤ ਅਭਿਮਾਨ ਵਿਚ ਸਨ ਤੇ ਮਾਮਲਾ ਬਿਲਕੁਲ ਨਹੀਂ ਸੀ ਦਿੰਦੇ। ਨਲੂਏ ਨੇ ਛਾਪਾ ਮਾਰਕੇ ਦੋਹਾਂ ਨੂੰ ਗ੍ਰਿਫਤਾਰ ਕਰ ਲਿਆ ਤੇ ਕੈਦੀ ਬਣਾ ਕੇ ਲਾਹੌਰ ਭੇਜ ਦਿੱਤਾ। ਆਖਰ ਤਰਲੇ ਕਰਕੇ ਇਨ੍ਹਾਂ ਜਾਨ ਛੁਡਾਈ ਤੇ ਸਾਰੀ ਰਕਮ ਖਜ਼ਾਨੇ ਪਹੁੰਚਾਈ। ਇਹੋ ਨਹੀਂ, ਉਸਨੇ ਹੋਰ ਵੀ ਬੜੇ ਸੁਧਾਰ ਕੀਤੇ। ਮੁਸਲਮਾਨੀ ਹਕੂਮਤ ਸਮੇਂ ਹਿੰਦੂ ਪਰਜਾ ਨਾਲ ਬੜੇ ਧੱਕੇ ਕੀਤੇ ਜਾਂਦੇ ਸਨ, ਬਿਗਾਰ ਦਾ ਭੈੜਾ ਰਿਵਾਜ ਸੀ, ਬਿਨਾਂ ਕਿਸੇ ਮਜ਼ਦੂਰੀ ਦੇ ਹਰ ਗਰੀਬ ਗੁਰਬੇ ਤੋਂ ਧਿੰਗੋਜ਼ੋਰੀ ਕੰਮ ਲਿਆ ਜਾਂਦਾ ਸੀ। ਨਲੂਏ ਨੇ ਇਹ ਰਿਵਾਜ ਹੁਕਮੀਆ ਬੰਦ ਕਰ ਦਿੱਤਾ। ਹਿੰਦੂ ਨੂੰ ਜੁੱਤੀ ਪਾਉਣ ਤੇ ਪਗੜੀ ਬੰਨ੍ਹਣ ਦੀ ਇਜਾਜ਼ਤ ਨਹੀਂ ਸੀ, ਆਪ ਨੇ ਦੋਵੇਂ ਪਾਬੰਦੀਆਂ ਖਤਮ ਕੀਤੀਆਂ। ਫਿਰ ਜਨਮ, ਮੰਗਣੇ, ਵਿਆਹ ਸਮੇਂ ਸਰਕਾਰ 'ਤੇਰਾ ਟੈਕਸ' ਲੈਂਦੀ ਸੀ, ਇਹ ਵੀ ਖਤਮ ਕੀਤਾ ਗਿਆ। ਧੱਕੇ ਨਾਲ ਮੁਸਲਮਾਨ ਬਣਾਏ ਗਏ, ਹਿੰਦੂਆਂ ਨੂੰ ਇਹ ਖੁਲ੍ਹ ਦਿੱਤੀ ਗਈ ਕਿ ਉਹ ਜੇ ਚਾਹੁਣ ਆਪਣੇ ਪਿਤਾ-ਪੁਰਖੀ

---

* Such was the dread in which the A:ghan sheld him, that to this day the Name 'Haria' is repeated by mothers in Peshawar and its neighberahood in frightening their little children.
(History of Punjab, P. 383.

ਧਰਮ ਵਿਚ ਵਾਪਸ ਆ ਸਕਦੇ ਹਨ, ਹਜ਼ਾਰਾਂ ਹਿੰਦੂ ਮੁੜ ਆਪਣੇ ਧਰਮ ਵਿਚ ਪਿਛੇ ਆਏ। ਸੁਖਰਾਮ ਸਵਰੂਪ ਦੋ ਸਾਲ ਮੁਸਲਮਾਨ ਰਹਿਕੇ ਮੁੜ ਸਹਿਜਧਾਰੀ ਸਿੱਖ ਬਣ ਗਿਆ। ਅਜਿਹੇ ਸਮੇਂ ਡਰਪੋਕ ਪੰਡਤਾਂ ਨੇ ਸਰਕਾਰ ਦਾ ਸਾਥ ਨਾ ਦਿੱਤਾ ਜਿਸ ਕਰਕੇ ਇਹ 'ਸ਼ੁਧੀ ਲਹਿਰ' ਪੂਰਾ ਜ਼ੋਰ ਨ ਪਕੜ ਸਕੀ। ਇਸੇ ਤਰ੍ਹਾਂ ਨਲੂਏ ਸਰਦਾਰ ਨੇ ਦੇਖਿਆ ਕਿ ਅਨੇਕਾਂ ਮੰਦਰ ਢਾਹ ਕੇ ਮਸੀਤਾਂ ਜਾਂ ਮਜ਼ਾਰ ਬਣਾਏ ਗਏ ਹਨ ਜੋ ਕਿ ਜਾਬਰਾਨਾ ਕਾਰਵਾਈ ਸੀ, ਉਹ ਚਾਹੁੰਦਾ ਸੀ ਕਿ ਕੋਈ ਕਿਸੇ ਦੇ ਧਰਮ ਵਿਚ ਜ਼ਬਰਦਸਤੀ ਦਖਲ ਕਿਉਂ ਦੇਵੇ, ਪਰ ਔਰੰਗਜ਼ੇਬ ਦੇ ਸਮੇਂ ਤੋਂ ਹੋ ਰਹੇ ਅਤਿਆਚਾਰਾਂ ਨੇ ਲੋਕਾਂ ਵਿਚ ਇਤਨੀ ਬੁਜ਼ਦਿਲੀ ਤੇ ਦਹਿਸ਼ਤ ਫੈਲਾ ਦਿੱਤੀ ਸੀ ਕਿ ਉਹ ਉਠਣ-ਜੋਗੇ ਨਹੀਂ ਸਨ। ਇਸੇ ਸਮੇਂ ਕਸ਼ਮੀਰ ਵਿਚ ਕਾਲ ਪੈ ਗਿਆ, ਇਹ ਸਰਦਾਰ ਨਲੂਏ ਦੀ ਗਰੀਬ-ਨਿਵਾਜ਼ ਨੀਤੀ ਸੀ ਕਿ ਉਸਨੇ ਸੋਲਾਂ ਰੁਪਏ ਫੀ ਖਰਵਾਰ ਅਨਾਜ ਮੁੱਲ ਲੈ ਕੇ ਪਰਜਾ ਵਿਚ ਤਿੰਨ ਰੁਪਏ ਫੀ ਖਰਵਾਰ ਦੇ ਹਿਸਾਬ ਵੰਡਿਆ। ਉਦੋਂ ਖਰਵਾਰ ਦਾ ਤੋਲ ਲਗਭਗ ਇਕ ਕੁਇੰਟਲ ਦੇ ਬਰਾਬਰ ਸੀ। ਅਜਿਹੀ ਪਰਜਾ-ਭਲਾਈ ਦੀ ਕਾਰਵਾਈ ਤੇ ਸ਼ਰਾਰਤੀ ਅਨਸਰਾਂ ਦੀ ਸੁਧਾਈ ਦਾ ਸਿਟਾ ਸੀ ਕਿ ਸਾਰੇ ਕਸ਼ਮੀਰ ਵਿਚ ਅਮਨ-ਅਮਾਨ ਹੋ ਗਿਆ ਤੇ ਖੁਸ਼ਹਾਲੀ ਵਰਤ ਗਈ। ਸ਼ੇਰਿ-ਪੰਜਾਬ ਨੇ ਪ੍ਰਸੰਨ ਹੋ ਕੇ ਨਲੂਏ ਨੂੰ ਇਹ ਹਦਾਇਤ ਕੀਤੀ ਕਿ ਉਹ ਕਸ਼ਮੀਰ ਵਿਚ ਆਪਣੇ ਨਾਂ ਦਾ ਸਿੱਕਾ ਚਲਾ ਸਕਦਾ ਹੈ। ਚੁਨਾਂਚਿ ਇਸ ਸਿੱਕੇ ਤੇ 'ਹਰਿ' ਉਕਰਿਆ ਗਿਆ ਤੇ ਇਹ ਸਿੱਕਾ 1890 ਈ. ਤੱਕ ਚਲਦਾ ਰਿਹਾ।

ਇਸੇ ਤਰ੍ਹਾਂ ਪਿਸ਼ਾਵਰ ਦਾ ਇਲਾਕਾ ਜ਼ਿਆਦਾ ਵਿਗੜਿਆ ਹੋਇਆ ਸੀ, ਖਰੂਦੀ ਪਠਾਣ ਕਿਸੇ ਤਰ੍ਹਾਂ ਕਾਬੂ ਨਹੀਂ ਸੀ ਆਉਂਦੇ। ਨਲੂਏ ਨੇ ਸਖਤੀ ਨਾਲ ਇਨ੍ਹਾਂ ਦੰਗੇਬਾਜ਼ਾਂ ਨੂੰ ਦੰਡ ਦੇ ਕੇ ਸਿਧਿਆਂ ਕੀਤਾ। ਮਈ 1834 ਵਿਚ ਪਿਸ਼ਾਵਰ ਪੰਜਾਬੀ ਰਾਜ ਨਾਲ ਜੋੜਿਆ ਗਿਆ, ਬਾਰਕਜ਼ਈ ਪਠਾਣ, ਹਿੰਦੂ ਪਰਜਾ ਨੂੰ ਬੁਰੀ ਤਰ੍ਹਾਂ ਤੰਗ ਕਰਦੇ ਸਨ, ਹਰ ਹਿੰਦੂ ਨੂੰ ਔਰੰਗੇ ਦੇ ਵਕਤ ਤੋਂ ਇਕ ਦੀਨਾਰ (ਚਾਰਮਾਸੇ ਸੋਨਾ) ਜਜ਼ੀਆ ਦੇਣਾ ਪੈਂਦਾ ਸੀ। ਨਲੂਏ ਨੇ ਇਹ ਟੈਕਸ ਹਟਾਇਆ।

ਪਿਸ਼ਾਵਰ ਤੋਂ ਕਾਬਲ ਵਲ ਜਾਂਦੇ ਰਾਹ ਉਤੇ ਤਿੰਨ ਸੌ ਮੁਰੱਬਾ ਗਜ਼ ਵਿਚ ਜਮਰੋਦ ਦਾ ਕਿਲ੍ਹਾ ਇਸ ਲਈ ਉਸਾਰਿਆ ਗਿਆ ਤਾਂਕਿ ਦੱਰਰਾ ਖੈਬਰ ਵੱਲੋਂ ਪੈਣ ਵਾਲੀ ਧਾੜ ਨੂੰ ਸਦਾ ਲਈ ਬੰਨ੍ਹ ਲਾਇਆ ਜਾ ਸਕੇ। ਇਸਦੀਆਂ ਦੀਵਾਰਾਂ

ਚਾਰ ਗਜ਼ ਚੌੜੀਆਂ ਤੇ ਬਾਰਾਂ ਗਜ਼ ਉਚੀਆਂ ਸਨ। ਪਠਾਣ ਇਹ ਕਿਵੇਂ ਬਰਦਾਸ਼ਤ ਕਰ ਸਕਦੇ ਸਨ ਕਿ ਉਨ੍ਹਾਂ ਦੀ ਲੋਟੀ ਵਾਲੀ ਰੋਟੀ ਬੰਦ ਹੋ ਜਾਵੇ। ਚੁਨਾਂਚਿ ਅਮੀਰ ਕਾਬਲ ਦੋਸਤ ਮੁਹੰਮਦ ਨੇ ਪਠਾਣਾਂ ਨੂੰ ਭੜਕਾ ਕੇ ਅੰਤ ਜਮਰੌਦ ਤੇ ਧਾਵਾ ਬੋਲ ਦਿੱਤਾ। ਇਸ ਸਮੇਂ ਕਾਫੀ ਸਿੱਖ ਫੌਜ, ਕੰਵਲ ਨੌਨਿਹਾਲ ਸਿੰਘ ਦੇ ਵਿਆਹ ਤੇ (ਮਾਰਚ 1837 ਈ.) ਪੰਜਾਬ ਆਈ ਹੋਈ ਸੀ, ਜਰਨੈਲ ਨਲੂਆ ਪਿਸ਼ਾਵਰ ਬੀਮਾਰ ਪਿਆ ਸੀ ਪਰ ਸ: ਮਹਾਂ ਸਿੰਘ ਕਿਲੇਦਾਰ ਨੇ ਬੜੀ ਹਿੰਮਤ ਤੇ ਜਵਾਂ-ਮਰਦੀ ਨਾਲ ਇਸ ਧਾਵੇ ਦਾ ਟਾਕਰਾ ਕੀਤਾ। ਜਦ ਨਲੂਏ ਨੂੰ ਪਤਾ ਲਗਾ, ਉਹ ਫੌਰਨ ਫੌਜ ਲੈ ਕੇ ਆਇਆ, ਆਉਂਦਿਆਂ ਹੀ ਮੈਦਾਨੇ ਜੰਗ ਵਿਚੋਂ ਪਠਾਣਾਂ ਤੋਂ 14 ਤੋਪਾਂ ਖੋਹ ਲਈਆਂ। ਪਰ ਅਸਲੀਅਤ ਇਹ ਕਿ ਉਥੇ ਸਿੱਖ ਫੌਜ 7-8 ਹਜ਼ਾਰ ਤੋਂ ਵੱਧ ਨਹੀਂ ਸਨ। ਅੰਤ ਨਲੂਏ ਦੇ ਕਟਾਰ ਲਗੀ, ਇਕ ਤੀਰ ਲਗਾ ਜੋ ਉਸਨੇ ਹਥ ਨਾਲ ਖਿਚ ਕੇ ਕੱਢ ਦਿੱਤਾ। ਫਿਰ ਇਕ ਪਾਸੇ ਤੋਂ ਦੋ ਗੋਲੀਆਂ ਆ ਕੇ ਸੀਨੇ ਵਿਚ ਐਸੀਆਂ ਲਗੀਆਂ ਕਿ ਖ਼ੂਨ ਵਹਿ ਤੁਰਿਆ। ਇਹ ਜਰਨੈਲ ਨਲੂਏ ਦੀ ਹਿੰਮਤ ਸੀ ਕਿ ਜ਼ਖਮੀ ਹਾਲਤ ਵਿਚ ਆਪਣਾ ਘੋੜਾ ਮੋੜ ਕੇ ਵਾਪਸ ਕਿਲ੍ਹੇ ਵਿਚ ਪਰਤ ਆਇਆ। ਇਹ 30 ਅਪ੍ਰੈਲ, 1837 ਦਾ ਦਿਨ ਸੀ ਜਦੋਂ ਉਸਦੇ ਪ੍ਰਾਣ-ਪੰਖੇਰੂ ਉਡਾਰੀ ਮਾਰ ਗਏ। ਇਸ ਤਰ੍ਹਾਂ ਦੇ ਬੀਰ ਕਾਰਨਾਮੇ ਦਸਦੇ ਹਨ ਕਿ ਨਲੂਆ ਕਿਸ ਦਿਲ ਗੁਰਦੇ ਦਾ ਮਾਲਕ ਸੀ। ਜੋ ਕੁਝ ਉਸਨੇ ਪੰਜਾਬ ਲਈ ਕਰਕੇ ਦਿਖਾਇਆ ਉਹ ਸਚਮੁਚ ਹੀ ਅਸਚਰਜਮਈ ਸੀ। ਇਸੇ ਕਰਕੇ ਮਹਾਰਾਜੇ ਨੇ ਕਸ਼ਮੀਰ ਵਾਂਙ ਉਸ ਨੂੰ ਸਰਹੱਦੀ ਇਲਾਕੇ ਵਿਚ ਵੀ ਸਿੱਕਾ ਚਲਾਉਣ ਦੀ ਖੁਲ੍ਹ ਦਿਤੀ ਸੀ। ਉਸਦੀ ਸੈਨਿਕ ਸੂਝ ਬੂਝ ਤੇ ਸੂਰਮਗਤੀ ਦੇ ਸਾਕੇ ਪੜ੍ਹਕੇ ਅੰਗ੍ਰੇਜ਼ ਤਵਾਰੀਖਦਾਨਾਂ ਨੇ ਵੀ ਉਸਦੀ ਭਰਵੀਂ ਤਾਰੀਫ ਕੀਤੀ ਹੈ। ਇਕ ਅੰਗ੍ਰੇਜ਼ ਨੇ 'ਟਿਟਬਿਟੱਸ' ਰਸਾਲੇ ਵਿਚ ਇਹ ਗੱਲ ਨਿਝਕ ਹੋ ਕੇ ਲਿਖੀ ਹੈ ਕਿ ਉਹ ਸੰਸਾਰ ਦਾ ਕਾਮਯਾਬ ਜਰਨੈਲ ਸੀ। ਨਿਪੋਲੀਅਨ ਜਾਂ ਹੈਡਨਬਰਗ ਉਸਦੀ ਸ਼ਾਨ ਨੂੰ ਨਹੀਂ ਪਹੁੰਚਦੇ। ਜੇ ਸਿਖ ਚਾਹੁੰਦੇ ਤਾਂ ਉਹ ਨਲੂਏ ਵਰਗੇ ਜਰਨੈਲਾਂ ਸਦਕੇ ਸਾਰੇ ਏਸ਼ੀਆ ਨੂੰ ਫਤਿਹ ਕਰ ਸਕਦੇ ਸਨ। ਨਿਧੜਕ ਜਰਨੈਲ ਹੋਣ ਦੇ ਨਾਤੇ ਹੀ ਨਹੀਂ, ਅੰਗ੍ਰੇਜ਼ ਸੈਲਾਨੀਆਂ ਉਸਦੀ ਦਾਨਾਈ ਦੀ ਵੀ ਬੜੀ ਤਾਰੀਫ ਕੀਤੀ ਹੈ। ਬੈਰਨ ਹਯੂਗਲ ਲਿਖਦਾ ਹੈ ਕਿ ਉਹ ਯੂਰਪ ਦੇ ਮੁਲਕਾਂ ਦੀ ਰਾਜਨੀਤੀ ਤੇ ਈਸਟ ਇੰਡੀਆ ਕੰਪਨੀ ਦੀ ਕੂਟਨੀਤੀ

ਤੋਂ ਭਲੀ ਪਰਕਾਰ ਜਾਣੂ ਸੀ। ਉਹ ਫਾਰਸੀ, ਪਸ਼ਤੋ, ਕਸ਼ਮੀਰੀ ਤੇ ਹਿੰਦੁਸਤਾਨੀ ਬੋਲਣ ਵਿਚ ਚੰਗੀ ਮੁਹਾਰਤ ਰਖਦਾ ਸੀ ਤੇ ਆਪਣੀ ਗੱਲ ਬਾਤ ਦਾ ਡੂੰਘਾ ਪ੍ਰਭਾਵ ਛਡਦਾ ਸੀ। ਸ. ਹਰੀ ਸਿੰਘ ਦਾ ਬਾਬਾ ਹਰਿਦਾਸ ਸਿੰਘ ੧੭੬੨ ਈ. ਦੇ ਵੱਡੇ ਘਲੂਘਾਰੇ ਵਿਚ ਸ਼ਹੀਦ ਹੋਇਆ ਤੇ ਪਿਤਾ ਸ. ਗੁਰਦਿਆਲ ਸਿੰਘ ਮਿਸਲ ਸ਼ੁਕਰਚੱਕੀਆਂ ਦੀਆਂ ਲੜਾਈਆਂ ਵਿਚ ਸ਼ਹੀਦੀ ਪਾ ਗਿਆ ਸੀ। ਇਉਂ ਤਿੰਨ ਪੀੜ੍ਹੀਆਂ ਸ਼ਹੀਦੀ ਜੋਤਿ ਜਗਾਉਂਦੀਆਂ ਰਹੀਆਂ - ਜਦ 1831 ਈ. ਵਿਚ ਮਹਾਰਾਜੇ ਨੇ ਲਾਰਡ ਵਿਲੀਅਮ ਬੈਂਟਿੰਕ ਨਾਲ ਮੁਲਾਕਾਤ ਕਰਨ ਲਈ ਸ਼ਿਮਲੇ ਵਫਦ ਭੇਜਿਆ ਸੀ ਤਾਂ ਫਕੀਰ ਅਜੀਜ਼ੁਦੀਨ ਨਾਲ ਸ. ਹਰੀ ਸਿੰਘ ਨਲੂਏ ਨੂੰ ਉਚੇਚਾ ਘੱਲਿਆ ਗਿਆ ਸੀ।

ਜਿਵੇਂ ਕਿ ਅਸੀਂ ਪਹਿਲੇ ਕਹਿ ਚੁਕੇ ਹਾਂ ਕਿ ਕਵੀ ਕੇਵਲ ਸਰਬੋਤਮ ਸ਼ਖਸੀਅਤ ਨੂੰ ਹੀ ਨਾਇਕ ਬਣਾ ਕੇ ਰਾਜ਼ੀ ਹੈ ਚਾਹੇ ਉਹ ਸਦਾਚਾਰਕ ਸ੍ਰੇਸ਼ਟਤਾ ਦਾ ਖੇਤਰ ਹੋਵੇ, ਚਾਹੇ ਸੂਰਬੀਰਤਾ ਦਾ। ਜੋ ਸੂਰਬੀਰ ਆਪਣੇ ਜੀਵਨ-ਆਦਰਸ਼ ਲਈ ਬਲੀਦਾਨ ਦੀ ਬੁਲੰਦੀ ਤਕ ਜਾ ਸਕਦਾ ਹੈ, ਉਸਦਾ ਸਨਮਾਨ ਤੇ ਗੁਣਗਾਨ ਹੋਣਾ ਸੁਭਾਵਕ ਹੈ। ਜਿਵੇਂ ਸ਼ੇਰਿ- ਪੰਜਾਬ ਦੀ ਮਹਿਮਾ ਦੇ ਕਈ ਕਿੱਸੇ ਮਿਲਦੇ ਹਨ, ਇਸੇ ਤਰ੍ਹਾਂ ਸਰਦਾਰ ਨਲੂਏ ਦੇ ਬੀਰ ਕਾਰਨਾਮਿਆਂ ਬਾਰੇ ਇਹ ਪੰਜ ਰਚਨਾਵਾਂ ਧਿਆਨਯੋਗ ਹਨ :-

1. ਕਾਦਰਯਾਰ .... 30 ਬੈਂਤ
2. ਗੁਰਮੁਖ ਸਿੰਘ ਗਿਆਨੀ .... 30 ਬੈਂਤ
3. ਸਹਾਈ ਸਿੰਘ .... 30 ਬੈਂਤ
4. ਮਿਸਰ ਹਰੀ ਚੰਦ ਉਰਫ ਕਾਦਰਯਾਰ .... (ਪੰਜ ਸੀਹਰਫੀਆਂ)
5. ਅਗਿਆਤ ਲੋਕ ਕਵੀ .... ਕੁਝ ਪਉੜੀਆਂ

1. ਕਾਦਰਯਾਰ ਪਿੰਡ ਮਾਛੀ ਕੇ ਜ਼ਿਲਾ ਗੁਜਰਾਂਵਾਲੇ ਦਾ ਸੰਧੂ ਜੱਟ ਸੀ, ਇਸਨੇ ਕਈ ਕਿੱਸੇ ਲਿਖੇ ਹਨ। ਜਮਰੋਦ ਵਾਲੀ ਨਲੂਏ ਦੀ ਬੀਰ-ਗਾਥਾ ਉਸਦਾ ਦਿਲ ਹਿਲਾ ਗਈ ਤੇ ਉਸਨੇ 'ਸੀਹਰਫੀ ਦੂਲੋ ਹਰੀ ਸਿੰਘ ਜੀ ਕੀ' ਲਿਖੀ। ਸਰਦਾਰ ਨਲੂਏ ਨੂੰ ਸਿਖ ਸੈਨਿਕ ਬਰਾਤ ਦਾ ਲਾੜ੍ਹਾ (ਦੂਲੋ) ਕਹਿਕੇ ਸਲਾਹਿਆ।

2. ਗਿ. ਸੂਰਤ ਸਿੰਘ ਚਨਯੋਟ ਵਾਲਿਆਂ ਦੇ ਦੋ ਪੁੱਤਰ ਸਨ - ਭਾਈ ਗੁਰਦਾਸ

ਸਿੰਘ ਤੇ ਗਿ. ਸੰਤ ਸਿੰਘ। ਗਿ. ਸੰਤ ਸਿੰਘ ਵਧੀਆ ਕਥਾਵਾਚਕ ਵਿਦਵਾਨ ਸੀ, ਆਪ ਦਾ ਦੇਹਾਂਤ ਹਾੜਸੁਦੀ ਅਸ਼ਟਮੀ ੧੯੯੧ ਬਿ. ਨੂੰ ਅੰਮ੍ਰਿਤਸਰ ਹੋਇਆ। ਗਿਆਨੀ ਸੰਤ ਸਿੰਘ ਜੀ ਦੇ ਪੁਤਰ ਸਨ - ਗੁਰਮੁਖ ਸਿੰਘ। ਅਗੇ ਗੁਰਮੁਖ ਸਿੰਘ ਦੇ ਪ੍ਰਦੁਮਨ ਸਿੰਘ, ਮਧੁ ਸੂਦਨ ਸਿੰਘ, ਲੱਧਾ ਸਿੰਘ - ਤਿੰਨ ਪੁਤਰ ਸਨ। ਇਨ੍ਹਾਂ ਦਾ ਨਿਵਾਸ 'ਬੁਰਜ ਗਿਆਨੀਆਂ' ਕਰਕੇ ਮਸ਼ਹੂਰ ਰਿਹਾ ਹੈ।

3. ਸਹਾਈ ਸਿੰਘ :- ਕੇਸਰ ਸਿੰਘ ਛਿੱਬਰ ਦਾ ਸਪੁੱਤਰ ਸੇਵਾ ਸਿੰਘ ਸੀ ਤੇ ਸੇਵਾ ਸਿੰਘ ਦੇ ਪੁੱਤਰ ਮਿਹਰ ਸਿੰਘ ਤੇ ਸਹਾਈ ਸਿੰਘ ਸਨ। ਇਹ ਸਾਰਾ ਘਰਾਣਾ ਵਿਦਵਾਨ ਕਵੀਆਂ ਦਾ ਸੀ। ਸੁਹਾਈ ਸਿੰਘ ਨੇ ਫਾਰਸੀ ਵਿਚੋਂ 'ਤਰਜਮਾ ਕਰਕੇ' 'ਭੁਚਾਲ ਨਾਮਾ' ਵੀ ਲਿਖਿਆਂ ਹੈ ਤੇ ਇਹ ਸੀਹਰਫੀ ਮਾਲੂਮ ਇਉਂ ਹੁੰਦਾ ਹੈ ਕਿ ਉਸਨੇ ਗਿ: ਗੁਰਮੁਖ ਸਿੰਘ ਜੀ ਦਾ ਲਿਖਤ ਤੋਂ ਪ੍ਰੇਰਨਾ ਲੈ ਕੇ ਲਿਖੀ। ਕੁਝ ਵਾਕਾਂ ਤੇ ਵਾਕੰਸ਼ਾਂ ਦਾ ਇਕੋ ਜੇਹਾ ਹੋਣਾ ਸਬੂਤ ਹੈ।

4. ਮਿਸਰ ਹਰੀ ਚੰਦ ਉਰਫ ਕਾਦਰਯਾਰ :- ਇਹ ਮਿਸਰ ਬੇਲੀ ਰਾਮ ਦੇ ਖਾਨਦਾਨ ਵਿਚੋਂ ਸੀ ਜੋ ਕਿ ਵੀਹਵੀਂ ਸਦੀ ਦੇ ਮੁੱਢ ਵਿਚ ਡਲਵਾਲ ਜ਼ਿਲਾ ਜੇਹਲਮ ਵਿਚ ਪੈਦਾ ਹੋਇਆ। ਪ੍ਰੋ. ਸੀਤਾ ਰਾਮ ਕੋਹਲੀ ਜੀ ਨੂੰ ਲਾਹੌਰ ਮਿਲਦਾ ਰਿਹਾ ਸੀ। ਇਸਨੇ ਕਾਦਰਯਾਰ ਦੀ ਸੀਹਰਫੀ ਤੋਂ ਪ੍ਰਭਾਵਤ ਹੋ ਕੇ ਸਿੰਘਾਂ ਤੇ ਪਠਾਣਾਂ ਦੀਆਂ ਜੰਗਾਂ ਦਾ ਬ੍ਰਿਤਾਂਤ ਕਈ ਸੀਹਰਫੀਆਂ ਵਿਚ ਲਿਖਿਆ ਹੈ ਤੇ ਨਾਮ, ਥਾਂ ਥਾਂ ਕਾਦਰਯਾਰ ਦਾ ਪਾਇਆ ਹੈ। ਇਹ ਸੀਹਰਫੀਆਂ 1924 ਵਿਚ ਮਨੋਹਰ ਪ੍ਰੇਸ ਸਰਗੋਧਾ ਵਲੋਂ ਛਾਪੀਆਂ ਗਈਆਂ ਸਨ। 1965 ਵਿਚ ਪੰਜਾਬੀ ਯੂਨੀਵਰਸਿਟੀ ਨੇ ਇਨ੍ਹਾਂ ਨੂੰ ਮੁੜ ਪ੍ਰਕਾਸ਼ਤ ਕੀਤਾ ਸੀ।

5. ਇਹ ਕਿਸੇ ਲੋਕ ਕਵੀ ਦੀ ਰਚਨਾ 'ਹਰੀ ਸਿੰਘ ਦੂਲੋਂ ਦੀਆਂ ਪਉੜੀਆਂ' ਮਿਲਦੀਆਂ ਹਨ। ਹੋਰ ਢਾਡੀਆ ਭੱਟਾਂ ਵੀ ਉਸ ਬਾਰੇ ਬਹੁਤ ਕੁਝ ਲਿਖਿਆ ਸੀ ਪਰ ਉਹ ਲਿਖਤ ਵਿਚ ਨਹੀਂ ਆਇਆ। ਇਹ ਵੰਨਗੀ ਇਸਦੀ ਪੁਸ਼ਟੀ ਕਰਦੀ ਹੈ।

ਪਹਿਲੇ ਪਹਿਲ ਬਾਵਾ ਪ੍ਰੇਮ ਸਿੰਘ ਤੇ ਪ੍ਰੋ. ਗੰਡਾ ਸਿੰਘ ਨੇ ਕਾਦਰਯਾਰ ਨਾਂ ਤੇ ਇਹ ਭੁਲੇਖਾ ਖਾਧਾ ਸੀ ਕਿ ਇਹ ਸਿਖ ਰਾਜ ਦੇ ਜ਼ਮਾਨੇ ਹੋਏ ਕਾਦਰਯਾਰ ਦੀ ਹੀ ਕਿਰਤ ਹਨ ਪਰ ਹੁਣ ਪਤਾ ਲਗ ਗਿਆ ਹੈ ਕਿ ਇਹ ਉਨੀਵੀਂ ਸਦੀ ਦਾ ਨਹੀਂ, ਵੀਹਵੀਂ ਸਦੀ ਦਾ ਕਵੀ ਮਿਸਰ ਹਰੀ ਚੰਦ ਹੋਰ ਹੈ ਪਰ ਉਸਨੇ

ਪ੍ਰੇਮ ਵਸ ਸਾਰੀ ਰਚਨਾ ਵਿਚ ਨਾਮ 'ਕਾਦਰਯਾਰ' ਦਾ ਹੀ ਵਰਤਿਆ ਹੈ। ਨਮੂਨੇ ਲਈ ਦੋ ਬੈਂਤ ਹਾਜ਼ਰ ਹਨ। ਇਹ ਬੈਂਤ ਇਤਿਹਾਸਕਾਰਾਂ ਅਸਲ ਕਾਦਰਯਾਰ ਦੇ ਸਮਝ ਕੇ ਵਰਤੇ ਸਨ। ਜਮਰੌਦ ਦਾ ਜ਼ਖਮੀ ਜਰਨੈਲ ਆਪਣੇ ਘੋੜੇ ਨਾਲ ਇਉਂ ਬਚਨ ਕਰਦਾ ਹੈ :-

ਨੂਨ ਨਿਕਲ ਚਲ ਘੋੜਿਆ ਕਿਲੇ ਦੀ ਵਲ, ਅਸਾਂ ਪਾਵਣਾ ਨਹੀਂ ਦੂਜੀ ਵਾਰ ਫੇਰਾ
ਗੋਲੀ ਲਗੀ ਹੈ ਕਹਰ ਕਲੇਰ ਵਾਲੀ, ਘਾਇਲ ਹੋਜਾ ਹੈ ਅਜ ਅਸਵਾਰ ਤੇਰਾ
ਮੇਰੇ ਬਾਂਕਿਆ ਛੈਲ ਛਬੀਲਿਆ ਓ, ਹੈਂ ਤੂੰ ਸੈਆਂ ਮੈਦਾਨਾਂ ਦਾ ਯਾਰ ਮੇਰਾ
ਕਾਦਰਯਾਰ ਜੇ ਲੈ ਚਲੇਂ ਅਜ ਡੇਰੇ, ਤੇਰਾ ਕਦੀ ਨ ਭੁਲਸੀ ਪਿਆਰ ਸ਼ੇਰਾ।੨੭।

ਵਾਉ ਵਗਿਆ ਹਵਾ ਦੇ ਵਾਂਗੁ ਘੋੜਾ, ਜਿਵੇਂ ਨਿਕਲਦਾ ਤੀਰ ਕਮਾਨ ਵਿਚੋਂ
ਮਾਰ ਚੁੰਗੀਆਂ ਹਰਨ ਦੇ ਵਾਂਗ ਯਾਰੋ, ਉਡ ਗਿਆ ਸੀ ਉਹ ਮੈਦਾਨ ਵਿਚੋਂ
ਫੌਜਾਂ ਸਿੰਘਾਂ ਦੀਆਂ ਵਿਚੋਂ ਗੁਜ਼ਰ ਗਿਆ, ਲੰਘ ਗਿਆ ਸੀ ਲਸ਼ਕਰ ਪਠਾਣ ਵਿਚੋਂ
ਕਾਦਰਯਾਰ ਹਠ ਨਾਲ ਸਰਦਾਰ ਬੈਠਾ, ਐਪਰ ਨਿਕਲਦੀ ਪਈ ਸੀ ਜਾਨ ਵਿਚੋਂ।੨੮।

ਇਸ ਤੋਂ ਇਲਾਵਾ ਦੱਸਿਆ ਜਾਂਦਾ ਹੈ ਕਿ ਕਾਨ੍ਹ ਸਿੰਘ ਬੰਗਾ ਨੇ ਵੀ ਨਲੂਏ ਦੀ ਵਰਿਆਮਗੀ ਤੇ ਵਾਰ ਜਾਂ ਜੰਗਨਾਮਾ ਲਿਖਿਆ ਸੀ, ਇਹ ਸੰਤ ਜਵਾਲਾ ਸਿੰਘ ਪਟਿਆਲੇ ਵਾਲਿਆਂ ਪਾਸ ਸੀ ਤੇ ਸ. ਕਰਮ ਸਿੰਘ ਹਿਸਟੋਰੀਅਨ ਨੇ ਇਸਦਾ ਇਕ ਉਤਾਰਾ ਵੀ ਕਰ ਲਿਆ ਸੀ ਪਰ ਉਹ ਛਪ ਨਹੀਂ ਸਕੀ।

ਇਹ ਪ੍ਰਾਪਤ ਰਚਨਾਵਾਂ ਉਸ ਨਿਰਭੈ ਤੇ ਨਿਧੜਕ ਜਰਨੈਲ ਨੂੰ ਸਮੂਹ ਪੰਜਾਬੀਆਂ ਦੀ ਸ਼ਰਧਾਂਜਲੀ ਹੈ ਜੋਕਿ ਉਸਦੀ ਬੀਰਤਾ, ਸ੍ਵੈਮਾਨ ਤੇ ਅਣਖ ਆਣ ਨੂੰ ਯਾਦ ਕਰਕੇ ਇਹ ਗੁਣ ਸਾਡੇ ਅੰਦਰ ਸੰਚਾਰਦੀ ਆ ਰਹੀ ਹੈ।

(੧) ਸੀਹਰਫੀ ਸ. ਹਰੀ ਸਿੰਘ ਦੂਲੇ ਕੀ (ਕਾਦਰਯਾਰ)

ਅਲਫ ਆਫਰੀਂ ਜੰਮਣਾ ਕਹਿਣ ਸਾਰੇ, ਹਰੀ ਸਿੰਘ ਦੂਲੇ ਸਰਦਾਰ ਤਾਂਈਂ
ਜਮਾਦਾਰ ਬੇਲੀ, ਰਾਜੇ ਸਾਹਿਬ ਕੋਲਹੁ, ਕੱਦ ਉਚਾ ਬੁਲੰਦ ਸਰਦਾਰ ਤਾਂਈਂ
ਧਨੀ ਤੇਗ ਦਾ ਮਰਦ ਨਸੀਬ ਵਾਲਾ, ਸਾਇਆ ਉਸਦਾ ਕੁਲ ਸੰਸਾਰ ਤਾਂਈ
ਕਾਦਰਯਾਰ ਪਹਾੜਾਂ ਨੂੰ ਸੋਧਿਓ ਸੁ, ਕਾਬਲ ਕੰਬਿਆ ਖੌਫ ਕੰਧਾਰ ਤਾਂਈ।੧।

ਬੇ ਬਹੁਤ ਹੋਯਾ ਹਰੀ ਸਿੰਘ ਦੂਲੇ, ਜਿਸਦਾ ਨਾਮ ਰੌਸ਼ਨ ਦੂਰ ਦੂਰ ਸਾਰੇ
ਦਿੱਲੀ ਦੱਖਣ ਤੇ ਚੀਨ ਮਚੀਨ ਤਾਈਂ, ਬਾਦਸ਼ਾਹਾਂ ਨੂੰ ਖੌਫ ਜ਼ਰੂਰ ਸਾਰੇ
ਰਾਜਾ ਕਰਨ ਤੇ ਬਿਕ੍ਰਮਾਜੀਤ ਵਾਂਗੂ, ਹਾਤਮਤਾਈ ਵਾਂਗੂ ਮਸ਼ਹੂਰ ਸਾਰੇ
ਕਾਦਰਯਾਰ ਜਹਾਨ ਤੇ ਨਹੀਂ ਹੋਣੇ, ਸਖੀ ਓਹ ਬੁਲੰਦ ਹਜ਼ੂਰ ਸਾਰੇ।੨।

ਤੇ ਤੇਗ ਮੈਦਾਨ ਮੇਂ ਬਹੁਤ ਚੱਲੇ, ਨਾਲ ਤੇਗ ਦੇ ਰਾਜ ਕਮਾਂਵਦਾ ਏ
ਚੜ੍ਹਤਲ ਸ਼ੇਰ ਦੀ ਚੜ੍ਹੇ ਮੈਦਾਨ ਅੰਦਰ, ਕਿਲੇ ਮਾਰਿ ਲੈਂਦਾ ਫਤਿਹ ਪਾਂਵਦਾ ਏ
ਓਦੋਂ ਭਾਜ ਪੈਂਦੀ ਵੱਡੇ ਖਹਿਬਰਾਂ ਨੂੰ, ਜਦ ਧਮਕ ਪਿਸ਼ੌਰ ਨੂੰ ਲਾਂਵਦਾਏ
ਕਾਦਰਯਾਰ ਕੰਧਾਰੀਆ ਦੋਸਤ ਮੁਹੰਮਦ, ਡਰਦਾ ਕਾਬਲੋਂ ਉਰ੍ਹਾਂ ਨ ਆਂਵਦਾ ਏ।੩।

ਸੇ ਸਾਬਤੀ ਦੇ ਨਾਲ ਕਾਲ ਪੂਨਾ, ਹਰੀ ਸਿੰਘ ਦਾ ਏਸ ਜਹਾਨ ਵਿਚੋਂ
ਚੜ੍ਹੇ ਮਾਹ ਵਿਸਾਖ ਦੇ ਦੋਸਤ ਮੁਹੰਮਦ, ਫੌਜਾਂ ਸੱਦ ਲਈਆਂ ਖੁਰਾਸਾਨ ਵਿਚੋਂ
ਹਰੀ ਸਿੰਘ, ਸਰਕਾਰ ਵਲ ਲਿਖੀ ਅਰਜ਼ੀ, ਢੁੱਕੇ ਆਣਿ ਮੁੱਦਈ ਈਰਾਨ ਵਿਚੋਂ
ਕਾਦਰਯਾਰ ਗੁਲਾਮ ਦੀ ਖਬਰ ਲੈਣਾ, ਲਸ਼ਕਰ ਭੇਜਣਾ ਸ਼ਹਿਰ ਮੈਦਾਨ ਵਿਚੋਂ।੪।

ਜੀਮ ਜੰਗ ਦੀ ਥੈਲੀ ਨ ਤੋੜ ਪਹੁੰਚੀ, ਭਾਵੀ ਰੱਬ ਦੀ, ਲਿਖਿਆ ਕੌਣ ਮੋੜੇ
ਚੜ੍ਹੇ ਲੱਖ ਜਵਾਨ ਦੁਰਾਨੀਆਂ ਦੇ, ਜਿਨ੍ਹਾਂ ਮੋਰਚੇ ਜਾਇ ਜਮਰੌਦ ਜੋੜੇ
ਮਹਾਂ ਸਿੰਘ ਪੁਤਰੇਲੇ ਨੂੰ ਘੇਰਿਆ ਨੇ, ਮਾਰ ਤੋਪਾਂ ਦੇ ਕੀਤੇ ਨੇ ਬੁਰਜ ਖੋਰੇ
ਕਾਦਰਯਾਰ ਪਰ ਲਸ਼ਕਰ ਤੇ ਕੈਮ ਰਹਿਣਾ, ਬਾਹਰ ਬਹੁਤ ਲਸ਼ਕਰ ਅੰਦਰਿ ਹੈਨ ਥੋੜੇ।੫।

ਹੇ ਹੁਕਮ ਕੀਤਾ ਹਰੀ ਸਿੰਘ ਦੂਲੇ, ਘੋੜੇ ਕਾਠੀਆਂ ਜ਼ੀਨ ਸ਼ਿਤਾਬ ਪਾਵੇ
ਕਿਲਾ ਕੈਮ ਕਰਕੇ ਬਾਲਾਸਾਰ ਵਾਲਾ, ਅੰਦਰ ਉਸਦੇ ਚੁੱਕ ਅਸਬਾਬ ਪਾਵੇ
ਚਲੋ ਤਰਫ ਜਮਰੌਦ ਦੀ ਜੰਗ ਕਰੀਏ, ਲੜ ਮਰੇ ਸ਼ਹੀਦੀ ਸੁਆਬ ਪਾਵੇ
ਕਾਦਰਯਾਰ ਮੈਂ ਬਖਸ਼ਾਂਗਾ ਕੈਠਿਆਂ ਨੇ, ਏਥੇ ਲੋੜ ਤੇ ਹੋਰ ਖਤਾਬ ਪਾਵੇ।੬।

ਖੇ ਖੁਸ਼ੀ ਦੇ ਨਾਲ ਤੰਬੂਰ ਵੱਜਾ, ਧੌਂਸਾ ਮਾਰਿ ਸਰਦਾਰ ਤਿਆਰ ਹੋਯਾ
ਬਾਹਰ ਬੰਨ੍ਹਕੇ ਪੜਤਲ ਦਰਵੇਸ਼ਿਆਂ ਦੀ, ਅੰਦਰ ਲੈ ਫੌਜਾਂ ਨਮੂਦਾਰ ਹੋਯਾ
ਝੱਟ ਫੌਜ ਤਿਆਰ ਕਰ ਲਈ ਸਾਰੀ, ਜਦੋਂ ਜੰਗ ਦਾ ਆ ਗੁਬਾਰ ਹੋਯਾ
ਕਾਦਰਯਾਰ ਸਰਕਾਰ ਦੇ ਨਾਲ ਉਥੇ, ਕਾਯਮ ਆਦਮੀ ਅੱਠ ਹਜ਼ਾਰ ਹੋਯਾ।੭।

ਦਾਲ ਦੇਖ ਹੈਂ ਰਾਨ ਹੋ ਗਯਾ ਕਾਬਲ, ਸੈਆਂ ਲਸ਼ਕਰਾਂਦੇ ਜਿਥੇ ਆਣ ਲੱਥੇ
ਵਾੱਲੀ ਆਪ ਹੈ ਥੋੜਿਆਂ ਬਹੁਤਿਆਂ ਦਾ, ਤੇਗਾਂ ਪਕੜਿ ਮੈਦਾਨ ਜਵਾਨ ਲੱਥੇ
ਹਰੀ ਸਿੰਘ ਸਰਦਾਰ ਦੀ ਫਤੇ ਪਹਿਲੀ, ਉਥੇ ਸੈਆਂ ਪਠਾਣਾਂ ਦੇ ਘਾਣ ਲੱਥੇ
ਕਾਦਰਯਾਰ ਹਥਿਆਰਾਂ ਦੀ ਵਾਰ ਦੂਜੇ, ਭੁੱਖੇ ਬਾਜ਼ ਸ਼ਿਕਾਰ ਨੂੰ ਖਾਣ ਲੱਥੇ।੮।

ਜ਼ਾਲ ਜ਼ਰਾ ਨ ਡੋਲਿਆ ਕੋਈ ਪਾਸਾ, ਤਿੰਨ ਪਹਿਰ ਗੁਜ਼ਰੇ ਉਨ੍ਹਾਂ ਲੜਦਿਆਂ ਨੂੰ
ਚੌਥੇ ਪਹਿਰ ਦੁਰਾਨੀਆਂ ਫਤੇ ਪਾਈ, ਬੰਨਾ ਪਾਯਾ ਮੁੱਦਈਆਂ ਦੇ ਮਰਦਿਆਂ ਨੂੰ
ਸੈਧੇ ਡਾਹ ਕੇ ਜੇਲ੍ਹ ਦਾ ਤੋਪਖਾਨਾ, ਭੰਨ ਸੁਟਿਆ ਨੇ ਸਿਰਕਰਦਿਆਂ ਨੂੰ
ਕਾਦਰਯਾਰ ਪਰ ਪੜਤਲ ਨਜੀਬਾਂ ਵਾਲੀ, ਮਾਰੀ ਗਈ ਸਰਦਾਰ ਦੇ ਚੜ੍ਹਦਿਆਂ ਨੂੰ।੯।

ਰੇ ਰੰਗ ਤਗੱਯਰ ਹੋ ਗਏ ਨੇ ਜੀ, ਪੈਰ ਛੱਡ ਚਲੇ ਦਿਲੋਂ ਹਾਰ ਕੇ ਜੀ
ਪਿਛੇ ਰਹੇ ਸਰਦਾਰ ਦੇ ਚਾਰ ਘੋੜੇ, ਮੁੜ ਆਯਾ ਜੇ ਫੌਜਾਂ ਵੰਗਾਰ ਕੇ ਜੀ
ਕਿਥੇ ਜਾਓਗੇ, ਨਹੀਂ ਲਾਹੌਰ ਨੇੜੇ, ਇਥੇ ਸਾਸ ਦੇਣੇ ਦਿਲੋਂ ਧਾਰਕੇ ਜੀ
ਕਾਦਰਯਾਰ ਜਹਾਨ ਤੇ ਨਹੀਂ ਰਹਿਣਾ, ਸਿੰਘੋ! ਮੁੜੋ ਮੁੱਦਈਆਂ ਨੂੰ ਮਾਰ ਕੇ ਜੀ।੧੦।

ਜ਼ੇ ਜ਼ੋਰ ਕਰ ਪਰਤੀਆਂ ਫੇਰ ਫੌਜਾਂ, ਉਥੇ ਫੇਰ ਵਡੇ ਹਥਯਾਰ ਹੋਏ
ਸੇਧੇ ਡਾਹਕੇ ਜੇਲ੍ਹ ਦਾ ਤੋਪਖਾਨਾ, ਸਿੰਘ ਜਾ ਜ਼ਖਮੀ ਦੂਜੀ ਵਾਰ ਹੋਏ
ਜਦੋਂ ਆਪ ਸਰਦਾਰ ਤਿਆਰ ਹੋਯਾ, ਸਭੇ ਨਾਲ ਉਸਦੇ ਨਮੂਦਾਰ ਹੋਏ
ਕਾਦਰਯਾਰ ਸਰਕਾਰ ਵਲ ਲਿਖੇ ਅਰਜ਼ੀ, 'ਅਸੀਂ ਬਹੁਤ ਹੀ ਆ ਲਾਚਾਰ ਹੋਏ।੧੧।

ਸੀਨ ਸੀਨੇ ਸਰਕਾਰ ਦੇ ਜ਼ਖਮ ਲਗਾ, ਭੰਨ ਗਯਾ ਸੁ ਤੀਰ ਸਰੀਰ ਸਾਰਾ
ਲੱਕ ਬੰਨ੍ਹ ਕੇ ਘੋੜੇ ਤੇ ਚੀਸ ਵੱਟੀ, ਅੱਖੀਂ ਚਲ ਪਯਾ ਜਦ ਨੀਰ ਸਾਰਾ
ਘਰਬਾਰ ਧੀਆਂ ਪੁਤ੍ਰ ਯਾਦ ਆਏ, ਲੱਗਾ ਸੱਲ ਵਿਛੋੜੇ ਦਾ ਤੀਰ ਭਾਰਾ
ਕਾਦਰਯਾਰ ਜਾ ਕਿਲੇ ਬੈਠਾਲਿਓ ਨੇ, ਸਣੇ ਪੰਥ ਹੋ ਗਿਆ ਦਿਲਗਿਰ ਸਾਰਾ।੧੨।

ਸ਼ੀਨ ਸ਼ੱਪ ਪਹੁੰਚੇ ਖਿਦਮਤਗਾਰ ਸਾਰੇ, ਜਾਕੇ ਵੇਖ ਸਰਦਾਰ ਦਾ ਦਿਲ ਮਾਂਦਾ
ਖਿਦਮਤਗਾਰ ਕੋ ਪਾਸ ਬਹਾਲਿਓ ਨੇ, ਦੀਵੇ ਵੱਟੀ ਦਾ ਵਕਤ ਵਿਹਾ ਜਾਂਦਾ
ਕੋਈ ਲਿਆਓ ਗਊ ਮਣਸਾਊ ਮੈਥੋਂ, ਇਨ੍ਹਾਂ ਸਾਸਾਂ ਦਾ ਕੀ ਵਿਸਾਹ ਜਾਂਦਾ
ਕਾਦਰਯਾਰ ਨ ਮੁਯਾਂ ਦਾ ਨਾਂ ਲੈਣਾ, ਮਤਾਂ ਦੋਸਤ ਮੁਹੰਮਦ ਆ ਲੁੱਟ ਪਾਂਦਾ।੧੩
ਸੁਆਦ ਸਾਹਿਬ ਬਾਝੋਂ ਨਹੀਂ ਕੋਈ ਬੇਲੀ, ਏਥੇ ਕੰਮ ਹੈ ਬਹੁਤ ਦਲੇਰੀਆਂ ਦੇ

ਹਰੀ ਸਿੰਘ ਸਰਦਾਰ ਹੋ ਗਯਾ ਰੁਖਸਤ, ਮੰਨ ਵਕਤ ਹਕੀਕਤਾਂ ਮੇਰੀਆਂ ਦੇ
ਤੂੰ ਤਾਂ ਖੁਸ਼ੀ ਮਾਣੇਂ ਵਿਚ ਲਾਹੌਰ ਦੇ ਜੀ, ਏਥੇ ਘਾਣ ਲੱਥੇ ਫੌਜਾਂ ਤੇਰੀਆਂ ਦੇ
ਕਾਦਰਯਾਰ ਮੁੱਦਈ ਪਰ ਆਣ ਢੁਕੇ, ਮੱਲ ਖੜੇ ਸਾਂ ਆਸਰੇ ਦੇਰੀਆਂ ਦੇ।੧੪।

ਜ਼ਵਾਦ ਜ਼ੋਰ ਨ ਰੱਬ ਦੇ ਨਾਲ ਚਲੇ, ਝੱਲੇ ਦਰਦ ਸਰਦਾਰ ਨੇ ਸਾਸ ਛੱਡੇ
ਟਹਿਲ ਵਾਲਿਆਂ ਮਾਰ ਕੇ ਰੁੱਝੀਂ ਹਾਈ, ਪਿਟ ਪਿਟ ਕੇ ਆਪਣੇ ਸਾਸ ਛੱਡੇ
ਆਈ ਅੰਧ ਗੁਬਾਰ ਦੀ ਰਾਤ ਯਾਰਾਂ, ਸਭੇ ਨਾਲ ਉਸਨੇ ਆਪਣੇ ਦਾਯ ਛੱਡੇ
ਕਾਦਰਯਾਰ ਸਰਦਾਰ ਨੇ ਆਪ ਉਥੇ, ਪੜਦੇ ਨਾਲ ਫਰਜ਼ੰਦ ਸਮਝਾਇ ਛੱਡੇ।੧੪।

ਤੋਇ ਤੁਰਤ ਸਰਕਾਰ ਵਲ ਖ਼ਤ ਲਿਖਿਆ, ਝੱਬ ਬਹੁੜ ਆ ਕੇ ਬਾਲਾਸਾਰ ਅੰਦਰ
ਹਰੀ ਸਿੰਘ ਸਰਦਾਰ ਹੋ ਗਿਆ ਰੁਖਸਤ, ਅਜੇ ਨਹੀਂ ਕੀਤਾ ਸਸਕਾਰ ਅੰਦਰ
ਮਾਲਕ ਹੈਂ ਤਾਂ ਝੱਬ ਤੂੰ ਬਹੁੜ ਇਥੇ, ਨਹੀਂ ਤਾਂ ਲੁਟ ਪੈਂਦੀ ਬਾਲਾਸਾਰ ਅੰਦਰ
ਕਾਦਰਯਾਰ ਅਜੇ ਖੌਫ ਜੀਂਵਦੇ ਦਾ, ਨਹੀਂ ਮੋਏ ਦੀ ਖਬਰ ਕੰਧਾਰ ਅੰਦਰ। ੧੫।

ਜ਼ੋਇ ਜ਼ਾਹਰ ਸਰਕਾਰ ਵਲ ਲਿਖੀ ਅਰਜ਼ੀ, ਚਿਠੀ ਮਿਲੀ ਗੁਜਰਾਤ ਦੇ ਆਣ ਡੇਰੇ
ਮੁਨਸ਼ੀ ਹਾਲ ਹਕੀਕਤ ਸੁਣਾਇ ਦਿਤੀ, ਲਿਖਿਆ ਆਯਾ ਹੈ ਬਾਦਸ਼ਾਹ ਪਾਸ ਤੇਰੇ
ਆਪ ਬੈਠਾ ਦੀਵਾਨ ਲਗਾਇਕੇ ਤੂੰ, ਉਠ ਗਯੇ ਈ ਪਾਸੋਂ ਵਜ਼ੀਰ ਤੇਰੇ
ਕਾਦਰਯਾਰ ਸਰਕਾਰ ਨੇ ਆਪ ਕਹਿਆ, ਸਭੇ ਨਾਲ ਹੋਣਾ ਨਮੂਦਾਰ ਮੇਰੇ।੧੭।

ਐਨ ਐਨ ਸਰਕਾਰ ਨੇ ਗੱਲ ਸਮਝੀ, ਰੋ ਰੋ ਕੇ ਤਦ ਰਵਾਨ ਹੋਯਾ
ਝੱਲੇ ਦਰਦ ਨ ਠੱਲ੍ਹੇ ਜਾਣ ਹੰਝੂ, ਅਜ ਸ਼ਾਹ ਤੇ ਵਡਾ ਤੂਫਾਨ ਹੋਯਾ
ਘਰ ਬੈਠਿਆਂ ਖਬਰਾਂ ਮੈਂ ਪੁਛਦਾ ਸਾਂ, ਕੁਝ ਨਹੀਂ ਮੇਰਾ ਨੁਕਸਾਨ ਹੋਯਾ
ਕਾਦਰਯਾਰ ਤਕਦੀਰ ਹੈ ਕੇਹੀ ਵਰਤੀ, ਉਥੇ ਇਕੋ ਮੇਰਾ ਲੈ ਜਵਾਨ ਕੋਹਿਆ।੧੮।

ਗੈਨ ਗ਼ਮ ਆ ਦੇਸ ਦੇ ਨਾਲ ਚਲਿਆ, ਬਾਦਸ਼ਾਹ ਨ ਰੋ ਜ਼ਾਰਜ਼ਾਰ ਚੜ੍ਹਨਾ
ਬਿਗਲ ਵੱਜਿਆ ਸ਼ਹਿਰ ਪੰਜਾਬ ਅੰਦਰ, ਦਿਨੇ ਰਾਤ ਨ ਕਿਤੇ ਮੁਕਾਮ ਕਰਨਾ
ਸੈਆਂ ਕੋਹਾਂ ਦੀ ਵਾਟ ਨੂੰ ਚੀਰ ਕੇ ਤੇ, ਬੀੜਾ ਈਨ ਦਾ ਵਿਚ ਮੈਦਾਨ ਧਰਨਾ
ਕਾਦਰਯਾਰ ਸਰਕਾਰ ਨੇ ਆਪ ਕਹਿਆ, ਓਹ ਹਟ ਜਾਵਣ ਤੁਸਾਂ ਨ ਮੂਲ ਟਰਨਾ।੧੯।

ਫੇ ਫੌਜ ਤਮਾਮ ਪਿਸ਼ੌਰ ਪਹੁੰਚੀ, ਜਾਂ ਮੁਯਾ ਸੁਣ ਲਿਆ ਸਰਦਾਰ ਉਨ੍ਹਾਂ

ਬਾਂਹਾਂ ਵੱਢ ਪਠਾਣ ਜੁ ਖਾਣ ਲਗੇ, ਹੱਥੋਂ ਸੁਟ ਘੱਤੇ ਹਥਯਾਰ ਉਨ੍ਹਾਂ
ਸਾਨੂੰ ਖੌਫ ਰਿਹਾ ਉਸਦੇ ਜੀਵਣੇ ਦਾ, ਜ਼ਰਾ ਭੇਤ ਨ ਕੱਢਿਆ ਬਾਹਰ ਉਨ੍ਹਾਂ
ਕਾਦਰਯਾਰ ਜੇ ਮੁਏ ਦੀ ਖਬਰ ਹੁੰਦੀ, ਬੰਨਾ ਪਾ ਦੇਂਦੇ ਅਟਕੋਂ ਪਾਰ ਉਨ੍ਹਾਂ।੨੦।

ਕਾਫ ਕੁਦਰਤ ਰੱਬ ਦੀ ਵੇਖ ਭਾਈ, ਅਟਕ ਅਟਕੀ ਨ ਜ਼ਰਾ ਸਰਕਾਰ ਅੱਗੇ
ਖ੍ਵਾਜਾ ਖਿਜ਼ਰ ਦਾ ਨਾਮ ਧਿਆਇਕੇ ਜੀ, ਘੋੜਾ ਠੇਲ੍ਹਿਆ ਵਿਚ ਸਰਕਾਰ ਅੱਗੇ
ਗੋਡੇ ਗੋਡੇ ਦਰਯਾ ਸਭ ਹੋਯਾ ਸੀ, ਜਦ ਫੌਜ ਗਈ ਉਰ ਵਾਰ ਅੱਗੇ
ਕਾਦਰਯਾਰ ਸਰਕਾਰ ਭੀ ਪਾਰ ਲੰਘੀ, ਚੜ੍ਹਿਆ ਅਟਕ ਸੀ ਬੇਸ਼ੁਮਾਰ ਅੱਗੇ।੨੧।

ਕਾਫ ਕੋਈ ਜਹਾਨ ਤੇ ਨਹੀਂ ਹੋਣਾ, ਹਰੀ ਸਿੰਘ ਜੇਹਾ ਕੋਈ ਓਟ ਵਾਲਾ
ਪਹਿਲਾਂ ਹੱਥ ਸਰਕਾਰ ਨੂੰ ਦੱਸਿਆ ਸੁ, ਕਿਲਾਫਤੇ ਕੀਤਾ ਸਿਆਲਕੋਟ ਵਾਲਾ
ਦੂਜਾ ਹੱਥ ਸਰਕਾਰ ਨੂੰ ਦੱਸਿਆ ਸੁ, ਕਿਲਾ ਮਾਰਿ ਲਯਾ ਜਮਰੌਦ ਵਾਲਾ
ਕਾਦਰਯਾਰ ਜਹਾਨ ਤੇ ਨਹੀਂ ਹੋਣੇ, ਲਸ਼ਕਰ ਮਿਲ ਗਯਾ ਜੇ ਮਮਦੋਟ ਵਾਲਾ।੨੨।

ਲਾਮ ਲਿਆ ਸੀ ਘੇਰ ਦਲੇਰ ਭਾਈ, ਹਰੀ ਸਿੰਘ ਸਰਦਾਰ ਦੁਰਾਨੀਆਂ ਨੇ
ਕਰਦਾ ਕੀ ਜੋ ਫੌਜ ਨੇ ਹਾਰ ਦਿੱਤਾ, ਮਾਰੇ ਜਾਣ ਦੀਆਂ ਏ ਨਿਸ਼ਾਨੀਆਂ ਨੇ
ਉਪਰ ਕਿਲੇ ਜਮਰੌਦ ਦੇ ਮਾਰਿਆ ਜੀ, ਹਰੀ ਸਿੰਘ ਨੂੰ ਜ਼ੁਲਮ ਦੇ ਬਾਨੀਆਂ ਨੇ
ਕਾਦਰਯਾਰ ਮੀਆਂ ਹਰੀ ਸਿੰਘ ਦੀਆਂ, ਰਹੀਆਂ ਜਗ ਦੇ ਵਿਚ ਨਿਸ਼ਾਨੀਆਂ ਨੇ।੨੩।

ਮੀਮ ਮੁਸ਼ਕਲਾਂ ਉਸ਼ਕਲਾਂ ਨਾਲ ਓਨ੍ਹਾਂ ਹਰੀ ਸਿੰਘ ਸਰਦਾਰ ਨੂੰ ਮਾਰਿਆ ਸੀ
ਨਹੀਂ ਤਾਂ ਕਈ ਹਜ਼ਾਰ ਦੁਰਾਨੀਆਂ ਨੂੰ ਘੇਰ ਘੇਰ ਕੇ ਉਨ੍ਹਾਂ ਪਛਾੜਿਆ ਸੀ
ਜੋ ਕੋਈ ਹੋਯਾ ਮੁਕਾਬਲੇ ਉਸਦੇ ਜੀ, ਓੜਕ ਵਿਚ ਮੈਦਾਨ ਦੇ ਹਾਰਿਆ ਸੀ
ਕਾਦਰਯਾਰ ਸਰਕਾਰ ਨੂੰ ਖਬਰ ਹੋਈ, ਜਦੋਂ ਅਜ਼ਲ ਨੇ ਆਣਿ ਪੁਕਾਰਿਆ ਸੀ। ੨੪।

ਨੂਨ ਨਾਮ ਸੁਣ ਉਸਦੇ ਕਾਲ ਸੰਦਾ, ਸਰਕਾਰ ਗ਼ਮਗੀਨ ਨਿਢਾਲ ਹੋਈ
ਕਹਿੰਦਾ - ਐਸੇ ਸਰਦਾਰ ਦਲੇਰ ਵਾਲੀ, ਲੋਥ ਖਾਕ ਦੇ ਵਿਚ ਪਾਮਾਲ ਹੋਈ
ਉਸੇ ਵਕਤ ਸਰਕਾਰ ਤਯਾਰ ਹੋ ਕੇ, ਦਾਖਲ ਕਿਲੇ ਉਤੇ ਚਾਲੋ ਚਾਲ ਹੋਈ
ਕਾਦਰਯਾਰਮੀਆਂ ਵੇਖ ਉਸਨੂੰ ਜੀ, ਗ਼ਮ ਖਾਇਕੇ ਬਹੁਤ ਬੇਹਾਲ ਹੋਈ।੨੫।
ਵਾਉ ਵਿਚ ਸਭ ਫੌਜ ਦੇ ਉਸ ਵੇਲੇ, ਮਹਾਰਾਜ ਨੇ ਕੀਤਾ ਫੁਰਮਾਨ ਲੋਕੋ

'ਕਮਰਾਂ ਖੋਲ੍ਹ ਬੇਫਿਕਰ ਹੋ ਜਾਓ ਸਾਰੇ, ਕਰੋ ਜੰਗ ਦਾ ਨ ਸਾਮਾਨ ਲੋਕੋ
ਦਿਤੇ ਭੇਜ ਵਕੀਲ ਅਸੀਲ ਸਭੇ, ਕਾਰਣ ਰੋਕਣੇ ਮਿਲੇ ਪਰਤਾਣ ਲੋਕੋ
ਕਾਦਰਯਾਰ ਸਭ ਸੁਲ੍ਹਾ ਤੇ ਹੋਇ ਰਾਜ਼ੀ, ਉਸੇ ਗੱਲ ਦਾ ਅਮਲ ਕਮਾਣ ਲੋਕੋ।੨੬।

ਹੇ ਹੋਯਾ ਸੀ ਕਉਲ ਕਰਾਰ ਏਹੋ, ਕਰੇ ਹੁਕਮ ਸਰਕਾਰ ਪਿਸ਼ੌਰ ਅੰਦਰ
ਅਤੇ ਦੋਸਤ ਮੁਹੰਮਦ ਰਹੇ ਕਾਯਮ, ਸਦਾ ਆਪਣੀ ਰੱਯਤ ਦੀ ਗੌਰ ਅੰਦਰ
ਗਜ਼ਨੀ, ਚੀਨ ਮਚੀਨ ਤੇ ਅਰਬ ਕਾਬੁਲ, ਭਾਵੇਂ ਰਹੇ ਕੰਧਾਰ ਦੀ ਡੌਰ ਅੰਦਰ
ਕਾਦਰਯਾਰ ਸਰਕਾਰ ਦੇ ਰਹਿਣ ਸੰਦੀ, ਜਾਗ੍ਹਾ ਚੰਗੀ ਹੈ ਸ਼ਹਿਰ ਲਾਹੌਰ ਅੰਦਰ। ੨੭।

ਲਾਮ ਲੋਕਾਂ ਪਠਾਣਾਂ ਨੂੰ ਖਬਰ ਨਾ ਸੀ, ਹਰੀ ਸਿੰਘ ਮੈਦਾਨ ਵਿਚ ਮਰ ਗਿਆ
ਏਸੇ ਵਾਸਤੇ ਦੋਸਤ ਮੁਹੰਮਦ ਜੇਹਾ, ਸੁਲ੍ਹਾ ਨਾਲ ਵਕੀਲਾਂ ਸੀ ਕਰ ਗਿਆ
ਹਰੀ ਸਿੰਘ ਸਰਦਾਰ ਦੀ ਧਮਕ ਭਾਰੀ, ਉਸੇ ਜੰਗ ਤੋਂ ਤੰਗ ਹੋ ਡਰ ਗਿਆ।
ਕਾਦਰਯਾਰ ਮੀਆਂ ਜਾਣੇ ਖਲਕ ਸਾਰੀ, ਹਰੀ ਸਿੰਘ ਪਿਸ਼ੌਰ ਵਿਚ ਲੜ ਗਿਆ।੨੮।

ਅਲਫ ਆਪਣੇ ਕੌਲ ਤੇ ਰਹਿਣ ਸਾਬਤ, ਜਿਨ੍ਹਾਂ ਲੋਕਾਂ ਨੂੰ ਰੱਬ ਵਡਿਆਂਵਦਾਈ
ਉਧਰ ਦੋਸਤ ਮੁਹੰਮਦ ਭੀ ਪਰਤ ਪਿਆ, ਤੇ ਰਣਜੀਤ ਸਿੰਘ ਕਿਲੇ ਵਿਚ ਜਾਂਵਦਾਈ
ਅਤੇ ਚੰਦਨ ਚਿਖਾ ਬਣਾਇਕੇ ਜੀ, ਹਰੀ ਸਿੰਘ ਦਾ ਸਸਕਾਰ ਕਰਾਂਵਦਾਈ
ਕਾਦਰਯਾਰ ਲਗਾਕੇ ਬਹੁਤ ਦੌਲਤ, ਵੱਡੀ ਉਚੀ ਸਮਾਧਿ ਬਣਾਂਵਦਾ ਈ।੨੯।

ਯੇ ਯਾਦ ਕਰਕੇ ਗੁਰੂ ਆਪਣੇ ਨੂੰ, ਸਰਕਾਰ ਮੁੜ ਪਰਤ ਕੇ ਆਂਵਦੀਏ
ਉਪਰ ਕਿਲੇ ਜਮਰੋਦ ਦੇ ਖੂਬ ਪਹਿਰਾ, ਹੱਥੀਂ ਆਪਣੀ ਚਾ ਬਹਾਂਵਦੀਏ
ਅਤੇ ਆਪ ਪਿਸ਼ੌਰ ਵਿਚ ਜਾਇਕੇ ਜੀ, ਆਪਣਾ ਤਖਤ ਤਸੱਲਤ ਜਮਾਂਵਦੀ ਏ
ਕਾਦਰਯਾਰ ਮੀਆਂ ਹਰੀ ਸਿੰਘ ਸੰਦਾ, ਸਾਰੀ ਖਲਕ ਪਈ ਗੁਣ ਗਾਂਵਦੀ ਏ।੩੦।

(੨) ਜੰਗਨਾਮਾ ਹਰੀ ਸਿੰਘ ਜੀ ਕਾ (ਗਿ. ਗੁਰਮੁਖ ਸਿੰਘ)

ਅਲਫ ਆਦਿ ਤੂੰ ਜਗਤ-ਮਾਤ ਦੇਵੀ, ਤੁਝੇ ਬੰਦਨਾ ਹੋਹੁ ਸਹਾਇ ਮਾਈ,
ਸਦਾ ਆਸ ਤੇਰੀ ਰਿਦੇ ਵਿਚ ਮੇਰੇ, ਸਦਾ ਆਦਿ ਤੇਰਾ ਜਸ ਗਾਇ ਮਾਈ
ਹਰੀ ਸਿੰਘ ਧਰਮੀ ਬਲੀ ਜਾਨ ਸੂਰਾ, ਕਹਾਂ ਸਿਹਰਫੀ ਤਾਸ ਬਨਾਇ ਮਾਈ
ਗੁਰਮੁਖ ਸਿੰਘ ਸਦ ਹੀ ਮਯਾ ਦਾਸ ਤੇਰਾ, ਕਰਾਂ ਬੰਦਨਾ ਚੀਤ ਲਗਾਇ ਮਾਈ।੧।
ਬੇ ਬੈਠ ਬੀਚਾਰ ਸਰਕਾਰ ਕੀਤਾ, ਕੋਈ ਭੇਜੀਏ ਵਿਚ ਪਿਸ਼ੌਰ ਦੇ ਜੀ

ਕੀਆ ਕੂਚ ਅੰਮ੍ਰਿਤਸਰੋਂ ਤੁਰਤ ਪਿਆਰੇ, ਸੀਸ ਸੋਹਦਾ ਹੈ ਨਾਲ ਚੌਰ ਦੇ ਜੀ
ਡੇਰਾ ਵਿਚ ਵਟਾਲੇ ਦੇ ਬਾਗ ਪਾਇਆ, ਮੁਸਾਹਬ ਸੱਦੇ ਸਭੇ ਨਾਲ ਗੌਰ ਦੇ ਜੀ
ਗੁਰਮੁਖ ਸਿੰਘ ਸਰਕਾਰ ਨੇ ਹੁਕਮ ਕੀਤਾ, ਜਮਾਂਦਾਰ ਗਿਆਂ ਕੰਮ ਸੌਰਦੇ ਜੀ।੨।

ਤੇ ਤੁਰਤ ਮੁਹਿੰਮ ਦਾ ਹੁਕਮ ਹੋਇਆ, ਜਮਾਂਦਾਰ ਨੇ ਖੌਫ ਜੋ ਖਾਇਆ ਜੇ
ਲਗਾ ਬਹੁਤ ਦਿਵਾਨ ਮੁਸਾਹਬਾਂ ਦਾ, ਮੋੜਾ ਕਿਸੇ ਪਾਸੋਂ ਕਢਾਇਆ ਜੇ
ਨਾਲ ਸ਼ੌਕ ਦੇ ਉਠ ਕਚਹਿਰੀ ਤੋਂ, ਬਾਹਰ ਡੇਹੁਢੀ ਤੋਂ ਤੁਰਤ ਆਇਆ ਜੇ
ਗੁਰਮੁਖ ਸਿੰਘ ਬਾਹਰ ਹਰੀ ਸਿੰਘ ਆਇਆ, ਦੂਹਾਂ ਬੈਠ ਕੇ ਮਤਾ ਪਕਾਇਆ ਜੇ।੩

ਸੇ ਸ਼ੌਕ ਦੇ ਨਾਲ ਸਰਦਾਰ ਤਾਈਂ, ਜਮਾਂਦਾਰ ਜੋ ਅਰਜ਼ ਸੁਣਾਂਵਦਾ ਈ
ਹਰੀ ਸਿੰਘ ਧਰਮੀ ਸੋਈ ਅਰਜ਼ ਮੰਨੀ, ਤਮਕ ਖਾਇ ਸਰਦਾਰ ਥੇ ਆਂਵਦਾ ਈ
ਕਰੋ ਹੁਕਮ ਪਿਸ਼ੌਰ (..............................) ਗਵਾਂਵਦਾ ਈ
ਗੁਰਮੁਖ ਸਿੰਘ ਧਰਮੀ ਹਰੀ ਸਿੰਘ ਸੂਰਾ, ਬੀੜਾ ਜੁੱਧ ਦਾ ਜਾਇ ਉਠਾਂਵਦਾ ਈ।੪।

ਜੀਮ ਜਾਣ ਕੇ ਬਹੁਤ ਹੀ ਸ਼ੇਰ ਭਾਰਾ, ਕਰੀ ਗੌਰ ਤੇ ਪਾਸ ਬੈਠਾਇਆ ਈ
ਖੁਸ਼ੀ ਹੋਇ ਸਰਕਾਰ ਨੇ ਲਾਈ ਕਲਗੀ, ਜਿਗਾ ਢਾਲ ਤਲਵਾਰ ਅਣਵਾਇਆ ਈ
ਸਿਰੋਪਾਉ ਦੇ ਕੇ ਕਹਿਆ ਜਾਉ ਭਾਜਾ,ਹਰੀ ਸਿੰਘ ਨੇ ਫਤੇ ਬੁਲਾਇਆ ਈ
ਗੁਰਮੁਖ ਸਿੰਘ ਚੜ੍ਹਿਆ ਹਰੀ ਸਿੰਘ, ਰਾਜਾ, ਸਭੀ ਤੋਰਕੀ ਫੌਜ ਡਰਾਈਆ ਈ।੫।

ਹੇ ਹੋਇ ਤਈਆਰ ਸੰਮਾਲ ਡੇਰਾ, ਕਰੀ ਕੂਚ ਤੇ ਕੋਟਲੀ ਵਿਚ ਆਏ
ਕੀਆ ਕੂਚ ਦਰ ਕੂਚ, ਸ਼ਿਤਾਬ ਦੇ ਜੀ, ਦਿਨ ਆਠ ਛੁੱਟੀ ਤਦੋਂ ਫੌਜ ਪਾਏ
ਰਹੇ ਦਰਸ਼ਨੇ ਨੂੰ ਵਡੇ ਚਾਹਿ ਲੋਕੀਂ, ਨਹੀਂ ਕੁਝਰਾਂਵਾਲੇ ਦੀ ਉਹ ਆਏ
ਗੁਰਮੁਖ ਸਿੰਘ ਭਾਂਡੇਵਾਲ ਪਾਇ ਡੇਰਾ, ਤਿਆਰ ਤੁਰਤ ਅਸਬਾਬ ਸਭ ਹੀ ਕਰਾਏ।੬।

ਖੋਲ੍ਹ ਕੇ ਅਟਕ ਜੋ ਕਟਕ ਦੀ ਸੀ, ਜਾਇ ਹਾਂਸਲਾ ਵਾਲੇ ਮੈਂ ਪਾਇ ਡੇਰਾ।
ਜਮਾਂਦਾਰ ਨੂੰ ਤਦੋਂ ਸਰਦਾਰ ਆਖੇ, ਪਿਛਾਂਹ ਜਾਈਏ ਜੇ ਅਹੇ ਚਿਤ ਤੇਰਾ
ਮੁੜੇ ਜੀਂਵਦੇ ਮਿਲਾਂਗੇ ਆਇ ਕੇ ਜੀ, ਨਾਜ਼ਨੀ ਰਚੇ ਹੈ ਇਹੁ ਦੇਸ ਮੇਰਾ
ਗੁਰਮੁਖ ਸਿੰਘ ਕੂਚ ਦਰ ਕੂਚ ਕਰਕੇ, ਕੀਆ ਦਰਸ ਤਦੋਂ ਪੰਜੇ ਸਾਹਿਬ ਕੇਰਾ।੭।
ਦਾਲ ਦੇਸ ਦੇਸੀਂ ਮਸ਼ਹੂਰ ਹੋਇਆ ਹਰੀ ਸਿੰਘ ਜੇਹਾ ਨਹੀਂ ਕੋਈ ਹੋਰ ਰਾਜਾ

ਗਾਹਣ ਢੋਇ ਕਿ ਹਾਥੀਆਂ ਪਾਰ ਹੋਣੇ ਫੌਜਾਂ ਬੇੜੀਆਂ ਤੇ ਚਲਵਾਇ ਵਾਜਾ।
ਪਾਰ ਅਟਕ ਤੋਂ ਤੁਰਤ ਹੀ ਸਿੰਘ ਹੋਏ, ਡੇਰਾ ਵਿਚ ਡੁਢੇਰ ਦੇ ਜਾਇ ਛਾਜਾ
ਗੁਰਮੁਖ ਸਿੰਘ ਪੰਜ ਤਾਰਾ ਦੇ ਮਾਰਨ ਨੂੰ ਹਰੀ ਸਿੰਘ ਵੰਗਾਰਿਆ ਹੈ ਸਜ਼ਾਦਾ ।੮।

ਜ਼ਾਲ ਜਰਾ ਹੀ ਸ਼ੱਕ ਨ ਚਿਤ ਧਾਰੀ, ਡਿਠਾ ਸਭ ਸਮਿਆਨ ਪਹਾੜ ਦਾ ਜੀ
ਅਗੇ ਗਲੇ ਦੇ ਜਾਇ ਕੇ ਘਤ ਘੇਰਾ, ਸ਼ੇਰ ਸਿੰਘ ਜਾਇ ਕੇ ਵੰਗਾਰਦਾ ਜੀ
ਤੇਜਾ ਸਿੰਘ ਨੂੰ ਪਾਸ ਸੁਚੇਤ ਕਰਕੇ, ਉਦਮ ਤੋਪਾਂ ਦੇ ਖੂਬ ਤਿਆਰਦਾ ਜੀ
ਗੁਰਮੁਖ ਸਿੰਘ ਜਦੋਂ ਹੋਏ ਬਹੁਤ ਤਕੜੇ, ਫਤੇ ਖਾਨ ਨੂੰ ਫਿਕਰ ਹੈ ਮਾਰਦਾ ਜੀ।੯।

ਰਸ-ਰੱਤੇ ਬੀਰ ਰਸ ਦੇ ਜੀ, ਹਰੀ ਸਿੰਘ ਨਾਹੀ ਜ਼ਰਾ ਢੀਲ ਕੀਤੀ।
ਪੜਤਲੁ ਚਾੜ੍ਹ ਫੇਰੀ ਅੱਧੀ ਰਾਤ ਵੇਲੇ, ਹੋਰ ਡੇਰਿਆਂ ਨੂੰ ਨਹੀਂ ਖਬਰ ਕੀਤੀ
ਰਾਤੋ ਰਾਤ ਪੰਜ ਤਾਰਾ ਨੂੰ ਸੋਧ ਲਿਤਾ, ਭਲੀ ਤੋਪਖਾਨੇ ਨਾਲ ਭੀੜ ਕੀਤੀ।
ਗੁਰਮੁਖ ਸਿੰਘ ਕੀਤੀ ਫਤੇ ਸਿੰਘ ਦੂਲੇ, ਲਿਆ ਅਰਜ਼ ਸਰਕਾਰ ਤੇ ਤੁਰਤ ਕੀਤੀ।੧੦।

ਜ਼ੇ ਜ਼ਰਾ ਮੈਂ ਮਾਰ ਪੰਜ ਤਾਰ ਤਾਈਂ, ਖੁਸ਼ੀ ਹੋਇ ਡੇਰਾ ਹੋਇ ਜਾਇ ਪਾਇਆ
ਸ਼ੇਰ ਸਿੰਘ ਹੋ ਕੇ ਵਿਦਿਆ ਸਿੰਘ ਪਾਸੋਂ, ਕੰਪੂ ਆਦਿ ਦੇ ਡੇਰਾ ਅਟਕ ਲਾਇਆ
ਪਲਟਣ ਆਪਣੀ ਤੇ ਬੜਾ ਖੁਸ਼ੀ ਹੋ ਕੇ, ਪੈਸਾ ਤਲਬ ਦਾ ਉਥੇ ਹੀ ਹੈ ਵਰਤਾਇਆ
ਗੁਰਮੁਖ ਸਿੰਘ ਪੰਜਤਾਰ ਨੂੰ ਮਾਰ ਕੇ ਜੀ, ਹਰੀ ਸਿੰਘ ਪਿਸ਼ੌਰ ਦੀ ਓਰ ਧਾਇਆ।੧੧।

ਸੀਨ ਸੋਹਦਾ ਸਿੰਘ ਹੈ ਬਹੁਤ ਸਾਰਾ, ਨਾਲਾ ਲੰਘ ਕੇ ਢੀਲ ਨ ਲਾਈਆ ਨੇ
ਕੀਆ ਜਾਇ ਫਰਵਾਹਾਂ ਦੇ ਹੇਠ ਡੇਰਾ, ਫਤੇ ਡੰਕ ਦਾ ਖੂਬ ਵਜਾਈਆ ਨੇ
ਨਾਲ ਜਸ ਦੇ ਵਿਚ ਪਿਸ਼ੌਰ ਵੜਿਆ, ਖਾਸ ਬਾਗ ਦੇ ਫੌਜ ਖਲਵਾਈਆ ਨੇ
ਗੁਰਮੁਖ ਸਿੰਘ ਏਹੁ ਹੁਕਮ ਜਮਾਂਦਾਰ ਜੀ ਨੂੰ, ਫੌਜ ਮਾਨਾਂ ਦੀ ਚਾਇ ਜਮਾਈਆ ਨੇ।੧੨।

ਸੀਨ ਸ਼ੌਕ ਤੁਰਕਾਨ ਦੇ ਵਿਚ ਪਾਇਆ, ਅਲੀ ਮਰਦ ਦੇ ਬਾਗ ਮੈਂ ਛਾਵਣੀ ਜੀ
ਸਭਾ ਬਾਤ ਕੀਨੀ ਅਗਲੀ ਪਿਛਲੀ ਜੀ, ਤਦੋਂ ਸ਼ਹਿਰ ਦੇ ਹਿੰਦੂਆਂ ਆਵਣੀ ਜੀ
ਹਾਥ ਜੋੜ ਕੇ ਆਖਦੇ ਤੁਰਕ ਮਾਰੋ, ਸਾਨੂੰ ਤੁਰਕ ਜੋ ਬਹੁਤ ਦੁਖਾਵਣੀ ਜੀ।
ਗੁਰਮੁਖ ਸਿੰਘ ਹੋਵੇ ਸਦਾ ਰਾਜ ਤੇਰਾ, ਹਛਾ ਜਸ ਪਾਕੇ ਸੋਈ ਗਾਵਣੀ ਜੀ।੧੩।
ਸੁਆਦ ਸਾਥ ਹੋ ਕੇ ਸਰਦਾਰ ਤਾਈਂ, ਜਮਰੋਦ ਦਾ ਮੁਲਖ ਵਿਖਾਇਆ ਈ

ਸੱਦ ਪੰਡਤਾਂ ਨੂੰ ਘੜੀ ਮੁਹਤ ਪੁਛੇ, ਬੇਦ ਸੋਧ ਕੇ ਲਗਨ ਗਿਣਾਇਆ ਈ
ਢਾਲ ਤੇਗਾ ਮੁਸਾਹਬ ਅਕੱਠੇ ਕੀਤੇ, ਮਹਾਂ ਸਿੰਘ ਨੂੰ ਹੁਕਮ ਫੁਰਮਾਇਆ ਈ
ਗੁਰਮੁਖ ਸਿੰਘ ਕਾਬਲ ਜਾਇ ਖ਼ਬਰ ਹੋਈ, ਬੂਹੇ ਖਹਿਬਰ ਦੇ ਕਿਲਾ ਪਵਾਇਆ ਈ।੧੪।

ਜ਼ੁਮਾਦ ਜੋੜ ਕੇ ਬ੍ਰਾਹਮਣਾਂ ਬਹੁਤਿਆਂ ਨੂੰ, ਚੰਡੀ ਪਾਠ ਤਾਂ ਰਾਇ ਧਰਾਂਵਦਾ ਈ।
ਹੱਥ ਜੋੜ ਕੇ ਧਰੇ ਧਿਆਨ ਦੇਵੀ, ਚਰਨ ਬੰਦਨਾ ਸੀਸ ਨਿਵਾਂਵਦਾ ਈ।
ਕਹੇ ਹੋਹੁ ਸਹਾਇ ਤੂੰ ਮਾਤਿ ਚੰਡੀ, ਵਾਰ ਵਾਰ ਹੀ ਗੁਰੂ ਧਿਆਂਵਦਾ ਈ।
ਗੁਰਮੁਖ ਸਿੰਘ ਲਾਏ ਰੋਜ਼ ਬ੍ਰਾਹਮਣਾਂ ਦੇ, ਹਰੀ ਸਿੰਘ ਬਹੁ ਦਾਨ ਦਿਵਾਂਵਦਾ ਈ।੧੫।

ਤੋਇ ਤਾੜ ਕੀਤੀ ਤਦੋਂ ਤੁਰਕ ਤਾਈਂ, ਸਿੰਘਾਂ ਕਿਤਨੇ ਤੁਰਕ ਤਰਾਸ ਕੀਤੇ
ਪਾਇਆ ਕਿਲਾ ਜਮਰੌਦ ਦਾ ਜ਼ੋਰ ਸੇਤੀ, ਮਾਰ ਤਾੜ ਕੇ ਨੀਚ ਹਿਰਾਸ ਕੀਤੇ।
ਖਹਿਬਰ ਵਾਲਿਆਂ ਲਿਖਿਆ ਕਾਬਲੀਆਂ ਤੇ, ਬਿਨਾਂ ਫੌਜ ਦੇ ਅਸੀਂ ਨਿਰਾਸ ਕੀਤੇ
ਗੁਰਮੁਖ ਸਿੰਘ ਓਨਾ ਫੌਜਾਂ ਭੇਜੀਆਂ ਨੀ, ਮਿਲੇ ਬਹੁਤੇ ਤੁਰਕ ਇਕ ਰਾਸ ਕੀਤੇ।੧੬।

ਜੇਇ ਜੜੇ ਮੁਹੰਮਦੀ ਬਹੁ ਦੁਰਾਨੀ, ਗਲੇ ਵਿਚ ਡੇਰਾ ਸੋਤਾ ਪਾਇਕੇ ਜੀ।
ਜ਼ਰਾ ਜ਼ਰਾ ਦੀ ਖਬਰ ਸੋਂ ਤਹਾ ਪਹੁੰਚੇ, ਬੈਠਾ ਸਿੰਘ ਜਿਥੇ ਡੇਰਾ ਪਾਇ ਕੇ ਜੀ
ਚੜ੍ਹੇ ਸਿੰਘ ਦੂਲੇ ਹਰੀ ਸਿੰਘ, ਸੂਰੇ, ਸਿਮਰ ਦੇਵੀ ਦਾ ਵਰਤ ਰਖਾਇ ਕੇ ਜੀ
ਗੁਰਮੁਖ ਸਿੰਘ ਆ ਕੇ ਵੱਡਾ ਜੁੱਧ ਕੀਤਾ, ਕਵੀ ਕੋ ਸਕੇ ਅੰਤ ਪਾਇ ਕੇ ਜੀ।੧੭।

ਐਨ ਅਜਬ ਹੀ ਚੜ੍ਹਤ ਹੈ ਤੋਪਖਾਨਾ, ਕਿਲ੍ਹੇ ਮੋਰਚੇ ਨਮੇ ਅਪਾਰ ਪਿਆਰੇ
ਮਹਾ ਸਿੰਘ ਸਰਦਾਰ ਨੂੰ ਅਰਜ਼ ਭੇਜੀ, ਤੁਰਕ ਸਭ ਹੈ ਸੱਠ ਹਜ਼ਾਰ ਪਿਆਰੇ
ਤੁਦ ਲਿਖ ਸਰਦਾਰ ਤੇ ਭੇਜਿਆ ਨੇ, ਫੌਜਾਂ ਭੇਜੀਏ ਕੁਝ ਹਮਰਾਹਿ ਪਿਆਰੇ
ਗੁਰਮੁਖ ਸਿੰਘ ਜਮੀਤ ਸਿੰਘ ਚੜ੍ਹਿਆ ਮਹਿਰਾ, ਮਾਰ ਤੁਰਕ ਤੇ ਕਇ ਸਥਾਰ ਪਿਆਰੇ।੧੮।

ਗੈਨ ਗੁਰੂ ਗ੍ਰੰਥ ਜੀ ਪਾਸ ਬੈਠੇ, ਹਰੀ ਸਿੰਘ ਸੋ ਉਨ ਪ੍ਰਣਾਮ ਕੀਆ।
ਹੱਥ ਜੋੜ ਕੇ ਬੇਨਤੀ ਬਹੁਤ ਕੀਨੀ, ਗੁਰੂ ਖਾਲਸਾ ਜੀ ਸੁਖ ਧਾਮ ਕੀਆ।
ਮੇਰੇ ਬਖਸ਼ੀਏ ਸਭ ਗੁਨਾਹ ਪਿਆਰੇ, ਮਨ ਤਨ ਤੁਮਰੀ ਮੈ ਤੋ ਸਾਮ ਕੀਆ
ਗੁਰਮੁਖ ਸਿੰਘ ਅਰਦਾਸ ਕੜਾਹ ਕਰਕੇ, ਤਦੋਂ ਚੜ੍ਹਨ ਦਾ ਖੂਬ ਸਮਿਆਨ ਕੀਆ।੧੯।

ਫ਼ੇ ਫੂਲ ਦੇ ਨਾਲ ਜੋ ਚੜੇ ਸੂਰੇ, ਹਰੀ ਸਿੰਘ ਨੇ ਬਹੁਤ ਫੁਲਾਇਆ ਹੈ।

ਹੁਕਮ ਸਿੰਘ ਨੂੰ ਫੌਜ ਦੇ ਅਗੇ ਕੀਤਾ, ਹੋਰ ਸੂਰਮੇ ਤੁਰਤ ਬੁਲਾਇਆ ਹੈ।
ਕਮਰ ਕੱਸੇ ਸਰਦਾਰ ਤਿਆਰ ਹੋਇਆ, ਧੌਂਸਾ ਮਾਰ ਕੇ ਜ਼ੋਰ ਦਿਖਾਇਆ ਹੈ
ਗੁਰਮੁਖ ਸਿੰਘ ਸਨ ਫੌਜ ਦੇ ਚਾਰ ਦੂਲੇ, ਜ਼ੁੰਮਣਦਾਰ ਸੋ ਤੁਰਕ ਡਰਾਇਆ ਹੈ।੨੦।

ਕਾਫ ਕਈ ਹੀ ਤਰ੍ਹਾਂ ਵਡਿਆਇ ਫੌਜਾਂ, ਬੋਲ ਸੂਰਮੇ ਸਿੰਘ ਸਰਦਾਰ ਚਾੜ੍ਹੇ
ਫੌਜ ਦੇਇ ਕੇ ਹੁਕਮ ਸਿੰਘ ਅਗੇ ਕੀਤਾ, ਜਮਾਂਦਾਰ ਦੀ ਫੌਜ ਸ਼ਿੰਗਾਰ ਚਾੜ੍ਹੇ
ਵੱਡੇ ਰੋਹ ਸਿਉਂ ਚਲੇ ਪ੍ਰਸੰਨ ਹੋ ਕੇ, ਸ਼ਸਤ੍ਰ ਬਸਤ੍ਰ ਸੰਜੋਅ ਸਰੀਰ ਚਾੜ੍ਹੇ।
ਗੁਰਮੁਖ ਸਿੰਘ ਰਸਾਲੇ ਨੂੰ ਧਾਇ ਜਾ ਕੇ, ਅੱਖੀਂ ਰਤੀਆਂ ਨੱਕ ਕੇ ਕੋਪ ਚਾੜ੍ਹੇ।੨੧।

ਕਾਫ ਕੜਕ ਕੇ ਪਏ ਨੀ ਸਿੰਘ ਸੂਰੇ, ਤਦੋ ਮਾਰ ਮਚੀ ਹੈ ਅਪਾਰ ਭਯਾ।
ਬਕੀ ਜੋਗਣੀ ਡਾਕਣੀ ਮਾਸਹਾਰੀ, ਨਾਰਦ ਨੱਚਿਆ ਪੇਖ ਕੇ ਸਾਰ ਭਯਾ
ਭਇਆ ਜੁਧ ਤੇ ਵਾਰ ਨਾ ਪਾਰ ਕੋਈ, ਪਏ ਸਾਰ ਉਤੇ ਵੱਡਾ ਸਾਰ ਭਯਾ।
ਗੁਰਮੁਖ ਸਿੰਘ ਮਾਰੂ ਬਜੇ ਪੰਚ ਤੂਰੇ, ਸੂਰੇ ਆਣਦੇ ਮਾਰ ਪੁਕਾਰ ਭਯਾ।੨੨।

ਲਾਮ ਲਗੀ ਬਰਖਾ ਜਦੋਂ ਸਾਰ ਦੀ ਜੀ, ਤਦੋਂ ਤੁਰਕ ਲਗੇ ਅਗੇ ਭਾਜ ਖਾਈ
ਧਸਾ ਧਸ ਪਿਛੇ ਲਗੇ ਸਿੰਘ ਜੋਧੇ, ਤੋਪਾਂ ਮਾਰ ਪਾਹਰਾ ਦੀਆਂ ਹੈ ਬਿਠਾਈ
ਮਾਰ ਤੁਰਕ ਲਿਤਾੜ ਕੇ ਜ਼ੋਰ ਕੀਤੇ, ਫੌਜ ਸਿੰਘ ਦੀ ਨੂੰ ਖੁਸ਼ੀ ਬਹੁਤ ਆਈ
ਗੁਰਮੁਖ ਸਿੰਘ ਮਾੜੀ ਇਕਾ ਬਾਤ ਹੋਈ ਗੋਲੰਦਾਜ਼ ਨੇ ਤੋਪ ਜੋ ਨਾ ਚਲਾਈ।੨੩।

ਮੀਮ ਮੋਹਰੇ ਫੌਜ ਦੇ ਸਿੰਘ ਸੂਰਾ ਹਰੀ ਸਿੰਘ ਖਿਚ ਲਈ ਤਲਵਾਰ ਹੈ ਜੀ।
ਫੌਜ ਲੜੇ ਸਰਦਾਰ ਦੀ ਬਹੁਤ ਭਾਰੀ, ਅਗੇ ਹੋਇ ਸੂਰਾ ਕਰੇ ਵਾਰ ਹੈ ਜੀ।
ਲਗੇ ਲੁਟਣੇ ਸਿੰਘ ਅਸਬਾਬ ਤੰਬੂ, ਤਦੋਂ ਸਿੰਘ ਕੀਤੀ ਵਡੀ ਤਾੜ ਹੈ ਜੀ
ਗੁਰਮੁਖ ਸਿੰਘ ਚਲੇ ਬਹੁਤ ਤੋਪਖਾਨਾ, ਮਾਰ ਕਰੀ ਫਿਰੰਗਾਣ ਦੀ ਭਾੜ ਹੈ ਜੀ।੨੪।

ਨੂਨ ਨਾਲ ਤਰਾਸ ਦੇ ਤੁਰਕ ਨੱਠੇ, ਅੱਗਾ ਜਾਇ ਕੇ ਤਿਨਾਂ ਸਮਾਲਿਆ ਈ।
ਵੇਖ ਸਿੰਘ ਅਗੇ ਲਗੇ ਧਿਆਨ ਲੁਟ ਦੇ ਜੀ, ਇਕ ਹੋਇ ਕੇ ਖਰਾ ਵਿਖਾਲਿਆ ਈ
ਮਾਰ ਮਾਰ ਪੁਕਾਰ ਕੇ ਕੀਆ ਹੱਲਾ, ਫੌਜ ਘੋੜ-ਚੜ੍ਹੀ ਨਾ ਸਮਾਲਿਆ ਈ।
ਗੁਰਮੁਖ ਸਿੰਘ ਅਕਾਲ ਦਾ ਹੋਇਆ ਭਾਣਾ, ਤੁਰਤ ਜੰਗ ਭਜਾਇ ਉਠਾਲਿਆਈ।੨੫।

ਵਾਉ ਵਾਹੁ ਭੱਜੇ ਸਿੰਘ ਅਤੇ ਘੋੜੇ, ਤਦੋਂ ਸਿੰਘ ਨੇ ਆਪਣੀ ਫੌਜ ਮੋੜੀ।

ਆਖੇ ਖੂਬ ਲਲਕਾਰ ਕੇ ਹੋਹੁ ਤਕੜੇ, ਕੁਮੇਦਾਨਾਂ ਨੂੰ ਸੱਦ ਕੇ ਖੂਬ ਜੋੜੀ
ਵੇਲਾ ਖੂਬ ਸਰਦਾਰ ਦੇ ਕੰਮ ਦਾ ਹੈ, ਲੂਣ ਹਰਾਮਗੀ ਦੀ ਤੁਸਾਂ ਗੱਲ ਲੋੜੀ
ਗੁਰਮੁਖ ਸਿੰਘ ਸੂਰੇ ਫਿਰੇ ਬਾਂਕੇ, ਨੱਸੇ ਜੋਇ ਗੀਦੀ ਜਿਨ੍ਹਾਂ ਧੀਰ ਥੋੜੀ।੨੬।

ਹੇ ਹੋਇ ਕੇ ਰੋਹ ਜੇ ਲੜੇ ਉਥੇ, ਵਰੇ ਸੁਰਾ ਬਧੂ ਮਰੇ ਸੋ ਸੁਰਗ ਜਾਵੇ।
ਹੁਕਮ ਸਿੰਘ ਸ਼ਹੀਦ ਹੈ ਭਯਾ ਉਥੇ, ਹੱਲਾ ਕਰਨ ਦੁਰਾਨੀਏ ਜ਼ੋਰ ਆਵੇ।
ਹਾਲ ਚਾਲ ਹੋਇ ਸੰਮਲੇ ਫੇਰ ਪੜਤਲ, ਠਹਿਰ ਖੂਬ ਸੋ ਜੁਧ ਭਾਰੇ ਦਿਖਾਵੇ
ਗੁਰਮੁਖ ਸਿੰਘ ਨਾ ਅੰਤ ਹੈ ਸੂਰਿਆਂ ਦਾ, ਸਦਾ ਸਿੰਘ ਕਾ ਜਸ ਕਵਿ ਖੂਬ ਗਾਵੇ।੨੭।

ਲਾਮ ਲਾਇ ਕੇ ਜ਼ੋਰ ਦਾ ਤਾਣ ਭਾਰੀ, ਲੜੇ ਸਿੰਘ ਜੋ ਸੂਰਮੇ ਰੋਹ ਧਾਏ।
ਮਾਰ ਮਾਰ ਪੁਕਾਰ ਕੇ ਕੀਆ ਹੱਲਾ, ਪਾਸ ਤੋਪ ਦੇ ਤੁਰਤ ਹੀ ਸਿੰਘ ਚਾਏ
ਭੱਜੇ ਸਿੰਘ ਘੁੜ-ਚੜੇ ਨਾ ਰਹਿਆ ਕੋਈ, ਲੜੇ ਜੋਇ ਨ ਜੰਮ ਕਰ ਚੀਤ ਲਾਏ
ਗੁਰਮੁਖ ਸਿੰਘ ਹੈ ਹਰੀ ਸਿੰਘ ਹੋਇ ਸਨਮੁਖ, ਲੜੈ ਤਬੈ ਬੰਦੂਕ ਦਾ ਘਾਉ ਪਾਏ।੨੮।

ਅਲਫ ਉਤਰ ਕੇ ਘੋੜਿਓਂ ਸਿੰਘ ਸੂਰਾ, ਹਰੀ ਸਿੰਘ ਝਿਬਾਨ ਅਸਵਾਰ ਹੋਇਆ।
ਕਹੇ ਬਖਸ਼ੀਏ ਖਾਲਸਾ ਮੋਹਿ ਅਵਗੁਣ, ਜੋਈ ਪਾਪ ਗੁਨਾਹ ਅਪਾਰ ਹੋਇਆ
ਰੰਕ ਬ੍ਰਾਹਮਣਾਂ ਨੂੰ ਵਡ ਦਾਨ ਦੀਨੇ, ਲੱਕ ਬਸਤ੍ਰ ਦਾ ਦਾਨ ਹਜ਼ਾਰ ਹੋਇਆ
ਗੁਰਮੁਖ ਸਿੰਘ ਗਊਆਂ ਖੜੀ ਪੁੰਨ ਕੀਤੀ, ਦੇਵ ਲੋਕ ਦੇ ਵਿਚ ਜੈਕਾਰ ਹੋਇਆ।੨੯।

ਯੇ ਯੁਗੋ ਯੁਗ ਵਡੇ ਭੂਪ ਹੋਏ, ਹਰੀ ਸਿੰਘ ਜੇਹਾ ਨਹੀਂ ਕੋਇ ਭਯਾ।
ਬੜੇ ਪੁੰਨ ਤੇ ਦਾਨ ਔ ਧਰਮ ਪੂਰੇ, ਜਗ ਵਿਚ ਐਸਾ ਨਹੀਂ ਹੋਇ ਭਯਾ।
ਤੁਰਤ ਲੀਏ ਬਿਬਾਨ ਸ਼ਹੀਦ ਆਏ, ਚਲੇ ਸਿੰਘ ਅਵਾਗਵਨ ਖੋਇ ਭਯਾ।
ਗੁਰਮੁਖ ਸਿੰਘ ਹਾਹਾਕਾਰ ਜਗ ਮਾਹੀ, ਦੇਵ ਲੋਕ ਮੈ ਜਯੋ ਜਯ ਹੋਇ ਭਯਾ।੩੦।

(ਸਿਹਰਫੀ ਸਮਾਪਤ 1 ਸੰਮਤ 1898, ਜੇਠ ਦਿਨ 21, ਵੀਰਵਾਰ।
(ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬ੍ਰੇਰੀ ਅੰਮ੍ਰਿਤਸਰ)

ਅਲਫ ਆਦਿ ਭਵਾਨੀ ਦਾ ਨਾਮ ਲਈਏ,
ਤੇਰਾ ਜੁੱਧ ਵਿਚ ਨਾਮ ਧਿਆਈਏ ਜੀ।
ਤੂੰ ਆਪ ਹੀ ਹੈਂ ਜੰਗ ਕਰਨਹਾਰੀ,
ਜੋ ਵਰ ਮੰਗੀਏ ਸੋਈ ਫਲ ਪਾਈਏ ਜੀ।
ਤੂੰ ਹੋਇ ਦਿਆਲ ਮੇਰੀ ਬਾਕ-ਬਾਨੀ,
ਹਰੀ ਸਿੰਘ ਦਾ ਜਸ ਸੁਣਾਈਏ ਜੀ।
ਸਹਾਈ ਸਿੰਘ ਦੀ ਬੇਨਤੀ ਮੰਨ ਮਾਤਾ,
ਪੰਥ ਵਿੱਚ ਇਹ ਜੁਧ ਸੁਣਾਈਏ ਜੀ ।। ੧ ।।
ਅਲਫ ਅੰਮ੍ਰਿਤਸਰੋਂ ਡੇਰਾ ਕੂਚ ਕਰਕੇ,
ਜਾਇ ਵਿਚ ਵਟਾਲੇ ਦੇ ਪਾਇਆ ਈ।
ਬਾਗ ਵਿਚ ਸਰਕਾਰ ਜਦ ਜਾਇ ਬੈਠੀ
ਪਾਸ ਸਭ ਮੁਸਾਹਿਬ ਸਦਾਇਆ ਈ।
ਪਿਸ਼ੌਰ ਚੜ੍ਹਨ ਦਾ ਹੁਕਮ ਸਰਕਾਰ ਨੇ ਜੀ,
* ਜਮਾਦਾਰ ਨੂੰ ਤੁਰਤ ਫ਼ਰਮਾਇਆ ਈ।
ਸਹਾਈ ਸਿੰਘ ਪਿਸ਼ੌਰ ਦਾ ਨਾਮ ਸੁਣ ਕੇ,
ਜਮਾਦਾਰ ਨੇ ਖੌਫ ਬਡ ਖਾਇਆ ਈ ।। ੨ ।।
ਬੇ ਬਾਹਰ ਆਇਆ ਗੁੱਸਾ ਖਾਇਕੇ ਜੀ,
ਮੇਰੀ ਅਰਜ਼ ਨਹੀਂ ਕਿਸੇ ਕੋਲ ਕੀਤੀ।
ਸਭੇ ਰਹੇ ਮੁਸਾਹਬ ਨੀ[illegible] ਬੈਠੇ,
ਮੇਰੀ ਜ[illegible] ਹਕੀਕਤ ਨ ਕਿਸੇ ਕੀਤੀ।
ਹਰੀ ਸਿੰਘ ਸਰਦਾਰ ਜਦ ਬਾਹਰ ਆਇਆ,
ਦੋਹਾਂ ਬੈਠ ਕੇ ਇਹ ਸਲਾਹ ਕੀਤੀ।
ਸਹਾਈ ਸਿੰਘ ਜੇੜ੍ਹੀ ਜਮਾਦਾਰ ਆਖੀ,

---

* ਭਾਵ ਜਮਾਦਾਰ ਖੁਸ਼ਹਾਲ ਸਿੰਘ ਤੋਂ ਹੈ।

ਹਰੀ ਸਿੰਘ ਸਰਦਾਰ ਨੇ ਮੰਨ ਲੀਤੀ ॥ ੩ ॥
ਤੇ ਤਮਕ ਲਗੀ ਹਰੀ ਸਿੰਘ ਦੂਲੇ,
ਜਮਾਦਾਰ ਨੂੰ ਆਖ ਸੁਣਾਂਵਦਾ ਈ।
ਇਕ ਗੱਲ ਜਮਾਦਾਰ ਦੇ ਨਾਲ ਕਰਕੇ,
ਇਹ ਅਰਜ਼ ਸਰਕਾਰੇ ਸੁਣਾਂਵਦਾ ਈ।
ਹੁਕਮ ਹੋਵੇ ਤਾਂ ਮੈਂ ਪਿਸ਼ੌਰ ਜਾਵਾਂ,
ਜਮਾਦਾਰ ਥੋਂ ਗੱਲ ਹਟਾਂਵਦਾ ਈ।
ਸਹਾਈ ਸਿੰਘ ਸੁਣੇ ਕਾਬਲ ਗਈਆਂ ਖ਼ਬਰਾਂ,
ਹਰੀ ਸਿੰਘ ਪਿਸ਼ੌਰ ਨੂੰ ਆਂਵਦਾ ਈ ॥ ੪ ॥
ਸੋ ਸੱਦ ਕੇ ਆਪ ਸਰਕਾਰ ਨੇ ਜੀ,
ਹਰੀ ਸਿੰਘ ਨੂੰ ਪਾਸ ਬਹਾਇਆ ਈ।
ਕਲਗੀ ਜਿਗ੍ਹਾ ਤੇ ਢਾਲ ਤਲਵਾਰ ਦੇ ਕੇ,
ਸਿਰੋਪਾਉ ਤਾਂ ਖੂਬ ਸੁਹਾਇਆ ਈ।
ਨਿਮਸ਼ਕਾਰ ਕਰਦਾ ਹਰੀ ਸਿੰਘ ਦੂਲੇ,
ਥਾਪੀ ਦੇ ਸਰਕਾਰ ਭਿਜਵਾਇਆ ਈ।
ਹਰੀ ਸਿੰਘ ਸਰਦਾਰ ਨੇ ਚੜ੍ਹਤ ਕੀਤੀ,
ਡੇਰਾ ਕੋਟਲੀ ਦੇ ਵਿਚ ਪਾਇਆ ਈ ॥ ੫ ॥
ਜੀਮ ਜਮ੍ਹਾ ਕਰਕੇ ਸਭ ਫੌਜ ਤਾਈਂ,
ਡੇਰਾ ਕੂਚ ਦਰ ਕੂਚ ਕਰਾਂਵਦਾ ਈ।
ਅੱਠਾਂ ਦਿਨਾਂ ਦੀ ਫੌਜ ਨੂੰ ਦੇਇ ਛੁੱਟੀ,
ਡੇਰਾ ਜਾਇ ਭਾਂਡੇਵਾਲ ਪਾਂਵਦਾ ਈ।
ਲੋਕ ਤਰਸਦੇ ਨੀ ਮੁਖ ਵੇਖਣੇ ਨੂੰ,
ਨਹੀਂ ਗੁੱਜਰਾਂ ਵਾਲੇ ਨੂੰ ਆਂਵਦਾ ਈ।
ਸਹਾਈ ਸਿੰਘ ਅਸਬਾਬ ਤਿਆਰ ਕਰਕੇ,
ਡੇਰਾ ਹਾਂਸਲੇਵਾਲ ਜਾ ਲਾਂਵਦਾ ਈ ॥ ੬ ॥
ਹੇ ਹੱਸ ਕਹਿੰਦਾ ਜਮਾਦਾਰ ਤਾਈਂ,
ਤੁਸੀਂ ਪਿਛੇ ਸਰਕਾਰ ਵਲ ਜਾਈਏ ਜੀ।

ਰਹੇ ਜੀਂਵਦੇ ਮਿਲਾਂਗੇ ਫੇਰ ਮੁੜ ਕੇ,
ਸਾਨੂੰ ਹੱਸ ਕੇ ਫਤੇ ਬੁਲਾਈਏ ਜੀ।
ਡੇਰਾ ਕੂਚ ਦਰ ਕੂਚ ਕਰਵਾਇਕੇ ਜੀ,
ਪੰਜੇ ਸਾਹਿਬ ਸੰਦਾ ਦਰਸ਼ਨ ਪਾਈਏ ਜੀ।
ਸਹਾਈ ਸਿੰਘ ਪੰਜ ਤਾਰਾ ਨੂੰ ਮਾਰਕੇ ਜੀ,
ਫਤੇ ਕਰ ਪਿਸ਼ੌਰ ਨੂੰ ਧਾਈਏ ਜੀ ॥ ੭ ॥
ਖ਼ੇ ਖ਼ਾਨ ਮਲੂਕ ਜੋ ਬਹੁਤ ਡਿੱਠੇ,
ਏਹੁ ਜੇਹਾ ਵਰਿਆਮ ਨਹੀਂ ਕੋਈ ਹੋਇਆ।
ਫੌਜ ਸਭ ਲੰਘਾਈ ਸੂ ਬੇੜੀਆਂ ਤੇ,
ਹਾਥੀ ਅਟਕ ਦੇ ਵਿਚ ਜਾ ਗਾਹਣ ਢੋਇਆ।
ਪਾਰ ਲੰਘ ਕੇ ਢਿੱਲ ਨਾ ਜ਼ਰਾ ਕੀਤੀ,
ਡੇਰਾ ਜਾਇ ਢੁਡੇਰ ਦੇ ਪਾਸ ਢੋਇਆ।
ਸਹਾਈ ਸਿੰਘ ਸਜ਼ਾਦੇ ਨੂੰ ਖ਼ਬਰ ਕਰ ਕੇ,
ਪੰਜਤਾਰ ਮਾਰਨੇ ਦਾ ਦੂਲੇ ਨੂੰ ਫਿਕਰ ਹੋਇਆ॥੮॥
ਦਾਲ ਦੇਖ ਸਮਿਆਨ ਪਹਾੜ ਦਾ ਜੀ,
ਡੇਰਾ ਜਾਇ ਗੱਲੇ ਅੱਗੇ ਪਾਇਆ ਈ।
ਸ਼ੇਰ ਸਿੰਘ ਸਜ਼ਾਦੇ ਨੂੰ ਖਬਰ ਕਰ ਕੇ,
ਤੇਜਾ ਸਿੰਘ ਨੂੰ ਪਾਸ ਸਦਾਇਆ ਈ।
ਕੰਪੂ ਤੋਪਖਾਨਾ ਸਭ ਤਿਆਰ ਕਰ ਕੇ,
ਏਹੁ ਹੁਕਮ ਸਰਕਾਰ ਫ਼ੁਰਮਾਇਆ ਈ।
ਸਹਾਈ ਸਿੰਘ ਸਰਦਾਰ ਜਦ ਹੋਏ ਕੱਠੇ,
ਫ਼ਤੇ ਖਾਨ ਨੂੰ ਫਿਕਰ ਬਹੁ ਪਾਇਆ ਈ ॥ ੯ ॥
ਜ਼ਾਲ ਜ਼ਰਾ ਭੀ ਢਿੱਲ ਨਾ ਕੀਤੀਆ ਸੂ,
ਪਲਟਨ ਅੱਧੀ ਰਾਤੀਂ ਠੇਰੀ ਚਾੜ੍ਹਿਆ ਸੂ।
ਕੋਲੋਂ ਹੋਰ ਡੇਰੇ ਨਹੀਂ ਖਬਰ ਕੀਤੀ,
ਰਾਤੋ ਰਾਤ ਪੰਜਤਾਰਾ ਨੂੰ ਮਾਰਿਆ ਸੂ।
ਆਣ ਚਲਣ ਲਗਾ ਜਦੋਂ ਤੋਪਖਾਨਾ,

ਅਗੋਂ ਸਭੇ ਜਾ ਤੋਪਾਂ ਸੰਭਾਲਿਆ ਸੂ।
ਸਹਾਈ ਸਿੰਘ ਆਖੇ ਦੂਲੇ ਜਸ ਤੇਰਾ,
ਪਾਸ ਬੈਠ ਪੰਜਤਾਰਾ ਨੂੰ ਹਾੜਿਆ ਸੂ ॥ ੧੦ ॥
ਰੇ ਰੂਬਰੋ ਸੱਦ ਹਲਕਾਰਿਆਂ ਨੂੰ,
ਅਰਜ਼ੀ ਲਿਖ ਸਰਕਾਰੇ ਪੁਚਾਂਵਦਾ ਈ।
ਖ਼ੁਸ਼ੀ ਬਹੁਤ ਹੋਈ ਦਿਲ ਹਰੀ ਸਿੰਘ ਦੇ,
ਡੇਰਾ ਕੂਚ ਕਰ ਕੋਠੇ ਜਾ ਪਾਂਵਦਾ ਈ
ਕੰਪੂ ਹੋਇਆ ਵਿਦਿਆ ਹਰੀ ਸਿੰਘ ਪਾਸੋਂ,
ਜਦੋਂ ਸ਼ੇਰ ਆ ਕੇ ਡੇਰਾ ਲਾਂਵਦਾ ਈ।
ਸਹਾਈ ਸਿੰਘ ਸਿੰਘਾਂ ਬਹੁਤ ਖ਼ੁਸ਼ੀ ਹੋਈ
ਓਥੇ ਪਲਟਣਾਂ ਤਲਬ ਵਰਤਾਂਵਦਾ ਈ ॥ ੧੧ ॥
ਧੇ ਯਾਦ ਕਰਕੇ ਗੁਰੂ ਆਪਣੇ ਨੂੰ,
ਫਤੇ ਕਰ ਪੰਜਤਾਰ ਤੋਂ ਸਿੰਘ ਚੜ੍ਹਿਆ।
ਧਮਕ ਲਗੀ ਹੈ ਵਿੱਚ ਵਿਲਾਇਤਾਂ ਦੇ,
ਪੁਲ ਬੰਨ ਡੇਰਾ ਲੰਡਿਓਂ ਪਾਰ ਕਰਿਆ।
ਪਾਰ ਲੰਘ ਕੇ ਦੂਲੇ ਨਾ ਢਿੱਲ ਕੀਤੀ,
ਡੇਰਾ ਜਾਇ ਫਰਮਾਂਹਿ ਦੇ ਵਿਚ ਕਰਿਆ।
ਸਹਾਈ ਸਿੰਘ ਸਰਦਾਰ ਦੀ ਛਬਿ ਸੋਹਣੀ,
ਧੌਂਸਾ ਮਾਰ ਪਿਸ਼ੌਰ ਦੇ ਵਿੱਚ ਵੜਿਆ ॥ ੧੨ ॥
ਸ਼ੀਨ ਸ਼ੇਰ ਵਾਂਗੂ ਭਬਕ ਮਾਰ ਕੇ ਜੀ,
ਫੌਜਾਂ ਬਾਗ ਦੇ ਪਾਸ ਖਲਵਾਈਆਂ ਸੂ।
ਜਮਾਦਾਰ ਦੀਆਂ ਫੌਜਾਂ ਨੂੰ ਹੁਕਮ ਦੇ ਕੇ,
ਛੌਣੀ ਮਾਨਾਂ ਦੀ ਜਾਇ ਉਤਰਾਈਆਂ ਸੂ।
ਅਲੀ ਮਰਦ ਦੇ ਬਾਗ ਵਿਚ ਆਪ ਬੈਠਾ,
ਛੌਣੀ ਆਪਣੀ ਫੌਜਾਂ ਉਤਰਾਈਆਂ ਸੂ।
ਸਹਾਈ ਸਿੰਘ ਆਖੇ ਦਸਵੇਂ ਦਿਨ ਓਥੋਂ,
ਫੇਰ ਅੱਗੇ ਦੀ ਬਾਤ ਚਿਤਰਾਈਆ ਸੂ ॥ ੧੩ ॥

ਸ਼ੀਨ ਸ਼ਹਿਰ ਦੇ ਲੋਕ ਇਕੱਠੇ ਹੋ ਕੇ,
ਹੱਥ ਜੋੜ ਕੇ ਅਰਜ਼ ਸੁਣਾਂਵਦੇ ਨੀ।
ਜੁਗੋ ਜੁਗ ਦੂਲੇ ! ਤੇਰਾ ਰਾਜ ਹੋਵੇ।
ਸਾਨੂੰ ਫਿਰਦੇ ਏ ਬਹੁਤ ਅਕਾਂਵਦੇ ਨੀ।
ਕੱਠੇ ਹੋਇਕੇ ਸਾਥ ਤਿਆਰ ਸਭੇ,
ਜਮਰੋਦ ਦਾ ਮੁਲਖ ਵਿਖਾਂਵਦੇ ਨੀ
ਸਹਾਈ ਸਿੰਘ ਆਖੇ ਕਾਬਲ ਗਈਆਂ ਖਬਰਾਂ,
ਖਹਿਬਰ ਬੂਹੇ ਉਤੇ ਕਿਲ੍ਹਾ ਪਾਂਵਦੇ ਨੀ ।। ੧੪ ।।
ਸੁਆਦ ਸੱਦ ਕੇ ਸਭਨਾਂ ਪੰਡਤਾਂ ਨੂੰ,
ਪਾਸ ਬੈਠ ਕੇ ਬੇਦ ਪੁਛਾਂਵਦਾ ਈ।
ਸ਼ੁਭ ਲਗਨ ਤੇ ਘੜੀ ਵਿਚਾਰ ਕੇ ਜੀ,
ਗੁੜ ਵੰਡ ਕੇ ਤੇਲ ਚੁਆਂਵਦਾ ਈ।
ਓਥੇ ਸਭ ਮੁਸਾਹਬ ਨੀ ਹੋਏ ਕੱਠੇ,
ਮਹਾਂ ਸਿੰਘ ਨੂੰ ਹੁਕਮ ਫੁਰਮਾਂਵਦਾ ਈ।
ਸਹਾਈ ਸਿੰਘ ਆਖੇ ਕਿਲਾ ਘੱਤ ਕੇ ਜੀ,
ਮੁੜ ਛਾਵਣੀ ਨੂੰ ਫੇਰਾ ਪਾਂਵਦਾ ਈ ।। ੧੫ ।।
ਜੇ ਜੋੜਦਾ ਹੈ ਹੱਥ ਦਿਨੇ ਰਾਤੀਂ,
ਮੇਰੀ ਰੱਖੀਂ ਭਗਵਤੀ ਤੂੰ ਲਾਜ ਮਈਆ।
ਸਰਕਾਰ ਦੇ ਸਜ਼ਾਦੇ ਦੇ ਵਿਆਹ ਤਾਈਂ,
ਲਿਖ ਟੋਰਿਆ ਸੂ ਮੇਰੀ ਵਲ ਭਈਆ।
ਆਪ ਆਵਣੇ ਦਾ ਕੋਈ ਢੱਬ ਨਹੀਂ,
ਏਥੇ ਹੋਇਆ ਹੈ ਜੁੱਧ ਸਮਿਆਨ ਭਈਆ
ਸਹਾਈ ਸਿੰਘ ਜਮਰੋਦ ਦਾ ਕਿਲ੍ਹਾ ਪਾਇਆ,
ਇਹ ਖਬਰਾਂ ਕੰਧਾਰ ਦੇ ਵਿਚ ਗਈਆ।
ਤੇ ਤੋਬਾ ਪੁਕਾਰਦੇ ਤੁਰਕ ਸਭੇ,
ਹਰੀ ਸਿੰਘ ਸਰਦਾਰ ਤੋਂ ਖੌਫ ਆਵੇ।
ਖਹਿਬਰ ਵਾਲਿਆਂ ਘੱਲਿਆ ਕਾਬਲੀਆਂ ਨੂੰ,

ਫੌਜਾਂ ਘਲੋ ਤਾਂ ਸਾਡੀ ਭੀ ਰਹਿ ਆਵੇ।
ਜੇ ਕਰ ਫੌਜਾਂ ਨਾ ਘਲੋ ਹਮਰਾਹ ਸਾਡੀ,
ਖੈਬਰ ਮਾਰ ਡੇਰਾ ਕਾਬਲ ਵਿਚ ਪਾਵੇ।
ਸਹਾਈ ਸਿੰਘ ਦੁਰਾਨੀ ਸਭ ਹੋਇ ਕਠੇ,
ਅੱਗੇ ਗੱਲ ਸੋਈ ਜੇੜ੍ਹੀ ਰੱਬ ਭਾਵੇ ॥ ੧੭ ॥
ਜੋਇ ਜਮ੍ਹਾਂ ਕਰ ਕੇ ਸਭ ਮੁਸਲਮਾਨੀ,
ਡੇਰਾ ਆਇ ਗੱਲੇ ਅਗੇ ਪਾਇਆ ਈ।
ਛੋਣੀ ਹੁੰਦੀਆਂ ਰੋਜ਼ ਬਰੋਜ਼ ਖਬਰਾਂ,
ਹਰੀ ਸਿੰਘ ਚੜ੍ਹ ਕੇ ਫੇਰ ਆਇਆ ਈ।
ਦੂਲੇ ਚੜ੍ਹਦਿਆਂ ਜ਼ਰਾ ਨਾ ਢਿੱਲ ਕੀਤੀ,
ਮੁੱਖ ਦੇਵੀ ਦਾ ਵਰਤ ਰਖਾਇਆ ਈ।
ਸਹਾਈ ਸਿੰਘ ਸੁਣੋ ਖਬਰਾਂ ਜੁੱਧ ਦੀਆਂ,
ਤੋਪਾਂ ਮਾਰ ਕੇ ਤੁਰਕ ਭਜਾਇਆ ਈ ॥ ੧੮ ॥
ਐਨ ਆਣ ਲੱਗੇ ਕਿਲ੍ਹੇ ਮੋਰਚੇ ਜੀ,
ਮਹਾਂ ਸਿੰਘ ਸਰਦਾਰ ਨੂੰ ਖਬਰ ਕਰਦਾ।
ਸੱਠ ਸੱਤਰ ਹਜ਼ਾਰ ਦੁਰਾਨੀ ਆਏ,
ਮਹਾਂ ਸਿੰਘ ਸਰਕਾਰੇ ਭੀ ਅਰਜ਼ ਕਰਦਾ।
ਫੌਜਾਂ ਘਲੋ ਹਮਰਾਹ ਸ਼ਿਤਾਬ ਸਾਡੀ,
ਜਮੀਤ ਸਿੰਘ* ਸਰਕਾਰ ਸੀ ਤੁਰਤ ਚੜ੍ਹਦਾ।
ਸਹਾਈ ਸਿੰਘ ਜਮੀਤ ਸਿੰਘ ਖੂਬ ਲੜਿਆ,
ਮਾਰ ਤੁਰਕਾਂ ਦੇ ਸੱਥਰ ਵਿਛਾਇ ਧਰਦਾ ॥ ੧੯ ॥
ਗਾਫ ਗੌਰ ਕਰਦਾ ਵੱਡੀ ਬ੍ਰਾਹਮਣਾਂ ਦੀ,
ਗਰੀਬ ਦੇਖਕੇ ਬਹੁਤ ਪ੍ਰਿਤਪਾਲ ਕਰਦਾ।
ਸਤਿਜੁਗ ਵਿਚ ਰਾਜਾ ਕਰਨ ਹੋਇਆ,
ਤੇਹਾ ਪੁੰਨ ਹਰੀ ਸਿੰਘ ਹੁਣ ਕਰਦਾ।
ਐਡਾ ਪੁੰਨੀ ਤੇ ਦਾਨੀ ਨਾ ਹੋਰ ਕੋਈ,

* ਸਰਦਾਰ ਜਮੀਅਤ ਸਿੰਘ ਮੋਕਲ।

ਜਿਸ ਦਾ ਨਾਉਂ ਸੁਣ ਕੇ ਜਸ ਲੋਕ ਕਰਦਾ।
ਸਹਾਈ ਸਿੰਘ ਸਰਦਾਰ ਦਾ ਨਾਉਂ ਸੁਣ ਕੇ,
ਤੁਰਕ ਸੰਦੜਾ ਤੇਜ ਹੁਣ ਦੂਰ ਕਰਦਾ ।। ੨੦ ।।
ਫੇ ਫੌਜ ਅੱਗੇ ਹੱਥ ਜੋੜਦਾ ਜੀ,
ਹਰੀ ਸਿੰਘ ਸਰਦਾਰ ਜੋ ਅਰਜ਼ ਕਰਦਾ।
ਬਖਸ਼ੋ ਗੁਨਾਹ ਸਾਰੇ ਗੁਰੂ ਖਾਲਸਾ ਜੀ,
ਵਿੱਚ ਗੁਰੂ ਗਰੰਥ ਜੀ ਆਣ ਧਰਦਾ।
ਤੁਸੀਂ ਕਰਨ ਕਾਰਨ ਗੁਰੂ ਖਾਲਸਾ ਜੀ,
ਹੁਕਮ ਮੰਨਕੇ ਕੜਾਹ ਪ੍ਰਸ਼ਾਦ ਕਰਦਾ।
ਸਹਾਈ ਸਿੰਘ ਕਹੇ ਸੁਣੋ ਖਾਲਸਾ ਜੀ,
ਹਰੀ ਸਿੰਘ ਸਰਦਾਰ ਹੁਣ ਆਪ ਚੜ੍ਹਦਾ ।। ੨੧ ।।
ਕਾਫ ਕਮਰ ਕਸੀ ਸਰਦਾਰ ਨੇ ਜੀ,
ਸਭ ਫੌਜ ਤਿਆਰ ਕਰਵਾਇਓ ਸੂ।
ਧੌਂਸਾ ਮਾਰਕੇ ਫੌਜਾਂ ਦੇ ਨਾਲ ਚੜ੍ਹਿਆ,
ਬਾਹਰ ਸਭ ਅਸਬਾਬ ਧਰਵਾਇਓ ਸੂ।
ਤੁਮਣਦਾਰ ਸੇ ਫੌਜ ਦੇ ਚਾਰ ਦੂਲੇ,
ਮੁਸਲਮਾਨਾਂ ਨੂੰ ਫਿਕਰ ਬਹੁ ਪਾਇਓ ਸੂ।
ਹਰੀ ਸਿੰਘ ਸਰਦਾਰ ਦਾ ਤਪ ਭਾਰਾ,
ਪੱਟ ਮੋਰਚਾ ਪਿਛੇ ਹਟਾਇਓ ਸੂ ।। ੨੨ ।।
ਗਾਫ਼ ਗੌਰ ਕਰਦਾ ਵਡੀ ਫੌਜ ਦੀ ਜੀ,
ਹੁਕਮ ਸਿੰਘ ਨੂੰ ਵਿੱਚ ਖਲਿਹਾਰਿਆ ਈ।
ਸਾਰੀ ਫੌਜ ਦਿੱਤੀ ਹੁਕਮ ਸਿੰਘ ਨੂੰ ਜੀ,
ਜਮਾਦਾਰ ਨੂੰ ਬਹੁਤ ਸ਼ਿੰਗਾਰਿਆ ਈ।
ਫੌਜਾਂ ਜਾਂਦੀਆਂ ਹੇਠ ਬਰੋਬਰੀ ਜੀ,
ਅੱਗੇ ਹੋਇ ਰਸਾਲਿਆਂ ਤਾੜਿਆ ਈ।
ਸਹਾਈ ਸਿੰਘ ਰਸਾਲੇ ਨੂੰ ਕੁੱਦ ਪਏ,

ਫੌਜ ਆਪਣੀ ਨੂੰ ਲਲਕਾਰਿਆ ਈ ।। ੨੩ ।।
ਲੈ ਲੱਗੇ ਤੁਰਕ ਭਾਜ ਖਾਣ ਅੱਗੇ,
ਇਕ ਦੂਜੇ ਨੂੰ ਨਹੀਂ ਸੰਭਾਲਦੇ ਜੀ।
ਫੌਜਾਂ ਮੱਲ ਲਈਆਂ ਫੌਜ ਆਪਣੀ ਨੇ,
ਉਤੇ ਆਈਨ ਦਾ ਪਹਿਰਾ ਖਲ੍ਹਾਰਦੇ ਜੀ।
ਹੋਈ ਆਪਣੀ ਫੌਜ ਨੂੰ ਬਹੁਤ ਖੁਸ਼ੀ,
ਤੁਰਕਾਂ ਮਾਰ ਕੇ ਹੇਠ ਲਤਾੜਦੇ ਜੀ।
ਸਹਾਈ ਸਿੰਘ ਆਖੇ ਇਕ ਬੁਰੀ ਕੀਤੀ,
ਗੋਲੰਦਾਜ਼ ਨਹੀਂ ਇਨ੍ਹਾਂ ਮਾਰਨੇ ਸੀ ।। ੨੪ ।।
ਮੀਮ ਮੌਤ ਨਾ ਜਾਣਦਾ ਕੇਹੀ ਹੁੰਦੀ,
ਤੇਗਾ ਖਿੱਚ ਕੇ ਜੁੱਧ ਦੇ ਵਿਚ ਵੜਦਾ।
ਹੋਰ ਫੌਜ ਤਾਂ ਬਹੁਤ ਸਰਕਾਰ ਦੀ ਹੈ,
ਹਰੀ ਸਿੰਘ ਸੂਰਾ ਅੱਗੇ ਹੋਇ ਲੜਦਾ।
ਫੌਜ ਜਾਇ ਲਗੀ ਤੰਬੂ ਲੁੱਟਣੇ ਨੂੰ,
ਹਰੀ ਸਿੰਘ ਸਰਦਾਰ ਸੀ ਮਨ੍ਹੇ ਕਰਦਾ।
ਸਹਾਈ ਸਿੰਘ ਫਿਰੰਗਣ ਨੂੰ ਮਾਰ ਕੇ ਜੀ,
ਤੋਪਖਾਨੇ ਦੇ ਵਿਚ ਬਰੂਦ ਸੜਦਾ ।। ੨੫ ।।
ਨੂਨ ਨੱਸ ਗਏ ਪਹਿਲੇ ਤੁਰਕ ਉਥੋਂ,
ਫੇਰ ਆਇ ਇਕੱਠ ਕਰਾਂਵਦੇ ਨੀ।
ਗੁੱਸਾ ਖਾਇਕੇ ਖਿੱਚ ਤਲਵਾਰੀਂ ਲਈਆਂ,
ਮਾਰੋ ਮਾਰ ਹੀ ਬਹੁਤ ਅਲਾਂਵਦੇ ਨੀ।
ਹੱਲਾ ਕੀਤਾ ....
....
.... (ਅਪੂਰਣ ਹੈ)
.... ।। ੨੬ ।।

(8) ਸੀ-ਹਰਫ਼ੀਆਂ ਹਰੀ ਸਿੰਘ ਨਲਵਾ ਕੀਆਂ
(ਮਿਸਰ ਹਰੀ ਚੰਦ ਉਰਫ਼ ਕਾਦਰਯਾਰ)

ਸੀ-ਹਰਫ਼ੀ ਅੱਵਲ

ਅਲਫ਼ ਉਸ ਅਲੱਖ ਨੂੰ ਯਾਦ ਰਖੀਏ
ਜੇਹੜਾ ਕੱਖ ਤੋਂ ਲੱਖ ਬਣਾਂਵਦਾ ਜੀ।
ਮੁਰਦੇ ਦਿਲਾਂ ਨੂੰ ਪਲਾਂ ਵਿਚ ਸ਼ੇਰ ਕਰਦਾ
ਜਦੋਂ ਮੇਹਰ ਦੀ ਬੂੰਦ ਵਸਾਂਵਦਾ ਜੀ।
ਤਖਤੋਂ ਵਖਤ ਤੇ ਵਖ਼ਤੀਓਂ ਨੇਕ-ਬਖਤੀ
ਓਹਦਾ ਅੰਤ ਹਿਸਾਬ ਨਾ ਆਂਵਦਾ ਜੀ।
ਕਾਦਰ ਯਾਰ ਹੈ ਸੁੱਖ ਵਿਚਾਰ ਦੇ ਵਿਚ
ਜਿਵੇਂ ਆਪ ਹੈ ਨਾਨਕ ਫੁਰਮਾਂਵਦਾ ਜੀ ॥੧॥

ਅਲਫ਼ ਓਸ ਜੇਹਾ ਨਹੀਂ ਹੋਰ ਕੋਈ
ਯਾਰੋ! ਓਸ ਦਾ ਕਰਨਾ ਧਿਆਨ ਚੰਗਾ।
ਜੀਂਦੇ ਜੀ ਜ਼ਬਾਨ ਥੀਂ ਓਹੋ ਨਿਕਲੇ
ਧਿਆਨ ਓਸ ਦੇ ਵਿੱਚ ਮਰ ਜਾਣ ਚੰਗਾ।
ਤੇ ਚੋਰੀ ਕੋਲੋਂ ਚੰਗਾ ਮੰਗ ਖਾਣਾ
ਯਾਰੋ! ਮੰਗਣੇ ਤੋਂ ਮੋਹਰਾ ਖਾਣ ਚੰਗਾ।
ਕਾਦਰ ਯਾਦ ਚੰਗੀ ਗੱਲਾਂ ਚੰਗੀਆਂ ਚੋਂ
ਐਪਰ ਸਭ ਤੋਂ ਓਸ ਦਾ ਗਿਆਨ ਚੰਗਾ ॥੨॥

ਬੇ ਬਹੁਤ ਸੁਲਤਾਨ ਜਹਾਨ ਅੰਦਰ
ਆਲੀ-ਸ਼ਾਨ ਵੱਡੇ ਸ਼ਾਹ-ਜ਼ੋਰ ਹੋ ਗਏ।
ਫ਼ਰਾਊਨ ਸ਼ੱਦਾਦ ਨੇ ਬਾਗ਼ ਲਾਇਆ
ਪਾਇਲਾਂ ਪਾਂਵਦੇ ਵਾਂਗਰ ਮੋਰ ਹੋ ਗਏ।

ਜਦੋਂ ਚੋਰ ਕਜ਼ਾ ਦਾ ਆਣ ਪਿਆ
ਰੰਗ ਤਿਨ੍ਹਾਂ ਦੇ ਹੋਰ ਦੇ ਹੋਰ ਹੋ ਗਏ।
ਕਾਦਰਯਾਰ ਸਮਿਆਨ ਸਭ ਰਹੇ ਏਥੇ
ਤੇ ਬਣਾਨ ਵਾਲੇ ਵਿਚ ਗੋਰ ਹੋ ਗਏ ॥੩॥

ਤੇ ਤਮਾਮ ਔਸਾਫ ਇਨਸਾਨ ਵਿਚੋਂ
ਕੋਈ ਨਹੀਂ ਬਹਾਦੁਰੀ ਤੁੱਲ ਮੀਆਂ।
ਜੇਹੜਾ ਮਰਦ ਹੋਣਹਾਰ ਹੋ ਸਰਦ ਜਾਵੇ
ਰੰਗ ਜ਼ਰਦ ਬਸੰਤ ਦਾ ਫੁੱਲ ਮੀਆਂ।
ਤਹਿਕੀਕ ਓਹ ਮਰਦ ਨਹੀਂ ਹੀਜੜਾ ਹੈ
ਗੱਲ ਬਰੀਕ ਨਾ ਜਾਵਣੀ ਭੁੱਲ ਮੀਆਂ।
ਕਾਦਰਯਾਰ ਬਹਾਦੁਰੀ ਮੁੱਲ ਪਾਂਦੀ
ਜਦੋਂ ਆ ਜਾਂਦੀ ਸਿਰ ਤੇ ਭੁੱਲ ਮੀਆਂ ॥੫॥

ਸੇ ਸਾਬਤੀ ਸੁਣ ਕੇ ਬਹਾਦੁਰਾਂ ਦੀ
ਦਿਲ ਪੀਂਘ ਦਾ ਐਸ਼ ਹੁਲਾਰਿਆਂ ਵਿਚ।
ਰੂਹ ਖੁਸ਼ੀ ਦੇ ਨਾਲ ਵਸਾਲ ਕਰਦਾ
ਆਸ਼ਿਕ ਮਸਤ ਜਿਉਂ ਖਿਆਲ ਪਿਆਰਿਆਂ ਵਿਚ।
ਰਣਜੀਤ ਸਿੰਘ ਸਰਕਾਰ ਦੇ ਅਫਸਰਾਂ ਨੂੰ
ਡਿੱਠਾ ਨਜ਼ਰ ਮੈਂ ਪਾ ਕੇ ਸਾਰਿਆਂ ਵਿਚ।
ਕਾਦਰਯਾਰ ਬਹਾਦੁਰਾਂ ਵਿਚ ਚਮਕੇ
ਹਰੀ ਸਿੰਘ ਜਿਉਂ ਚੰਨ ਸਤਾਰਿਆਂ ਵਿਚ ॥੬॥

ਜੀਮ ਜੰਗ ਜਾ ਵੱਡਾ ਅਤਾਈ ਦੂਲਾ
ਜਾਣੇ ਖੂਬ ਲੜਾਈ ਦੇ ਢੰਗ ਮੀਆਂ।
ਜੁਰਤ ਫੁਰਤ ਉਸ ਤੇਜ਼ ਪਲੰਗ ਵਾਲੀ
ਹੋਵਣ ਸੂਰਮੇ ਦੇਖ ਕੇ ਦੰਗ ਮੀਆਂ।
ਘੋੜੇ ਹੋ ਅਸਵਾਰ ਤਲਵਾਰ ਫੜਦਾ
ਚੜ੍ਹਦਾ ਆ ਗੁਲਨਾਰ ਦਾ ਰੰਗ ਮੀਆਂ।

ਕਾਦਰਯਾਰ ਲੰਗੋਟੀਆ ਯਾਰ ਗੂਹੜਾ
ਰਹਿੰਦਾ ਨਿੱਤ ਸਰਕਾਰ ਦੇ ਸੰਗ ਮੀਆਂ ।।੭।। ...

ਸੀਨ ਸੁਖ ਦੇ ਵਿਚ ਜਦ ਮੁੱਦਤ ਗੁਜ਼ਰੀ
ਮਹਾਰਾਜ ਨੇ ਮੁਲਕ ਵਲ ਧਿਆਨ ਕੀਤਾ।
ਆਖੇ ਬਹੁਤ ਚਿਰ ਸੁਖ ਦਾ ਹੋ ਚਾਕਰ
ਜੀਊੜਾ ਏਸ ਦੇ ਵਿਚ ਗ਼ਲਤਾਨ ਕੀਤਾ।
ਅੱਗੋਂ ਈਨ ਨਾ ਏਸ ਦੀ ਮੰਨਸਾਂ ਮੈਂ
ਪੁਖ਼ਤਾ ਦਿਲ ਦੇ ਵਿਚ ਪੈਮਾਨ ਕੀਤਾ।
ਕਾਦਰਯਾਰ ਦਰਬਾਰ ਲਗਾਵਣੇ ਦਾ
ਮਹਾਰਾਜ ਨੇ ਚੁੱਕ ਫ਼ੁਰਮਾਨ ਕੀਤਾ ।।੧੫।।

ਸੀਨ ਸ਼ੌਕ ਦੇ ਨਾਲ ਤਿਆਰ ਹੋ ਕੇ
ਆਏ ਸਿੰਘ ਸਰਦਾਰ ਦਲੇਰ ਯਾਰੋ।
ਸ਼ੰਮਨ ਬੁਰਜ ਵਿਚ ਆ ਕੇ ਬੈਠ ਜਾਂਦੇ
ਮਹਾਰਾਜ ਦੇ ਚਾਰ ਚੁਫੇਰ ਯਾਰੋ।
ਸਿੰਘ ਸੂਰਮੇ ਚਿਤਰਿਆਂ ਵਾਂਗ ਯਾਰੋ!
ਮਹਾਰਾਜ ਝੂਲੇ ਵਿਚ ਸ਼ੇਰ ਯਾਰੋ।
ਕਾਦਰਯਾਰ ਹੈ ਸ਼ੇਰਾਂ ਨੇ ਮਾਸ ਖਾਣਾ
ਗੱਲ ਸਮਝਣੇਂ ਕਰੋ ਨਾ ਦੇਰ ਯਾਰੋ ।।੧੬।।

ਸੁਆਦ ਸਾਫ ਇਹ ਹਾਲ ਮਲੂਮ ਮੈਨੂੰ
ਮਹਾਰਾਜ ਨੇ ਸੁਖ਼ਨ ਅਲਾਇਆ ਜੀ।
ਤੁਸਾਂ ਗਾਜ਼ੀਆਂ ਸਿਰਾਂ ਦੀਆਂ ਬਾਜ਼ੀਆਂ ਲਾ
ਸਾਡਾ ਨਾਮਣਾ ਸ਼ੇਖ਼ ਕਰਾਇਆ ਜੀ।
ਮੁਜ਼ੱਫਰ ਖਾਨ ਪਠਾਣ ਮੁਲਤਾਨ ਵਾਲਾ
ਜ਼ਰਾ ਤਾਬ ਨਾ ਤੁਸਾਂ ਦੀ ਲਿਆਇਆ ਜੀ।
ਕਾਦਰਯਾਰ ਕਸ਼ਮੀਰ ਨੂੰ ਮਾਰ ਕੇ ਤੇ
ਏਹ ਮੁਲਕ ਪੰਜਾਬ ਵਧਾਇਆ ਜੀ ।।੧੭।।

ਜ਼ੁਆਦ ਜ਼ਰੂਰ ਹੈ ਦਿਲੀ ਮੁਰਾਦ ਮੇਰੀ

ਜ਼ਰਾ ਹੋਰ ਉੱਚੀ ਗੁੱਡੀ ਚਾੜ੍ਹੀਏ ਜੀ।

ਸ਼ਾਹ ਮਹਿਮੂਦ ਪਠਾਣ ਹੈ ਤਾਣ ਵਾਲਾ

ਜ਼ਰਾ ਓਸ ਨੂੰ ਚਲ ਵੰਗਾਰੀਏ ਜੀ।

ਰਹਿਸੀ ਵਿਚ ਜਹਾਨ ਦੇ ਨਾਮ ਯਾਰੋ

ਮਰਨ ਮਾਰਨੋਂ ਮੂਲ ਨਾ ਹਾਰੀਏ ਜੀ।

ਕਾਦਰਯਾਰ ਚਲ ਅਟਕ ਨੂੰ ਗਾਹਣ ਪਾ ਕੇ

ਸਿੱਧਾ ਜਾ ਪਸ਼ੌਰ ਨੂੰ ਮਾਰੀਏ ਜੀ ।।੧੮।।

ਤੋਇ ਤਲਬ ਮੈਨੂੰ ਉਸ ਸੂਰਮੇ ਦੀ

ਜੇਹੜਾ ਬੀੜਾ ਪਸ਼ੌਰ ਦਾ ਆਣ ਚੁੱਕੇ।

ਲੈ ਕੇ ਫੌਜ ਦਰਿਆ ਦੀ ਮੌਜ ਵਾਂਗੂੰ

ਸਿੱਧਾ ਜਾ ਨਜ਼ਦੀਕ ਪਠਾਣ ਢੁਕੇ।

ਬਣ ਜੁਆਨ ਤੇ ਤੀਰ ਕਮਾਨ ਫੜ ਕੇ

ਵਾਂਗ ਕਿੱਲੇ ਦੇ ਵਿਚ ਮੈਦਾਨ ਠੁੱਕੇ।

ਕਾਦਰਯਾਰ ਕਰਤਾਰ ਨੂੰ ਯਾਦ ਕਰ ਕੇ

ਮਰਨ ਮਾਰਨੋਂ ਜ਼ਰਾ ਨਾ ਜਾਨ ਉੱਕੇ ।।੧੯।।

ਜ਼ੋਇ ਜ਼ਾਹਰਾ ਨਿੱਤਰਿਆ ਮਿੱਤਰ ਪਿਆਰਾ

ਹਰੀ ਸਿੰਘ ਦਲੇਰ ਸਰਦਾਰ ਯਾਰੋ।

ਨਾਲ ਤੌਰ ਪਸ਼ੌਰ ਦਾ ਚੁਕ ਬੀੜਾ

ਰੱਖਿਆ ਓਸ ਮੂੰਹ ਵਿਚਕਾਰ ਯਾਰੋ।

ਬੇ-ਸ਼ੱਕ ਉਠਾ ਕੇ ਜ਼ਿਮੀਂ ਉੱਤੋਂ

ਬੱਧੀ ਲੱਕ ਦੇ ਨਾਲ ਤਲਵਾਰ ਯਾਰੋ।

ਕਾਦਰਯਾਰ ਪਸ਼ੌਰ ਦੇ ਮਾਰਨੇ ਨੂੰ

ਹਰੀ ਸਿੰਘ ਹੋ ਗਿਆ ਤਿਆਰ ਯਾਰੋ ।।੨੦।।

ਐਨ ਆਜਜ਼ੀ ਦੇ ਨਾਲ ਅਰਜ਼ ਸੁਣ ਲੈ

ਹਰੀ ਸਿੰਘ ਸ਼ਰਮਾ ਕੇ ਬੋਲਿਆ ਜੀ।

ਤੇਰੇ ਕਦਮਾਂ ਦੀ ਖ਼ਾਕ ਤੋਂ ਲੱਖ ਵਾਰੀ
ਅਸਾਂ ਜਿੰਦੜੀ ਪਿਆਰੀ ਨੂੰ ਘੋਲਿਆ ਜੀ।
ਉਤੇ ਰੱਬ ਰਹੀਮ ਹੈ ਗੁਰੂ ਸੱਚਾ
ਹੇਠ ਜ਼ਿਮੀਂ ਤੇ ਤੁਸਾਂ ਨੂੰ ਟੋਲਿਆ ਜੀ।
ਕਾਦਰਯਾਰ ਹਾਂ ਅਸੀਂ ਮੁਰੀਦ ਪੱਕੇ
ਏਸ ਵਾਸਤੇ ਹਾਲ ਨੂੰ ਫੋਲਿਆ ਜੀ ॥੨੧॥

ਗ਼ੈਨ ਗਰਜ਼ ਏਹਾ ਨਾਲੇ ਫਰਜ਼ ਏਹਾ
ਹੋਰ ਮਰਜ਼ ਏਹਾ ਮੈਨੂੰ ਲੜਨ ਦਿਓ।
ਚਾਰ ਰੋਜ਼ ਦਾ ਰੰਗ ਜਹਾਨ ਉੱਤੇ
ਲੈ ਕਮਾਨ ਹੁਣ ਜੰਗ ਤੇ ਚੜ੍ਹਨ ਦਿਓ।
ਬਲੀ ਗੁਰੂ ਗੋਬਿੰਦ ਸਿੰਘ ਯਾਦ ਕਰ ਕੇ
ਅੱਜ ਜਾਨ ਨੂੰ ਤਲੀ ਤੇ ਧਰਨ ਦਿਓ।
ਕਾਦਰਯਾਰ ਯਾ ਮਰਨ ਮੈਦਾਨ ਦੇ ਵਿੱਚ
ਯਾ ਕਿ ਫਤਿਹ ਪਸ਼ੌਰ ਨੂੰ ਕਰਨ ਦਿਓ ॥੨੨॥

ਫ਼ੇ ਫਰਕ ਨਾ ਲੜਨ ਵਿਚ ਜ਼ਰਾ ਆਵੇ
ਵਾਂਗ ਬਰਕ ਦੇ ਕੜਕ ਕੇ ਬੜ੍ਹਾਂਗਾ ਮੈਂ।
ਸਜ ਧਜ ਜਿਉਂ ਟਿੱਲਿਓਂ ਚੜ੍ਹੇ ਬੱਦਲ
ਤਿਵੇਂ ਗੱਜ ਕੇ ਜੰਗ ਤੇ ਚੜ੍ਹਾਂਗਾ ਮੈਂ।
ਵਾਂਗ ਸ਼ੇਰ ਦੇ ਹੋ ਦਲੇਰ ਯਾਰੋ
ਹੱਥ ਵਿਚ ਸ਼ਮਸ਼ੇਰ ਨੂੰ ਫੜਾਂਗਾ ਮੈਂ।
ਕਾਦਰਯਾਰ ਰੱਬ ਵਾਲੀ ਮਵਾੱਲੀਆਂ ਦਾ
ਨਾਲ ਜ਼ੋਰ ਪਸ਼ੌਰ ਵਿਚ ਵੜਾਂਗਾ ਮੈਂ ॥੨੩॥

ਕਾਫ ਕਦੀ ਨਾ ਮੂੰਹ ਤੇ ਸਿਫਤ ਕਰੀਏ
ਮਹਾਰਾਜ ਨੇ ਹੱਸ ਪੁਕਾਰਿਆ ਜੀ।
ਕੋਈ ਦਮ ਲਾਹੌਰ ਵਿਚ ਮਾਣ ਮੌਜਾਂ
ਸਾਡਾ ਕੰਮ ਤੂੰ ਬਹੁਤ ਸਵਾਰਿਆ ਜੀ।

ਸਿਆਲਕੋਟ ਇਕ ਚੋਟ ਦੇ ਨਾਲ ਲਿਆ
ਫੇਰ ਜਾ ਧਮਤੌੜ ਨੂੰ ਮਾਰਿਆ ਜੀ।
ਕਾਦਰਯਾਰ ਹਜ਼ਾਰੇ ਨੂੰ ਮਾਰ ਕੇ ਤੇ
ਪੈਰ ਪੱਖਲੀ ਵਿਚ ਪਸਾਰਿਆ ਜੀ ।।੨੪।।

ਗਾਫ਼ ਗਿਣੇ ਨਹੀਂ ਜਾਂਵਦੇ ਕੰਮ ਤੇਰੇ
ਕੀਤੀ ਤੰਮ ਤੂੰ ਨਾਲ ਤਲਵਾਰ ਪਿਆਰੇ।
ਜੰਗੀ ਸ਼ੇਰ ਦਲੇਰ ਮੂੰਹ ਫੇਰ ਲੇਵਨ
ਨੰਗੀ ਕਰੇਂ ਜਾਂ ਤੇਗ ਦੀ ਧਾਰ ਪਿਆਰੇ।
ਦਸਤਾਰ ਰਫਤਾਰ ਗੁਫਤਾਰ ਸੋਹਣੀ
ਤੇਰੇ ਜਿਹਾ ਕੋਈ ਵਿਰਲਾ ਸਵਾਰ ਪਿਆਰੇ।
ਕਾਦਰਯਾਰ ਹੈਂ ਤੂੰ ਸੱਜੀ ਬਾਂਹ ਮੇਰੀ
ਜਾਣੇ ਆਪ ਸੱਚਾ ਕਰਤਾਰ ਪਿਆਰੇ ।।੨੫।।

ਲਾਮ ਲੁਟ ਲੈ ਮੌਜ ਬਹਾਰ ਕੋ ਚਿਰ
ਚਾਰ ਰੋਜ਼ ਦਾ ਹੈ ਜਹਾਨ ਸਿੰਘ ਜੀ।
ਨਹੀਂ ਮਾਲ ਦੀ ਕੁਝ ਪਰਵਾਹ ਤੈਨੂੰ
ਨਾਲ ਐਸ਼ ਦਿਨ ਕਰੋ ਗੁਜ਼ਰਾਨ ਸਿੰਘ ਜੀ।
ਕੋਈ ਰੋਜ਼ ਸਰੀਰ ਨੂੰ ਸੁਖ ਦਿਓ
ਬਹੁਤ ਦੁਖ ਝੱਲੇ ਤੇਰੀ ਜਾਨ ਸਿੰਘ ਜੀ।
ਕਾਦਰਯਾਰ ਕਿਸੇ ਹੋਰ ਸੂਰਮੇ ਨੂੰ
ਦਿਓ ਲੜਨ ਹੁਣ ਵਿਚ ਮੈਦਾਨ ਸਿੰਘ ਜੀ ।।੨੬।।

ਮੀਮ ਮੁਖ ਥੀਂ ਕਈ ਸਰਦਾਰ ਬੋਲੇ
ਹੱਥ ਰੱਖ ਤਲਵਾਰ ਦੀ ਮੁੱਠ ਉੱਤੇ।
ਅਸੀਂ ਨਾਲ ਪਠਾਣਾਂ ਦੇ ਲੜਾਂਗੇ ਜੀ
ਜਾ ਕੇ ਤੋੜ ਪਸ਼ੌਰ ਦੀ ਗੁੱਠ ਉੱਤੇ।
ਸ਼ਾਹ ਮਹਿਮੂਦ ਨੂੰ ਮਾਰ ਕੇ ਪਾਰ ਕਰੀਏ
ਭਾਵੇਂ ਹੋਵੇ ਅਸਵਾਰ ਉਹ ਉੱਠ ਉੱਤੇ।

ਕਾਦਰਯਾਰ ਨਾ ਪਿਛਾਂਹ ਨੂੰ ਮੁੜਾਂਗੇ ਜੀ
ਜ਼ਖਮ ਖਾਵਸਾਂ ਨਾ ਕਦੀ ਪੁੱਠ ਉੱਤੇ ।।੨੭।।

ਨੂਨ ਨਹੀਂ ਇਹ ਬਾਤ ਮਨਜ਼ੂਰ ਮੈਨੂੰ
ਹਰੀ ਸਿੰਘ ਨੇ ਫੇਰ ਬਿਆਨ ਕੀਤਾ।
ਓਸ ਸੁਖਨ ਤੇ ਦਿਆਂਗਾ ਮੈਂ ਪਹਿਰਾ
ਜੇਹੜਾ ਆਪ ਅੱਜ ਨਾਲ ਜ਼ਬਾਨ ਕੀਤਾ।
ਥੁਕ ਸੱਟ ਕੇ ਚੱਟਦਾ ਕੌਣ ਕੋਈ
ਇਹ ਕੰਮ ਤਾਂ ਨਹੀਂ ਸ਼ੈਤਾਨ ਕੀਤਾ।
ਕਾਦਰਯਾਰ ਓੜਕ ਖ਼ਾਕ ਰਲ ਜਾਣਾ
ਕੇਹੜੀ ਗੱਲ ਦੇ ਵਲ ਧਿਆਨ ਕੀਤਾ ।।੨੮।।
ਵਾਉ ਵਾਸਤੇ ਰੱਬ ਦੇ ਕਰੋ ਕਿਰਪਾ
ਪੂਰਾ ਕਰਨ ਦਿਓ ਮੇਰਾ ਧਰਮ ਮੈਨੂੰ।
ਤੇਰੇ ਚਰਨਾਂ 'ਚ ਮਰਨ ਦੇ ਕਾਰਨੇ ਜੀ
ਸੱਚੇ ਸਾਹਬ ਨੇ ਦਿੱਤਾ ਹੈ ਜਰਮ ਮੈਨੂੰ।
ਜੇਕਰ ਲੜਨ ਥੀਂ ਤੁਸੀਂ ਹੁਣ ਮੋੜ ਦੇਸੋ
ਤੋੜ ਮਰਨ ਤੀਕਣ ਰਹਿਸੀ ਭਰਮ ਮੈਨੂੰ।
ਕਾਦਰਯਾਰ ਕਰੋ ਕਰਮ ਟੁਰਦਿਆਂ ਤੇ
ਪਿਛੇ ਮੁੜਦਿਆਂ ਔਂਦੀ ਏ ਸ਼ਰਮ ਮੈਨੂੰ ।।੨੯।।

ਹੇ ਹੈ ਗੁਫਤਾਰ ਮਨਜ਼ੂਰ ਤੇਰੀ
ਸਰਕਾਰ ਖੰਘੂਰ ਫੁਰਮਾਇਆ ਜੀ।
ਐਸ਼ ਇਸ਼ਰਤ ਦੇ ਫੁੱਲਾਂ ਦਾ ਘੱਤ ਸੇਹਰਾ
ਤੇਰਾ ਹੌਂਸਲਾ ਅਸਾਂ ਅਜ਼ਮਾਇਆ ਜੀ।
ਸਾਜ ਸੰਗ ਤੇ ਰੰਗ ਮਹੱਲ ਛੱਡ ਕੇ
ਵਲ ਜੰਗ ਤੇਰਾ ਚਿਤ ਚਾਇਆ ਜੀ।
ਕਾਦਰਯਾਰ ਦਲੇਰ ਕੋਈ ਵਾਂਗੁ ਤੇਰੇ
ਮੇਰੇ ਦੇਖਣੇ ਵਿਚ ਨਾ ਆਇਆ ਜੀ ।।੩੦।।

ਯੇ ਯਾਦ ਵਡਿਆਈ ਭਗਵਾਨ ਕਰ ਕੇ
ਲੱਗਾ ਕਰਨ ਸਰਦਾਰ ਚੜ੍ਹਾਈ ਯਾਰੋ।
ਦੇਖੇ ਵਿੱਚ ਪਠਾਣਾਂ ਦੇ ਘਰ ਜਾ ਕੇ
ਲੱਗਾ ਕਰਨ ਜੁਆਨ ਲੜਾਈ ਯਾਰੋ।
ਧੁੰਮ ਪਈ ਐ ਵਿਚ ਜਹਾਨ ਸਾਰੇ
ਲਗੇ ਖਾਲਸੇ ਕਰਨ ਚੜ੍ਹਾਈ ਯਾਰੋ।
ਕਾਦਰਯਾਰ ਪਠਾਣ ਸੁਣ ਅੱਗ ਹੋਏ
ਤਪੇ ਤੇਲ ਜਿਉਂ ਵਿਚ ਕੜ੍ਹਾਹੀ ਯਾਰੋ ।।੩੧।੧।

ਸੀ-ਹਰਫੀ ਦੋਮ

ਅਲਫ ਆਣ ਬਿਆਨ ਪਠਾਣ ਕਰਨਾ
ਨਾਲ ਧਿਆਨ ਦੇ ਕੰਨ ਲਗਾਵਣਾ ਜੀ।
ਥੋੜੇ ਬੋਲ ਵਿਚ ਹਾਲ ਦੁੱਰਾਨੀਆਂ ਦਾ
ਮੁਖਤਿਸਰ ਮੈਂ ਖੋਲ੍ਹ ਸੁਣਾਵਣਾ ਜੀ।
ਕੰਮ ਸੂਰਮੇ ਦਾ ਮੂੰਹ ਤੇ ਜ਼ਖਮ ਖਾਣਾ
ਕੰਮ ਸ਼ਾਇਰਾਂ ਓਸ ਨੂੰ ਗਾਵਣਾ ਜੀ।
ਕਾਦਰਯਾਰ ਕਰਤਾਰ ਨੂੰ ਯਾਦ ਰੱਖੀਏ
ਜਿਸ ਨੇ ਅੰਤ ਵੇਲੇ ਕੰਮ ਆਵਣਾ ਜੀ ।।੧।।

ਬੇ ਬਾਦਸ਼ਾਹ ਕਾਬਲ ਦਾ ਓਸ ਵੇਲੇ
ਹੈਸੀ ਸ਼ਾਹ ਮਹਿਮੂਦ ਅਫ਼ਗਾਨ ਮੀਆਂ।
ਸੋਹਣੀ ਸ਼ਕਲ ਪਰ ਅਕਲ ਦਾ ਬਹੁਤ ਕੋਰਾ
ਮਸ਼ਹੂਰ ਓਹ ਵਿਚ ਜਹਾਨ ਮੀਆਂ
ਐਪਰ ਰੱਬ ਦੀ ਟੇਕ ਸੀ ਉਸ ਉਤੇ
ਮਿਲਿਆ ਨੇਕ ਉਸ ਨੂੰ ਬਾਗਬਾਨ ਮੀਆਂ।
ਕਾਦਰਯਾਰ ਬਾਰਕਜ਼ਈ ਸਰਦਾਰ ਭਾਰਾ
ਫਤਿਹ ਖ਼ਾਨ ਵਜ਼ੀਰ ਜੁਆਨ ਮੀਆਂ ।।੨।।

ਪੇ ਪੂਰਾ ਅਕੀਲ ਸ਼ਕੀਲ ਭਾਰਾ
ਤੇ ਦਲੀਲ ਦਾ ਵੱਡਾ ਦਲੇਰ ਯਾਰੋ।
ਫਤਿਹ ਖਾਨ ਵਜ਼ੀਰ ਸੀ ਮਰਦ ਕਾਮਲ
ਗੋਯਾ ਅਸਲ ਦਾ ਕਾਬਲੀ ਸ਼ੇਰ ਯਾਰੋ।
ਜਿੱਥੇ ਜਾਂਵਦਾ ਸੀ ਫਤਿਹ ਪਾਂਵਦਾ ਸੀ
ਧੁੰਮ ਪਈ ਏ ਚਾਰ ਚੁਫੇਰ ਯਾਰੋ।
ਕਾਦਰਯਾਰ ਆ ਸਿੰਧ ਨੂੰ ਜ਼ੇਰ ਕੀਤਾ
ਸੂਬੇ ਹੋਰ ਨਿਵਾਏ ਸੂ ਢੇਰ ਯਾਰੋ ।।੩।।

ਤੇ ਤਖਤ ਤੇ ਬਹਿੰਦਾ ਸੀ ਸ਼ਾਹ-ਕਾਬੁਲ
ਐਪਰ ਰਾਜ ਵਜ਼ੀਰ ਕਮਾਂਵਦਾ ਸੀ।
ਬਾਦਸ਼ਾਹ ਉਸੇ ਪਾਸੇ ਮੂੰਹ ਕਰਦਾ
ਜੇਹੜਾ ਰਾਹ ਵਜ਼ੀਰ ਵਿਖਾਂਵਦਾ ਸੀ।
ਸ਼ਾਹ ਮਹਿਮੂਦ ਦਾ ਬੇਟਾ ਸੀ ਇਕ ਨਾਮੀ
ਕਾਮਰਾਨ ਉਹ ਨਾਮ ਸਦਾਂਵਦਾ ਸੀ।
ਕਾਦਰਯਾਰ ਪਰ ਹਸਦ ਦਾ ਤੀਰ ਲੱਗਾ
ਉਹਨੂੰ ਮੂਲ ਵਜ਼ੀਰ ਨਾ ਭਾਂਵਦਾ ਸੀ ।।੪।।
ਟੇ-ਟੱਕਰਾਂ ਮਾਰਦਾ ਫਿਕਰ ਅੰਦਰ
ਏਹਾ ਜ਼ਿਕਰ ਸੀ ਓਹਦੇ ਦਹਾਨ ਉਤੇ।
ਕਿਸੇ ਤਰ੍ਹਾਂ ਵਜ਼ੀਰ ਨੂੰ ਚੂਰ ਕਰੀਏ
ਨੂਰ ਚਮਕਿਆ ਜਿਸ ਦਾ ਜਹਾਨ ਉਤੇ।
ਸਾਡਾ ਨੰਗ ਨਾਮੂਸ ਵੈਰਾਨ ਹੋਇਆ
ਜ਼ਿਕਰ ਉਸ ਦਾ ਹਰ ਇਕ ਜ਼ਬਾਨ ਉੱਤੇ।
ਕਾਦਰਯਾਰ ਨਸੀਬ ਨੇ ਭਾਂਜ ਖਾਧੀ
ਰਾਜ ਕਾਬਲ ਦਾ ਸੀ ਫਤਿਹ ਖਾਨ ਉਤੇ ।।੫।।

ਸੇ ਸਾਬਤੀ ਵੇਖ ਵਜ਼ੀਰ ਵਾਲੀ
ਕਾਮਰਾਨ ਉਸ ਤੋਂ ਥਰ-ਥਰਾਂਵਦਾ ਸੀ।

ਜ਼ਾਹਰ ਹੋ ਕੇ ਵਾਂਗ ਦਿਲਾਵਰਾਂ ਦੇ
ਹੱਥ ਨਾਲ ਵਜ਼ੀਰ ਨਾ ਪਾਂਵਦਾ ਸੀ।
ਸਾਰੀ ਫੌਜ ਵਜ਼ੀਰ ਦਾ ਹੁਕਮ ਮੰਨੇ
ਸਾਰਾ ਮੁਲਕ ਓਹਦਾ ਗੀਤ ਗਾਂਵਦਾ ਸੀ।
ਕਾਦਰਯਾਰ ਪਰ ਖੱਪਰੇ ਸੱਪ ਵਾਂਗੂ
ਕਾਮਰਾਨ ਪਿਆ ਵੱਟ ਖਾਂਵਦਾ ਸੀ ॥੬॥

ਜੀਮ ਜੰਗ ਦਾ ਰੰਗ ਅਚਨਚੇਤ ਬਣਿਆ
ਚੜ੍ਹਿਆ ਕਾਬਲ ਤੇ ਸ਼ਾਹ-ਈਰਾਨ ਮੀਆਂ।
ਪੂਰੇ ਲੱਖ ਸਵਾਰ ਦੀ ਧਾੜ ਲੈ ਕੇ
ਵੜਿਆ ਆਣ ਉਹ ਮੁਲਕ ਪਠਾਣ ਮੀਆਂ।
ਸ਼ੇਰ ਮਰਦ ਵੱਡੇ ਕਲਬੂਤ ਵਾਲੇ
ਲੜਨੇ ਵਿਚ ਮਜ਼ਬੂਤ ਪਹਿਲਵਾਨ ਮੀਆਂ।
ਕਾਦਰਯਾਰ ਆਇਆ ਮਾਰੋ-ਮਾਰ ਕਰਦਾ
ਘੇਰਾ ਪਾਇਆ ਹਿਰਾਤ ਨੂੰ ਆਣ ਮੀਆਂ ॥੭॥

ਚੇ ਚਾੜ੍ਹਿਆ ਸ਼ਾਹ ਮਹਿਮੂਦ ਨੇ ਜੀ
ਫਤਿਹ ਖ਼ਾਨ ਵਜ਼ੀਰ ਨੂੰ ਜੰਗ ਉੱਤੇ।
ਆਖੇ ਰੱਖ ਏਥੋਂ ਮੇਰੇ ਯਾਰ ਜਾਨੀ
ਮੇਰੀ ਜ਼ਿੰਦਗਾਨੀ ਤੇਰੇ ਸੰਗ ਉੱਤੇ।
ਤੁਰਤ ਹੋ ਤਿਆਰ ਹੁਸ਼ਿਆਰ ਯਾਰੋ
ਫਤਿਹ ਖਾਨ ਰਹਿਆ ਕਾਇਮ ਅੰਗ ਉਤੇ।
ਕਾਦਰਯਾਰ ਸ਼ੱਪ ਤਰਫ ਹਿਰਾਤ ਆਇਆ
ਜਿਵੇਂ ਸੱਪ ਫਨੀਅਰ ਆਵੇ ਡੰਗ ਉਤੇ ॥੮॥

ਹੇ ਹੁਕਮ ਭਗਵਾਨ ਦਾ ਜਿਵੇਂ ਹੁੰਦਾ
ਤਿਵੇਂ ਵਰਤਦਾ ਵਿਚ ਜਹਾਨ ਮੀਆਂ।
ਫ਼ਤਿਹ ਖ਼ਾਨ ਵਜ਼ੀਰ ਦੀ ਫ਼ਤਿਹ ਹੋਈ
ਭੱਜ ਗਿਆ ਈ ਸ਼ਾਹ ਈਰਾਨ ਮੀਆਂ।

ਚੜ੍ਹੀ ਇਕ ਹੁਲਾਰੇ ਦੇ ਨਾਲ ਯਾਰੋ
ਫਤਿਹ ਖਾਨ ਦੀ ਗੁੱਡੀ ਅਸਮਾਨ ਮੀਆਂ।
ਕਾਦਰਯਾਰ ਕੁਲ ਮੁਲਕ ਤੇ ਹੋਈ ਸ਼ਾਦੀ
ਇਕ ਨਹੀਂ ਰਾਜ਼ੀ ਕਾਮਰਾਨ ਮੀਆਂ ॥੯॥

ਖ਼ੇ ਖ਼ੂਬ ਖ਼ੁਸ਼ੀ ਕਾਮਰਾਨ ਕੀਤੀ
ਜ਼ਾਹਰਾ ਬਹੁਤ ਹੋਇਆ ਸ਼ਾਦਮਾਨ ਯਾਰੋ।
ਐਪਰ ਖ਼ੌਫ ਖ਼ੁਦਾ ਦਾ ਦੂਰ ਕਰ ਕੇ
ਦਿਲ ਵਿੱਚ ਹੋਇਆ ਬੇਈਮਾਨ ਯਾਰੋ।
ਘਰ ਸੱਦ ਵਜ਼ੀਰ ਨੂੰ ਵਿੱਚ ਜਲਸੇ
ਲੱਗਾ ਲੈਣ ਅਮੀਰ ਦੀ ਜਾਨ ਯਾਰੋ।
ਕਾਦਰਯਾਰ ਸ਼ੈਤਾਨ ਦੇ ਲੱਗ ਆਖੇ
ਕੀਤਾ ਦੀਨ ਈਮਾਨ ਕੁਰਬਾਨ ਯਾਰੋ ॥੧੦॥

ਦਾਲ ਦੋਸਤੀ ਦੇ ਤੌਰ ਵਿੱਚ ਜਲਸੇ
ਕਾਮਰਾਨ ਵਜ਼ੀਰ ਬੁਲਾਇਆ ਜੀ।
ਆਖੇ ਸਿਰਫ ਤੁਸਾਡੜੀ ਫਤਿਹ ਖ਼ਾਤਰ
ਏਸ ਮਹਿਫਲ ਨੂੰ ਆਣ ਰਚਾਇਆ ਜੀ।
ਫਤਿਹ ਖਾਨ ਵਜ਼ੀਰ ਨੂੰ ਵਿਚ ਮਜਲਸ
ਨਾਲ ਸ਼ਾਨ ਦੇ ਪਾਸ ਬਹਾਇਆ ਜੀ।
ਕਾਦਰਯਾਰ ਪਹਿਲੋਂ ਚਾਰ ਸੌ ਕਾਤਲ
ਖੁਫੀਆ ਮਹਿਲ ਦੇ ਵਿਚ ਛੁਪਾਇਆ ਜੀ ॥੧੧॥

ਡਾਲ ਡੰਗਣੋਂ ਸੱਪ ਨਹੀਂ ਮੂਲ ਜਾਂਦਾ
ਭਾਵੇਂ ਲਪ ਵਿਚ ਦੁੱਧ ਪਿਲਾ ਮੀਆਂ।
ਬੁਰਾ ਬਾਜ਼ ਬੁਰਾਈ ਥੀਂ ਨਾ ਆਵੇ
ਲੱਖ ਭਲਾ ਇਸ ਨਾਲ ਕਮਾ ਮੀਆਂ।
ਪੂਛਲ ਕੁੱਤੇ ਦੀ ਕਦੀ ਨਾ ਹੋਵੇ ਸਿੱਧੀ
ਬਾਰਾਂ ਬਰਸ ਵਿਚ ਨੜੀ ਦੇ ਪਾ ਮੀਆਂ।

ਕਾਦਰਯਾਰ ਪਰ ਨੀਤ ਤੇ ਮਿਲੇ ਬਦਲਾ
ਭਾਵੇਂ ਲਵੇ ਕੋਈ ਆਜ਼ਮਾ ਮੀਆਂ ।।੧੨।।

ਜੋ ਜ਼ਿਬਾਹ ਕਸਾਈ ਜਿਵੇਂ ਕਰੇ ਬੱਕਰਾ
ਤਿਵੇਂ ਕਾਤਲਾਂ ਫੜਿਆ ਵਜ਼ੀਰ ਯਾਰੋ।
ਸੂਆ ਅੱਗ ਦੇ ਨਾਲ ਝੱਟ ਲਾਲ ਕਰ ਕੇ
ਅੱਖਾਂ ਸਾੜੀਆਂ ਬੇ-ਤਕਸੀਰ ਯਾਰੋ।
ਹੱਥ ਪੈਰ ਚਾ ਫੇਰ ਆਜ਼ਾਦ ਕੀਤੇ
ਦੋਵੇਂ ਵੱਖੀਆਂ ਦਿੱਤੀਆਂ ਚੀਰ ਯਾਰੋ।
ਕਾਦਰਯਾਰ ਤਰਸਾ ਤਰਸਾ ਕੇ ਤੇ
ਵੱਢ ਸੁੱਟਿਆ ਸਾਰਾ ਸਰੀਰ ਯਾਰੋ ।।੧੩।।

ਰੇ ਰਹਿ ਨਾ ਸਕਿਆ ਭੇਦ ਛੁਪਿਆ
ਖਬਰ ਹੋਈ ਏ ਵਿਚ ਜਹਾਨ ਮੀਆਂ।
ਕਾਮਰਾਨ ਨੇ ਪਿਆਰ ਦੇ ਨਾਲ ਸੱਦ ਕੇ
ਅੱਜ ਮਾਰ ਲਿਆ ਫਤਿਹ ਖ਼ਾਨ ਮੀਆਂ।
ਅੱਖਾਂ ਸਾੜ ਕੇ ਪਹਿਲੋਂ ਬੇਤਾਬ ਕਰ ਕੇ
ਕੱਢੀ ਨਾਲ ਅਜ਼ਾਬ ਫਿਰ ਜਾਨ ਮੀਆਂ।
ਕਾਦਰਯਾਰ ਕੰਬੀ ਸਾਰੀ ਆਣ ਕਾਬਲ
ਬਦਲਾ ਲੈਣ ਨੂੰ ਚੜ੍ਹੇ ਅਫ਼ਗਾਨ ਮੀਆਂ ।।੧੪।।

ਜੇ ਜ਼ੋਰ ਤਾਂ ਸ਼ੋਰ ਦਾ ਬਹੁਤ ਹੋਇਆ
ਮੁਲਕ ਵਿਚ ਆ ਪਿਆ ਤਰਥੱਲ ਯਾਰੋ।
ਇਕ ਦੂਸਰੇ ਦਾ ਸਿਰ ਕੱਟਣੇ ਨੂੰ
ਜਮ੍ਹਾਂ ਹੋਏ ਪਠਾਣਾਂ ਦੇ ਦੱਲ ਯਾਰੋ।
ਮੁਹੰਮਦ ਅਜ਼ੀਮ ਵਜ਼ੀਰ ਦਾ ਭਾਈ ਸਕਾ
ਬਦਲਾ ਲੈਣ ਕਾਰਣ ਆਇਆ ਚੱਲ ਯਾਰੋ।
ਕਾਦਰਯਾਰ ਆਖੇ ਏਹਾ ਗੱਲ ਮੇਰੀ
ਕਾਮਰਾਨ ਦੀ ਲਾਹਣੀ ਐ ਖੱਲ ਯਾਰੋ ।।੧੫।।

ਸੀਨ ਸਭ ਸਾਮਾਨ ਲੜਾਈ ਦਾ ਜੀ
ਕਾਮਰਾਨ ਨੇ ਆਣ ਤਿਆਰ ਕੀਤਾ।
ਸ਼ਾਹ ਮਹਿਮੂਦ ਆਖੇ ਨਿੱਜ ਜੰਮਦੋਂ ਤੂੰ
ਪਿਛਲੀ ਉਮਰ ਦੇ ਵਿਚ ਖੁਆਰ ਕੀਤਾ।
ਹੱਥੀਂ ਆਪਣੀ ਮਾਰ ਗੰਵਾਇਓ ਈ
ਜਿਸ ਨਾਲ ਸਾਡੇ ਗੂਹੜਾ ਪਿਆਰ ਕੀਤਾ।
ਕਾਦਰਯਾਰ ਰੋਂਦਾ ਬਾਦਸ਼ਾਹ ਕਾਬਲ
ਮੈਨੂੰ ਪੁੱਤ ਨੇ ਅਜ ਲਾਚਾਰ ਕੀਤਾ ।।੧੬।।

ਸ਼ੀਨ ਸ਼ੁਰੂ ਲੱਗਾ ਹੋਵਣ ਜੰਗ ਜਲਦੀ
ਬੱਧਾ ਆਣ ਲੜਾਈ ਦਾ ਰੰਗ ਮੀਆਂ।
ਕਾਮਰਾਨ ਮੈਦਾਨ ਵਿਚ ਆਣ ਵੜਿਆ
ਲੈ ਕੇ ਸ਼ਾਹ ਮਹਿਮੂਦ ਨੂੰ ਸੰਗ ਮੀਆਂ।
ਮੁਹੰਮਦ ਅਜ਼ੀਮ ਲੜਿਆ ਕਹਿਰ ਨਾਲ ਯਾਰੋ
ਲਹਿਰ ਮਾਰੇ ਦਰਿਆ ਜਿਉਂ ਗੰਗ ਮੀਆਂ।
ਕਾਦਰਯਾਰ ਕਾਮਰਾਨ ਨੇ ਭਾਂਜ ਖਾਧੀ
ਹੋਇਆ ਕਾਫੀਆ ਓਸ ਦਾ ਤੰਗ ਮੀਆਂ ।।੧੭।।
ਸੁਆਦ ਸਾਫ ਲੜਾਈ ਨੂੰ ਹਾਰ ਕੇ ਜੀ
ਕਾਮਰਾਨ ਆ ਵੜਿਆ ਹਿਰਾਤ ਯਾਰੋ।
ਬਾਦਸ਼ਾਹੀ ਦਾ ਸੂਰਜ ਗ਼ਰੂਬ ਹੋਇਆ
ਪਈ ਆਣ ਤਬਾਹੀ ਦੀ ਰਾਤ ਯਾਰੋ।
ਸ਼ਾਹ ਮਹਿਮੂਦ ਨੂੰ ਕਰਮਾਂ ਨੇ ਮਾਤ ਕੀਤਾ
ਕਿਸੇ ਨਾਲ ਨਾ ਕਰਦਾ ਸੀ ਬਾਤ ਯਾਰੋ।
ਕਾਦਰਯਾਰ ਹਿਰਾਤ ਬਿਨ ਮੁਲਕ ਸਾਰਾ
ਮਾਰ ਲਿਆ ਬਾਰਕਜ਼ਈ ਦੀ ਜ਼ਾਤ ਯਾਰੋ ।।੧੮।।

ਜ਼ੁਆਦ ਜ਼ਰੂਰ ਸਰਕਾਰ ਨੂੰ ਖਬਰ ਹੋਈ
ਕਾਬਲ ਵਿਚ ਆ ਪਈਆਂ ਜੇ ਭੰਡੀਆਂ ਜੀ।

ਆਪਸ ਵਿਚ ਪਠਾਣਾਂ ਦੇ ਫੁਟ ਹੋਈ
ਇੱਕ ਦੂਜੇ ਦੀਆਂ ਵੱਢੀਆਂ ਜੰਡੀਆਂ ਜੀ।
ਖਾਨਾ-ਜੰਗੀ ਨੇ ਮੁਲਕ ਵੈਰਾਨ ਕੀਤਾ
ਸੈ ਪਠਾਣੀਆਂ ਹੋਗੀਆਂ ਰੰਡੀਆਂ ਜੀ।
ਕਾਦਰਯਾਰ ਮਹਿਮੂਦ ਨੂੰ ਕੱਢ ਬਾਹਰ
ਕਾਬਲ ਦੇਸ ਦੀਆਂ ਪਾ ਲੀਆਂ ਵੰਡੀਆਂ ਜੀ ।।੧੯।।

ਤੋਇ ਤਲਬ ਸਰਕਾਰ ਨੂੰ ਲੜਨ ਦੀ ਸੀ
ਏਸ ਖਬਰ ਨੇ ਹੋਰ ਹੁਸ਼ਿਆਰ ਕੀਤਾ।
ਹਰੀ ਸਿੰਘ ਨੂੰ ਆਖਦਾ ਉਠ ਜਲਦੀ
ਸਾਡਾ ਕੰਮ ਆਸਾਨ ਕਰਤਾਰ ਕੀਤਾ।
ਫਤਿਹ ਖ਼ਾਨ ਵਜ਼ੀਰ ਅਸੀਲ ਗਾਜ਼ੀ
ਉਹਨੂੰ ਦੁਸ਼ਮਣਾਂ ਮਾਰ ਕੇ ਪਾਰ ਕੀਤਾ।
ਕਾਦਰਯਾਰ ਵਜ਼ੀਰ ਦੇ ਭਾਈਆਂ ਨੇ
ਸ਼ਾਹ ਮਹਿਮੂਦ ਨੂੰ ਝਾੜ ਕੇ ਬਾਹਰ ਕੀਤਾ ।।੨੦।।

ਜ਼ੋਇ ਜ਼ਾਹਰਾ ਧੌਂਸੇ ਨੂੰ ਮਾਰ ਡੰਕਾ
ਸਰਕਾਰ ਤਯਾਰ ਹੋ ਗਈ ਐ ਜੀ।
ਤੁਰਤ ਰਾਵੀ ਦਰਿਆ ਤੋਂ ਪਾਰ ਹੋ ਕੇ
ਛੌਣੀ ਵਿੱਚ ਸ਼ਾਹਦਰੇ ਦੇ ਪਈ ਐ ਜੀ।
ਕੁੱਲ ਜੰਗ ਦੀ ਚੀਜ਼ ਵਲ ਧਿਆਨ ਕੀਤਾ
ਕੋਈ ਗੱਲ ਨਾਂਹੀ ਬਾਕੀ ਰਹੀ ਐ ਜੀ।
ਕਾਦਰਯਾਰ ਤਾਂ ਕੜਕ ਕੇ ਵਾਂਗ ਬਿਜਲੀ
ਸੜਕ ਸ਼ਹਿਰ ਪਸ਼ੌਰ ਦੀ ਲਈ ਐ ਜੀ ।।੨੧।।

ਐਨ ਅਕਲ ਤੇ ਫਿਕਰ ਤੋਂ ਬਾਹਰ ਯਾਰੋ
ਮਹਾਰਾਜ ਨੇ ਆਣ ਸਮਿਆਨ ਜੋੜੇ।
ਗਰਾਂਡੀਲ ਅਸਵਾਰ ਰੰਗੀਨ ਬਾਂਕੇ
ਵਾਂਗ ਹਰਨ ਦੇ ਚੁੰਗੀਆਂ ਲਾਣ ਘੋੜੇ।

ਤੋਪਾਂ ਗੋਲੇ ਬਾਰੂਦ ਬੇਹੱਦ ਯਾਰੋ
ਹਾਥੀ ਲੜਨ ਵਾਲੇ ਨਾਹੀਂ ਸਾਹਨ ਥੋੜੇ।
ਕਾਦਰਯਾਰ ਅਕਾਲੀਏ ਨਾਗ ਕਾਲੇ
ਜਿਨ੍ਹਾਂ ਮਾਰ ਕੇ ਮੂੰਹ ਪਠਾਣ ਮੋੜੇ ।।੨੨।।

ਗੈਨ ਗਜ਼ਬ ਦੇ ਨਾਲ ਸਰਕਾਰ ਚੜ੍ਹੀ
ਜਿਵੇਂ ਬੱਦਲਾਂ ਦੀ ਕਾਲੀ ਹਾਠ ਮੀਆਂ।
ਆਈ ਸੱਜਦੀ ਵੱਜਦੀ ਗੱਜਦੀ ਜੀ
ਲੈ ਕੇ ਕੁੱਲ ਲੜਾਈ ਦਾ ਠਾਠ ਮੀਆਂ।
ਨਜੀਬਾਂ ਵਾਲੀਆਂ ਪਲਟਨਾਂ ਅਸਲ ਜੰਗੀ
ਵਾਂਗ ਹਾਥੀਆਂ ਜਿਨ੍ਹਾਂ ਦੇ ਕਾਠ ਮੀਆਂ।
ਕਾਦਰਯਾਰ ਵੈਂਤੂਰਾ ਜਨਰੈਲ ਚੜ੍ਹਿਆ
ਫ਼ਰਾਂਸੀਸੀ ਸੀ ਸੂਰਮਾ ਰਾਠ ਮੀਆਂ ।।੨੩।।

ਫ਼ੇ ਫ਼ੌਜ ਵਿਚ ਬਹੁਤ ਸਰਦਾਰ ਨਾਮੀ
ਸਿਫਤ ਕਰ ਨਹੀਂ ਸਕਦਾ ਕਹਿਣ ਵਾਲਾ।
ਇਕ ਦੂਜੇ ਦਾ ਸਾਨੀ ਚਤੁਰਾਈ ਦੇ ਵਿਚ
ਤੇ ਲੜਾਈ ਵਿਚ ਪਿਛਾਂਹ ਨਾ ਰਹਿਣ ਵਾਲਾ।
ਐਪਰ ਇੱਕ ਸਰਦਾਰ ਅਜੀਬ ਯਾਰੋ
ਜ਼ਖਮ ਸਾਹਮਣੇ ਮੂੰਹ ਤੇ ਸਹਿਣ ਵਾਲਾ।
ਕਾਦਰਯਾਰ ਜਹਾਨ ਤੇ ਨਾਮ ਰੋਸ਼ਨ
ਸ਼ਾਮ ਸਿੰਘ ਅਟਾਰੀ ਦੇ ਰਹਿਣ ਵਾਲਾ ।।੨੪।।

ਕਾਫ ਕਈ ਜਰਨੈਲ ਅਸਲ-ਗੋਰਖੇ ਜੀ
ਪਕੜ ਖੋਖਰੀ ਫਿਰਨ ਤਿਆਰ ਮੀਆਂ
ਜ਼ੇਰ-ਕੱਦ ਪਰ ਸ਼ੇਰ ਦੇ ਵਾਂਗ ਜੁੱਸਾ
ਬਾਝੁ ਲੜਨ ਦੇ ਹੋਰ ਨਾ ਕਾਰ ਮੀਆਂ।
ਲਹਿਣਾ ਸਿੰਘ ਪੰਜ-ਹੱਥਾ ਤੇ ਅਬੂਤਵੇਲਾ
ਅੜੇ ਜਿਨ੍ਹਾਂ ਦੇ ਹੱਦ ਥੀਂ ਪਾਰ ਮੀਆਂ।

ਕਾਦਰਯਾਰ ਪਰ ਸਾਰਿਆਂ ਵਿਚ ਨਾਮੀ
ਹਰੀ ਸਿੰਘ ਨਲਵਾ ਸਰਦਾਰ ਮੀਆਂ ।।੨੫।।

ਗਾਫ ਗੱਜ ਪੈ ਗਈ ਫਿਰ ਜੱਗ ਸਾਰੇ
ਤਖ਼ਤਾ ਆਣ ਪਸ਼ੌਰ ਦਾ ਹੌਲਿਆ ਜੀ।
ਲੱਗੀ ਤੇੜ ਜਾ ਕਾਬਲ ਨੂੰ ਧਮਕ ਯਾਰੋ
ਸੀਨਾ ਆਣ ਪਠਾਣ ਤਰਥੌਲਿਆ ਜੀ।
ਯਾਰ ਮੁਹੰਮਦ ਪਠਾਣ ਹੈਰਾਨ ਹੋ ਕੇ
ਸਾਫ਼ ਛਡ ਪਸ਼ੌਰ ਨੂੰ ਚਲਿਆ ਜੀ।
ਕਾਦਰਯਾਰ ਸਰਕਾਰ ਲੈ ਕਟਕ ਫੌਜਾਂ
ਕੰਢਾ ਆਣ ਕੇ ਅਟਕ ਦਾ ਮੱਲਿਆ ਜੀ ।।੨੬।।

ਲਾਮ ਲੈ ਕੇ ਹੁਕਮ ਸਰਕਾਰ ਕੋਲੋਂ
ਹਰੀ ਸਿੰਘ ਸਰਦਾਰ ਤਿਆਰ ਹੋਇਆ।
ਜ਼ਫਰ-ਜੰਗ ਦੀਵਾਨ ਚੰਦ ਸੰਗ ਲੈ ਕੇ
ਅਟਕ ਝਾਗਣੇ ਨੂੰ ਅਸਵਾਰ ਹੋਇਆ।
ਲੈ ਕੇ ਬਾਰਾਂ ਹਜ਼ਾਰ ਸਵਾਰ ਜੰਗੀ
ਮਰਨ ਮਾਰਨੇ ਤੇ ਬੇਕਰਾਰ ਹੋਇਆ।
ਕਾਦਰਯਾਰ ਸਰਕਾਰ ਦੇ ਵੇਂਹਦਿਆਂ ਨੂੰ
ਝੱਟ ਅਟਕ ਦਰਿਆ ਤੋਂ ਪਾਰ ਹੋਇਆ ।।੨੭।।

ਮੀਮ ਮੂੰਹ ਪਸ਼ੌਰ ਦੇ ਵਲ ਕੀਤਾ
ਮਸਤ ਸ਼ੇਰ ਜਿਵੇਂ ਆਵੇ ਚੱਲ ਯਾਰੋ।
ਯਾਰ ਮੁਹੰਮਦ ਪਠਾਣ ਨਾ ਰਿਹਾ ਕਾਇਮ
ਸਾਰਾ ਮਾਲ ਦਿੱਤਾ ਕਾਬਲ ਘੱਲ ਯਾਰੋ।
ਸਿੰਘਾਂ ਵੇਖ ਕੇ ਕਾਬਲ ਦਾ ਰਾਹ ਫੜਿਆ
ਸਾਹ ਮੋਂਵਦਾ ਵਿਚ ਨਾ ਖੱਲ ਯਾਰੋ।
ਕਾਦਰਯਾਰ ਪਸ਼ੌਰ ਵਿਚ ਆਣ ਵੜਿਆ
ਹਰੀ ਸਿੰਘ ਹੱਥ ਪਕੜ ਕ ਭੱਲ ਯਾਰੋ ।।੨੮।।

ਨੂੰਨ ਨੱਸ ਕੇ ਗਏ ਪਠਾਣ ਸਾਥੋਂ
ਹਰੀ ਸਿੰਘ ਸਰਕਾਰ ਵਲ ਖਬਰ ਘੱਲੇ।
ਗੱਜ ਸੁਣ ਕੇ ਤੇਰਿਆਂ ਧੌਂਸਿਆਂ ਦੀ
ਸ਼ਾਜ ਲੜਨ ਪਰਾਂਹ ਨੂੰ ਭੱਜ ਚੱਲੇ।
ਅਸਾਂ ਕੱਢੀ ਨਾ ਤੇਗ ਮਿਆਨ ਵਿਚੋਂ
ਗਾਜ਼ੀ ਜ਼ਰਾ ਨਾ ਵਿਚ ਮੈਦਾਨ ਖੱਲੇ
ਕਾਦਰਯਾਰ ਸਰਕਾਰ ਜੀ ਆਓ ਜਲਦੀ
ਅਸਾਂ ਆਣ ਪਸ਼ੌਰ ਦੇ ਰਾਹ ਮੱਲੇ ॥੨੯॥

ਵਾਉ ਵਾਹ ਗੁਰੂ ਦਾ ਨਾਮ ਲੈ ਮੂੰਹੋਂ
ਮਹਾਰਾਜ ਤਿਆਰ ਹੋ ਉਠ ਧਾਇਆ।
ਉੱਤੇ ਭੌਰ ਅਰਾਕੀ ਅਸਵਾਰ ਹੋ ਕੇ
ਵਿਚ ਅਟਕ ਦਰਿਆ ਦੇ ਗਾਹਣ ਪਾਇਆ।
ਸਾਰੀ ਫੌਜ ਨੇ ਮਗਰ ਵਹੀਰ ਘੱਤੀ
ਪਾਣੀ ਕੰਢਿਆਂ ਦੇ ਉੱਤੇ ਚੜ੍ਹ ਆਇਆ।
ਕਾਦਰਯਾਰ ਸਰਕਾਰ ਤਲਵਾਰ ਫੜ ਕੇ
ਝੰਡਾ ਪਾਰ ਦੇ ਕੰਢੇ ਤੇ ਜਾ ਲਾਇਆ ॥੩੦॥
ਹੇ ਹਾਥੀ ਦੇ ਉੱਤੇ ਅਸਵਾਰ ਹੋ ਕੇ
ਮਹਾਰਾਜ ਪਸ਼ੌਰ ਵਿਚ ਆਣ ਵੜਿਆ।
ਵੱਜਣ ਲਗੇ ਨੱਕਾਰੇ ਰਬਾਬ ਯਾਰੋ
ਮੂੰਹ ਤੇ ਰੰਗ ਗੁਲਾਬ ਦਾ ਆਣ ਚੜ੍ਹਿਆ।
ਵੜਿਆ ਵਿਚ ਪਹਾੜ ਦੇ ਅਲੀ ਅਕਬਰ
ਦੋਸਤ ਮੁਹੰਮਦ ਕੰਧਾਰ ਦੇ ਵਿਚ ਦੜਿਆ।
ਕਾਦਰਯਾਰ ਉਹ ਮਸਤ ਬੇਖੌਫ ਫਿਰਦਾ
ਜਿਹਦਾ ਦਸਤ ਕਰਤਾਰ ਨੇ ਆਪ ਫੜਿਆ ॥੩੧॥

ਯੇ ਯਾਰੀ ਭਗਵਾਨ ਦੀ ਹੋਈ ਜਦੋਂ
ਜਾ ਮਾਰਿਆ ਸਿੰਘਾਂ ਪਸ਼ੌਰ ਯਾਰੋ।

ਜਿਵੇਂ ਬਿਜਲੀ ਨਿਕਲਦੀ ਅੰਬਰਾਂ ਚੋਂ
ਖਬਰ ਗਈ ਏ ਵਿਚ ਲਾਹੌਰ ਯਾਰੋ।
ਸਾਰੇ ਵਿਚ ਪੰਜਾਬ ਦੇ ਹੋਈ ਸ਼ਾਦੀ
ਵੱਡੇ ਜਲਸਿਆਂ ਦੇ ਹੋਏ ਜ਼ੋਰ ਯਾਰੋ।
ਕਾਦਰਯਾਰ ਹਰੀ ਸਿੰਘ ਬਣਾਇ ਸੂਬਾ
ਮਹਾਰਾਜ ਕੀਤੀ ਘਰ ਨੂੰ ਟੋਰ ਯਾਰੋ ।।੩੨।।

ਸੀ-ਹਰਫ਼ੀ ਸੋਮ

ਅਲਫ ਆ ਪਿਸ਼ੌਰ ਦੇ ਵਿਚ ਯਾਰੋ
ਹਰੀ ਸਿੰਘ ਹੁਣ ਰਾਜ ਕਮਾਣ ਲੱਗਾ।
ਗਜ਼ਬਨਾਕ ਅਫ਼ਗਾਨ ਜੁਆਨ ਪੱਕੇ
ਵਿੱਚੋਂ ਸੂਈ ਦੇ ਨੱਕੇ ਲੰਘਾਣ ਲੱਗਾ।
ਨਾਲ ਨੋਕ ਸੰਗੀਨ ਮਹੀਨ ਕਰ ਕੇ
ਦੇਖੋ ਆਪਣੀ ਈਨ ਮਨਾਣ ਲੱਗਾ।
ਕਾਦਰਯਾਰ ਦਲੇਰੀ ਦੇ ਕੰਮ ਕਰ ਕੇ
ਨਾਮ ਆਪਣਾ ਰੌਸ਼ਨ ਕਰਾਣ ਲੱਗਾ ।।੧।।
ਬੇ ਬਹੁਤ ਹੋਇਆ ਉਹਦਾ ਬੋਲ-ਬਾਲਾ
ਢੋਲ ਆ ਮਸ਼ਹੂਰੀ ਦਾ ਵੱਜਿਆ ਜੀ।
ਬਦਮਾਸ਼ ਬੇ-ਪੀਰ ਸ਼ਰੀਰ ਜੇਹੜਾ
ਵਾਂਗ ਕਾਗ ਦੇ ਤੀਰ ਤੋਂ ਭੱਜਿਆ ਜੀ।
ਵੇਖ ਸ਼ਾਹ-ਜ਼ੋਰੀ ਹਰੀ ਸਿੰਘ ਵਾਲੀ
ਯਾਰੋ ਚੋਰਾਂ ਨੇ ਚੋਰੀ ਨੂੰ ਤੱਜਿਆ ਜੀ।
ਕਾਦਰਯਾਰ ਕੀਤਾ ਬੰਦੋਬਸਤ ਐਸਾ
ਸਾਰਾ ਮੁਲਕ ਜਿਸ ਨੂੰ ਵੇਖ ਰੱਜਿਆ ਜੀ ।।੨।।

ਪੇ ਪਕੜ ਕੇ ਜਕੜਦਾ ਮੁਜਰਮਾਂ ਨੂੰ
ਜ਼ਰਾ ਖੌਫ ਨਾ ਦਿਲ ਤੇ ਲਿਆਂਵਦਾ ਸੀ।

ਤੁੱਕੜੀ ਤੋਲ ਕਚਹਿਰੀ ਵਿਚ ਅਦਲ ਵਾਲੀ
ਫੇਰ ਬੋਲ ਕੇ ਹੁਕਮ ਸੁਣਾਂਵਦਾ ਸੀ।
ਦਿੱਤੇ ਕਈ ਫਾਹੇ. ਕਈ ਕਾਠ ਲਾਏ
ਗੁਨਾਹਗਾਰ ਤੇ ਤਰਸ ਨਾ ਖਾਂਵਦਾ ਸੀ।
ਕਾਦਰਯਾਰ ਪਸ਼ੌਰ ਦੀ ਹੱਦ ਅੰਦਰ
ਦੂਲਾ ਆਪਣਾ ਹੁਕਮ ਚਲਾਂਵਦਾ ਸੀ ॥੩॥

ਤੇ ਤਮਾਮ ਦੇਹਾਤ ਪਿਸ਼ੌਰ ਦੇ ਵਿੱਚ
ਹਰੀ ਸਿੰਘ ਦੀ ਫਿਰੀ ਦੁਹਾਈ ਯਾਰੋ।
ਪਾਈ ਐਸੀ ਪਠਾਣਾਂ ਨੂੰ ਨੱਥ ਜਿਸ ਨੇ
ਸੈਨਾ ਹੱਥ ਲੈ ਕੇ ਟੁਰਦਾ ਰਾਹੀ ਯਾਰੋ।
ਸੱਭੇ ਚੋਰ ਡਾਕੂ ਉਥੋਂ ਪਰੇ ਹੋਏ
ਜ਼ੋਰ ਕਿਸੇ ਦਾ ਚੱਲੇ ਨਾ ਕਾਈ ਯਾਰੋ।
ਕਾਦਰਯਾਰ ਪਸ਼ੌਰ ਨੂੰ ਸੋਧ ਕੇ ਤੇ
ਧਰਤੀ ਕਾਬਲ ਦੀ ਆਣ ਕੰਬਾਈ ਯਾਰੋ ॥੪॥

ਸੋ ਸਾਬਤੀ ਦੇਖ ਕੇ ਸਿੰਘ ਵਾਲੀ
ਕਾਬਲ ਵਿੱਚ ਪੈਦਾ ਹੋਇਆ ਜੋਸ਼ ਮੀਆਂ।
ਚਲੀ ਵਿੱਚ ਕੰਧਾਰ ਵਿਚਾਰ ਯਾਰੋ
ਗਜ਼ਨੀ ਵਿੱਚ ਆ ਪਿਆ ਖ਼ਰੋਸ਼ ਮੀਆਂ।
ਅਸੀਂ ਆਪ ਸਾਰੇ ਹਿੰਮਤ ਹਾਰ ਬੈਠੇ
ਏਸ ਸਿੱਖ ਤੇ ਨਹੀਂ ਕੁਝ ਦੋਸ਼ ਮੀਆਂ।
ਕਾਦਰਯਾਰ ਅਫਗਾਨ ਸਲਾਹ ਕਰਦੇ
ਉਠੋ ਕਰੋ ਏਕਾ, ਨਾਲ ਹੋਸ਼ ਮੀਆਂ ॥੫॥

ਜੀਮ ਜਮ੍ਹਾ ਹੋ ਕੇ ਪਗ-ਬੰਨ੍ਹ ਸਾਰੇ
ਵਾਂਗ ਚਿੱਤਰਿਆਂ ਵੱਗ ਦੇ ਵਿਚ ਵੜੀਏ।
ਗੁੱਸਾ ਖਾ ਕੇ ਬਦਨ ਨੂੰ ਤਾ ਦੇ ਕੇ
ਹੱਥ ਵਿਚ ਸ਼ਮਸ਼ੀਰ ਨੂੰ ਖਿੱਚ ਫੜੀਏ।

ਤੇਗਾਂ ਮਾਰ ਕੇ ਸਿੱਖ ਦੀ ਮਿੱਖ ਕੱਢੀਏ
ਨਾਲ ਚਰਖ ਦੇ ਦਾਨਿਆਂ ਵਾਂਗ ਚੜ੍ਹੀਏ।
ਕਾਦਰਯਾਰ ਪਸ਼ੌਰ ਨੂੰ ਫਤਿਹ ਕਰ ਕੇ
ਸਿੱਧੇ ਵਿੱਚ ਲਾਹੌਰ ਦੇ ਜਾ ਵੜੀਏ ।।੬।।

ਚੇ ਚੁਸਤ ਹੋ ਕੇ ਕਰੀਏ ਕੰਮ ਆਪਣਾ
ਜ਼ਰਾ ਦਮ ਨਾ ਸਿੱਖਾਂ ਨੂੰ ਲੈਣ ਦੇਈਏ।
ਸਾਨੂੰ ਸ਼ਹਿਰ ਪਸ਼ੌਰ ਦਾ ਵਰਮ ਡਾਢਾ
ਇਹ ਸ਼ਰਮ ਨਾ ਦਿਲੇ ਨੂੰ ਸਹਿਣ ਦੇਈਏ।
ਸਿੱਖਾਂ ਆਣ ਭਰੀ ਭੋਹ ਖੱਲ ਸਾਡੀ
ਇਹ ਗੱਲ ਨਾ ਕਿਸੇ ਨੂੰ ਕਹਿਣ ਦੇਈਏ।
ਕਾਦਰਯਾਰ ਪਸ਼ੌਰ ਹਰ ਤੌਰ ਲੈਣਾ
ਭਾਵੇਂ ਖ਼ੂਨ ਦੀਆਂ ਨਾਲੀਆਂ ਵਹਿਣ ਦੇਈਏ ।।੭।।

ਹੇ ਹੌਸਲੇ ਦੇ ਨਾਲ ਚਾਲ ਚਲ ਕੇ
ਏਸ ਹਾਲ ਨੂੰ ਰਖੋ ਛੁਪਾ ਮੀਆਂ।
ਜੇ ਕਦ ਜ਼ਰਾ ਸਰਦਾਰ ਨੂੰ ਖ਼ਬਰ ਪੈਸੀ
ਫ਼ੌਜਾਂ ਹੋਰ ਉਹ ਲੈਸੀ ਮੰਗਾ ਮੀਆਂ।
ਰਣਜੀਤ ਸਿੰਘ ਬਹੁਤੀ ਫੌਜ ਨਾਲ ਲੈ ਕੇ
ਵੜਿਆ ਵਿਚ ਲਾਹੌਰ ਦੇ ਜਾ ਮੀਆਂ।
ਕਾਦਰਯਾਰ ਉਹਦੇ ਵਾਪਸ ਔਂਦਿਆਂ ਨੂੰ
ਹਰੀ ਸਿੰਘ ਨੂੰ ਦੇਹੋ ਮੁਕਾ ਮੀਆਂ ।।੮।।

ਖ਼ੇ ਖ਼ੂਬ ਹੁਸ਼ਿਆਰੀ ਦੇ ਨਾਲ ਯਾਰੋ
ਲਗੇ ਕਰਨ ਅਫਗਾਨ ਤਿਆਰੀਆਂ ਨੀਂ।
ਐਪਰ ਸਿੰਘ ਦੇ ਕਾਮਲ ਜਾਸੂਸ ਫਿਰਦੇ
ਜਿਨ੍ਹਾਂ ਆਣ ਦੱਸੀਆਂ ਖ਼ਬਰਾਂ ਸਾਰੀਆਂ ਨੀਂ।
ਕਿਸ ਤਰ੍ਹਾਂ ਪਠਾਣਾਂ ਨੇ ਖਾ ਕਸਮਾਂ
ਫੱਟਾਂ ਸਾਰੀਆਂ ਦਿਲੋਂ ਵਿਸਾਰੀਆਂ ਨੀਂ।

ਕਾਦਰਯਾਰ ਸੁਣ ਕੇ ਆਖੇ ਸਿੰਘ ਦੂਲਾ
ਭਾਵੇਂ ਕਿਸਮਤਾਂ ਸਾਡੀਆਂ ਹਾਰੀਆਂ ਨੀਂ ॥੯॥

ਦਾਲ ਦਿਸਦਾ ਨਹੀਂ ਕੋਈ ਰਾਹ ਸਾਨੂੰ
ਹਰੀ ਸਿੰਘ ਲਹੌਰ ਲਿਖਾ ਤੋਰੇ।
ਸਾਥੋਂ ਸ਼ਹਿਰ ਪਸ਼ੌਰ ਦੇ ਖੱਸਣੇ ਨੂੰ
ਕਟਕ ਚਟਕ ਦੁਰਾਨੀਆਂ ਆਣ ਜੋੜੇ।
ਘੱਲੋ ਜਲਦ ਇਮਦਾਦ ਸਾਮਾਨ ਜੰਗੀ
ਮੁਸਲਮਾਨ ਬਹੁਤੇ ਅਸੀਂ ਹਾਂ ਥੋੜ੍ਹੇ।
ਕਾਦਰਯਾਰ ਉਹ ਨਰਕ ਵਿਚ ਗਰਕ ਜਾਵੇ
ਜੇਹੜਾ ਏਸ ਮੈਦਾਨ ਤੋਂ ਮੂੰਹ ਮੋੜੇ ॥੧੦॥

ਜ਼ਾਲ ਜ਼ਿਕਰ ਮੁਸਾਹਿਬਾਂ ਨਾਲ ਕਰ ਕੇ
ਹਰੀ ਸਿੰਘ ਲੜਾਈ ਦਾ ਫਿਕਰ ਕਰਦਾ।
ਆਖੇ ਸਤਿ ਅਕਾਲ ਦਾ ਨਾਮ ਲੈ ਕੇ
ਮੇਰਾ ਵਾਹਿਗੁਰੂ ਰੱਖਸੀ ਆਪ ਪਰਦਾ।
ਅਜੇ ਹੈ ਵੇਲਾ ਯਾਰੋ ਨੱਸਣੇ ਦਾ
ਬੇਸ਼ੱਕ ਨੱਸ ਜਾਵੇ ਜੇਹੜਾ ਹੈ ਡਰਦਾ।
ਕਾਦਰਯਾਰ ਫਿਰ ਲੈ ਸਮਿਆਨ ਸਾਰਾ
ਹਰੀ ਸਿੰਘ ਜਮਰੋਦ ਦੇ ਕਿਲੇ ਵੜਦਾ ॥੧੧॥

ਰੇ ਰੱਖਣਾ ਅਸਾਂ ਪਸ਼ੌਰ ਕਾਬੂ
ਬੋਲੇ ਸੂਰਮਾ ਸਿੰਘ ਜਵਾਨ ਯਾਰੋ।
ਸਾਨੂੰ ਜਾਨ ਕੋਲੋਂ ਪਿਆਰੀ ਬਹੁਤ ਸਾਰੀ
ਮਹਾਰਾਜ ਦੀ ਜੇਹੜੀ ਅਮਾਨ ਯਾਰੋ।
ਜੀਂਦੇ ਜੀ ਮੈਂ ਕਿਸ ਤਰ੍ਹਾਂ ਹੱਥ ਵਿਚੋਂ
ਹੁਣ ਦਿਆਂ ਪਸ਼ੌਰ ਨੂੰ ਜਾਣ ਯਾਰੋ।
ਕਾਦਰਯਾਰ ਹੈ ਅਸਾਂ ਮੈਦਾਨ ਲੈਣਾ
ਜਾਂ ਕਿ ਮੱਲਣਾ ਅਸਾਂ ਗੋਰਸਤਾਨ ਯਾਰੋ ॥੧੨॥

ਜੇ ਜ਼ੋਰ ਪਠਾਣਾਂ ਦਾ ਬਹੁਤ ਦਿੱਸੇ
ਸਾਨੂੰ ਘੱਤ ਖਲੋਣਗੇ ਜਦੋਂ ਘੇਰਾ।
ਦਾਣਾ ਪਾਣੀ ਨਿਖੁੱਟਸੀ ਕਿਲੇ ਵਿੱਚੋਂ
ਸਾਨੂੰ ਘੱਲਸੀ ਫੇਰ ਇਮਦਾਦ ਕੇਹੜਾ।
ਕੁਲ ਚੀਜ਼ ਨੂੰ ਕਿਲੇ ਵਿਚ ਜਮ੍ਹਾ ਕਰ ਕੇ
ਸਾਰਾ ਫਾਲਤੂ ਹੈ ਅਸਬਾਬ ਜੇਹੜਾ।
ਕਾਦਰਯਾਰ ਫਿਰ ਕਿਲੇ ਤੋਂ ਬਾਹਰ ਆ ਕੇ
ਸਰਵਣ ਪਾਰ ਹੋ ਕੇ ਕਰ ਚੱਲ ਡੇਰਾ ।।੧੩।।

ਸੀਨ ਸਿਖ ਸਰਦਾਰ ਤਿਆਰ ਹੋ ਕੇ
ਲੱਗੇ ਨਿਕਲਣੇ ਕਿਲੇ ਤੋਂ ਬਾਹਰ ਯਾਰੋ।
ਮੂੰਹੋਂ ਸਤਿ ਕਰਤਾਰ ਦਾ ਨਾਮ ਲੈ ਕੇ
ਬੱਧੀ ਵਿਚ ਮੈਦਾਨ ਕਤਾਰ ਯਾਰੋ।
ਕੁਲ ਚਾਰ ਤੋਪਾਂ ਸਿੱਖਾਂ ਪਾਸ ਆਹੀਆਂ
ਸਿਰਫ ਬਾਰਾਂ ਹਜ਼ਾਰ ਅਸਵਾਰ ਯਾਰੋ।
ਕਾਦਰਯਾਰ ਇਕ ਪੜਤਲ ਸੀ ਪੈਦਲਾਂ ਦੀ
ਹਰੀ ਸਿੰਘ ਦੇ ਪਾਸ ਸਰਦਾਰ ਯਾਰੋ ।।੧੪।।

ਸ਼ੀਨ ਸ਼ੁਰੂ ਪਠਾਣਾਂ ਦੀ ਹੋਈ ਆਮਦ
ਵਾਂਗ ਕੀੜੀਆਂ ਦੇ ਬੇ-ਸ਼ੁਮਾਰ ਮੀਆਂ।
ਨੇੜੇ ਆਣ ਕੇ ਮੋਰਚੇ ਬੰਨ੍ਹ ਲੈਂਦੇ
ਜਿਥੇ ਖਲ੍ਹਾ ਸੀ ਸਿੰਘ ਸਰਦਾਰ ਮੀਆਂ।
ਚਾਰੇ ਪਾਸੇ ਪਠਾਣਾਂ ਨੇ ਆਣ ਮੱਲੇ
ਸਾਰੇ ਸਿੱਖ ਖਲ੍ਹੇ ਵਿਚਕਾਰ ਮੀਆਂ।
ਕਾਦਰਯਾਰ ਕਰਤਾਰ ਹੁਣ ਲਾਜ ਰਖਸੀ
ਸਿੱਖ ਸੌ ਅਫ਼ਗਾਨ ਹਜ਼ਾਰ ਮੀਆਂ ।।੧੫।।

ਸੁਆਦ ਸਾਫ਼ ਮੈਦਾਨ ਕਲਾਨ ਸਾਰਾ
ਹੋਇਆ ਗਾਜ਼ੀਆਂ ਨਾਲ ਭਰਪੂਰ ਯਾਰੋ।

ਨਾਅਰਾ ਅੱਲਾ-ਹੂ-ਅਕਬਰ ਦਾ ਮਾਰ ਆਖਣ
ਅਸਾਂ ਸਿੱਖਾਂ ਨੂੰ ਕਰਨਾ ਹੈ ਚੂਰ ਯਾਰੋ।
ਹਰੀ ਸਿੰਘ ਆਖੇ ਮੱਦਦ ਨਹੀਂ ਨੇੜੇ
ਅਤੇ ਸ਼ਹਿਰ ਲਹੌਰ ਹੈ ਦੂਰ ਯਾਰੋ।
ਕਾਦਰਯਾਰ ਤੁਸੀਂ ਲੜੋ, ਡਰੋ ਨਾਹੀਂ
ਇਕ ਦਿਨ ਸਾਰਿਆਂ ਮਰਨਾ ਜ਼ਰੂਰ ਯਾਰੋ ।।੧੬।।

ਜ਼ੁਆਦ ਜ਼ਰੂਰ ਸਰਦਾਰ ਤਿਆਰ ਹੋਇਆ
ਲੱਕ ਬੰਨ੍ਹ ਕੇ ਤੇਜ਼ ਤਲਵਾਰ ਯਾਰੋ।
ਮੂਹੋਂ ਸਤਿ ਕਰਤਾਰ ਦਾ ਨਾਮ ਲੈ ਕੇ
ਚੰਬੇ ਘੋੜੇ ਤੇ ਹੋਇਆ ਅਸਵਾਰ ਯਾਰੋ।
ਅੱਗੇ ਸਭਨਾਂ ਤੋਂ ਹੋ ਅਸਵਾਰ ਖਲ੍ਹਾ
ਪਿਛੇ ਬੱਧੀ ਸਵਾਰਾਂ ਕਤਾਰ ਯਾਰੋ।
ਕਾਦਰਯਾਰ ਤਾਂ ਘੋੜੇ ਨੂੰ ਮਾਰ ਅੱਡੀ
ਆਇਆ ਸੂਰਮਾ ਸਿੰਘ ਲਲਕਾਰ ਯਾਰੋ ।।੧੭।।

ਤੋਇ ਤਰਫ ਦੁਰਾਨੀਆਂ ਚਲ ਆਏ
ਜਿਵੇਂ ਭੇਡਾਂ ਦੇ ਵਲ ਬਘਿਆੜ ਮੀਆਂ।
ਨਾਲ ਬਰਛਿਆਂ ਪੇਟ ਮੈਦਾਨ ਉਤੇ
ਦਿੱਤੇ ਸੈਆਂ ਪਠਾਣ ਦੇ ਪਾੜ ਮੀਆਂ।
ਜਿਥੇ ਪੈਣ ਪਠਾਣਾਂ ਨਾ ਰਹਿਣ ਕਾਇਮ
ਹੋਵੇ ਸੁੰਮਣ ਸਮਾਧਾਂ ਉਜਾੜ ਮੀਆਂ।
ਕਾਦਰਯਾਰ ਇਕ ਆਣ ਵਿਚ ਮੁਰਦਿਆਂ ਦਾ
ਲੱਗਾ ਵਿੱਚ ਮੈਦਾਨ ਪਹਾੜ ਮੀਆਂ ।।੧੮।।

ਜ਼ੋਇ ਜ਼ਾਹਰਾ ਰਹੇ ਨਾਂ ਜ਼ਰਾ ਕਾਇਮ
ਐਸਾ ਸਿੱਖ ਪਠਾਣਾਂ ਨੂੰ ਡੰਗਿਆ ਜੀ।
ਹਰੀ ਸਿੰਘ ਸਰਦਾਰ ਤਲਵਾਰ ਫੜ ਕੇ
ਮੂੰਹ ਸੈਆਂ ਪਠਾਣਾਂ ਦਾ ਰੰਗਿਆ ਜੀ।

ਅਫ਼ਜ਼ਲ ਖਾਨ ਪਠਾਣ ਦਲੇਰ ਯਾਰੋ
ਮੂੰਹ ਫੇਰ ਕੇ ਲੜਨ ਤੋਂ ਸੰਗਿਆ ਜੀ।
ਕਾਦਰਯਾਰ ਉਹ ਛੱਡ ਮੈਦਾਨ ਗਿਆ
ਦੱਰਾ ਜਾ ਖੈਬਰ ਵਾਲਾ ਲੰਘਿਆ ਜੀ ॥੧੯॥

ਐਨ ਅਲੀ ਅਕਬਰ ਇਕ ਪਠਾਣ ਨਾਮੀ
ਕਾਇਮ ਰਿਹਾ ਹੁਣ ਵਿੱਚ ਮੈਦਾਨ ਯਾਰੋ।
ਜਿਹਦੀ ਤਾਬਿਆ ਵਿੱਚ ਮੌਜੂਦ ਖਲ੍ਹਾ
ਪੂਰਾ ਅੱਸੀ ਹਜ਼ਾਰ ਅਫਗਾਨ ਯਾਰੋ।
ਹਰੀ ਸਿੰਘ ਨੂੰ ਉਸ ਨਾ ਕਦੀ ਡਿੱਠਾ
ਰੱਖੇ ਦਿਲ ਦੇ ਵਿਚ ਅਰਮਾਨ ਯਾਰੋ।
ਕਾਦਰਯਾਰ ਆਖੇ ਜੇ ਕਰ ਮਿਲੇ ਮੈਨੂੰ
ਤੇਗਾਂ ਮਾਰ ਕੱਢਾਂ ਉਹ ਦੀ ਜਾਨ ਯਾਰੋ ॥੨੦॥

ਗ਼ੈਨ ਗੁੱਸਾ ਪਠਾਣਾਂ ਨੇ ਬਹੁਤ ਖਾਧਾ
ਐਪਰ ਪੇਸ਼ ਨਾ ਜਾਂਵਦੀ ਕਾਈ ਮੀਆਂ।
ਹਰੀ ਸਿੰਘ ਦਲੇਰ ਜੁਆਨ ਦੀ ਜੀ
ਫਿਰੀ ਵਿਚ ਜਹਾਨ ਦੁਹਾਈ ਮੀਆਂ
ਪਕੜ ਤੇਗ ਨੰਗੀ ਚੰਗੀ ਸ਼ਕਲ ਵਾਲਾ
ਐਸਾ ਡਿੱਠਾ ਨਾ ਜੰਗੀ ਸਿਪਾਹੀ ਮੀਆਂ।
ਕਾਦਰਯਾਰ ਹਰੀ ਸਿੰਘ ਸੂਰਮੇ ਨੇ
ਅੱਜ ਕੀਤੀ ਏ ਵੱਡੀ ਕਮਾਈ ਮੀਆਂ ॥੨੧॥

ਫੇ ਫੌਜ ਪਠਾਣਾਂ ਦੀ ਦੂਸਰੀ ਵਿੱਚ
ਹਰੀ ਸਿੰਘ ਹੁਣ ਘੋੜਾ ਦੂੜਾ ਵੜਦਾ।
ਵਾਹ ਅਸਵਾਰ ਤੇ ਖ਼ੂਬ ਘੋੜਾ
ਦਿਸੇ ਜ਼ਿਮੀ ਤੇ ਮੂਲ ਨਾ ਪੈਰ ਧਰਦਾ।
ਹਿੰਮਤ ਹਾਰ ਅਫ਼ਗਾਨ ਫਰਾਰ ਹੁੰਦੇ
ਨੇੜੇ ਆਣ ਕੇ ਕੋਈ ਨਾ ਮੂਲ ਲੜਦਾ।

ਕਾਦਰਯਾਰ ਜੋ ਆਂਵਦਾ ਪਾਸ ਉਸ ਦੇ
ਨਾਲ ਧਾਰ ਤਲਵਾਰ ਦੇ ਪਾਰ ਕਰਦਾ ।।੨੨।।

ਕਾਫ ਕੰਬ ਗਿਆ ਯਾਰੋ ਅਲੀ ਅਕਬਰ
ਹਰੀ ਸਿੰਘ ਜਾਂ ਧੂਹ ਤਲਵਾਰ ਆਇਆ।
ਜਲਵਾ ਮੂਲ ਨਾ ਝੱਲਿਆ ਜਾਏ ਉਹਦਾ
ਵਾਂਗ ਸ਼ੇਰ ਦੇ ਮਾਰ ਲਲਕਾਰ ਆਇਆ।
ਹੱਥ ਪਕੜ ਤਲਵਾਰ ਸਰਦਾਰ ਦੂਲਾ
ਅੱਗੇ ਸੈਆਂ ਪਠਾਣਾਂ ਨੂੰ ਮਾਰ ਆਇਆ।
ਕਾਦਰਯਾਰ ਹੁਸ਼ਿਆਰ ਹੋ ਅਲੀ ਅਕਬਰ
ਹਰੀ ਸਿੰਘ ਹੁਣ ਬਾਂਹ ਉਲਾਰ ਆਇਆ ।।੨੩।।

ਗਾਫ ਗਈ ਨਾ ਪੇਸ਼ ਅਲੀ ਅਕਬਰੇ ਦੀ
ਚੇਹਰਾ ਖੌਫ ਥੀਂ ਹੋਇਆ ਸੂ ਫੂਕ ਯਾਰੋ।
ਜੇਹੜਾ ਦਿਸਦਾ ਸੀ ਦੂਰੋਂ ਸਰੂ ਵਾਂਗੂੰ
ਡਿੱਠਾ ਨੇੜਿਉਂ ਫਸਲ ਦੀ ਭੂਕ ਯਾਰੋ।
ਸੁਰਤ ਰਹੀ ਨਾ ਤੇਗ ਨਿਕਾਲਣੇ ਦੀ
ਤੁਰਤ ਸੇਧੀ ਸੂ ਚਾ ਬੰਦੂਕ ਯਾਰੋ।
ਕਾਦਰਯਾਰ ਜਾਂ ਵੇਖਿਆ ਸਿੰਘ ਦੂਲੇ.
ਉੱਚੀ ਆਖਦਾ ਮਾਰ ਕੇ ਕੂਕ ਯਾਰੋ ।।੨੪।।

ਲਾਮ ਲੱਗਸੀ ਲੀਕ ਤਹਿਕੀਕ ਤੈਨੂੰ
ਤੇ ਬਹਾਦਰੀ ਦਾ ਮਿਟ ਨਿਸ਼ਾਨ ਜਾਸੀ।
ਅਲੀ ਅਕਬਰਾ! ਮਾਰ ਨਾ ਤੁਪਕ ਮੈਨੂੰ
ਰੋਜ਼ ਹਸ਼ਰ ਤੀਕਣ ਅਰਮਾਨ ਜਾਸੀ।
ਹੱਥ ਪਕੜ ਤਲਵਾਰ ਹੁਸ਼ਿਆਰ ਹੋ ਕੇ
ਲੜੇਂ ਅੱਜ ਕੁਰਬਾਨ ਜਹਾਨ ਜਾਸੀ।
ਕਾਦਰਯਾਰ ਜਦ ਮਰੇਂਗਾ ਸੰਗ ਤੇਰੇ
ਕੋਈ ਸ਼ੈ ਨਾ ਬਾਝੁ ਈਮਾਨ ਜਾਸੀ ।।੨੫।।

ਮੀਮ ਮੂਹੋਂ ਨਾ ਕੁਝ ਜਵਾਬ ਦਿੱਤਾ
ਅਲੀ ਅਕਬਰ ਬੰਦੂਕ ਚਲਾਈ ਏ ਜੀ।
ਤੁਪਕ ਕੜਕਦੀ ਏ ਵਾਂਗ ਬਿਜਲੀ ਦੇ
ਗੋਲੀ ਵਾਂਗ ਕਜ਼ਾ ਦੇ ਆਈ ਏ ਜੀ।
ਲੱਗੀ ਪੇਟ ਵਿਚਕਾਰ ਦੋਸਾਰ ਹੋ ਗਈ
ਨਦੀ ਲਹੂ ਦੀ ਬਾਹਰ ਵਗ ਆਈ ਏ ਜੀ।
ਕਾਦਰਯਾਰ ਤਾਂ ਪਿਛਾਂਹ ਨੂੰ ਮੋੜ ਘੋੜਾ
ਹਰੀ ਸਿੰਘ ਦੂਲੇ ਅੱਡੀ ਲਾਈ ਏ ਜੀ ।।੨੬।।

ਨੂੰਨ ਨਿਕਲ ਚਲ ਘੋੜਿਆ! ਕਿਲੇ ਦੀ ਵਲ
ਅਸਾਂ ਪਾਵਣਾਂ ਨਹੀਂ ਦੂਜੀ ਵਾਰ ਫੇਰਾ।
ਗੋਲੀ ਲੱਗੀ ਏ ਕਹਿਰ ਕਲੂਰ ਵਾਲੀ
ਘਾਇਲ ਹੋਇਆ ਏ ਅੱਜ ਅਸਵਾਰ ਤੇਰਾ।
ਮੇਰੇ ਬਾਂਕਿਆ ਛੈਲ ਛਬੀਲਿਆ ਓ
ਹੈਂ ਤੂੰ ਸੈਂਆਂ ਮੈਦਾਨਾਂ ਦਾ ਯਾਰ ਮੇਰਾ।
ਕਾਦਰਯਾਰ ਜੇ ਲੈ ਚਲੇਂ ਅੱਜ ਡੇਰੇ
ਤੇਰਾ ਕਦੀ ਨਾ ਭੁੱਲਸੀ ਪਿਆਰ ਸ਼ੇਰਾ ।।੨੭।।
ਵਾਉ ਵਗਿਆ ਵਾ ਦੇ ਵਾਂਗ ਘੋੜਾ
ਜਿਵੇਂ ਨਿਕਲਦਾ ਤੀਰ ਕਮਾਨ ਵਿਚੋਂ।
ਮਾਰ ਚੁੰਗੀਆਂ ਹਰਨ ਦੇ ਵਾਂਗ ਯਾਰੇ
ਉੱਡ ਗਿਆ ਸੀ ਉਸ ਮੈਦਾਨ ਵਿਚੋਂ।
ਫੌਜਾਂ ਸਿੱਖਾਂ ਦੀਆਂ ਵਿਚੋਂ ਗੁਜ਼ਰ ਗਿਆ
ਲੰਘ ਗਿਆ ਸੀ ਲਸ਼ਕਰ ਪਠਾਣ ਵਿਚੋਂ
ਕਾਦਰਯਾਰ ਹਠ ਨਾਲ ਸਰਦਾਰ ਬੈਠਾ
ਐਪਰ ਨਿਕਲਦੀ ਪਈ ਸੀ ਜਾਨ ਵਿਚੋਂ ।।੨੮।।

ਹੇ ਹੱਥ ਦੀ ਹੱਥਾਂ ਦੇ ਵਿਚ ਰਹੀਆਂ
ਡਿੱਠਾ ਨੌਕਰਾਂ ਜਦੋਂ ਸਰਦਾਰ ਯਾਰੇ।

ਸਿਰ ਪੈਰ ਤੀਕਣ ਡੁੱਬਾ ਖੂਨ ਦੇ ਵਿਚ
ਸਾਵਣ ਮਾਹ ਦੀ ਜਿਵੇਂ ਫੁਆਰ ਯਾਰੋ।
ਆਖੇ ਨਾਲ ਇਸ਼ਾਰਤਾਂ ਲਾਹੋ ਮੈਨੂੰ
ਤਾਕਤ ਰਹੀ ਨਾ ਵਿਚ ਗੁਫ਼ਤਾਰ ਯਾਰੋ।
ਕਾਦਰਯਾਰ ਹੈ ਗੋਲੀ ਨੇ ਘਾਉ ਕੀਤਾ
ਹੈ ਇਹ ਆਖ਼ਰੀ ਵਕਤ ਦੀਦਾਰ ਯਾਰੋ ॥੨੯॥

ਯੇ ਯਾਦ ਕਰਕੇ ਰੱਬ ਆਪਣੇ ਨੂੰ
ਹਰੀ ਸਿੰਘ ਨੂੰ ਘੋੜੇ ਤੋਂ ਲਾਹਿਓ ਨੇ।
ਬੰਨ੍ਹ ਪੱਟੀਆਂ ਜ਼ਖ਼ਮ ਨੂੰ ਸਾਫ ਕਰ ਕੇ
ਤੁਰਤ ਪਲੰਘ ਤੇ ਚਾ ਲਿਟਾਇਓ ਨੇ।
ਫੁਰਤੀ ਨਾਲ ਬੁਲਾ ਹੱਜਾਮ ਤਾਈਂ
ਫੱਟ ਪੱਟ ਦੇ ਨਾਲ ਸਿਵਾਇਓ ਨੇ।
ਕਾਦਰਯਾਰ ਪਰ ਖ਼ੂਨ ਨਹੀਂ ਬੰਦ ਹੁੰਦਾ
ਫਿਕਰ ਲੱਖ ਹਜ਼ਾਰ ਦੁੜਾਇਓ ਨੇ ॥੩੦॥੩॥

ਸੀ-ਹਰਫੀ ਚਹਾਰਮ

ਅਲਫ ਆਖਦਾ ਹਰੀ ਸਿੰਘ ਸੁਣੋ ਯਾਰੋ
ਮੇਰੀ ਗੱਲ ਦੇ ਵਲ ਧਿਆਨ ਕਰਨਾ।
ਬੰਦਾ ਕੌਣ ਜੋ ਕਰੇ ਤਦਬੀਰ ਕੋਈ
ਕੰਮ ਸੋ ਜੋ ਹੈ ਭਗਵਾਨ ਕਰਨਾ।
ਮੈਨੂੰ ਮੌਤ ਦਾ ਖੌਫ ਨਾ ਜ਼ਰਾ ਯਾਰੋ
ਬਾਦਸ਼ਾਹ ਗਦਾ ਹੈ ਸਭ ਮਰਨਾ।
ਕਾਦਰਯਾਰ ਰੱਖੋ ਤੁਸੀਂ ਗੱਲ ਮੋਹਕਮ
ਜੇਹੜੀ ਗੱਲ ਮੈਂ ਹੁਣ ਬਿਆਨ ਕਰਨਾ ॥੧॥

ਬੇ ਬਹੁਤ ਹੁਸ਼ਿਆਰੀ ਦਰਕਾਰ ਹੈ ਜੀ
ਮਖ਼ਫ਼ੀ ਰਖਣਾ ਮੌਤ ਦਾ ਰਾਜ਼ ਯਾਰੋ। ਗੁਪਤ
ਮੇਰੀ ਮੌਤ ਦਾ ਜ਼ਿਕਰ ਨਾ ਮੂਲ ਕਰਨਾ

ਇਸ ਵਿੱਚ ਨੁਕਸਾਨ ਦਰਾਜ਼ ਯਾਰੋ।
ਜੇ ਕਰ ਹੋਇਆ ਮਾਲੂਮ ਦੁੱਰਾਨੀਆਂ ਨੂੰ
ਮੇਰਾ ਰੂਹ ਕਰ ਗਿਆ ਪਰਵਾਜ਼ ਯਾਰੋ।
ਕਾਦਰਯਾਰ ਸਰਕਾਰ ਦੇ ਔਦਿਆਂ ਨੂੰ
ਤੜਕ ਛੋੜਸਨ ਵਾਂਗ ਪਿਆਜ਼ ਯਾਰੋ ।।੨।।

ਪੇ ਪੱਕ ਪਕਾ ਸਲਾਹ ਕਰ ਕੇ
ਜਦੋਂ ਨਿਕਲ ਜਾਵੇ ਮੇਰਾ ਦਮ ਯਾਰੋ।
ਚਾ ਭੋਇਉਂ ਮੰਜੀ ਉੱਤੇ ਪਾ ਦੇਣਾ
ਅਤੇ ਕੱਜ ਦੇਣਾ ਮੇਰਾ ਚੰਮ ਯਾਰੋ।
ਮੂੰਹੋਂ ਕਹਿਣਾ ਸਰਦਾਰ ਬੀਮਾਰ ਹੋਇਆ
ਬਹੁਤ ਜ਼ੋਰ ਪਾਇਆ ਬਲਗਮ ਯਾਰੋ।
ਕਾਦਰਯਾਰ ਨਾ ਗ਼ਮ ਨੂੰ ਜ਼ਾਹਰ ਕਰਨਾ
ਨਹੀਂ ਤੇ ਕੰਮ ਹੋ ਜਾਵਸੀ ਥੰਮ ਯਾਰੋ ।।੩।।
ਤੇ ਤਾਬ ਨਾ ਰਹੀ ਵਿਚ ਬੋਲਣੇ ਦੀ
ਹੋਇਆ ਬਹੁਤ ਲਾਚਾਰ ਸਰਦਾਰ ਸਾਈਂ।
ਰੱਤ ਰਹੀ ਨਾ ਬਦਨ ਦੇ ਵਿਚ ਰੱਤੀ
ਰੰਗ ਹੋਇਆ ਸੁ ਵਾਂਗ ਵਸਾਰ ਸਾਈਂ।
ਮੂੰਹੋਂ ਵਾਹਿਗੁਰੂ ਦਾ ਨਾਮ ਲੈ ਆਖੇ
ਹਾਂ ਮੈਂ ਬਹੁਤ ਪਾਪੀ ਗੁਨਾਹਗਾਰ ਸਾਈਂ।
ਕਾਦਰਯਾਰ ਮੋਇਆ ਹਰੀ ਸਿੰਘ ਦੂਲਾ
ਜਿਵੇਂ ਹੁਕਮ ਸੀ ਆਪ ਕਰਤਾਰ ਸਾਈਂ ।।੪।।

ਟੇ ਟਲੇ ਨ ਤੀਰ ਤਕਦੀਰ ਦਾ ਜੀ
ਗਿਆ ਸੁਖਨ ਨਾ ਆਵੇ ਜ਼ਬਾਨ ਵਿਚੋਂ।
ਗਿਆ ਹੁਸਨ ਜਵਾਨੀ ਨਾ ਫੇਰ ਆਵੇ
ਮੋਇਆ ਮੁਰਦਾ ਨਾ ਆਵੇ ਗੋਰਸਤਾਨ ਵਿਚੋਂ
ਗੀਦੀ ਕਦੀ ਨਾ ਰਣ ਵਿਚ ਪੈਰ ਪਾਵੇ

ਗਾਜ਼ੀ ਮਰਦ ਨਾ ਮੁੜਦਾ ਮੈਦਾਨ ਵਿਚੋਂ।
ਕਾਦਰਯਾਰ ਮੀਆਂ ਦੱਸ ਮਰਦ ਕਿਹੜਾ
ਰਵਾਂ ਹੋਇਆ ਨਹੀਂ ਜਿਹੜਾ ਜਹਾਨ ਵਿਚੋਂ ।।੫।।

ਸੇ ਸਾਬਤੀ ਦੇ ਨਾਲ ਵਿਚ ਗੋਸ਼ੇ
ਹਰੀ ਸਿੰਘ ਦੀ ਲਾਸ਼ ਟਿਕਾਣ ਬੇਲੀ।
ਕੋਲ ਮੂਲ ਨਾ ਕਿਸੇ ਨੂੰ ਬਹਿਣ ਦਿੰਦੇ
ਕਹਿਣ ਸਿੰਘ ਦਾ ਖ਼ਾਸ ਫ਼ੁਰਮਾਨ ਬੇਲੀ।
ਨਾਲ ਨਿਆਮਤਾਂ ਥਾਲ ਭਰਪੂਰ ਕਰਕੇ
ਜਿਉਂ ਦਸਤੂਰ ਸੀ ਪਾਸ ਲਿਜਾਣ ਬੇਲੀ।
ਕਾਦਰਯਾਰ ਫਿਰ ਖਾ ਕੇ ਆਪ ਖਾਣਾ
ਬਾਲ ਸੱਖਣਾ ਬਾਹਰ ਭੁਆਣ ਬੇਲੀ ।।੬।।

ਜੀਮ ਜਮ੍ਹਾ ਹੋ ਕੇ ਰਾਜ਼ਦਾਰ ਸਾਰੇ
ਖ਼ਤ ਤਰਫ਼ ਸਰਕਾਰ ਦੇ ਪਾਂਵਦੇ ਜੀ।
ਪਹਿਲੋਂ ਅਦਬ ਅਦਾਬ ਨਿਆਜ਼ ਯਾਰੋ
ਫਤਿਹ ਵਾਹਿਗੁਰੂ ਜੀ ਦੀ ਬੁਲਾਂਵਦੇ ਜੀ।
ਫੇਰ ਆਖਦੇ ਭੱਜੀ ਆ ਬਾਂਹ ਤੇਰੀ
ਅਸੀਂ ਲਿਖਦਿਆਂ ਪਏ ਸ਼ਰਮਾਂਵਦੇ ਜੀ।
ਕਾਦਰਯਾਰ ਮੋਇਆ ਹਰੀ ਸਿੰਘ ਦੂਲਾ
ਸਾਡੇ ਜੀ ਡੁਬ ਡੁਬ ਗੋਤੇ ਖਾਂਵਦੇ ਜੀ ।।੭।।

ਚੇ ਚੱਲਦੀ ਨਹੀਂ ਭਾਵੇਂ ਪੇਸ਼ ਸਾਡੀ
ਡਟੀ ਹੋਈ ਹੈ ਫੇਰ ਭੀ ਫੌਜ ਸਾਰੀ।
ਚਾਰੋਂ ਤਰਫ ਪਠਾਣਾਂ ਨੇ ਪਾਇਆ ਘੇਰਾ
ਮਾਰਨ ਵਿੱਚ ਸੀਨੇ ਕੱਸ ਤੀਰ ਕਾਰੀ।
ਅਸਾਂ ਮੌਤ ਦਾ ਭੇਤ ਨਹੀਂ ਜ਼ਾਹਰ ਕੀਤਾ
ਸਾਨੂੰ ਲਗਦੀ ਪਈ ਨਹੀਂ ਜਾਨ ਪਿਆਰੀ।
ਕਾਦਰਯਾਰ ਸ਼ਿਤਾਬ ਦੇ ਨਾਲ ਪਹੁੰਚੋ

ਨਹੀਂ ਤੇ ਕਤਲ ਹੋ ਜਾਵਸੀ ਫੌਜ ਸਾਰੀ ॥੮॥

ਹੇ ਹਾਲ ਬੇਹਾਲ ਹੋ ਗਿਆ ਸਾਡਾ
ਹਰੀ ਸਿੰਘ ਮੋਇਆ ਇਕ ਬਾਤ ਹੈ ਜੀ।
ਦਾਣਾ ਪਾਣੀ ਨਖੁੱਟਿਆ ਕਿਲ੍ਹੇ ਵਿਚੋਂ
ਇਹ ਦੂਸਰੀ ਸਖਤ ਆਫ਼ਾਤ ਹੈ ਜੀ।
ਸਾਰੇ ਜੱਗ ਦੇ ਵਿਚ ਇਕਬਾਲ ਤੇਰਾ
ਸੁਣਿਆ ਵਿਚ ਤੇਰੇ ਕਰਾਮਾਤ ਹੈ ਜੀ।
ਕਾਦਰਯਾਰ ਇਮਦਾਦ ਦਾ ਹੁਣ ਵੇਲਾ
ਸਿਰੋਂ ਪਿੱਛੇ ਤਾਂ ਕਾਲੀ ਰਾਤ ਹੈ ਜੀ ॥੯॥

ਸ਼ੇ ਖ਼ੂਬ ਤਰ੍ਹਾਂ ਖ਼ਤ ਬੰਦ ਕਰ ਕੇ
ਦਿੱਤਾ ਕਾਸਦ ਨੂੰ ਨਾਲ ਪੈਗ਼ਾਮ ਮੀਆਂ।
ਤੁਰਤ ਹੋ ਅਸਵਾਰ ਇੱਕ ਅਸਪ ਉੱਤੇ
ਗਿਆ ਤਰਫ ਲਾਹੌਰ ਗੁਲਾਮ ਮੀਆਂ।
ਆਖਣ ਰਾਹ ਵਿੱਚ ਬਹਿਣਾ ਹਰਾਮ ਤੈਨੂੰ
ਕਿਸੇ ਨਾਲ ਨ ਕਰਨੀ ਕਲਾਮ ਮੀਆਂ।
ਕਾਦਰਯਾਰ ਸਰਕਾਰ ਨੂੰ ਖ਼ਤ ਦੇਣਾ
ਪਾਸੋਂ ਬੇ-ਸ਼ੁਮਾਰ ਇਨਾਮ ਮੀਆਂ ॥੧੦॥

ਦਾਲ ਦੱਬ ਕੇ ਅੱਡੀ ਲਗਾਈ ਕ਼ਾਸਦ
ਪਿੱਛੇ ਪਾਈ ਪਠਾਣਾਂ ਵਹੀਰ ਯਾਰੋ।
ਚੁੰਗੀ ਮਾਰ ਪਿਆ ਘੋੜਾ ਸ਼ਹੁ ਦੇ ਵਿਚ
ਗਿਆ ਅਟਕ ਦਰਿਆ ਨੂੰ ਚੀਰ ਯਾਰੋ।
ਕੰਢੇ ਹੋ ਹੈਰਾਨ ਪਠਾਣ ਖਲ੍ਹੇ
ਚੱਲੇ ਪੇਸ਼ ਨਾ ਨਾਲ ਤਕਦੀਰ ਯਾਰੋ।
ਕਾਦਰਯਾਰ ਦੁੱਰਾਨੀਆਂ ਵੇਖ ਕਿਹਾ
ਘੋੜਾ ਅਸਲ ਸ਼ੈਤਾਨ ਦਾ ਪੀਰ ਯਾਰੋ ॥੧੧॥

ਜ਼ਾਲ ਜ਼ਰਾ ਨਾ ਠਹਿਰਿਆ ਰਾਹ ਦੇ ਵਿਚ
ਰੋਕੀ ਮੂਲ ਨਾ ਕਾਸਦ ਲਗਾਮ ਮੀਆਂ।
ਹੈ ਸੀ ਬਹੁੰਤ ਹੁਸ਼ਿਆਰ ਤੱਰਾਰ ਘੋੜਾ
ਗਿਆ ਦੌੜਦਾ ਉਹ ਸੁਬਾਹ ਸ਼ਾਮ ਮੀਆਂ।
ਦਿਨ ਰਾਤ ਦੁਪਹਿਰ ਨੂੰ ਗਿਆ ਟੁਰਦਾ
ਘੜੀ ਪਲਕ ਨਾ ਕੀਤਾ ਆਰਾਮ ਮੀਆਂ।
ਕਾਦਰਯਾਰ ਲੰਘ ਜੇਹਲਮੋਂ ਪਾਰ ਹੋਇਆ
ਕੀਤਾ ਵਿਚ ਗੁਜਰਾਤ ਮੁਕਾਮ ਮੀਆਂ ॥੧੨॥

ਰੌ ਰੌਣਕ ਗੁਜਰਾਤ ਦੀ ਸੁਣੋ ਯਾਰੋ
ਉਥੋਂ ਲੱਥੀ ਸੀ ਆਪ ਸਰਕਾਰ ਸਾਈਂ।
ਤੰਬੂ ਖ਼ੈਮੇ ਕਨਾਤਾਂ ਨੇ ਮੌਜ ਲਾਈ
ਝੰਡੇ ਝੂਲਦੇ ਅਜਬ ਬਹਾਰ ਸਾਈਂ।
ਹਾਥੀ ਨਾਲ ਅੰਬਾਰੀਆਂ ਮਸਤ ਲਟਕਣ
ਹੋਰ ਪੜਤਲਾਂ ਕਈ ਹਜ਼ਾਰ ਸਾਈਂ।
ਕਾਦਰਯਾਰ ਕੀ ਸਿਫਤ ਮੁਸਾਹਿਬਾਂ ਦੀ
ਸੋਹਣਾ ਇਕ ਥੀਂ ਇਕ ਸਰਦਾਰ ਸਾਈਂ ॥੧੩॥

ਜ਼ੇ ਜ਼ਰਦ ਜ਼ਰਬਾਫ਼ਤੇ ਸ਼ਾਮਿਆਨੇ
ਲਟਕਣ ਮੋਤੀਆਂ ਦੇ ਨਾਲ ਹਾਰ ਯਾਰੋ।
ਘੋੜੇ ਅਜਬ ਸ਼ਾਹ-ਜ਼ੋਰ ਖ਼ਮਦਾਰ ਗਰਦਨ
ਟੁਰਦੇ ਮੋਰ ਰਫ਼ਤਾਰ ਬਾਜ਼ਾਰ ਯਾਰੋ।
ਚਮਕਣ ਕਾਠੀਆਂ ਹੀਰਿਆਂ ਨਾਲ ਜੜੀਆਂ
ਫੁੱਲ ਖਿੜੇ ਜਿਉਂ ਵਿਚ ਗੁਲਜ਼ਾਰ ਯਾਰੋ।
ਕਾਦਰਯਾਰ ਹੈ ਬਾਜੇ ਬਹਾਰ ਲਾਈ
ਖੜਕੇ ਢੋਲਕੀ ਤਬਲਾ ਸਿਤਾਰ ਯਾਰੋ ॥੧੪॥

ਸੀਨ ਸਿੱਖ ਅਸਵਾਰ ਤਿਆਰ ਫਿਰਦੇ
ਹੱਥ ਵਿਚ ਨੇਜ਼ੇ ਫੁੰਮਣਦਾਰ ਯਾਰੋ।

ਮੁੱਛਾਂ ਕੁੰਢੀਆਂ ਕਲਗੀਆਂ ਖ਼ੂਬਸੂਰਤ
ਸਿਰ ਤੇ ਸੁਰਖ਼ ਸਫੈਦ ਦਸਤਾਰ ਯਾਰੋ।
ਪਹਿਨ ਵਰਦੀਆਂ ਰੰਗ ਬਰੰਗੀਆਂ ਜੀ
ਕੱਸਣ ਪੇਟੀਆਂ ਓਹ ਜ਼ਰੀਦਾਰ ਯਾਰੋ।
ਕਾਦਰਯਾਰ ਤਲਵਾਰ ਦੀ ਚਮਕ ਆਵੇ
ਜਿਵੇਂ ਬਿੱਜਲੀ ਦੀ ਲਿਸ਼ਕਾਰ ਯਾਰੋ ।।੧੫।।
ਸ਼ੀਨ ਸ਼ੁਕਰ ਗੁਜ਼ਾਰ ਹਜ਼ਾਰ ਕਾਸਦ
ਵੜਿਆ ਆਣ ਹੁਣ ਵਿਚ ਦਰਬਾਰ ਹੈ ਜੀ।
ਉੱਤੇ ਚੰਨਣ ਦੀ ਚੌਂਕੀ ਤੇ ਬੈਠ ਜਿੱਥੇ
ਹੱਥ ਧੋਂਵਦੀ ਪਈ ਸਰਕਾਰ ਹੈ ਜੀ।
ਆਸ ਪਾਸ ਅਮੀਰ ਵਜ਼ੀਰ ਬੈਠੇ
ਚੱਲੇ ਨਵੀਂ ਤੋਂ ਨਵੀਂ ਗੁਫ਼ਤਾਰ ਹੈ ਜੀ।
ਕਾਦਰਯਾਰ ਆ ਕਾਸਦ ਨੇ ਖ਼ਤ ਦਿੱਤਾ
ਮੂੰਹੋਂ ਬੋਲਦਾ ਸਤਿ-ਕਰਤਾਰ ਹੈ ਜੀ ।।੧੬।।
ਸੁਆਦ ਸਿਦਕ ਦੇ ਨਾਲ ਬਤਾ ਸਾਨੂੰ
ਮੂੰਹੋਂ ਆਪ ਮਹਾਰਾਜ ਫ਼ੁਰਮਾਇਆ ਜੀ।
ਕਿਸ ਤੁਧ ਨੂੰ ਘੱਲਿਆ ਤਰਫ ਸਾਡੀ
ਕੇਹੜੀ ਥਾਂ ਮੁਕਾਮ ਤੋਂ ਆਇਆ ਜੀ।
ਸ਼ਕਲ ਸ਼ਬਾਹਤ ਹੈ ਇਹ ਜ਼ਾਹਰ ਕਰਦੀ
ਰਾਹ ਵਿੱਚ ਅਰਾਮ ਨਾ ਪਾਇਆ ਜੀ।
ਕਾਦਰਯਾਰ ਇਜ਼ਹਾਰ ਕਰ ਨਾਲ ਜਲਦੀ
ਜੇਹੜੀ ਗੱਲ ਤੇ ਰੰਗ ਵਟਾਇਆ ਜੀ ।।੧੭।।

ਜ਼ੁਆਦ ਜ਼ਰੂਰ ਹਜ਼ੂਰ ਕਸੂਰ ਮੇਰਾ
ਬਦ-ਖ਼ਬਰੇ ਦੀ ਕੱਟਣੀ ਜ਼ਬਾਨ ਚਾਹੀਏ।
ਜਿਹੜਾ ਤੀਰ ਦਾ ਚੀਰ ਨਾ ਝੱਲ ਸਕੇ
ਦਸਤ ਪਕੜਨੀ ਨਹੀਂ ਕਮਾਨ ਚਾਹੀਏ।

ਜਿਹੜੀ ਗੱਲ ਬਤੀਤ ਹੋ ਗਈ ਯਾਰੋ
ਕਰਨਾ ਉਸ ਦਾ ਨਹੀਂ ਅਰਮਾਨ ਚਾਹੀਏ।
ਕਾਦਰਯਾਰ ਖ਼ਤ ਪਾੜ ਕੇ ਆਪ ਪੜ੍ਹ ਲਉ
ਤੇ ਇਆਨ ਨੂੰ ਕੀ ਬਿਆਨ ਚਾਹੀਏ ।।੧੮।।

ਤੋਇ ਤਰਫ ਵਜ਼ੀਰ ਧਿਆਨ ਸਿੰਘ ਜੀ
ਮਹਾਰਾਜ ਹੁਣ ਖ਼ਤ ਨੂੰ ਕਰਨ ਲੱਗਾ।
ਹੱਥ ਦੇਇ ਕੇ ਆਖਦਾ ਪੜ੍ਹੋ ਇਸ ਨੂੰ
ਸਾਡਾ ਜੀ ਤਾਂ ਅੰਦਰੋਂ ਡਰਨ ਲੱਗਾ।
ਕਾਦਰ ਆਪਣੀ ਕੁਦਰਤ ਕਸੀਰ ਵਿੱਚੋਂ
ਵੇਖਾਂ ਖੇਲ ਹੁਣ ਨਵਾਂ ਕੀ ਕਰਨ ਲੱਗਾ।
ਕਾਦਰਯਾਰ ਉਤਾਰ ਕੇ ਮੋਹਰ ਜਲਦੀ
ਧਿਆਨ ਸਿੰਘ ਹੁਣ ਖ਼ਤ ਨੂੰ ਪੜ੍ਹਨ ਲੱਗਾ ।।੧੯।।

ਜ਼ੋਇ ਜ਼ਾਹਰਾ ਰੰਗ ਵਟਾਇਓ ਸੂ
ਅੰਦਰ ਦਿਲ ਦੇ ਕੀਤੀਆਂ ਸ਼ਾਦੀਆਂ ਨੀਂ।
ਦੁਸ਼ਮਣ ਜੀਹਦਾ ਹਲਾਕ ਹੋ ਖ਼ਾਕ ਰਲਿਆ
ਘਰ ਉਸ ਦੇ ਹੋਣ ਆਬਾਦੀਆਂ ਨੀਂ।
ਹਰੀ ਸਿੰਘ ਤੇ ਰਾਜੇ ਦੀ ਦੁਸ਼ਮਣੀ ਸੀ
ਆਪਸ ਵਿਚ ਤਾਂ ਬਹੁਤ ਖਰਾਬੀਆਂ ਨੀਂ।
ਕਾਦਰਯਾਰ ਧਿਆਨ ਸਿੰਘ ਖੁਸ਼ੀ ਹੋਇਆ
ਹਰੀ ਸਿੰਘ ਦੇ ਘਰ ਬਰਬਾਦੀਆਂ ਨੀਂ ।।੨੦।।
ਐਨ ਅਕਲ ਮੇਰੀ ਫਰਾਮੋਸ਼ ਹੋਈ
ਮੂੰਹੋਂ ਬੋਲਿਆ ਫੇਰ ਵਜ਼ੀਰ ਸਾਈਂ।
ਬੰਦਾ ਕੌਣ ਜੋ ਕਰੇ ਤਦਬੀਰ ਕੋਈ
ਡਾਢੀ ਰੱਬ ਦੇ ਨਾਲ ਤਕਦੀਰ ਸਾਈਂ।
ਅਲੀ ਅਕਬਰ ਦੀ ਗੋਲੀ ਹਲਾਕ ਕੀਤਾ
ਹਰੀ ਸਿੰਘ ਦਾ ਸੋਹਣਾ ਸਰੀਰ ਸਾਈਂ।

ਕਾਦਰਯਾਰ ਇਮਦਾਦ ਪਏ ਮੰਗਦੇ ਨੀਂ
ਹੈ ਇਹ ਖ਼ਤ ਦੇ ਵਿਚ ਤਹਿਰੀਰ ਸਾਈਂ ॥੨੧॥

ਗੋਨ ਗੁੱਸੇ ਦੇ ਨਾਲ ਮਹਾਰਾਜ ਯਾਰੋ
ਗੜਵਾ ਮਾਰੇ ਵਜ਼ੀਰ ਦੀ ਟੰਗ ਉੱਤੇ
ਆਖੇ ਦੂਰ ਹੋ ਜਾ ਮੇਰੀ ਅੱਖੀਆਂ ਥੀਂ
ਕੁਝ ਫਾਇਦਾ ਨਹੀਂ ਤੇਰੇ ਸੰਗ ਉੱਤੇ।
ਪਹਿਲੋਂ ਖ਼ਬਰ ਨਾ ਕੀਤੇ ਮੂਲ ਮੈਨੂੰ
ਫ਼ੌਜਾਂ ਘੱਲਦਾ ਮਦਦ ਨੂੰ ਜੰਗ ਉੱਤੇ।
ਕਾਦਰਯਾਰ ਆ ਦੱਸਿਆ ਉਸ ਵੇਲੇ
ਜਦੋਂ ਸੱਟ ਆ ਪਈ ਏ ਰੰਗ ਉੱਤੇ ॥੨੨॥

ਫੇ ਫ਼ੌਜ ਨੂੰ ਹੁਕਮ ਸਰਕਾਰ ਕੀਤਾ
ਬੰਨ੍ਹੋ ਬਿਸਤਰੇ ਤੇ ਕਰੋ ਤਿਆਰੀ ਯਾਰੋ।
ਅਲੀ ਅਕਬਰ ਪਠਾਣ ਨੇ ਜ਼ੋਰ ਪਾ ਕੇ
ਸਾਡੇ ਸਿਰ ਤੇ ਚਾੜ੍ਹੀ ਏ ਵਾਰੀ ਯਾਰੋ।
ਹਰੀ ਸਿੰਘ ਦਾ ਬਦਲਾ ਚੁਆਣ ਕਾਰਣ
ਅਸਾਂ ਰੱਤ ਚਾ ਡੋਹਲਣੀ ਸਾਰੀ ਯਾਰੋ।
ਕਾਦਰਯਾਰ ਉਹ ਪਿਛਾਂ ਨੂੰ ਪਰਤ ਜਾਵੇ
ਜਿਸ ਜਾਨ ਹੈ ਰੱਖਣੀ ਪਿਆਰੀ ਯਾਰੋ ॥੨੩॥

ਕਾਫ਼ ਕੜਕ ਕੇ ਕਿਹਾ ਮਹਾਰਾਜ ਯਾਰੋ
ਮੂੰਹ ਤਰਫ ਲਾਹੌਰ ਨਾ ਕਰਾਂਗਾ ਮੈਂ।
ਸਣੇ ਹਾਥੀਆਂ ਘੋੜਿਆਂ ਤੋਪਖਾਨਾ
ਜਾ ਅਟਕ ਦਰਿਆ ਨੂੰ ਤਰਾਂਗਾ ਮੈਂ।
ਭੇੜ ਵਿਚ ਪਠਾਣਾਂ ਦੇ ਘਰ ਜਾ ਕੇ
ਅਲੀ ਅਕਬਰ ਦੇ ਨਾਲ ਚਲ ਲੜਾਂਗਾ ਮੈਂ।
ਕਾਦਰਯਾਰ ਕਤਲਾਮ ਪਠਾਣ ਕਰਸਾਂ
ਯਾ ਕਿ ਵਿਚ ਮੈਦਾਨ ਦੇ ਮਰਾਂਗਾ ਮੈਂ ॥੨੪॥

ਗਾਫ਼ ਗਿਆ ਫੁਰਮਾਨ ਕੁਲ ਫੌਜ ਅੰਦਰ
ਤੁਰਤ ਹੋਣ ਲਗ ਪਈਆਂ ਤਿਆਰੀਆਂ ਜੀ।
ਸਿੰਘ ਸੂਰਮੇ ਸ਼ੇਰ ਦਲੇਰ ਬਾਂਕੇ
ਕੱਸਣ ਘੋੜੀਆਂ ਜ਼ੀਨਾਂ ਸਵਾਰੀਆਂ ਜੀ।
ਤੋਪਖਾਨੇ ਦੀ ਚਮਕ ਦੇ ਦਮਕ ਯਾਰੋ!
ਹਾਥੀ ਝੂਲਦੇ ਨਾਲ ਅੰਬਾਰੀਆਂ ਜੀ।
ਕਾਦਰਯਾਰ ਸਰਕਾਰ ਨੇ ਕੂਚ ਕੀਤਾ
ਚੱਲੇ ਲੈਣ ਹੁਣ ਅਟਕ ਦੀਆਂ ਤਾਰੀਆਂ ਜੀ ।।੨੫।।

ਲਾਮ ਲਟਕਦੀ ਮਟਕਦੀ ਅਟਕ ਵਗਦੀ
ਜਿਵੇਂ ਬੱਦਲਾਂ ਲਾਈ ਘਨਘੋਰ ਯਾਰੋ।
ਕੰਢਾ ਪਾਰ ਦਾ ਮੂਲ ਨਾ ਨਜ਼ਰ ਆਵੇ
ਐਸਾ ਤੇਜ਼ ਦਰਿਆ ਨਾ ਹੋਰ ਯਾਰੋ।
ਲਹਿਰ ਛੱਲ ਮਾਰੇ ਕਿਸੇ ਕਹਿਰ ਦੀ ਜੀ
ਘੁੰਮਣ ਘੇਰ ਫਿਰਦੇ ਨਾਲ ਜ਼ੋਰ ਯਾਰੋ।
ਕਾਦਰਯਾਰ ਸਰਕਾਰ ਹੈ ਆਣ ਲੱਥੀ
ਉੱਤੇ ਕੰਢੇ ਦੇ ਨੇੜੇ ਪਸ਼ੌਰ ਯਾਰੋ ।।੨੬।।

ਮੀਮ ਮੰਗ ਦੁਆ ਖ਼ੁਦਾਇ ਕੋਲੋਂ
ਮਹਾਰਾਜ ਨੇ ਝੰਡੇ ਨੂੰ ਪੱਟਿਆ ਈ।
ਉੱਤੇ ਕੰਢੇ ਦੇ ਹੋ ਅਸਵਾਰ ਖੁਲ੍ਹਾ
ਜਾਨ ਦੇਵਣੋਂ ਮੂਲ ਨਾ ਹੱਟਿਆ ਈ।
ਭਰ ਕੇ ਥਾਲ ਅਸ਼ਰਫ਼ੀਆਂ ਨਾਲ ਯਾਰੋ
ਵਿਚ ਨੀਰ ਦੇ ਚਾ ਪਲੱਟਿਆ ਈ।
ਕਾਦਰਯਾਰ ਕਰਤਾਰ ਹੁਣ ਲਾਜ ਰਖਸੀ
ਘੋੜਾ ਵਿਚ ਦਰਿਆ ਦੇ ਸੱਟਿਆ ਈ ।।੨੭।।

ਨੂੰਨ ਨਾਲ ਸਰਕਾਰ ਦੇ ਫ਼ੌਜ ਨੇ ਜੀ
ਮਾਰੀ ਵਿੱਚ ਦਰਿਆ ਦੇ ਛਾਲ ਯਾਰੋ।

ਵਿਚ ਜਲ ਦੇ ਪੈ ਤਰਥੱਲ ਗਿਆ
ਮਾਹੀ ਹੱਲ ਕੇ ਗਈ ਪਤਾਲ ਯਾਰੋ।
ਜੀਹਦੀ ਪੁਸ਼ਤ ਪਨਾਹ ਹੈ ਰੱਬ ਸੱਚਾ
ਕੌਣ ਝੱਲਦਾ ਉਸ ਦੀ ਝਾਲ ਯਾਰੋ।
ਕਾਦਰਯਾਰ ਸਰਕਾਰ ਲੰਘ ਪਾਰ ਗਈ ਆ
ਫੌਜਾਂ ਹਾਥੀਆਂ ਘੋੜਿਆਂ ਨਾਲ ਯਾਰੋ ।।੨੮।।

ਵਾਉ ਵਿਚ ਜਮਰੋਦ ਦੇ ਖ਼ਬਰ ਹੋਈ
ਆਈ ਮਦਦ ਨੂੰ ਆਪ ਸਰਕਾਰ ਸਾਈਂ।
ਪਹਿਲੋਂ ਜੇਹਲਮ ਦੇ ਉੱਤੋਂ ਅਬੂਰ ਕਰ ਕੇ
ਹੋਈ ਅਟਕ ਦਰਿਆ ਤੋਂ ਪਾਰ ਸਾਈਂ।
ਨੁਸ਼ਹਿਰੇ ਵਿਚ ਮੈਦਾਨ ਮੁਕਾਮ ਕਰ ਕੇ
ਝੰਡਾ ਗੱਡਿਆ ਸੂ ਵਿਚਕਾਰ ਸਾਈਂ।
ਕਾਦਰਯਾਰ ਪੁਕਾਰਦੇ ਕਿਲੇ ਦੇ ਵਿੱਚ
ਸੱਚੇ ਸਾਹਿਬਾ ਅਸੀਂ ਬਲਿਹਾਰ ਸਾਈਂ ।।੨੯।।
ਹੋ ਹੋ ਕੇ ਜਮ੍ਹਾਂ ਪਠਾਣ ਸਾਰੇ
ਮਤਾ ਆਪਸ ਦੇ ਵਿਚ ਪਕਾਣ ਮੀਆਂ।
ਹੈ ਸ਼ਹਿਰ ਪਸ਼ੌਰ ਮਲਕੀਤ ਸਾਡੀ
ਲਾ ਕਦੀਮ ਥੀਂ ਵਿਚ ਜਹਾਨ ਮੀਆਂ।
ਸਾਡੀ ਬੁਜ਼ਦਿਲੀ ਅਤੇ ਨਾਲਾਇਕੀ ਥੀਂ
ਦੇਖੋਂ ਸਿੱਖ ਲੱਗੇ ਸਾਨੂੰ ਖਾਣ ਮੀਆਂ।
ਕਾਦਰਯਾਰ ਇੱਜ਼ਤ ਜੇਹੀ ਹੋਰ ਦੂਜੀ
ਕੋਈ ਸ਼ੈ ਨਾ ਬਾਝੋਂ ਈਮਾਨ ਮੀਆਂ ।।੩੦।।

ਜੇ ਯਾਦ ਕਰ ਕੇ ਰੱਬ ਆਪਣੇ ਨੂੰ
ਲੜੋ ਗੱਡ ਕੇ ਤੁਸੀਂ ਇਸ ਵੇਰ ਯਾਰੋ।
ਸਾਡੇ ਸ਼ਹਿਰ ਪਸ਼ੌਰ ਦੇ ਛੱਡਣੇ ਥੀਂ
ਸਿੱਖ ਹੋਏ ਨੇ ਬਹੁਤ ਦਲੇਰ ਯਾਰੋ।

ਨਾ ਰੱਖੇ ਦਰੇਗ ਤੇ ਤੇਗ ਮਾਰੇ

ਕਦਮ ਮੁਲਕ ਵਿਚ ਪਾਇ ਨਾ ਫੇਰ ਯਾਰੇ।

ਕਾਦਰਯਾਰ ਮਰਦਾਨਗੀ ਕਰੇ ਐਸੀ

ਪਵੇ ਵਿਚ ਲਾਹੌਰ ਅੰਧੇਰ ਯਾਰੇ ।।੩੧।।੪।।

* * *

(੫) ਪਉੜੀਆਂ ਦੂਲੇ ਹਰੀ ਸਿੰਘ ਨਲੂਏ ਦੀਆਂ

ਸੋਹਣਾ ਬਣਿਆ ਅੰਬਰਸਰ, ਸੋਹਣਾ ਬਣਿਆ ਦਰਬਾਰ
ਸੰਗ ਮਰਮਰ ਪੱਥਰ ਲੱਗਿਆ, ਚਾਂਦੀ ਜੜੇ ਕਿਵਾੜ
ਕਈ ਲੱਖ ਉਹ ਨੂੰ ਸੋਨਾ ਲਗਿਆ, ਮੋਤੀ ਲੱਖ ਹਜ਼ਾਰ
ਕੋਈ ਕੋਈ ਹਟਵਾਣੀਆ ਵਸਦਾ, ਵਸਦੇ ਸ਼ਾਹੂਕਾਰ
ਮਹਾਂ ਸਿੰਘ ਘਰਿ ਰਣਜੀਤ ਸਿੰਘ, ਜੰਮਿਆ ਬੜਾ ਅਵਤਾਰ
ਕਈ ਹਜ਼ਾਰ ਉਸਨੇ ਘੋੜੇ ਰੱਖ ਲਏ, ਫੌਜਾਂ ਲੱਖ ਹਜ਼ਾਰ
ਵਿਚ ਖੈਬਰ ਦੇ ਲਗੀ ਲੜਾਈ, ਲਿਸ਼ਕੀ ਹੈ ਤਲਵਾਰ
ਉਥੇ ਘੱਲ ਦਿਓ ਹਰੀ ਸਿੰਘ ਨੂੰ ਫੌਜਾਂ ਦਾ ਸਰਦਾਰ
ਤੇਜ ਸਿੰਘ ਦੀ ਫੌਜ ਦਾ, ਸਿੰਘੋ !, ਮੈਨੂੰ ਨਹੀਂ ਇਤਬਾਰ ।੧।

ਪਹਿਲਾ ਡੇਰਾ ਰਾਵੀ ਦੇ ਕੰਢੇ, ਦੂਜਾ ਰਾਵੀ ਦੇ ਪਾਰ
ਤੀਜਾ ਡੇਰਾ ਗੁਜਰਾਂ ਵਾਲੇ, ਚੌਥਾ ਵਜ਼ੀਰਾਬਾਦ
ਘੋੜੇ ਨੂੰ ਦੇਵੇ ਥਾਪਨਾ, ਤੂੰ ਰੱਖ ਧੌਲਿਆਂ ਦੀ ਲਾਜ।
ਨਿਕੀ ਜੇਹੀ ਉਠੀ ਬੱਦਲੀ, ਮੀਂਹ ਵਸਿਆ ਮੋਲ੍ਹੇਧਾਰ
ਛਪੜੀਆਂ ਦਾ ਪਾਣੀ ਪੀ ਕੇ, ਸਿੰਘ ਹੋ ਗਏ ਖਬਰਦਾਰ
ਚਲੋ ਭਰਾਓ ਮੇਰਿਓ, ਮੈਂ ਰਲਿਆਂ ਤੁਹਾਡੇ ਨਾਲ
ਉਥੇ ਮਰਿ ਗਇਆ ਹਰੀ ਸਿੰਘ ਸੂਰਮਾ, ਬੀਰਾਂ ਦਾ ਸਰਦਾਰ । ੨।

* * *

ਨਿਰਭੈ ਸੰਗ੍ਰਾਮੀਏ –

ਅਕਾਲੀ ਫੂਲਾ ਸਿੰਘ ਜੀ

ਪੰਥਕ ਮਰਯਾਦਾ ਪਾਲਣ ਤੇ ਪੰਥਕ ਆਦਰਸ਼ਾਂ ਲਈ ਜਿੰਦ ਵਾਰਨ ਵਿਚ ਅਕਾਲੀ ਫੂਲਾ ਸਿੰਘ ਜੀ (1763-1823 ਈ.) ਦਾ ਕੋਈ ਮੁਕਾਬਲਾ ਨਹੀਂ। ਜੇ ਉਹ ਤਖਤ ਦਾ ਜਥੇਦਾਰ ਹੋ ਕੇ ਭੁੱਲਣਹਾਰਾਂ ਨੂੰ ਕਦੀ ਕਦਾਈਂ ਸਜ਼ਾ ਵੀ ਦਿੰਦਾ ਸੀ ਤਾਂ ਨਾਲ ਨਾਲ ਬਖਸ਼ਿਸ਼ ਤੇ ਮਾਫੀ ਦਾ ਮਜ਼ਾ ਵੀ ਪ੍ਰਦਾਨ ਕਰਦਾ ਸੀ। ਉਸ ਸਿਦਕੀ ਬਾਬੇ ਨੂੰ ਅਗੰਮੀ ਸੋਝੀ ਸੀ ਕਿ ਮੇਰਾ ਮਾਲਕ ਪਿਤਾ ਅਕਾਲ ਪੁਰਖ, ਆਪਣੀ ਉਲਾਦ ਨੂੰ ਗਿਲਾਨੀ ਦੇ ਗਲੇਫ ਨਹੀਂ ਚੜ੍ਹਾਉਂਦਾ ਸਗੋਂ ਮਿਹਰ ਮੁਹੱਬਤ ਤੇ ਪ੍ਰੇਮ ਪਟੋਲੇ ਦੀ ਪੁਸ਼ਾਕ ਪਹਿਨਾਉਂਦਾ ਹੈ। ਨਿਰਮਾਣਤਾ ਇਤਨੀ ਸੀ ਕਿ ਅਨੰਦਪੁਰ, ਦਮਦਮਾ ਸਾਹਿਬ ਤੇ ਅੰਮ੍ਰਿਤਸਰ ਦੇ ਅਨੇਕਾਂ ਗੁਰਧਾਮਾਂ ਦੀ ਆਪਣੇ ਹੱਥੀਂ ਸੇਵਾ ਕੀਤੀ ਕਰਾਈ। ਪਰ ਕਦੀ ਨ ਜਤਾਈ।

ਜਿਥੋਂ ਤੱਕ ਆਪ ਦੀ ਨਿਰਭੈਤਾ ਤੇ ਸੂਰਬੀਰਤਾ ਦਾ ਸਬੰਧ ਹੈ, ਉਸ ਨਾਲ ਇਤਿਹਾਸ ਭਰਿਆ ਪਿਆ ਹੈ। ਆਪ ਦੇ ਪਿਤਾ ਬਾਬਾ ਈਸ਼ਰ ਸਿੰਘ ਨਿਸ਼ਾਨਾਂ ਵਾਲੀ ਮਿਸਲ ਦੇ ਬੀਰ ਸਿਪਾਹੀ ਸਨ ਅਤੇ ਸ਼ਸਤ੍ਰ ਵਿਦਿਆ ਦੇ ਉਸਤਾਦ ਬਾਬਾ ਨੈਣਾ ਸਿੰਘ ਮਿਸਲ ਸ਼ਹੀਦੀ ਦੇ ਆਗੂ ਸਨ। ਦੋਹਾਂ ਦੇ ਪਿੰਡ ਵੀ ਲਾਗੇ ਲਾਗੀ ਸਨ। ਫੂਲਾ ਸਿੰਘ ਦਾ ਜਨਮ ਨਗਰ ਦੇਹਲਾ, ਸ਼ੀਹਾਂਪਾੜੀ ਢਾਬ ਸੀ ਤੇ ਨੈਣਾ ਸਿੰਘ ਜੀ ਲੇਹਲ (ਜ਼ਿਲਾ ਸੰਗਰੂਰ) ਦੇ ਵਾਸੀ ਸਨ। ਦੋਹਾਂ ਦਾ ਪ੍ਰੇਮ, ਪਿਤਾ ਪੁੱਤਰ ਵਾਲਾ ਸੀ ਤੇ ਦੋਵੇਂ ਧਰਮ-ਜੁੱਧ ਲਈ ਤਿਆਰ ਬਰਤਿਆਰ ਰਹਿੰਦੇ ਸਨ। ਉਹ ਐਸੇ ਧਰਮ-ਯੋਧੇ ਸਨ ਕਿ ਉਨ੍ਹਾਂ ਕਸੂਰ, ਮੁਲਤਾਨ ਤੇ ਨੌਸ਼ਹਿਰੇ ਆਦਿ ਦੇ ਜੁੱਧਾਂ ਵਿਚ ਮੋਹਰੀ ਹਿੱਸਾ ਪਾਇਆ। ਉਸ ਵਕਤ ਪੰਜਾਬ ਦੀ ਆਜ਼ਾਦੀ ਦੇ ਦੋ ਦੁਸ਼ਮਣ ਸਨ - ਪਠਾਣ ਤੇ ਫਿਰੰਗੀ। ਪਠਾਣ ਸਦੀਆਂ ਤੋਂ ਦੇਸ਼ ਨੂੰ ਲੁਟਦੇ ਆ ਰਹੇ ਸਨ ਤੇ ਫਿਰੰਗੀ ਇਸੇ ਦਾਉ ਤੇ ਸਨ ਕਿ ਕਦੋਂ ਪੰਜਾਬ ਤੇ ਕਬਜ਼ਾ ਕਰੀਏ-ਇਸ ਕਰਕੇ ਅਕਾਲੀ, ਫਿਰੰਗੀਆਂ ਨੂੰ ਬੜੀ ਕੈਰੀ ਨਜ਼ਰ ਨਾਲ ਦੇਖਦੇ ਤੇ ਇਕ ਦੋ ਵਾਰ

ਛਾਪੇ ਟਾਕਰੇ ਵੀ ਕੀਤੇ।

ਪ੍ਰਿੰ. ਸੀਤਾਰਾਮ ਕੋਹਲੀ ਲਿਖਦੇ ਹਨ, 'ਅੰਗ੍ਰੇਜ਼ਾਂ ਨਾਲ ਇਨ੍ਹਾਂ ਨੂੰ ਕੁਦਰਤੀ ਵੈਰ ਸੀ ਤੇ ਅਕਸਰ ਆਪਣੇ ਜਣੇ ਨਾਲ ਅੰਗ੍ਰੇਜ਼ੀ ਇਲਾਕੇ ਵਿਚ ਛਾਪੇ ਮਾਰਿਆ ਕਰਦੇ ਸਨ। ਪਹਿਲੀ ਵਾਰ ਮਾਰਚ 1808 ਵਿਚ ਅੰਮ੍ਰਿਤਸਰ ਸ਼ਹਿਰ ਵਿਖੇ ਚਾਰਲਸ ਮੇਟਕਾਫ ਦੇ ਹਿੰਦੁਸਤਾਨੀ ਸਿਪਾਹੀਆਂ ਨਾਲ ਟੱਕਰ ਹੋਈ। ਪਿਛੋਂ ਛੇਤੀ ਹੀ ਦਸੰਬਰ 1809 ਵਿਚ ਮਿਸਟਰ ਵਾਇਟ ਨਾਲ ਪਤੋਕੀ ਦੇ ਮੁਕਾਮ ਤੇ ਇਸਦੀ ਮੁਠ ਭੇੜ ਹੋਈ। ਨੌਸ਼ਹਿਰੇ ਦੀ ਜੰਗ ਇਸ ਨੁਕਤੇ ਤੇ ਸੀ ਕਿ ਪਠਾਣਾਂ, ਪੰਜਾਬ ਨੂੰ ਲੁੱਟਦੇ ਰਹਿਣਾਂ ਹੈ ਜਾਂ ਇਨ੍ਹਾਂ ਨੂੰ ਕੁੱਟ ਕੁੱਟ ਕਾਬਲ ਵਾੜਨਾ ਹੈ। 14 ਮਾਰਚ 1823 ਈ. ਨੂੰ ਨੌਸ਼ਹਿਰੇ ਲਾਗੇ, ਤੁਰਕੀ ਪਹਾੜੀ ਉਤੇ ਮਹਾਂ ਯੁੱਧ ਹੋਇਆ। ਅਕਾਲੀ ਜੀ ਦਾ ਘੋੜਾ ਜ਼ਖਮੀ ਹੋ ਗਿਆ ਤਾਂ ਆਪ ਹਾਥੀ ਸਵਾਰ ਹੋ ਕੇ ਅੱਗੇ ਵਧਦੇ ਗਏ ਤੇ ਰਣ ਵਿਚ ਜੂਝਦਿਆਂ ਹੀ ਸ਼ਹੀਦੀ ਪਾਈ ਤੇ ਇਸ ਸ਼ਹੀਦੀ ਨੇ ਖਾਲਸੇ ਨੂੰ ਜਿੱਤ ਦਵਾਈ।*

'ਪਿਸ਼ਾਵਰ ਗਜ਼ਟੀਅਰ' ਅਨੁਸਾਰ ਦਸ ਹਜ਼ਾਰ ਪਠਾਣ ਮੌਤ ਦੇ ਘਾਟ ਉਤਾਰੇ, ਸੈਂਕੜੇ ਸਿੰਘ ਵੀ ਸ਼ਹੀਦ ਹੋਏ ਤੇ ਅਕਾਲੀ ਜੀ ਦੇ ਸਾਥੀ ਨਿਹੰਗ ਸਿੰਘ ਪੌਣੇ ਦੋ ਸੌ ਜੂਝ ਕੇ ਮਰੇ। ਸ਼ਹੀਦੀ ਤੋਂ ਸੌ ਸਾਲ ਬਾਅਦ ਪਿੰਡ ਛਲਵਾਲ ਜ਼ਿਲਾ ਜੇਹਲਮ ਦੇ ਵਾਸੀ ਮਿਸਰ ਹਰੀਚੰਦ ਕਾਦਰਜਾਰ ਨੇ 1924 ਈ. ਵਿਚ ਇਹ

---

* ਕੁਦਾਇ ਕੈ ਕਿ ਕਾਨ ਪਰਿਓ ਮਾਰਨ ਪਠਾਣਨ ਕੋ ਫੂਲਾ ਸਿੰਘ ਜੰਗ ਦੇਸ ਦੇਸ ਮਸ਼ਹੂਰ ਹੈ। ਪ੍ਰਿਥਮ ਫਿਰੰਗੀ ਹੂੰ ਕੋ ਪਹਿਆ ਫੂਕ ਡਾਰਿਓ ਜਬ ਤਬਹੀ ਤੇ ਲੋਗਨ ਮੇਂ ਭਲੋ ਜਸ ਪੂਰ ਹੈ। ਮਾਰਨ ਦੁਰਾਨੀਓਂ ਕੋ ਚਢਯੋ ਹੈ ਪਹਾੜ ਪਰ

ਹਾਥ ਲੀਏ ਖੰਡਾ ਮਾਰੇ ਤੁਰਕਨ ਕੋ ਦੂਰ ਹੈ।

ਕੀਨੋ ਜਬ ਵਾਰ, ਮਾਰ ਖੰਡਾ ਸੂਤ ਧਾਰ
ਚਲੀ ਸ੍ਰੋਨਤ ਕੀ ਧਾਰਿ, ਸੋ ਫਵਾਰੇ ਕੀ ਜ਼ੁਰ ਹੈ। ੭੫।
ਗਰਭਾ ਸਿੰਘ ਹਥਯਾਰ ਗਹਿ, ਚਢਯੋ ਤੁਰੰਗ ਕੁਦਾਇ
ਤਲਵਾਰਨ ਸੋ ਮਾਰਕੇ, ਤੁਰਕਨ ਦੀਓ ਗਿਰਾਇ । ੭੬।

ਗਰਭਾ ਸਿੰਘ ਡਿਗਤ ਤਜੇ ਪ੍ਰਾਨ। ਸਨਮੁਖ ਸੀਸ ਦੀਏ ਬਲਵਾਨ
ਕਰਮ ਸਿੰਘ ਪੇਖਤ ਹੀ ਆਯੋ। ਤੁਰਕਨ ਕਉ ਹਥਿਯਾਰ ਚਲਾਯੋ।

(ਫਤਿਹ ਨਾਮਾ ਗੁਰੂ ਖਾਲਸਾ ਜੀ ਕਾ
ਕਿਰਤ ਗਣੇਸ਼ਦਾਸ ਪਿੰਗਲ, ਪੰਨਾ 182)

'ਜੰਗਨਾਮਾ' ਲਿਖਕੇ ਸ਼ਹੀਦੇ ਆਜ਼ਮ ਨੂੰ ਸ਼ਰਧਾਂਜਲੀ ਅਰਪਣ ਕੀਤੀ।

ਅਕਾਲੀ ਜੀ ਦੀਆਂ ਦੋ ਮੁਖ ਯਾਦਗਾਰਾਂ ਹਨ - ਨੌਸ਼ਹਿਰੇ ਵਾਲੀ ਸਮਾਧ ਤੇ ਬੁਰਜ ਅਕਾਲੀ ਫੂਲਾ ਸਿੰਘ ਅੰਮ੍ਰਿਤਸਰ। ਇਸੇ ਨੌਸ਼ਹਿਰੇ ਦੇ ਜੰਗ ਦੀ ਵਾਰ, ਸਟੇਜ ਦੇ ਸੁਲਤਾਨ ਸ. ਗੁਰਦੇਵ ਸਿੰਘ ਮਾਨ ਨੇ ਵੀ ਲਿਖੀ ਹੈ, ਜਿਸਦੇ ਤੇਜਸਵੀ ਬਿਆਨ ਦਾ ਕੋਈ ਸਾਨੀ ਨਹੀਂ। ਖ਼ੂਬੀ ਇਹ ਕਿ ਉਨ੍ਹਾਂ ਜਿਥੇ ਸਿਖਾਂ ਦੀ ਚੜ੍ਹਤ ਦੀ ਤਾਰੀਫ਼ ਕੀਤੀ ਹੈ, ਉਥੇ ਪਠਾਣਾਂ ਦੀ ਚੜ੍ਹਾਈ ਦੀ ਬਰਾਬਰ ਦੀ ਦਿਖਾਈ ਹੈ ਤੇ ਅੰਤ ਅਕਾਲੀਆਂ ਦੀ ਜੈ ਜੈ ਕਾਰ ਕਰਾਈ ਹੈ। ਕਵੀ ਨੇ ਬੋਲੀ ਤੇ ਸ਼ੈਲੀ ਵੀ ਐਸੀ ਅਪਣਾਈ ਹੈ ਕਿ ਸਾਮ੍ਹਣੇ ਭਿਆਨਕ ਯੁੱਧ ਹੁੰਦਾ ਦਿਖਾਈ ਦਿੰਦਾ ਹੈ। ਸੋ ਅਸਾਂ ਦੋਵੇਂ ਰਚਨਾਵਾਂ ਅਕਾਲੀ ਜੀ ਦੀ ਸੰਗ੍ਰਾਮੀਆਂ ਸ਼ਖਸੀਅਤ ਨੂੰ ਦਰਸਾਉਣ ਲਈ ਅੱਗੇ ਦੇ ਦਿੱਤੀਆਂ ਹਨ। ਇਕ ਪੁਰਾਣੀ ਤੇ ਇਕ ਨਵੀਂ। 'ਵਾਰ' ਤੋਂ ਬਿਨਾਂ ਕਿਸੇ ਵਰਿਆਮ ਯੋਧੇ ਪੂਰਾ ਦਰਸ਼ਨ ਦੀਦਾਰ ਨਹੀਂ ਹੁੰਦਾ।

(ੳ)

ਜੰਗਨਾਮਾ ਅਕਾਲੀ ਫੂਲਾ ਸਿੰਘ ਜੀ ਕਾ

(ਮਿਸਰ ਹਰਿਚੰਦ ਉਰਫ ਕਾਦਰਯਾਰ)

ਅਲਫ ਇਕ ਮੈਦਾਨ ਕਲਾਂ ਉੱਤੇ
ਜਮ੍ਹਾ ਹੋਏ ਨੀ ਕੁੱਲ ਪਠਾਣ ਮੀਆਂ।
ਮੱਸ-ਫੁਟ ਨਾਲੇ ਕਰੜ-ਝੋਟ ਸਾਰੇ
ਸੋਹਣੇ ਛੈਲ ਰੰਗੀਲੇ ਜਵਾਨ ਮੀਆਂ।
ਬੇ-ਖੌਫ ਬੇ-ਹੋਸ਼ ਪਠਾਣ ਯਾਰੋ!
ਗਾਜ਼ੀ ਕਰਨ ਬਾਜ਼ੀ ਨਾਲ ਜਾਨ ਮੀਆਂ।
ਕਾਦਰਯਾਰ ਜੰਗੀ ਘੋੜੇ ਹਿਣਕਦੇ ਨੀ,
ਤੇਗ ਛਣਕਦੀ ਵਿਚ ਮੈਦਾਨ ਮੀਆਂ।੧।

ਬੇ ਬਹੁਤ ਸੀ ਫੌਜ ਦੁੱਰਾਨੀਆਂ ਦੀ
ਜਿਵੇਂ ਮੱਕੜੀ ਦਾ ਦਿਸੇ ਦਲ ਯਾਰੋ।
ਖੂੰਖ਼ਾਰ ਹੋਸ਼ਿਆਰ ਦੁੱਰਾਨੀਆਂ ਨੇ
ਲਿਆ ਬਹੁਤ ਜ਼ਿਮੀਨ ਨੂੰ ਮੱਲ ਯਾਰੋ।
ਕੋਈ ਰਿਹਾ ਨਾ ਇੱਕ ਪਠਾਣ ਪਿਛੇ
ਸਭੋ ਲੜਨ ਨੂੰ ਆਏ ਨੇ ਚੱਲ ਯਾਰੋ।
ਕਾਦਰਯਾਰ ਗੱਲ ਖੁਲ੍ਹੀ ਹੈ ਸਿਰੇ ਉੱਤੇ
ਵੇਖੋ ਰੱਬ ਸੱਚਾ ਕੈਂਦੇ ਵਲ ਯਾਰੋ।੨।

ਪੇ ਪਹਿਨ ਪੁਸ਼ਾਕ ਅਸਵਾਰ ਹੋਇਆ
ਅਲੀ ਅਕਬਰ ਪਠਾਣ ਦਲੇਰ ਮੀਆਂ।
ਅੱਗੇ ਫੌਜ ਦੇ ਆ ਖਲਵਾਅ ਘੋੜਾ
ਨਜ਼ਰ ਪਾਂਵਦਾ ਚਾਰ ਚੁਫੇਰ ਮੀਆਂ।
ਮੂੰਹੋਂ ਆਖਦਾ ਰੱਖੋ ਈਮਾਨ ਕਾਇਮ
ਆਉਣਾ ਵਿਚ ਜਹਾਨ ਨਹੀਂ ਫੇਰ ਮੀਆਂ।

ਕਾਦਰਯਾਰ ਹੈ ਵੇਲਾ ਬਹਾਦੁਰੀ ਦਾ
ਸਾਥੀ ਕੋਈ ਨਾ ਬਾਝ ਸ਼ਮਸ਼ੇਰ ਮੀਆਂ।੩।

ਤੇ ਤਰੱਕੜੇ ਹੋ ਕੇ ਲੜੋ ਤੁਸੀਂ
ਏਹਾ ਵੇਲਾ ਤੇ ਏਹਾ ਮੁਕਾਮ ਯਾਰੋ।
ਦੁਸ਼ਮਨ ਮਾਰ ਕੇ ਫਤਿਹ ਨੂੰ ਕਰੋ ਹਾਸਲ
ਬਖਸ਼ ਦਿਆਂਗਾ ਬਹੁਤ ਇਨਾਮ ਯਾਰੋ।
ਜੇਹੜਾ ਅੱਜ ਮੈਦਾਨ ਤੋਂ ਕੰਡ ਦੇਸੀ
ਮਰਸੀ ਉਹ ਤਾਂ ਮੌਤ ਹਰਾਮ ਯਾਰੋ।
ਕਾਦਰਯਾਰ ਜੇ ਮਰਸੋਂ ਸ਼ਹੀਦ ਹੋ ਕੇ
ਰਹਿਸੀ ਵਿਚ ਜਹਾਨ ਦੇ ਨਾਮ ਯਾਰੋ।੪।

ਸੇ ਸਾਬਤੀ ਦੇ ਨਾਲ ਤੇਗ ਮਾਰੋ
ਆਪਣੀ ਔਰਤਾਂ ਵਲ ਨਜ਼ੀਰ ਕਰਕੇ।
ਰੱਬ ਕਰੇ ਨਾ ਪਵੇ ਸ਼ਿਕਸਤ ਸਾਨੂੰ
ਸਿਖ ਸਭ ਲੈ ਜਾਣ ਅਮੀਰ ਕਰਕੇ
ਭੈਣਾਂ ਬੇਟੀਆਂ ਬਹੂਆਂ ਅਸਾਡੀਆਂ ਜੀ
ਸੱਟੇ ਮਾਰ ਯਾ ਵੱਡੇ ਫਕੀਰ ਕਰਕੇ
ਕਾਦਰਯਾਰ ਤਦਬੀਰ ਨਾ ਪੇਸ਼ ਜਾਵੇ
ਕੰਮਾਂ ਨਾਲ ਜੋ ਹੋਣ ਤਕਦੀਰ ਕਰਕੇ ।੫।

ਜੀਮ ਜੰਗ ਮੁਕਾਮ ਫਨਾਹ ਦਾ ਜੀ
ਏਥੇ ਆਵਣਾ ਨਹੀਂ ਦੂਜੀ ਵਾਰ ਯਾਰੋ।
ਹੱਥ ਸਖਤ ਤੇ ਦਿਲ ਕੁਰਖਤ ਕਰ ਕੇ
ਕਰੋ ਖੂਬ ਤਲਵਾਰ ਦੀ ਮਾਰ ਯਾਰੋ।
ਝਾੜੋ ਐਸੀ ਬੰਦੂਕਾਂ ਦੀ ਵਾੜ ਭਰ ਕੇ
ਰੱਖੋ ਯਾਦ ਨਾ ਦੇਵੇ ਵਿਸਾਰ ਯਾਰੋ।
ਕਾਦਰਯਾਰ ਬਹਾਦੁਰੀ ਕਰੋ ਐਸੀ
ਸਿਖ ਜਾਵਣ ਨਾ ਅਟਕ ਤੋਂ ਪਾਰ ਯਾਰੋ ।੬।

ਚੇ ਚੁਸਤੀ ਚਲਾਕੀ ਦੇ ਨਾਲ ਯਾਰੋ

ਅਲੀ ਅਕਬਰ ਨੇ ਲਸ਼ਕਰ ਜਮਾਇਆ ਜੀ।
ਪਹਿਲੋਂ ਪੜਤਲਾਂ ਦੇ ਕਰਕੇ ਤਰ੍ਹੇ ਵੱਖਰੇ
ਚਾਲਾ ਲੜਨ ਦਾ ਖ਼ੂਬ ਸਿਖਾਇਆ ਜੀ।
ਅਗੋਂ ਤੋਪਾਂ ਦੇ ਮੋਰਚੇ ਬੀੜ ਕੇ ਜੀ
ਆਸ-ਪਾਸ ਰਸਾਲਾ ਖਲਵਾਇਆ ਜੀ !
ਕਾਦਰਯਾਰ ਪਠਾਣ ਤਿਆਰ ਖਲੇ
ਵੇਲਾ ਜੰਗ ਦਾ ਹੁਣ ਨੇੜੇ ਆਇਆ ਜੀ ।੭।

ਹੈ ਹਾਲ ਮਹਾਰਾਜ ਦਾ ਜ਼ਿਕਰ ਸੁਣ ਲੋ
ਫ਼ੌਜਾਂ ਲਿਆਂਵਦਾ ਵਿਚ ਮੈਦਾਨ ਯਾਰੋ।
ਨੇੜੇ ਆਣ ਕੇ ਬੇੜੇ ਖਲਵਾ ਯਾਰੋ।
ਮਾਰੂ ਮੌਤ ਦੇ ਵਾਜੜੇ ਵੱਜ ਗਏ
ਕੰਬ ਗਿਆ ਜ਼ਿਮੀਨ ਅਸਮਾਨ ਯਾਰੋ।
ਕਾਦਰਯਾਰ ਸਰਕਾਰ ਪੁਕਾਰ ਆਖੇ .
ਸੁਣੋ ਖਾਲਸਾ ਜੀ ਕਰਕੇ ਧਿਆਨ ਯਾਰੋ ।੮।

ਖੋ ਖੁਦੀ ਹੰਕਾਰ ਨੂੰ ਮਾਰ ਕੇ ਜੀ
ਨਾਮ ਰੱਬ ਦਾ ਲੈ ਕੇ ਲੜੋ ਸਿੰਘੋ।
ਚਿੱਟੀ ਦਾੜ੍ਹੀ ਦੀ ਅੱਜ ਮੇਰੀ ਲਾਜ ਰੱਖੋ,
ਇਨ੍ਹਾਂ ਗਾਜ਼ੀਆਂ ਕੋਲੋਂ ਨਾ ਡਰੋ ਸਿੰਘੋ।
ਗੁਰੂ ਹਰਿ ਗੋਬਿੰਦ ਨੂੰ ਯਾਦ ਕਰ ਕੇ
ਹਥ ਵਿਚ ਸ਼ਮਸ਼ੀਰ ਨੂੰ ਫੜੋ ਸਿੰਘੋ।
ਕਾਦਰਯਾਰ 'ਅਕਾਲ ਅਕਾਲ' ਕਰਦੇ
ਚੱਲ ਵਿਚ ਪਸ਼ੌਰ ਦੇ ਵੜੋ ਸਿੰਘੋ ।੯।

ਦਾਲ ਦਿਲ ਦੀਆਂ ਅੱਖੀਆਂ ਖੋਲ੍ਹ ਦੇਖੋ
ਕਿੱਥੇ ਤੁਸੀਂ ਤੇ ਕਿੱਥੇ ਲਾਹੌਰ ਯਾਰੋ।
ਅੱਗਾ ਰੋਕਿਆ ਕਟਕ ਦੁੱਰਾਨੀਆਂ ਨੇ
ਪਿੱਛੇ ਅਟਕ ਦਰਿਆ ਦਾ ਜ਼ੋਰ ਯਾਰੋ।
ਸਾਥੀ ਨਹੀਂ ਕੋਈ ਸੱਜੀ ਬਾਂਹ ਜਿਹਾ

ਬੇਲੀ ਰੱਬ ਦੇ ਬਾਝੁ ਨਾ ਹੋਰ ਯਾਰੋ।
ਕਾਦਰਯਾਰ ਬਹਾਦੁਰਾਂ ਆਸ਼ਕਾਂ ਨੂੰ
ਪਈ ਖੁਲ੍ਹੀ ਉਡੀਕਦੀ ਗੋਰ ਯਾਰੋ ।੧੦।

ਜ਼ਾਲ ਜ਼ੌਕ ਤੇ ਸ਼ੌਕ ਦੇ ਨਾਲ ਯਾਰੋ
ਲੜੇ ਆਪਣਾ ਆਪ ਸੰਭਾਲ ਕੇ ਜੀ।
ਕੇਹੜੇ ਮੂੰਹ ਲਾਹੌਰ ਦੇ ਵਿਚ ਵੜਸੋਂ
ਵਿਚ ਪਸ਼ੌਰ ਦੇ ਤਰੱਟੀਆਂ ਗਾਲ ਕੇ ਜੀ।
ਅੱਜ ਰੱਜ ਕੇ ਗੱਜ ਕੇ ਤੇਗ ਮਾਰੋ
ਆਪਣੇ ਗੁਰੂ ਵਾਲੀ ਲੱਜ ਪਾਲ ਕੇ ਜੀ।
ਕਾਦਰਯਾਰ ਪਠਾਣਾਂ ਨੂੰ ਖੂਬ ਸੇਕੋ
ਅੱਜ ਅੱਗ ਲੜਾਈ ਦੀ ਬਾਲ ਕੇ ਜੀ ।੧੧।

ਰੇ ਰਾਮ ਦਾ ਨਾਮ ਧਿਆਇ ਕੇ ਜੀ
ਰੱਖੋ ਅੱਜ ਤਲੀ ਉੱਤੇ ਜਾਨ ਯਾਰੋ।
ਸਿਰ ਦਿੱਤਿਆਂ ਬਾਝੁ ਨਾ ਯਾਰ ਮਿਲਦਾ
ਇਹ ਮਿਸਲ ਮਸ਼ਹੂਰ ਜਹਾਨ ਯਾਰੋ।
ਦਿਲ ਨੂੰ ਜੋਸ਼ ਖਰੋਸ਼ ਦੇ ਨਾਲ ਭਰ ਕੇ
ਤੇਗਾਂ ਮਾਰੀਆਂ ਜਿਵੇਂ ਮੁਲਤਾਨ ਯਾਰੋ।
ਕਾਦਰਯਾਰ ਤਲਵਾਰ ਚਲਾਉ ਐਸੀ
ਡੁੱਬਣ ਖੂਨ ਦੇ ਵਿਚ ਅਫ਼ਗਾਨ ਯਾਰੋ ।੧੨।

ਜ਼ੇ ਜ਼ੋਰ ਦੇ ਸ਼ੋਰ ਦਾ ਜ਼ਿਕਰ ਸੁਣ ਲਓ
ਹੈਸੀ ਨਾਲ ਸਰਕਾਰ ਦੇ ਸੰਗ ਯਾਰੋ।
ਇਕ ਨਾਮ ਗਰਾਮੀ ਸਰਦਾਰ ਭਾਰਾ
ਹੁਸ਼ਿਆਰ ਮਾਨਿੰਦ ਪਲੰਗ ਯਾਰੋ
ਮਸਤ ਜੰਗ ਦੇ ਵਿਚ ਅਨੰਦ ਰਹਿੰਦਾ
ਪੀਂਦਾ ਰੰਗ ਹਰਿਆਵਲੀ ਭੰਗ ਯਾਰੋ
ਕਾਦਰਯਾਰ ਮਸ਼ਹੂਰ ਜਹਾਨ ਅੰਦਰ
ਫੂਲਾ ਸਿੰਘ ਅਕਾਲੀ ਨਿਹੰਗ ਯਾਰੋ ।੧੩।

ਸੀਨ ਸੁਣੋ ਸਰਕਾਰ ਜੀ ! ਅਰਜ਼ ਮੇਰੀ
ਪਾਸ ਆ ਸਰਦਾਰ ਪੁਕਾਰਦਾ ਜੀ।
ਰਹਿਸੀ ਵਿਚ ਜਹਾਨ ਦੇ ਨਾਮ ਸੱਚਾ
ਬੰਦਾ ਕੂੜ ਦੇ ਮਠ ਉਸਾਰਦਾ ਜੀ।
ਰੱਖਸੀ ਲਾਜ ਅਜ ਆਪ ਮਹਾਰਾਜ ਤੇਰੀ
ਖਾਸ ਤੁਧ ਤੇ ਫ਼ਜ਼ਲ ਕਰਤਾਰ ਦਾ ਜੀ।
ਕਾਦਰਯਾਰ ਜੇ ਮੰਨੇ ਸਵਾਲ ਮੇਰਾ
ਪੁੰਨ ਲੱਖ ਤੇ ਗਊ ਹਜ਼ਾਰ ਦਾ ਜੀ ।੧੪।

ਸ਼ੀਨ ਸ਼ੁਕਰ ਹਜ਼ਾਰ ਗੁਜ਼ਾਰਸਾਂ ਮੈਂ
ਦਿਓ ਹੁਕਮ ਚਲ ਵੜਾਂ ਮੈਦਾਨ ਦੇ ਵਿਚ।
ਪਹਿਲੋਂ ਸਭਨਾਂ ਤੋਂ ਸੀਸ ਦੀ ਭੇਟ ਦੇ ਕੇ
ਰੱਖਾਂ ਤੀਰ ਨੂੰ ਚਿਲੇ ਕਮਾਨ ਦੇ ਵਿਚ।
ਸਤਿ ਸਿਰੀ ਅਕਾਲ ਦਾ ਨਾਮ ਲੈ ਕੇ
ਮਾਰਾਂ ਖਿਚ ਕੇ ਸੀਨੇ ਪਠਾਣ ਦੇ ਵਿਚ।
ਕਾਦਰਯਾਰ ਤੇਰੇ ਕਦਮਾਂ ਵਿਚ ਕੁੱਸਾਂ
ਰਹਿਸੀ ਨਾਮ ਤਦ ਮੇਰਾ ਜਹਾਨ ਦੇ ਵਿਚ ।੧੫।

ਸੁਆਦ ਸਿਦਕ ਦੇ ਨਾਲ ਯਕੀਨ ਕਰ ਲਓ
ਦਿਲ ਚਾਹੁੰਦਾ ਲੜਾਂ ਤਲਵਾਰ ਫੜ ਕੇ।
ਉੱਤੋਂ ਗੁਰੂ ਦੇ ਨਾਮ ਤੋਂ ਜਾਨ ਵਾਰਾਂ
ਅੱਜ ਵਿਚ ਮੈਦਾਨ ਦੇ ਮਰਾਂ ਲੜ ਕੇ।
ਧੜਕੇ ਜ਼ਰਾ ਨਾ ਅੰਦਰੋਂ ਕਾਲਜਾ ਜੀ
ਜਿਸਮ ਵਾਂਗ ਕਬੂਤਰਾਂ ਪਿਆ ਫੜਕੇ।
ਕਾਦਰਯਾਰ ਅਰਸ਼ਾਦ ਫੁਰਮਾਓ ਤੁਸੀਂ
ਏਹੋ ਭਾਹ ਪਰੇਮ ਦੀ ਪਈ ਭੜਕੇ ।੧੬।

ਜ਼ੁਆਦ ਜ਼ਰੂਰ ਹੈ ਸੁਖਨ ਮਨਜ਼ੂਰ ਤੇਰਾ
ਮੂਹੋਂ ਆਪ ਮਹਾਰਾਜ ਅਰਸ਼ਾਦ ਕੀਤਾ।
ਤੇਰੇ ਜੇਸਿਆਂ ਨਮਕ ਹਲਾਲ ਮਰਦਾਂ

ਸਾਡਾ ਮੁਲਕ ਪੰਜਾਬ ਆਬਾਦ ਕੀਤਾ।
ਤੇਰੇ ਸੁਖਨ ਪੁਰ-ਜੋਸ਼ ਬੇਖੌਫ ਨੇ ਜੀ
ਸਾਰੀ ਫੌਜ ਦੇ ਦਿਲ ਨੂੰ ਸ਼ਾਦ ਕੀਤਾ।
ਕਾਦਰਯਾਰ ਤਿਆਰ ਹੋ ਖਾਲਸਾ ਜੀ
ਸੱਚੇ ਸਾਹਿਬ ਨੇ ਅਜ ਹੈ ਯਾਦ ਕੀਤਾ ।੧੭।

ਤੋਇ ਤਰਫ ਦੁੱਰਾਨੀਆਂ ਰਵਾਂ ਹੋਇਆ
ਫੂਲਾ ਸਿੰਘ ਅਕਾਲੀ ਤਨਹਾ ਯਾਰੋ।
ਡਾਢੀ ਸ਼ਕਲ ਮਤਵਾਲੀ ਸੀ ਖੌਫ ਵਾਲੀ
ਨਾਲੇ ਪਹਿਨੀ ਪੋਸ਼ਾਕ ਹੈ ਕਾਲੀ ਯਾਰੋ।
ਖੂਨੀ ਅੱਖੀਆਂ ਕਹਿਰ ਦੇ ਨਾਲ ਭਰੀਆਂ
ਮੂੰਹ ਤੇ ਚੋਂਵਦੀ ਕਹਿਰ ਦੀ ਲਾਲੀ ਯਾਰੋ।
ਕਾਦਰਯਾਰ ਅਸਵਾਰ ਹੋ ਫੀਲ ਉਤੇ
ਟੁਰਿਆ ਮੌਤ ਦੇ ਵੱਲ ਸਵਾਲੀ ਯਾਰੋ। ੧੮।

ਜ਼ੋਇ ਜ਼ਾਹਰ ਹੋ ਹੈਰਾਨ ਖੱਲੋ
ਡਿੱਠਾ ਜਦੋਂ ਪਠਾਣਾਂ ਨੇ ਸ਼ੇਰ ਯਾਰੋ।
ਉਤਿ ਹਾਥੀ ਦੇ ਝੂਲਦਾ ਕੱਢ ਛਾਤੀ
ਪੈਰ ਪਾਂਵਦਾ ਅਗ੍ਹਾਂ ਅਗੇਰ ਯਾਰੋ।
ਪੁਛਣ ਆਪਸ ਦੇ ਵਿਚ ਪਠਾਣ ਰਲ ਕੇ
ਇਹ ਹੈ ਕੌਣ ਸਰਦਾਰ ਦਲੇਰ ਯਾਰੋ।
ਕਾਦਰਯਾਰ ਗਾਜ਼ੀ ਵੇਖ ਹੋਣ ਰਾਜ਼ੀ
ਕਹਿਣ ਕਰੋ ਬਾਜ਼ੀ ਬਿਨਾ ਦੇਰ ਯਾਰੋ ।੧੯।

ਐਨ ਅਲੀ ਅਕਬਰ ਵੇਖ ਆਂਵਦੇ ਨੂੰ
ਬੋਲੇ ਕੜਕ ਕੇ ਵਾਂਗਰਾਂ ਬਰਕ ਯਾਰੋ।
ਹੈ ਕੋਈ ਐਸਾ ਪਠਾਣ ਜੁਆਨ ਮੇਰਾ
ਕਰੇ ਏਸ ਸਰਦਾਰ ਨੂੰ ਗਰਕ ਯਾਰੋ।
ਮਾਰ ਬਰਛੀਆਂ ਰੱਤ ਨਚੋੜ ਲਵੇ
ਜਿਵੇਂ ਨਿੱਕਲੇ ਗੁਲਾਬ ਦਾ ਅਰਕ ਯਾਰੋ।

ਕਾਦਰਯਾਰ ਅੱਲ੍ਹਾ ਉਤੇ ਰੱਖ ਤਕਵਾ
ਜਾਨ ਦੇਵਣੋਂ ਕਰੇ ਨਾ ਫਰਕ ਯਾਰੋ ।੨੦।

ਗ਼ੈਨ ਗੁੱਸੇ ਦੇ ਨਾਲ ਪਠਾਣ ਬੋਲੇ
ਰਹਿਣ ਵਾਲੇ ਸਵਾਤ ਬਨੇਰ ਮੀਆਂ।
ਮਸ਼ਹੂਰ ਲੜਾਕੇ ਦੁੱਰਾਨੀਆਂ ਵਿਚ
ਜਿਵੇਂ ਪਾਹੜਿਆਂ ਦੇ ਵਿਚ ਸ਼ੇਰ ਮੀਆਂ।
ਹੁਕਮ ਹੋਵੇ ਤਾਂ ਤੇਗਾਂ ਨੂੰ ਖਿੱਚ ਲਈਏ
ਵਿਚ ਅੜਨ ਦੇ ਨਹੀਂ ਕੁਝ ਦੇਰ ਮੀਆਂ।
ਕਾਦਰਯਾਰ ਅਸਵਾਰ ਤੇ ਫੀਲ ਦਾ ਜੀ
ਪਲ ਵਿਚ ਕਰ ਦੇਵੀਏ ਢੇਰ ਮੀਆਂ ।੨੧।

ਫ਼ੇ ਫ਼ੌਰਨ ਸੁਆਤੀ ਬਹਾਦੁਰਾਂ ਨੇ
ਖਿੱਚੀ ਗੁੱਸੇ ਦੇ ਨਾਲ ਤਲਵਾਰ ਯਾਰੋ।
ਮੁਛ ਵੱਟ ਕੇ ਤੇ ਮਿਆਨ ਸੱਟ ਕੇ ਜੀ
ਰਵਾਂ ਹੋਏ ਨੀ ਵੱਲ ਸਰਦਾਰ ਯਾਰੋ।
ਨਾਹਰਾ ਅੱਲਾ-ਹੂ-ਅਕਬਰ ਦਾ ਮਾਰਦੇ ਜੀ
ਸਿੰਘ ਬੋਲਦਾ 'ਸਤਿ ਕਰਤਾਰ' ਯਾਰੋ।
ਕਾਦਰਯਾਰ ਹੁਣ ਵੇਲਾ ਹੈ ਨਕਦੀਆਂ ਦਾ
ਘੜੀ ਪਲ ਦਾ ਨਹੀਂ ਉਧਾਰ ਯਾਰੋ ।੨੨।

ਕਾਫ਼ ਕੰਬਦੀ ਪਈ ਜ਼ਿਮੀਨ ਯਾਰੋ
ਜਿੱਥੇ ਫੀਲ ਸਰਦਾਰ ਦਾ ਪੈਰ ਧਰਦਾ।
ਹੈਸੀ ਖ਼ੂਨੀਆਂ ਵਿਚ ਮਸ਼ਹੂਰ ਹਾਥੀ
ਵਿਚ ਲੜਨ ਦੇ ਬਹੁਤ ਸੀ ਕਹਿਰ ਕਰਦਾ।
ਤਿਵੇਂ ਥਰਕਦਾ ਚੱਲੇ ਜ਼ਮੀਨ ਉੱਤੇ
ਜਿਵੇਂ ਸੱਪ ਦਰਿਆ ਦੀ ਲਹਿਰ ਤਰਦਾ।
ਕਾਦਰਯਾਰ ਬੇ-ਖੌਫ਼ ਸਰਦਾਰ ਬੈਠਾ
ਜਿਵੇਂ ਫਿਰੇ ਲਾਹੌਰ ਦੀ ਸੈਰ ਕਰਦਾ ।੨੩।

ਕਾਫ਼ ਕਹਿਰ ਦੇ ਨਾਲ ਪਠਾਣ ਯਾਰੋ

ਆਏ ਦੌੜਦੇ ਹਾਥੀ ਦੇ ਵੱਲ ਮੀਆਂ।
ਜਾਨ ਪਿੱਛੇ ਈਮਾਨ ਕੁਰਬਾਨ ਕਰਕੇ
ਆਸ ਪਾਸ ਉਹਦਾ ਲਿਆ ਮੱਲ-ਮੀਆਂ।
ਸਿੰਘ ਸੂਰਮਾ ਤਨ-ਤਨਹਾ ਯਾਰੋ ਕੱਲਮਕੱਲਾ
ਗਿਆ ਵਿਚ ਦੁੱਰਾਨੀਆਂ ਰਲ ਮੀਆਂ।
ਕਾਦਰਯਾਰ ਖ਼ੂੰਨੀ ਹਾਥੀ ਮਾਰ ਚੀਕਾਂ
ਪਾਇਆ ਗਾਜ਼ੀਆਂ ਵਿਚ ਤਰਥੱਲ ਮੀਆਂ ।੨੪।

ਗਾਫ ਗੱਜ ਕੇ ਲੜਿਆ ਸੀ ਮਸਤ ਹਾਥੀ
ਕਈ ਵੱਸਦੇ ਝੁੱਗੜੇ ਉਜਾੜ ਛੱਡੇ।
ਨਾਲ ਬਰਛਿਆਂ ਜੇਿਹਿਆਂ ਤੇਜ਼ ਦੰਦਾਂ
ਪੇਟ ਸੈਆਂ ਪਠਾਣਾਂ ਦੇ ਪਾੜ ਛੱਡੇ।
ਮਾਰ ਫ਼ੇਟ ਤੇ ਸੁੰਡ ਵਲ੍ਹੇਟ ਕੇ ਜੀ
ਮਿਸਲ ਮੱਖੀਆਂ ਮਾਰ ਕੇ ਝਾੜ ਛੱਡੇ।
ਕਾਦਰਯਾਰ ਕੱਦੂ ਵਾਂਗੂੰ ਬਾਜ਼ਿਆਂ ਦੇ
ਸਿਰ ਪੈਰਾਂ ਦੇ ਹੇਠ ਲਿਤਾੜ ਛੱਡੇ ।੨੫।

ਲਾਮ ਲਹੂ ਨਾਲ ਜ਼ਿਮੀਂ ਲਾਲ ਹੋਈ
ਕੋਲ ਆਵਣ ਦੀ ਕਿਸ ਦੀ ਮਜਾਲ ਯਾਰੋ।
ਤੀਰ ਸਿੰਘ ਦੇ ਸੀਨੇ ਨੂੰ ਚੀਰਦੇ ਜੀ
ਝੱਲੇ ਚੱਕਰਾਂ ਦੀ ਕੇਹੜਾ ਝਾਲ ਯਾਰੋ।
ਮਸਤ ਹਾਥੀ ਮਸਤਾਨੜੇ ਸਿੰਘ ਨੇ ਜੀ
ਕੀਤਾ ਗਾਜ਼ੀਆਂ ਦਾ ਖਸਤਾ ਹਾਲ ਯਾਰੋ।
ਕਾਦਰਯਾਰ ਪਠਾਣ ਲਾ ਤਾਣ ਥੱਕੇ
ਹੋਇਆ ਹਾਥੀ ਤੇ ਚੜ੍ਹਨਾ ਮੁਹਾਲ ਯਾਰੋ ।੨੬।

ਮੀਮ ਮਰਦੇ ਪਰ ਕਦਮ ਨਾਂ ਪਿਛਾਂ ਧਰਦੇ
ਲੜਦੇ ਮਿਸਲ ਖ਼ੂੰਖ਼ਾਰ ਪਲੰਗ ਦੇ ਜੀ।
ਜਾਣ ਤਰਫ ਹਾਥੀ ਕਢ ਸਾਫ ਛਾਤੀ
ਜਾਨ ਦੇਵਣੋਂ ਮੂਲ ਨਾ ਸੰਗਦੇ ਜੀ।

ਨਾਲ ਮਲਿਕੁਲ-ਮੌਤ ਦੇ ਖੇਡ ਹੋਲੀ
ਨਾਲ ਖੂਨ ਦੇ ਚੋਲੜੇ ਰੰਗਦੇ ਜੀ।
ਕਾਦਰਯਾਰ ਗਿਆ ਤਿਲ੍ਹਕ ਪੈਰ ਹੇਠੋਂ
ਹਾਥੀ ਡਿੱਗਾ ਸੀ ਸਣੇ ਨਿਹੰਗ ਦੇ ਜੀ ।੨੭।

ਨੂੰਨ ਨਾਲ ਚਲਾਕੀ ਸਰਦਾਰ ਨੇ ਜੀ
ਲਿਆ ਆਪਣਾ ਆਪ ਸੰਭਾਲ ਯਾਰੋ।
ਹੱਥ ਪਕੜ ਤਲਵਾਰ ਹੁਸ਼ਿਆਰ ਹੋ ਕੇ
ਮਾਰੀ ਉੱਤੇ ਜ਼ਮੀਨ ਦੇ ਛਾਲ ਯਾਰੋ।
ਡੁੱਲ੍ਹੇ ਬੇਰਾਂ ਦਾ ਅਜੇ ਕੀ ਗਿਆ ਸੀ ਜੀ
ਘਿਉ ਵੀਟਿਆ ਸੀ ਵਿਚ ਥਾਲ ਯਾਰੋ।
ਕਾਦਰਯਾਰ ਤਲਵਾਰ ਬਰਸਾਣ ਲੱਗਾ
ਮੂੰਹੋਂ ਬੋਲਦਾ ਸਤਿ ਸ੍ਰੀ ਅਕਾਲ ਯਾਰੋ ।੨੮।

ਵਾਉ ਵਰ੍ਹਾਈ ਫਿਰ ਸਿੰਘ ਤਲਵਾਰ ਐਸੀ
ਦੂਰੋਂ ਆਉਂਦਾ ਪਿਆ ਸੀ ਖੜਕ ਮੀਆਂ।
ਜਿਨੂੰ ਧਾਰ ਤਲਵਾਰ ਇਕ ਵਾਰ ਚੁੱਭੀ
ਗਿਆ ਵਾਂਗ ਕਰੀਰ ਦੇ ਕੜਕ ਮੀਆਂ।
ਲਾ ਜ਼ਰੂਰ ਅਫਗਾਨ ਬੇ-ਖੌਫ ਹੁੰਦੇ
ਲੇਕਿਨ ਸਿੰਘ ਸੀ ਬਹੁਤ ਬੇਧੜਕ ਮੀਆਂ।
ਕਾਦਰਯਾਰ ਅਫਗਾਨ ਬੇਸ਼ੱਕ ਲੜਦੇ
ਐਪਰ ਝੱਲ ਨਾ ਸਕਦੇ ਫੜਕ ਮੀਆਂ ।੨੯।

ਹੋ ਹੋ ਕੇ ਜਮ੍ਹਾ ਫਿਰ ਗਿਰਦ ਸਾਰੇ
ਵਾਂਗ ਡੇਹਮੂਆਂ ਸਿੰਘ ਨੂੰ ਡੰਗਦੇ ਜੀ।
ਚਾਰੋਂ ਤਰਫ ਤਲਵਾਰਾਂ ਦੀ ਮਾਰ ਕਰਕੇ
ਬੰਦ ਵੱਢ ਸੁੱਟੇ ਹਰ ਅੰਗ ਦੇ ਜੀ
ਬਦਲਾ ਆਪਣਾ ਲੈ ਕੇ ਆਪ ਯਾਰੋ
ਫੂਲਾ ਸਿੰਘ ਮੋਇਆ ਵਿਚ ਜੰਗ ਦੇ ਜੀ।
ਕਾਦਰਯਾਰ. ਦੁੱਰਾਨੀ ਕਰ ਸ਼ਾਦਮਾਨੀ

ਲੋਥ ਬਰਛਿਆਂ ਦੇ ਉੱਤੇ ਟੰਗਦੇ ਜੀ ।੩੦।

ਯੇ ਯਾਰੀ ਸਰਦਾਰ ਨੇ ਤੋੜ ਚਾੜ੍ਹੀ
ਮੋਇਆ ਮਾਰ ਕੇ ਵਿਚ ਮੈਦਾਨ ਯਾਰੋ।
ਦੁਸ਼ਮਣ ਮਾਰ ਕੇ ਆਪ ਹਲਾਕ ਹੋਇਆ
ਦਿਲ ਦੇ ਵਿਚ ਨਾ ਰਿਹਾ ਅਰਮਾਨ ਯਾਰੋ।
ਆਸ ਪਾਸ ਦੇ ਸਭ 'ਸ਼ਾਬਾਸ਼' ਕਹਿੰਦੇ
ਕਿਆ ਸਿੱਖ ਤੇ ਕਿਆ ਅਫ਼ਗਾਨ ਯਾਰੋ।
ਕਾਦਰਯਾਰ ਉਹ ਮੋਇਆ ਤਾਂ ਕੀ ਹੋਇਆ
ਦੁਨੀਆਂ ਵਿਚ ਰਹਿਆ ਜ਼ਿੰਦਾ ਨਾਮ ਯਾਰੋ ।੩੧।

ਸੀਹਰਫੀ ਦੂਜੀ

ਅਲਫ ਅੱਗ ਲੜਾਈ ਦੀ ਭੜਕ ਉੱਠੀ
ਫੂਲਾ ਸਿੰਘ ਜਾਂ ਹੋਇਆ ਸ਼ਹੀਦ ਮੀਆਂ।
ਜਿਵੇਂ ਅੱਗ ਬਾਰੂਦ ਨੂੰ ਲੱਗ ਜਾਵੇ
ਖਿੱਲਰ ਗਈ ਨਜ਼ਦੀਕ ਬਈਦ ਮੀਆਂ।
ਦੋਵੇਂ ਸਿੱਖ ਪਠਾਣ ਪਏ ਹੋਣ ਡੱਕਰੇ
ਜਿਵੇਂ ਬੱਕਰੇ ਰੋਜ਼ਿ ਬੱਕਰੀਦ ਮੀਆਂ।
ਕਾਦਰਯਾਰ ਮਰਦੇ ਗੀਦੀ ਨਾਲ ਡਰ ਦੇ
ਪਰ ਬਹਾਦੁਰਾਂ ਨੂੰ ਹੋਈ ਈਦ ਮੀਆਂ ।੧।

ਬੇ ਬੰਦੂਕ ਦੀ ਕੂਕ ਨੂੰ ਕੌਣ ਸੁਣਦਾ
ਜਿਥੇ ਤੋਪਾਂ ਨੇ ਪਾਈ ਏ ਗੱਜ ਯਾਰੋ।
ਧੂੰਆਂ-ਧਾਰ ਤੇ ਗਰਦ ਗੁਬਾਰ ਨੇ ਜੀ
ਲਿਆ ਸਾਰੇ ਮੈਦਾਨ ਨੂੰ ਕੱਜ ਯਾਰੋ।
ਅਜ਼ਰਾਈਲ ਤਿਆਰ ਹੋ ਕੋਲ ਖਲ੍ਹਾ
ਢੋਲ ਮੌਤ ਵਾਲਾ ਗਿਆ ਵੱਜ ਯਾਰੋ।
ਕਾਦਰਯਾਰ ਇਕ ਵਾਰ ਤਾਂ ਯਾਦ ਰਖਸੀ
ਜੇਹੜਾ ਜੀਂਵਦਾ ਰਹੇਗਾ ਅੱਜ ਯਾਰੋ ।੨।

ਪੈ ਪਏ ਤੁਭਥਦੇ ਊਂਠ ਘੋੜੇ
ਹੋਏ ਕੰਨ ਡੋਰੇ ਨਾਲ ਗੂੰਜ ਮੀਆਂ।
ਜ਼ਖਮੀ ਖੂਨ ਦੇ ਵਿਚ ਗ਼ਲਤਾਨ ਰੁਲਦੇ
ਜਿਵੇਂ ਪਈ ਕੁਰਲਾਂਵਦੀ ਕੂੰਜ ਮੀਆਂ।
ਮੌਸਮ ਫਸਲ ਦੇ ਵਿਚ ਜਿਵੇਂ ਫੇਰ ਬਹੁਕਰ
ਭੁੱਖਾ ਜੱਟ ਲੈਂਦਾ ਦਾਣੇ ਹੂੰਝ ਮੀਆਂ।
ਕਾਦਰਯਾਰ ਗੋਲੇ ਸੋਹਣੀ ਸੂਰਤਾਂ ਨੂੰ
ਵਾਂਗ ਮੂਰਤਾਂ ਦੇਂਵਦੇ ਪੂੰਝ ਮੀਆਂ ।3।

ਤੇ ਤੋਪਾਂ ਨੂੰ ਚਲਦਿਆਂ ਪਹਿਰ ਹੋਇਆ
ਤੇ ਦੁਪਹਿਰ ਪੁੱਜੀ ਉੱਤੇਂ ਆਣ ਬੇਲੀ
ਪਿਆਸ ਦੇ ਨਾਲ ਸਭ ਉਦਾਸ ਹੋਏ
ਸਖਤ ਧੁੱਪ ਲੱਗੀ ਉੱਤੋਂ ਆਣ ਬੇਲੀ।
ਪਾਂਦੇ ਡੰਡ ਪਰ ਕੰਡ ਨਾ ਮੂਲ ਦੇਂਦੇ
ਪਏ ਜਾਨ ਨੂੰ ਕਰਨ ਕੁਰਬਾਨ ਬੇਲੀ।
ਕਾਦਰਯਾਰ ਮਰਦੇ ਉੱਤੇ ਮੋਰਚੇ ਦੇ
ਦੋਵੇਂ ਸਿੱਖ ਤੇ ਨਾਲੇ ਪਠਾਣ ਬੇਲੀ ।4।

ਸੇ ਸਾਬਤੀ ਦੇ ਨਾਲ ਸਿੱਖ ਯਾਰੋ
ਵੇਖੋ ਤਰਫ ਪਠਾਣਾਂ ਦੀ ਬੜ੍ਹਨ ਲੱਗੇ।
ਪਰੇ ਸੁੱਟ ਬੰਦੂਕ ਤੇ ਘੁੱਟ ਕੇ ਜੀ
ਹੱਥ ਵਿਚ ਸ਼ਮਸ਼ੀਰ ਨੂੰ ਫੜਨ ਲੱਗੇ।
ਵਸਦੇ ਗੋਲਿਆਂ ਨੂੰ ਜਿਵੇਂ ਜਾਣ ਓਲੇ
ਸਿੱਧੇ ਵਿਚ ਮੈਦਾਨ ਦੇ ਵੜਨ ਲੱਗੇ।
ਕਾਦਰਯਾਰ ਤਲਵਾਰ ਦੀ ਝੰਬ ਦੇ ਕੇ
ਦੁਸ਼ਮਣ ਦਾਣਿਆਂ ਦੇ ਵਾਂਗ ਛੜਨ ਲੱਗੇ ।5।

ਜੀਮ ਜੰਗ ਦਾ ਰੰਗ ਤਾਂ ਹੋਰ ਹੋਇਆ
ਜਦੋਂ ਦੌੜ ਕੇ ਆਏ ਨਿਹੰਗ ਯਾਰੋ।
ਸ਼ੇਰ ਬੱਬਰ ਵਾਂਗੂੰ ਹਥ ਤਬਰ ਫੜ ਕੇ

ਨਾਹਰਾ ਮਾਰਦੇ ਜਿਵੇਂ ਮਲੰਗ ਯਾਰੋ।
ਜਮ੍ਹਾਂ ਹੋਇ ਕੇ ਮੋਰਚੇ ਵਲ ਆਏ
ਜਿਵੇਂ ਸ਼ਮ੍ਹਾ ਤੇ ਜਾਏ ਪਤੰਗ ਯਾਰੋ।
ਕਾਦਰਯਾਰ ਪਠਾਣ ਤੇ ਸਿੱਖ ਦੋਵੇਂ
ਦਿੱਤੇ ਹੁਣ ਤਕਦੀਰ ਨੇ ਡੰਗ ਯਾਰੋ ।੬।

ਚੇ ਚੁਸਤੀ ਦੇ ਨਾਲ ਦੁੱਰਾਨੀਆਂ ਨੇ
ਖਿੱਚੀ ਗੁੱਸੇ ਦੇ ਨਾਲ ਤਲਵਾਰ ਯਾਰੋ।
ਕਾਇਮ ਹੋ ਕੇ ਆਪਣੀ ਜਗ੍ਹਾ ਵੁੱਤੇ
ਨਾਹਰਾ ਮਾਰਦੇ ਖ਼ੂਬ ਲਲਕਾਰ ਯਾਰੋ।
ਜਿਵੇਂ ਸ਼ੇਰ ਬੱਗੇ ਸਿਖ ਗਲੇ ਲੱਗੇ
ਸ਼ੁਰੂ ਹੋਈ ਤਲਵਾਰ ਦੀ ਮਾਰ ਯਾਰੋ।
ਕਾਦਰਯਾਰ ਵਿਚਾਰ ਦੇ ਨਾਲ ਦੇਖੇ
ਸਿੱਖ ਇੱਕ ਪਠਾਣ ਜੇ ਚਾਰ ਯਾਰੋ ।੭।

ਹੇ ਹਲਾਲ ਦਾ ਚੰਨ ਜਿਵੇਂ ਚਮਕਦਾ ਏ
ਤਿਵੇਂ ਚਮਕਦੀ ਪਈ ਸ਼ਮਸ਼ੇਰ ਮੀਆਂ।
ਇਕ ਵਾਰ ਜਿਹਨੂੰ ਧਾਰ ਵਹਿ ਜਾਵੇ
ਤਾਬ ਰਹੇ ਨਾ ਲੜਨ ਦੇ ਫੇਰ ਮੀਆਂ
ਜ਼ਿਮੀਂ ਲਹੂ ਦੇ ਨਾਲ ਤਾਂ ਲਾਲ ਹੋਈ
ਲੱਗੇ ਮੁਰਦਿਆਂ ਦੇ ਆਣ ਢੇਰ ਮੀਆਂ।
ਕਾਦਰਯਾਰ ਆ ਕਹਿਰ ਨੇ ਜ਼ੋਰ ਪਾਇਆ
ਉੱਡ ਗਈ ਜਹਾਨ ਤੋਂ ਮੇਹਰ ਮੀਆਂ ।੮।

ਖ਼ੇ ਖ਼ੂਬ ਲੜਦੇ ਸਿੰਘ ਗੱਡ ਕੇ ਜੀ
ਕੱਢ ਦਿੱਤਾ ਪਠਾਣਾਂ ਦਾ ਧੂੰ ਮੀਆਂ।
ਨਾਲ ਤੇਗ ਫੱਟੇ ਕੀਤੇ ਵੰਢ ਖੱਟੇ
ਯਾਦ ਆਂਵਦਾ ਤੂੰ ਹੀ ਤੂੰ ਮੀਆਂ।
ਇਕ ਦੂਸਰੇ ਨੂੰ ਕਤਲ ਕਰਨ ਯਾਰੋ
ਜਿਵੇਂ ਰੰਨ ਚਾ ਮਾਰਦੀ ਜੂੰ ਮੀਆਂ।

ਕਾਦਰਯਾਰ ਤਲਵਾਰ ਚਲਾਈ ਸਿੱਖਾਂ
ਜਿਵੇਂ ਪੇਂਜਾ ਹੈ ਪਿੰਜਦਾ ਰੂੰ ਮੀਆਂ ।੯।

ਦਾਲ ਦੱਬ ਕੇ ਖਾਲਸਾ ਫੌਜ ਲੜੀ
ਜਿਵੇਂ ਚੜ੍ਹੀ ਝਨਾਂ ਦੀ ਕਾਂਗ ਯਾਰੋ
ਪਸ਼ੇਮਾਨ ਤੇ ਹੋ ਹੈਰਾਨ ਖਲੇ
ਭੁੱਲ ਗਈ ਪਠਾਣਾਂ ਨੂੰ ਬਾਂਗ ਯਾਰੋ।
ਸਹਿੰਦੇ ਫੜਕ ਨਾ ਕੜਕਦੇ ਨਾਲ ਤੇਗਾਂ
ਜਿਵੇਂ ਲੱਕੜੀ ਦੀ ਹੁੰਦੀ ਛਾਂਗ ਯਾਰੋ।
ਕਾਦਰਯਾਰ ਅਕਾਲੀਆਂ ਤਬਰ ਫੜ ਕੇ
ਕੀਤੀ ਆਣ ਪਠਾਣਾਂ ਦੀ ਛਾਂਗ ਯਾਰੋ ।੧੦।

ਡਾਲ ਡੌਰ ਹੋਏ ਨਾਲੇ ਭੌਰ ਹੋਏ
ਹੋਰ ਤੌਰ ਹੋਏ ਯਾਰੋ ਗਾਜ਼ੀਆਂ ਦੇ।
ਹੋ ਕੇ ਚਾਕ ਰੁਲਦੇ ਵਿਚ ਖਾਕ ਦੇ ਜੀ
ਜੇਹੜੇ ਸਾਹਨ ਚੜ੍ਹਦੇ ਉਪਰ ਤਾਜ਼ੀਆਂ ਦੇ।
ਧੁਰੋਂ ਹਾਰ ਨਸੀਬ ਨੂੰ ਧਾੜ ਪੈ ਗਈ
ਹੁਣ ਕੌਣ ਸੁਣਦਾ ਮਸਲੇ ਕਾਜ਼ੀਆਂ ਦੇ।
ਕਾਦਰਯਾਰ ਵੁਜ਼ੂ ਲਹੂ ਨਾਲ ਕਰਦੇ
ਸੱਥਰ ਲੱਥੇ ਨੀ ਅੱਜ ਨਮਾਜ਼ੀਆਂ ਦੇ ।੧੧।

ਜ਼ਾਲ ਜ਼ਿਬਾਹ ਪਏ ਤਿੱਤਰਾਂ ਵਾਂਗ ਹੁੰਦੇ
ਦੇਂਦੇ ਕੰਡ ਨਾ ਮਿੱਤਰ ਪਿਆਰਿਆਂ ਨੂੰ।
ਗਾਜ਼ੀ ਮਰਨ ਤੇ ਹੋਏ ਨੇ ਆਪ ਰਾਜ਼ੀ
ਕਰਕੇ ਯਾਦ ਆਪਣੇ ਪੀਰਾਂ ਸਾਰਿਆਂ ਨੂੰ।
ਸਿੱਕ ਬੱਚਿਆਂ ਦੀ ਘਰ ਦੇ ਵਲ ਖਿੱਚੇ
ਦਿਸੇ ਰਾਹ ਨਾ ਕੋਈ ਵਿਚਾਰਿਆਂ ਨੂੰ।
ਕਾਦਰਯਾਰ ਕਰਦੇ ਯਾਦ ਔਰਤਾਂ ਨੂੰ
ਜਿਹੜੀਆਂ ਗਿਣਦੀਆਂ ਪਈਆਂ ਨੇ ਤਾਰਿਆਂ ਨੂੰ।੧੨।

ਰੇ ਰੱਖਿਆ ਜ਼ਰਾ ਨਾ ਫਰਕ ਬਾਕੀ

ਕੀਤੀ ਖਾਲਸੇ ਨੇ ਡਾਢੀ ਜ਼ੋਰੀਆਂ ਜੀ।
ਬੇ-ਲਗਾਮ ਘੋੜੇ ਦੌੜੇ ਚਾਰ ਤਰਫੀਂ
ਤੇ ਸਵਾਰਾਂ ਦੀਆਂ ਕੀਤੀਆਂ ਪੋਰੀਆਂ ਜੀ।
ਪਿਚਕਾਰੀ ਤਾਂ ਬਰਛੀ ਦੀ ਠੀਕ ਮਾਰੀ
ਖ਼ੂਬ ਖੇਡੀਆਂ ਖਾਲਸੇ ਹੋਰੀਆਂ ਜੀ।
ਕਾਦਰਯਾਰ ਪਠਾਣਾਂ ਦੇ ਰੁਲਣ ਮੁਰਦੇ
ਜਿਵੇਂ ਰੁਲਦੀਆਂ ਬਾਗ ਵਿਚ ਤੋਰੀਆਂ ਜੀ ।੧੩।

ਜ਼ੇ ਜ਼ੋਰ ਦੁੱਰਾਨੀਆਂ ਬਹੁਤ ਲਾਇਆ
ਐਪਰ ਪੇਸ਼ ਨਾ ਜਾਂਵਦੀ ਇਕ ਮੀਆਂ।
ਕੇਹੜਾ ਪਾੜ ਤਲਵਾਰ ਦੇ ਆਣ ਮੇਲੇ
ਹਾੜ੍ਹੇ ਲਾ ਕੇ ਥੱਕੇ ਅਨੇਕ ਮੀਆਂ।
ਕੰਧਾਂ ਕਾਬਲ ਦੀਆਂ ਗਈਆਂ ਕੰਬ ਯਾਰੋ!
ਪਹੁੰਚਾ ਜਾ ਕੰਧਾਰ ਨੂੰ ਸੇਕ ਮੀਆਂ।
ਕਾਦਰਯਾਰ ਪਠਾਣਾਂ ਦੇ ਵਿਚ ਸੀਨੇ
ਪਾਇਆ ਸ਼ਰਮ ਦੇ ਵਰਮ ਨੇ ਛੇਕ ਮੀਆਂ ।੧੪।

ਸੀਨ ਸਿਖਾਂ ਨੇ ਅੱਢੇ ਮੁਕਾ ਛੱਡੇ
ਪਏ ਧਾਰ ਤਲਵਾਰ ਨੂੰ ਆਣ ਫੰਡੇ।
ਮਾਰ ਮਾਰ ਕੇ ਲਾ ਅੰਬਾਰ ਦਿਤੇ
ਯਾਰੋ ਸਿਖ ਤਲਵਾਰ ਦੇ ਧਨੀ ਵੱਡੇ।
ਨਾਲ ਜੋਸ਼ ਪਠਾਣਾਂ ਤਾਂ ਤਰੇੜ ਦਿੱਤਾ
ਜਿਵੇਂ ਖੋਰ ਪੈ ਜਾਂਵਦੇ ਮਸਤ ਸੰਢੇ।
ਕਾਦਰਯਾਰ ਲਲਕਾਰ ਵੰਗਾਰਦੇ ਨੇ
ਮਾਝੇ ਮਾਲਵੇ ਦੇ ਹੁਸ਼ਿਆਰ ਨੱਢੇ ।੧੫।

ਸ਼ੀਨ ਸ਼ੇਰ ਦਾ ਜ਼ੋਰ ਹੁਣ ਬਹੁਤ ਹੋਇਆ
ਡਾਢੀ ਆਣ ਹੋਈ ਸ਼ੁਰੂ ਕੱਟ ਯਾਰੋ
ਸਿਰ ਸਟ ਕੇ ਪਏ ਪਠਾਣ ਲੜਦੇ
ਦਿੱਤਾ ਸੈਆਂ ਨਿਹੰਗਾਂ ਨੂੰ ਫੱਟ ਯਾਰੋ।

ਝਟ ਸਿਖ ਆਪਣਾ ਬਦਲਾ ਲੈਣ ਕਾਰਣ
ਵਾਂਗ ਬਾਜ਼ਾਂ ਦੇ ਮਾਰਦੇ ਝੁੱਟ ਯਾਰੋ।
ਕਾਦਰਯਾਰ ਪਠਾਣਾਂ ਦੀ ਫੌਜ ਅੰਦਰ
ਪਿਆ ਆਣ ਕੇ ਹੁਣ ਕੁਰਲੁੱਟ ਯਾਰੋ ।੧੬।

ਜੁਆਦ ਸਾਫ ਲੜਾਈ ਦਾ ਹਾਲ ਸਾਰਾ
ਇਕ ਉੱਚੀ ਪਹਾੜੀ ਦੇ ਸਿਰੇ ਚੜ੍ਹ ਕੇ।
ਰਣਜੀਤ ਸਿੰਘ ਸਰਕਾਰ ਨੇ ਆਪ ਡਿੱਠਾ
ਅੱਖੀਂ ਨਾਲ ਯਾਰੋ ਦੂਰਬੀਨ ਧਰ ਕੇ।
ਕਿਸ ਤਰ੍ਹਾਂ ਨਿਹੰਗਾਂ ਨੇ ਪਕੜ ਤੇਗਾਂ
ਲਾਹ ਦਿਤੇ ਪਠਾਣਾਂ ਦੇ ਵਹਿਮ ਫੜਕੇ।
ਕਾਦਰਯਾਰ ਸਰਕਾਰ ਮਾਲੂਮ ਕੀਤਾ
ਦਿਲ ਵਿਚ ਹੁਣ ਸਭ ਪਠਾਣ ਧੜਕੇ ।੧੭।

ਜੁਆਦ ਜ਼ਰੂਰ ਸਰਕਾਰ ਦੇ ਨਾਲ ਯਾਰੋ
ਹੋਸੀ ਚਾਰ ਹਜ਼ਾਰ ਅਸਵਾਰ ਮੀਆਂ।
ਇਕ ਢਾਲ ਹੇਠਾਂ ਸਭੇ ਮਰਨ ਵਾਲੇ
ਵਿਚ ਲੜਨ ਦੇ ਬਹੁਤ ਹੁਸ਼ਿਆਰ ਮੀਆਂ।
ਤੁਰਤ ਹੇਠ ਪਹਾੜੀ ਤੋਂ ਉੱਤਰ ਕੇ ਜੀ
ਨਾਲ ਜੁਰਅਤ ਦੇ ਬੱਧੀ ਕਤਾਰ ਮੀਆਂ।
ਕਾਦਰਯਾਰ ਨਗਾਰੇ ਤੇ ਚੋਟ ਲਾਈ
ਆਈ ਜੰਗ ਦੇ ਵਲ ਸਰਕਾਰ ਮੀਆਂ ।੧੮।

ਤੋਇ ਤਰਫ ਮੈਦਾਨ ਦੇ ਚਟਕ ਆਏ
ਜਿਵੇਂ ਚੁੰਗੀਆਂ ਮਾਰਦੇ ਬੱਕ ਯਾਰੋ।
ਹੱਥ ਪਕੜ ਨੇਜ਼ੇ ਮਾਰੋ ਮਾਰ ਕਰਦੇ
ਵੜਦੇ ਵਿਚ ਮੈਦਾਨ ਬੇ-ਝਕ ਯਾਰੋ
ਸਿਰ ਗਿਆ ਤੇ ਜਾਏ ਬੇਸ਼ਕ ਉਸ ਦਾ
ਜਗ ਵਿਚ ਰਹਿਆ ਜਿਸ ਦਾ ਨੱਕ ਯਾਰੋ।
ਕਾਦਰਯਾਰ ਸਰਕਾਰ ਨੂੰ ਵੇਖ ਕੇ ਤੇ

ਤਰੁੱਟ ਗਿਆ ਪਠਾਣਾਂ ਦਾ ਛੱਕ ਯਾਰੋ ।੧੯।

ਜ਼ੋਇ ਜ਼ਾਹਰ ਰਿਹਾ ਨਾ ਜ਼ਰਾ ਫੱਕਾ
ਲਗਾ ਜਦੋਂ ਅਸਵਾਰਾਂ ਦਾ ਆਣ ਧੱਕਾ
ਜਿਵੇਂ ਛੱਤ ਹੇਠੋਂ ਕੜੀ ਪਾਟ ਜਾਵੇ।
ਢੇਹ ਪੈਂਦਾ ਏ ਝਟ ਮਕਾਨ ਪੱਕਾ।
ਤਿਵੇਂ ਦਹਲ ਪੈ ਗਈ ਦੁੱਰਾਨੀਆਂ ਨੂੰ
ਕਿਹੜਾ ਵਲ ਕੇ ਦੇਵਸੀ ਆਣ ਡੱਕਾ
ਕਾਦਰਯਾਰ ਪਠਾਣ ਨਾ ਰਹੇ ਕਾਇਮ
ਸਾਰਾ ਜ਼ੋਰ ਅਲੀ ਅਕਬਰ ਲਾ ਥੱਕਾ ।੨੦।

ਐਨ ਅਕਲ ਸਾਰੀ ਮਾਰੀ ਗਈ ਯਾਰੋ
ਐਸੀ ਪਈ ਪਠਾਣਾਂ ਨੂੰ ਵੰਡ ਮੀਆਂ।
ਇਕ ਘੜੀ ਦੇ ਵਿਚ ਅਕਾਲੀਆਂ ਨੇ
ਲਿਆ ਦਾਲ ਫੁਲਕਾ ਉਥੇ ਵੰਡ ਮੀਆਂ।
ਕੱਖ ਰਿਹਾ ਨਾ ਪੱਲੇ ਦੁੱਰਾਨੀਆਂ ਦੇ
ਚਾਰੇ ਕੰਨੀਆਂ ਚਲੇ ਨੀ ਛੰਡ ਮੀਆਂ।
ਕਾਦਰਯਾਰ ਪਠਾਣਾਂ ਨਿਮਾਣਿਆਂ ਨੇ
ਦਿੱਤੀ ਉੱਤੇ ਮੈਦਾਨ ਦੇ ਕੰਡ ਮੀਆਂ ।੨੧।

ਗੈਨ ਗ਼ਰੂਰ ਦੇ ਨਾਲ ਨਿਹੰਗ ਸਾਰੇ
ਨੱਸਦੇ ਗਾਜ਼ੀਆਂ ਨੂੰ ਕਰਦੇ ਚੂਰ ਯਾਰੋ।
ਇਕ ਆਣ ਦੇ ਵਿਚ ਮੈਦਾਨ ਸਾਰਾ
ਹੋਇਆ ਮੁਰਦਿਆਂ ਨਾਲ ਭਰਪੂਰ ਯਾਰੋ।
ਨੇੜੇ ਰਹਿਆ ਨਾ ਇਕ ਪਠਾਣ ਜ਼ਿੰਦਾ
ਬਚ ਗਿਆ ਜੇਹੜਾ ਗਿਆ ਦੂਰ ਯਾਰੋ।
ਕਾਦਰਯਾਰ ਸ਼ਰਾਬ ਬਹਾਦਰੀ ਨੇ
ਕੀਤਾ ਸਿੰਘਾਂ ਨੂੰ ਬਹੁਤ ਮਖ਼ਮੂਰ ਯਾਰੋ ।੨੨।

ਫੇ ਫੇਰ ਨਾ ਪਵੇ ਅੰਧੇਰ ਐਸਾ
ਹੈ ਵਿਰਦ ਇਹ ਮੇਰੀ ਜ਼ਬਾਨ ਉੱਤੇ।

ਬਾਦਸ਼ਾਹ ਕੁਰਾਹੇ ਨਾ ਪੈਣ ਯਾਰੋ
ਕਾਇਮ ਰਹਿਣ ਸਭ ਆਪਣੇ ਈਮਾਨ ਉੱਤੇ।
ਪੂਰਾ ਅੱਸੀ ਹਜ਼ਾਰ ਪਠਾਣ ਯਾਰੋ
ਕਤਲ ਹੋਇਆ ਨੁਸ਼ਹਿਰੇ ਮੈਦਾਨ ਉੱਤੇ।
ਕਾਦਰਯਾਰ ਸਰਕਾਰ ਨੇ ਫ਼ਤਿਹ ਪਾਈ
ਧੁੰਮ ਪਈ ਏ ਸਾਰੇ ਜਹਾਨ ਉੱਤੇ ।੨੩।

ਕਾਫ਼ ਕਾਬੁਲ ਸ਼ਿਕਸਤ ਦੀ ਖ਼ਬਰ ਪਹੁੰਚੀ
ਪਿਆ ਵਖਤ ਕੰਧਾਂ ਹੋਈਆਂ ਕਾਲੀਆਂ ਜੀ।
ਤੇਰੇ ਖ਼ਾਨ ਸਾਰੇ ਸੋਹਣੀ ਸ਼ਾਨ ਵਾਲੇ
ਮਾਰੇ ਵਿਚ ਮੈਦਾਨ ਅਕਾਲੀਆਂ ਜੀ।
ਤੇਰੇ ਬਾਗ ਦੇ ਵਿਚ ਨਾ ਜ਼ਾਗ ਲਭਦਾ
ਉੱਡ ਗਏ ਤੋਤੇ ਮੈਨਾਂ ਲਾਲੀਆਂ ਜੀ।
ਕਾਦਰਯਾਰ ਨਿਹੰਗਾਂ ਨੇ ਪੀ ਭੰਗਾਂ
ਫਲ ਵੱਢ ਸੁੱਟੇ ਸਣੇ ਡਾਲੀਆਂ ਜੀ ।੨੪।

ਕਾਫ਼ ਕਹਿਰ ਖ਼ੁਦਾ ਦਾ ਪਵੇ ਸਿੱਖਾਂ
ਕਹਿਣ ਲਹਿਰ ਦੇ ਵਿਚ ਪਠਾਣੀਆਂ ਜੀ।
ਅੱਛੀ ਕੀਤੀ ਜੇ ਜ਼ਾਲਮੋ ! ਨਾਲ ਸਾਡੇ
ਮਾਰੀ ਵਿਚ ਕਲੇਜੇ ਦੇ ਕਾਨੀਆਂ ਜੀ।
ਰੱਬ ਕਰੇ ਜੇ ਚੜ੍ਹੇ ਗਨੀਮ ਕੋਈ
ਵਿਚੋਂ ਰੂਸ ਯਾ ਲਸ਼ਕਰ ਕਰਾਨੀਆਂ ਜੀ
ਕਾਦਰਯਾਰ ਅਜ਼ਗੈਬ ਦਾ ਪਵੇ ਗੋਲਾ
ਰੋਣ ਵਿਚ ਪੰਜਾਬ ਜ਼ਨਾਨੀਆਂ ਜੀ ।੨੫।

ਗਾਫ ਗੁਰੂ ਨੇ ਰੱਖੀ ਹੈ ਲਾਜ ਮੇਰੀ
ਮੂੰਹੋਂ ਬੋਲਿਆ ਫੇਰ ਮਹਾਰਾਜ ਸਾਈਂ।
ਗੁਰੂ ਮਾਲਕ ਹੈ ਦੋ ਜਹਾਨ ਦਾ ਜੀ,
ਕੇਹੜੀ ਥਾਂ ਜਿਥੇ ਉਹਦਾ ਰਾਜ ਨਾਹੀਂ।
ਬਿਨਾਂ ਹੁਕਮ ਕੋਈ ਤਾਜ ਨਹੀਂ ਪਾਵੇ

ਬਿਨਾਂ ਹੁਕਮ ਆਵੇ ਕਿਸੇ ਭਾਜ ਨਾਹੀਂ।
ਕਾਦਰਯਾਰ ਖੁਰਸ਼ੰਦ ਹੈ ਉਹ ਬੰਦਾ
ਬਿਨਾਂ ਬੰਦਗੀ ਦੇ ਦੂਜਾ ਕਾਜ ਨਾਹੀਂ ।੨੬।

ਲਾਮ ਲੰਘ ਗਿਆ ਰੋਜ਼ ਜੰਗ ਵਾਲਾ
ਉਤੋਂ ਮੂੰਹ ਆਈ ਕਾਲੀ ਰਾਤ ਯਾਰੋ।
ਸਿੰਘ ਉੱਤੇ ਮੈਦਾਨ ਦੇ ਤਾਣ ਦਿੰਦੇ
ਛੋਲਦਾਰੀਆਂ ਤੰਬੂ ਕਨਾਤ ਯਾਰੋ।
ਸਮਿਆਨ ਫਿਰ ਖਾਣ ਦਾ ਕਰਨ ਲੱਗੇ
ਆਣ ਚੜ੍ਹਨ ਲੱਗੀ ਦਾਲ ਭਾਤ ਯਾਰੋ।
ਕਾਦਰਯਾਰ ਅਕਾਲੀਆਂ ਫੇਰ ਚੌਂਕੇ
ਆਟੇ ਗੁੱਧੇ ਨੀਂ ਵਿਚ ਪਰਾਤ ਯਾਰੋ ।੨੭।

ਮੀਮ ਮੂੰਹ ਅਨ੍ਹੇਰੇ ਨਿਹੰਗ ਸਾਰੇ
ਫੇਰਾ ਪਾਂਵਦੇ ਵਿਚ ਮੈਦਾਨ ਦੇ ਜੀ।
ਵਿਚ ਮੁਰਦਿਆਂ ਦੇ ਟੁਰਦੇ ਨਜ਼ਰ ਕਰਕੇ
ਮੋਇਆਂ ਯਾਰਾਂ ਨੂੰ ਪਏ ਪਛਾਣਦੇ ਜੀ।
ਹੱਥ ਜੋੜ ਅਰਦਾਸ ਕਰਨ ਗੁਰੂ ਅੱਗੇ
ਜਦੋਂ ਯਾਰ ਦਾ ਮੂੰਹ ਸਿੰਞਾਣਦੇ ਜੀ।
ਕਾਦਰਯਾਰ ਨਿਹੰਗ ਮਲੰਗ ਬਣ ਕੇ
ਸਤਿ ਸ੍ਰੀ ਅਕਾਲ ਗਜਾਂਵਦੇ ਜੀ ।੨੮।

ਨੂਨ ਨਾਹਸ਼ ਫੂਲਾ ਸਿੰਘ ਸੂਰਮੇ ਦੀ ਲਾਸ਼
ਹੋਈ ਬਹੁਤ ਤਲਾਸ਼ ਮੈਦਾਨ ਉੱਤੇ।
ਹੋਏ ਹੱਕੇ-ਬੱਕੇ ਸੱਭੇ ਲੱਭ ਥੱਕੇ
ਮਹਾਰਾਜ ਦੇ ਖਾਸ ਫ਼ੁਰਮਾਨ ਉੱਤੇ।
ਯਾ ਉਹ ਗਰਕ ਹੋ ਵੜੀ ਜ਼ਮੀਨ ਦੇ ਵਿਚ
ਯਾ ਕਿ ਬਰਕ ਹੋ ਚੜ੍ਹੀ ਅਸਮਾਨ ਉੱਤੇ
ਕਾਦਰਯਾਰ ਨਿਹੰਗ ਹੈਰਾਨ ਖੱਲ੍ਹੇ
ਨਹੀਂ ਠਹਿਰਦੇ ਕਿਸੇ ਅਰਮਾਨ ਉੱਤੇ ।੨੯।

ਵਾਉ ਵਿਚ ਮੈਦਾਨ ਦੇ ਮੁਰਦਿਆਂ ਦਾ
ਲੱਗਾ ਆਣ ਸੀ ਬੜਾ ਇਕ ਢੇਰ ਮੀਆਂ।
ਐਸੀ ਹੋਰ ਕਤਲਾਮ-ਗਾਹ ਖਤਰ ਵਾਲੀ
ਨਜ਼ਰ ਆਵੇ ਨਾ ਚਾਰ ਚੁਫੇਰ ਮੀਆਂ।
ਟੰਗਾਂ ਬਾਂਹਾਂ ਦਾ ਚੰਗਾ ਅੰਬਾਰ ਲਗਾ
ਸਿਰੀਆਂ ਰੁਲਦੀਆਂ ਵਾਂਗਰਾਂ ਬੇਰ ਮੀਆਂ।
ਕਾਦਰਯਾਰ ਸਰਕਾਰ ਨੇ ਵੇਖ ਕਹਿਆ -
'ਹੋਸੀ ਹੇਠ ਇਸ ਢੇਰ ਦੇ ਸ਼ੇਰ ਮੀਆਂ' ।੩੦।

ਹੋ ਹੋ ਹੁਸ਼ਿਆਰ ਤਿਆਰ ਸਾਰੇ
ਲਗੇ ਫੋਲਣੇ ਉਸ ਅੰਬਾਰ ਨੂੰ ਜੀ।
ਹੱਥਾਂ ਨਾਲ ਹਟਾਂਵਦਾ ਆਪ ਮੁਰਦੇ
ਐਸਾ ਸ਼ੌਕ ਸੀ ਖਾਸ ਸਰਕਾਰ ਨੂੰ ਜੀ
ਬਿਸਿਆਰ ਤਲਾਸ਼ ਦੇ ਬਾਅਦ ਯਾਰੋ!
ਪੁੰਨੀ ਆਸ ਸਭ ਦੀ ਆਖਰ-ਕਾਰ ਨੂੰ ਜੀ।
ਕਾਦਰਯਾਰ ਨਿਕਾਲਿਆ ਢੇਰ ਹੇਠੋਂ
ਫੂਲਾ ਸਿੰਘ ਦਲੇਰ ਸਰਕਾਰ ਨੂੰ ਜੀ ।੩੧।

ਯੇ ਯਾਦ ਕਰ ਕੇ ਮਰਦਿਆਈ ਉਸ ਦੀ
ਮਹਾਰਾਜ ਨੇ ਦਿੱਤੀ ਦੁਹਾਈ ਯਾਰੋ।
ਕਰੇ ਸ਼ੁਕਰ ਅਕਾਲ ਦਾ ਫੌਜ ਸਾਰੀ
ਲਾਸ਼ ਘੁੱਟ ਕੇ ਗਲੇ ਲਗਾਈ ਯਾਰੋ।
ਸਭ ਸਿੰਘ ਸਰਦਾਰ ਅਰਦਾਸ ਕਰਦੇ
ਨਦੀ ਹੰਝੂ ਨਾ ਕਿਸੇ ਵਗਾਈ ਯਾਰੋ।
ਕਾਦਰਯਾਰ ਸਰਕਾਰ ਅਰਦਾਸ ਕੀਤੀ -
ਏਥੇ ਜਾਏ ਸਮਾਧ ਬਣਾਈ ਯਾਰੋ ।੩੨। - ਇਤੀ

(ਅ)

ਵਾਰ ਅਕਾਲੀ ਫੂਲਾ ਸਿੰਘ ਜੀ ਕੀ

(ਸ. ਗੁਰਦੇਵ ਸਿੰਘ ਮਾਨ)

ਕਦੀ ਬੇਲਿਆਂ ਵਿਚ ਸ਼ੀਂਹ ਬੁੱਕਣੋਂ, ਨਹੀਂ ਰਹਿੰਦੇ ਹੋੜੇ।
ਕਦੀ ਕੁੱਦਣੋਂ ਰੋਕ ਨ ਰੱਖ ਲਏ ਅਸਵਾਰਾਂ ਘੋੜੇ।
ਕਦੇ ਵਹਿਣ ਪਿਛਾਂ ਦਰਿਆ ਦੇ, ਨਹੀਂ ਜਾਂਦੇ ਮੋੜੇ।
ਜੇ ਬੰਨ੍ਹ ਕਿਸੇ ਨੇ ਮਾਰ ਲਏ, ਉਨ੍ਹਾਂ ਬੰਨੇ ਤੋੜੇ।
ਜਿਨ੍ਹਾਂ ਫੱਕੀ ਵਾ ਅਕਾਸ਼ ਦੀ, ਬਾਜ਼ਾਂ ਦੇ ਜੋੜੇ।
ਉਹ ਪਾਏ ਕਿਸੇ ਜੇ ਪਿੰਜਰੇ, ਉਨ੍ਹਾਂ ਮਾਰੇ ਲੋੜ੍ਹੇ।
ਜੇ ਸੀਖਾਂ ਟੁੱਟ ਨ ਸੱਕੀਆਂ, ਉਨ੍ਹਾਂ ਖੰਭ ਤਰੋੜੇ।
ਹੋ ਜਾਣ ਗੁਲਾਮ ਜੇ ਸੂਰਮੇਂ, ਦਿਨ ਰਹਿੰਦੇ ਥੋੜੇ।
ਤਿਵੇਂ ਅੱਜ ਪਠਾਣੀ ਕੌਮ ਦੇ, ਗਏ ਸੀਨੇ ਪੋੜੇ।
ਜਦੋਂ ਸਿੰਘਾਂ ਕਾਬੂ ਕਰ ਲਏ, ਕਾਬਲ ਦੇ ਘੋੜੇ।
ਜਿਨ੍ਹਾਂ ਖਾਧਾ ਤੇਰਾਂ ਲੁੱਟ ਕੇ, ਫੜ ਮੁਲਕ ਝੰਜੋੜੇ।
ਕਿਵੇਂ ਬਹਿ ਬਹਿ ਖਾਣ ਉਹ ਲੰਗਰੀਂ, ਬਣ ਬਣ ਕੇ ਕੋਹੜੇ।
ਬਹਿ 'ਦੋਸਤ ਮੁੰਹਮਦ' ਝੂਰਦਾ, ਫੜ ਹੱਥ ਮਰੋੜੇ।
ਉਨੂੰ ਗੈਰਤ ਪਾ ਪਾ ਲਾਨ੍ਹਤਾਂ, ਨਿਤ ਦੇਂਦੀ ਤੋੜੇ।
ਹੁਣ ਕਿਲ੍ਹੇ ਸਿੰਘਾਂ ਦੇ ਜਾਪਦੇ, ਉਨੂੰ ਹਿਕ ਦੇ ਫੋੜੇ।
ਉਹ ਗ਼ਲਬਾ ਸਿੰਘਾਂ ਸੂਰਿਆਂ ਦਾ ਲਾਹੁਣਾ ਲੋੜੇ। ੧ ।

ਇਕ ਦਿਨ ਕੁਝ ਖਾਨ ਬੁਲਾ ਕੇ, ਉਸ ਜਾਚੇ ਤੱਕੇ।
ਉਸ ਜੋਹ ਜੋਹ ਕੇ ਅੱਡ ਕਰ ਲਏ, ਜੋ ਜਾਪੇ ਪੱਕੇ।
ਉਸ ਦਿਲ ਦੀਆਂ ਖੁਲ੍ਹ ਕੇ ਆਖੀਆਂ, ਕੁਲ ਪਰਦੇ ਚੱਕੇ।
ਅਸੀਂ ਉਮਤ ਇਕੋ ਨਬੀ ਦੀ, ਤੇ ਭਾਈ ਸੱਕੇ।
ਪਰ ਕੱਲ ਜਿਹੜੀ ਪੰਜਾਬ ਨੂੰ, ਅਸੀਂ ਲੁਟ ਨ ਥੱਕੇ।

ਜਿਦੇ ਵੀਹ ਵੀਹ ਮੰਦਰ ਢਾਹ ਗਏ, ਵਿਚ ਅੱਖ-ਝਮਕੇ।
(ਉਥੋਂ) ਆ ਕੇ ਢਾਈ ਟੋਟਰੂ, ਸਾਨੂੰ ਮਾਰਨ ਧੱਕੇ।
ਅਜ ਤੀਕ ਹਕੂਮਤ ਕਿਸੇ ਦੀ, ਅਸੀਂ ਸਹਿ ਨ ਸੱਕੇ।
(ਪਰ) ਇਨਾਂ ਨੇੜੀਂ ਵਿੰਨ੍ਹ ਵਿੰਨ੍ਹ
ਪਾ ਲਈਆਂ, ਨੱਥਾਂ ਵਿਚ ਨੱਕੇ।
ਅੱਗ ਵਾਂਗੂੰ ਖਬਰਾਂ ਖਿਲਰੀਆਂ, ਜਾ ਪਹੁੰਚੀਆਂ ਮੱਕੇ।
ਸਾਨੂੰ ਮਿਹਣੇ ਦੇਣ ਤ੍ਰੀਮਤਾਂ, ਅਸੀਂ ਸੁਣ ਸੁਣ ਅੱਕੇ।
ਕੋਈ ਛੇਤੀ ਕਰ ਲਓ ਫੈਸਲਾ, ਪਾ ਛੱਡੋ ਡੱਕੇ।
ਨਹੀਂ ਵੇਲਾ ਵਕਤ ਗਵੌਣ ਦਾ, ਵਿਚ ਜੱਕੇ-ਤੱਕੇ।
ਤੁਸੀਂ ਪਿੰਡ ਪਿੰਡ ਫਿਰ ਨਿਕਲੋ, ਬਣ ਮੋਮਨ ਪੱਕੇ।
ਤੁਸੀਂ ਜਾਬਰ ਪੁੱਤ ਪਠਾਣ ਦੇ, ਨਹੀਂ ਚੋਰ ਉਚੱਕੇ।
ਪਰ ਅੱਜ ਪੰਜਾਬੀ ਲੈਣ ਜੋ, ਪਏ ਇਟ-ਖੜੱਕੇ।
ਰਲ ਆਏ ਜੁਲਾਹੇ ਤਖਾਣ ਨੇ, ਕੁਝ ਨਾਈ ਸੱਕੇ।
ਸਾਨੂੰ ਵੇਖਦਿਆਂ ਹੀ ਹੋ ਜਾਣਗੇ, ਇਹ ਹੱਕੇ ਬੱਕੇ।
ਅਸੀਂ ਤਲੀਏਂ ਰੱਖ ਰੱਖ ਮਾਰਨੇ, ਸਿੰਘਾਂ ਦੇ ਫੱਕੇ। ੨ ।

ਇਉਂ ਬਹਿ ਕੇ ਖਾਨਾਂ ਜੋਧਿਆਂ, ਕੁਲ ਬਣਤ ਬਣਾਈ।
ਉਨ੍ਹਾਂ ਸਾਰੀ ਖਿੱਲਰੀ ਖੱਪਰੀ, ਝਟ ਫੌਜ ਬੁਲਾਈ।
ਜੋ ਖੱਲੀਂ ਖੂੰਜੀਂ ਪਈ ਸੀ, ਬੰਦੂਕ ਮੰਗਾਈ।
ਰੱਜ ਫਿਰੇ ਜੰਗਾਲੀਏਂ ਨਾਂਲੀਏਂ, ਹੋ ਗਈ ਸਫਾਈ।
ਫਿਰ ਪਾਈ ਦੀਨ ਦੇ ਨਾਂ ਤੇ, ਹਰ ਪਿੰਡ ਦੁਹਾਈ :-
"ਓ ਗਾਜ਼ੀਓ ! ਅੱਜ ਇਸਲਾਮ ਤੇ, ਕੋਈ ਆਫਤ ਆਈ"
"ਤੁਸੀਂ ਤਾਲਬ ਹਜ਼ਰਤ ਅਲੀ ਦੇ, ਨਹੀਂ ਸ਼ੋਹਦੇ ਕਾਈ।"
"ਪਰ ਅੱਜ ਸ਼ਹਾਦਤ ਜਿਨ੍ਹੇ ਵੀ, ਮੈਦਾਨੇ ਪਾਈ।"
"ਉਹਨੂੰ ਕੁਰਬ-ਹਜ਼ੂਰੀ ਮਿਲੇਗਾ, ਜੱਨਤ ਵਡਿਆਈ।"
"ਮਿਲੂ ਹਰ ਸ਼ੈ ਮਾਲ ਗਨੀਮਤੋਂ, ਜੋ ਹਿੱਸੇ ਆਈ।"
ਉਥੇ ਉਲਰੀ ਮਜ਼੍ਹਬੀ ਜੋਸ਼ ਦੀ, ਦਏ ਕਾਂਗ ਵਿਖਾਈ।
ਰਣ ਆ ਮੁਲਖੱਈਆ ਨਿਤਰਿਆ, ਉਸ ਧੂਮ ਮਚਾਈ।

ਉਥੇ ਕੱਠੇ ਹੋਏ 'ਕਲਾਤੀਏ' ਆ ਗਏ 'ਗਿਲਜ਼ਾਈ'।
ਕੁਝ 'ਯੂਸਫ ਜ਼ਈਏ', 'ਜ਼ੰਕਰੀਏ' ਪਹੁੰਚੇ 'ਖਿਜ਼ਰਾਈ'।
ਕੁਝ ਯਾਕੀ ਅਤੇ ਵਜ਼ੀਰੀਏ ਕੁਝ 'ਬਾਰਕਜ਼ਾਈ'।
ਦਏ ਕਲਮਾਂ ਪਾਕ ਮੁਹੰਮਦੀ, ਥਾਂ ਥਾਂ ਸੁਣਾਈ।
ਓਥੇ ਇਕ ਇਕ ਪੱਗ-ਬੰਨ੍ਹ ਆ ਗਿਆ,
ਘਰ ਰਿਹਾ ਨਾ ਕਾਈ । ੩।

ਉਨ੍ਹਾਂ ਚੁਕੇ ਛੁਰੇ ਫੌਲਾਦ ਦੇ, ਖੰਜਰ ਲਮਕਾਈ।
ਉਨ੍ਹਾਂ ਨੇਜ਼ੇ ਪਕੜ ਉਠਾ ਲਏ, ਗਜ ਢਾਈ ਢਾਈ।
ਉਹ ਅੰਦਰੋਂ ਲੈ ਕੇ ਨਿਕਲੇ, ਹਥ ਜੋ ਸ਼ੈ ਆਈ।
ਉਨ੍ਹਾਂ ਚੁਲ੍ਹਿਓਂ ਤਵੇ ਉਤਾਰ ਕੇ, ਝੱਟ ਢਾਲ ਬਣਾਈ।
(ਪਰ) ਨਾ ਕੀਤੇ ਗਿਲੇ ਪਠਾਣੀਆਂ, ਨ ਗੁੱਲੀ ਲ੍ਹਾਈ।
ਜਾਂ ਘੋੜੇ ਰਹੇ ਨਾ ਚੜ੍ਹਨ ਨੂੰ ਇਹ ਸ਼ੂਨ ਨਾ ਕਾਈ।
ਉਨ੍ਹਾਂ ਲੰਡੀ ਲੁੰਢੀ ਟੈਰ੍ਹ ਤੇ, ਚੁੱਕ ਜੁਲੀ ਪਾਈ।
ਮੁੜ ਜਾਂ ਲੁੰਡੇ ਦਰਿਆ ਨੂੰ, ਉਨ੍ਹਾਂ ਕੂਚ ਬੁਲਾਈ।
ਰਲੇ ਕਾਮੇ ਫੜ ਫੜ ਬੇਲਚੇ, ਵਿੱਚ ਧੰਸੇ ਧਸਾਈ।
ਕਈ ਗੰਢਾਂ ਸੁੱਟ ਕੇ ਰਲ ਗਏ, ਰਾਹ ਜਾਂਦੇ ਰਾਹੀ।
ਛੱਡ ਭੇਡਾਂ ਰਲ ਗਏ ਆਜੜੀ, 'ਛੜ' ਮੋਢੇ ਚਾਈ।
ਉਨ੍ਹਾਂ ਮਾਰੇ ਨਾਅਰੇ ਅਲੀ ਦੇ, ਕੁਲ ਹਵਾ ਕੰਬ੍ਹਾਈ।
ਜਿਹੜੀ ਰਹਿਣੀ ਯਾਦ ਜਹਾਨ ਨੂੰ, ਅਜ ਛਿੜੂ ਲੜਾਈ।
ਹਨ ਸਿੰਘ ਵੀ ਦਾਣੇ ਲੋਹੇ ਦੇ, ਕੋਈ ਨਹੀਂ ਮਠਿਆਈ ।੪।
ਇਹ ਸਭ ਕੁਝ ਸੂਹੀਏ ਵੇਖਿਆ, ਛਹਿ ਧੀਰੇ ਧੀਰੇ।
ਉਸ ਆਖਿਆ ਫੂਲਾ ਸਿੰਘ ਨੂੰ, ਸੁਣ ਗੁਣੀ ਗਹੀਰੇ।
ਆ ਗਏ ਪਠਾਣ ਨੇ ਕਾਬਲੋਂ, ਕਰ ਪੰਧ ਲਮੀਰੇ।
ਉਨ੍ਹਾਂ ਝਾਗੀਆਂ ਰਾਤਾਂ ਕਾਲੀਆਂ, ਆਇ ਲੰਘ ਜ਼ਖੀਰੇ
ਉਨ੍ਹਾਂ ਹੇਠਾਂ ਘੋੜੇ ਕਾਬਲੀ, ਜਿਨ੍ਹਾਂ ਪਰਬਤ ਚੀਰੇ।
ਉਨ੍ਹਾਂ ਸਾਫ ਕਨੌਤੀਆਂ ਪੈਰ ਚੁਸਤ, ਨਾ ਮੂਲ ਮਠੀਰੇ।
ਲਏ ਇਕ-ਸਾਹ ਪੜਾ ਕੱਢ, ਉਨ੍ਹਾਂ ਤੀਰ੍ਹੇ ਤੀਰ੍ਹੇ।

ਉਨ੍ਹਾਂ ਨ੍ਹਾਤਿਆਂ ਸਦੀਆਂ ਲੰਘੀਆਂ, ਗਏ ਦੰਦ ਕਰੀੜੇ।
ਉਨ੍ਹਾਂ ਦੁੰਬੇ ਭੁੰਨੇ ਭਾਂਬੜੀਂ, ਕੁਝ ਕੱਚ ਕਰੀਰੇ।
ਉਨ੍ਹਾਂ ਮਾਸ ਗੁਲੱਚੀਂ ਖਾ ਲਏ, ਨਹੀਂ ਛੁਰੀਏਂ ਚੀਰੇ।
ਉਨ੍ਹਾਂ ਛੇ ਛੇ ਖਾ ਢਿਡ ਭਰ ਲਏ, ਨਹੀਂ ਛੁਰੀਏ ਚੀਰੇ।
ਉਨ੍ਹਾਂ ਲੱਤਾਂ ਲੱਠ ਜਿਉਂ ਕੋਹਲੂਆਂ, ਤੇ ਪੈਰ ਪਥੀੜੇ।
ਉਨ੍ਹਾਂ ਰਾਹ ਦੇ ਪੱਥਰ ਤਿਲਾਂ ਵਾਂਗ, ਖਿਨ ਘਾਣੀਓਂ ਪੀੜੇ।
ਹਨ ਸਤ ਸਤ ਫੁਟ ਦੇ ਉਹ ਵੀ, ਜੋ ਨੇ ਮਧਰੀੜੇ।
ਉਨ੍ਹਾਂ ਜਮਦੂਤਾਂ ਦੇ ਝੁੰਡ ਦੇ, ਕੋਈ ਅਜਬ ਲੀੜੇ
ਉਨ੍ਹਾਂ ਕੁੜਤੇ ਵੀਹ ਵੀਹ ਗਜ਼ ਦੇ, ਹਾਲੇ ਵੀ ਭੀੜੇ।
ਉਨ੍ਹਾਂ ਟਾਂਕੇ ਮਾਰੇ ਜਾਕਟੀਂ, ਨਹੀਂ ਲਾਏ ਬੀੜੇ।
ਇਉਂ ਉਨ੍ਹਾਂ ਲੱਕ ਦੇ ਸੁਥਣਾਂ, ਜਿਵੇਂ ਤੰਬੂ ਸੀੜ੍ਹੇ।
ਉਹ ਤਲੀਏ ਪੱਥਰ ਭੋਰਦੇ, ਜਿਉਂ ਗੁੰਦ ਕਤੀਰੇ।
ਤੁਸ ਇਕ ਇਕ ਅਜ਼ਰਾਈਲ ਨੇ, ਏਹ ਚੁੱਕੇ ਬੀੜੇ :-
“ਇਹੋ ਆਏ ਨੇ ਸਾਡੇ ਸਾਹਮਣੇ, ਜੋ ਸਿੰਘ ਮਰੀੜੇ।”
“ਅਸੀਂ” ਕਾਬਲ ਬੰਨ੍ਹ ਲੈ ਜਾਵਣੇ, ਪਾ ਨੱਕ ਨਕੀੜੇ।”
ਉਥੇ ਗਿਣਤੀ ਮੂਲ ਨ ਦਲਾਂ ਦੀ, ਨਾਹੀਂ ਢਿਠੇ ਚੀਰੇ।
ਘਰ ਰਹੀਆਂ ਬਸ ਜ਼ਨਾਨੀਆਂ, ਜਾਂ ਬੁਢੇ ਠੀਰੇ।
ਉਥੇ ਕਾਣੇ ਗੰਜੇ ਆ ਗਏ, ਕੁੱਲ ਬਾਖੇ ਟੀਰੇ।
ਓਥੇ ਨਿਤ ਨਵੇਂ ਤੋਂ ਨਵੇਂ ਦਲ, ਆ ਰਲੇ ਵਹੀਰੇ।
ਜਿਵੇਂ ਰੂੜੀਂ ਪਾਣੀ ਪੈ ਗਿਆ, ਆ ਨਿਕਲੇ ਕੀੜੇ ।੫।
ਇਉਂ ਸੂਹੀਏ ਦੀ ਹਰ ਗੱਲ ਨੇ, ਜਦ ਰੋਹ ਚੜ੍ਹਾਇਆ।
ਤਦ 'ਸੰਤ ਸਿਪਾਹੀ' ਆਪਣੀ, ਆਈ ਤੇ ਆਇਆ।
ਘਰ ਕਿੱਦਾਂ ਜਾਊ ਪਰਤ ਕੇ, ਉਹ ਮਾਂ ਦਾ ਜਾਇਆ।
ਜਿਨ੍ਹੇ ਝੱਲੀਂ ਸੁੱਤੇ ਸ਼ੇਰ ਨੂੰ, ਆ ਟੁੰਬ ਜਗਾਇਆ।
ਉਹਨੂੰ ਗੁੱਸਾ ਚੜ੍ਹ ਗਿਆ ਕਹਿਰ ਦਾ, ਨ ਹਟੇ ਹਟਾਇਆ।
ਪਰ ਰਤਾ ਕੁ ਆਪਣੇ ਆਪ ਤੇ, ਉਸ ਕਾਬੂ ਪਾਇਆ।
ਉਹਤੋਂ ਗਲ ਨਾ ਨਿਕਲੇ ਸਾਬਤੀ, ਕਈ ਵਾਰ ਬਥਾਇਆ।

(ਪਰ) ਉਨ੍ਹੇ ਗੱਲਾਂ ਕੀਤੀਆਂ ਥੋੜੀਆਂ,
ਮਤਲਬ ਸਮਝਾਇਆ।
ਫਿਰ ਆਖਿਆ ਮੂੰਹੋਂ 'ਸਤਨਾਮ' ਸਭ ਨੂੰ ਬਿਠਲਾਇਆ।
ਕਰ ਪਾਠ 'ਚੰਡੀ ਦੀ ਵਾਰ' ਦਾ, ਉਸ ਆਪ ਸੁਣਾਇਆ।
ਫਿਰ ਖੜਾ ਹੋਇਆ ਅਰਦਾਸ ਲਈ, ਗਲ ਪੱਲਾ ਪਾਇਆ।
ਉਸ ਸਿਮਰ 'ਭਗੌਤੀ ਪ੍ਰਿਥਮੈ' ਗੁਰੂ ਨਾਨਕ ਧਿਆਇਆ।
ਫਿਰ ਸੱਭੇ ਸਿਮਰੇ 'ਪਾਤਸ਼ਾਹ', ਦਸਮੇਸ਼ ਮਨਾਇਆ।
ਉਨ੍ਹੇ ਰੱਜ ਰੱਜ ਸਭ ਕੁਝ ਕਹਿ ਲਿਆ,
ਜੋ ਕਹਿਣਾ ਚਾਹਿਆ :-
"ਮੇਰੇ ਕਲਗੀਆਂ ਵਾਲੇ ਪਾਤਸ਼ਾਹ, ਸਿੰਘ ਸ਼ਰਨੀ ਆਇਆ।
ਅਸੀਂ ਲੜਨ ਮਰਨ ਤੋਂ ਕਦੀ ਵੀ, ਨਹੀਂ ਚਿਤ ਚੁਰਾਇਆ।
ਉਸ ਪਾਸੇ ਦਾਤਾ ! ਸੁਣੀਂਦਾ, ਮੁਲਖੱਈਆ ਧਾਇਆ।
ਪਰ ਹੇਠ ਕਮਾਨ ਅਸਾਡੜੀ, ਅੱਜ ਸਿੰਘ ਸਵਾਇਆ।
ਮੈਂ ਜੀਣਾ ਹੋਰ ਨ ਲੋੜਦਾ, ਮੈਨੂੰ, ਕਾਲ ਸੁਖਾਇਆ।
(ਪਰ) ਅੱਜ ਤਕ ਹਿੱਸੇ ਹਾਰਨਾ, ਨਹੀਂ ਸਾਡੇ ਆਇਆ।
ਅਸੀਂ ਖਿਨ ਖਿਨ ਭੁਲੇ ਦਾਤਿਆ ! ਤੂੰ ਬਖਸ਼ ਮਿਲਾਇਆ
ਸਦਾ ਔਖੀ ਵੇਲੇ ਸਿੰਘ ਦੀ, ਤੂੰ ਰਖਦਾ ਆਇਆ।
ਰੱਖੀਂ ਬਿਰਦ-ਬਾਣੇ ਦੀ ਲੋਜਿਆ,
ਹੋ ਸੰਗ ਸਹਾਇਆ" ।੬।

ਫਿਰ ਟੇਕ ਮੱਥਾ ਸਰਬੱਤ ਦਾ ਉਸ ਭਲਾ ਮੰਗਾਇਆ।
ਜੈਕਾਰਾ ਉਨ ਡੰਡੌਤ ਚੋਂ, ਜਾਂ ਉਸ ਗਜਾਇਆ।
ਤਦ ਕਾਂਬਾ ਖਾਧਾ ਪਰਬਤਾਂ, ਅੰਬਰ ਲਰਜ਼ਾਇਆ।
ਸੌ ਬਿਜਲੀਆਂ ਜਿਉਂ ਰਲ ਟੁੱਟੀਆਂ, ਆਕਾਸ਼ ਥੱਰਾਇਆ।
ਆ ਪੰਛੀ ਸਹਿਮੇ ਆਹਲਣੀਂ, ਝਟ ਥੋਟ ਲੁਕਾਇਆ।
(ਪਰ) ਕਿਸੇ ਲੇਖ ਸੜੇ ਦਾ ਆਲ੍ਹਣਾ,
ਇਦ੍ਹੀ ਮਾਰ 'ਚ ਆਇਆ।
ਹੁਣ ਕੁਝ ਬੁਲਾਵਣ ਲਈ ਜਾਂ, ਉਸ ਕਹਿਣਾ ਚਾਹਿਆ।

ਇਸ ਵੇਲੇ ਆ ਕੇ ਰੱਬ ਨੇ, ਇਹ ਢੋਅ ਢੁਕਾਇਆ।
ਝੱਟ ਮਹਾਰਾਜੇ ਰਣਜੀਤ ਸਿੰਘ, ਫੜਿ ਬਾਹੋਂ ਹਿਲਾਇਆ :-
"ਘੜੀ ਠਹਿਰੋ ਸਿੰਘ ਨਿਹੰਗ ਜੀ !" ਉਸ ਨੇ ਫੁਰਮਾਇਆ :-
ਇਸ ਧਰਤਿ ਵੀ ਵੈਰੀ ਦਲਾਂ ਦਾ, ਨਹੀਂ ਬੋਝ ਉਠਾਇਆ।
ਉਥੇ ਗਲੀਆਂ ਦਾ ਹਰ ਕੱਖ ਵੀ, ਫੜ ਸ਼ਸਤਰ ਆਇਆ।
ਤੂੰ ਕਿਉਂ ਗੁੱਸੇ ਵਿਚ ਆਣ ਕੇ ਹੈ ਹੋਸ਼ ਭੁਲਾਇਆ,
ਮੇਰੇ ਲਸ਼ਕਰ ਲਾਗੇ ਆ ਗਏ, (ਮੈਂ) ਸੈ ਤੋਪ ਲਿਆਇਆ।
ਜ਼ਰਾ ਸ਼ਾਹੀ ਫੌਜਾਂ ਆਣ ਦੇ, ਕਰ ਦਊਂ ਸਫਾਇਆ।
ਪਰ ਮਹਾਰਾਜੇ ਸਿੰਘ ਨਿਹੰਗ ਦਾ, ਬੇ-ਅਦਬ ਗਵਾਇਆ।
ਆਈ ਠੰਢੀ ਕਰਨ ਤ੍ਰੇਲ ਜਿਓਂ, ਸੂਰਜ ਗਰਮਾਇਆ।
ਗੱਲ ਪੋਹੀ ਇਕ ਨਾ ਸਿੰਘ ਨੂੰ, ਨਾ ਦਿਲ ਤੇ ਲਿਆਇਆ।
ਉਦ੍ਹਾ ਮੱਥਾ ਭਖਿਆ ਭੱਠ ਜਿਉਂ, ਲੂੰ ਲੂੰ ਕੰਡਿਆਇਆ।
ਉਦ੍ਹੇ ਨੈਣਾਂ ਲਾਟਾਂ ਛੱਡੀਆਂ, ਆਇ ਸੇਕ ਸਵਾਇਆ।
ਉਦ੍ਹੇ ਫੜਕ ਫੜਕ ਕੇ ਡੌਲਿਆਂ, ਏਹ ਖੌਫ ਖਿੰਡਾਇਆ।
ਏਹਨੇ ਸਾੜ ਸਵਾਹ ਕਰ ਸੁੱਟਣਾ, ਜੋ ਸਾਹਵੇਂ ਆਇਆ।
ਉਸ ਮਹਾਰਾਜੇ ਰਣਜੀਤ ਨੂੰ, ਏਹ ਬਚਨ ਸੁਣਾਇਆ । ੭ ।

"ਤੂੰ ਆਪ ਸੁਣੀ ਅਰਦਾਸ ਜਾਂ, ਸੁਣ ਲਿਆ ਜੈਕਾਰਾ।
ਓਇ ਫਿਰ ਕਿਉਂ ਮੈਨੂੰ ਜਾਂਦਿਆਂ, ਪਾਇਆ ਅਟਕਾਰਾ।
ਮੈਂ ਅੰਮ੍ਰਿਤ ਛਕਿਆ ਬਾਟਿਓਂ, ਲੈ ਖੰਡੇ ਧਾਰਾ।
ਮੈਂ ਸਿੰਘ ਗੁਰੂ ਦਸਮੇਸ਼ ਦਾ, ਕੋਈ ਨਹੀਂ ਵਣਜਾਰਾ।
ਮੇਰੀ ਬਾਂਹੀਂ ਨ ਛਣਕਣ ਚੂੜੀਆਂ, ਇਹ ਕੜਾ ਕਰਾਰਾ।
ਏਥੇ ਜੋ ਘੜਿਆ ਸੋ ਭੱਜਸੀ, ਸੱਭ ਟੁੱਟਣਹਾਰਾ।
ਸੈ ਤੋਪ ਨਹੀਂ ਤੇਰੀ ਚਾਹੀਦੀ, ਨ ਲਸ਼ਕਰ ਭਾਰਾ।
ਉਤੇ ਪੀਰ-ਸੁਭਾਗੇ ਦੇ ਰਿਹਾ, ਮੇਰਾ ਗੁਰੂ ਦੀਦਾਰਾ।
ਕੀ ਹੋਇਆ ਸਾਹਵੇਂ ਤੁਰਕੜਾ, ਜੇ ਬੇ-ਸ਼ੁਮਾਰਾ।
ਮੈਂ ਦਾਣਿਆਂ ਵਾਂਗੂੰ ਪੀਹ ਦਊਂ, ਵਿਚ ਅੱਖ ਪਲਕਾਰਾ।
ਪਰ ਫੈਂਦੂੀਆਂ ਕਲਾਂ ਦਾ ਬਚਨ ਤੂੰ, ਅੱਜ ਕੀਤਾ ਸਾਰਾ।

ਤੇਰੇ ਅੰਮ੍ਰਿਤ ਛਕਣ 'ਚ ਜਾਪਦਾ, ਕੋਈ ਵਿਘਨ ਏ ਭਾਰਾ।
ਅਰਦਾਸ ਪਿਛੋਂ ਸਿੰਘ ਰੋਕਣਾ, ਇਹ ਕਿਹਾ ਵਿਹਾਰਾ ?
ਫਿਰ ਜਾਏ ਨ ਤੇਰੇ ਵਿੱਚ ਦੀ, ਖੰਡਾ ਦੋ-ਧਾਰਾ।
ਪਰ ਬਖਸ਼ਾਂ ਪੰਥ ਦੇ ਨਾਂ ਤੇ, ਤੈਨੂੰ ਇਕ ਵਾਰਾ।
ਮਤੇ ਲੋੜ ਹੋਵੇ ਸਿੱਖ ਰਾਜ ਨੂੰ, ਤੇਰੀ ਸਰਦਾਰਾ" । ੮ ।

ਤਾਂ ਇਕ ਵਾਰੀ ਫਿਰ ਮਹਾਰਾਜ ਨੇ, ਕਰ ਜੀਅ ਕਰਾਰਾ।
ਕਿਹਾ, "ਮੇਰੇ ਅਕਾਲੀ ਯੋਧਿਆ, ਸੁਣ ਸ਼ਾਹ-ਸਵਾਰਾ।"
ਮੇਰਾ ਵੱਧ ਘੱਟ ਆਖਿਆ ਬਖਸ਼ ਲਈਂ, ਸੁਣ ਜਥੇਦਾਰਾ।
ਪਰ ਕੱਲਾ ਕੋਈ ਨ ਜੰਮਿਆ, ਜੱਗ ਜਿੱਤਣ ਹਾਰਾ।
ਏਥੇ ਭਾਈ ਭਾਈਆਂ ਦੀ ਬਾਂਹ ਨੇ, ਭਾਈ ਸ਼ਸਤਰ ਭਾਰਾ।
ਦਰਿਆਈਂ ਰੁੜ੍ਹਦੇ ਜਾਂਦਿਆਂ, ਹਰ ਕੱਖ ਸਹਾਰਾ।
ਏਥੇ ਕੱਲੇ ਟੁਰਨਾ, ਡਿਗਣ ਨੂੰ, ਪੁੱਟਣ ਖੂਹ ਖਾਰਾ।
ਅੱਗੋ ਉਨ੍ਹਾਂ ਦਾ ਦਲ ਮਸਤਿਆ, ਉਹ ਬੇ-ਮੁਹਾਰਾ।
ਘੜੀ ਬਹਿ ਕੇ ਥੱਲੇ ਰੁੱਖ ਦੇ, ਲਾ ਲੈ ਠੁਮਕਾਰਾ।
ਮੇਰੇ ਲਸ਼ਕਰ ਪਹੁੰਚੇ ਜਾਣ ਤੂੰ, ਵਿਚ ਅੱਖ ਪਲਕਾਰਾ।
ਬੁਲ੍ਹ ਟੁਕੇ ਫੂਲਾ ਸਿੰਘ ਨੇ, ਉਦ੍ਹਾ ਚੜ੍ਹ ਗਿਆ ਪਾਰਾ।
ਉਨ੍ਹੇ ਮਾਰ ਕੇ ਏਦਾਂ ਆਖਿਆ, ਸਿੰਘ ਨੂੰ ਲਲਕਾਰਾ । ੯ ।

'ਏਥੇ ਤੇਰੀ ਕੱਚਿਆ ਪਿੱਲਿਆ, ਕੁਝ ਵੱਟਕ ਨ ਵੱਟੇ।
ਕਿਹਾ ਗਿੱਲਾ ਪੀਹਣ ਖਿਲਾਰਕੇ ਪਾਏ ਨੀ ਰੱਟੇ ?
ਜੇ ਸਾਗਰ ਸਾਰਾ ਸੁੱਕ ਜਾਏ, ਨੈਂਅ ਵਹਿਣ ਪਲੱਟੇ।
ਆਕਾਸ਼ ਜੇ ਥੱਲੇ ਆ ਰਵ੍ਹੇ, ਤੇ ਭੋਂ ਉਲੱਟੇ।
ਬਣ ਜਾਵਣ ਬਰਫਾਂ ਬਿਜਲੀਆਂ, ਚੰਦ ਅਗਨੀ ਸੱਟੇ।
ਜੇ ਪਰਬਤ ਉਡਣ ਹਵਾ ਵਿਚ, ਬਣ ਜਾਣ ਭੰਬੱਟੇ।
'ਕਦੇ ਕਰ ਅਰਦਾਸਾ ਖਾਲਸੇ, ਮੁੜ ਪਿਛਾਂਹ ਨਹੀਂ ਹੱਟੇ।
ਏਥੇ ਮੁੜਨਾ ਮੌਤ ਕਬੂਲਣੀ, ਤੇ ਜਾਣਾ ਪੱਟੇ।
ਇਕ ਵਾਰ ਜੇ ਥੁੱਕੇ ਸੂਰਮਾ, ਮੁੜ ਫੇਰ ਨ ਚੱਟੇ । ੧੦ ।

ਅਰਦਾਸਾ ਕਰ ਬਾਈ-ਧਾਰ ਦੇ, ਅਸੀਂ ਪਰਬਤ ਪੱਟੇ।
ਅਰਦਾਸਾ ਕਰ ਚਮਕੌਰ ਵਿਚ ਦੰਦ ਕੀਤੇ ਖੱਟੇ।
ਲੱਖ ਦੁਸ਼ਮਣ, ਸਿੰਘਾਂ ਚਾਲੀਆਂ, ਪਾ ਛੱਜੀਂ ਛੱਟੇ।
ਅਰਦਾਸੇ ਇਉਂ ਦਿਲ ਕਰ ਦਿੱਤਾ, ਹੁਣ ਪੈਂਦੀ ਸੱਟੇ।
'ਏਧਰ' ਸ਼ੀਂਹ ਬੁੱਕਣ ਦਸਮੇਸ਼ ਦੇ, ਉਹ ਜ਼ਿੰਗਣ ਕੱਟੇ।
ਅਸੀਂ ਸਵਾ ਸਵਾ ਲੱਖ ਮਾਰਨੇ, ਗਿਣ ਅੱਟੇ-ਸੱਟੇ।
ਏਥੇ ਪੱਕੇ ਪਰਬਤ ਉਡਣ ਗੇ, ਬਣ ਬਣ ਕੇ ਘੱਟੇ।
ਦਿਨ ਦੀਵੀਂ ਜੱਗ ਨੇ ਵੇਖਣੇ, ਸਿੰਘਾਂ ਦੇ ਝੱਟੇ।
ਨਿਤ ਨਵੇਂ ਵਿਹਾਜਣ ਬਾਦਸ਼ਾਹ, ਰੱਖਦੇ ਗਿਣ-ਗੱਟੇ।
ਤੇ ਰਾਜਨੀਤੀ ਦੇ ਸੌਦੜੇ, ਕਿਸੇ ਹੋਰਸ ਹੱਟੇ।
ਮੇਰਾ ਨੇਜ਼ਾ ਹਲਕਾ ਹੋ ਗਿਆ, ਪਿਆ ਝੱਗਾਂ ਸੱਟੇ।
ਵੱਜ ਜਾਣ ਨ ਤੈਨੂੰ ਹਰਖ ਵਿਚ, ਅੱਜ ਫੱਟ ਕੁਫੱਟੇ।
ਤੁਸੀਂ ਲਾਹ ਦਸਤਾਰਾਂ ਮੁੜ ਪਵੋ, ਲਓ ਓੜ੍ਹ ਦੁਪੱਟੇ।
ਸਿੰਘ ਲੜਨ ਮਰਨ ਨੂੰ ਜਾਣਗੇ, ਤੁਸੀਂ ਖਾਓ ਖੱਟੇ।
ਇਉਂ ਆਖ ਨਬੇੜੇ ਸਿੰਘ ਨੇ, ਸਾਰੇ ਹੀ ਰੱਟੇ।
ਉਨ੍ਹਾਂ ਧਾਰ ਇਰਾਕੇ ਲੰਡਿਓਂ, ਵਿਚ ਪਲ ਦੇ ਸੱਟੇ ।੧੧ ।

ਹੁਣ ਪੀਰ ਸੁਭਾਗ ਪਹਾੜ ਨੂੰ, ਸਿੰਘ ਹੋਏ ਰਵਾਨਾ
ਤੇ ਜਿਥੋਂ ਇਰਾਕੇ ਲੰਘ ਗਏ, ਗਈ ਧੂੜ 'ਸਮਾਨਾਂ।
ਕੁੰਢ ਪਾ ਪਾ ਫੂਕਾਂ ਮਾਰਦੇ, ਗਏ ਚੀਰ ਚਟਾਨਾਂ।
ਉਨ੍ਹਾਂ ਤਿੱਲੇ ਮੜ੍ਹੀਆਂ ਕਾਠੀਆਂ, ਤੇ ਸਬਜ਼ ਪਲਾਨਾਂ।
ਬਹਿ ਪਿੱਠਾਂ ਅਕਾਲੀ ਫੱਬਦੇ, ਪਾ ਨੀਲਾ ਬਾਣਾ।
ਉਨ੍ਹਾਂ ਕਮਰ-ਕੱਸੇ ਵਿਚ ਜਮਧਰਾਂ, ਦਸਤਾਰ ਨਿਸ਼ਾਨਾ।
ਸਿਰ ਚੱਕਰ, ਪੰਜੇ ਸ਼ੇਰ ਦੇ, ਹੋਏ ਲਹੂ ਲੁਹਾਨਾ।
ਉਨ੍ਹਾਂ ਫਰਲੇ ਉਡਣ ਸਿਰਾਂ ਤੋਂ, ਜਿਉਂ ਬਾਜ਼ ਉਡਾਨਾਂ।
ਉਥੇ ਸਤਿ ਸ੍ਰੀ ਅਕਾਲ ਗਜਾ, ਰੋਹ ਚੜ੍ਹੇ ਜਵਾਨਾਂ।
ਓਥੇ ਸ਼ਸਤਰ ਕਾਹਲੇ ਪੈ ਗਏ, ਜੰਗ ਦਾ ਸਮਿਆਨਾ।
ਓਥੇ ਤੀਰਾਂ, ਜੀਭਾਂ ਕੱਢੀਆਂ, ਵੱਟ ਖਾਣ ਕਮਾਨਾਂ।

ਓਥੇ ਖੰਡੇ ਨਿਕਲੇ ਭੜਕਦੇ, ਭੰਨ ਤੋੜ ਮਿਆਨਾਂ।
ਉਤੇ ਪੀਰ ਸੁਭਾਗੇ ਬੈਠਿਆਂ, ਸੁਣ ਲਿਆ ਪਠਾਣਾਂ।
ਲੱਖ ਮਾਰੇ ਨਾਅਰੇ ਅਲੀ ਦੇ, ਗਿਣ ਗਿਣ ਕੇ ਖਾਨਾਂ।
ਦਲ ਦੋਵੇਂ ਏਦਾਂ ਆ ਜੁੜੇ, ਜਿਉਂ ਖੇਤਰ ਧਾਨਾਂ।
ਪਈ ਫਸਲ ਵਢਾਵਣ ਵਾਸਤੇ, ਜਿਉਂ ਮੰਗ ਕਿਸਾਨਾਂ । ੧੨ ।

ਤਾਂ ਫੌਜੀ ਹੁਕਮ ਚੜ੍ਹਾ ਦਿਤੇ, ਦੋਹਾਂ ਸਰਦਾਰਾਂ।
ਅੱਜ ਸ਼ੇਰਾਂ ਸਾਹਵੇਂ ਹੋ ਗਈਆਂ, ਸ਼ੇਰਾਂ ਦੀਆਂ ਮਾਰਾਂ।
ਆ ਇਕ ਦੂਜੇ ਨੂੰ ਚੁੰਮਿਆ, ਪਰੀਆਂ ਤਲਵਾਰਾਂ।
ਉਹ ਇਕੋ ਹੱਥੇ ਲਾਹ ਗਈਆਂ, ਸਿਰ ਠਾਰਾਂ ਠਾਰਾਂ।
ਕਿਤੇ ਵੈਰੀ ਦੇ ਲਹੂ ਨ੍ਹਾਤੀਆਂ, ਨੇ ਇੰਜ ਕਟਾਰਾਂ।
ਜਿਉਂ ਫਾਲੇ ਕੱਢੇ ਆਹਰਣੋਂ, ਤਾ ਤਾ ਲੁਹਾਰਾਂ।
ਉਥੇ ਬਿਜਲੀ ਨਾਲ ਵਟਾ ਲਈਆਂ, ਖੰਡਿਆਂ ਨੇ ਧਾਰਾਂ।
ਲੰਘ ਕਾਠੀਆਂ ਘੋੜੇ ਵੱਢ ਗਏ, ਉਹ ਸਣੇ ਸਵਾਰਾਂ।
ਇਉਂ ਗੋਲੀਆਂ ਢੇਰੀ ਕਰ ਗਈਆਂ, ਲੋਥਾਂ ਮੁਰਦਾਰਾਂ।
ਪੜ੍ਹ ਮੰਤਰ ਲੋਕ ਸੁਆ ਦਿਤੇ, ਜਿਉਂ ਸ਼ਾਹ-ਮਦਾਰਾਂ।
ਡਿੱਗ ਪਏ ਪਠਾਣ ਤੇ ਖ਼ਾਲਸੇ, ਸਨ ਵਾਰੇ ਵਾਰਾਂ।
ਤੇ ਕਿਸੇ ਪਾਸੇ ਵੀ ਹੁੰਦੀਆਂ, ਨ ਦਿੱਸੀਆਂ ਹਾਰਾਂ । ੧੩ ।

ਖਾ ਗੁੱਸਾ ਸਿੰਘਾਂ ਕਰ ਲਈਆਂ, ਅੱਖਾਂ ਅੰਗਿਆਰਾਂ।
ਭਰ ਹੱਲਾ ਕੀਤਾ ਜ਼ੋਰ ਦਾ, ਮੁੜ ਕੇ ਇਕ ਵਾਰਾਂ।
ਛੱਡ ਘੋੜੇ ਲੋਥਾਂ ਲਿਤੜਦੇ, ਬਰਛੇ ਬਰਦਾਰਾਂ।
ਉਨ੍ਹਾਂ ਤੇਗਾਂ ਤੇ ਸਿਰ ਟੰਗ ਲਏ, ਇਉਂ ਕਈ ਹਜ਼ਾਰਾਂ।
ਧੋ ਚਾਟੀਆਂ ਟੰਗਣ ਨੇਹੀਂ ਤੇ ਪੇਂਡੂ ਮੁਟਿਆਰਾਂ।
ਉੱਠ ਭੱਜੇ ਕੁਲ ਪਠਾਣ ਹੁਣ, ਪਲ ਕਰਨ ਨ ਠਾਰ੍ਹਾਂ।
ਉਥੇ ਲੱਖ ਲੱਖ ਤਰਲੇ ਪਾ ਲਏ, ਕੁਲ ਸਿਪਾਹ-ਸਲਾਰਾਂ।
ਉਨ੍ਹਾਂ ਹੱਥੋਂ ਛੁੱਟੇ ਡਰਦਿਆਂ, ਕੁੱਲ ਛੁਰੇ ਕਟਾਰਾਂ।
ਫਸ ਪੈਰੀਂ ਵਲ ਵਲ ਸੁਟਦੀਆਂ, ਸੁੱਥਣਾਂ ਸਲਵਾਰਾਂ।

ਉਥੇ ਘੋੜੇ ਪਾਵਣ ਹਿਣਹਣਾਟ, ਹਾਥੀ ਚੰਘਿਆੜਾਂ।
ਮੂੰਹ ਅੱਡ ਅੱਡ ਡਿੱਗਣ ਡਰਦੀਆਂ, ਪਰਬਤ ਦੀਆਂ ਗਾਰਾਂ।
ਉਥੇ ਆਈਆਂ ਮਜਲਾਂ ਮਾਰ ਕੇ, ਗਿਰਝਾਂ ਦੀਆਂ ਡਾਰਾਂ।
ਅੱਜ ਵਰਜੀ ਰੋਟੀ ਰੱਜਵੀਂ, ਸਿੰਘਾਂ ਸਰਦਾਰਾਂ । ੧੪ ।

ਜਿਨ੍ਹੇ ਇਕ ਅਰਦਾਸ ਦੀ ਆਸ ਤੇ, ਸੀ ਖੰਡਾ ਵਾਹਿਆ।
ਤੇ ਅੰਗ ਸੰਗ ਜਾਣ ਗੋਬਿੰਦ ਸਿੰਘ, ਨ ਚਿੱਤ ਭੁਲਾਇਆ।
ਜਿਸ ਸ਼ਾਨ ਸਿਖੀ ਦੀ ਰਖ ਲਈ, ਸਿਰ ਤਲੀ ਟਿਕਾਇਆ।
ਵਾਹ ਸਿਰੜ ਰੱਖਿਆ ਸਿੰਘ ਨੇ, ਤੇ ਸਿਦਕ ਨਿਭਾਇਆ।
ਗੁਰ ਕਲਗੀ ਵਾਲੇ ਫਤਹਿ ਦਾ, ਸਿਰ ਤਾਜ ਧਰਾਇਆ।
"ਸੇਵਕ ਕੀ ਮਹਾਰਾਜ, ਜੁਗੋ ਜੁਗ ਰੱਖਦਾ ਆਇਆ ।" ੧੫ ।

* * *

ਸਤਲੁਜ ਦਾ ਸ੍ਰੋਮਾਨੀ ਸ਼ੇਰ-ਸਪੂਤ –

ਸਰਦਾਰ ਸ਼ਾਮ ਸਿੰਘ ਅਟਾਰੀ

ਸਿੱਖ ਰਾਜ ਦੇ ਬ੍ਰਿਤਾਂਤ ਵਿਚ ਅਟਾਰੀ ਵਾਲੇ ਸਰਦਾਰਾਂ ਦੇ ਬੀਰਤਾ ਭਰੇ ਕਾਰਨਾਮੇ, ਸਚਮੁਚ ਉਚੀ ਅਟਾਰੀ ਵਾਂਙ ਵੱਖਰੇ ਹੀ ਨਜ਼ਰ ਆਉਂਦੇ ਹਨ। ਸ. ਸ਼ਾਮ ਸਿੰਘ ਜੀ ਦੇ ਪਿਤਾ ਸ. ਨਿਹਾਲ ਸਿੰਘ ਅਟਾਰੀ ਸਨ ਜਿਨ੍ਹਾਂ ਕਸੂਰ ਦੀ ਫਤਿਹਯਾਬੀ ਵਿਚ ਸਭ ਤੋਂ ਵਧ ਹਿੱਸਾ ਪਾਇਆ। ਅੱਗੋ ਸ਼ੇਰੇ ਪੰਜਾਬ ਦੀ ਕਦਰਦਾਨੀ ਐਸੀ ਕਿ ਉਨ੍ਹਾਂ ਦਸ ਲੱਖ ਦੀ ਸਾਲਾਨਾ ਆਮਦਨ ਵਾਲਾ ਇਹ ਇਲਾਕਾ ਸ. ਨਿਹਾਲ ਸਿੰਘ ਨੂੰ ਹੀ ਜਾਗੀਰ ਵਜੋਂ ਦੇ ਦਿੱਤਾ। ਇਸੇ ਤਰ੍ਹਾਂ ਮੁਲਤਾਨ ਦੀ ਜੰਗ ਵਿਚ ਵੀ ਇਨ੍ਹਾਂ ਮੋਹਰੀ ਹਿੱਸਾ ਪਾਇਆ, ਬਾਰੂਦੀ ਸੁਰੰਗਾਂ ਦੇ ਪਲੀਤਿਆਂ ਨਾਲ ਬਲਦੀ ਅੱਗ ਵਿਚ ਆਪਣਾ ਤਨ ਡਾਹਿਆ। 1817 ਵਿਚ ਮਹਾਰਾਜਾ ਰਣਜੀਤ ਸਿੰਘ ਐਸੇ ਬੀਮਾਰ ਪਏ ਕਿ ਰਾਜ਼ੀ ਹੋਵਣ ਵਿਚ ਨ ਆਵਣ ਤਾਂ ਸਰਦਾਰ ਨਿਹਾਲ ਸਿੰਘ ਨੇ ਮਹਾਰਾਜੇ ਦੇ ਪਲੰਘ ਪਾਸ ਆ ਅਰਦਾਸ ਕੀਤੀ ਕਿ ਹੇ ਅਕਾਲ ਪੁਰਖ ! ਇਹ ਰੋਗ ਮੈਨੂੰ ਲਾ ਦਿਓ ਤੇ ਮਹਾਰਾਜੇ ਦੇ ਸਰੀਰ ਨੂੰ ਛੇਤੀ ਅਰੋਗਤਾ ਬਖਸ਼ੋ।' ਨਤੀਜਾ ਇਹ ਹੋਇਆ ਕਿ ਕੁਝ ਹੀ ਸਮੇਂ ਵਿਚ ਮਹਾਰਾਜਾ ਅਰੋਗ ਹੁੰਦਾ ਗਿਆ ਤੇ ਸ. ਨਿਹਾਲ ਸਿੰਘ ਰੋਗ ਗ੍ਰਸਤ ਹੋ ਕੇ ਸੰਸਾਰ ਤਿਆਗ ਗਿਆ। ਇਸ ਪਿਛੋਂ ਸ. ਸ਼ਾਮ ਸਿੰਘ ਤੋਪਖਾਨੇ ਦੀ ਫੌਜੀ ਮੁਲਾਜ਼ਮਤ ਵਿਚ ਆਏ ਤੇ 1818 ਈ. ਵਿਚ ਮੁਲਤਾਨ ਦੀ ਆਖਰੀ ਜੰਗ ਸਮੇਂ ਨਵਾਬ ਮੁਜ਼ੱਫਰ ਖਾਂ ਦੇ ਵੱਡੇ ਬੇਟੇ ਸ਼ਾਹ ਨਿਵਾਜ਼ ਖਾਂ ਨੂੰ ਤੇਗ ਮਾਰ ਕੇ ਢਹਿ ਢੇਰੀ ਕੀਤਾ ਤੇ ਵਡਿਆਈ ਪਾਈ। ਇਸ ਸੂਰਬੀਰ ਘਰਾਣੇ ਨਾਲ ਮਹਾਰਾਜੇ ਦੇ ਐਸੇ ਡੂੰਘੇ ਸਬੰਧ ਸਨ ਕਿ ਸ. ਸ਼ਾਮ ਸਿੰਘ ਜੀ ਦੀ ਸਪੁੱਤਰੀ ਮਹਾਰਾਜੇ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਨਾਲ ਵਿਆਹੀ ਗਈ ਤੇ ਇਹ ਵਿਆਹ ਵੀ ਬਹੁਤ ਹੀ ਰੌਣਕਾਂ ਭਰਿਆ ਸੀ। ਸਰਦਾਰ ਨਲੂਏ ਦੀ ਸ਼ਹੀਦੀ ਬਾਦ ਸ. ਸ਼ਾਮ ਸਿੰਘ ਜੀ ਪਿਸ਼ਾਵਰ ਫੌਜਦਾਰ ਹੋ ਕੇ ਗਏ ਤੇ 1841 ਵਿਚ ਵਾਪਸ ਆਏ।

ਜਦ 1846 ਈ. ਵਿਚ ਸਭਰਾਵਾਂ ਲਾਗੇ ਅੰਗ੍ਰੇਜ਼ਾਂ ਤੇ ਸਿੱਖਾਂ ਦੀ ਪਹਿਲੀ

ਲੜਾਈ ਹੋਈ ਤਾਂ ਲਾਹੌਰ ਦਰਬਾਰ ਗ਼ੱਦਾਰਾਂ ਦਾ ਅੱਡਾ ਬਣ ਗਿਆ ਸੀ। ਮੇਜਰ ਘਰਾੜ ਫੁਟ ਦੀਆਂ ਸਾਜਸ਼ਾਂ ਕਾਰਣ ਅੰਗ੍ਰੇਜ਼ ਕੂਟਨੀਤੀ ਸਿਰੇ ਤੇ ਪੁਜ ਗਈ ਸੀ। ਇਸ ਸਮੇਂ ਲਾਹੌਰ ਦਰਬਾਰ ਦਾ ਮਿਸਰ ਲਾਲ ਸਿੰਘ ਸੰਘੋਈ ਵਾਲਾ ਵਜ਼ੀਰ ਅਜ਼ਮ ਸੀ ਤੇ ਪੂਰਬੀਆ ਤੇਜ ਸਿੰਘ ਸੈਨਾਪਤਿ ਦੋਵੇਂ ਗੱਦਾਰ ਬਣ ਕੇ ਰਾਜਾ ਗੁਲਾਬ ਸਿੰਘ ਡੋਗਰੇ ਦੀਆਂ ਕਠਪੁਤਲੀਆਂ ਬਣੇ ਹੋਏ ਸਨ। ਲੜਾਈ ਦੇ ਸਾਰੇ ਨਕਸ਼ੇ ਪਹਿਲਾਂ ਹੀ ਇਹ ਨੀਚ ਲੋਕ ਫਿਰੰਗੀਆਂ ਪਾਸ ਪਹੁੰਚਾ ਚੁੱਕੇ ਸਨ ਤੇ ਸਿੱਖ ਫੌਜੀ ਸ਼ਕਤੀ ਨੂੰ ਤਬਾਹ ਕਰਨ ਉਤੇ ਤੁਲੇ ਹੋਏ ਸਨ। ਇਸ ਗੱਲ ਦੀ ਭਿਣਕ ਪੈਣ ਤੇ ਅਣਖੀਲਾ ਸਰਦਾਰ ਸ਼ਾਮ ਸਿੰਘ ਘਰ ਬੈਠਾ ਨ ਰਹਿ ਸਕਿਆ। ਸਿਰ ਤੇ ਕੱਫਨ ਬੰਨ੍ਹ ਕੇ ਮੈਦਾਨੇ ਜੰਗ ਵਿਚ ਆ ਨਿਤਰਿਆ ਤੇ ਆਪਣੀ ਹਿੰਮਤ ਤੇ ਸਾਹਸ ਸਦਕੇ ਇਸ ਫਿਰੰਗੀਆਂ ਦੇ ਤਿੰਨ ਹੱਲੇ ਪਛਾੜ ਸੁੱਟੇ। ਸ਼ਾਹ ਮੁਹੰਮਦ ਠੀਕ ਲਿਖਦਾ ਹੈ -

ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ
ਹੱਲੇ ਤਿੰਨ ਫਿਰੰਗੀ ਦੇ ਮੋੜ ਸੁੱਟੇ
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ
ਵਾਂਙੂ ਨਿੰਬੂਆਂ ਲਹੂ ਨਚੋੜ ਸੁੱਟੇ।

ਇਸ ਤੋਂ ਸਪਸ਼ਟ ਹੈ ਕਿ ਲੜਾਈ ਦਾ ਅਸਲ ਨਾਇਕ ਸ. ਸ਼ਾਮ ਸਿੰਘ ਹੀ ਸੀ ਜਿਸਨੇ ਖਾਲਸਾ ਦਰਬਾਰ ਦੀ ਆਨ ਸ਼ਾਨ ਅਤੇ ਅਣਖ ਆਣ ਬਚਾਉਣ ਲਈ ਸ਼ਰ੍ਹੇ ਮੈਦਾਨ ਆਪਣਾ ਬਲੀਦਾਨ ਦਿੱਤਾ। ਇਹ ਗੱਲ 10 ਫਰਵਰੀ 1846 ਈ. ਦੀ ਹੈ। ਸ਼ਾਹ ਮੁਹੰਮਦ ਦਾ ਜੰਗ ਨਾਮਾ ਭਾਵੇਂ ਮ. ਰਣਜੀਤ ਸਿੰਘ ਤੇ ਖਾਲਸਾ ਫੌਜ ਦਾ ਤੇਜ ਪ੍ਰਤਾਪ ਬਖੂਬੀ ਬਿਆਨ ਕਰਦਾ ਹੈ ਪਰ ਇਹ ਜੰਗਨਾਮਾ ਦਰਅਸਲ ਪੰਜਾਬ ਰਾਜ ਦੇ ਖਾਤਮੇ ਦਾ 'ਮਰਸੀਆ' ਹੀ ਕਿਹਾ ਜਾ ਸਕਦਾ ਹੈ ਜਿਸ ਵਿਚ ਵੈਣ ਪਾਉਂਦਾ ਤੇ ਭੁੱਬਾਂ-ਮਾਰਦਾ ਪੰਜਾਬ ਸਾਫ ਦਿਖਾਈ ਦਿੰਦਾ ਹੈ ਕਿਉਂਕਿ ਗੱਦਾਰਾਂ ਦੀ ਨੀਚਤਾ ਕਾਰਣ ਸੁਖੀ ਵਸਦਾ ਦੇਸ਼, ਇਕ ਤਰ੍ਹਾਂ ਆਫਤਾਂ ਦੇ ਮੂੰਹ ਪਿਆ ਦਿਖਾਈ ਦਿੰਦਾ ਹੈ।

ਇਉਂ ਸਭਰਾਵਾਂ ਦੀ ਜੰਗ ਗ਼ੱਦਾਰ ਆਗੂਆਂ ਦੇ ਛਲਾਵੇ ਕਰਕੇ ਸਿੱਖ ਫੌਜਾਂ ਨੂੰ ਹਾਰਨੀ ਪਈ। ਇਨ੍ਹਾਂ ਲੜਾਈਆਂ ਝਗੜਿਆਂ ਦੀ ਜੜ ਮੇਜਰ ਬ੍ਰਾਡਫੁਟ ਵੀ ਜੰਗ ਵਿਚ ਮਾਰਿਆ ਗਿਆ ਜੋ ਪਤਾ ਨਹੀਂ, ਕੀ ਕੀ ਬਣਨ ਦੇ ਸੁਫਨੇ ਲੈਂਦਾ

ਸੀ। ਕਈ ਇਸ ਗੱਲ ਦਾ ਦੋਸ਼ ਜਿੰਦਾਂ ਦੇ ਜ਼ਿੰਮੇ ਲਾਉਂਦੇ ਹਨ ਕਿ ਆਪਣੇ ਭਾਈ ਦਾ ਬਦਲਾ ਲੈਣ ਲਈ ਉਸ ਨੇ ਇਹ ਸਭ ਕੁਝ ਕੀਤਾ ਪਰ ਇਹ ਸਭ ਡੋਗਰਿਆਂ ਦਾ ਪ੍ਰਾਪੇਗੰਡਾ ਸੀ। ਕੀ ਰਾਣੀ ਜਿੰਦਾਂ ਇਹ ਨਹੀਂ ਸੀ ਜਾਣਦੀ ਕਿ ਸਿੱਖ ਫੌਜ ਦੀ ਤਬਾਹੀ ਦਾ ਅਰਥ ਉਸ ਦੇ ਪੁੱਤਰ ਮ: ਦਲੀਪ ਸਿੰਘ ਦੇ ਰਾਜ ਦੀ ਤਬਾਹੀ ਹੈ ਤੇ ਉਸ ਦੀ ਆਪਣੀ ਤਬਾਹੀ ਹੈ ? ਅਸਲ ਗੱਲ ਇਉਂ ਲਗਦੀ ਹੈ ਕਿ ਗੁਲਾਬ ਸਿੰਘ ਨੇ ਸਾਰੀ ਗੋਂਦ ਰਚ ਕੇ ਲਾਲ ਸਿੰਘ, ਤੇਜ ਸਿੰਘ ਤੇ ਹੋਰ ਫੌਜਦਾਰਾਂ-ਸਭ ਨੂੰ ਆਪਣੀਆਂ ਕਠਪੁਤਲੀਆਂ ਬਣਾ ਲਿਆ ਸੀ।

ਅੰਗ੍ਰੇਜ਼ ਫੌਜ ਨੇ ਸਤਲੁਜ ਪਾਰ ਕਰਕੇ 12 ਫਰਵਰੀ 1846 ਨੂੰ ਕਸੂਰ ਜਾ ਪੜਾਉ ਕੀਤਾ । 15 ਫਰਵਰੀ ਨੂੰ ਸੁਲਾਹ ਲਈ ਰਾਜਾ ਗੁਲਾਬ ਸਿੰਘ ਕਸੂਰ ਪਹੁੰਚਿਆ ਪਰ ਲਾਰਡ ਹਾਰਡਿੰਗ ਨੇ ਕਿਹਾ, 'ਸਾਰੀਆਂ ਸ਼ਰਤਾਂ ਲਾਹੌਰ ਪੁੱਜ ਕੇ ਹੀ ਤੈਅ ਕੀਤੀਆਂ ਜਾ ਸਕਣਗੀਆਂ।' 18 ਫਰਵਰੀ ਨੂੰ ਅੰਗ੍ਰੇਜ਼ੀ ਫੌਜ ਲਾਹੌਰ ਦਾਖਲ ਹੋਈ। 9 ਮਾਰਚ 1846 ਨੂੰ ਅੰਗ੍ਰੇਜ਼ਾਂ ਦਾ ਮਨ-ਮੰਨਿਆ ਅਹਿਦਨਾਮਾ ਤਿਆਰ ਹੋਇਆ ਜਿਸ ਰਾਹੀਂ ਲਾਹੌਰ ਦਰਬਾਰ ਤੋਂ ਇਹ ਸ਼ਰਤਾਂ ਮੰਨਵਾਈਆਂ ਗਈਆਂ - ਸਤਲੁਜ ਤੇ ਬਿਆਸ ਵਿਚਾਲੇ ਦਾ ਇਲਾਕਾ ਕੰਪਨੀ ਦਾ ਹੋਵੇਗਾ, ਲਾਹੌਰ ਦਰਬਾਰ ਨੂੰ ਡੇਢ ਕਰੋੜ ਰੁਪਈਆ ਜੰਗੀ ਤਾਵਾਨ ਵਜੋਂ ਦੇਣਾ ਪਵੇਗਾ ਕਿਉਂਕਿ ਖਜ਼ਾਨੇ ਵਿਚ ਰੁਪਈਆ ਨਹੀਂ, ਇਸ ਲਈ ਕੰਪਨੀ ਇਸ ਦੇ ਇਵਜ਼ ਵਿਚ ਕਸ਼ਮੀਰ ਤੇ ਹਜ਼ਾਰੇ ਦਾ ਇਲਾਕਾ ਲੈ ਲਵੇਗੀ। ਮਹਾਰਾਜਾ ਸਾਰੀ ਬਾਗੀ ਫੌਜ ਨੂੰ ਕੱਢ ਦੇਵੇਗਾ ਤੇ ਕੇਵਲ 20 ਹਜ਼ਾਰ ਘੋੜ-ਸਵਾਰ ਹੀ ਰੱਖ ਸਕੇਗਾ, ਅੰਗ੍ਰੇਜ਼ਾਂ ਵਿਰੁਧ ਜੰਗ ਵਿਚ ਵਰਤੀਆਂ ਗਈਆਂ 36 ਤੋਪਾਂ ਕੰਪਨੀ ਦੇ ਹਵਾਲੇ ਕਰ ਦਿੱਤੀਆਂ ਜਾਣਗੀਆਂ। ਅੰਗ੍ਰੇਜ਼ੀ ਸਰਕਾਰ ਦੀ ਆਗਿਆ ਬਿਨਾਂ ਖਾਲਸਾ ਦਰਬਾਰ ਆਪਣੀਆਂ ਹੱਦਾਂ ਘਟਾ ਵਧਾ ਨਹੀਂ ਸਕੇਗਾ। ਜੰਮੂ ਦੇ ਰਾਜਾ ਗੁਲਾਬ ਸਿੰਘ ਨੇ ਚੂੰਕਿ ਅੰਗ੍ਰੇਜ਼ਾਂ ਤੇ ਮਹਾਰਾਜੇ ਦੇ ਦਰਮਿਆਨ ਸੁਲਾਹ ਕਰਾਉਣ ਦਾ ਬੀੜਾ ਉਠਾਇਆ ਹੈ, ਇਸ ਲਈ ਉਸ ਨੂੰ ਅੱਗੇ ਤੋਂ ਜੰਮੂ ਦਾ ਖੁਦਮੁਖਤਿਆਰ ਮਹਾਰਾਜਾ ਮੰਨਣਾ ਹੋਵੇਗਾ।

ਇਹ ਤੇ ਕੁਝ ਹੋਰ ਅਜੇਹੀਆਂ ਸ਼ਰਤਾਂ ਕਰਕੇ ਫਿਰੰਗੀ ਨੇ ਪੰਜਾਬ ਵਿਚ ਪੈਰ ਪੱਕੇ ਕੀਤੇ ਤੇ ਦਸ ਹਜ਼ਾਰ ਅੰਗ੍ਰੇਜ਼ ਸੈਨਾ ਲਾਹੌਰ ਦਰਬਾਰ ਦੀ ਰਾਖੀ ਲਈ ਤਾਈਨਾਤ ਕਰ ਦਿੱਤੀ ਗਈ। ਮੈਕਗ੍ਰੇਗਰ ਦੇ ਸ਼ਬਦਾਂ ਵਿਚ 'ਇਸ ਸਮੇਂ ਹੀ ਸਿੱਖ

ਹਕੂਮਤ ਖਤਮ ਹੋ ਗਈ ਤੇ ਅੰਗ੍ਰੇਜ਼ ਪੰਜਾਬ ਦੇ ਹਾਕਮ ਬਣ ਗਏ। 23 ਮਾਰਚ 1846 ਨੂੰ ਗਵਰਨਰ ਜਨਰਲ ਲਾਹੌਰੋਂ ਵਿਦਾ ਹੋਇਆ ਤੇ ਪੁਰਾਣੇ ਸਿਪਾਹੀ ਤਨਖਾਹਾਂ ਦੇ ਕੇ ਘਰੀਂ ਤੋਰ ਦਿਤੇ ਗਏ ਤੇ ਸਰ ਜੌਹਨ ਲਿਟਨਰ ਦੀ ਕਮਾਨ ਹੇਠ ਅੰਗ੍ਰੇਜ਼ ਫੌਜ ਲਾਹੌਰ ਆ ਰਹੀ। ਹੈਨਰੀ ਲਾਰੰਸ ਦੀ ਅਗਵਾਈ ਹੇਠ ਇਕ ਕੌਂਸਲ ਬਣਾਈ ਗਈ ਜੋ ਕਿ ਸਾਰਾ ਰਾਜ-ਪ੍ਰਬੰਧ ਚਲਾਉਣ ਲਗੀ। ਹੈਨਰੀ ਕਿਹਾ ਕਰਦਾ ਸੀ 'ਇਨ੍ਹਾਂ ਹਲਵਾਹ ਪੰਜਾਬੀ ਸਰਦਾਰਾਂ ਤੋਂ ਤਲਵਾਰ ਖੋਹ ਕੇ ਮੁੜ ਹਲ ਦੀ ਜੰਘੀ ਫੜਾਉਣਾ ਮੇਰਾ ਮੁਖ ਕੰਮ ਹੈ।'

ਇਹ ਹੈ ਲਾਹੌਰ ਦੀ ਖਾਨਾਜੰਗੀ ਤੇ ਸਿਖਾਂ ਅਤੇ ਅੰਗ੍ਰੇਜ਼ਾਂ ਦੀ ਪਹਿਲੀ ਲੜਾਈ ਦਾ ਹਾਲ ਜਿਸ ਨੂੰ ਸ਼ਾਹ ਮੁਹੰਮਦ ਨੇ ਬੜੇ ਸੰਜਮ ਨਾਲ ਇਸ ਜੰਗਨਾਮੇ ਵਿਚ ਕਲਮਬੰਦ ਕੀਤਾ ਹੈ। ਇਸ ਤੋਂ ਪਿਛੋਂ ਸਿਖਾਂ ਤੇ ਅੰਗ੍ਰੇਜ਼ਾਂ ਦੀ ਦੂਜੀ ਜੰਗ ਰਾਮਨਗਰ, (22 ਨਵੰਬਰ 1848) ਚਿਲੀਆਂ ਵਾਲੇ ਤੇ ਗੁਜਰਾਤ (ਜਨਵਰੀ ਫਰਵਰੀ 1849) ਵਿਚ ਹੋਈ ਤੇ 20 ਮਾਰਚ 1849 ਨੂੰ ਅੰਗ੍ਰੇਜ਼ਾਂ ਪੰਜਾਬ ਉਤੇ ਮੁਕੰਮਲ ਕਬਜ਼ਾ ਕੀਤਾ। ਲੇਕਿਨ ਸ਼ਾਹ ਮੁਹੰਮਦ ਦੇ ਕਿੱਸੇ ਵਿਚ ਪਹਿਲੀ ਲੜਾਈ ਤੋਂ ਬਾਦ ਦੀ ਕਿਸੇ ਘਟਨਾ ਦਾ ਵੀ ਜ਼ਰਾ ਸੰਕੇਤ ਨਹੀਂ। ਇਸ ਤੋਂ ਸਹਿਜੇ ਹੀ ਅਨੁਮਾਨ ਹੁੰਦਾ ਹੈ ਕਿ ਕਵੀ ਨੇ ਇਹ 'ਜੰਗਨਾਮਾ' ਆਪਣੇ ਪਿੰਡ ਵਡਾਲੇ, ਜੂਨ ਤੇ ਨਵੰਬਰ 1846 ਦੇ ਵਿਚ ਵਿਚਕਾਰ ਕਿਤੇ ਮੁਕੰਮਲ ਕੀਤਾ। ਭਾਵੇਂ ਇਸ ਪਹਿਲੀ ਲੜਾਈ ਸਬੰਧੀ ਇਸ ਤੋਂ ਬਿਨਾਂ ਦੋ ਹੋਰ ਕਵੀਆਂ ਮਟਕ ਤੇ ਕਾਨ੍ਹ ਸਿੰਘ ਬੰਗਾ ਨੇ ਵੀ ਜੰਗਨਾਮੇ ਲਿਖੇ ਹਨ ਲੇਕਿਨ ਸ਼ਾਹ ਮੁਹੰਮਦ ਦੀ ਰੀਸ ਕੋਈ ਨਹੀਂ ਕਰ ਸਕਦਾ। ਮਟਕ ਦੀ ਰਚਨਾ ਬਹੁਤ ਸੰਖਿਪਤ ਜਿਹੀ ਹੈ ਤੇ ਕਾਨ੍ਹ ਸਿੰਘ ਨੇ ਜਲੰਧਰ ਦੇ ਡਿਪਟੀ ਕਮਿਸ਼ਨਰ ਮਿ, ਵੈਨਸਟਾਰਟ ਦੀ ਪ੍ਰੇਰਨਾ ਤੇ ਹਿੰਦੁਸਤਾਨੀ ਵਿਚ ਜੰਗਨਾਮਾ ਲਿਖਿਆ ਸੀ, ਇਸ ਕਰਕੇ ਉਸ ਵਿਚ ਅੰਗ੍ਰੇਜ਼ਾਂ ਦੀ ਤਾਰੀਫ ਹੋਣਾ ਸਾਧਾਰਣ ਗੱਲ ਸੀ। ਪਰੰਤੂ ਸ਼ਾਹ ਮੁਹੰਮਦ ਸੁਤੰਤਰ ਸੀ ਤੇ ਪੰਜਾਬੀ ਰਾਜ ਦਾ ਸੱਚਾ ਪ੍ਰੇਮੀ ਸੀ। ਇਸ ਕਰਕੇ ਉਸ ਨੇ ਬਿਨਾਂ ਕਿਸੇ ਲਿਹਾਜ਼ ਦੇ ਆਪਣਿਆਂ ਦੀਆਂ ਗ਼ੱਦਾਰੀਆਂ ਤੇ ਪਰਾਇਆ ਦੀਆਂ ਮੱਕਾਰੀਆਂ ਤੋਂ ਪਰਦਾ ਉਠਾ ਕੇ ਸੱਚੀ ਸੱਚੀ ਵਾਰਤਾ ਸਿਧੇ-ਸਾਦੇ ਬੈਂਤਾਂ ਵਿਚ ਕਹਿ ਸੁਣਾਈ। ਕਵੀ ਦੀ ਸੰਜੀਦਗੀ, ਸੁਹਿਰਦਤਾ, ਸਚਾਈ ਤੇ ਸਪਸ਼ਟ-ਬਿਆਨੀ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਜਿਸ ਤਰ੍ਹਾਂ ਕਿ ਡੋਗਰਿਆਂ ਉਸ ਵੇਲੇ ਧੁਮਾ ਛਡਿਆ ਸੀ ਕਿ ਇਹ ਸਾਰੀ

ਤਬਾਹੀ ਰਾਣੀ ਜਿੰਦਾਂ ਨੇ ਕਰਵਾਈ - ਸ਼ਾਹ ਮੁਹੰਮਦ ਨੇ ਵੀ ਇਸ ਵਿਚਾਰ ਨੂੰ ਆਪਣੇ ਬਿਆਨ ਵਿਚ ਲੋੜ ਤੋਂ ਵਧ ਥਾਂ ਦਿੱਤੀ ਹੈ। ਭਾਵੇਂ ਇਹ ਗੱਲ ਇਤਿਹਾਸਕ ਤੌਰ ਤੇ ਠੀਕ ਸਾਬਤ ਨਹੀਂ ਹੁੰਦੀ ਪਰੰਤੂ ਉਸ ਸਮੇਂ ਗ਼ੱਦਾਰ ਲੋਕ ਆਪਣਾ ਕਲੰਕ ਦੂਜੇ ਦੇ ਮੱਥੇ ਲਾ ਕੇ ਆਪਣਾ ਆਪ ਬਚਾਉਣਾ ਚਾਹੁੰਦੇ ਸਨ ਤੇ ਭੋਲੇ-ਭਾਲੇ ਸਿੱਖ ਫੌਜੀਆਂ ਨੂੰ ਝੂਠ ਸੱਚ ਦੱਸ ਕੇ ਹੋਰ ਪਾਸੇ ਲਾਉਣਾ ਚਾਹੁੰਦੇ ਸਨ ਤੇ ਇਹ ਗੱਲ ਇਵੇਂ ਹੋਈ ਵੀ। ਪ੍ਰਾਪੇਗੰਡੇ ਕਾਰਣ ਇਸ ਇਕ ਗੱਲ ਤੋਂ ਬਿਨਾਂ ਸ਼ਾਹ ਮੁਹੰਮਦ ਦੀ ਲਿਖਤ ਵਿਚ ਹੋਰ ਕੋਈ ਖਾਸ ਇਤਿਹਾਸਕ ਉਕਾਈ ਨਹੀਂ ਜਾਪਦੀ। ਇਸ ਤੋਂ ਮਾਲੂਮ ਹੁੰਦਾ ਹੈ ਕਿ ਉਸ ਦੀ ਲਾਹੌਰ ਦਰਬਾਰ ਬਾਰੇ ਜਾਣਕਾਰੀ ਬੜੀ ਹੀ ਪ੍ਰਮਾਣੀਕ ਸੀ। ਜਿਸ ਢੰਗ ਨਾਲ ਉਸ ਨੇ ਇਸ ਇਤਿਹਾਸਕ ਵਿਥਿਆ ਨੂੰ ਸੰਜਮ-ਭਰਪੂਰ ਸ਼ੈਲੀ ਦੁਆਰਾ ਕੇਵਲ 105 ਬੈਂਤਾਂ ਵਿਚ ਵਰਣਨ ਕੀਤਾ ਹੈ, ਉਸ ਤੋਂ ਉਸਦੀ ਸਾਹਿਤਕ ਕਲਾ ਦਾ ਵੀ ਪ੍ਰਗਟਾਵਾ ਹੁੰਦਾ ਹੈ।

ਚੂੰਕਿ ਇਹ 'ਜੰਗਨਾਮਾ' ਬਹੁਤ ਪੜ੍ਹਿਆ ਗਿਆ ਹੈ। ਇਹ ਫਾਰਸੀ ਅੱਖਰਾਂ ਤੇ ਨਾਗਰੀ ਲਿਪੀ ਵਿਚ ਵੀ ਛਪਿਆ ਤੇ ਗੁਰਮੁਖੀ ਵਿਚ ਤਾਂ ਲੱਖਾਂ ਦੀ ਤਾਦਾਦ ਵਿਚ ਪ੍ਰਕਾਸ਼ਤ ਹੋਇਆ। ਜਦੋਂ ਕੋਈ ਚੀਜ਼ ਵਧੇਰੇ ਪੜ੍ਹੀ ਜਾਂਦੀ ਹੋਵੇ ਤਾਂ ਹਰੇਕ ਪ੍ਰਕਾਸ਼ਕ ਉਸਨੂੰ ਛਾਪਕੇ ਵਧ ਤੋਂ ਵਧ ਲਾਭ ਲੈਣ ਦਾ ਜਤਨ ਕਰਦਾ ਹੈ। ਇਸ ਆਪਾਧਾਪੀ ਵਿਚ ਇਸਦੇ ਅਨੇਕਾਂ ਪਾਠ ਗ਼ਲਤਮਲਤ ਹੁੰਦੇ ਗਏ ਤੇ ਸਾਡਾ ਜਤਨ ਹੈ ਕਿ ਇਸ ਨੂੰ ਪੂਰਨ ਸ਼ੁੱਧ ਰੂਪ ਵਿਚ ਪੇਸ਼ ਕੀਤਾ ਜਾਵੇ, ਤਾਂਕਿ ਪੰਜਾਬੀ ਰਾਜ ਦੇ ਖਾਤਮੇ ਦਾ ਦੁਖਾਂਤਕ ਕਿੱਸਾ ਹਰੇਕ ਪਾਠਕ ਸਹੀ-ਸਹੀ ਭਲੀ ਭਾਂਤ ਜਾਣ ਸਕੇ। ਅੱਗੇ ਮੂਲ ਪਾਠ ਹਾਜ਼ਰ ਹੈ।

(ੳ)

ਜੰਗਨਾਮਾ ਸਿੰਘਾਂ ਤੇ ਫਿਰੰਗੀਆਂ

(ਸ਼ਾਹ ਮੁਹੰਮਦ)

੧

ਅੱਵਲ ਹਮਦ* ਜਨਾਬ ਅੱਲਾਹ ਦੀ ਨੂੰ, ਮਹਿਮਾ
ਜਿਹੜਾ ਕੁਦਰਤੀ ਖੇਲ ਬਣਾਂਵਦਾ ਈ।
ਚੌਦਾਂ ਤਬਕਾਂ* ਦਾ ਨਕਸ਼-ਨਿਗਾਰ ਕਰ ਕੇ, ਚੌਦਾਂ ਲੋਕ
ਰੰਗਾ ਰੰਗ ਦੇ ਭੇਖ ਰਚਾਂਵਦਾ ਈ।
ਸਫਾਂ ਪਿਛਲੀਆਂ ਸਭ ਸਮੇਟ ਲੈਂਦਾ,
ਅੱਗੇ ਹੋਰ ਹੀ ਹੋਰ ਵਿਛਾਂਵਦਾ ਈ।
ਸ਼ਾਹ ਮੁਹੰਮਦਾ ਓਸ ਤੋਂ ਸਦਾ ਡਰੀਏ,
ਬਾਦਸ਼ਾਹਾਂ ਥੀਂ ਭੀਖ ਮੰਗਾਂਵਦਾ ਈ।

੨

ਏਥੇ ਜੀਆਂ ਨੂੰ ਪਕੜ ਕੇ ਮੋਹ ਲੈਂਦੀ,
ਦੁਨੀਆਂ ਵੇਸਵਾ ਦਾ ਰੱਖੇ ਭੇਸ ਮੀਆਂ।
ਸਦਾ ਨਹੀਂ ਜੁਆਨੀ ਤੇ ਐਸ਼ ਮਾਪੇ,
ਸਦਾ ਨਹੀਂ ਜੇ ਬਾਲ ਵਰੇਸ ਮੀਆਂ।
ਸਦਾ ਨਹੀਂ ਜੇ ਦੌਲਤਾਂ ਫੀਲ* ਘੋੜੇ, ਹਾਥੀ
ਸਦਾ ਨਹੀਂ ਜੇ ਰਾਜਿਆਂ ਦੇਸ ਮੀਆਂ।
ਸ਼ਾਹ ਮੁਹੰਮਦਾ ਸਦਾ ਨਹੀਂ ਰੂਪ ਦੁਨੀਆਂ,
ਸਦਾ ਨਹੀਂ ਜੇ ਕਾਲੜੇ ਕੇਸ ਮੀਆਂ।

੩

ਇਕ ਰੋਜ਼ ਬਡਾਲੇ ਦੇ ਵਿਚ ਬੈਠੇ,
ਚਲੀ ਆਣ ਫਿਰੰਗੀ ਦੀ ਬਾਤ ਆਹੀ।
ਸਾਨੂੰ ਆਖਿਆ ਹੀਰੇ ਤੇ ਹੋਰ ਯਾਰਾਂ,

ਜਿਨ੍ਹਾਂ ਨਾਲ ਸਾਡੀ ਮੁਲਾਕਾਤ ਆਹੀ।
ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਉਤੇ ਅਫ਼ਾਤ* ਆਹੀ। ਬਿਪਤਾ
ਸ਼ਾਹ ਮੁਹੰਮਦਾ ਵਿੱਚ ਪੰਜਾਬ ਦੇ ਜੀ,
ਕੋਈ ਨਹੀਂ ਸੀ ਦੂਸਰੀ ਜ਼ਾਤ ਆਹੀ।

੪

ਏਹੁ ਜੱਗ ਸਰਾਇੰ ਮੁਸਾਫ਼ਿਰਾਂ ਦੀ,
ਏਥੇ ਜ਼ੋਰ ਵਾਲੇ ਕਈ ਆਇ ਗਏ।
ਸ਼ੱਦਾਦ, ਨਮਰੂਦ, ਫ਼ਿਰਊਨ ਜੇਹੇ,
ਦਾਅਵੇ ਬੰਨ੍ਹਿ ਖ਼ੁਦਾਇ ਕਹਾਇ ਗਏ।
ਅਕਬਰ ਸ਼ਾਹ ਜੇਹੇ ਆਇ ਵਿਚ ਦਿੱਲੀ,
ਫੇਰੀ ਵਾਂਗ ਵਣਜਾਰਿਆਂ ਪਾਇ ਗਏ।
ਸ਼ਾਹ ਮੁਹੰਮਦਾ ਰਹੇਗਾ ਰੱਬ ਸੱਚਾ,
ਵਾਜੇ ਕੂੜ ਦੇ ਕਈ ਵਜਾਇ ਗਏ।

੫

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਂਦਾ,
ਨਾਲ ਜ਼ੋਰ ਦੇ ਮੁਲਖ ਨਿਵਾਇ ਗਿਆ।
ਮੁਲਤਾਨ, ਕਸ਼ਮੀਰ, ਪਿਸ਼ੌਰ, ਚੰਬਾ,
ਜੰਮੂ, ਕਾਂਗੜਾ ਕੋਟ, ਛੁਡਾਇ ਗਿਆ।
ਤਿੱਬਤ ਦੇਸ ਲੱਦਾਖ ਤੇ ਚੀਨ ਤੋੜੀਂ,
ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪੰਚਾਸ ਬਰਸਾਂ,
ਹੱਛਾ ਰੱਜ ਕੇ ਰਾਜ ਕਮਾਇ ਗਿਆ।

੬

ਜਦੋਂ ਹੋਏ ਸਰਕਾਰ ਦੇ ਸਾਸ ਪੂਰੇ,
ਜਮ੍ਹਾ ਹੋਏ ਨੀ ਸਭ ਸਰਦਾਰ ਮੀਆਂ।
ਚੇਤ ਸਿੰਘ ਨੂੰ ਮਾਰਿਆ ਕੌਰ ਸਾਹਿਬ* ਕੰਵਰ ਨੌਨਿਹਾਲ ਸਿੰਘ ਨੇ

ਸ਼ੁਰੂ ਹੋਈ ਦਰਬਾਰ ਤਲਵਾਰ ਮੀਆਂ ।
ਖੜਗ ਸਿੰਘ ਮਹਾਰਾਜ ਨੇ ਢਾਹ ਮਾਰੀ,
'ਮੋਇਆ ਮੁੱਢ ਕਦੀਮ ਦਾ ਯਾਰ ਮੀਆਂ।
ਸ਼ਾਹ ਮੁਹਮਦਾ ਅਸਾਂ ਭੀ ਨਾਲ ਮਰਨਾ,
ਸਾਡਾ ਇਹੋ ਸੀ ਕੌਲ-ਕਰਾਰ ਮੀਆਂ।'

੭

ਮੇਰੇ ਬੈਠਿਆਂ ਇਨ੍ਹਾਂ ਨੇ ਖ਼ੂਨ ਕੀਤਾ,
ਇਹ ਤਾਂ ਗਰਕ ਜਾਵੇ ਦਰਬਾਰ ਮੀਆਂ।
ਪਿੱਛੇ ਸਾਡੇ ਵੀ ਕੌਰ ਨਾ ਰਾਜ ਕਰਸੀ,
ਅਸੀਂ ਮਰਾਂਗੇ ਏਸ ਨੂੰ ਮਾਰ ਮੀਆਂ।
ਨਾਹੱਕ ਦਾ ਇਨ੍ਹਾਂ ਨੇ ਖ਼ੂਨ ਕੀਤਾ
ਇਹ ਤਾਂ ਮਰਨਗੇ ਸਭ ਸਿਰਦਾਰ ਮੀਆਂ।'
ਸ਼ਾਹ ਮੁਹੰਮਦਾ ਧੁਰੋਂ ਤਲਵਾਰ ਵੱਗੀ,
ਸਭੇ ਕਤਲ ਹੋਂਦੇ ਵਾਰੋ ਵਾਰ ਮੀਆਂ।

੮

ਖੜਗ ਸਿੰਘ ਮਹਾਰਾਜ ਹੋਯਾ ਬਹੁਤ ਮਾਂਦਾ*, ਕਮਜ਼ੋਰ
ਬਰਸ ਇਕ ਪਿੱਛੇ ਬਸ ਕਾਲ ਹੋਇਆ ।
ਆਈ ਮੌਤ ਨਾ ਅਟਕਿਆ ਇਕ ਘੜੀ,
ਚੇਤ ਸਿੰਘ ਦੇ ਗ਼ਮ ਦੇ ਨਾਲ ਮੋਇਆ।
ਕੌਰ ਸਾਹਿਬ ਮਹਾਰਾਜੇ ਦੀ ਗੱਲ ਸੁਣ ਕੇ,
ਜ਼ਰਾ ਗ਼ਮ ਦੇ ਨਾਲ ਨਾ ਮੂਲ ਰੋਇਆ।
ਸ਼ਾਹ ਮੁਹੰਮਦਾ ਕਈਆਂ ਦੇ ਬੰਨ੍ਹਣੇ ਦਾ,
ਵਿਚ ਕੌਂਸਲ ਦੇ ਕੌਰ ਨੂੰ ਫਿਕਰ ਹੋਇਆ।

੯

ਖੜਗ ਸਿੰਘ ਮਹਾਰਾਜੇ ਨੂੰ ਚੁੱਕ ਲਿਆ,
ਵੇਖੋ ਸਾੜਨੇ ਨੂੰ ਹੁਣ ਲੈ ਚੱਲੇ।
ਧਰਮਰਾਇ ਨੂੰ ਜਾਇ ਕੇ ਖ਼ਬਰ ਹੋਈ,

ਕੌਰ ਮਾਰਨੇ ਨੂੰ ਓਨਾਂ ਦੂਤ ਘੱਲੇ।
ਮਾਰੋ ਮਾਰ ਕਰਦੇ ਦੂਤ ਉਠ ਦੌੜੇ,
ਜਦੋਂ ਹੋਏ ਨੀ ਮੌਤ ਦੇ ਆਇ ਹੱਲੇ।
ਸ਼ਾਹ ਮੁਹੰਮਦਾ ਦੇਖ ਰਜ਼ਾਇ ਰੱਬ ਦੀ,
ਊਧਮ ਸਿੰਘ* ਤੇ ਕੌਰ ਦੇ ਸਾਸ ਚੱਲੇ।

*ਰਾਜਾ ਗੁਲਾਬ ਸਿੰਘ ਦਾ ਵੱਡਾ ਪੁੱਤਰ

੧੦

ਇਕ ਦੂਤ ਨੇ ਆਇ ਕੇ ਜ਼ਿਕਰ ਕੀਤਾ,
ਪਲਕ ਵਿਚ ਦਰਵਾਜ਼ੇ ਦੇ ਆਇਆ ਈ।
ਜਿਹੜਾ ਧੁਰੋਂ ਦਰਗਾਹੋਂ ਸੀ ਹੁਕਮ ਆਇਆ,
ਦੇਖੋ ਓਸ ਨੇ ਖ਼ੂਬ ਬਜਾਇਆ ਈ।
ਅੰਦਰ ਤਰਫ ਹਵੇਲੀ ਦੇ ਤੁਰੇ ਜਾਂਦੇ,
ਛੱਜਾ ਢਾਹਿ ਦੋਹਾਂ ਉਤੇ ਪਾਇਆ ਈ।
ਸ਼ਾਹ ਮੁਹੰਮਦਾ ਊਧਮ ਸਿੰਘ ਥਾਇਂ ਮੋਇਆ,
ਕੌਰ ਸਾਹਿਬ ਜੋ ਸਹਕਦਾ ਆਇਆ ਈ।

੧੧

ਅੱਠ ਪਹਿਰ ਲੁਕਾਇ ਕੇ ਰੱਖਿਓ ਨੇ,
ਦਿਨ ਦੂਜੇ ਰਾਣੀ ਚੰਦ ਕੌਰ ਆਈ।
ਖੜਗ ਸਿੰਘ ਦਾ ਮੂਲ ਦਰੇਗ ਨਾਹੀਂ,
ਕੌਰ ਸਾਹਿਬ ਤਾਈਂ ਓਥੇ ਰੋਣ ਆਈ।
ਮ੍ਰਿਤ ਹੋਇਆ ਤੇ ਕਰੋ ਸਸਕਾਰ ਇਸ ਦਾ,
ਰਾਣੀ ਆਖਦੀ - 'ਤੁਸਾਂ ਕਿਉਂ ਦੇਰ ਲਾਈ ?'
ਸ਼ਾਹ ਮੁਹੰਮਦਾ ਰੋਂਦੀ ਏ ਚੰਦ ਕੌਰਾਂ,
ਜਿਹਦਾ ਮੁਇਆ ਪੁੱਤ ਸੋਹਣਾ ਸ਼ੇਰ ਸਾਈ।

੧੨

ਸ਼ੇਰ ਸਿੰਘ ਨੂੰ ਕਿਸੇ ਜਾ ਖ਼ਬਰ ਦਿੱਤੀ,
ਜਿਹਦਾ ਮੋਇਆ ਭਤੀਜਾ ਭਰਾਉ ਯਾਰੋ।
ਓਨ ਤੁਰਤ ਵਟਾਲਿਓਂ ਕੂਚ ਕੀਤਾ,

ਰਾਹੀਂ ਆਂਵਦਾ ਘੱਤ ਵਹੀਰ ਯਾਰੋ।
ਜਦੋਂ ਆਣ ਕੇ ਹੋਇਆ ਲਾਹੌਰ ਦਾਖਲ,
ਅੱਖੀਂ ਰੋਵੇ ਪਲੱਟਦਾ ਨੀਰ ਯਾਰੋ।
ਸ਼ਾਹ ਮੁਹੰਮਦਾ ਲੋਕ ਦਿਲਬਰੀ * ਦੇਂਦੇ, ਧੀਰਜ
ਚੰਦ ਕੌਰ ਹੋਈ ਦਿਲਗ਼ੀਰ ਯਾਰੋ।

੧੩

ਦਿੱਤੇ ਸੰਤਰੀ ਚਾਰ ਖਲ੍ਹਾਰ ਚੋਰੀਂ,
ਸ਼ੇਰ ਸਿੰਘ ਅੰਦਰ ਅੱਜ ਆਵਣਾ ਜੇ।
ਤੁਰਤ ਫੂਕ ਦੇਹੋ ਤੁਸੀਂ ਕਰਾਬੀਨਾਂ*, ਬੰਦੂਕਾਂ ਚਲਾਓ
ਪਲਕ ਵਿਚ ਹੀ ਮਾਰ ਗਵਾਵਣਾ ਜੇ।
ਸ਼ੇਰ ਸਿੰਘ ਨੂੰ ਰਾਜੇ ਨੇ ਖਬਰ ਦਿੱਤੀ,
ਅੰਦਰ ਅੱਜ ਹਜ਼ੂਰ ਨਾ ਆਵਣਾ ਜੇ।
ਸ਼ਾਹ ਮੁਹੰਮਦਾ ਅਜੇ ਨਾ ਜ਼ੋਰ ਤੇਰਾ,
ਤੈਨੂੰ ਅਸਾਂ ਹੀ ਅੰਤ ਸਦਾਵਣਾ ਜੇ।

੧੪

ਚੰਦ ਕੌਰ ਦੀ ਮੰਦੀ ਜੋ ਨਜ਼ਰ ਦੇਖੀ,
ਦਗੇਬਾਜ਼ੀਆਂ ਹੋਰ ਬਖੇਰੀਆਂ ਨੀ।
ਓਨ ਤੁਰਤ ਲਾਹੌਰ ਥੀਂ ਕੂਚ ਕੀਤਾ,
ਬੈਠਾ ਜਾਇ ਕੇ ਵਿਚ ਮੁਕੇਰੀਆਂ ਨੀ।
ਪਿੱਛੇ ਰਾਜ ਬੈਠੀ ਰਾਣੀ ਚੰਦ ਕੌਰਾਂ,
ਦੇਂਦਾ ਆਇ ਮੁਸਾਹਿਬ* ਦਲੇਰੀਆਂ ਨੀ। ਅਹਿਲਕਾਰ
ਸ਼ਾਹ ਮੁਹੰਮਦਾ ਕੌਰ ਨਾ ਜੰਮਣਾ ਏ,
ਕਿਲ੍ਹੇ ਕੋਟ ਤੇ ਰਈਅਤਾਂ ਤੇਰੀਆਂ ਨੀ।

੧੫

ਰਾਜੇ* ਲਸ਼ਕਰਾਂ ਵਿਚ ਸਲਾਹ ਕੀਤੀ, ਧਿਆਨ ਸਿੰਘ
ਸ਼ੇਰ ਸਿੰਘ ਨੂੰ ਕਿਵੇਂ ਸਦਾਈਏ ਜੀ।
ਉਹ ਹੈ ਪੁਤ੍ਰ ਸਰਕਾਰ ਦਾ ਫਤੇ-ਜੰਗੀ*, ਬਹਾਦਰ

ਗੱਦੀ ਓਸ ਨੂੰ ਚਾਇ ਬਹਾਈਏ ਜੀ।
ਸਿੰਘਾਂ ਆਖਿਆ, 'ਰਾਜਾ ਜੀ ! ਹੁਕਮ ਤੇਰਾ,
ਜਿਸ ਨੂੰ ਕਹੇਂ ਸੋ 'ਫਤਹਿ ਬੁਲਾਈਏ ਜੀ।'
ਸ਼ਾਹ ਮੁਹੰਮਦਾ ਗੱਲ ਜੋ ਮੂੰਹੋਂ ਕੱਢੇਂ,
ਇਸੇ ਵਖਤ ਹੀ ਤੁਰਤ ਮੰਗਾਈਏ ਜੀ,

੧੬

ਬਾਈਆਂ ਦਿਨਾਂ ਦੀ ਰਾਜੇ* ਨੇ ਲਈ ਰੁਖਸਤ, ਰਾਜਾ
ਤਰਫ਼ ਜੰਮੂ ਦੀ ਹੋਇ ਨੀ ਕੂਚ ਡੇਰੇ। ਧਿਆਨ ਸਿੰਘ
ਸ਼ੇਰ ਸਿੰਘ ਤਾਈਂ ਲਿਖ ਘੱਲੀ ਚਿਠੀ,
ਮੈਂ ਤਾਂ ਰਫ਼ੂ ਕਰ ਛੱਡੇ ਨੀ ਕੰਮ ਤੇਰੇ।
ਧੌਂਸਾ ਮਾਰ ਕੇ ਪਹੁੰਚ ਲਾਹੌਰ ਜਲਦੀ,
ਅੱਗੋਂ ਆਇ ਮਿਲਸਨ ਤੈਨੂੰ ਸਭ ਬੇੜੇ।
ਸ਼ਾਹ ਮੁਹੰਮਦਾ ਮਿਲਣਗੇ ਸਭ ਅਫਸਰ,
ਜਿਸ ਵੇਲੜੇ ਸ਼ਹਿਰ ਦੇ ਜਾਇੰ ਨੇੜੇ।

੧੭

ਸ਼ੇਰ ਸਿੰਘ ਨੇ ਰਾਜੇ ਦਾ ਖ਼ਤ ਪੜ੍ਹ ਕੇ,
ਫ਼ੌਜਾਂ ਤੁਰਤ ਲਾਹੌਰ ਨੂੰ ਘੱਲੀਆਂ ਨੀ।
ਘੋੜੇ ਹਿਣਕਦੇ ਤੇ ਮਾਰੂ ਵੱਜਦੇ ਨੀ,
ਧੂੜਾਂ ਉੱਡ ਕੇ ਘਟਾ ਹੋ ਚੱਲੀਆਂ ਨੀ।
ਆਵ ਬੁੱਧੂ ਦੇ ਪਾਸ ਨੀ ਲਾਏ ਡੇਰੇ,
ਫੌਜਾਂ ਲੱਥੀਆਂ ਆਣ ਇਕੱਲੀਆਂ ਨੀ।
ਸ਼ਾਹ ਮੁਹੰਮਦਾ ਆਣ ਜਾਂ ਰਥ ਪਹੁੰਚੇ,
ਗੱਲਾਂ ਸ਼ਹਿਰ ਲਾਹੌਰ ਵਿਚ ਚੱਲੀਆਂ ਨੀ।

੧੮

ਸ਼ੇਰ ਸਿੰਘ ਫਿਰ ਬੁੱਧੂ ਦੇ ਆਵਿਓਂ ਜੀ,
ਕਰ ਤੁਰਮ* ਲਾਹੌਰ ਵਲ ਧਾਇਆ ਈ। ਵਾਜਾ
ਫਲ੍ਹੇ ਪੜਤਲਾਂ ਦੇ ਅੱਗੋਂ ਪਾੜ ਕੇ ਜੀ,

ਸ਼ੇਰ ਸਿੰਘ ਨੂੰ ਤੁਰਤ ਲੰਘਾਇਆ ਈ।
ਓਸ ਬਲੀ ਸ਼ਹਿਜ਼ਾਦੇ ਦਾ ਤੇਜ ਭਾਰੀ,
ਜਿਸ ਕਿਲ੍ਹੇ ਨੂੰ ਮੋਰਚਾ ਲਾਇਆ ਈ।
ਸ਼ਾਹ ਮੁਹੰਮਦਾ ਹਾਰ ਕੇ ਵਿਚਲਿਆਂ ਨੇ,
ਸ਼ੇਰ ਸਿੰਘ ਨੂੰ ਤਖਤ ਬਿਠਾਇਆ ਈ।

੧੯

ਸ਼ੇਰ ਸਿੰਘ ਗੱਦੀ ਉਤੇ ਆਣ ਬੈਠਾ,
ਰਾਣੀ ਕੈਦ ਕਰ ਕੇ ਕਿਲ੍ਹੇ ਵਿਚ ਪਾਈ।
ਘਰ ਬੈਠਿਆਂ ਰੱਬ ਨੇ ਰਾਜ ਦਿੱਤਾ,
ਉਹ ਤਾਂ ਮੱਲ ਬੈਠਾ ਸਾਰੀ ਬਾਦਸ਼ਾਹੀ।
ਬਰਸ ਹੋਇਆ ਜਦ ਉਸ ਨੂੰ ਕੈਦ ਹੋਇਆ,
ਰਾਣੀ ਦਿਲ ਦੇ ਵਿਖੇ ਸੋ ਜਿੱਚ ਆਹੀ।
ਸ਼ਾਹ ਮੁਹੰਮਦਾ ਮਾਰ ਕੇ ਚੰਦ ਕੌਰਾਂ,
ਸ਼ੇਰ ਸਿੰਘ ਨੇ ਗਲੋਂ ਬਲਾਇ ਲਾਹੀ।

੨੦

ਸ਼ੇਰ ਸਿੰਘ ਨੂੰ ਰੱਬ ਨੇ ਰਾਜ ਦਿੱਤਾ,
ਲਿਆ ਖੋਹਿ ਲਾਹੌਰ ਜੋ ਰਾਣੀਆਂ ਥੀਂ।
ਸੰਧਾਵਾਲੀਆਂ ਜਿਹੀ ਨਾ ਕਿਸੇ ਕੀਤੀ,
ਜਾ ਕੇ ਪੁੱਛ ਲੈ ਰਾਹ ਪਧਾਣੀਆਂ* ਥੀਂ।
ਮੁੜ ਕੇ ਫੇਰ ਅਜੀਤ ਸਿੰਘ ਲਈ ਬਾਜ਼ੀ,
ਪੈਦਾ ਹੋਇਆ ਸੀ ਅਸਲ ਸਵਾਣੀਆਂ ਥੀਂ।
ਸ਼ਾਹ ਮੁਹੰਮਦਾ ਜੰਮਿਆ ਅਲੀ ਅਕਬਰ,
ਆਂਦਾ ਬਾਪ ਨੂੰ ਕਾਲਿਆਂ ਪਾਣੀਆਂ ਥੀਂ।

੨੧

ਜਿਨ੍ਹਾਂ ਗੋਲੀਆਂ ਨੇ ਮਾਰੀ ਚੰਦ ਕੌਰਾਂ,
ਉਨ੍ਹਾਂ ਤਾਈਂ ਹਜ਼ੂਰ ਚਾ ਸੱਦਿਆ ਈ।
ਸ਼ੇਰ ਸਿੰਘ ਨੇ ਬੁੱਧੇ ਨੂੰ ਹੁਕਮ ਕੀਤਾ,

* ਪਾਂਧੀਆਂ

ਓਨ੍ਹਾਂ ਕਿਲ੍ਹਿਓਂ ਬਾਹਰ ਚਾ ਕੱਢਿਆ ਈ।
ਰਾਜੇ ਸਿੰਘਾਂ ਦਾ ਗਿਲਾ ਮਿਟਾਵਣੇ ਨੂੰ,
ਨੱਕ ਕੰਨ ਵੀ ਓਨ੍ਹਾਂ ਦਾ ਵੱਢਿਆ ਈ।
ਸ਼ਾਹ ਮੁਹੰਮਦਾ ਲਾਹਿ ਕੇ ਸਭ ਜ਼ੇਵਰ,
ਕਾਲਾ ਮੂੰਹ ਕਰ ਕੇ ਫੇਰ ਛੋਡਿਆ ਈ।

੨੨

ਬਰਸ ਹੋਇਆ ਜਾਂ ਹਾਜ਼ਰੀ ਲੈਣ ਬਦਲੇ,
ਡੇਰਾ ਸ਼ਾਹ ਬਿਲਾਵਲ ਲਗਾਂਵਦਾ ਈ।
ਅਜੀਤ ਸਿੰਘ ਗੁੱਝੀ ਕਰਾਬੀਨ* ਲੈ ਕੇ, ਬੰਦੂਕ
ਸ਼ੇਰ ਸਿੰਘ ਨੂੰ ਆਣ ਦਿਖਾਂਵਦਾ ਈ।
ਡਿੱਠੀ ਜਦੋਂ ਸ਼ਹਿਜ਼ਾਦੇ ਦੀ ਨਜ਼ਰ ਮੈਲੀ,
ਜਲਦੀ ਨਾਲ ਚਾ ਕਲਾ ਦਬਾਂਵਦਾ ਈ।
ਸ਼ਾਹ ਮੁਹੰਮਦਾ ਜ਼ਿਮੀਂ ਤੇ ਪਿਆ ਫੜਕੇ,
ਤੇਗਾ ਮਾਰ ਕੇ ਸੀਸ ਉਡਾਂਵਦਾ ਈ।

੨੩

ਲਹਿਣਾ ਸਿੰਘ ਜੋ ਬਾਗ ਦੀ ਤਰਫ ਆਇਆ,
ਅੱਗੋ ਕੌਰ* ਜੋ ਹੋਮ ਕਰਾਂਵਦਾ ਈ। ਕੰਵਰ ਪ੍ਰਤਾਪ ਸਿੰਘ
ਲਹਿਣਾ ਸਿੰਘ ਦੀ ਮੈਲੀ ਜੋ ਨਜ਼ਰ ਦੇਖੀ,
ਅੱਗੋਂ ਵਾਸਤਾ ਰੱਬ ਦਾ ਪਾਂਵਦਾ ਈ।
'ਮੈਂ' ਤਾਂ ਕਰਾਂਗਾ ਬਾਬਾ ਜੀ! ਟਹਿਲ ਤੇਰੀ
ਹੱਥ ਜੋੜ ਕੇ ਸੀਸ ਨਿਵਾਂਵਦਾ ਈ।
ਸ਼ਾਹ ਮੁਹੰਮਦਾ ਓਸ ਨਾ ਇਕ ਮੰਨੀ,
ਤੇਗ ਮਾਰ ਕੇ ਸੀਸ ਲੈ ਆਂਵਦਾ ਈ।

੨੪

ਸ਼ੇਰ ਸਿੰਘ ਪ੍ਰਤਾਪ ਸਿੰਘ ਮਾਰ ਕੇ ਜੀ,
ਸੰਧਾਵਾਲੀਏ ਸ਼ਹਿਰ ਨੂੰ ਉੱਠ ਧਾਏ।
ਰਾਜਾ* ਮਿਲਿਆ ਤਾਂ ਕਹਿਆ ਅਜੀਤ ਸਿੰਘ ਨੇ, ਧਿਆਨ ਸਿੰਘ

'ਸ਼ੇਰ ਸਿੰਘ ਨੂੰ ਮਾਰ ਕੇ ਅਸੀਂ ਆਏ।'
ਗੱਲੀਂ ਲਾਇ ਕੇ ਤੇ ਕਿਲੇ ਵਿਚ ਆਂਦਾ,
ਕੈਸੇ ਅਕਲ ਦੇ ਉਨ੍ਹਾਂ ਨੇ ਪੇਚ ਪਾਏ।
'ਕਿੱਥੇ ਮਾਰੀ ਸੀ ਰਾਜਾ ਜੀ! ਚੰਦ ਕੌਰਾਂ ?'
ਸ਼ਾਹ ਮੁਹੰਮਦਾ ਪੁੱਛਣੇ ਉਨ੍ਹਾਂ ਚਾਹੇ।

੨੫

ਗੁਰਮੁਖ ਸਿੰਘ ਗਿਆਨੀ ਨੇ ਮਤ ਦਿੱਤੀ,
'ਤੁਸਾਂ ਇਹ ਕਿਉਂ ਜੀਵਦਾ ਛੋਡਿਆ ਈ।'
ਮਗਰੋਂ ਮਹਿਰ ਘਸੀਟਾ ਭੀ ਬੋਲਿਆ ਈ,
ਅੱਗੋਂ ਸੁਖਨ* ਸਲਾਹੀ ਨੇ ਕੱਢਿਆ ਈ। ਬਚਨ
ਇਕ ਅੜਦਲੀ ਨੇ ਕਰਾਬੀਨ* ਮਾਰੀ ਬੰਦੂਕ
ਰੱਸਾ ਆਸ-ਉਮੇਦ ਦਾ ਵੱਢਿਆ ਈ।
ਸ਼ਾਹ ਮੁਹੰਮਦਾ ਜ਼ਿਮੀਂ ਤੇ ਪਿਆ ਤੜਫੇ,
ਦਲੀਪ ਸਿੰਘ ਤਾਈਂ ਸੱਦਿਆ ਈ।

੨੬

ਪਹਿਲਾਂ ਰਾਜੇ ਦੇ ਖ਼ੂਨ ਦਾ ਲਾਇ ਟਿੱਕਾ,
ਪਿਛੋਂ ਦਿੱਤੀਆਂ ਸੱਤ ਪ੍ਰਦੱਖਣਾਂ ਈ।
'ਤੇਰੇ ਵਾਸਤੇ ਹੋਏ ਨੀ ਸਭ ਕਾਰੇ,
ਅੱਗੇ ਸਾਹਿਬ ਸੱਚੇ ਤੇਨੂੰ ਰੱਖਣਾ ਈ।
ਸਾਨੂੰ ਘੜੀ ਦੀ ਕੁਝ ਉਮੇਦ ਨਾਹੀਂ
ਅੱਜ ਰਾਤ ਪ੍ਰਸਾਦ ਕਿਨ ਚੱਖਣਾ ਈ।
ਤੇਰੀ ਵਲ ਜੋ ਕਰੇਗਾ ਨਜ਼ਰ ਮੈਲੀ,
ਸ਼ਾਹ ਮੁਹੰਮਦਾ ਰਹੇਗਾ ਸੱਖਣਾ ਈ।'

੨੭

ਹੀਰਾ ਸਿੰਘ ਨੂੰ ਰਾਜੇ ਦੀ ਖ਼ਬਰ ਹੋਈ,
ਸੂਬੇਦਾਰਾਂ ਨੂੰ ਸੱਦ ਕੇ ਬਹੁਤ ਚੜ੍ਹਿਆ।
ਧੌਂਸਾ ਮਾਰ ਕੇ ਪਹੁਤਾ ਲਾਹੌਰ ਜਲਦੀ,

ਗੁੱਸੇ ਨਾਲ ਸੀ ਸ਼ਹਿਰ ਦੇ ਵਿਚ ਵੜਿਆ।
ਰਾਜਪੂਤ ਉਹ ਡੋਗਰਾ ਖੂਬ ਚੰਗਾ,
ਸੰਧਾਵਾਲੀਆਂ ਦੇ ਨਾਲ ਖੂਬ ਲੜਿਆ।
ਸ਼ਾਹ ਮੁਹੰਮਦਾ ਅਜੀਤ ਸਿੰਘ ਮੁਇਆ ਲੱਧਾ,
ਲਹਿਣਾ ਸਿੰਘ ਸੋ ਜੀਂਵਦਾ ਆਇ ਫੜਿਆ।

੨੮

ਦੋਹਾਂ ਸਿੰਘਾਂ ਤੋਂ ਬਹੁਤ ਸੂਰਮੱਤ* ਹੋਈ, ਬਹਾਦਰੀ
ਖੰਡਾ ਵਿਚ ਦਰਬਾਰ ਵਜਾਇ ਗਏ।
ਧਿਆਨ ਸਿੰਘ ਨਾ ਕਿਸੇ ਨੂੰ ਵਧਣ ਦੇਂਦਾ,
ਸਾਰੇ ਮੁਲਕ ਦੀ ਕਲਹ ਮਿਟਾਇ ਗਏ।
ਰਾਜਾ ਕਰਦਾ ਸੀ ਮੁਲਕ ਦੀ ਬਾਦਸ਼ਾਹੀ,
ਪਿੱਛੇ ਰਹਿੰਦਿਆਂ ਨੂੰ ਵਖਤ ਪਾਇ ਗਏ।
ਸ਼ਾਹ ਮੁਹੰਮਦਾ ਮਾਰ ਕੇ ਮੁਏ ਦੋਵੇਂ,
ਚੰਗੇ ਸੂਰਮੇ ਹੱਥ ਦਿਖਾਇ ਗਏ।

੨੯

ਦੁੱਲੇ ਭੱਟੀ ਨੂੰ ਗਾਂਵਦਾ ਜਗ ਸਾਰਾ,
ਜੈਮਲ ਫੱਤੇ ਦੀਆਂ ਵਾਰਾਂ ਸਾਰੀਆਂ ਨੀ।
ਮੀਰ ਦਾਦ* ਚੌਹਾਨ ਦੇ ਸਤਰ ਅੰਦਰ, ਅਮੀਰ ਸ਼ੱਦਾਦ
ਮੋਈਆਂ ਰਾਣੀਆਂ ਖਾਇ ਕਟਾਰੀਆਂ ਨੀ। ਇਕ ਰਾਜਪੂਤ
ਸੰਧਾਵਾਲੀਆਂ ਜੇਹੀ ਨਾ ਕਿਸੇ ਕੀਤੀ,
ਤੇਗਾਂ ਵਿਚ ਦਰਬਾਰ ਦੇ ਮਾਰੀਆਂ ਨੀ।
ਸ਼ਾਹ ਮੁਹੰਮਦਾ ਮੁਏ ਨੀ ਬੀਰ ਬਣ ਕੇ,
ਜਾਨਾਂ ਕੀਤੀਆਂ ਨਹੀਂ ਪਿਆਰਿਆਂ ਨੀ।

੩੦

ਪਿੱਛੋਂ ਆਣ ਕੇ ਸਭਨਾਂ ਨੂੰ ਫ਼ਿਕਰ ਹੋਇਆ,
ਸੋਚੀਂ ਪਏਂ ਨੀ ਸਭ ਸਿਰਦਾਰ ਮੀਆਂ।
ਅੱਗੇ ਰਾਜ ਆਇਆ ਹੱਥ ਬੁਰਛਿਆਂ ਦੇ,

ਪਈ ਖੜਕਦੀ ਨਿੱਤ ਤਲਵਾਰ ਮੀਆਂ।
ਗੱਦੀ ਵਾਲਿਆਂ ਨੂੰ ਨਹੀਂ ਬਹਿਣ ਦੇਂਦੇ,
ਹੋਰ ਕੌਣ ਕਿਸ ਦੇ ਪਾਣੀਹਾਰ ਮੀਆਂ।
ਸ਼ਾਹ ਮੁਹੰਮਦਾ ਹੋਈ ਹੁਣ ਮੌਤ ਸਸਤੀ,
ਖ਼ਾਲੀ ਨਹੀਂ ਜਾਣਾ ਕੋਈ ਵਾਰ ਮੀਆਂ।

੩੧

ਲਹਿਣਾ ਸਿੰਘ ਸਿਰਦਾਰ ਮਜੀਠੀਆ ਸੀ,
ਵੱਡਾ ਅਕਲ ਦਾ ਕੋਟ ਕਮਾਲ ਮੀਆਂ।
ਮਹਾਂਬਲੀ ਸਿਰਦਾਰ ਸੀ ਪੰਥ ਵਿਚੋਂ।
ਡਿਠੀ ਬਣੀ ਕੁਚੀਲਣੀ* ਚਾਲ ਮੀਆਂ। ਭੈੜੀ
ਦਿਲ ਆਪਣੇ ਬੈਠ ਵਿਚਾਰ ਕਰਦਾ,
ਏਥੇ ਕਈਆਂ ਦੇ ਹੋਣਗੇ ਕਾਲ ਮੀਆਂ।
ਸ਼ਾਹ ਮੁਹੰਮਦਾ ਤੁਰ ਗਿਆ ਤੀਰਥਾਂ ਨੂੰ,
ਸਾਰਾ ਛਡ ਕੇ ਦੰਗ ਦਿਵਾਲ ਮੀਆਂ।

੩੨

ਦਲੀਪ ਸਿੰਘ ਗੱਦੀ ਤੇ ਰਹਿਓ ਬੈਠਾ,
ਹੀਰਾ ਸਿੰਘ ਜੋ ਰਾਜ ਕਮਾਂਵਦਾ ਈ।
ਜੱਲ੍ਹਾ ਓਸ ਦਾ ਖਾਸ ਵਜ਼ੀਰ ਹੈ ਸੀ,
ਖ਼ਾਤਰ ਵਿਚ ਨਾ ਕਿਸੇ ਨੂੰ ਲਿਆਂਵਦਾ ਈ।
ਅੰਦਰ ਬਾਹਰ ਸਰਕਾਰ ਨੂੰ ਪਿਆ ਘੂਰੇ,
ਕਹੇ ਕੁਝ ਤੇ ਕੁਝ ਕਮਾਂਵਦਾ ਈ।
ਸ਼ਾਹ ਮੁਹੰਮਦਾ ਪੰਥ ਨੂੰ ਦੁੱਖ ਦੇਂਦਾ,
ਹੀਰਾ ਸਿੰਘ ਦਾ ਨਾਸ ਕਰਾਂਵਦਾ ਈ।

੩੩

ਸਿੰਘਾਂ ਲਿਖਿਆ ਖ਼ਤ ਸੁਚੇਤ ਸਿੰਘ ਨੂੰ
ਬੁਰਾ ਕਰਨਹਾਰਾ ਜੱਲ੍ਹਾ ਠੀਕਦਾ ਈ।
'ਜਲਦੀ ਪਹੁੰਚ ਵਜ਼ੀਰ ਬਣਾ ਲਈਏ,

ਤੈਨੂੰ ਖ਼ਾਲਸਾ ਪਇਆ ਉਡੀਕਦਾ ਈ।'
ਅਕਸਰ ਰਾਜ ਪਿਆਰੇ ਨੀ ਰਾਜਿਆਂ ਨੂੰ,
ਹੀਰਾ ਸਿੰਘ ਤਾਂ ਪੁਤ੍ਰ ਸ਼ਰੀਕ ਦਾ ਈ।
ਸ਼ਾਹ ਮੁਹੰਮਦਾ ਜੱਲ੍ਹੇ ਦਾ ਨੱਕ ਵੱਢੋ,
ਜਾਏ ਭੱਜੇ ਨਾ ਮਾਰਿਆ ਲੀਕਦਾ ਈ।

੩੪

ਜਿਸ ਵੇਲੜੇ ਰਾਜੇ ਨੇ ਖ਼ਤ ਪੜ੍ਹਿਆ,
ਜਾਮੇ ਵਿਚ ਨਾ ਮੂਲ ਸਮਾਂਵਦਾ ਈ।
ਵੱਗਾ-ਤੱਗਾ* ਲਾਹੌਰ ਨੂੰ ਅਸਾਂ ਜਾਣਾ, ਜਲਦੀ
ਡੇਰੇ ਕਾਨੀਆਂ ਚਾਇ ਪਵਾਂਵਦਾ ਈ।
ਮੰਜੀ ਕਾਕੜੀ ਫੌਜ ਉਤਾਰ ਸਾਰੀ,
ਬਾਈ ਆਦਮੀ ਨਾਲ ਲਿਆਂਵਦਾ ਈ।
ਸ਼ਾਹ ਮੁਹੰਮਦਾ ਆ ਲਾਹੌਰ ਪਹੁੰਚਾ,
ਮੀਆਂਮੀਰ ਡੇਰਾ ਆਣ ਲਾਂਵਦਾ ਈ।

੩੫

ਹੀਰਾ ਸਿੰਘ ਨੂੰ ਰਾਜੇ ਦੀ ਖਬਰ ਹੋਈ,
ਸਭੇ ਪੜਤਲਾਂ* ਤੁਰਤ ਲਪੇਟੀਆਂ ਨੀ। ਪਲਟਨਾਂ
ਸਿੰਘਾਂ ਆਖਿਆ, 'ਰਾਜਾ ਜੀ! ਜਾਓ ਮੁੜ ਕੇ,
ਫੌਜਾਂ ਰਹਿੰਦੀਆਂ ਨਹੀਂ ਸਮੇਟੀਆਂ ਨੀ।'
'ਸਿੰਖੋ ! ਜੀਊਂਦੇ ਜਾਣਾ ਮੁਹਾਲ ਜੰਮੂ,
ਤਾਅਨੇ ਦੇਣ ਰਾਜਪੂਤਾਂ ਦੀਆਂ ਬੇਟੀਆਂ ਨੀ।'
'ਸ਼ਾਹ ਮੁਹੰਮਦਾ ਆਇਆ ਵਜ਼ੀਰੀ ਲੈ ਕੇ'
ਆਖਣ ਸਭ ਪਹਾੜ ਡੁਮੇਟੀਆਂ ਨੀ।

੩੬

ਤੋਪਾਂ ਜੋੜ ਕੇ ਪੜਤਲਾਂ ਨਾਲ ਲੈ ਕੇ,
ਚਾਚੇ ਸਕੇ ਉਤੇ ਹੀਰਾ ਸਿੰਘ ਚੜ੍ਹਦਾ।
ਜਦੋਂ ਫੌਜ ਨੇ ਘੱਤਿਆ ਆਣ ਘੇਰਾ,

ਖੰਡਾ ਸਾਰ* ਦਾ ਖਿੱਚ ਕੇ ਹੱਥ ਫੜਦਾ। ਲੋਹੇ ਦਾ
ਭੀਮ ਸਿੰਘ ਤੇ ਕੇਸਰੀ ਸਿੰਘ ਸਾਹਵੇਂ,
ਲੈ ਕੇ ਦੋਹਾਂ ਨੂੰ ਕਟਕ* ਦੇ ਵਿਚ ਵੜਦਾ। ਫੌਜ
ਸ਼ਾਹ ਮੁਹੰਮਦਾ ਟਿੱਕੇ ਦੀ ਲਾਜ ਰੱਖੀ,
ਮੱਥੇ ਸਾਮ੍ਹਣੇ ਹੋਇ ਕੇ ਖ਼ੂਬ ਲੜਦਾ।

੩੭

ਸਿੰਘ ਜੱਲ੍ਹੇ ਦੇ ਹੱਥ ਤੋਂ ਤੰਗ ਆਏ,
ਦਿਲਾਂ ਵਿਚ ਕਚੀਚੀਆਂ ਖਾਂਵਦੇ ਨੀ।
ਅੱਗੇ ਸੱਤ ਤੇ ਅੱਠ ਸੀ ਤਲਬ ਸਾਰੀ,
ਬਾਰਾਂ ਜ਼ੋਰ ਦੇ ਨਾਲ ਕਰਾਂਵਦੇ ਨੀ।
ਕਈ ਆਖਦੇ ਦੇਇ ਇਨਾਮ ਸਗਵਾਂ,
ਲੈ ਬੁਤਕੀਆਂ ਗਲੇ ਚਾ ਪਾਂਵਦੇ ਨੀ।
ਸ਼ਾਹ ਮੁਹੰਮਦਾ ਜੱਲ੍ਹੇ ਦੇ ਮਾਰਨੇ ਨੂੰ,
ਪੰਚ ਕੌਂਸਲੀ ਚਾਇ ਬਣਾਂਵਦੇ ਨੀ।

੩੮

ਹੋਇਆ ਹੁਕਮ ਜੋ ਬਹੁਤ ਮਹਾਵਤਾਂ ਨੂੰ,
ਹੌਦੇ ਸੁਇਨੇ ਦੇ ਚਾਇ ਕਸਾਂਵਦੇ ਨੀ।
ਤਰਫ਼ ਜੰਮੂ ਦੀ ਦੇਇ ਮਰੋੜ ਚੱਲੇ,
ਸਾਨੂੰ ਆਇ ਕੇ ਸਿੰਘ ਮਨਾਂਵਦੇ ਨੀ।
ਘੇਰੇ ਅਜਲ* ਦੇ ਅਕਲ ਨਾ ਜ਼ਰਾ ਆਈ, ਮੌਤ
ਬੁਰਾ ਆਪਣਾ ਆਪ ਕਰਾਂਵਦੇ ਨੀ।
ਸ਼ਾਹ ਮੁਹੰਮਦਾ ਸਿੰਘ ਲੈ ਮਿਲੇ ਤੋਪਾਂ,
ਅੱਗੋਂ ਗੋਲਿਆਂ ਨਾਲ ਉਡਾਂਵਦੇ ਨੀ।

੩੯

ਹੀਰਾ ਸਿੰਘ ਤੇ ਜੱਲ੍ਹੇ ਨੂੰ ਮਾਰ ਕੇ ਜੀ,
ਜਵਾਹਰ ਸਿੰਘ ਵਜ਼ੀਰ ਬਣਾਇਓ ਨੇ।
ਤਰਫ਼ ਜੰਮੂ ਦੀ ਮੂੰਹ ਮਰੋੜ ਚੱਲੇ,

ਰਾਹੀਂ ਸ਼ੋਰ ਖਰੂਦ ਮਚਾਇਓ ਨੇ।
ਓਥੋਂ ਰਾਜਾ ਗੁਲਾਬ ਸਿੰਘ ਬੰਨ੍ਹਿ ਆਂਦਾ,
ਕੈਂਠੇ ਫੇਰ ਲੈ ਕੇ ਗਲੀਂ ਪਾਇਓ ਨੇ।
ਸ਼ਾਹ ਮੁਹੰਮਦਾ ਅਸਾਂ ਹੁਣ ਕੜੇ ਲੈਣੇ,
ਜਵਾਹਰ ਸਿੰਘ ਨੂੰ ਆਖ ਸੁਣਾਇਓ ਨੇ।

੪੦

ਕੇਹਾ ਬੁਰਛਿਆਂ ਆਣ ਹਨੇਰ ਪਾਇਆ,
ਜੇੜ੍ਹਾ ਬਹੇ ਗੱਦੀ ਉਹ ਨੂੰ ਮਾਰ ਲੈਂਦੇ।
ਕੈਂਠੇ ਕੜੇ ਇਨਾਮ ਰੁਪਏ ਬਾਰਾਂ,
ਕਦੇ ਪੰਜ ਤੇ ਸੱਤ ਨਾ ਚਾਰ ਲੈਂਦੇ।
ਕਈ ਤੁਰੇ ਨੀ ਕਿਲੇ ਦੀ ਲੁੱਟ ਉਤੇ,
ਕਈ ਸ਼ਹਿਰ ਦੇ ਲੁੱਟ ਬਜ਼ਾਰ ਲੈਂਦੇ।
ਸ਼ਾਹ ਮੁਹੰਮਦਾ ਚੜ੍ਹੇ ਮਝੈਲ ਭਾਈਏ,
ਪੈਸਾ ਤਲਬ ਦਾ ਨਾਲ ਪੈਜ਼ਾਰ* ਲੈਂਦੇ। ਜੁੱਤੀ, ਭਾਵ ਜ਼ੋਰ ਨਾਲ

੪੧

ਪਿੱਛੇ ਇਕ ਸਰਕਾਰ ਦੇ ਖੇਡ ਵਿਚਲੀ*, ਖਰਾਬ ਹੋਈ
ਪਈ ਨਿੱਤ ਹੋਂਦੀ ਮਾਰੋ ਮਾਰ ਮੀਆਂ।
ਸਿੰਘਾਂ ਮਾਰ ਸਰਦਾਰਾਂ ਦਾ ਨਾਸ਼ ਕੀਤਾ,
ਸਭੋ ਕਤਲ ਹੋਏ ਵਾਰੋ ਵਾਰ ਮੀਆਂ।
ਸਿਰ ਤੇ ਫੌਜ ਦੇ ਕੋਈ ਨਾ ਰਿਹਾ ਕੁੰਡਾ,
ਹੋਇਆ ਸ਼ੁਤਰ* ਜਿਉਂ ਬਾਝੁ ਮੁਹਾਰ ਮੀਆਂ। ਊਠ
ਸ਼ਾਹ ਮੁਹੰਮਦਾ ਫਿਰਨ ਸਰਦਾਰ ਲੁਕਦੇ,
ਭੂਤ ਮੰਡਲੀ* ਹੋਈ ਤਿਆਰ ਮੀਆਂ। ਭੂਤ੍ਰੀ ਫੌਜ

੪੨

ਜਵਾਹਰ ਸਿੰਘ ਦੇ ਉਤੇ ਨੀ ਚੜ੍ਹੇ ਸਾਰੇ,
ਮੱਥਾ ਖੂਨੀਆਂ ਵਾਂਗੁ ਚਾ ਵੱਟਿਓ ਨੇ।
ਡਰਦਾ ਭਾਣਜੇ ਨੂੰ ਲੈ ਕੇ ਮਿਲਣ ਆਇਆ,

ਅੱਗੋਂ ਨਾਲ ਸੰਗੀਨਾਂ ਦੇ ਫੱਟਿਓ ਨੇ।
ਸੀਖਾਂ ਨਾਲ ਉਤੁੰਗ ਕੇ, ਫ਼ੀਲ* ਉਤੇ, ਹਾਥੀ
ਕੱਢ ਹੌਦਿਓਂ ਜ਼ਿਮੀਂ ਤੇ ਸੁੱਟਿਓ ਨੇ।
ਸ਼ਾਹ ਮੁਹੰਮਦਾ ਵਾਸਤੇ ਪਾਂਵਦੇ ਦਾ,
ਸਿਰ ਨਾਲ ਤਲਵਾਰ ਦੇ ਕੱਟਿਓ ਨੇ।

੪੩

ਰਾਣੀ ਕੈਦ ਕਨਾਤ ਦੇ ਵਿਚ ਕੀਤੀ,
ਕਿਸ ਨੂੰ ਰੋਇ ਕੇ ਪਈ ਡਰਾਵਨੀ ਹੈਂ ?
ਤੇਰਾ ਕੌਣ ਹਮਾਇਤੀ ਸੁਣਨ ਵਾਲਾ,
ਜਿਨੂੰ ਪਾਇ ਕੇ ਵੈਣ ਸੁਣਾਵਨੀ ਹੈਂ ?
ਕਿਹੜੇ ਬਾਦਸ਼ਾਹ ਦਾ ਬੇਟਾ ਮੁਇਆ ਸਾਥੋਂ,
ਜੈਂਦੇ ਡੂੰਘੜੇ ਵੈਣ ਤੂੰ ਪਾਂਵਨੀ ਹੈਂ ?
ਸ਼ਾਹ ਮੁਹੰਮਦਾ ਦੇਹੁ ਇਨਾਮ ਸਗੋਂ,
ਸਾਡੇ ਜ਼ੋਰ ਤੂੰ ਰਾਜ ਕਮਾਵਨੀ ਹੈਂ ।

੪੪

ਪਈ ਝੂਰਦੀ ਏ ਰਾਣੀ ਜਿੰਦ ਕੌਰਾਂ,
ਕਿਥੋਂ ਕੱਢਾਂ ਮੈਂ ਕਲਗੀਆਂ ਨਿਤ ਤੋੜੇ* ਜ਼ੰਜੀਰਦਾਰ ਕੰਠਾ
ਮੇਰੇ ਸਾਹਮਣੇ ਕੋਹਿਆ ਨੇ ਵੀਰ ਮੇਰਾ,
ਜੈਂਦੀ ਤਾਬਿਆ ਲੱਖ ਹਜ਼ਾਰ ਘੋੜੇ।
ਕਿੱਥੋਂ ਕੱਢਾਂ ਮੈਂ ਦੇਸ ਫਿਰੰਗੀਆਂ ਦਾ,
ਕੋਈ ਹੋਵੇ ਜੋ ਇਨ੍ਹਾਂ ਦਾ ਗਰਬ ਤੋੜੇ।
ਸ਼ਾਹ ਮੁਹੰਮਦਾ ਓਸ ਥੋਂ ਜਾਨ ਵਾਰਾਂ,
ਜਵਾਹਰ ਸਿੰਘ ਦਾ ਵੈਰ ਜੋ ਕੋਈ ਮੋੜੇ !

੪੫

ਮੈਨੂੰ ਆਣ ਚੁਫੇਰਿਓਂ ਘੂਰਦੇ ਨੀ,
ਲੈਂਦੇ ਮੁਫਤ ਇਨਾਮ ਰੁਪਏ ਬਾਰਾਂ।
ਜੱਟੀ ਹੋਵਾਂ ਤੇ ਕਰਾਂ ਪੰਜਾਬ ਰੰਡੀ,

ਸਾਰੇ ਮੁਲਕ ਦੇ ਵਿਚ ਚਾ ਫਿਰਨ ਵਾਰਾਂ।
ਛੱਡਾਂ ਨਹੀਂ ਪੰਜਾਬ ਦੇ ਵੜਨ ਜੋਗੇ,
ਸਣੇ ਵੱਡਿਆਂ ਅਫਸਰਾਂ ਜਮਾਦਾਰਾਂ।
ਪਏ ਰੁਲਨਗੇ ਵਿੱਚ ਪਰਦੇਸ ਮੁਰਦੇ,
ਸ਼ਾਹ ਮੁਹੰਮਦਾ ਮਾਰਨੀ ਐਸੀ ਮਾਰਾਂ।

੪੬

ਜਿਨ੍ਹਾਂ ਕੋਹਿ ਕੇ ਮਾਰਿਆ ਵੀਰ ਮੇਰਾ,
ਮੈ ਤਾਂ ਖੋਹਾਂਗੀ ਉਨ੍ਹਾਂ ਦੀਆਂ ਜੁੰਡੀਆਂ ਨੀ।
ਧਾਂਕਾਂ ਪੈਣ ਵਿਲਾਇਤੀਂ ਦੇਸ ਸਾਰੇ,
ਪਾਵਾਂ ਬੱਕਰੇ ਵਾਂਗ ਚਾ ਵੰਡੀਆਂ ਨੀ।
ਚੂੜੇ ਲਹਿਣਗੇ ਬਹੁਤ ਸੁਹਾਗਣਾਂ ਦੇ,
ਨੱਥ ਚੌਕ ਤੇ ਵਾਲੀਆਂ ਛੰਡੀਆਂ ਨੀ।
ਸ਼ਾਹ ਮੁਹੰਮਦਾ ਪੈਣਗੇ ਵੈਣ ਡੂੰਘੇ,
ਜਦੋਂ ਹੋਣ ਪੰਜਾਬਣਾਂ ਰੰਡੀਆਂ ਨੀ।

੪੭

ਅਰਜ਼ੀ ਲਿਖੀ ਫਿਰੰਗੀ ਨੂੰ ਕੁੰਜ ਗੋਸ਼ੇ*, ਗੁਪਤ
ਪਹਿਲਾਂ ਆਪਣੀ ਸੁਖ ਅਨੰਦ ਵਾਰੀ।
'ਤੇਰੇ ਵੱਲ ਮੈਂ ਫੌਜਾਂ ਨੂੰ ਤੋਰਨੀ ਹਾਂ,
ਖੱਟੇ ਕਰੀਂ ਤੂੰ ਇਨ੍ਹਾਂ ਦੇ ਦੰਦ ਵਾਰੀ।
ਪਹਿਲਾਂ ਆਪਣਾ ਜ਼ੋਰ ਤੂੰ ਸੱਭ ਲਾਵੀਂ,
ਪਿਛੋਂ ਕਰਾਂਗੀ ਖ਼ਰਚ ਮੈਂ ਬੰਦ ਵਾਰੀ।
ਸ਼ਾਹ ਮੁਹੰਮਦਾ ਫੇਰ ਨਾ ਆਉਣ ਮੁੜ ਕੇ,
ਮੈਨੂੰ ਏਤਨੀ ਬਾਤ ਪਸੰਦ ਵਾਰੀ।'

੪੮

ਪਹਿਲੇ ਪਾਰ ਦਾ ਮੁਲਕ ਤੂੰ ਮੱਲ ਸਾਡਾ,
ਆਪੇ ਖਾਇ ਗੁੱਸਾ ਤੈਥੀਂ ਆਵਨੀਗੇ।
ਸੋਈ ਲੜਨਗੇ ਹੋਣ ਬੇ-ਖਬਰ ਜਿਹੜੇ,

ਮੱਥਾ ਕਦੀ ਸਰਦਾਰ ਨਾ ਡਾਹਵਨੀਗੇ।
ਏਸੇ ਵਾਸਤੇ ਫੌਜ ਮੈਂ ਪਾੜ ਛੱਡੀ,
ਕਦੀ ਭਾਂਜ ਅਚਾਣਕੀ ਪਾਵਨੀਗੇ।
ਸ਼ਾਹ ਮੁਹੰਮਦਾ ਲਾਟ ਜੀ! *ਕਟਕ ਤੇਰੇ, ਫੌਜ
ਮੇਰੇ ਗਲੋਂ ਤਗਾਦੜੇ ਲਾਹਵਨੀਗੇ।

੪੯

ਨੰਦਨ ਕੰਪਨੀ ਸਾਹਿਬ ਕਿਤਾਬ ਡਿੱਠੀ,
ਇਨ੍ਹਾਂ ਲਾਟਾਂ ਵਿਚੋਂ ਕੌਣ ਲੜੇਗਾ ਜੀ।
ਟੁੰਡੇ ਲਾਟ* ਨੇ ਚੁਕਿਆ ਆਣ ਬੀੜਾ, ਲਾਰਡ
'ਹਮੀਂ ਜਾਇ ਕੇ ਸ਼ੀਖ ਸੇਂ ਅੜੇਗਾ ਜੀ। ਹਾਰਡਿੰਗ
ਘੜੀ ਤੀਨ ਮੇਂ ਜਾਇ ਲਾਹੌਰ ਮਾਰਾਂ,
ਐਸੀ ਬਾਤ ਮੇਂ ਫਰਕ ਪੜੇਗਾ ਜੀ।
ਸ਼ਾਹ ਮੁਹੰਮਦਾ ਫੱਗਣੋਂ ਤੇਰ੍ਹਵੀਂ ਨੂੰ,
ਸਾਹਿਬ ਜਾਇ ਲਾਹੌਰ ਵਿਚ ਵੜੇਗਾ ਜੀ।

੫੦

ਵੱਜੀ ਤੁਰਮ ਤੰਬੂਰ ਕਰਨਾਇ* ਸ਼ੁਤਰੀ, ਵਾਜਾ, ਤੁਰੀ
ਤੰਬੂ ਬੈਰਕਾਂ* ਲਾਲ ਨਿਸ਼ਾਨ ਮੀਆਂ। ਝੰਡੇ
ਕੋਤਲ ਪਾਲਕੀ ਬੱਘੀਆਂ ਤੋਪਖਾਨੇ,
ਦੂਰਬੀਨ ਜੰਗੀ ਸਾਇਬਾਨ* ਮੀਆਂ। ਵਡੇ ਚੰਦੋਏ
ਚੜ੍ਹਿਆ ਨੰਦਨੋਂ ਲਾਟ ਉਠਾਇ ਬੀੜਾ,
ਡੇਰਾ ਪਾਂਵਦਾ ਵਿੱਚ ਮੈਦਾਨ ਮੀਆਂ।
ਸ਼ਾਹ ਮੁਹੰਮਦਾ ਗੋਰਿਆਂ ਛੇੜ ਛੇੜੀ,
ਮੁਲਕ ਪਾਰ ਦਾ ਮੱਲਿਆ ਆਨ ਮੀਆਂ।

੫੧

ਫ਼ਰਾਂਸੀਸਾਂ* ਨੂੰ ਅੰਦਰੋਂ ਹੁਕਮ ਹੋਇਆ, ਯੂਰਪੀਨਾਂ ਦੀ
'ਤੁਸੀਂ ਜਾਹੋ ਖਾਂ ਤਰਫ ਕਸ਼ਮੀਰ ਨੂੰ ਜੀ।' ਸਿਖਲਾਈ ਇਕ
ਓਨ੍ਹਾਂ ਰੱਬ ਦਾ ਵਾਸਤਾ ਪਾਇਆ ਸੀ, ਖਾਸ ਫੌਜ

'ਮਾਈ ! ਫੜੀਂ ਨਾ ਕਿਸੇ ਤਕਸੀਰ ਨੂੰ ਜੀ।
ਪਾਰੋਂ ਮੁਲਕ ਮੱਲ ਲਿਆ ਫਿਰੰਗੀਆਂ ਨੇ,
ਅਸੀਂ ਮਾਰਾਂਗੇ ਓਸ ਬੇਪੀਰ ਨੂੰ ਜੀ।
ਸ਼ਾਹ ਮੁਹੰਮਦਾ ਆਏ ਨੀ ਹੋਰ ਪਰਿਓਂ,
ਅਸੀਂ ਡੱਕਣਾ ਓਸ ਵਹੀਰ ਨੂੰ ਜੀ।'

੫੨

ਮਾਈ ਆਖਿਆ, 'ਸਭੇ ਚੜ੍ਹ ਜਾਣ ਫੌਜਾਂ,
ਬੂਹੇ ਸ਼ਹਿਰ ਦੇ ਰਹਿਣ ਨਾ ਸੱਖਣੇ ਜੀ।
ਮੁਸਲਮਾਨੀਆਂ ਪੜਤਲਾਂ* ਰਹਿਣ ਇਥੇ, ਪਲਟਨਾਂ
ਘੋੜ-ਚੜ੍ਹੇ ਨਾਹੀਂ ਪਾਸ ਰੱਖਣੇ ਜੀ।
ਕੰਠੇ ਕਲਗੀਆਂ ਵਾਲੜੇ ਹੋਣ ਅੱਗੇ
ਮੋਹਰੇ ਹੋਰ ਗਰੀਬ ਨਾ ਧੱਕਣੇ ਜੀ।
ਸ਼ਾਹ ਮੁਹੰਮਦਾ ਜਿਨ੍ਹਾਂ ਦੀ ਤਲਬ ਤੇਰਾਂ,
ਮਜ਼ੇ ਤਿਨ੍ਹਾਂ ਲੜਾਈ ਦੇ ਚੱਖਣੇ ਜੀ।'

੫੩

ਸਾਰੇ ਪੰਥ ਨੂੰ ਸੱਦ ਕੇ ਕਹਿਣ ਲੱਗੀ,
'ਮੈਥੋਂ ਗਏ ਖ਼ਜ਼ਾਨੜੇ ਨਿਖੁੱਟ* ਵਾਰੀ। ਮੁੱਕ ਗਏ
ਜਮਨਾ ਤੀਕ ਜੋ ਪਿਆ ਹੈ ਮੁਲਖ ਸੁੰਞਾ,
ਪਾਵੋ ਦੇਸ ਫ਼ਿਰੰਗੀ ਦਾ ਲੁਟ ਵਾਰੀ।
ਮਾਰੋ ਸ਼ਹਿਰ ਫਰੋਜ਼ ਪੁਰ ਲੁਦੇਹਾਨਾ,
ਸੁਟੋ ਛਾਵਣੀ ਓਸ ਦੀ ਪੁਟ ਸਾਰੀ।
ਸ਼ਾਹ ਮੁਹੰਮਦਾ ਲਓ ਇਨਾਮ ਮੈਥੋਂ,
ਕੈਂਠੇ ਕੜੇ ਮੈਂ ਦੇਵਾਂਗੀ ਸੁਟ ਵਾਰੀ।'

੫੪

ਸਿੰਘਾਂ ਆਖਿਆ, 'ਲੜਾਂਗੇ ਹੋਇ ਟੋਟੇ,
ਸਾਨੂੰ ਖ਼ਬਰ ਭੇਜੀਂ ਦਿਨੇ ਰਾਤ ਮਾਈ !
ਤੇਰੀ ਨੌਕਰੀ ਵਿਚ ਨ ਫਰਕ ਕਰੀਏ,

ਭਾਵੇਂ ਖੂਹ ਘੱਤੀਂ ਭਾਵੇਂ ਖਾਤ ਮਾਈ।'
ਸਿੰਘਾਂ ਭੋਲਿਆਂ ਮੂਲ ਨਾ ਸਹੀ ਕੀਤਾ,
ਗੁੱਝਾ ਕਰਨ ਲੱਗੀ ਸਾਡਾ ਘਾਤ* ਮਾਈ। ਬਿਨਾਸ
ਸ਼ਾਹ ਮੁਹੰਮਦਾ ਅਜੇ ਨਾ ਜਾਣਿਓ ਨੇ,
ਖ਼ਾਲੀ ਚੋਪੜੀ ਪਈ ਜੇ ਪ੍ਰਾਤ ਮਾਈ।

੫੫

ਦਿੱਤੀ ਮਾਈ ਨੇ ਜਦੋਂ ਦਿਲਬਰੀ* ਭਾਰੀ, ਧਰਵਾਸਾ
ਸਿੰਘ ਬੈਠੇ ਨੀ ਹੋਇ ਸੁਚੇਤ ਮੀਆਂ।
ਸੱਚੇ ਸਾਹਿਬ ਦੇ ਹੱਥ ਨੀ ਸਭ ਗੱਲਾਂ,
ਕਿਸੇ ਹਾਰ ਦਿੰਦਾ ਕਿਸੇ ਜੇਤ* ਮੀਆਂ। ਫਤਿਹ
ਇਕ ਲੱਖ ਬੇਟਾ ਸਵਾ ਲੱਖ ਪੋਤਾ,
ਰਾਵਣ ਮਾਰਿਆ ਘਰੇ ਦੇ ਭੇਤ ਮੀਆਂ।
ਸ਼ਾਹ ਮੁਹੰਮਦਾ ਜਾਣਦਾ ਜੱਗ ਸਾਰਾ,
ਕੋਈ ਸੂਰਮੇ ਆਵਣਗੇ ਖੇਤ* ਮੀਆਂ। ਮੈਦਾਨ

੫੬

ਸਿੰਘਾਂ ਸਾਰਿਆਂ ਬੈਠਿ ਗੁਰਮੰਤਾ ਕੀਤਾ,
'ਚੱਲੋਂ ਹੁਣੇ ਫਿਰੰਗੀ ਨੂੰ ਮਾਰੀਏ ਜੀ।
ਇਕ ਵਾਰ ਜੇ ਸਾਹਮਣੇ ਹੋਇ ਸਾਡੇ,
ਇਕ ਘੜੀ ਵਿਚ ਮਾਰ ਉਖਾੜੀਏ ਜੀ।
ਬੀਰ ਸਿੰਘ ਜੇਹੇ ਅਸੀਂ ਨਹੀਂ ਛੱਡੇ,
ਅਸੀਂ ਕਾਸ ਤੇ ਓਸ ਤੋਂ ਹਾਰੀਏ ਜੀ।
ਸ਼ਾਹ ਮੁਹੰਮਦਾ ਮਾਰ ਕੇ ਲੁਦਿਹਾਣਾ,
ਫੌਜਾਂ ਦਿਲੀ ਦੇ ਵਿਚ ਉਤਾਰੀਏ ਜੀ।'

੫੭

ਜ਼ਬਤ ਕਰਾਂਗੇ ਮਾਲ ਫਿਰੰਗੀਆਂ ਦਾ,
ਲੁਟ ਲਿਆਵਾਂਗੇ ਦੌਲਤਾਂ ਬੋਰੀਆਂ ਨੀ।
ਫੇਰ ਵੜਾਂਗੇ ਉਨ੍ਹਾਂ ਦੇ *ਸਤਰ-ਖ਼ਾਨੇ, ਰਣਵਾਸ

ਬੰਨ੍ਹ ਲਿਆਵਾਂਗੇ ਸਾਰੀਆਂ ਗੋਰੀਆਂ ਨੀ।
ਕਾਬਲ ਵਿਚ ਪਠਾਣ ਜਿਉਂ ਅਲੀ ਅਕਬਰ,
ਸਾਰੇ ਵੱਢ ਕੇ ਕੀਤੀਆਂ ਪੋਰੀਆਂ ਨੀ।
ਸ਼ਾਹ ਮੁਹੰਮਦਾ ਲਵਾਂਗੇ ਫੇਰ ਕੈਂਠੇ,
ਤਿੱਲੇਦਾਰ ਜੋ ਰੇਸ਼ਮੀ ਡੋਰੀਆਂ ਨੀ।

੫੮

ਧੌਂਸਾ ਵੱਜਿਆ ਕੂਚ ਦਾ ਹੁਕਮ ਹੋਇਆ,
ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ,
ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ,
ਜੈਸੇ ਬੇਲਿਓਂ* ਨਿਕਲਦੇ ਸ਼ੇਰ ਮੀਆਂ। ਜੰਗਲ ਵਿਚੋਂ
ਚੜ੍ਹੇ ਸਭ ਮਝੈਲ ਦੁਆਬੀਏ ਜੀ,
ਜਿਨ੍ਹਾਂ ਕਿਲੇ ਨਿਵਾਏ ਸੀ ਢੇਰ ਮੀਆਂ।
ਸ਼ਾਹ ਮੁਹੰਮਦਾ ਤੁਰੇ ਜੰਬੂਰ ਖਾਨੇ* ਛੋਟੀਆਂ ਤੋਪਾਂ
ਹੋਇਆ ਹੁਕਮ ਨਾ ਲਾਂਵਦੇ ਦੇਰ ਮੀਆਂ।

੫੯

ਸ਼ਯਾਮ ਸਿੰਘ ਸਿਰਦਾਰ ਨੇ ਕੂਚ ਕੀਤਾ,
ਜਲ੍ਹੇ ਵਾਲੀਏ ਬਣਤ ਬਣਾਂਵਦੇ ਨੀ।
ਆਹੇ ਹੋਰ ਪਹਾੜ ਦੇ ਸੱਭ ਰਾਜੇ,
ਜਿਹੜੇ ਤੇਗ ਦੇ ਧਨੀ ਕਹਾਂਵਦੇ ਨੀ।
ਚੜ੍ਹੇ ਸਭ ਸਿਰਦਾਰ ਮਜੀਠੀਏ ਜੀ
ਸੰਧਾਵਾਲੀਏ ਕਾਠੀਆਂ ਪਾਂਵਦੇ ਨੀ।
ਸ਼ਾਹ ਮੁਹੰਮਦਾ ਚੜ੍ਹੀ ਅਕਾਲ ਰਜਬਣ* ਰਜਮਟ
ਖੰਡੇ ਸਾਰ ਦੇ ਸਿਕਲ ਕਰਾਂਵਦੇ ਨੀ।

੬੦

ਮਜ਼ਹਰ ਅਲੀ ਤੇ ਮਾਖੇ ਖ਼ਾਂ ਕੂਚ ਕੀਤਾ,
ਤੋਪਾਂ ਸ਼ਹਿਰ ਥੀਂ ਬਾਹਰ ਨਿਕਾਲੀਆਂ ਨੀ।
ਬੇੜਾ* ਚੜ੍ਹਿਆ ਸੁਲਤਾਨ ਮਹਮੂਦ ਵਾਲਾ, ਫੌਜੀ ਦਸਤਾ

ਤੋਪਾਂ ਹੋਰ ਇਮਾਮ ਸ਼ਾਹ ਵਾਲੀਆਂ ਨੀ।
ਇਲਾਹੀ ਬਖਸ਼ ਪਟੋਲੀਏ ਮਾਂਜ ਕੇ ਜੀ
ਧੂਪ ਦੇਇ ਕੇ ਤਖਤ ਬਹਾਲੀਆਂ ਨੀ।
ਸ਼ਾਹ ਮੁਹੰਮਦਾ ਐਸੀਆਂ ਸਿਕਲ* ਹੋਈਆਂ ਪਾਲਸ਼
ਬਿਜਲੀ ਵਾਂਗੁਰਾਂ ਦੇਣ ਦਿਖਾਲੀਆਂ ਨੀ।

੬੧

ਸੁਣ ਕੇ ਖਬਰ ਫਿਰੰਗੀ ਦੀ ਚੜ੍ਹੇ ਸਾਰੇ,
ਫੌਜਾਂ ਹੋਇ ਬਿਮੋਹਰਿਆ* ਉਠ ਤੁਰੀਆਂ। ਬੇਮੁਹਾਰ
ਫੇਰ ਵਾਰ ਕੁ ਵਾਰ ਨਾ ਕਿਸੇ ਡਿਠਾ,
ਇਕ ਦੂਜੇ ਦੇ ਪਿਛੇ ਲੱਗ ਤੁਰੀਆਂ।
ਅੱਗੇ ਤੋਪਾਂ ਦੇ ਧਨੀ ਵੀ ਹੈਨ ਗੋਰੇ,
ਵੰਗਾਂ ਪਹਿਨ ਕੇ ਬੈਠੀਆਂ ਨਾਹਿ ਕੁੜੀਆਂ।
ਸ਼ਾਹ ਮੁਹੰਮਦਾ ਵਰਜ ਨਾ ਜਾਂਦਿਆਂ ਨੂੰ,
ਫੌਜਾਂ ਹੋਇ ਮੁਹਤਾਣੀਆਂ* ਕਦੋਂ ਮੁੜੀਆਂ। ਮੂੰਹ ਜ਼ੋਰ

੬੨

ਚੜ੍ਹੇ ਸ਼ਹਿਰ ਲਾਹੌਰ ਥੀਂ ਮਾਰ ਧੌਂਸਾ,
ਸਭੇ ਗਰਬ ਹੰਕਾਰ ਦੇ ਨਾਲ ਤੁਰਦੇ,
ਤੁਰੇ ਦੋਹਾਂ ਦਰਿਆਵਾਂ ਤੇ ਨਹੀਂ ਅਟਕੇ,
ਪੱਤਣ ਲੰਘੇ ਨੀ ਜਾਇ ਫਰੋਜ਼ ਪੁਰ ਦੇ।
ਅੱਗੇ ਛੇੜਨਾ ਨਹੀਂ ਫਿਰੰਗੀਆਂ ਨੂੰ,
ਦੁਹਾਂ ਧਿਰਾਂ ਦੇ ਰੁਲਣਗੇ ਬਹੁਤ ਮੁਰਦੇ।
ਸ਼ਾਹ ਮੁਹੰਮਦਾ ਭੱਜਣਾ ਰਣੋਂ ਭਾਰੀ,
ਜੁੱਟੇ ਸੂਰਮੇ ਆਖ ਤੂੰ ਕਦੋਂ ਮੁੜਦੇ।

੬੩

ਲੱਗੀ ਧਮਕ ਭਾਰੀ ਹਿੰਦੁਸਤਾਨ ਅੰਦਰ,
ਦਿੱਲੀ ਆਗਰੇ ਹਾਂਸੀ ਹਿਸਾਰ ਮੀਆਂ।
ਬੀਕਾਨੇਰ ਗੁਲਨੇਰ ਭਟਨੇਰ ਜੇ ਪੁਰ,

ਪਈਆਂ ਭਾਜੜਾਂ ਜਮਨਾ ਥੋਂ ਪਾਰ ਮੀਆਂ।
ਚੜ੍ਹੀ ਸਭ ਪੰਜਾਬ ਦੀ ਬਾਦਸ਼ਾਹੀ,
ਨਹੀਂ ਦਲਾਂ ਦਾ ਅੰਤ ਸ਼ੁਮਾਰ ਮੀਆਂ।
ਸ਼ਾਹ ਮੁਹੰਮਦਾ ਕਿਸੇ ਨਾ ਅਟਕਣਾ ਈਂ,
ਸਿੰਘ ਲੈਣਗੇ ਦਿੱਲੀ ਨੂੰ ਮਾਰ ਮੀਆਂ।

੬੪

ਅਰਜ਼ੀ ਲਿਖੀ ਫ਼ਿਰੰਗੀਆਂ ਖਾਲਸੇ ਨੂੰ,
'ਤੁਸੀਂ ਕਾਸ ਨੂੰ ਜੰਗ ਮਚਾਂਵਦੇ ਹੋ।
ਮਹਾਰਾਜੇ ਦੇ ਨਾਲ ਸੀ ਨੇਮ* ਸਾਡਾ, ਸੰਧੀਨਾਮਾ
ਤੁਸੀਂ ਸੁੱਤੀਆਂ ਕਲਾਂ ਜਗਾਂਵਦੇ ਹੋ।
ਕਈ ਲੱਖ ਰੁਪਏ ਲੈ ਜਾਓ ਸਾਥੋਂ,
ਦੇਈਏ ਹੋਰ ਜੋ ਤੁਸੀਂ ਫੁਰਮਾਂਵਦੇ ਹੋ।
ਸ਼ਾਹ ਮੁਹੰਮਦਾ ਅਸਾਂ ਨਾ ਮੂਲ ਲੜਨਾ,
ਤੁਸੀਂ ਜ਼ੋਰ ਕਿਉਂ ਏਤਨਾ ਲਾਂਵਦੇ ਹੋ।

੬੫

ਸਿੰਘਾਂ ਲਿਖਿਆ ਖ਼ਤ ਫ਼ਿਰੰਗੀਆਂ ਨੂੰ,
'ਤੈਨੂੰ ਮਾਰਾਂਗੇ ਅਸੀਂ ਵੰਗਾਰ ਕੇ ਜੀ।
ਸਾਨੂੰ ਨਹੀਂ ਰੁਪਈਆਂ ਦੀ ਲੋੜ ਕਾਈ।
ਭਾਵੇਂ ਦੇਹੁ ਖਾਂ ਢੇਰ ਉਸਾਰ ਕੇ ਜੀ।
ਉਹੋ ਪੰਥ ਤੇਰੇ ਉਤੇ ਆਣ ਚੜ੍ਹਿਆ,
ਜੇੜ੍ਹਾ ਆਇਆ ਸੀ ਜੰਮੂ ਨੂੰ ਮਾਰ ਕੇ ਜੀ।
ਸ਼ਾਹ ਮੁਹੰਮਦਾ ਸਾਮ੍ਹਣੇ ਡਾਹ ਤੋਪਾਂ,
ਸੂਰੇ ਕੱਢ ਮੈਦਾਨ ਨਿਤਾਰ ਕੇ ਜੀ।

੬੬

ਪੈਂਚਾਂ* ਲਿਖਿਆਂ ਸਾਰਿਆਂ ਪਕਤਲਾਂ ਨੂੰ, ਫੌਜੀ ਆਗੂ
ਸਾਡੀ ਅੱਜ ਹੈ ਵੱਡੀ ਚੜ੍ਹੰਤ ਮੀਆਂ।
ਬੀਰ ਸਿੰਘ ਨੂੰ ਮਾਰਿਆ ਡਾਹਿ ਤੋਪਾਂ,

ਨਹੀਂ ਛੱਡਿਆ ਸਾਧ ਤੇ ਸੰਤ ਮੀਆਂ।
ਮਾਰੇ ਅਸੀਂ ਚੁਫੇਰੇ ਦੇ ਕਿਲ੍ਹੇ ਭਾਰੇ,
ਅਸਾਂ ਮਾਰਿਆ ਕੁੱਲੂ ਭੁਟੰਤ ਮੀਆਂ।
ਸ਼ਾਹ ਮੁਹੰਮਦਾ ਗੱਲ ਤਾਂ ਸੋਈ ਹੋਣੀ,
ਜਿਹੜੀ ਕਰੇਗਾ ਖਾਲਸਾ ਪੰਥ ਮੀਆਂ।

੬੭

ਦੂਰਬੀਨ ਅੰਗਰੇਜ਼ ਨੇ ਹੱਥ ਲੈ ਕੇ,
ਕੀਤਾ ਫੌਜ ਦਾ ਸਭ ਸ਼ੁਮਾਰ ਮੀਆਂ।
ਜਿਨ੍ਹੀਂ ਥਾਵੀਂ ਸੀ ਜਮ੍ਹਾਂ ਬਾਰੂਦ ਖ਼ਾਨੇ,
ਕੀਤੇ ਸਭ ਮਾਲੂਮ ਹਜ਼ਾਰ ਮੀਆਂ।
ਦਾਰੂ ਵੰਡਿਆ ਜੰਗੀਆਂ ਸੂਰਿਆਂ ਨੂੰ,
ਦੋ ਦੋ ਬੋਤਲਾਂ ਕੈਫ਼* ਖ਼ੁਮਾਰ ਮੀਆਂ। ਸ਼ਰਾਬ
ਸ਼ਾਹ ਮੁਹੰਮਦਾ ਪੀ ਸ਼ਰਾਬ ਗੋਰੇ,
ਹੋਏ ਜੰਗ ਨੂੰ ਤੁਰਤ ਤਿਆਰ ਮੀਆਂ।

੬੮

ਇਕ ਪਿੰਡ ਦਾ ਨਾਮ ਜੋ ਮੁਦਕੀ ਸੀ,
ਓਥੇ ਭਰੀ ਸੀ ਪਾਣੀ ਦੀ ਖੱਡ* ਮੀਆਂ। ਢਾਬ
ਘੋੜ-ਚੜ੍ਹੇ ਤੇ ਨਵੇਂ ਅਕਾਲੀਏ ਜੀ,
ਝੰਡੇ ਦੇਂਵਦੇ ਅੱਗੇ ਜਾਇ ਗੱਡ ਮੀਆਂ।
ਤੋਪਾਂ ਚੱਲੀਆਂ ਕਟਕ ਫਿਰੰਗੀਆਂ ਦਾ,
ਗੋਲੇ ਤੋੜਦੇ ਮਾਸ ਤੇ ਹੱਡ ਮੀਆਂ।
ਸ਼ਾਹ ਮੁਹੰਮਦਾ ਪਿਛਾਂਹ ਨੂੰ ਉਠਿ ਨੱਸੇ,
ਤੋਪਾਂ ਸਭ ਆਏ ਓਥੇ ਛੱਡ ਮੀਆਂ।

੬੯

ਡੇਰੇ ਆਣ ਕੇ ਸਭੇ ਸਲਾਹ ਕਰਦੇ,
ਐਤਵਾਰ ਅਸੀਂ ਖੰਡਾ ਫੜਾਂਗੇ ਜੀ।
ਤੇਜ ਸਿੰਘ* ਦੀ ਵਡੀ ਉਡੀਕ ਸਾਨੂੰ, ਸੈਨਾਪਤਿ

ਉਹ ਦੇ ਆਏ ਬਗੈਰ ਨਾ ਲੜਾਂਗੇ ਜੀ।
ਸਰਫਾ ਜਾਨ ਦਾ ਨਹੀਂ ਜੇ ਮੂਲ ਕਰਨਾ, ਬੱਚਤ
ਜਦੋਂ ਵਿਚ ਮੈਦਾਨ ਦੇ ਅੜਾਂਗੇ ਜੀ।
ਸ਼ਾਹ ਮੁਹੰਮਦਾ ਇਕ ਦੂੰ ਇਕ ਹੋ ਕੇ,
ਡੇਰੇ ਚਲ ਫਿਰੰਗੀ ਦੇ ਵੜਾਂਗੇ ਜੀ।

੭੦

ਤੇਜ ਸਿੰਘ ਜੋ ਲਸ਼ਕਰੀਂ ਆਣ ਵੜਿਆ,
ਹੁੱਦੇਦਾਰ ਸਭੇ ਉਥੇ ਆਂਵਦੇ ਨੀ।
ਹੁਕਮ ਹੋਵੇ ਤਾਂ ਤੇਗ ਉਠਾਇ ਲਈਏ,
ਪਏ ਸਿੰਘ ਕਲੀਲੀਆਂ* ਖਾਂਵਦੇ ਨੀ। ਕਚੀਚੀਆਂ
ਕੂੰਜਾਂ ਨਜ਼ਰ ਆਈਆਂ ਬਾਜ਼ਾਂ ਭੁੱਖਿਆਂ ਨੂੰ,
ਚੋਟਾਂ ਕੈਸੀਆਂ ਦੇਖ ਚਲਾਂਵਦੇ ਨੀ।
ਸ਼ਾਹ ਮੁਹੰਮਦਾ ਓਸ ਥੀਂ ਹੁਕਮ ਲੈ ਕੇ,
ਹੱਲਾ ਕਰਨ ਦੀ ਵਿਉਂਤ ਬਣਾਂਵਦੇ ਨੀ।

੭੧

ਫੇਰੂ ਸ਼ਹਿਰ ਦੇ ਹੇਠ ਜਾ ਖੇਤ ਰੁੱਧੇ,
ਤੋਪਾਂ ਚਲੀਆਂ ਨੀ ਵਾਂਗੂ ਤੋੜਿਆਂ ਦੇ।
ਸਿੰਘ ਸੂਰਮੇ ਆਣ ਮੈਦਾਨ ਲੱਥੇ,
ਗੰਜ* ਲਾਹ ਸੁੱਟੇ ਓਨ੍ਹਾਂ ਗੋਰਿਆਂ ਦੇ। ਢੇਰ
ਟੁੰਡੇ ਲਾਟ ਨੇ ਅੰਤ ਨੂੰ ਖਾਇ ਗੁੱਸਾ,
ਫੇਰ ਦਿੱਤੇ ਨੀ ਲੱਖ ਢੰਡੋਰਿਆਂ ਦੇ।
ਸ਼ਾਹ ਮੁਹੰਮਦਾ ਰੰਡਿ ਬਿਠਾਇ ਨੰਦਨ,
ਸਿੰਘ ਜਾਣ ਸੱਭੇ ਨਾਲ ਜ਼ੋਰਿਆਂ ਦੇ।

੭੨

ਹੁਕਮ ਲਾਟ ਕੀਤਾ ਲਸ਼ਕਰ ਆਪਣੇ ਨੂੰ,
'ਤੁਸਾਂ ਲਾਜ ਅੰਗਰੇਜ਼ ਦੀ ਰੱਖਣੀ ਜੀ।
ਸਿੰਘਾਂ ਮਾਰ ਕੇ *ਕਟਕ ਮੁਕਾਇ ਦਿੱਤੇ ਫੌਜ

ਹਿੰਦੁਸਤਾਨੀ ਤੇ ਪੂਰਬੀ ਦੱਖਣੀ ਜੀ।
ਲੰਦਨ ਟਾਪੂਆਂ ਵਿਚ ਕੁਰਲਾਟ ਹੋਇਆ, ਲੰਡਨ
ਕੁਰਸੀ ਚਾਰ ਹਜ਼ਾਰ ਹੈ ਸੱਖਣੀ ਜੀ।
ਸ਼ਾਹ ਮੁਹੰਮਦਾ ਕਰਨੀ ਪੰਜਾਬ ਖਾਲੀ,
ਰੱਤ ਸਿੰਘ ਸਿਪਾਹੀ ਦੀ ਚੱਖਣੀ ਜੀ।' ਲਹੂ

੭੩

ਹੋਇਆ ਹੁਕਮ ਅੰਗਰੇਜ਼ ਦਾ ਤੁਰਤ ਜਲਦੀ,
ਤੋਪਾਂ ਮਾਰੀਆਂ ਨੀਰ ਦੇ ਆਇ ਵਲੇ।
ਫੂਕ ਸੁੱਟੀਆਂ ਸਾਰੀਆਂ ਮੇਖਜ਼ੀਨਾਂ*, ਸ਼ਸਤ੍ਰ ਘਰ
ਸਿੰਘ ਉੱਡ ਕੇ ਪੱਤ੍ਰਾ ਹੋਇ ਚੱਲੇ।
ਛੋਲਦਾਰੀਆਂ, ਤੰਬੂਆਂ ਛੱਡ ਦੌੜੇ,
ਕੋਈ ਚੀਜ਼ ਨਾ ਲਈ ਏ ਬੰਨ੍ਹ ਪੱਲੇ।
ਓੜਕ ਲਿਆ ਮੈਦਾਨ ਫ਼ਿਰੰਗੀਆਂ ਨੇ,
ਸ਼ਾਹ ਮੁਹੰਮਦਾ ਰਣੋਂ ਨਾ ਮੂਲ ਹੱਲੇ।

੭੪

ਓਧਰੋਂ ਆਪ ਫਿਰੰਗੀ ਨੂੰ ਭਾਂਜ ਆਈ,
ਦੌੜੇ ਜਾਣ ਗੋਰੇ ਦਿੱਤੀ ਕੰਡ* ਮੀਆਂ। ਪਿੱਠ
ਚੱਲੇ ਤੋਪਖਾਨੇ ਸਾਰੇ ਬੇੜਿਆਂ ਦੇ,
ਮਗਰੋਂ ਹੋਈ ਬੰਦੂਕਾਂ ਦੀ ਫੰਡ ਮੀਆਂ।
ਕਿਨ੍ਹੇ ਜਾਇ ਕੇ ਲਾਟ ਨੂੰ ਖਬਰ ਦਿਤੀ,
'ਲੰਦਨ ਹੋਇ ਬੈਠੀ ਤੇਰੀ ਰੰਡ ਮੀਆਂ।
ਸ਼ਾਹ ਮੁਹੰਮਦਾ ਦੇਖ ਮੈਦਾਨ ਜਾ ਕੇ,
ਰੁਲਦੀ ਗੋਰਿਆਂ ਦੀ ਓਥੇ ਝੰਡ* ਮੀਆਂ।' ਰੋਡੇ ਸਿਰ

੭੫

ਪਹਾੜਾ ਸਿੰਘ ਸੀ ਯਾਰ ਫ਼ਿਰੰਗੀਆਂ ਦਾ,
ਸਿੰਘਾਂ ਨਾਲ ਸੀ ਓਸ ਦੀ ਗੈਰ-ਸਾਲੀ*। ਅਣਬਣ
ਪਿਛੋਂ ਭੱਜ ਕੇ ਲਾਟ ਨੂੰ ਜਾਇ ਮਿਲਿਆ,

ਗੱਲ ਜਾਇ ਦੱਸੀ ਸਾਰੀ ਭੇਤ ਵਾਲੀ।
'ਉਥੋਂ ਹੋ ਗਿਆ ਹਰਨ ਹੈ ਖਾਲਸਾ ਜੀ,
ਚੌਦਾਂ ਕੋਹਾਂ ਦੀ ਮਾਰ ਕੇ ਜਾਣ ਛਾਲੀ।
ਸ਼ਾਹ ਮੁਹੰਮਦਾ ਸਾਂਭ ਲੈ, ਸਿਲ੍ਹੇਖਾਨੇ — ਅਸਲੇ ਦਾ ਭੰਡਾਰ
ਛੱਡ ਗਏ ਨੀ ਸਿੰਘ ਮੈਦਾਨ ਖਾਲੀ।'

੨੬

ਮੁੜ ਕੇ ਫੇਰ ਫਿਰੰਗੀਆਂ ਜ਼ੋਰ ਪਾਇਆ,
ਲਾਟਾਂਦਾਰ ਗੋਲੇ ਓਥੇ ਆਣ ਛੁੱਟੇ।
ਉਡੀ ਰਵਾਲ ਤੇ ਚਾਦਰਾਂ ਕੜਕੀਆਂ ਨੀ, — ਧੂੜ
ਕੈਰੋਂ ਪਾਂਡਵਾਂ ਦੇ ਜੈਸੇ ਬਾਣ ਛੁੱਟੇ।
ਜਦੋਂ ਛਿਣੇ ਨੀ ਹੱਥ ਫਿਰੰਗੀਆਂ ਦੇ,
ਉਥੇ ਕਈਆਂ ਦੇ ਆਣ-ਪ੍ਰਾਣ ਛੁੱਟੇ।
ਸ਼ਾਹ ਮੁਹੰਮਦਾ ਇਕ ਸੌ ਤੇਈ ਤੋਪਾਂ,
ਤੋਸ਼ੇਖਾਨੇ ਫਿਰੰਗੀਆਂ ਆਣ ਲੁੱਟੇ।

੨੭

ਤਦੋਂ ਪਿਆ ਹਰਾਸ* ਤੇ ਕਰਨ ਗੱਲਾਂ, — ਭੈ, ਸਹਮ
ਮੁੰਡੇ ਘੋੜ-ਚੜ੍ਹੇ ਨਵੇਂ ਛੋਕਰੇ ਜੀ।
ਅੱਧੀ ਰਾਤ ਨੂੰ ਉੱਠ ਕੇ ਖਿਸਕ ਤੁਰੀਏ,
ਕਿੱਥੋਂ ਪਏ ਗੋਰੇ ਸਾਨੂੰ ਓਪਰੇ ਜੀ।
ਵਾਹੀ ਕਰਦੇ ਤੇ ਰੋਟੀਆਂ ਖੂਬ ਖਾਂਦੇ,
ਅਸੀਂ ਜਿਨ੍ਹਾਂ ਦੇ ਪੁਤਰ ਤੇ ਪੋਤੇ ਜੀ।
ਸ਼ਾਹ ਮੁਹੰਮਦਾ ਖੂਹਾਂ ਤੇ ਮਿਲਖ* ਵਾਲੇ, — ਜਾਇਦਾਦ
ਅਸੀਂ ਦੱਬ ਕੇ ਲਾਵਾਂਗੇ ਜੋਤਰੇ ਜੀ।

੨੮

ਸਿਹਕੇ ਜੀਂਵਦੇ ਰਹੇ ਸੋ ਪਏ ਸੋਚੀਂ,
ਹੋਇ ਭੁਖ ਦੇ ਨਾਲ ਜ਼ਹੀਰ* ਮੀਆਂ। — ਦੁਖੀ, ਨਿਢਾਲ
ਬੁਰੇ ਜਿੰਨ ਹੋ ਕੇ ਸਾਨੂੰ ਪਏ ਗੋਰੇ,

ਅਸੀਂ ਜਾਣਦੇ ਸਾਂ ਕੋਈ ਕੀਰ ਮੀਆਂ।
ਅਸਾਂ ਸ਼ਹਿਦ ਦੇ ਵਾਸਤੇ ਹੱਥ ਪਾਇਆ,
ਅੱਗੋਂ ਭੂਮਣਾ ਛਿੜੇ ਮਖੀਰ* ਮੀਆਂ। ਛੱਤਾ
ਸ਼ਾਹ ਮੁਹੰਮਦਾ ਰਾਹ ਨਾ ਕੋਈ ਲੱਭੇ,
ਜਿਥੇ ਚਲੀਏ ਘੱਤ ਵਹੀਰ ਮੀਆਂ।

੭੯

ਘਰੋਂ ਗਏ ਫਿਰੰਗੀ ਦੇ ਮਾਰਨੇ ਨੂੰ,
ਬੇੜੇ ਤੋਪਾਂ ਦੇ ਸਭ ਮੁਹਾਇ* ਆਏ। ਖੁਹਾ ਕੇ
ਫੇਰ ਆਫਤਾਂ ਨੂੰ ਮਗਰ ਲਾਇਓ ਨੇ
ਸਗੋਂ ਆਪਣਾ ਆਪ ਗਵਾਇ ਆਏ।
ਸੁਖੀ ਵਸਦਾ ਸ਼ਹਿਰ ਲਾਹੌਰ ਸਾਰਾ,
ਸਗੋਂ ਕੁੰਜੀਆਂ ਹੱਥ ਫੜਾਇ ਆਏ।
ਸ਼ਾਹ ਮੁਹੰਮਦਾ ਕਹਿੰਦੇ ਨੇ ਲੋਕ ਸਿੰਘ ਜੀ,
'ਤੁਸੀਂ ਚੰਗੀਆਂ ਪੂਰੀਆਂ ਪਾਇ ਆਏ ?'

੮੦

ਘਰੀਂ ਜਾਇ ਕੇ ਫੇਰ ਅਰਾਮ ਕੀਤਾ,
ਕਿਸੇ ਰਾਤ ਕਿਸੇ ਦੁਇ ਰਾਤ ਮੀਆਂ।
ਪਿਛੋਂ ਫੇਰ ਸਿਰਦਾਰਾਂ ਨੇ ਸੱਦ ਭੇਜੇ,
ਜੋ ਕੋਈ ਸਿੰਘ ਸਿਪਾਹੀ ਦੀ ਜ਼ਾਤ ਮੀਆਂ।
'ਕਿਥੇ ਲੁਕੋਗੇ ਜਾਇ ਕੇ ਖਾਲਸਾ ਜੀ
ਦੱਸੀ ਖੋਲ੍ਹ ਕੇ ਅਸਲ ਦੀ ਬਾਤ ਮੀਆਂ।
ਸ਼ਾਹ ਮੁਹੰਮਦਾ ਫੇਰ ਇਕੱਠ ਹੋਇਆ,
ਲੱਗੀ ਚਾਂਦਨੀ ਅਵਰ ਕਨਾਤ ਮੀਆਂ।

੮੧

ਕੰਢੇ ਪਾਰ ਦੇ ਜਮ੍ਹਾਂ ਜੁ ਹੋਇ ਡੇਰੇ,
ਨੌਕਰ ਇਵੇਂ ਦੇ ਘਰੀਂ ਨਾ ਮਿਲਣ ਜਾਣੇ।
ਡੇਰੇ ਆਣ ਕੇ ਬਹੂੰ ਵਿਰਲਾਪ ਹੋਇਆ,

ਹੋਈਆਂ ਬੁਤਕੀਆਂ ਬੰਦ ਤੇ ਵਿਕਣ ਦਾਣੇ।
ਛੁਹੀਆਂ ਕੱਢ ਕੇ ਮੋਰਚੀਂ ਜਾਇ ਬੈਠੇ,
ਡੇਰੀਂ ਆਣ ਕੇ ਫੇਰ ਪ੍ਰਸਾਦ ਖਾਣੇ।
ਸ਼ਾਹ ਮੁਹੰਮਦਾ ਸਭੋ ਮਾਲੂਮ ਕੀਤੀ,
ਕੀਕੂੰ ਹੋਈ ਸੀ ਦੱਸ ਖਾਂ ਲੁਧਿਆਣੇ।

੮੨

ਸਿਰਦਾਰ ਰਣਜੋਧ ਸਿੰਘ ਫੌਜ ਲੈ ਕੇ,
ਮੱਦਦ ਲਾਡੂਏ ਵਾਲੇ* ਦੀ ਚੱਲਿਆ ਜੇ, ਅਜੀਤ ਸਿੰਘ
ਉਹਦੇ ਸਭ ਕਬੀਲੇ ਸੀ ਕੈਦ ਹੋਏ,
ਕੋਈ ਲਾਟ* ਫਿਰੰਗੀ ਨੇ ਘੱਲਿਆ ਜੇ। ਸਰ ਹੈਰੀ ਸਮਿਥ
ਇਨ੍ਹਾਂ ਜਾਇ ਖੋਹੀਆਂ ਬੰਦਾਂ ਸਾਰੀਆਂ ਨੀ, ਕੈਦਾਂ
ਉਹ ਦਾ ਜ਼ੋਰ ਨਾ ਕਿਸੇ ਨੇ ਝੱਲਿਆ ਜੇ।
ਸ਼ਾਹ ਮੁਹੰਮਦਾ ਛਾਵਣੀ ਫੂਕ ਦਿੱਤੀ,
ਵਿਚੋਂ ਜੀਉ ਫਿਰੰਗੀ ਦਾ ਹੱਲਿਆ ਜੇ।

੮੩

ਚਾਰ ਪੜਤਲਾਂ ਲੈ ਮੇਵਾ ਸਿੰਘ ਆਇਆ,
ਸਿੰਘ ਆਪਣੇ ਹੱਥ ਹਥਿਆਰ ਲੈਂਦੇ।
ਇਨ੍ਹਾਂ ਬਹੁਤ ਫ਼ਿਰੰਗੀ ਦੀ ਫੌਜ ਮਾਰੀ,
ਲੁੱਟਾਂ ਭਾਰੀਆਂ *ਬਾਝ-ਸ਼ੁਮਾਰ ਲੈਂਦੇ। ਬੇਹਿਸਾਬ
ਤੋਪਾਂ, ਸ਼ੁਤਰ, ਹਾਥੀ, ਊਠ, ਰਥ, ਗੱਡੇ,
ਡੇਰੇ ਆਪਣੇ ਸਿੰਘ ਉਤਾਰ ਲੈਂਦੇ।
ਸ਼ਾਹ ਮੁਹੰਮਦਾ ਸਿੰਘ ਜੇ ਜ਼ੋਰ ਕਰਦੇ,
ਭਾਵੇਂ ਲੁਧਿਆਣਾ ਤਦੋਂ ਮਾਰ ਲੈਂਦੇ।

੮੪

ਮੁਹਕਮ ਦੀਨ, ਸਰਦਾਰ ਨੂੰ ਲਿਖੀ ਅਰਜ਼ੀ,
'ਤੁਸਾਂ ਰਸਦ ਲੁੱਟੇ ਚੰਗੇ ਸ਼ਾਨ ਦੇ ਜੀ।
ਦੇਹੁ ਭੇਜ ਉਰਾਰ ਸਭ ਕਾਰਖ਼ਾਨੇ,

ਅਸੀਂ ਰੱਖਾਂਗੇ ਨਾਲ *ਰਮਾਨ ਦੇ ਜੀ। ਆਰਾਮ.
ਤੈਨੂੰ ਅੱਜ ਹਜ਼ੂਰ ਥੀਂ ਫਤਿਹ ਆਈ,
ਖ਼ਬਰਾਂ ਉਡੀਆਂ ਵਿਚ ਜਹਾਨ ਦੇ ਜੀ।
ਸ਼ਾਹ ਮੁਹੰਮਦਾ ਵੈਰੀ ਨੂੰ ਜਾਣ ਹਾਜ਼ਰ
ਸਦਾ ਰੱਖੀਏ ਵਿਚ ਧਿਆਨ ਦੇ ਜੀ।'

੮੫

ਸੱਠ ਕੋਹਾਂ ਦਾ ਪੰਧ ਸੀ ਲੁਧਿਆਣਾ,
ਰਾਤੋ ਰਾਤ ਕੀਤੀ ਟੁੰਡੇ ਦੌੜ ਮੀਆਂ।
ਉਹ ਭੀ ਲੁੱਟਿਆ ਲਾਟ ਨੇ ਆਣ ਡੇਰਾ,
ਤੋਪਾਂ ਸਭ ਖੋਹੀਆਂ ਕੀਤੀ *ਰੌੜ ਮੀਆਂ। ਰੜਾ ਮੈਦਾਨ
ਝੱਲੀ ਅਬੂਤਵੇਲੇ ਦੀਆਂ ਪਲਤਲਾਂ ਨੇ,
ਅੱਧੀ ਘੜੀ ਲੜਾਈ ਦੀ ਸੌੜ ਮੀਆਂ।
ਸ਼ਾਹ ਮੁਹੰਮਦਾ ਸਿੰਘ ਲੁਟਾਇ ਡੇਰਾ,
ਕਰ ਆਏ ਨੀ ਤੁੱਟੀਆਂ ਚੌੜ* ਮੀਆਂ। ਬੁਰਾ ਹਾਲ

੮੬

ਪਹਿਲੇ ਹੱਲਿਓਂ ਸਿੰਘ ਜੋ ਨਿਕਲ ਨੱਠੇ,
ਪਏ ਅਉਝੜੀਂ *ਅਉਝੜੀਂ ਜਾਂਵਦੇ ਨੀ। ਬਿਨਾ ਰਾਹੋਂ
ਲੀੜੇ ਗਏ ਸਾਰੇ ਰਹੀ ਇਕ ਕੁੜਤੀ,
ਬਾਂਹਾਂ ਹਿੱਕ ਦੇ ਨਾਲ ਲਗਾਂਵਦੇ ਨੀ।
ਅਗੋਂ ਲੋਕ ਲੜਾਈ ਦੀ ਗੱਲ ਪੁਛਣ,
ਜੀਭ ਹੋਠਾਂ ਤੇ ਫੇਰ ਦਿਖਾਂਵਦੇ ਨੀ।
ਸ਼ਾਹ ਮੁਹੰਮਦਾ ਆਇ ਕੇ ਘਰ ਦਿਆਂ ਤੋਂ,
ਨਵੇਂ ਕਪੜੇ ਹੋਰ ਸਿਵਾਂਵਦੇ ਨੀ।

੮੭

ਕਹਿੰਦੇ, 'ਜੀਉਂਦਿਆਂ ਫੇਰ ਨਾ ਕਦੀ ਜਾਣਾ,
ਮੂੰਹ ਲੱਗਣਾ ਨਹੀਂ ਚੰਡਾਲ ਦੇ ਜੀ।
ਕਿਤੇ ਜਾਇ ਕੇ ਚਾਰ ਦਿਨ ਕੱਟ ਆਈਏ,

ਢੂੰਡਣ ਆਵਣੀਗੇ ਸਾਡੇ ਨਾਲ ਦੇ ਜੀ।
ਤੁਸਾਂ ਆਖਣਾ 'ਮਰ ਗਿਆ ਲੁਦਿਹਾਣੇ,
ਅਸੀਂ ਫਿਰਦੇ ਹਾਂ ਢੂੰਡਦੇ ਭਾਲਦੇ ਜੀ।'
ਸ਼ਾਹ ਮੁਹੰਮਦਾ ਰਹੇ ਹਥਿਆਰ ਓਥੇ,
ਲੀੜੇ ਨਹੀਂ ਆਏ ਸਾਡੇ ਨਾਲ ਦੇ ਜੀ।'

੮੮

ਪਿਛੋਂ ਬੈਠ ਸਰਦਾਰਾਂ ਗੁਰਮਤਾ ਕੀਤਾ,
ਕੋਈ ਅਕਲ ਦਾ ਕਰੋ ਇਲਾਜ ਯਾਰੋ।
ਫੇੜ* ਬੁਰਛਿਆਂ ਦੀ ਸਾਡੇ ਪੇਸ਼ ਆਈ, ਸਹੇੜ
ਪੱਗਾਂ ਦਾੜ੍ਹੀਆਂ ਦੀ ਰੱਖੋ ਲਾਜ ਯਾਰੋ।
ਮੁੱਠ ਮੀਟੀ ਸੀ ਏਸ ਪੰਜਾਬ ਦੀ ਜੀ,
ਇਨ੍ਹਾਂ ਖੋਲ੍ਹ ਦਿਤਾ ਸਾਰਾ ਪਾਜ ਯਾਰੋ।
ਸ਼ਾਹ ਮੁਹੰਮਦਾ ਮਾਰ ਕੇ ਮਰੋ ਏਥੇ,
ਕਦੇ ਰਾਜ ਨਾ ਹੋਇ ਮੁਹਤਾਜ* ਯਾਰੋ।' ਪਰਾਧੀਨ

੮੯

ਤੀਜੀ ਵਾਰ ਲਲਕਾਰ ਕੇ ਪਏ ਗੋਰੇ,
ਵੇਲੇ* ਫਜ਼ਰ ਦੇ ਹੋਇਆ ਤੰਬੂਰ ਮੀਆਂ। ਸਵੇਰੇ
ਕੱਸ ਲਈਆਂ ਜੋ ਸਿੰਘਾਂ ਨੇ ਤੁਰਤ ਕਮਰਾਂ,
ਕਾਇਮ ਜੰਗ ਨੂੰ ਹੋਇ ਜ਼ਰੂਰ ਮੀਆਂ।
ਪਹਿਲਾਂ ਬਾਂਵਿਓਂ* ਆਣ ਕੇ ਜ਼ੋਰ ਦਿਤਾ, ਖੱਬਿਓਂ
ਪਿਆ ਦਲਾਂ ਦੇ ਵਿਚ ਫਤੂਰ ਮੀਆਂ।
ਸ਼ਾਹ ਮੁਹੰਮਦਾ ਦੌੜ ਕੇ ਜਾਣ ਕਿਥੇ,
ਇਥੋਂ ਸ਼ਹਿਰ ਲਾਹੌਰ ਹੈ ਦੂਰ ਮੀਆਂ।

੯੦

ਆਈਆਂ ਪੜਤਲਾਂ ਬੀੜ ਕੇ ਤੋਪਖਾਨੇ,
ਅੱਗੋਂ ਸਿੰਘਾਂ ਨੇ ਪਾਸੜੇ ਤੋੜ ਸੁੱਟੇ।
ਮਾਖੇ ਖ਼ਾਂ ਤੇ ਮੇਵਾ ਸਿੰਘ ਹੋਏ ਸਿੱਧੇ,

ਹੱਲੇ ਤਿੰਨ ਫਿਰੰਗੀ ਦੇ ਮੋੜ ਸੁੱਟੇ।
ਸ਼ਾਮ ਸਿੰਘ ਸਰਦਾਰ ਅਟਾਰੀ ਵਾਲੇ,
ਮਾਰਿ ਸ਼ਸਤ੍ਰੀਂ ਜੋੜ ਵਿਛੋੜ ਸੁੱਟੇ।
ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ,
ਵਾਂਙ ਨਿੰਬੂਆਂ ਲਹੂ ਨਿਚੋੜ ਸੁੱਟੇ।

੯੧

ਪਏ ਬਾਂਵਿਓਂ ਆਣ ਕੇ ਫੇਰ ਗੋਰੇ,
ਫਰਾਂਸੀਸ ਤੇ ਜਿਥੇ ਸੀ ਚਾਰ-ਯਾਰੀ। ਫੌਜਾਂ ਦੇ ਨਾਂ
ਕੁੰਡਲ ਘੱਤਿਆ ਵਾਂਗੂ ਕਮਾਨ ਗੋਸ਼ੇ,
ਬਣੀ ਆਣ ਸਰਦਾਰਾਂ ਨੂੰ ਬਿਪਤ ਭਾਰੀ।
ਤੇਜ ਸਿੰਘ ਸਰਦਾਰ ਪੁਲ ਵੱਢ ਦਿਤਾ,
ਘਰੀਂ ਨੱਸ ਨਾ ਜਾਇ ਇਹ ਫੌਜ ਸਾਰੀ।
ਸ਼ਾਹ ਮੁਹੰਮਦਾ ਮਰਨ ਸ਼ਹੀਦ ਹੋ ਕੇ,
ਅਤੇ ਜਾਨ ਨਾ ਕਰਨਗੇ ਮੂਲ ਪਿਆਰੀ।

੯੨

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਪਾਦਸ਼ਾਹੀ ਫੌਜਾਂ ਭਾਰੀਆਂ ਨੀ।
ਅੱਜ ਹੋਵੇ ਸਰਕਾਰ* ਤਾਂ ਮੁੱਲ ਪਾਵੇ, ਸ਼ੇਰਿ ਪੰਜਾਬ
ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੀ।
ਘੋੜੇ ਆਦਮੀ ਗੋਲਿਆਂ ਨਾਲ ਉੱਡਣ,
ਹਾਥੀ ਢਹਿੰਦੇ ਸਣੇ ਅੰਬਾਰੀਆਂ ਨੀ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

੯੩

ਕੋਈ ਸੂਰਮੇ ਮਾਰ ਕੇ ਮੁਏ ਉਥੇ,
ਜਿਨ੍ਹਾਂ ਹੱਥ ਕੀਤੇ ਤੇਗਾਂ ਨੰਗੀਆਂ ਦੇ।
ਰਹਿੰਦੇ ਘੇਰ ਕੇ ਵਿਚ ਦਰਿਆਇ ਡੋਬੇ,

ਛੱਰਰੇ ਮਾਰ ਕੇ ਤੇ ਤੋਪਾਂ ਚੰਗੀਆਂ ਦੇ,
ਕਹਿੰਦੇ ਨੌਕਰੀ ਕਾਸ ਨੂੰ ਅਸਾਂ ਕੀਤੀ,
ਆਖੇ ਲੱਗ ਕੇ ਸਾਥੀਆਂ ਸੰਗੀਆਂ ਦੇ।
ਸ਼ਾਹ ਮੁਹੰਮਦਾ ਰੱਬ ਨਾ ਫੇਰ ਲਿਆਵੇ,
ਜੰਗ ਵਿਚ ਜੋ ਨਾਲ ਫਿਰੰਗੀਆਂ ਦੇ।

੯੪

ਕੋਈ ਮਾਵਾਂ ਦੇ ਪੁੱਤ੍ਰ ਨੀ ਮੁਏ ਓਥੇ,
ਸੀਨੇ ਲੱਗੀਆਂ ਤੇਜ਼ ਕਟਾਰੀਆਂ ਨੀ।
ਜਿਨ੍ਹਾਂ ਭੈਣਾਂ ਨੂੰ ਵੀਰ ਨਾ ਮਿਲੇ ਮੁੜ ਕੇ,
ਪਈਆਂ ਰੋਂਦੀਆਂ ਫਿਰਨ ਵਿਚਾਰੀਆਂ ਨੀ।
ਜੰਗੀਂ ਜਿਨ੍ਹਾਂ ਦੇ ਸਿਰਾਂ ਦੇ ਮੋਏ ਵਾਲੀ,
ਖੁਲ੍ਹੇ ਵਾਲ ਤੇ ਕਰਨ ਬੇਜ਼ਾਰੀਆਂ* ਨੀ। ਵਿਰਲਾਪ
ਸ਼ਾਹ ਮੁਹੰਮਦਾ ਬਹੁਤ ਸਰਦਾਰ ਮਾਰੇ,
ਪਈਆਂ ਰਾਜ ਦੇ ਵਿਚ ਖ਼ੁਆਰੀਆਂ ਨੀ।

੯੫

ਲਿਖਿਆ ਤੁਰਤ ਪੈਗ਼ਾਮ ਰਾਣੀ ਜ਼ਿੰਦ ਕੌਰਾਂ,
'ਕੋਈ ਤੁਸਾਂ ਨੇ ਦੇਰ ਨਾ ਲਾਵਣੀ ਜੀ।
ਰਹਿੰਦੀ ਫ਼ੌਜ ਦਾ ਕਰੋ ਇਲਾਜ ਕੋਈ,
ਕਾਬੂ ਤੁਸਾਂ ਬਗੈਰ ਨਾ ਆਵਣੀ ਜੀ।
ਮੇਰੀ ਜਾਨ ਦੇ ਅਬ ਹੋਂ ਤੁਸੀਂ ਰਾਖੇ,
ਪਾਓ ਵਿਚ ਲਾਹੌਰ ਦੇ ਛਾਵਣੀ ਜੀ।
ਸ਼ਾਹ ਮੁਹੰਮਦਾ ਅੱਜ ਮੈਂ ਲਿਆ ਬਦਲਾ,
ਅੱਗੇ ਹੋਰ ਕੀ ਰੱਬ ਨੂੰ ਭਾਵਣੀ ਜੀ।'

੯੬

ਪੁਲ ਬੱਧਾ ਫ਼ਿਰੰਗੀਆਂ ਖ਼ਬਰ ਸੁਣ ਕੇ,
ਲਾਂਘੇ ਪਏ ਨੀ ਵਿਚ ਪਲਕਾਰਿਆਂ* ਦੇ। ਛੇਤੀ ਹੀ
ਆਏ ਸ਼ਹਿਰ ਲਾਹੌਰ ਨੂੰ ਮਾਰ ਧੌਂਸਾ,

ਵੱਜਦੇ ਵਾਜਿਆਂ ਨਾਲ ਨਗਾਰਿਆਂ ਦੇ।
ਸਾਂਭ ਲਏ ਸਰਕਾਰ ਦੇ ਸਿਲ੍ਹੇ-ਖਾਨੇ*, ਸ਼ਸਤ੍ਰ-ਘਰ
ਵਾਲੀ ਬਣੇ ਜੋ ਰਾਜ-ਦੁਆਰਿਆਂ ਦੇ।
ਸ਼ਾਹ ਮੁਹੰਮਦਾ ਫੇੜ* ਸੀ ਵਿਰਲਿਆਂ ਦੀ, ਸਹੇੜ
ਸੋਈ ਪੇਸ਼ ਆਈ ਸਿੰਘਾਂ ਸਾਰਿਆਂ ਦੇ।

੯੭

ਰਾਜਾ ਗਿਆ ਗੁਲਾਬ ਸਿੰਘ ਆਪ ਚੜ੍ਹ ਕੇ,
ਬਾਂਹੋਂ ਪਕੜਿ ਲਾਹੌਰ ਲੈ ਜਾਂਵਦਾ ਈ।
'ਸਾਹਿਬ ਲੋਕ ਜੀ! ਅਸਾਂ ਪਰ ਦਇਆ ਕਰਨੀ',
ਉਹ ਤਾਂ ਆਪਣਾ ਕੰਮ ਬਣਾਂਵਦਾ ਈ।
ਦਿੱਤੇ ਕੱਢ ਮਲਵਈ ਦੁਆਬੀਏ ਜੀ,
ਵਿਚੋਂ ਸਿੰਘਾਂ ਦਾ ਪੈਰ ਖਿਸਾਂਵਦਾ ਈ।
ਸ਼ਾਹ ਮੁਹੰਮਦਾ ਸਭ ਪਹਾੜ ਲੈ ਕੇ,
ਕੂਚ ਜੰਮੂ ਨੂੰ ਤੁਰਤ ਕਰਾਂਵਦਾ ਈ।

੯੮

ਬਣੇ ਮਾਈ ਦੇ ਆਣ ਅੰਗਰੇਜ਼ ਰਾਖੇ,
ਪਾਈ ਛਾਵਣੀ ਵਿਚ ਲਾਹੌਰ ਦੇ ਜੀ।
ਰੋਕ ਮਾਲਵਾ ਪਾਰ ਦਾ ਮੁਲਕ ਸਾਰਾ,
ਠਾਣਾ ਘੱਤਿਆ ਵਿਚ ਫਿਲੌਰ ਦੇ ਜੀ।
ਲਿਆ ਸ਼ਹਿਰ ਹੁਸ਼ਿਆਰ ਪੁਰ ਤਲਕ ਸਾਰਾ,
ਜਿਹੜੇ ਟਕੇ ਆਵਣ ਨੰਦਾ ਚੌਰ* ਦੇ ਜੀ। ਪਿੰਡ ਦਾ ਨਾਂ
ਸ਼ਾਹ ਮੁਹੰਮਦਾ ਕਾਂਗੜਾ ਮਾਰ ਬੈਠਾ,
ਸਭੇ ਕੰਮ ਗਏ ਉਸਦੇ ਸੌਰਦੇ ਜੀ।

੯੯

ਰਹਿੰਦਾ ਮੁਲਕ ਫ਼ਿਰੰਗੀ ਦੇ ਪਿਆ ਪੇਟੇ,
ਕੀਤਾ ਹੁਕਮ ਜੁ ਗੋਰਿਆਂ ਸਾਰਿਆਂ ਨੇ !
ਮਾਈ ਫੌਜ ਨੂੰ ਚਾਇ ਜਵਾਬ ਦਿਤਾ,

ਦਿਤੀ ਨੌਕਰੀ ਛੱਡ ਵਿਚਾਰਿਆਂ ਨੇ।
ਪਿਛੋਂ ਸਾਂਭ ਲੀਤਾ ਮੁਲਕ ਕਾਰਦਾਰਾਂ,
ਬਖ਼ਤਾਵਰਾਂ ਤੇ ਨੇਕ ਸਤਾਰਿਆਂ ਨੇ,
ਸ਼ਾਹ ਮੁਹੰਮਦਾ ਲੋਕ ਵੈਰਾਨ ਹੋਏ,
ਤੋੜ ਸੁਟਿਆ ਮੁਲਕ ਉਜਾੜਿਆ ਨੇ।

੧੦੦

ਕੀਤਾ ਅਕਲ ਦਾ ਪੇਚ ਸੀ ਜਿੰਦ ਕੌਰਾਂ,
ਮੱਥਾ ਦੋਹਾਂ ਬਾਦਸ਼ਾਹੀਆਂ ਦਾ ਜੋੜਿਆ ਈ।
ਗੁੱਝੀ ਰਮਜ਼* ਕਰਕੇ ਰਹੀ ਆਪ ਸੱਚੀ, ਛਲ
ਬਦਲਾ ਤੁਰਤ ਭਿਰਾਊ ਦਾ ਮੋੜਿਆ ਈ।
ਨਾਲੇ ਫੌਜ ਨੂੰ ਤੁਰਤ ਜਵਾਬ ਦਿਤਾ,
ਉਸ ਕੁਫਰ ਮੁੱਦਈ ਦਾ ਤੋੜਿਆ ਈ।
ਸ਼ਾਹ ਮੁਹੰਮਦਾ ਕਰੇ ਜਹਾਨ ਗੱਲਾਂ,
ਲਸ਼ਕਰ ਵਿਚ ਦਰਿਆਇ ਦੇ ਬੋੜਿਆ ਈ।

੧੦੧

ਪਿਛੋਂ ਬੈਠ ਕੇ ਸਿੰਘਾਂ ਨੂੰ ਅਕਲ ਆਈ,
ਕੇਹੀ ਚੜ੍ਹੀ ਹੈ ਕਹਿਰ ਦੀ ਸਾਣ ਮਾਈ
ਕਿਨਾਂ ਖੁੰਧਰਾਂ* ਵਿਚ ਫਸਾਇ ਕੇ ਜੀ, *ਝਗੜੇ ਝੰਜ
ਸਾਡੇ ਲਾਹਿ ਸੁਟੇ ਤੂ ਤਾਂ ਘਾਣ ਮਾਈ।
ਹਥ ਧੋਇ ਕੇ ਪਈ ਹੈਂ ਮਗਰ ਸਾਡੇ,
ਅਜੇ ਘਰੀਂ ਨਾ ਦੇਂਦੀ ਹੈਂ ਜਾਣ ਮਾਈ।
ਸ਼ਾਹ ਮੁਹੰਮਦਾ ਰਹੇ ਹਥਿਆਰ ਉਥੇ,
ਨਾਲ ਕੁੜਤੀਆਂ, ਲਈ ਪਛਾਣ ਮਾਈ।

੧੦੨

ਹੁੰਦੇ ਆਏ ਨੀ ਰੰਨਾਂ ਦੇ ਧੁਰੋਂ ਕਾਰੇ
ਰਾਵਣ ਲੰਕਾ ਦੇ ਵਿਚ ਮਰਵਾਇ ਦਿਤਾ।
ਕੈਰੋਂ ਪਾਂਡਵਾਂ ਨਾਲ ਕੀ ਭਲਾ ਕੀਤਾ,

ਨਾਰਾਂ ਖੁਹਣੀਆਂ ਕਟਕ ਮੁਕਾਇ ਦਿਤਾ।
ਰਾਜੇ ਭੋਜ ਦੇ ਉਤੇ ਅਸਵਾਰ ਹੋਈਆਂ।
ਮਾਰ ਅੱਡੀਆਂ ਹੋਸ਼ ਭੁਲਾਇ ਦਿਤਾ।
ਸ਼ਾਹ ਮੁਹੰਮਦਾ ਇਸ ਰਾਣੀ ਜਿੰਦ ਕੌਰਾਂ,
ਸਾਰੇ ਦੇਸ਼ ਦਾ ਫਰਸ਼ ਉਠਾਇ ਦਿਤਾ।

੧੦੩

ਰੱਬ ਚਾਹੇ ਤਾਂ ਕਰੇਗਾ ਮਿਹਰਬਾਨੀ,
ਹੋਇਆ ਸਿੰਘਾਂ ਦਾ ਕੰਮ ਅਰਾਸਤਾ ਈ! ਠੀਕ
ਵੱਡੀ ਸਾਂਝ ਹੈ ਹਿੰਦੂਆਂ ਮੁਸਲਮਾਨਾਂ,
ਉਹ ਦੇ ਨਾਲ ਨ ਕਿਸੇ ਦਾ ਵਾਸਤਾ ਈ।
ਉਹਦੇ ਨਾਲ ਨਾ ਬੈਠ ਕੇ ਗੱਲ ਕਰਨੀ,
ਖੁਦੀ ਆਪਣੀ ਵਿਚ ਮਹਾਸਤਾ *ਈ। ਮਗਨ
ਸ਼ਾਹ ਮੁਹੰਮਦਾ ਦੌਲਤਾਂ ਜਮ੍ਹਾਂ ਕਰਦਾ,
ਸ਼ਾਹੂਕਾਰ ਦਾ ਜਿਵੇਂ ਗੁਮਾਸ਼ਤਾ* ਈ। ਕਾਰਦਾਰ ਨੌਕਰ

੧੦੪

ਜਿਹੜੀ ਹੋਈ ਸੋ ਲਈ ਹੈ ਵੇਖ ਅੱਖੀਂ,
ਅੱਗੇ ਹੋਰ ਕੀ ਬਣਤ ਬਣਾਵਣੀ ਜੀ।
ਇਕ ਘੜੀ ਦੀ ਕੁਝ ਉਮੈਦ ਨਾਹੀਂ,
ਕਿਸੇ ਲਈ ਹਾੜੀ ਕਿਸੇ ਸਾਵਣੀ ਜੀ।
ਨਿਕੇ ਪੋਚ ਹੁਣ ਬੈਠ ਕੇ ਕਰਨ ਗੱਲਾਂ,
ਡਿਠੀ. ਅਸਾਂ ਫਿਰੰਗੀ ਦੀ ਛਾਵਣੀ ਜੀ।
ਸ਼ਾਹ ਮੁਹੰਮਦਾ ਨਹੀਂ ਮਾਲੂਮ ਸਾਨੂੰ,
ਅੱਗੇ ਹੋਰ ਕੀ ਖੇਡ ਰਚਾਵਣੀ ਜੀ।

੧੦੫

ਸੰਮਤ ਉਨੀ ਸੌ ਦੂਸਰਾ ਵਰਤਦਾ ਸੀ,
ਜਦੋਂ ਹੋਇਆ ਫਿਰੰਗੀ ਦਾ ਜੰਗ ਮੀਆਂ।
ਹੈ ਸੀ ਖੂਨ ਦੀ ਇਹ ਜ਼ਿਮੀਨ ਪਿਆਸੀ,

ਹੋਈ ਸੁਰਖ ਸ਼ਰਾਬ ਦੇ ਰੰਗ ਮੀਆਂ।
ਧਰਤੀ ਉਡ ਕੇ ਧੂੜ ਦੇ ਬਣੇ ਬੱਦਲ,
ਜੈਸੇ ਚੜ੍ਹੇ ਅਕਾਸ਼ ਪਤੰਗ ਮੀਆਂ।
ਸ਼ਾਹ ਮੁਹੰਮਦਾ ਸਿਰਾਂ ਦੀ ਲਾਇ ਬਾਜ਼ੀ,
ਨਹੀਂ ਮੋੜਦੇ ਸੂਰਮੇ ਅੰਗ ਮੀਆਂ। (ਸਮਾਪਤ)

ਸ਼ਾਹ ਮੁਹੰਮਦ ਤੋਂ ਬਿਨਾਂ ਮਟਕ ਰਾਇ ਇਕ ਹੋਰ ਸਮਕਾਲੀ ਕਵੀ ਹੈ, ਜਿਸ ਨੇ ਸਿਖਾਂ ਤੇ ਅੰਗ੍ਰੇਜ਼ਾਂ ਦੀ ਲੜਾਈ ਬਾਰੇ 'ਜੰਗਨਾਮਾ' ਲਿਖਿਆ। ਇਸ ਵਿਚ ਤੇਜ ਸਿੰਘ ਤੇ ਲਾਲ ਸਿੰਘ ਦੀ ਗੱਦਾਰੀ ਦਾ ਸਪਸ਼ਟ ਵਰਣਨ ਹੈ, ਨਾਲੇ ਇਹ ਵੀ ਦਸਿਆ ਹੈ ਕਿ ਖਾਲਸਾ ਫੌਜ ਤਾਂ ਲਾਲ ਸਿੰਘ ਨੂੰ ਉਥੇ ਹੀ ਮਾਰਨ ਲਗੀ ਸੀ ਪਰ ਤੇਜ ਸਿੰਘ ਤੇ ਬੁਡ਼ ਸਿੰਘ ਨੇ ਇਸ ਨੂੰ ਮਸਾਂ ਮਸਾਂ ਛੁਡਵਾਇਆ। ਸ. ਸ਼ਾਮ ਸਿੰਘ ਅਟਾਰੀ ਦੀ ਬਹਾਦਰੀ ਨੂੰ ਕਵੀ ਨੇ ਵਿਸ਼ੇਸ਼ ਤੌਰ ਤੇ ਸਲਾਹਿਆ ਹੈ।

ਘਟਨਾਵਲੀ ਤੇ ਸ਼ਬਦਾਵਲੀ ਦਾ ਤੁਲਨਾਤਮਕ ਅਧਿਐਨ ਦਿਲਚਸਪੀ ਵਾਲਾ ਹੈ।

ਕਾਨ੍ਹ ਸਿੰਘ ਬੰਗਾ ਫਾਰਸੀਦਾਨ ਮੁਨਸ਼ੀ ਸੀ ਜੋ ਕੁਝ ਅਰਸਾ ਲਾਹੌਰ ਦਰਬਾਰ ਵਿਚ ਰਿਹਾ ਤੇ ਪਿਛੋਂ ਉਸ ਅੰਗ੍ਰੇਜ਼ੀ ਮੁਲਾਜ਼ਮਤ ਵੀ ਕੀਤੀ। ਇਸ ਨੇ ਸ: ਹਰੀ ਸਿੰਘ ਨਲਵੇ ਦੇ ਜੰਗਨਾਮੇ ਤੋਂ ਬਿਨਾਂ 'ਜੰਗਨਾਮਾ ਲਾਹੌਰ', ਲਿਖਿਆ, ਜਿਸ ਵਿਚ ਸਿੰਘਾਂ ਤੇ ਫਿਰੰਗੀਆਂ ਦੀ ਪਹਿਲੀ ਲੜਾਈ ਦਾ ਹਾਲ ਹੈ। ਕਵੀ ਨੇ ਮੋਹਰੇ ਹੋ ਕੇ ਜੁੱਧ ਲੜਨ ਵਾਲੇ ਸਿਖ ਸੂਰਬੀਰਾਂ ਦੇ ਨਾਮ ਵੀ ਦਿਤੇ ਹਨ। ਨਾਲੇ ਅੰਗਰੇਜ਼ ਅਫਸਰ ਵੈਨਸਟਾਰਟ ਦੇ ਕਹਿਣ ਤੇ ਲਿਖਿਆ ਹੋਣ ਕਾਰਣ ਇਸ ਵਿਚ ਅੰਗ੍ਰੇਜ਼ਾਂ ਦੀ ਤਾਰੀਫ ਹੋਣਾ ਸੁਭਾਵਕ ਗੱਲ ਸੀ ਪਰ ਇਹ ਜੰਗਨਾਮਾ ਹਿੰਦੁਸਤਾਨੀ ਯਾ ਉਰਦੂ ਵਿਚ ਹੈ, ਪੰਜਾਬੀ ਵਿਚ ਨਹੀਂ। ਪਰੰਤੂ ਸਮਕਾਲੀ ਲਿਖਤ ਹੋਣ ਕਰ ਕੇ ਇਸ ਤੋਂ ਸ਼ਾਹ ਮੁਹੰਮਦ ਦੀ ਪੁਸ਼ਟੀ ਹੁੰਦੀ ਹੈ। ਇਸੇ ਕਰਕੇ ਅਸਾਂ ਇਥੇ ਇਸ ਦੀ ਥੋੜੀ ਜਿਹੀ ਵੰਨਗੀ ਦੇਣਾ ਜ਼ਰੂਰੀ ਸਮਝੀ ਹੈ।

ਜੰਗ ਸਿੰਘਾਂ ਤੇ ਫਿਰੰਗੀਆਂ (ਮਟਕ)

੩

ਪਾਰ ਸਭ ਹੋਇ ਇਕੱਠੇ, ਪਹੁੰਚੇ ਧੁਰ ਸਰਕਾਰੇ, ਆਣ ਪੁਕਾਰੇ।
'ਪੈਸਾ ਸਾਥੋਂ ਮੰਗੇ ਫਿਰੰਗੀ, ਅਸੀਂ ਗਰੀਬ ਵਿਚਾਰੇ, ਖੇਤੀਆਂ ਵਾਰੇ।
ਜੇ ਜ਼ੋਰ ਹੈ ਵਿਚ ਤੁਮ੍ਹਾਰੇ, ਢਿੱਲ ਨਾ ਕਰੋ ਪਿਆਰੇ, ਲਸ਼ਕਰ ਭਾਰੇ।
ਕਹਿਤ ਮਟਕ ਜਬ ਸੁਣੀ ਪੰਥ ਨੇ, ਗੁੱਸਾ ਚੜ੍ਹਿਆ ਸਾਰੇ, ਭਏ ਤਿਆਰੇ।

੪

ਸਭੀ ਖਾਲਸਾ ਏਕਾ ਕਰ ਕੇ, ਸੰਮਣ ਨੂੰ ਉਠ ਧਾਇਆ, ਸੋਭਾ ਪਾਇਆ।
ਦਲੀਪ ਸਿੰਘ ਦੇ ਪਾਸਿ ਬੈਠ ਕੇ, ਆਣਿ ਦਰਬਾਰ ਲਗਾਇਆ, ਖੂਬ ਬਣਾਇਆ
ਅੰਗਰੇਜ਼ ਬਹਾਦੁਰ ਮੰਗੀ ਛਿਆਨੀ, ਦੀਨਾਨਾਥ ਸੁਣਾਇਆ, ਜੋ ਲਿਖ ਆਇਆ
ਕਹਿਤ ਮਟਕ ਸਭ ਸੁਣੀ ਸੂਰਮੀਂ, ਮੱਛੀ ਤਾਊ ਚੜ੍ਹਾਇਆ, ਖੜਗੁ ਉਠਾਇਆ

੫

ਸਭੀ ਖਾਲਸਾ ਕੱਠਾ ਹੋਇ ਕੇ, ਸਮਾਧ ਸਰਕਾਰ ਦੀ ਆਇਆ, ਮਤਾ ਮਤਾਇਆ
ਪੰਜਾਂ ਸਇਆਂ ਦਾ ਕੀਤਾ ਕੁਣਕਾ, ਅੱਗੇ ਆਣਿ ਚੜ੍ਹਾਇਆ, ਭੋਗ ਲਵਾਇਆ।
ਆਣਿ ਭਾਈ ਅਰਦਾਸਾ ਕਰਕੇ, ਸਤਿਗੁਰ ਨਾਮੁ ਜਪਾਇਆ, ਸਬਦੁ ਸੁਣਾਇਆ
ਕਹਿਤ ਮਟਕ ਅਬ ਹੋਇ ਇਕੱਤ੍ਰ, ਗ੍ਰੰਥ ਸਾਹਿਬ ਹਥੁ ਲਾਇਆ, ਧਰਮ ਬਣਾਇਆ।

੬

ਤੇਜ ਸਿੰਘ ਨੇ ਚੁਕਿਆ ਬੀੜਾ, ਜੰਗੀ ਲਾਟੁ ਬਣਾਇਆ ਬਹੁਤ ਵਧਾਇਆ
ਵਿਚ ਪੰਥ ਦੇ ਸੀ ਸਿਆਣਾ, ਸਭਨਾਂ ਬੈਠਿ ਸਲਾਹਿਆ, ਮਨ ਚਿਤ ਲਾਇਆ।
ਚੜ੍ਹਿ ਹਾਥੀ ਡੇਰੇ ਨੂੰ ਆਇਆ, ਕੰਪੂ ਫਤੇ ਬੁਲਾਇਆ, ਫੈਲੁ ਉਠਾਇਆ।
ਕਹਿਤ ਮਟਕ ਤੇਜ ਸਿੰਘ ਆਖੇ, ਸਨਮੁਖ ਲੜਨਾ ਆਇਆ, ਆਖਿ ਸੁਣਾਇਆ।

੭

ਲਾਲ ਸਿੰਘ ਨੇ ਚੁਕਿਆ ਬੀੜਾ, ਜੰਗੀ ਲਾਟ ਬਣਾਇਆ, ਬਹੁਤ ਵਧਾਇਆ।
ਵਿਚ ਪੰਥ ਦੇ ਸੀ ਸਿਆਣਾ, ਸਭਨਾਂ ਬੈਠ ਸਲਾਹਿਆ, ਮਨ ਚਿਤ ਲਾਇਆ।

ਤੇਗ ਫੜੀ ਦੀ ਟੇਕ ਰਖੋ ਜੀ, ਨਿਮਕ ਮਾਲਕ ਦਾ ਖਾਇਆ, ਸੀਸੁ ਬਿਕਾਇਆ
ਕਹਤ ਮਟਕ ਹੁਕਮ ਕੂਚ ਦਾ, ਡੇਰਾ ਮਾਂਝੇ ਪਾਇਆ, ਝੰਡਾ ਲਾਇਆ।

੮

ਓਥੋਂ ਡੇਰਾ ਕੂਚ ਕੀਤੇ ਨੇ, ਹਰੀ ਕੇ ਪੱਤਣ ਪਾਇਆ, ਦਾਬਾ ਲਾਇਆ।
ਲਾਲ ਸਿੰਘ ਨੇ ਭੇਜ ਸੰਤਰੀ, ਸਭੇ ਮੇਉ* ਬੁਲਾਇਆ, ਪਾਸਿ ਸਦਾਇਆ। *ਮਲਾਹ
ਕੜੇ ਸੁਇਨੇ ਦੇ ਦੀਏ ਹੱਥਾਂ ਨੂੰ, ਸਿਰੋਪਾਉ ਦਵਾਇਆ, ਗਹਿਣ ਪੁਛਾਇਆ।
ਕਹਿਤ ਮਟਕ ਸੰਗਰਾਂਦ ਪੋਹ ਦੀ, ਡੇਰਾ ਪਾਰ ਲੰਘਾਇਆ, ਮੁਲਖ ਡਰਾਇਆ।

੯

ਲਾਲ ਸਿੰਘ ਨੇ ਪਾਸ ਬੈਠਕੇ, ਸਭ ਨੂੰ ਬਾਤ ਉਚਾਰੀ, ...
ਹੱਲਾ ਕਰਿਕੇ ਮਾਰੋ ਸ਼ਹਿਰ ਨੂੰ, ਮਾਰੋ ਗੋਲੇ ਭਾਰੀ ਗਰਦ-ਗੁਬਾਰੀ।
ਬੂੜ ਸਿੰਘ ਸਰਦਾਰ ਬੋਲਿਆ, ਰੱਯਤ ਬਸੇ ਬਿਚਾਰੀ, ਲੋਕ ਬਪਾਰੀ।
ਕਹਿਤ ਮਟਕ ਪੋਜ਼ੁ* ਘੇਰਿਆ, ਗਿਰਦੇ ਫੌਜ ਉਤਾਰੀ, ਸਭ ਸਰਕਾਰੀ। ਫਿਰੋਜ਼ਪੁਰ

੧੦

ਬੀਚ ਅੰਬਾਲੇ ਸੁਣਾ ਲਾਟ ਨੇ, ਸਿੰਘ ਪਾਰ ਲੰਘ ਆਏ, ਡੇਰੇ ਪਾਏ।
ਗੁੱਸਾ ਖਾਇਕੇ ਚੜ੍ਹੇ ਫਿਰੰਗੀ, ਤੁਰ ਪੋਜ਼ ਨੂੰ ਧਾਏ ਹੁਕਮ ਬੰਜਾਏ।
ਲਾਲ ਸਿੰਘ ਨੂੰ ਹੋਈਆਂ ਖਬਰਾਂ, ਰਸਤੇ ਵਿਚ ਅਟਕਾਏ, ਜੁੱਧ ਮਚਾਏ।
ਕਹਿਤ ਮਟਕ ਦੋਵੇਂ ਦਲ ਭਾਰੇ, ਹਟਦੇ ਨਹੀਂ ਹਟਾਏ, ਅੱਗੇ ਧਾਏ।

੧੧

ਵੀਰਵਾਰ ਸਿੰਘਾਂ ਨੇ ਉਠ ਕੇ, ਕਾਠੀਆਂ ਆਣਿ ਪੁਵਾਈਆਂ ਪੁਜ ਤਕੜਾਈਆਂ।
ਜਲ ਢੂੰਢਣ ਕੋ ਚਲਾ ਖਾਲਸਾ, ਅਜਬ ਪੁਸ਼ਾਕਾਂ ਪਾਈਆਂ ਢਾਲਾਂ ਲਾਈਆਂ।
ਹੱਥੀਂ ਜਿਨ੍ਹਾਂ ਦੇ ਨੇਜ਼ੇ ਸੋਹਣ, ਧੰਨ ਜਣੇਂਦੀਆਂ ਮਾਈਆਂ, ਇਨ੍ਹਾਂ ਸੁਪਾਹੀਆਂ
ਕਹਿਤ ਮਟਕ ਪਾਣੀ ਜਾ ਲੱਭਾ, ਫੌਜਾਂ ਅਗੋਂ ਆਈਆਂ, ਪੈਣ ਲੜਾਈਆਂ।

੧੨

ਦੋਹਾਂ ਧਿਰਾਂ ਨੇ ਧਰੀਆਂ ਤੋਪਾਂ, ਗੋਲੇ ਜੰਗੀ ਪਾਏ, ਖੂਬ ਚਲਾਏ।
ਦੋਹਾਂ ਧਿਰਾਂ ਤੋਂ ਡਿਗਣ ਸੂਰਮੇ, ਰਣ ਦੇ ਵਿਚ ਸਮਾਏ, ਸੁਰਗ ਸਿਧਾਏ।
ਕਾੜ ਕਾੜ ਬੰਦੂਕਾਂ ਛੁੱਟਣ ਤੇਗੇ ਬਹੁ ਚਮਕਾਏ, ਖੂਬ ਟਿਕਾਏ।
ਚੌਦਾਂ ਤੋਪਾਂ ਪਹਿਲੇ ਹੱਲੇ, ਸਿੰਘ ਛਡਿ ਕੇ ਧਾਏ, ਘਰ ਨੂੰ ਆਏ।

੧੩

ਸ਼ੁਕਰਵਾਰ ਦੋਵੇ ਦਲ ਭਾਰੇ, ਫਿਰਨ ਵਕੀਲ ਵਿਚਾਰੇ, ਵਿੱਚ ਰਬਾਰੇ*। ਵਿਚੋਲੇ ਬਾਤ ਸੁਲ੍ਹਾ ਦੀ ਕੋਇ ਨਹੀਂ ਬਣਦੀ, ਕੋਟ ਜਤਨ ਕਰ ਹਾਰੇ, ਜੰਗੀ ਭਾਰੇ।
ਕਰ ਤਕੜਾਈਆਂ ਬਹਿਣ ਸੂਰਮੇ, ਸ਼ਸਤਰ ਪਹਿਨ ਪਿਆਰੇ, ਸੁੰਦਰ ਸਾਰੇ।
ਮਹਾਂਭਾਰਤ ਰਚਿਆ ਇਸ ਜਗ ਵਿਚ, ਫਿਰੇ ਸੈਨਿ ਵਿਚ ਸਾਰੇ, ਮਟਕ ਉਚਾਰੇ

੧੪

ਵਾਰ ਛਨਿੱਛਰ ਦੋਹਾਂ ਵਿਚ, ਖਬਰਦਾਰ ਹੋ ਬਹਿੰਦੇ ਚੌਕਸ ਰਹਿੰਦੇ।
ਕਰੜਾ ਪਹਿਰਾ ਕਰਨਾ ਡੇਰਾ, ਪੱਥਰ ਕਲਾ ਲੈ ਬਹਿੰਦੇ, ਦਸਤ ਫੜੇਂਦੇ।
ਮੋਹਰੇ ਤੋਪਾਂ ਧਰਨ ਰਸਾਲੇ, ਪਿਛੇ ਲਾਮ ਲਗੇਂਦੇ, ਨਹਿੰ ਅਟਕੇਂਦੇ।
ਕਹਿਤ ਮਟਕ ਸੰਗਰਾਮੁ ਮਾਂਡਿਆ, ਸਾਰੇ ਜਗ ਸੁਣੇਂਦੇ, ਢੋਲ ਵਜੇਂਦੇ।

੧੫

ਐਤਵਾਰ ਸੁੰਦਰ ਦਿਨ ਰਵਿ ਦਾ, ਕੀਨੀ ਲਾਟੂ ਤਿਆਰੀ, ਬੈਠ ਬਿਚਾਰੀ।
ਪਹਿਰ ਟੋਪੀਆਂ ਸਜੇ ਸੰਤਰੀ, ਜੰਗੀ ਫੌਜ ਨਿਤਾਰੀ, ਜੁਦੀ ਉਤਾਰੀ।
ਚੜ੍ਹੇ ਰਸਾਲੇ ਔਰ ਪੜਤਲਾਂ, ਗੋਰਾ ਬੇਸ਼ੁਮਾਰੀ, ਗਰਦ ਗੁਬਾਰੀ।
ਨਾਲਿ ਫ਼ਿਰੰਗੀ ਲੜੇ ਪੰਥ ਅਬਿ, ਸੁਣੈਗੀ ਪ੍ਰਿਥਮੀ ਸਾਰੀ, ਮਟਕ ਉਚਾਰੀ।

੧੬

ਸੋਮਵਾਰ ਘੰਟਾ ਇਕੁ ਵੱਜਿਆ, ਝਟਿ ਫਿਰੰਗੀ ਆਇਆ, ਫੌਜ ਲਿਆਇਆ।
ਬਹੁਤ ਪੜਤਲਾਂ ਸੰਗ ਰਜਮਣਾਂ, ਡੇਰਾ ਖੂਬ ਜਮਾਇਆ, ਫੈਲੁ ਉਡਾਇਆ।
ਲਾਲ ਗੁਰੂ ਕੇ ਮਾਰਨ ਤੇਗੇ, ਖੱਪਰ ਬਹੁਤ ਰੁੜ੍ਹਾਇਆ, ਸੱਥਰੁ ਪਾਇਆ।
ਕਹਿਤ ਮਟਕ ਗੋਲਾ ਪਿਆ ਬਰਸੇ, ਕੁਛ ਸਿਰ ਪੈਰੁ ਨ ਆਇਆ, ਰੁਧਰ ਵਗਾਇਆ।

੧੭

ਜੁੱਧ ਕ੍ਰੁੱਧ ਸੋਂ ਹੋਤ ਭਿਆਨਕ, ਬਾਤਿ ਕਹੀ ਨਹਿ ਜਾਈ, ਹੋਸ਼ ਭੁਲਾਈ।
ਚਲਦੀਆਂ ਤੋਪਾਂ ਔਰ ਤਮਾਚੇ, ਕਰਾਬੀਨ ਚਮਕਾਈ, <u>ਚਕਮਕ</u> ਲਾਈ। <u>ਪਲੀਤਾ</u> ਡਿਗਾਣ ਸੂਰਮੇ ਸਨਮੁਖ ਹੋ ਕੇ, ਸੁਰਗ ਲੋਕ ਨੂੰ ਜਾਈ, ਨਹਿ ਅਟਕਾਈ।
ਕਹਿਤ ਮਟਕ ਤਲਵਾਰਾਂ ਚਮਕਨ, ਪੱਥਰ ਕਲਾ ਵਿਚ ਛਾਈ, ਜੰਗ ਮਚਾਈ।

੧੮

ਸਨਮੁਖ ਚੜ੍ਹ ਤੁਰੇ ਭੈ ਸੂਰੇ, ਫੜਿ ਤੇਗੇ ਹਥਿ ਆਈ, ਕਰਨ ਲੜਾਈ।
ਰੜਕਣ ਤੇਗਾਂ ਵਿਚ ਜੰਗ ਦੇ, ਅਗਨਿ ਬਾਣ ਛੁਟਿ ਆਈ, ਸੁਧ ਬਿਸਰਾਈ
ਗੱਜਣ ਸੂਰਮੇ ਸਨਮੁਖ ਹੋ ਕੇ, ਲੜਦੇ ਸ਼ੇਰ ਸਪਾਈ ਜੰਗ ਮਚਾਈ।
ਕਹਿਤ ਮਟਕ ਦੋਵੇਂ ਦਲ ਰੁੱਝੇ, ਜੂਝੇ ਸਿੰਘ ਸਪਾਈ ਸੁਣੇ ਲੁਕਾਈ।

੧੯

ਦਿਨੇ ਸਿੰਘ ਸਭ ਖ਼ੂਬ ਲਰੇ ਹੈਂ, ਸਮਾਂ ਰਾਤ ਕਾ ਆਇਆ, ਮੱਥਾ ਡਾਹਿਆ।
ਗੋਲੇ ਪਾਟਵੇਂ ਮਾਰ ਫਿਰੰਗੀ, ਖ਼ੌਫ ਖਾਲਸੇ ਪਾਇਆ, ਕਦਮ ਹਟਾਇਆ।
ਲੜਨ ਪੜਤਲਾਂ ਫਰਾਂਸੀਸ ਦੀਆਂ, ਤਲਵਾਰੀਂ ਹੱਥ ਪਾਇਆ, ਜੱਫਾ ਲਾਇਆ।
ਕਹਿਤ ਮਟਕ ਲਾਲ ਸਿੰਘੁ ਨੱਠਾ, ਕੰਪੂ ਗਾਂਹਾਂ ਲੰਘਾਇਆ, ਧ੍ਰੋਹ ਕਮਾਇਆ।

੨੦

ਘੋੜ-ਚੜ੍ਹੇ ਸਿੰਘਨ ਜੋ ਬਾਂਕੇ, ਦੁਸ਼ਾਲੇ ਹੰਢਾਵਨ, ਸੋਇਨਾ ਪਾਵਨ।
ਕੰਨੀਂ ਜਿਨ੍ਹਾਂ ਦੀ ਮੋਤੀ ਲਟਕਣ, ਤਲਬਾਂ ਬੈਠਿ ਗਿਣਾਵਨ, ਢਾਲ ਭਰਾਵਨ।
ਖਾਣ ਖੁਰਾਕਾਂ ਪਹਿਨ ਪੁਸ਼ਾਕਾਂ ਅਫਲਾਤੂਨ ਕਹਾਵਨ, ਸ਼ੇਰ ਸਦਾਵਨ।
ਕਹਿਤ ਮਟਕ ਜਬ ਵਖਤ ਲੜਨ ਕਾ, ਦੌੜ ਘਰਾਂ ਨੂੰ ਆਵਨ, ਸਿਰੀਂ ਲੁਕਾਵਨ।

੨੧

ਦੌੜਦਿਆਂ ਨੂੰ ਸ਼ਰਮ ਨਾ ਆਈ, ਕੀਤੀ ਜਾਨ ਪਿਆਰੀ, ਏਹੁ ਵਿਚਾਰੀ।
ਤੋਲ ਤੱਕੜੀ ਲੈਣ ਰੁਪਈਏ, 'ਅਸੀਂ ਬੰਦੂਕਚੀ ਭਾਰੀ, ਪੰਜ ਹਜ਼ਾਰੀ।'
ਘਰ ਵਿਚ ਬੈਠ ਇਨਾਮ ਵਧਾਵਨ, ਰਣ ਵਿਚ ਪਿੱਠ ਦਿਖਾਰੀ, ਲਾਜ ਬਿਸਾਰੀ।
ਕਹਿਤ ਮਟਕ ਲੜ ਮਰਨ ਸੂਰਮੇ, ਜ਼ਰਾ ਨਾ ਹਟਣ ਪਿਛਾੜੀ, ਹੋਣ ਅਗਾੜੀ।

੨੨

ਸੋਮਵਾਰ ਘੰਟਾ ਇਕ ਵੱਜਿਆ, ਤੇਜ ਸਿੰਘ ਚੜ੍ਹਿ ਆਇਆ, ਫੌਜ ਲਿਆਇਆ।
ਬਹੁਤ ਪੜਤਲਾਂ ਸੰਗ ਰਜਮਣਾਂ, ਡੇਰਾ ਖ਼ੂਬ ਜਮਾਇਆ, ਫੈਲ ਉਠਾਇਆ।
ਜੰਗ ਦੇਖ ਕੇ ਖੁਲ੍ਹੇ ਨੱਚੀਏ, ਪਿੱਛੇ ਨੂੰ ਹਟ ਆਇਆ, ਖਤਰਾ ਖਾਇਆ।
ਕਹਿਤ ਮਟਕ ਤੇਜ ਸਿੰਘ ਡਰਿਆ, ਕੰਪੂ ਗਾਂਹਾਂ ਲੰਘਾਇਆ, ਧ੍ਰੋਹ ਕਮਾਇਆ।

੨੩

ਸਤਲੁਜ ਦੇ ਉਰਾਰ ਸਿੰਘਾਂ ਨੇ, ਬਹਿ ਦਰਬਾਰ ਲਗਾਇਆ, ਸੁਤ ਬਣਾਇਆ

'ਲਾਲ ਸਿੰਘ ਨੂੰ ਮਾਰ ਸੁੱਟੋ, ਇਨ ਡੇਰਾ ਸਭ ਖੁਹਾਇਆ, ਮਾਲ ਲੁਟਾਇਆ।'
ਤੇਜਾ ਸਿੰਘ ਔ ਬੁਰ ਸਿੰਘ ਨੇ, ਮਿੰਨਤਾਂ ਕਰ ਛੁਡਵਾਇਆ, ਮਸੀਂ ਬਚਾਇਆ।
ਕਹਿਤ ਮਟਕ ਸਭਿ ਹੋਇ ਇਕੱਤ੍ਰ, ਗ੍ਰੰਥ ਸਾਹਿਬ ਹਥ ਲਾਇਆ, ਧਰਮੁ ਬਣਾਇਆ।

੨੪

ਫੇਰ ਸਿੰਘਾਂ ਨੇ ਏਕਾ ਕੀਤਾਂ, ਬੇੜੀਆਂ ਤੁਰਤ ਮੰਗਾਓ, ਦੇਰ ਨ ਲਾਓ।
ਪੁਲ ਬੰਨ੍ਹਣ ਦੀ ਕਰੋ ਤਿਆਰੀ, ਫੌਜਾਂ ਪਾਰ ਲੰਘਾਓ, ਤੋਪ ਚੜ੍ਹਾਓ:
ਧਰਮ-ਜੁੱਧ ਨੂੰ ਕਰੋ ਖਾਲਸਾ, ਹਟਿ ਕੇ ਫੇਰ ਨ ਆਓ, ਮਰਦ ਸਦਾਓ।
ਕਹਿਤ ਮਟਕ ਕਰਦੇ ਸਿੰਘ ਬਾਤਾਂ, ਡੇਰੇ ਖੂਬ ਸਜਾਓ, ਭੈਇ ਉਠਾਓ।

੨੫

ਪੁਲ ਬੰਨ੍ਹ ਕੇ ਸਿੰਘ ਪਾਰ ਉਤਰੇ, ਫੌਜਾਂ ਜਾਇ ਟਿਕਾਈਆਂ, ਛਹੀਆਂ ਲਾਈਆਂ।
ਗੋਲਾ ਬਾਰੂਦ ਦੀਆ ਸਭਨਾਂ ਕੋ, ਮਿਸਲਾਂ ਤਿੰਨ ਬਣਾਈਆਂ, ਪੁਜ ਤਕੜਾਈਆਂ।
ਤੇਜ ਸਿੰਘ ਔ ਲਾਲ ਸਿੰਘ ਮਿਲ, ਗੱਲਾਂ ਬੈਠ ਬਣਾਈਆਂ, ਸੰਗ ਸਪਾਹੀਆਂ।
ਕਹਿਤ ਮਟਕ ਰਣ ਸ਼ਾਮ ਸਿੰਘ ਨੇ, ਰੰਗ ਪੁਸ਼ਾਕਾਂ ਪਾਈਆਂ, ਮਣਸੀਆਂ ਗਾਈਆਂ।

੨੬

ਦੋ ਮਹੀਨੇ ਰਹੇ ਉਤਰੇ, ਸਤਲੁੱਦ੍ਰ ਦੇ ਸਿਰ੍ਹਾਣੇ, ਵਡੇ ਸਿਆਣੇ।
ਤੇਜ ਸਿੰਘ ਔ ਲਾਲ ਸਿੰਘ, ਹੈਨ ਮੁਸਾਹਿਬ ਪੁਰਾਣੇ, ਕਰਨ ਬਹਾਨੇ।
ਬਾਹਰੋਂ ਗੱਲਾਂ ਕਰਨ ਮਿੱਠੀਆਂ, ਅੰਦਰੋਂ ਖੋਟ ਕਮਾਣੇ, ਕਰਦੇ ਭਾਣੇ।
ਕਹਿਤ ਮਟਕ ਰਣ ਸ਼ਿਆਮ ਸਿੰਘ, ਏ ਸਭੀ ਜਗ ਜਾਣੇ, ਲਾਜ ਪਛਾਣੇ

੨੭

ਮੰਗਲਵਾਰ ਸੰਗਰਾਂਦ ਫਾਗ ਦੀ, ਹੁਕਮ ਲਾਟ ਨੇ ਦੀਨਾ, ਚੌਕਸ ਕੀਨਾ।
ਪਹਿਨ ਬਰਦੀਆਂ ਬਣੇ ਤਿਲੰਗੇ, ਜੜੀਆਂ ਖੂਬ ਸੰਗੀਨਾਂ, ਬਹੁ ਕਰਬੀਨਾਂ।
ਚੜ੍ਹੇ ਰਸਾਲੇ ਔਰ ਪਲਟਲਾਂ ਗੋਰਾ ਮਰਦ ਨਗੀਨਾ, ਕਿਰਚ ਫੜੀਨਾ।
ਕਹਿਤ ਮਟਕ ਮਿਲ ਚੜ੍ਹੇ ਸੁਪਾਹੀ, ਬਜਦੇ ਤੁਰਮ* ਤਫੀਨਾ, ਜੰਗ ਮਚੀਨਾਂ। ਵਾਜੇ

੨੮

ਪਹਿਰ ਰਾਤ ਇਸ਼ਨਾਨ ਸ਼ਾਮ ਸਿੰਘ, ਵਿਚ ਨਦੀ ਦੇ ਵੜਿਆ, ਜਪੁਜੀ ਪੜ੍ਹਿਆ।
ਪੁੰਨ ਦਾਨ ਬਹੁ ਕੀਏ ਮਰਦ ਨੇ, ਧਿਆਨ ਗੁਰਾਂ ਕਾ ਧਰਿਆ, ਭੈਜਲੁ ਤਰਿਆ।
ਨਿਮਸਕਾਰ ਕਰਿ ਸ਼ਸਤਰ ਪਹਿਰੇ, ਤੋੜਾ ਬੰਦੂਕੀ ਜੜਿਆ, ਜ਼ਰਾ ਨ ਡਰਿਆ।

ਕਹਿਤ ਮਟਕ ਅਬ ਜੁੱਧ ਧਰਮ ਕਾ, ਸ਼ਿਆਮ ਸਿੰਘ ਰਣ ਚੜ੍ਹਿਆ, ਖੰਡਾ ਫੜਿਆ।

੨੯

ਦੋਹੀਂ ਧਿਰੀਂ ਤੰਬੂਰ ਖੜਕਦੇ, ਜੁੱਧ ਦੀ ਭਈ ਤਿਆਰੀ, ਲਸ਼ਕਰ ਭਾਰੀ।
ਵੱਜਨ ਤੁਰਮਚਾ ਔਰ ਮੁਰਲੀਆਂ, ਸ਼ੁਤਰੀ ਰਣਿਕੇ ਸਾਰੀ, ਅਧਿਕ ਪਿਆਰੀ।ਨੌਬਤ
ਚੜ੍ਹੇ ਰਸਾਲੇ ਔਰ ਪੜਤਲਾਂ, ਗੋਰਾ ਬੇ ਸ਼ੁਮਾਰੀ , ਗਰਦ ਗੁਬਾਰੀ।
ਕਹਿਤ ਮਟਕ ਅਬ ਪੰਥ ਕੇ ਊਪਰ, ਝੁਕ ਰਹੀ ਲੰਦਨ ਸਾਰੀ, ਲਸ਼ਕਰ ਭਾਰੀ

੩੦

ਦੋਹੀਂ ਧਿਰੀਂ ਤੰਬੂਰ ਖੜਕਦੇ, ਲੜਦੇ ਨਦੀ ਕਿਨਾਰੇ, ਮੁਲਖਾਂ ਵਾਰੇ।
ਚਲਣ ਬੰਦੂਕਾਂ ਔਰ ਰਹਿਕਲੇ, ਤੇਗੇ ਦਮਕਣਿ ਭਾਰੇ, ਬਣੇ ਦੁਧਾਰੇ।
ਗੱਜਣ ਸੂਰਮੇ ਸਨਮੁਖ ਹੋ ਕੇ, ਰਣ ਦੇ ਵਿਚ ਪੁਕਾਰੇ, ਲੈਣਿ ਹੁਲਾਰੇ।
ਕਹਿਤ-ਮਟਕ ਗੋਲਾ ਪਿਆ ਬਰਸੇ, ਵਗਦੇ ਰੁਧ੍ਹੂੰ ਪੁਨਾਰੇ, ਲੈਣਿ ਹੁਲਾਰੇ। ਲਹੂ

੩੧ ਕੁੰਡਲੀਆ

ਸ਼ਾਮ ਸਿੰਘ ਸਰਦਾਰ ਨੇ ਕੀਆ ਤੀਰਥ ਇਸ਼ਨਾਨ
ਗਊਆਂ ਹਾਥੀ ਮਣਸ ਕੇ ਸਨਮੁਖ ਚਲਾ ਜੁਆਨ।
ਸਨਮੁਖ ਚਲਾ ਜੁਆਨ ਜੁੱਧ ਦੀ ਭਈ ਤਿਆਰੀ।
ਅੰਗ੍ਰੇਜ਼ ਸਾਥ ਜਾ ਲੜਾ, ਸੂਰਮਾ ਆਪ ਦੀਦਾਰੀ।
ਮਟਕਾ ਗੋਰੇ ਮਰਦ ਨੇ, ਮਾਰੇ ਬੀਚ ਮਦਾਨ।
ਫੜ ਖੰਡਾ ਹਥ ਗਰਜਿਆ, ਸ਼ਾਮ ਸਿੰਘ ਬਲਵਾਨ।

੩੨ ਸ੍ਵੈਯਾ

ਸ਼ਾਮ ਸਿੰਘ ਸਰਦਾਰ ਨੇ ਤੇਗ ਫੜੀ, ਅੰਗਰੇਜ਼ ਕੇ ਸੀਸ ਪੈ ਜਾਇ ਜੜੀ ਹੈ
ਮੁੰਡ ਕਾਟ ਕੇ ਜਾਟ ਨੇ ਝਾਟ ਕੀਓ, ਦਮਕੀ ਦਲਿ ਮੈਂ ਰਣਿ ਹੋਰੀ ਕਰੀ ਹੈ।
ਚਮਕੀ ਚੜ੍ਹਿ ਊਪਰ ਗੋਨਰ ਕੇ ਤਨ ਕਾਟ ਕੇ ਬਸਤ੍ਰ ਰੁਧ੍ਰ ਭਰੀ ਹੈ।
ਮਟਕਰਾਇ ਜੁਆਨ ਮਦਾਨ ਲੜਾ, ਸ੍ਰਕਾਰ ਕੇ ਨਿਮਕ ਕੀ ਲਾਜ ਪੜੀ ਹੈ।

੩੩ ਕੁੰਡਲੀਆ

ਸ਼ਾਮ ਸਿੰਘ ਰਣਿ ਜੂਝਿਆ, ਸਨਮੁਖ ਹੋ ਸਰਦਾਰ।
ਦੇਵ ਲੋਕ ਨੂੰ ਚੜ੍ਹ ਗਿਆ, ਦਲ ਮੈਂ ਪੜੀ ਪੁਕਾਰ।
ਦਲਿ ਮੈਂ ਪੜੀ ਪੁਕਾਰ, ਅਪਸਰਾਂ ਮਾਰਗ ਖੜੀਆਂ।

ਪਕੜ ਝਕੜ ਬਹੁ ਵਰੈਂ, ਤੁਰਤ ਲੈ ਮੰਦਰਿ ਵੜੀਆਂ।
ਕਹਿਤ ਮਟਕ ਵਿਚ ਸੁਰਗ ਦੇ, ਕਰਦਾ ਬਹੁਤ ਬਹਾਰ।
ਸੁਰਪਤਿ ਬਹੁਤ ਸਲਾਹੁੰਦਾ ਸ਼ਾਮ ਸਿੰਘ ਸਰਦਾਰ।

੩੪ ਕੁੰਡਲੀਆ

ਲਾਲੂ ਦੀ ਲਾਲੀ ਗਈ, ਤੇਜੂ* ਦਾ ਗਿਆ ਤੇਜ।
ਰਣਿ ਵਿਚ ਪਿਠ ਦਿਖਾਇ ਕੇ, ਮੋਢਾ ਆਏ ਫੇਰ।
ਮੋਢਾ ਆਇ ਫੇਰਿ, ਮੂਜ਼ੀ* ਮੁਰਦਾਰ ਸਦਾਵਨ। ਕਾਇਰ
ਦੁਸ਼ਾਲੇ ਹੰਢਾਏ ਗੀਦੀਆਂ, ਪਏ ਮੁਫਤ ਗੁਵਾਵਨ।
ਕਹਿਤ ਮਟਕ ਵਿਚ ਜਗਤ ਦੇ, ਹੋਤੀ ਚਰਚ ਵਿਚਾਰ।
'ਲਾਲੂ ਤੇਜੂ ਨੱਠ ਕੇ, ਆਏ ਪੀਠ ਦਿਖਾਰ।'

---

* ਲਾਲ ਸਿੰਘ ਬਾਮ੍ਹਣ, ਸੰਘੋਈ ਜ਼ਿਲਾ ਜਿਹਲਮ ਦਾ ਸੀ ਤੇ ਤੇਜ ਸਿੰਘ ਮਿਸਰ ਪਿੰਡ ਏਕੜੀ ਜ਼ਿਲਾ ਮੇਰਠ ਦਾ ਸੀ। ਦੋਹਾਂ ਸਿਖ ਰਾਜ ਦਾ ਬੇੜਾ ਡੋਬਿਆ।

'ਜੰਗਨਾਮਾ ਲਾਹੌਰ' (ਕਾਨ੍ਹ ਸਿੰਘ ਬੰਗਾ) ਵਿਚੋਂ

ਗੋਬਿੰਦ ਸਿੰਘ ਕੀਆ ਖਾਲਸਾ ਯਕ ਤਰਫ। ਹੂਏ ਕੰਪਨੀ ਕੇ ਜਵਾਂ ਯਕ ਤਰਫ
ਦੋਊ ਮੁਲਕ ਮਾਲਕ ਬਹਾਦਰ ਜਵਾਂ। ਦੋਊ ਸ਼ਹਿਨਸ਼ਾਹ ਅਦਾਲਤ ਨਿਸ਼ਾਂ।
ਦੋਊ ਇਲਮਿ ਆਲਿਮ, ਆਲਮ ਪਨਾਹ, ਦੋਊ ਜੰਗ ਜੋਸ਼ੇ ਕਰਤਾ ਸਲਾਹ।
ਨੂਰ ਚਮਕੇ ਮਿਸਲ ਆਫਤਾਬ। ਜੁ ਹੋਤਾ ਹੈ ਦੁਸ਼ਮਨ ਸੁ ਜਲਤਾ ਹੈ ਸ਼ਿਤਾਬ
ਬਦਨ ਇਨਾਯਤ ਮੁਲਕ ਹੂੰ ਕੀ ਮਾਲਕ ਦਈ। ਜਿਤੀ ਸ਼ਹਿਨਸ਼ਾਹੀ ਦੂਹੂੰ ਕੀ ਭਈ।
ਹੁਕਮ ਖਾਸ ਮਾਲਕ ਨੇ ਅਪਨਾ ਦੀਆ। ਯਹ ਖਲਕਤ ਕੇ ਪਾਲਨ ਕੋ ਮਾਲਕ ਕੀਆ
ਸਿੰਘਨ ਪੁਸ਼ਤ ਪਰ ਹੈ ਗੁਰ ਕੀ ਸਹੀ। ਉਨ੍ਹੇ ਦਿਖੀ ਸ਼ਾਹ ਪੰਜਾਬ ਹੂੰ ਕੀ ਖਲਕ।
ਚਲਾ ਚਲ ਪਹੁੰਚੇ ਵਹ ਸਤਲੁਜ ਤਲਕ। ਦਿਖੀ ਸ਼ਾਹ ਪੰਜਾਬ ਹੂੰ ਕੀ ਖਲਕ।
ਆਗੇ ਤੌਰ ਸਿੰਘਨ ਕਾ ਬੜਾ ਚੁਸਤ ਹੈ। ਮਿਲਾ ਮਿਲਕੇ ਕੀਆ ਜੰਗ ਕੋ ਸੁਸਤ ਹੈ।

ਮਹਾਰਾਜਾ ਰਣਜੀਤ ਸਿੰਘ ਹੈ ਨਾਮ। ਰਖੇ ਖ਼ੌਫ ਖਲਕ ਕਾ ਦਿਲ ਮੇਂ ਤਮਾਮ।
ਹੂਈ ਦਿਨ ਬਦਿਨ ਜੀਤ ਸਰਕਾਰ ਕੀ, ਜੁ ਦੁਸ਼ਮਨ ਕਰੇਂ ਸਿਫਤ ਦਰਬਾਰ ਕੀ
ਗ਼ਰੀਬੁਲ ਪ੍ਰਸਤੀ ਗਨੀਮੁਲ ਗੁਦਾਜ਼। ਸਭੀ ਕਾਮ ਮੇਂ ਵੁਹ ਰਹਾ ਚਾਰਾ-ਬਾਜ਼।
ਕੜਾ ਔਰ ਕੰਠਾ ਇਨਾਯਤ ਕੀਏ। ਹੀਰਾ ਔ ਜਵਾਹਰ ਦੁਸ਼ਾਲੇ ਦੀਏ।
ਇਨਾਯਤ ਕਰੋਰੇਂ ਖਜ਼ਾਨੇ ਕੀਏ। ਕਿਤੇ ਗਾਊਂ ਸਿਰ ਕੀ ਖੈਰਾਯਤ ਦੀਏ।
ਸਦਾ ਉਸਕੇ ਦਿਲ ਮੇਂ ਯਹੀ ਚਾਵ ਥਾ। ਅਜਬ ਵੁਹ ਸਖਾਵਤ ਕਾ ਦਰੀਆਵ ਥਾ।
ਰਹੀ ਦੋਸਤੀ ਕੰਪਨੀ ਸੇਂ ਬਨੀ। ਨ ਅਪਨੀ ਔ ਉਨ ਕੀ ਜੁਦਾਈ ਗਨੀ।
ਵੁਹ ਦਾਨਾਵ ਥਾ ਬੀਚ ਫਰਵੇਜ਼ ਸੇ। ਰਖੇ ਥਾ ਮੁਤਾਬਤ ਵੁਹ ਅੰਗ੍ਰੇਜ਼ ਸੇ।
ਗੁਰੂ ਪੁਸ਼ਤ ਉਸ ਕੀ ਪੈ ਮੱਦਤ ਧਰੈ! ਸਭੀ ਲਾਟ ਆ ਕਰ ਮੁਤਾਬਤ ਕਰੈਂ।
ਸਿਰੋਂ ਲਾਹ ਟੋਪੀ ਕੋ ਕਰਤੇ ਸਲਾਮ। ਕਰੇ ਪਾਤਸ਼ਾਹੀ ਮੁਲਕ ਕੀ ਤਮਾਮ।
ਕੀਆ ਲਾਟ ਸਾਹਿਬ ਨੇ ਜੰਗੀ ਤੰਬੂਰ। ਲਗੀ ਫ਼ੌਜ ਲੜਨੇ ਗਈ ਸ਼ਲਕ ਦੂਰ।
ਲਪਟ ਸਿੰਘਨ ਤੋਪਨ ਪਲੀਤੇ ਜੜੇਂ। ਝਪਟ ਆਨ ਗੋਰਾ ਮਤਾਬੀ ਫੜੇਂ।
ਦਗੇਂ ਤੋਪ ਗੋਰਾ ਕੀ ਗੋਲਾ ਫਟੇ। ਅਸਪ ਔ ਜਵਾਂ ਹਰ ਤਰਫ ਕੇ ਕਟੇ।

ਬਹੁਰ ਸਿੰਘ ਤੋਪਨ ਕੇ ਛਰਰਾ ਛੁਟੈਂ। ਕਰੈਂ ਸੈਂਕਰਾ ਅਗਰ ਗੋਰਾ ਉਡੈਂ।
ਅਸਪ ਔ ਗੋਲੰਦਾਜ਼ ਉਡਤੇ ਘਨੇ। ਗਨੇ ਕੌਨ ਗਨਤੀ ਨ ਜਾਤੇ ਗਨੇ।
ਤਬੈ ਲੋਥ ਪਰ ਲੋਥ ਪੜਨੇ ਲਗੀ। ਦੋਊ ਓਰ ਗਡ ਕੇ ਲਰਾਈ ਜਗੀ।
ਜਹਾਂ ਫੌਜ ਸਿੰਘਨ ਕੀ ਦਮ ਭਰ ਅੜੇ। ਤਹਾਂ ਫੌਜ ਗੋਰਨ ਕੀ ਦਮ ਭਰ ਲੜੇ।
ਗਿਰੀ ਗਿਰਦ ਗੋਰਾ ਕੀ ਲੋਥੈਂ ਕਈ। ਕਈ ਰਜਬਨੇ ਪਲਟਨੇ ਕਟ ਗਈ।
ਕਬੀ ਫੌਜ ਗੋਰਾਂ ਕੀ ਜ਼ੋਰਾ ਕਰੈ। ਕਬੀ ਫੌਜ ਸਿੰਘਨ ਕੀ ਆਗੇ ਧਰੈ।
ਉਧਰ ਲਾਟ ਸਾਹਬ ਸ਼ਾਬਾਸ਼ੀ ਕਰੇ। ਇਧਰ ਫੌਜ ਸ਼ਾਹੀ ਬਿਮਾਲਕ ਮਰੇ।
ਉਧਰ ਲਾਟ ਦੇਤਾ ਹੈ ਤਲਬੇਂ ਤਮਾਮ। ਇਧਰ ਸਿੰਘ ਲੜਤੇ ਹੈਂ ਬੇਦਾਮ ਆਮ।
ਜ਼ਿਮੀ ਪਹ ਹੂਆ ਖ਼ੂਨਿ ਦਰਿਆਵ ਹੈ। ਦੋਊ ਓਰ ਲਰਨੇ ਕਾ ਦਿਲ ਚਾਵ ਹੈ।
ਕਹਾਂ ਜੰਗ ਸਿੰਘਨ ਕੀ ਹੋਵੈ ਫਤਾ। ਨ ਸ਼ਾਬਾਸ਼ੀ ਦੇਤਾ ਹੈ ਮਾਲਕ ਰਤਾ।
ਜਬੈ ਜੀਤ ਸਿੰਘਨ ਕੀ ਹੋਨੇ ਲਗੀ। ਤਬੈ ਉਨਕੇ ਮਾਲਕ ਅਗਾਰੀ ਭਗੇ।
ਕਬੀ ਫੌਜ ਗੋਰਾ ਕੀ ਸਿੰਘਨ ਕਟੈ। ਕਬੀ ਸਿੰਘਨ ਕੀ ਫੌਜ ਗੋਰਾ ਕਟੈ।
ਦੂਹੁ ਓਰ ਸੇ ਜੰਗ ਐਸਾ ਕਰੈਂ। ਹੂਏ ਪੁਰਜ਼ੇ ਪੁਰਜ਼ੇ ਨ ਦਮ ਪਰ ਟਰੈਂ।
ਤੋ ਅੰਗ੍ਰੇਜ਼ ਕਾ ਬਾਣ ਚਲਨੇ ਲਗਾ। ਤਬੈ ਫੌਜ ਸਿੰਘਨ ਕੀ ਦਲਨੇ ਲਗਾ।
ਨ ਮਾਨੇ ਕਛੂ ਸਿੰਘ ਅੰਗ੍ਰੇਜ਼ ਕੂੰ। ਬਿਮਾਲਕ ਲੜੈਂ ਫੌਜ ਕਰ ਤੇਜ਼ ਕੂੰ।
ਤਹਾਂ ਫੌਜ ਗੋਰਾ ਬਹੁਤ ਗਲ ਗਈ। ਖਬਰ ਬੀਚ ਲੰਦਨ ਜਲਦ ਕਰ ਗਈ।
ਕਟੀ ਫੌਜ ਸਿੰਘਨ ਕੀ ਗਨਤੀ ਨਹੀਂ। ਮਹਾਰਾਜ ਕੇ ਬਿਨ ਵੂਹ ਬਨਤੀ ਨਹੀਂ।

ਅਟਾਰੀ ਕਾ ਸਰਦਾਰ ਜੰਗੀ ਜਵਾਂ। ਮਹਾਰਾਜ ਕਾ ਥਾ ਮੁਸਾਹਿਬ ਨਿਸ਼ਾਂ।
ਦੇਖਾ ਸ਼ਾਮ ਸਿੰਘ ਬੀਰ ਚਾਰੋਂ ਤਰਫ। ਫਟੀ ਫੌਜ ਜਾਤੀ ਹੈ ਹਰ ਯਕ ਤਰਫ।
ਚੁਤਰਫੈਂ ਨਿਸ਼ਾਂ ਕਰ ਖੜਾ ਹੋ ਗਯਾ। ਨਿਮਕ ਕੀ ਸ਼ਰਤ ਪਰ ਕੜਾ ਹੋ ਗਯਾ।
ਦੋਊ ਬਾਪ ਬੇਟਾ ਜੜੇ ਹੋ ਗਏ! ਕਿਤੇ ਸਾਥ ਉਨ ਕੇ ਖੜੇ ਹੋ ਗਏ।
ਹਕਾਰਾ ਦੀਆ ਖਾਲਸਾ ਕੋ ਤਬੈ। 'ਕਹਾਂ ਜਾਤ ਹੋ ਬੀਰ ਦਰੀਆ ਲਬੈ।'
ਤਬੈ ਸਿੰਘ ਕੇਤੇ ਜਮ੍ਹਾ ਹੋ ਗਏ। ਵੂਹ ਫਾਨੂਸ ਹੀ ਕੀ ਸ਼ਮ੍ਹਾ ਹੋ ਗਏ।
ਲਈ ਸ਼ਾਮ ਸਿੰਘ ਹਾਥ ਸ਼ਮਸ਼ੇਰ ਹੈ। ਜਿਸੈ ਸਿਰ ਪੈ ਲਾਵੇ ਨ ਦਮ ਦੇਰ ਹੈ।
ਚਲੇ ਆਤ ਗੋਰਾ ਅਮਲ ਕੀ ਲਟਕ। ਲਗੈ ਜਿਸ ਕੇ ਤੇਗਾ ਮਰੇ ਸਿਰ ਪਟਕ।
ਕਟਾ ਸੀਸ ਸਿੰਘ ਹਾਥ ਸ਼ਮਸ਼ੇਰ ਹੈ। ਜਿਸੈ ਸਿਰ ਪੈ ਲਾਵੇ ਨ ਦਮ ਦੇਰ ਹੈ।

ਕਟੀ ਫੌਜ ਦੁਸ਼ਮਨ ਨ ਕਰਤਾ ਸਬਰ, ਗਈ ਬੀਚ ਨੰਦਨ ਕੇ ਉਸ ਕੀ ਖਬਰ।
ਕੀਆ ਉਸ ਨੇ ਨੰਦਨ ਕੋ ਖਾਲੀ ਬਿਸ਼ਕ। ਨਹੀਂ ਬਾਤ ਇਸ ਮੇਂ ਰਹੀ ਕੁਛਕੁ ਸ਼ੱਕ।
ਮੂਆ ਹੋ ਬਹਾਦਰ ਜਵਾਂ ਜੰਗ ਮੈਂ। ਮਿਲਾ ਵੁਹ ਸ਼ਹੀਦਨ ਉਸੀ ਰੰਗ ਮੈਂ।
ਹੂਈ ਉਸ ਕੋ ਸ਼ਾਬਾਸ ਚਾਰੋਂ ਤਰਫ। ਨ ਗਿਰਤੇ ਨਿਕਾਰਾ ਹਾ ਹਾ ਕਾ ਹਰਫ।
ਕਿਤੇ ਸਾਹਬ ਜੰਗੀ ਬਹਾਦਰ ਮੂਏ। ਕਿਤੇ ਬੀਰ ਸਰਦਾਰ ਪੁਰਜ਼ੇ ਹੂਏ।

ਕਿਤੇ ਜਲਦ ਕਰ ਬੀਚ ਦਰਿਆ ਵਹੇ। ਕਿਤੇ ਹੋਇ ਪੁਰਜ਼ੇ ਜ਼ਿਮੀ ਪਰ ਰਹੇ।
ਕਿਤੇ ਸਾਥ ਗੋਲਾ ਉਡੇ ਆਸਮਾਂ। ਹੂਈ ਜੰਗ ਹੂੰ ਮੇਂ ਫਤੇ ਸਾਹਿਬਾਂ।
ਨ ਹੋਤੀ ਸੁਸਤੀ ਜੁ ਸਿੰਘ ਤੇਜ ਕੀ। ਰਹੀ ਥੀ ਨ ਬਾਕੀ ਤੋ ਅੰਗੇਜ਼ ਕੀ।
ਨ ਹੋਤਾ ਬਿਮਾਲਕ ਅਗਰ ਖਾਲਸਾ। ਕਹਾਂ ਕੰਪਨੀ ਇਨ ਸੇ ਪਾਤੀ ਫਤ੍ਹਾ।
ਹੁਕਮ ਜੁ ਹੇ ਮਾਲਕ ਕਾ ਹੋਗਾ ਸੋਈ। ਕਰੇਂ ਲਾਖ ਬਾਤੇਂ ਬਨਾ ਕਰ ਕੋਈ।

ਕਹਾ ਵੈਨ ਇਸਟਾਟ ਦੀਜੋ ਬਤਾ, ਸਿੰਘਨ ਹਮਾਰੀ ਸ਼ਿਕਸਤੋ ਫਤਾਹ।
ਕੀਆ ਕਾਨ੍ਹ ਸਿੰਘ ਜੰਗਨਾਮਾ ਤਮਾਮ, ਮੈਂ ਕਰਤਾ ਹੂੰ ਸਭ ਸ਼ਾਇਰੋਂ ਕੋ ਸਲਾਮ।
ਲਿਜੋ ਸ਼ਾਇਰੋ! ਭੂਲ ਮੇਰੀ ਬਖਸ਼, ਮੈਂ ਬੇਇਲਮ ਹੂੰ ਫਾਰਸੀ ਕਾ ਸ਼ਖਸ।
ਅਜਬ ਦੇਸ ਦੁਆਬਾ ਮੇਂ ਬੰਗਾ ਮਕਾਨ, ਕੀਆ ਜੰਗਨਾਮਾ ਉਸੀ ਦਰਮਿਆਨ।

ਨੋਟ – ਇਸ ਜੰਗਨਾਮੇ ਦੇ ਕੁਲ ਸ਼ਿਅਰ ੪੪੪ ਹਨ। ਕੇਵਲ ਵੰਨਗੀ ਵਜੋਂ ਅਸਾਂ ਇਹ ਸ਼ੇਅਰ ਦਿੱਤੇ ਹਨ।

***

ਇਤਿਹਾਸਕ ਪਾਤਰ

ਇਸ ਜੰਗਨਾਮੇ ਵਿਚ ਆਉਣ ਵਾਲੇ ਪਾਤਰਾਂ ਦੀ ਜਾਣਕਾਰੀ ਇਸ ਪ੍ਰਕਾਰ ਹੈ :-

ਊਧਮ ਸਿੰਘ - ਰਾਜਾ ਗੁਲਾਬ ਸਿੰਘ ਦਾ ਜੁਆਨ ਪੁੱਤਰ ਜੋ 5 ਨਵੰਬਰ 1840 ਨੂੰ ਲਾਹੌਰ ਕੰਵਰ ਨੌਨਿਹਾਲ ਸਿੰਘ ਨਾਲ ਰੋਸ਼ਨਾਈ ਦਰਵਾਜ਼ੇ ਦਾ ਛੱਜਾ ਡਿੱਗਣ ਕਾਰਣ ਥਾਂ ਹੀ ਮਰ ਗਿਆ ਸੀ।

ਅਜੀਤ ਸਿੰਘ ਸੰਧਾਵਾਲੀਆ - ਸ. ਵਸਾਵਾ ਸਿੰਘ ਦਾ ਪੁੱਤਰ ਤੇ ਲਹਿਣਾ ਸਿੰਘ ਸੰਧਾਵਾਲੀਏ ਦਾ ਭਤੀਜਾ ਜੋ 16 ਸਤੰਬਰ 1843 ਨੂੰ ਕਿਲੇ ਤੋਂ ਛਾਲ ਮਾਰ ਕੇ ਭੱਜਣ ਲਗਾ ਰਾਜਾ ਹੀਰਾ ਸਿੰਘ ਦੇ ਆਦਮੀਆਂ ਨੇ ਕਤਲ ਕੀਤਾ।

ਅਜੀਤ ਸਿੰਘ ਲਾਡੂਵੇ ਵਾਲਾ - ਇਹ ਸਿਖ ਰਾਜ ਦਾ ਹਮਦਰਦ ਸੀ, ਰਹਿੰਦਾ ਥਾਨੇਸਰ ਲਾਗੇ ਸੀ ਪਰ ਇਸ ਦਾ ਪਰਿਵਾਰ ਅੰਗ੍ਰੇਜ਼ੀ ਸਰਕਾਰ ਨੇ ਬਦੋਵਾਲ ਨਜ਼ਰਬੰਦ ਕੀਤਾ ਹੋਇਆ ਸੀ, ਇਸ ਨੇ ਬਦੋਵਾਲ ਦੇ ਕਿਲੇ ਨੂੰ ਅੱਗ ਲਵਾ ਦਿੱਤੀ ਤੇ ਉਧਰ ਰਣਜੋਧ ਸਿੰਘ ਨੂੰ ਸਨੇਹਾ ਭੇਜਿਆ ਕਿ ਉਹ ਲੁਧਿਆਣੇ ਤੇ ਹਮਲਾ ਕਰੇ।

ਅਬੂਤਵੇਲਾ - ਐਵਿਟੇਬਲ ਨਾਂ ਦਾ ਇਕ ਇਟਾਲਵੀ ਅਫਸਰ ਜੋ ਸ਼ੇਰਿ ਪੰਜਾਬ ਦੀ ਫੌਜ ਵਿਚ ਸੀ, ਇਸ ਨੇ ਸ਼ਾਲਾਮਾਰ ਬਾਗ ਕੋਲ ਕਿਲੇ ਵਾਂਗ ਆਪਣਾ ਘਰ ਬਣਾਇਆ ਹੋਇਆ ਸੀ। ਇਹ ਲੜਾਈ ਤੋਂ ਇਕ ਸਾਲ ਪਹਿਲਾਂ ਨੌਕਰੀ ਛੱਡ ਗਿਆ ਸੀ ਪਰ ਇਸ ਦੇ ਤੋਪਖਾਨੇ ਦਾ ਨਾਂ ਇਸੇ ਦੇ ਨਾਮ ਤੇ ਚਲਦਾ ਸੀ।

ਅਲੀ ਅਕਬਰ - ਕਾਬਲ ਦੇ ਅਮੀਰ ਦੋਸਤ ਮੁਹੰਮਦ ਖਾਂ ਦਾ ਪੁੱਤਰ। ਜਦੋਂ ਅੰਗ੍ਰੇਜ਼ਾਂ ਦੋਸਤ ਮੁਹੰਮਦ ਨੂੰ ਕੈਦ ਕਰਕੇ ਕਲਕੱਤੇ ਘੱਲ ਦਿੱਤਾ ਤੇ ਉਸ ਦੀ ਥਾਂ ਸ਼ਾਹ ਸ਼ੁਜਾ ਨੂੰ ਗੱਦੀ ਬਿਠਾਇਆ ਤਾਂ ਇਸ ਦੇ ਪੁੱਤਰ ਅਲੀ ਅਕਬਰ ਨੇ ਐਸੀ ਵਿਉਂਤ ਤੇ ਦਲੇਰੀ ਦਿਖਾਈ ਕਿ ਅੰਗ੍ਰੇਜ਼ਾਂ ਦੀ 16 ਹਜ਼ਾਰ ਨਫਰੀ ਵਿਚੋਂ ਕੋਈ ਜੀਉਂਦਾ ਨ ਆਉਣ ਦਿਤਾ ਤੇ ਅੰਗ੍ਰੇਜ਼ਾਂ ਨੂੰ ਮਜਬੂਰ ਕਰ ਦਿਤਾ ਕਿ ਉਸ ਦੇ

ਪਿਤਾ ਨੂੰ ਕਾਬਲ ਦੀ ਗੱਦੀ ਸੌਂਪਣ। ਇਹ ਗੱਲ ਇਵੇਂ ਹੀ ਹੋਈ ਤੇ ਇਸ ਨਾਲ ਅਲੀ ਅਕਬਰ ਦੀ ਧੁੰਮ ਮਚ ਗਈ।

ਇਮਾਮ ਸ਼ਾਹ - ਤੋਪਖਾਨੇ ਦਾ ਕਰਨੈਲ ਜਿਸ ਪਾਸ 11 ਤੋਪਾਂ ਸਨ, ਇਹ ਸਭਰਾਉਂ ਦੀ ਜੰਗ ਵਿਚ ਲੜਿਆ ਸੀ।

ਇਲਾਹੀ ਬਖਸ਼ ਪਟੋਲੀ - ਤੋਪਖਾਨੇ ਦਾ ਜਰਨੈਲ, ਜਿਸ ਪਾਸ 30 ਤੋਪਾਂ ਸਨ, ਇਸ ਦਾ ਤੋਪਖਾਨਾ ਡੇਰਾ ਫਰਾਂਸਿਸੀ ਨਾਲ ਸਬੰਧਿਤ ਸੀ।

ਸ਼ਾਮ ਸਿੰਘ ਅਟਾਰੀ - ਅਟਾਰੀ ਦਾ ਬਹਾਦਰ ਸਰਦਾਰ ਜੋ ਵਡੇਰੀ ਉਮਰ ਦੇ ਬਾਵਜੂਦ ਸਿਖ ਸ੍ਵੈਮਾਨ ਲਈ 10 ਫਰਵਰੀ, 1846 ਈ. ਨੂੰ ਸਭਰਾਉਂ ਦੀ ਜੰਗ ਵਿਚ ਜੂਝ ਕੇ ਸ਼ਹੀਦ ਹੋਇਆ ਜਿਸ ਤਰ੍ਹਾਂ ਕਿ ਕਵੀ ਨੇ ਲਿਖਿਆ ਹੈ ਇਹ ਪਹਿਲੀ ਚੜ੍ਹਾਈ ਵਿਚ ਨਹੀਂ ਸੀ। ਨਾਜ਼ਕ ਹਾਲਤ ਸੁਣ ਕੇ ਇਹ 28 ਜਨਵਰੀ ਨੂੰ ਜੰਗੀ ਫੌਜ ਵਿਚ ਆ ਕੇ ਸ਼ਾਮਲ ਹੋਇਆ ਸੀ। ਇਸ ਦੀ ਲੜਕੀ ਕੰਵਰ ਨੌਨਿਹਾਲ ਸਿੰਘ ਨੂੰ ਵਿਆਹੀ ਹੋਈ ਸੀ।

ਸੁਚੇਤ ਸਿੰਘ ਰਾਜਾ - ਰਾਜਾ ਧਿਆਨ ਸਿੰਘ ਦਾ ਛੋਟਾ ਭਾਈ ਜੋ ਨੌਲੱਖਾ ਜਾਂ 'ਡੇਰਾ ਚਾਰ ਯਾਰੀ' ਦਾ ਕਮਾਨ ਅਫਸਰ ਸੀ। ਰਾਜਾ ਹੀਰਾ ਸਿੰਘ ਤੇ ਜੱਲੇ ਪੰਡਤ ਦੀ ਅਤ ਦੇਖਕੇ ਖਾਲਸਾ ਫੌਜ ਦੇ ਪੈਂਚਾਂ ਨੇ ਇਸ ਨੂੰ ਜੰਮੂ ਤੋਂ ਬੁਲਾਇਆ ਤਾਂ ਕਿ ਇਹ ਵਜ਼ੀਰੀ ਦਾ ਅਹੁਦਾ ਸੰਭਾਲੇ। ਪਰ ਇਸ ਦੇ ਭਤੀਜੇ-ਰਾਜਾ ਹੀਰਾ ਸਿੰਘ ਨੂੰ ਇਹ ਗੱਲ ਨਾ ਭਾਈ। ਇਹ ਆਪਣੇ 45 ਸਾਥੀਆਂ ਸਮੇਤ 27 ਮਾਰਚ 1844 ਨੂੰ ਲਾਹੌਰ, ਵੱਡੇ ਮੀਆਂ ਦੀ ਖਾਨਗਾਹ ਵਿਚ ਲੜਦਾ ਮਾਰਿਆ ਗਿਆ।

ਸੁਲਤਾਨ ਮਹਿਮੂਦ - ਇਕ ਤੋਪਖਾਨੇ ਦਾ ਜਰਨੈਲ, ਇਸ ਦਾ ਪਿਤਾ ਗੌਂਸ ਖ਼ਾਂ, ਮ. ਰਣਜੀਤ ਸਿੰਘ ਦੇ ਪਿਤਾ ਸ. ਮਹਾ ਸਿੰਘ ਪਾਸ ਤੋਪਖਾਨੇ ਦਾ ਦਰੋਗਾ ਰਿਹਾ ਸੀ। ਸੁਲਤਾਨ ਮਹਿਮੂਦ ਦਾ ਪੁੱਤਰ ਸੁਲਤਾਨ ਅਹਿਮਦ ਵੀ ਤੋਪਖਾਨੇ ਵਿਚ ਕੁੰਮੇਦਾਨ ਸੀ। ਲੜਾਈ ਸਮੇਂ ਇਹ ਦੋਵੇਂ ਪਿਉ ਪੁੱਤਰ ਭਾਵੇਂ ਹਜ਼ਾਰੇ ਵਲ ਗਏ ਹੋਏ ਸਨ, ਤੋਪਖਾਨੇ ਦਾ ਨਾਂ ਸੁਲਤਾਨ ਮਹਿਮੂਦ ਦੇ ਨਾਂ ਤੇ ਹੀ ਪ੍ਰਚਲਤ ਸੀ।

ਸ਼ੇਰ ਸਿੰਘ ਮਹਾਰਾਜਾ - ਮ. ਰਣਜੀਤ ਸਿੰਘ ਦਾ ਸ਼ਹਿਜਾਦਾ ਜੋ 18 ਜਨਵਰੀ 1841 ਨੂੰ ਗੱਦੀ ਉਤੇ ਬੈਠਾ ਤੇ 15 ਸਤੰਬਰ 1843 ਨੂੰ ਜਿਸ ਦਾ ਅਜੀਤ ਸਿੰਘ ਸੰਧਾਵਾਲੀਏ ਨੇ ਧੋਖੇ ਨਾਲ ਗੋਲੀ ਮਾਰਕੇ ਪਿਛੋਂ ਸਿਰ ਕੱਟ ਲੀਤਾ। ਇਸ ਦੇ

ਪੁੱਤਰ ਕੰਵਰ ਪ੍ਰਤਾਪ ਸਿੰਘ ਨੂੰ ਉਸੇ ਦਿਨ ਲਹਿਣਾ ਸਿੰਘ ਸੰਧਾਵਾਲੀਏ ਨੇ ਕਤਲ ਕੀਤਾ ਸੀ।

ਹੀਰਾ ਸਿੰਘ - ਰਾਜਾ ਧਿਆਨ ਸਿੰਘ ਦਾ ਪੁੱਤਰ ਜੋ ਪਿਤਾ ਦੀ ਮੌਤ ਬਾਦ ਮ. ਦਲੀਪ ਸਿੰਘ ਦਾ ਵਜ਼ੀਰ ਬਣਿਆ। ਇਹ ਲਾਹੌਰੋਂ ਆਪਣੀਆਂ ਕਰਤੂਤਾਂ ਕਰਕੇ 21 ਦਸੰਬਰ 1844 ਨੂੰ ਖਾਲਸਾ ਦਰਬਾਰ ਦਾ ਤਕੜਾ ਮਾਲ ਸਮਾਨ ਲੱਦ ਕੇ ਚੋਰੀ ਜੰਮੂ ਵਲ ਭੱਜਣ ਲੱਗਾ ਸੀ ਪਰ ਖਾਲਸਾ ਫੌਜਾਂ ਨੇ ਘੇਰ ਕੇ ਮਾਰ ਦਿੱਤਾ। ਗੁਲਾਬ ਸਿੰਘ ਦਾ ਪੁੱਤਰ ਮੀਆਂ ਸੋਹਣ ਸਿੰਘ ਵੀ ਇਸੇ ਨਾਲ ਮਾਰਿਆ ਗਿਆ।

ਕੇਸਰੀ ਸਿੰਘ - ਰਾਜਾ ਸੁਚੇਤ ਸਿੰਘ ਦਾ ਇਕ ਸਾਥੀ ਜੋ ਲਾਹੌਰ ਲੜਦਾ ਮਰਿਆ।

ਕੌਰ ਸਾਹਿਬ - ਮ. ਖੜਕ ਸਿੰਘ ਦਾ ਪੁੱਤਰ ਕੰਵਰ ਨੌਨਿਹਾਲ ਸਿੰਘ (ਜਨਮ 1821 ਈ.) ਜੋ 5 ਨਵੰਬਰ 1840 ਨੂੰ ਪਿਤਾ ਦਾ ਸਸਕਾਰ ਕਰਕੇ ਮੁੜ ਰਿਹਾ ਸੀ ਤਾਂ ਦਰਵਾਜੇ ਦਾ ਛੱਜਾ ਡਿਗਣ ਤੇ ਮਾਮੂਲੀ ਜ਼ਖਮੀ ਹੋਇਆ ਤੇ ਜ਼ਖਮੀ ਕੌਰ ਨੂੰ ਹੋਰ ਸੱਟਾਂ ਮਾਰਨ ਦੀ ਸਾਜ਼ਸ਼ ਰਾਜਾ ਧਿਆਨ ਸਿੰਘ ਦੀ ਸੀ।

ਖੜਗ ਸਿੰਘ ਮਹਾਰਾਜਾ - ਮ. ਰਣਜੀਤ ਸਿੰਘ ਦਾ ਵੱਡਾ ਪੁਤਰ ਜੋ ਰਾਜ ਪ੍ਰਬੰਧ ਚਲਾਉਣ ਲਈ ਇਤਨਾ ਯੋਗ ਸਾਬਤ ਨਾ ਹੋਇਆ ਤੇ ਤਖਤ ਤੋਂ ਅਲਹਿਦਾ ਕਰ ਦਿੱਤਾ ਗਿਆ ਸੀ ਤੇ ਇਸੇ ਗ਼ਮ ਵਿਚ 2 ਨਵੰਬਰ 1840 ਨੂੰ ਮਰ ਗਿਆ।

ਗੁਰਮੁਖ ਸਿੰਘ ਗਿਆਨੀ - ਗਿ. ਸੰਤ ਸਿੰਘ ਦਾ ਪੁੱਤਬ ਸ਼ੇਰਿ ਪੰਜਾਬ ਦਾ ਗੁੱਥੀ ਜੋ ਰਾਜਾ ਧਿਆਨ ਸਿੰਘ ਦੀਆਂ ਕਰਤੂਤਾਂ ਨੂੰ ਪਸੰਦ ਨਹੀਂ ਸੀ ਕਰਦਾ। ਇਸੇ ਨੇ ਸੰਧਵਾਲੀਆਂ ਨੂੰ ਪਰੇਰ ਕੇ ਧਿਆਨ ਸਿੰਘ ਨੂੰ ਮਰਵਾਇਆ ਤੇ ਪਿਛੋਂ ਧਿਆਨੇ ਦੇ ਪੁਤਰ ਹੀਰਾ ਸਿੰਘ ਨੇ ਦੂਜੇ ਦਿਨ ਇਸ ਨੂੰ ਮਰਵਾ ਦਿੱਤਾ।

ਗੁਲਾਬ ਸਿੰਘ - ਰਾਜਾ ਧਿਆਨ ਸਿੰਘ ਦਾ ਵੱਡਾ ਭਾਈ ਜੋ ਬਹੁਤ ਚਾਲਾਕ ਤੇ ਸ਼ਾਜਸ਼ੀ ਸੀ। ਇਹ ਮ. ਸ਼ੇਰ ਸਿੰਘ ਦੇ ਲਾਹੌਰ-ਪਰਵੇਸ਼ ਸਮੇਂ ਕਰੋੜਾਂ ਰੁਪਈਆਂ ਦਾ ਮਾਲ ਗੱਡਿਆਂ ਵਿਚ ਲੱਦ ਦੇ ਜੰਮੂ ਲੈ ਗਿਆ ਸੀ। ਪਿਛੋਂ ਸਿੱਖ ਫੌਜ ਜੰਮੂ ਤੋਂ ਇਸ ਨੂੰ ਫੜ ਕੇ ਲਿਆਈ ਤੇ 68 ਲੱਖ ਰੁਪਈਆ ਇਸ ਦੇ ਸਿਰ ਪਾਇਆ। ਅੰਗ੍ਰੇਜ਼ਾਂ ਨਾਲ ਸਾਜ਼-ਬਾਜ਼ ਕਰਕੇ ਇਸ ਨੇ ਸਿਖ ਰਾਜ ਤੇ ਸਿਖ ਫੌਜ ਨੂੰ ਤਬਾਹ ਕਰਵਾਇਆ ਤੇ ਇਸ ਗੱਦਾਰੀ ਬਦਲੇ ਜੰਮੂ ਸਟੇਟ ਲੀਤੀ। 28 ਜਨਵਰੀ 1846

ਨੂੰ ਲਾਹੌਰ ਦਰਬਾਰ ਦਾ ਵਜ਼ੀਰ ਬਣਿਆ। 1857 ਈ., ਦੇਹਾਂਤ। ਹੈਨਰੀ ਹੈਵਲਾਕ ਨੇ ਲਿਖਿਆ ਹੈ, 'ਏਸ਼ਿਆਈ ਸ਼ਾਜ਼ਸ਼ਾਂ' ਤੇ ਮੱਕਾਰੀਆਂ ਦੀ ਜੇ ਸਾਮਰਤੱਖ ਮੂਰਤ ਤਿਆਰ ਕਰਨੀ ਹੋਵੇ ਤਾਂ ਚਿਤ੍ਰਕਾਰ ਨੂੰ ਕਲਪਿਤ ਢਾਂਚੇ ਦੀ ਲੋੜ ਨਹੀਂ, ਉਹ ਰਾਓ ਗੁਲਾਬ ਸਿੰਘ ਦਾ ਚਿਤ੍ਰ ਖਿਚ ਲਵੇ. ਇਹੋ ਕਾਫੀ ਹੈ।'

ਘਸੀਟਾ - ਮਹਰਾ ਘਸੀਟਾ, ਅਜੀਤ ਸਿੰਘ ਸੰਧਾਵਾਲੀਏ ਦਾ ਇਤਬਾਰੀ ਕਾਰਦਾਰ ਸੀ ਜੋ ਰਾਜਾ ਹੀਰਾ ਸਿੰਘ ਨੇ 16 ਸਤੰਬਰ 1843 ਨੂੰ ਮਰਵਾ ਦਿੱਤਾ ਸੀ।

ਚੇਤ ਸਿੰਘ - ਇਹ ਬਾਜਵਾ ਸਰਦਾਰ ਮ. ਖੜਕ ਸਿੰਘ ਦਾ ਵਿਸ਼ਵਾਸ-ਪਾਤਰ ਅਹਿਲਕਾਰ ਸੀ। ਜਿਸ ਨੂੰ 8 ਅਕਤੂਬਰ 1839 ਨੂੰ ਡੋਗਰਿਆਂ ਨੇ ਮਹਾਰਾਜ ਦੇ ਸਾਹਮਣੇ ਕਤਲ ਕੀਤਾ। ਖੁਦ ਮਾਰਨ ਵਾਲਾ ਗੁਲਾਬ ਸਿੰਘ ਸੀ।

ਚੰਦ ਕੌਰ ਰਾਣੀ - ਸ. ਜੈਮਲ ਸਿੰਘ ਕਨ੍ਹਈਆ ਦੀ ਸਪੁੱਤਰੀ, ਮ: ਖੜਕ ਸਿੰਘ ਦੀ ਮਹਾਰਾਣੀ ਤੇ ਕੰਵਰ ਨੌਨਿਹਾਲ ਸਿੰਘ ਦੀ ਮਾਤਾ, ਜਿਸਨੂੰ ਮ. ਸ਼ੇਰ ਸਿੰਘ ਨੇ ਰਾਜਾ ਧਿਆਨ ਸਿੰਘ ਰਾਹੀਂ ਗੋਂਦ ਗੁੰਦ ਕੇ ਗੋਲੀਆਂ ਹੱਥੋਂ ਮਰਵਾਇਆ।

ਜੱਲ੍ਹਾ - ਡੋਗਰਿਆਂ ਦਾ ਹਮੈਤੀ ਕਸ਼ਮੀਰੀ ਕੌਲ ਮਿਸਰ, ਜੋ ਬੜਾ ਅਹੰਕਾਰੀ ਸੀ. ਰਾਜਾ ਹੀਰਾ ਸਿੰਘ ਨੇ ਇਸ ਨੂੰ ਕਈ ਅਖਤਿਆਰ ਦੇ ਰੱਖੇ ਸਨ। ਅਖੀਰ ਇਸ ਨੂੰ ਖਾਲਸਾ ਫੌਜ ਨੇ 21 ਦਸੰਬਰ 1844 ਨੂੰ ਮਾਰ ਦਿੱਤਾ।

ਜਵਾਹਰ ਸਿੰਘ - ਰਾਣੀ ਜਿੰਦਾਂ ਦਾ ਭਾਈ ਜੋ ਰਾਜਾ ਹੀਰਾ ਸਿੰਘ ਤੋਂ ਪਿਛੋਂ ਵਜ਼ੀਰ ਬਣਿਆ। ਇਹ ਸਾਧਾਰਣ ਪੇਂਡੂ ਸੀ, ਰਾਜਨੀਤੀ ਦੀ ਸੋਝੀ ਨਹੀਂ ਸੀ ਰਖਦਾ। ਇਸਨੇ ਸਾਜ਼ਸ਼ ਕਰਕੇ ਕੌਰ ਪਿਸ਼ੌਰਾ ਸਿੰਘ ਨੂੰ ਅਟਕ ਦੇ ਕਿਲ੍ਹੇ ਵਿਚ ਮਰਵਾ ਦਿੱਤਾ ਤੇ ਮੂਰਖਤਾ ਕਰਕੇ ਲਾਹੌਰ ਕਿਲੇ ਤੇ ਮਹਿਲਾਂ ਵਿਚ ਦੀਪਮਾਲਾ ਕਰਵਾਈ। ਇਸ ਤੇ ਖਾਲਸਾ ਫੌਜ ਰੋਹ ਵਿਚ ਆ ਗਈ ਤੇ ਇਸ ਨੂੰ 21 ਸਤੰਬਰ 1845 ਨੂੰ ਪ੍ਰਿਥੀ ਸਿੰਘ ਡੋਗਰੇ ਨੇ ਪੇਟ ਵਿਚ ਸੰਗੀਨ ਖੋਭ ਕੇ ਮਾਰ ਦਿੱਤਾ।

ਜਿੰਦਾਂ ਰਾਣੀ - ਸ. ਮੰਨਾ ਸਿੰਘ ਔਲਖ ਦੀ ਸਪੁੱਤਰੀ ਤੇ ਮ. ਰਣਜੀਤ ਸਿੰਘ ਦੀ ਸਭ ਤੋਂ ਛੋਟੀ ਰਾਣੀ ਤੇ ਮ. ਦਲੀਪ ਸਿੰਘ ਦੀ ਮਾਤਾ, ਜੋ ਆਪਣੇ ਭਾਈ ਜਵਾਹਰ ਸਿੰਘ ਦੀ ਮੌਤ ਤੋਂ ਬਾਦ ਕੁਝ ਚਿਰ ਰਾਜ-ਕਾਜ ਚਲਾਉਂਦੀ ਰਹੀ। ਡੋਗਰਿਆਂ ਖੁਦ ਸਾਜ਼ਸ਼ਾਂ ਕਰਕੇ ਅਖੀਰ ਸਾਰੀ ਗੱਲ ਜਿੰਦਾਂ ਸਿਰ ਲਾਈ ਕਿ ਇਸੇ ਨੇ ਅੰਗਰੇਜ਼ੀ ਫੌਜ ਨੂੰ ਬੁਲਾਵਾ ਦਿੱਤਾ ਤੇ ਇਹੋ ਖਾਲਸਾ ਫੌਜ ਦੀ ਤਬਾਹੀ

ਲਈ ਜਿੰਮੇਵਾਰ ਹੈ। ਪ੍ਰਾਪੇਗੰਡੇ ਕਾਰਣ ਕਵੀ ਨੇ ਇਹੋ ਮੰਨ ਲਿਆ ਜਦੋਂ ਕਿ ਇਹ ਇਤਿਹਾਸਕ ਹਕੀਕਤ ਨਹੀਂ ਸੀ। ਪਿਛੋਂ ਅੰਗਰੇਜ਼ਾਂ ਇਸ ਨੂੰ ਪੁੱਤਰ ਨਾਲੋਂ ਵੱਖ ਕਰ ਸ਼ੇਖੂਪੁਰੇ ਤੇ ਚਨਾਰ ਦੇ ਕਿਲੇ ਵਿਚ ਨਜ਼ਰਬੰਦ ਰਖਿਆ, ਉਥੋਂ ਇਹ ਦੌੜ ਕ ਨਿਪਾਲ ਚਲੀ ਗਈ। ਫਿਰ ਵਲੈਤ ਪੁੱਤਰ ਪਾਸ ਰਹੀ। ਦੇਹਾਂਤ 1 ਅਗਸਤ 1863 ਨੂੰ ਲੰਡਨ ਹੋਇਆ।

ਟੁੰਡਾ ਲਾਟ - ਲਾਰਡ ਹੈਨਰੀ ਹਾਰਡਿੰਗ ਗਵਰਨਰ ਜਨਰਲ ਬਣਨ ਤੋਂ ਪਹਿਲਾਂ ਨਿਪੋਲੀਅਨ ਦੀਆਂ ਫੌਜਾ ਨਾਲ ਲੜਿਆ ਸੀ ਤੇ ਉਥੇ ਇਸਦੀ ਖੱਬੀ ਬਾਂਹ ਜ਼ਖਮੀ ਹੋ ਗਈ ਸੀ। ਇਸ ਕਰਕੇ ਫੌਜੀ ਉਸ ਨੂੰ 'ਟੁੰਡਾ ਲਾਟ' ਕਹਿਕੇ ਯਾਦ ਕਰਦੇ ਸਨ। ਇਹ 1844 ਵਿਚ ਗਵਰਨਰ ਜਨਰਲ ਬਣ ਕੇ ਹਿੰਦ ਆਇਆ ਤੇ ਇਸੇ ਦੀ ਅਗਵਾਈ ਹੇਠ ਅੰਗਰੇਜ਼ੀ ਫੌਜ ਪਹਿਲੀ ਵਾਰੀ 18 ਫਰਵਰੀ 1846 ਨੂੰ ਲਾਹੌਰ ਦਾਖਲ ਹੋਈ ਸੀ।

ਤੇਜ ਸਿੰਘ - ਇਹ ਪਿੰਡ ਏਕੜੀ ਜ਼ਿਲਾ ਮੇਰਠ ਦੇ ਨਿਧੇ ਮਿਸਰ ਦਾ ਪੁੱਤਰ ਸੀ ਤੇ ਜਮਾਦਾਰ ਖੁਸ਼ਾਲ ਸਿੰਘ ਦਾ ਭਤੀਜਾ। ਜਮਾਦਾਰ ਹੀ ਇਸ ਨੂੰ ਲਾਹੌਰ ਲੈ ਕੇ ਆਇਆ ਸੀ। ਹੌਲੀ ਹੌਲੀ ਤਰੱਕੀ ਕਰਦਾ ਇਹ ਸਤੰਬਰ 1845 ਵਿਚ ਖਾਲਸਾ ਫੌਜ ਦਾ ਕਮਾਂਡਰ ਬਣਿਆ। ਅੰਗਰੇਜ਼ਾਂ ਨਾਲ ਗੰਢ-ਤੁੱਪ ਕਰਕੇ ਇਸ ਸਿਖ ਫੌਜ ਦੀ ਤਬਾਹੀ ਲਈ ਹਰ ਕਮੀਨੀ ਹਰਕਤ ਕੀਤੀ। ਆਪਣੇ ਮੁਨਸ਼ੀ ਸ਼ੰਮਸੁਦੀਨ ਰਾਹੀਂ ਅੰਗਰੇਜ਼ਾਂ ਨੂੰ ਫਿਰੋਜ਼ਪੁਰ ਸਿਖ ਫੌਜਾਂ ਦੇ ਭੇਤ ਦਿੰਦਾ ਰਿਹਾ। ਅਖੀਰ ਸਭਰਾਉਂ ਦੀ ਮਘਦੀ ਜੰਗ ਸਮੇਂ ਦੇਸ-ਧਰੋਹੀ ਪੂਰਬੀਆ, ਬੇੜੀਆਂ ਦਾ ਪੁਲ ਤੋੜ ਕੇ ਆਇਆ। ਪਿਛੋਂ ਇਹ ਰਾਜਾ ਗੁਲਾਬ ਸਿੰਘ ਦੀ ਰੀਸੇ 20-25 ਲੱਖ ਰੁਪਈਆ ਦੇ ਕੇ ਅੰਗਰੇਜ਼ ਤੋਂ ਛੋਟੀ ਮੋਟੀ ਸੁਤੰਤਰ ਸਟੇਟ ਲੈਣਾ ਚਾਹੁੰਦਾ ਸੀ। ਪਰ ਸਫਲ ਨਾ ਹੋ ਸਕਿਆ। 1862 ਦੇਹਾਂਤ।

ਦਲੀਪ ਸਿੰਘ ਮਹਾਰਾਜਾ - ਮ. ਰਣਜੀਤ ਸਿੰਘ ਤੇ ਰਾਣੀ ਜਿੰਦਾ ਦਾ ਪੁੱਤਰ (ਜਨਮ 7 ਸਤੰਬਰ 1838) ਜਿਸ ਨੂੰ 6 ਵਰ੍ਹੇ ਦੀ ਉਮਰ ਵਿਚ ਲਹਿਣਾ ਸਿੰਘ ਸੰਧਾਵਾਲੀਏ ਨੇ ਰਾਜ-ਗੱਦੀ ਉਤੇ ਬਿਠਾਇਆ। 1849 ਵਿਚ ਅੰਗਰੇਜ਼ਾਂ ਗੱਦੀਓਂ ਲਾਹ ਕੇ ਫਤਹਿਗੜ੍ਹ (ਯੂ.ਪੀ.) ਤੇ ਫਿਰ ਵਲੈਤ ਭੇਜ ਦਿੱਤਾ। ਇਸ ਦਾ ਦੇਹਾਂਤ ਪੈਰਿਸ ਦੇ ਹੋਟਲ ਵਿਚ 22 ਅਕਤੂਬਰ 1893 ਨੂੰ ਹੋਇਆ।

ਧਿਆਨ ਸਿੰਘ - ਗੁਲਾਬ ਸਿੰਘ, ਧਿਆਨ ਸਿੰਘ, ਸੁਚੇਤ ਸਿੰਘ - ਤਿੰਨ ਡੋਗਰੇ

ਭਾਈ ਜੰਮੂ ਲਾਗੇ ਅਸਮਹਲ ਪੁਰ ਦੇ ਵਸਨੀਕ, ਕੇਸਰੀ ਡੋਗਰੇ ਦੇ ਪੁੱਤਰ ਸਨ। ਇਨ੍ਹਾਂ ਲਾਹੌਰ ਦਰਬਾਰ ਵਿਚ ਮੁਲਾਜ਼ਮ ਹੋ ਕੇ ਮਿਹਨਤ ਤੇ ਹੁਸ਼ਿਆਰੀ ਨਾਲ ਚੰਗੇ ਅਹੁਦੇ ਪ੍ਰਾਪਤ ਕੀਤੇ। ਧਿਆਨ ਸਿੰਘ ਵਧੇਰੇ ਚਤੁਰ ਸੀ, ਜੋ ਸ਼ੇਰਿ ਪੰਜਾਬ ਦਾ ਵਜ਼ੀਰਆਜ਼ਮ ਰਿਹਾ। ਇਸੇ ਦਾ ਪੁੱਤਰ ਰਾਜਾ ਹੀਰਾ ਸਿੰਘ ਸੀ। ਧਿਆਨ ਸਿੰਘ ਨੂੰ ਇਹ ਭੁਲੇਖਾ ਲਗਾ ਕਿ ਜੇਕਰ ਮੈਂ ਮ. ਰਣਜੀਤ ਸਿੰਘ ਦੇ ਸਾਰੇ ਸ਼ਹਿਜ਼ਾਦੇ ਜਿਵੇਂ ਕਿਵੇਂ ਮਰਵਾ ਦਿਆਂ ਤਾਂ ਲਾਹੌਰ ਦੇ ਤਖਤ ਉਤੇ ਆਪਣੇ ਪੁੱਤਰ ਹੀਰਾ ਸਿੰਘ ਨੂੰ ਬਿਠਾ ਸਕਦਾ ਹਾਂ। ਇਸ ਮਨੋਰਥ ਲਈ ਇਸ ਨੇ ਸਾਰੀਆਂ ਚਾਲਾਂ ਚਲੀਆਂ। ਅਖੀਰ ਸੰਧਾਂਵਾਲੀਆਂ ਹੱਥੋਂ ਲਾਹੌਰ 15 ਸਤੰਬਰ 1843 ਨੂੰ ਕਿਲੇ ਵਿਚ ਮਾਰਿਆ ਗਿਆ।

ਪਰਤਾਪ ਸਿੰਘ ਕੰਵਰ - ਮ. ਸ਼ੇਰ ਸਿੰਘ ਦਾ ਪੁੱਤਰ ਜਿਸਨੂੰ ਪਿਤਾ ਨਾਲ 15 ਸਤੰਬਰ 1843 ਨੂੰ ਸ. ਲਹਿਣਾ ਸਿੰਘ ਨੇ ਤਲਵਾਰ ਦੇ ਘਾਟ ਉਤਾਰਿਆ।

ਪਿਸ਼ੌਰਾ ਸਿੰਘ ਕੰਵਰ - ਮ. ਰਣਜੀਤ ਸਿੰਘ ਦਾ ਪੁਤਰ। ਇਸ ਨੂੰ ਜਵਾਹਰ ਸਿੰਘ ਨੇ ਸਾਜ਼ਸ਼ ਕਰਕੇ ਅਟਕ ਦੇ ਕਿਲੇ ਵਿਚ ਮਰਵਾ ਦਿੱਤਾ ਸੀ।

ਪਹਾੜਾ ਸਿੰਘ - ਫਰੀਦਕੋਟ ਦਾ ਰਈਸ ਜੋ ਖਾਲਸਾ ਦਰਬਾਰ ਦਾ ਵਿਰੋਧੀ ਤੇ ਅੰਗਰੇਜ਼ਾਂ ਦਾ ਤਰਫਦਾਰ ਸੀ। ਇਸਦੇ ਆਦਮੀਆਂ-ਘੁਮੰਡ ਸਿੰਘ ਤੇ ਮੀਹਾਂ ਸਿੰਘ ਆਦਿ ਨੇ ਫੇਰੂ ਸ਼ਹਿਰ ਦੀ ਜੰਗ ਸਮੇਂ ਅੰਗਰੇਜ਼ਾਂ ਨੂੰ ਕਈ ਭੇਤ ਦੇ ਕੇ ਖਾਲਸਾ ਫੌਜ ਨੂੰ ਨੁਕਸਾਨ ਪਹੁੰਚਾਇਆ।

ਬੀਰ ਸਿੰਘ ਭਾਈ - ਇਹ ਪਿੰਡ ਗੱਗੋਬੂਹਾ ਦੇ ਜੰਮਪਲ ਤੇ ਨੌਰੰਗਾਬਾਦ ਜ਼ਿਲਾ ਅੰਮ੍ਰਿਤਸਰ ਦੇ ਵਸਨੀਕ ਇਕ ਜਪੀ ਤਪੀ ਮਹਾਂਪੁਰਸ਼ ਸਨ ਜੋ ਡੋਗਰਿਆਂ ਦੀਆਂ ਕਾਲੀਆਂ ਕਰਤੂਤਾਂ ਨੂੰ ਨਫਰਤ ਦੀ ਨਿਗ੍ਹਾ ਨਾਲ ਦੇਖਦੇ ਸਨ। ਇਨ੍ਹਾਂ ਪਾਸ ਡੇਢ ਕੁ ਹਜ਼ਾਰ ਫੌਜ ਵੀ ਸੀ। ਅਤਰ ਸਿੰਘ ਸੰਧਾਂਵਾਲੀਆਂ ਤੇ ਕੰਵਰ ਕਸ਼ਮੀਰਾ ਸਿੰਘ ਇਨ੍ਹਾਂ ਦੀ ਸ਼ਰਨ ਆ ਗਏ। ਰਾਜਾ ਹੀਰਾ ਸਿੰਘ ਨੇ ਫੌਜ ਚਾੜ੍ਹ ਦਿੱਤੀ, ਜਿਸ ਵਿਚ ਉਕਤ ਸਰਦਾਰ ਤੇ ਬਾਬਾ ਬੀਰ ਸਿੰਘ ਜੀ ਤੋਪਾਂ ਦੇ ਗੋਲਿਆਂ ਦਾ ਸ਼ਿਕਾਰ ਹੋ ਕੇ ਮਾਰੇ ਗਏ। (ਕੁਝ ਲੇਖਕਾਂ ਇਨ੍ਹਾਂ ਦੇ ਡੇਰੇ ਦਾ ਨਾਮ ਔਰੰਗਾਬਾਦ ਲਿਖਿਆ ਹੈ ਜੋ ਭੁਲ ਹੈ। ਦਰਅਸਲ ਪਿੰਡ ਦਾ ਨਾਮ ਨੌਰੰਗਾਬਾਦ ਹੈ ਜੋ ਕਿ ਤਰਨ ਤਾਰਨ ਤੋਂ 4 ਕੁ ਮੀਲ ਦੱਖਣ ਪੂਰਬ ਵਲ ਹੈ।)

ਭੀਮ ਸਿੰਘ ਦੀਵਾਨ - ਰਾਜਾ ਸੁਚੇਤ ਸਿੰਘ ਦਾ ਸਾਥੀ ਜੋ ਲਾਹੌਰ ਜੂਝਦਾ ਮਰਿਆ।

ਮਜ਼ਹਰ ਅਲੀ ਖ਼ਾਂ - ਇਕ ਤੋਪਖਾਨੇ ਦਾ ਕੁਮੇਦਾਨ ਜਿਸ ਦੇ ਅਧੀਨ 7 ਤੋਪਾਂ ਸਨ।
ਮਾਖੇ ਖ਼ਾਂ - ਇਹ ਛੋਟੇ ਤੋਪਖਾਨੇ (ਜ਼ਬੂਰਖਾਨੇ) ਦਾ ਕੁਮੇਦਾਨ ਸੀ ਜੋ ਪਹਿਲਾਂ ਫੇਰੂ ਸ਼ਹਿਰ ਦੀ ਲੜਾਈ ਵਿਚ ਗੁਲਾਬ ਸਿੰਘ ਦਾ ਹੱਥਠੋਕਾ ਹੋਣ ਕਰ ਕੇ ਮਨ ਲਾ ਕੇ ਨਹੀਂ ਸੀ ਲੜਿਆ। ਹਾਲਤ ਬਦਲਣ ਕਾਰਨ ਸਭਰਾਉਂ ਵਿਚ ਇਸਨੇ ਚੰਗੇ ਜੌਹਰ ਵਿਖਾਏ ਤੇ ਪ੍ਰਾਣ ਨਿਛਾਵਰ ਕੀਤੇ।
ਮੁਹਕਮਦੀਨ - ਕਿਤੇ ਕਿਤੇ ਇਹ ਨਾਂ 'ਮੌਜ਼ਮਦੀਨ' ਲਿਖਿਆ ਮਿਲਦਾ ਹੈ। ਪ੍ਰੋ. ਸੀਤਾ ਰਾਮ ਕੋਹਲੀ ਦੇ ਅਨੁਮਾਨ ਅਨੁਸਾਰ ਇਹ ਜਗਰਾਉਂ ਦੇ ਮੁਨਸ਼ੀ ਰੱਜਬ ਅਲੀ ਦਾ ਕੋਈ ਰਿਸ਼ਤੇਦਾਰ ਸੀ।
ਮੇਵਾ ਸਿੰਘ - ਜਰਨੈਲ ਮੇਵਾ ਸਿੰਘ ਮਜੀਠੀਆ ਅਧੀਨ ਚਾਰ ਹਜ਼ਾਰ ਫੌਜ ਤੇ 14 ਤੋਪਾਂ ਸਨ। ਇਹ ਫੌਜੀ ਪੰਚੈਤ ਦਾ ਮੋਹਰੀ ਆਗੂ ਸੀ। ਰਾਜਾ ਗੁਲਾਬ ਸਿੰਘ ਦੇ ਧੜੇ ਨਾਲ ਸਬੰਧਿਤ ਹੋਣ ਕਰਕੇ ਇਹ ਪਹਿਲਾਂ ਵਿੰਗ-ਟੇਢ ਕਰਕੇ ਮੈਦਾਨੋਂ ਟਿਭਣਾ ਚਾਹੁੰਦਾ ਸੀ ਪਰ ਫਿਰ ਸਿੰਘਾਂ ਦਾ ਰੁਕ ਦੇਖਕੇ ਸਭਰਾਉਂ ਦੀ ਜੰਗ ਵਿਚ ਜੋਧਿਆਂ ਵਾਂਡ ਲੜ ਕੇ ਸ਼ਹੀਦ ਹੋਇਆ। ਕਵੀ ਲਿਖਦਾ ਹੈ -
'ਮੇਵਾ ਸਿੰਘ ਤੇ ਮਾਖੇ ਖਾਂ ਹੋਏ ਸਿਧੇ।'
ਸਿਧੇ ਦਾ ਭਾਵ ਕੁਟਿਲਤਾ ਤੇ ਦੁਚਿਤੀ ਤਿਆਗਣਾ ਹੈ।
ਰਣਜੀਤ ਸਿੰਘ ਮਹਾਰਾਜਾ - ਸ਼ੇਰਿ ਪੰਜਾਬ ਮ. ਰਣਜੀਤ ਸਿੰਘ ਦਾ ਜਨਮ 13 ਨਵੰਬਰ 1780 ਈ. ਨੂੰ ਹੋਇਆ ਤੇ ਦੇਹਾਂਤ 27 ਜੂਨ 1839 ਨੂੰ। ਸਿੱਖ ਰਾਜ ਸਮੇਂ ਇਨ੍ਹਾਂ ਨੂੰ 'ਸਰਕਾਰ' ਕਹਿ ਕੇ ਯਾਦ ਕੀਤਾ ਜਾਂਦਾ ਸੀ। ਕਵੀ ਨੇ ਇਹ ਸੰਕੇਤ ਕਈ ਵਾਰ ਵਰਤਿਆ ਹੈ।
ਰਣਜੋਧ ਸਿੰਘ - ਇਹ ਲਹਿਣਾ ਸਿੰਘ ਮਜੀਠੀਏ ਦਾ ਛੋਟਾ ਪੁੱਤਰ ਤੇ ਫਿਲੌਰ ਦੇ ਕਿਲ੍ਹੇ ਦਾ ਹਾਕਮ ਸੀ। ਜਦੋਂ ਫਿਰੋਜ਼ਪੁਰ ਵਲ ਸਿੰਘਾਂ ਤੇ ਫਿਰੰਗੀਆਂ ਦੀ ਟੱਕਰ ਦਾ ਇਸਨੂੰ ਪਤਾ ਲਗਾ ਤਾਂ ਇਹ ਲੁਧਿਆਣੇ ਵਲ ਨੂੰ ਵਧਿਆ ਪਰ ਇਸਦੀ ਡੋਗਰਾ ਰਾਜਪੂਤ ਸੈਨਾ ਭੱਜ ਗਈ ਜਿਸ ਕਰਕੇ ਇਹ ਵੀ ਘਬਰਾ ਕੇ ਪਾਸੇ ਖਿਸਕ ਗਿਆ।
ਲਹਿਣਾ ਸਿੰਘ ਸੰਧਾਂਵਾਲੀਆ - ਸੰਧਾਵਾਲੀਏ ਮ. ਰਣਜੀਤ ਸਿੰਘ ਦਾ ਭਾਈਚਾਰਾ ਸੀ। ਇਨ੍ਹਾਂ ਦਾ ਵਡੇਰਾ ਭਾ. ਬੁੱਢਾ ਸਿੰਘ ਜਿਸ ਦੇ ਦੋ ਪੁਤਰ ਸਨ - ਨੌਧ ਸਿੰਘ ਤੇ ਚੰਦਾ ਸਿੰਘ। ਨੌਧ ਸਿੰਘ ਦਾ ਚੜ੍ਹਤ ਸਿੰਘ, ਚੜ੍ਹਤ ਸਿੰਘ ਦਾ

ਮਹਾਂ ਸਿੰਘ, ਮਹਾਂ ਸਿੰਘ ਦਾ ਰਣਜੀਤ ਸਿੰਘ। ਚੰਦਾ ਸਿੰਘ ਦਾ ਪੁੱਤਰ ਦੀਦਾਰ ਸਿੰਘ, ਦੀਦਾਰ ਸਿੰਘ ਦਾ ਅਮੀਰ ਸਿੰਘ, ਅਮੀਰ ਸਿੰਘ ਦੇ ਪੁੱਤਰ ਸਨ - ਬੁਧ ਸਿੰਘ, ਅਤਰ ਸਿੰਘ ਤੇ ਲਹਿਣਾ ਸਿੰਘ। ਲਹਿਣਾ ਸਿੰਘ ਡੋਗਰਿਆਂ ਦਾ ਅਤਿ ਵਿਰੋਧੀ ਸੀ। ਇਹ ਧਿਆਨ ਸਿੰਘ ਦੀਆਂ ਚਾਲਾਂ ਵਿਚ ਆ ਕੇ ਮ. ਸ਼ੇਰ ਸਿੰਘ ਤੇ ਕੰਵਰ ਪ੍ਰਤਾਪ ਸਿੰਘ ਦਾ ਘਾਤਕ ਬਣਿਆ ਤੇ ਦੂਜੇ ਦਿਨ 16 ਸਤੰਬਰ 1843 ਨੂੰ ਆਪ ਵੀ ਰਾਜਾ ਹੀਰਾ ਸਿੰਘ ਦੇ ਆਦਮੀਆਂ ਹਥੋਂ ਮਾਰਿਆ ਗਿਆ।

ਲਾਲ ਸਿੰਘ - ਰੁਹਤਾਸ ਲਾਗੇ ਪਿੰਡ ਸੰਘੋਈ ਜ਼ਿਲਾ ਜਿਹਲਮ ਦੇ ਵਸਨੀਕ ਮਿਸਰ ਜੱਸੋ ਦਾ ਪੁੱਤਰ ਸੀ। ਜਵਾਹਰ ਸਿੰਘ ਦੇ ਕਤਲ ਪਿਛੋਂ ਇਹ ਵਜ਼ੀਰ ਬਣਿਆ। ਇਸ ਨੇ ਅੰਗਰੇਜ਼ਾਂ ਨਾਲ ਰਲ ਕੇ ਸਿੱਖ ਰਾਜ ਨੂੰ ਤਬਾਹ ਕਰਨ ਲਈ ਹਰ ਕਮੀਨੀ ਹਰਕਤ ਕੀਤੀ। ਇਹ ਸਮਾਂ ਬੜਾ ਮੰਦ-ਭਾਗਾ ਸੀ ਜਦ ਫੌਜ ਦਾ ਸੈਨਾਪਤਿ ਪੂਰਬੀਆ ਤੇਜ ਸਿੰਘ ਤੇ ਵਜ਼ੀਰ ਆਜ਼ਮ ਨੀਚ ਲਾਲ ਸਿੰਘ ਬਣੇ। ਇਹ ਦੋਵੇਂ ਰਾਜਾ ਗੁਲਾਬ ਸਿੰਘ ਦੇ ਇਸ਼ਾਰਿਆਂ ਤੇ ਚਲਦੇ ਸਨ ਤੇ ਲਾਲ ਸਿੰਘ ਲੋਭ-ਵਸ ਅੰਗਰੇਜ਼ਾਂ ਦੀ ਕਠਪੁਤਲੀ ਬਣ ਚੁਕਾ ਸੀ। ਗੁਲਾਬ ਸਿੰਘ ਨੇ ਤਾਂ ਜੰਮੂ ਸਟੇਟ ਲੈ ਲਈ, ਲਾਲ ਸਿੰਘ ਦਾ ਕੁਝ ਨਾ ਬਣਿਆ। ਇਸ ਨੇ ਲਾਹੌਰ ਦਰਬਾਰ ਵਲੋਂ ਇਮਾਮੁਦੀਨ ਹਾਕਮ ਜੰਮੂ ਦੇ ਨਾਂ ਗੁਪਤ ਚਿਠੀ ਭੇਜੀ ਕਿ ਜੰਮੂ, ਗੁਲਾਬ ਸਿੰਘ ਨੂੰ ਨਾ ਸੌਂਪਿਆ ਜਾਵੇ। ਇਹ ਚਿੱਠੀ ਅੰਗਰੇਜ਼ਾਂ ਹੱਥ ਆ ਗਈ, ਇਸ ਕਰਕੇ ਇਸ ਨਿਮਕਹਰਾਮ ਨੂੰ ਕੈਦ ਕਰਕੇ ਆਗਰੇ ਭੇਜ ਦਿੱਤਾ ਗਿਆ ਤੇ ਅੰਤ ਇਹ 1866 ਵਿਚ ਡੇਹਰਾਦੂਨ ਮਰਿਆ। ਇਕ ਸਮਕਾਲੀ ਤ੍ਵਾਰੀਖਦਾਨ ਲਿਖਦਾ ਹੈ - 'ਲਾਲ ਸਿੰਘ ਸੰਘੋਈ ਦਾ ਪੋਠੋਹਾਰੀ ਬ੍ਰਾਹਮਣ ਸੀ। 'ਪੋਠੋਹਾਰ' ਜਿਹਲਮ ਤੇ ਅਟਕ ਦੇ ਦਰਮਿਆਨ ਵਾਲੇ ਇਲਾਕੇ ਨੂੰ ਕਹਿੰਦੇ ਹਨ। ਇਸ ਥਾਂ ਦੇ ਵਸਨੀਕ ਚਾਹੇ ਹਿੰਦੂ ਹਨ, ਚਾਹੇ ਮੁਸਲਮਾਨ, ਇਹ ਇਕ ਰੋਟੀ ਦੇ ਟੁਕੜੇ ਪਿਛੇ ਹੀ ਬੇਈਮਾਨ ਹੋ ਜਾਂਦੇ ਹਨ।'

> 'ਲਾਲ ਸਿੰਘ ਅਜ਼ ਕੌਮਿ ਬ੍ਰਾਹਮਨ ਵ ਸਕਨਾ ਸੰਘੋਈ (ਪੋਠੋਹਾਰ।
> ਇਲਾਕਾ ਮਾਬੈਨ ਜਿਹਲਮ ਵ ਸਿੰਧਹਾ 'ਪੋਠੋਹਾਰ' ਮੀਗੋਯੰਦ।
> ਵ ਅਹਲੀਆਨਿ ਪੋਠੋਹਾਰ - ਚਿ ਹਿੰਦੂ ਵ ਚਿ ਮੁਸਲਮਾਨ
> ਬਰਾਇ ਜਕ ਪਾਰਾਇ ਨਾਨ, ਬੇਈਮਾਨ ਮੀਸ਼ਵੰਦ।'

(ਤ੍ਵਾਰੀਖਨਾਮਾ ਕਲਮੀ, ਸਟੇਟ ਆਰਕਾਇਵਜ਼, ਪਟਿਆਲਾ

(੧੧)

ਸੁਤੰਤ੍ਰਤਾ-ਸੰਗ੍ਰਾਮ ਦਾ ਨਵਾਂ ਦੌਰ

ਪੰਜਾਬੀ ਜੀਵਨ ਆਜ਼ਾਦੀ ਪਸੰਦ ਤੇ ਅਣਖ ਆਨ ਦਾ ਪੁਤਲਾ ਹੈ। ਗੁਰੂ ਕੇ ਸਿਖ ਦੇ ਦੋ ਮੁੱਖ ਲੱਛਣ ਹਨ - ਪਹਿਲਾ ਇਹ ਕਿ ਉਹ ਕਿਸੇ ਦਾ ਦਾ[illegible]ਲ ਜਾਂ ਪਰਾਧੀਨ ਬਣਕੇ ਨਹੀਂ ਰਹਿੰਦਾ, ਉਹ ਸੁਰਾਜ ਸਥਾਪਨ ਦਾ ਮੁੱਦਈ ਹੈ, ਜੇ ਇਸ ਵਿਚ ਸਫਲਤਾ ਨ ਹੀ ਮਿਲੇ ਤਾਂ ਉਹ ਬੇਚੈਨ ਰਹਿੰਦਾ ਤੇ ਤੜਪ ਤੜਪ ਕੇ ਨਵੇਂ ਅੰਦੋਲਨ ਨੂੰ ਜਨਮ ਦਿੰਦਾ ਹੈ। ਇਹ ਆਜ਼ਾਦੀ ਦੀ ਗੁੜ੍ਹਤੀ ਉਸਨੂੰ ਗੁਰਬਾਣੀ ਅਤੇ ਇਤਿਹਾਸ ਤੋਂ ਮਿਲੀ ਹੈ, ਜਿਥੇ 'ਬਾਰ ਪਰਾਏ ਬੈਸਣ' ਨੂੰ ਧ੍ਰਿਕਾਰਿਆ ਤੇ ਪਤ-ਵਿਹੂਣੇ ਜੀਵਨ ਨੂੰ ਫਿਟਕਾਰਿਆ ਗਿਆ ਹੈ ਅਤੇ ਫਿਰ 'ਮਨ ਤੂ ਜੋਤਿ ਸਰੂਪ ਹੈਂ' ਦੱਸ ਕੇ ਉਸਦੀ ਆਤਮਾ ਨੂੰ ਹੁਲਾਰਿਆ ਤੇ ਵੰਗਾਰਿਆ ਵੀ ਗਿਆ ਹੈ ਕਿ ਤੂੰ - ਆਪਣੀ ਆਜ਼ਾਦ ਹਸਤੀ ਨੂੰ ਜਿਵੇਂ ਕਿਵੇਂ ਬਰਕਰਾਰ ਰੱਖਣਾ ਹੈ। ਆਇਨਸਟਾਂਇਨ ਨੇ ਠੀਕ ਕਿਹਾ ਸੀ, ਕਿ ਆਜ਼ਾਦ ਤੇ ਅਕਲਮੰਦ ਮਨੁੱਖ ਤਬਾਹ ਤਾਂ ਹੋ ਸਕਦਾ ਹੈ ਪਰ ਉਹ ਗੁਲਾਮੀ ਕਬੂਲ ਕਰਨ ਦਾ ਗੁਨਾਹ ਕਦਾਚਿਤ ਨਹੀਂ ਕਰਦਾ।

ਪਹਿਲੇ ਪਹਿਲ ਏਸ਼ੀਆਈ ਲੋਕਾਂ ਵਿਚ ਸਰਬੋਤਮਤਾ ਦੀ ਪਰਸਪਰ ਟੱਕਰ ਸੀ। ਕਾਫੀ ਅਰਸਾ ਪਠਾਣ ਤੇ ਪੰਜਾਬੀ ਠਹਿਕਦੇ ਰਹੇ। ਪਠਾਣਾਂ ਦੀ ਲੁੱਟ ਕਸੁੱਟ ਤੇ ਮਾਰਧਾੜ ਇਕ ਤਰ੍ਹਾਂ ਬਦਇਖ਼ਲਾਕੀ ਦਾ ਮੁਜ਼ਾਹਰਾ ਹੀ ਸੀ ਪਰ ਗੁਰੂਆਂ ਦੇ ਸਾਵਧਾਨ ਕੀਤੇ ਪੰਜਾਬੀ ਜੋਧੇ, ਆਪਣੇ ਵਤਨ ਤੇ ਆਪਣੇ ਸਭਿਆਚਾਰ ਦੀ ਸੁਰੱਖਿਆ ਲਈ ਜੂਝ ਰਹੇ ਸਨ ਜਿਸ ਕਰਕੇ ਜੇਤੂ ਹੋਏ। ਲੇਕਿਨ ਇਸੇ ਮੌਕੇ ਯੂਰਪੀਨ ਲੁਟੇਰੇ ਸਮੁੰਦਰੀ ਰਸਤੇ ਥਾਣੀਂ ਇਧਰ ਆ ਵੜੇ, ਇਨ੍ਹਾਂ ਵਿਚ ਫਿਰੰਗੀ ਵਧੇਰੇ ਸ਼ੈਤਾਨ ਤੇ ਸ਼ਕਤੀਮਾਨ ਸੀ, ਜਿਸਨੇ ਡੱਚ, ਪੁਰਤਗਾਲ ਤੇ ਫ੍ਰਾਂਸੀਸੀ ਵਗ਼ੈਰਾ ਨੂੰ ਪਿੜ ਵਿਚੋਂ ਕੱਢ ਦਿੱਤਾ। ਇਕ ਤਾਂ ਨਕਸ਼ ਨੁਹਾਰ ਵਲੋਂ ਬਿੱਲਾ ਬਦਜ਼ਾਤ ਸੀ, ਦੂਜੇ, ਕਾਹਵਿਹਾਰ ਬੇਈਮਾਨ ਬਾਣੀਏ ਵਾਲਾ ਹੋਣ ਕਰਕੇ ਵਧੇਰੇ ਬਲਵਾਨ ਹੁੰਦਾ ਗਿਆ। ਈਸਟ ਇੰਡੀਆ ਕੰਪਨੀ ਦੀ ਮੁਢਲੀ ਕਾਰ ਤਾਂ

ਵਣਜ ਵਾਪਾਰ ਹੀ ਸੀ ਪਰ ਮੈਦਾਨ ਖਾਲੀ ਹੋਣ ਕਾਰਣ ਤੇ ਅੰਨ੍ਹੀ ਕਮਾਈ ਸਦਕੇ ਇਨ੍ਹਾਂ ਥਾਂ ਥਾਂ ਫੌਜਾਂ ਖੜੀਆਂ ਕਰਕੇ ਸਰਕਾਰਾਂ ਵੀ ਬਣਾ ਲਈਆਂ। ਪੰਜਾਬ ਇਨ੍ਹਾਂ ਦੀ ਮਾਰ ਹੇਠ ਸਭ ਤੋਂ ਪਿਛੋਂ ਆਇਆ। ਇਹ ਵੀ ਡੋਗਰਾਗਰਦੀ ਕਾਰਣ ਪਰਸਪਰ ਫੁੱਟ ਦਾ ਨਤੀਜਾ ਸੀ ਜਿਸਨੂੰ ਫਿਰੰਗੀ ਦੀਆਂ ਸਾਜ਼ਸ਼ਾਂ ਨੇ ਹੀ ਵਜੂਦ ਵਿਚ ਲਿਆਂਦਾ ਸੀ। ਬਦਇਖ਼ਲਾਕੀ ਤੇ ਬੇਰਹਿਮੀ ਦਾ ਇਹ ਹਾਲ ਸੀ ਕਿ ਭਰੋਵਾਲ ਦੇ ਅਹਿਦਨਾਮੇ ਵਿਚ ਇਨ੍ਹਾਂ 'ਰਾਖੇ' ਬਣੇ ਗੋਰਿਆਂ ਮਹਾਰਾਜਾ ਦਲੀਪ ਦਾ ਰਾਜ ਭਾਗ ਤੋਂ ਦਸਤਬਰਦਾਰ ਹੋਣਾ ਖੁਦ ਲਿਖਿਆ ਲਿਖਾਇਆ ਤੇ 'ਗਾਰਡੀਆਨ' ਹੋ ਕੇ ਲਾਹੌਰ ਦਾਰਬਾਰ ਦਾ ਕਬਜ਼ਾ ਲੀਤਾ, ਇਹ ਵੀ ਲਿਖ ਰੱਖਿਆ ਸੀ ਕਿ ਮਹਾਰਾਜੇ ਦੇ ਬਾਲਗ਼ ਹੋਣ ਤੇ ਸਾਰਾ ਰਾਜ ਭਾਗ ਉਸਦੇ ਸਪੁਰਦ ਕਰ ਦਿੱਤਾ ਜਾਵੇਗਾ। ਇਹ ਮੁਹੱਜ਼ਬ ਮੁਲਕ ਦੇ ਕਾਰਦਾਰਾਂ ਦੀ ਗ਼ੱਦ ਰਾਨਾ ਕਾਰਵਾਈ ਇਤਿਹਾਸ ਵਿਚ ਸਦਾ ਮੂੰਹ ਚਿੜਾਉਂਦੀ ਰਹੇਗੀ।

ਸਾਰੀ ਸਿਖ ਫੌਜ ਬੇਹਥਿਆਰ ਕਰਕੇ ਘਰੋ ਘਰੀਂ ਤੋਰ ਦਿੱਤੀ ਗਈ ਤੇ ਉਧਰ ਰਾਣੀ ਜਿੰਦਾਂ ਤੇ ਉਸਦੇ ਪੁੱਤਰ ਦਲੀਪ ਸਿੰਘ ਨੂੰ ਇਕ ਦਮ ਬੇਵਤਨ ਕਰਨ ਦੀ ਵਿਉਂਤ ਵਿਉਂਤੀ ਗਈ। ਰਾਣੀ ਜਿੰਦਾਂ (1817-1863) ਪਹਿਲੇ ਸ਼ੇਖੂਪੁਰੇ ਨਜ਼ਰਬੰਦ ਸੀ, ਫਿਰ ਉਥੋਂ ਬਨਾਰਸ ਤੇ ਚਨਾਰ ਦੇ ਕਿਲੇ ਦੂਰ ਭੇਜੀ ਗਈ, ਜਿਥੋਂ ਉਹ ਆਪਣੀ ਦਲੇਰੀ ਤੇ ਦਾਨਾਈ ਸਦਕੇ ਨਿਪਾਲ ਜਾ ਪੁਜੀ। ਡਲਹੌਜ਼ੀ ਦੀ ਕਾਰਵਾਈ ਸ਼ੈਤਾਨ ਨੂੰ ਮਾਤ ਕਰਨ ਵਾਲੀ ਸੀ, ਉਸਨੇ ਦਸੰਬਰ 1849 ਵਿਚ ਹੀ ਦਲੀਪ ਸਿੰਘ ਨੂੰ ਫਤਿਹਗੜ੍ਹ (ਯੂ.ਪੀ.) ਲਿਜਾ ਕੇ ਅੰਗ੍ਰੇਜ਼ੀ ਤੇ ਈਸਾਈਅਤ ਦੀ ਪੜ੍ਹਾਈ ਸ਼ੁਰੂ ਕਰਾ ਦਿੱਤੀ ਜਿਸ ਕਰਕੇ ਉਹ ਆਪਣੀ ਰਹਿਣੀ ਬਹਿਣੀ, ਸਭਿਆਚਾਰ, ਜ਼ਬਾਨ ਤੇ ਧਰਮ ਤੋਂ ਦੂਰ ਹੁੰਦਾ ਗਿਆ। 8 ਮਾਰਚ 1854 ਨੂੰ ਬਪਤਿਸਮਾ ਦੇ ਕੇ ਈਸਾਈ ਬਣਾਇਆ, ਫਿਰ ਫਤਿਹ ਗੜ੍ਹ ਤੋਂ ਕਲਕੱਤੇ ਲਿਜਾ ਕੇ 19 ਅਪ੍ਰੈਲ 1854 ਈ. ਨੂੰ 17 ਸਾਲ ਦੀ ਉਮਰ ਵਿਚ ਹੀ ਇੰਗਲੈਂਡ ਲਈ ਜਹਾਜ਼ੇ ਚਾੜ੍ਹ ਦਿੱਤਾ ਤੇ ਉਹ ਜੂਨ ਵਿਚ ਵਲੈਤ ਪਹੁੰਚ ਗਿਆ ਪਰ ਉਸਦਾ ਹਿੰਦੁਸਤਾਨੀ ਕੀਮਤੀ ਲਿਬਾਸ, ਰੇਸ਼ਮੀ ਪਗੜੀ, ਕਸ਼ਮੀਰੀ ਚੋਗਾ, ਮਖਮਲੀ ਅੰਗਰਖਾ ਤੇ ਪਤਲੂਨ ਅਤੇ ਹੀਰੇ ਜਵਾਹਰਾਂ ਦੀ ਝਿਲਮਿਲ ਕਰਦੀ ਮੋਤੀ ਮਾਲਾ, ਦੱਸ ਰਹੀ ਸੀ ਕਿ ਇਹ ਹੁਣੇ ਹੁਣੇ ਪੰਜਾਬ ਦਾ ਫਕੀਰ ਬਣਾਇਆ ਬਾਦਸ਼ਾਹ ਹੈ। ਡਲਹੌਜ਼ੀ ਕਮੀਨਾ ਉਸਨੂੰ ਇਸ ਪਹਿਰਾਵੇ ਵਿਚ ਵੀ ਦੇਖਕੇ ਰਾਜ਼ੀ ਨਹੀਂ ਸੀ।

ਉਹ 22 ਅਕਤੂਬਰ 1854 ਦੇ ਖ਼ਤ ਵਿਚ ਲਿਖਦਾ ਹੈ – 'ਉਹਦੀ ਟੋਪੀ-ਨੁਮਾ ਰਾਤ੍ਰੀ–ਪਗੜੀ (ਕੇਸਕੀ) ਉਸਦੀ ਕੌਮੀਅਤ ਦਾ ਸਭ ਤੋਂ ਜ਼ਬਰਦਸਤ ਚਿੰਨ੍ਹ ਹੈ, ਇਹ ਦਸਤਾਰ ਉਤਰਵਾ ਦਿਓ, ਫਿਰ ਇਸ ਪਾਸ ਕੋਈ ਸਿੱਖੀ ਦਾ ਬਾਹਰਮੁਖੀ ਨਿਸ਼ਾਨ ਨਹੀਂ ਰਹਿ ਜਾਵੇਗਾ।' ਇਹ ਹੈ ਵਾਇਸਰਾਇ ਹਿੰਦ ਦੀ ਸ਼ੁਭ ਕਾਮਨਾ। ਪਹਿਲੇ ਪੰਜ ਲੱਖ ਪੌਂਡ ਸਾਲਾਨਾ ਪੈਨਸ਼ਨ ਸੀ, ਫਿਰ 1859 ਵਿਚ ਦੱਸਿਆ ਗਿਆ ਚੂੰਕਿ ਹੁਣ ਤੁਸੀਂ ਬਾਲਗ਼ ਹੋ ਗਏ ਹੋ, ਇਸ ਲਈ ਪੈਨਸ਼ਨ ਢਾਈ ਲੱਖ ਕਰ ਦਿੱਤੀ ਗਈ ਹੈ। ਜਦੋਂ ਕਿ ਨਵਾਬ ਵਾਜਦਅਲੀ ਸ਼ਾਹ ਲਖਨਊ ਵਾਲੇ ਨੂੰ ਉਨ੍ਹੀਂ ਦਿਨੀਂ 50 ਲੱਖ ਪੌਂਡ ਪੈਨਸ਼ਨ ਦਿਤੀ ਜਾਂਦੀ ਸੀ। ਦਲੀਪ ਸਿੰਘ ਆਪਣੇ ਵਤਨ, ਰਾਜ ਭਾਗ, ਮਾਤਾ ਤੇ ਹੋਰ ਸਾਰੇ ਸੰਗੀ ਸਾਥੀਆਂ ਤੋਂ ਅਲਹਿਦਾ ਰਹਿਕੇ ਕਿਵੇਂ ਮਾਨਸਿਕ ਸੰਕਟ ਦਾ ਜੀਵਨ ਬਸਰ ਕਰ ਰਿਹਾ ਸੀ, ਇਹ ਅਸੀਂ ਨਹੀਂ ਜਾਣ ਸਕਦੇ। ਉਹ ਆਪਣੀ ਅੰਨ੍ਹੀ ਮਾਂ ਨੂੰ 1861 ਵਿਚ ਵਲੈਤ ਲਿਆਇਆ ਪਰ ਸਰਕਾਰ ਨੂੰ ਮਾਂ ਪੁੱਤ ਦਾ ਇਕੱਠੇ ਰਹਿਣਾ ਵੀ ਅਸਹਿ ਸੀ, ਉਨ੍ਹਾਂ ਨੂੰ ਵੱਖ ਵੱਖ ਰਹਿਣ ਦੀ ਹਦਾਇਤ ਕੀਤੀ ਗਈ। 1863 ਵਿਚ ਜਿੰਦਾਂ ਦੇਹਾਂਤ ਪਾ ਗਈ। ਅਗਲੇ 25-30 ਸਾਲ ਦਲੀਪ ਸਿੰਘ ਦੁਆਲੇ ਕਿਵੇਂ ਮੁਸੀਬਤਾਂ ਦੇ ਪਹਾੜ ਟੁੱਟਦੇ ਗਏ ਤੇ ਆਰਥਿਕ ਤੰਗੀਆਂ ਕਾਰਣ ਉਹ ਕਿਵੇਂ ਦਰ ਦਰ ਭਟਕਦਾ ਰਿਹਾ। ਇਹ ਦਰਦਨਾਕ ਦਾਸਤਾਨ ਰੌਂਗਟੇ ਖੜੇ ਕਰਨ ਵਾਲੀ ਹੈ ਤੇ ਇਸੇ ਦੁਰਦਸ਼ਾ ਵਿਚ ਹੀ ਉਹ ਅਕਤੂਬਰ 1893 ਵਿਚ ਪੈਰਸ ਦੇ ਹੋਟਲ ਵਿਚ ਦਮ ਤੋੜ ਗਿਆ।

ਸੋ ਇਹ ਬੇਵਤਨ ਮਹਾਰਾਜੇ ਦੀ ਭਿਆਨਕ ਵਿਥਿਆ ਦੁਖਾਂ-ਭਰੀ ਹੈ। ਇਸ 'ਅੰਤਰ ਕੀ ਪੀੜ' ਨੂੰ ਅਸੀਂ ਅਨੁਭਵ ਵਿਚ ਨਹੀਂ ਲਿਆ ਸਕਦੇ। ਸਤਲੁਜ ਦੇ ਸਪੂਤ ਸ. ਬਲਹਾਰ ਸਿੰਘ ਰੰਧਾਵਾ, ਕਾਫੀ ਅਰਸਾ ਵਲੈਤ ਵਿਚ ਰਹਿ ਕੇ ਇਸ ਤਰ੍ਹਾਂ ਦੇ ਸੰਤਾਪ ਖ਼ੁਦ ਝੱਲਦੇ ਰਹੇ। ਉਦਰੇਵੇਂ ਦੀਆਂ ਉਦਾਸੀਨ ਦਸ਼ਾਵਾਂ ਨੇ ਉਨ੍ਹਾਂ ਦੇ ਸੰਵੇਦਨਸ਼ੀਲ ਕਵੀ–ਹਿਰਦੇ ਨੂੰ ਝੰਜੋੜਿਆ ਤੇ ਉਨ੍ਹਾਂ ਇਸ ਬੇਵਤਨ ਮਹਾਰਾਜੇ ਦੀ ਗੁੱਝੀ ਪੀੜ ਨੂੰ ਅਨੁਭਵ ਕਰਦਿਆਂ ਮਹਾਂਕਾਵਿ ਰੂਪ ਵਿਚ ਕਲਮਬੰਦ ਕੀਤਾ ਜੋ ਕਿ ਅਤਿ ਖਿਖਮ ਕਾਰਜ ਸੀ। ਇਹ ਗੱਲ ਪੰਜਾਹ ਸੱਠ ਸਾਲ ਪਹਿਲਾਂ ਵੀ ਹੋ ਸਕਦੀ ਸੀ ਤਾਂ ਕਿ ਪੰਜਾਬੀ ਸ੍ਵੈਮਾਨ ਤੇ ਅਣਖ-ਆਣ ਦਾ ਆਲ੍ਹਾ ਸਬਕ ਅਸੀਂ ਆਪਣੀ ਨੌਜੁਆਨ ਪੀੜ੍ਹੀ ਨੂੰ ਦੇ ਸਕਦੇ। ਅੱਜ ਵੀ ਪੰਜਾਬ ਦੀਆਂ ਯੂਨੀਵਰਸਿਟੀਆਂ ਐਸੀ ਇਤਿਹਾਸਕ ਕਲਾਸੀਕਲ ਰਚਨਾ ਨੂੰ

ਪਾਠਕ੍ਰਮ ਵਿਚ ਸ਼ਾਮਲ ਕਰਕੇ ਪੰਜਾਬੀ ਗੱਭਰੂਆਂ ਦੇ ਸੀਨਿਆਂ ਅੰਦਰ ਅਣਖ ਆਣ ਦਾ ਦੀਵਾ ਬਾਲ ਸਕਦੀਆਂ ਹਨ। ਪਹਿਲੇ ਅਸੀਂ ਕਾਲੇ-ਕਲੂਟੇ ਕਲਿਯੁਗੀ ਗੋਰੇ ਡੱਲਹੌਜ਼ੀ ਦੀ ਕਾਲੀ ਕਰਤੂਤ ਦੱਸੀ ਹੈ ਜਿਸਨੇ ਧਰਮ ਈਮਾਨ ਤੇ ਸਦਾਚਾਰ ਦੇ ਸਾਰੇ ਅਸੂਲ ਛਿੱਕੇ ਟੰਗਕੇ ਮਾਂ ਪੁੱਤ ਨੂੰ ਰੋਲਿਆ। ਦੂਜੇ ਪਾਸੇ, ਸਿੱਖ ਰਾਜ ਦੇ ਸ਼ੁਭਚਿੰਤਕ ਸਤਿਯੁਗੀ ਜੀਉਂਤੇ-ਰੱਬੋਂ ਪਿੰਡ ਦੇ ਨਿਹਾਲੇ ਤੋਂ ਅੰਮ੍ਰਿਤ ਪਾਨ ਕਰਕੇ ਸਿੰਘ ਸਜੇ ਟਹਿਲ ਸਿੰਘ ਜਾਂ ਭਾਈ ਮਹਾਰਾਜ ਸਿੰਘ ਦੀ ਜਟਕੀ ਜੁਗਤਿ ਇਉਂ ਸੀ ਕਿ ਦਲੀਪ ਸਿੰਘ ਨੂੰ ਉਧਾਲ ਲਿਆਂਦਾ ਜਾਵੇ ਤੇ ਰਾਜ-ਭਾਗ ਆਪੇ ਉਸਦੀ ਪਰਕਰਮਾ ਕਰਦਾ ਫਿਰੇਗਾ। ਉਸਨੇ ਕਾਫੀ ਜਤਨ ਕੀਤੇ ਤੇ ਕਈ ਜੋਖਮ ਵੀ ਝੱਲੇ ਲੇਕਿਨ 1849 ਈ. ਨੂੰ ਆਦਮਪੁਰ ਲਾਗਿਓਂ ਗ੍ਰਿਫਤਾਰ ਕਰਕੇ ਉਸਨੂੰ ਸਿੰਘਾਪੁਰ ਕੋਠੀ ਬੰਦ ਕੀਤਾ ਗਿਆ ਜਿਥੇ ਕਿ 5 ਜੁਲਾਈ 1856 ਈ. ਨੂੰ ਦੇਹਾਂਤ ਹੋਇਆ। 1857 ਦਾ ਗ਼ਦਰ ਬੜੀ ਹੌਲਨਾਕ ਘਟਨਾ ਸੀ ਜਦੋਂ ਕਿ ਬਾਦਸ਼ਾਹ ਬਹਾਦਰ ਸ਼ਾਹ ਨੂੰ 16 ਅਕਤੂਬਰ ਨੂੰ ਫੜ ਕੇ ਰੰਗੂਨ ਜੇਲ੍ਹ ਭੇਜ ਦਿੱਤਾ (ਦੇਹਾਂਤ 7 ਨਵੰਬਰ 1862) ਤੇ ਉਸਦੇ ਤਿੰਨਾਂ ਸ਼ਹਿਜ਼ਾਦਿਆਂ ਨੂੰ ਹਡਸਨ ਨੇ ਚਾਂਦਨੀ ਚੌਂਕ ਵਿਚ ਖੜਾ ਕਰਕੇ ਗੋਲੀਆਂ ਮਾਰ ਕੇ ਮੁਕਾ ਛੱਡਿਆ। ਕੋਈ ਜਥੇਬੰਦਕ ਵਿਉਂਤਬੰਦੀ ਨ ਹੋਣ ਕਰਕੇ ਇਹ ਗ਼ਦਰ ਦਾ ਝੱਖੜ ਆਪਣੇ ਆਪ ਖਤਮ ਹੋ ਗਿਆ ਤੇ ਕੋਈ ਉਸਾਰੂ ਸੇਧ ਨ ਦਿੰਦਾ ਗਿਆ।

ਨਾਮਧਾਰੀ ਲਹਿਰ :– ਭਾਵੇਂ 57 ਦੇ ਗ਼ਦਰ ਨੇ ਦੇਸ਼ ਨੂੰ ਓੱਕਾ ਨਿਢਾਲ ਕਰ ਛਡਿਆ ਸੀ ਪਰ ਬਾਬਾ ਰਾਮ ਸਿੰਘ (1816-1885) ਉਹ ਯੁਗਪੁਰਸ਼ ਸੀ ਜਿਸਨੇ ਸਿਖ ਰਾਜ ਦੇ ਝੰਡੇ ਜਮਰੌਦ ਤੱਕ ਝੂਲਦੇ ਅੱਖੀਂ ਵੇਖੇ ਸਨ ਤੇ ਉਹ ਝਾਕੀਆਂ ਉਸ ਨੂੰ ਮੁੜ ਮੁੜ ਹਲੂਣਾ ਦਿੰਦੀਆਂ ਸਨ ਕਿ ਹੇ ਬਸੰਤ ਨੂੰ ਅਵਤਰਣ ਵਾਲੇ! ਤੂੰ ਹੀ ਪਤਝੜ- ਮਾਰੇ ਦੇਸ਼ ਵਿਚ ਮੁੜ ਬਸੰਤ ਬਹਾਰ ਲਿਆ ਸਕਦਾ ਹੈਂ, ਕਵੀ ਤੈਨੂੰ ਪੁਕਾਰ ਪੁਕਾਰ ਕਹਿੰਦਾ ਹੈ :–

'ਬਹਾਰ ਮੇਂ ਮੱਟੀ ਭੀ ਉਗਲ ਦੇਤੀ ਹੈ ਫੂਲ
ਮਰਦ ਹੈ ਤੋ ਖਿਜ਼ਾਂ ਮੇਂ ਬਹਾਰ ਪੈਦਾ ਕਰ।'

ਸੋ ਉਸਨੇ ਭੈਣੀ ਸਾਹਿਬ ਵਿਚ ਚੁਪ ਚੁਪੀਤੇ ਅੰਮ੍ਰਿਤ ਮਰਯਾਦਾ ਸੁਰਜੀਤ ਕਰਕੇ 'ਸੰਤਖਾਲਸਾ' ਲਹਿਰ ਚਲਾਈ। ਸ਼ਰਾਬ ਦੇ ਕੁਹਰਾਮ ਦੀ ਥਾਂ ਨਾਮ ਦਾ ਜਾਮ ਪੀਣ ਦੀ ਹਦਾਇਤ ਕੀਤੀ, ਮਾਲਾ ਤੇ ਸੋਟੀ ਹੱਥ ਫੜਾਈ। ਬ੍ਰਾਹਮਣੀ ਕਰਮ

-ਕਾਂਡਾਂ ਦੇ ਜੰਜਾਲ ਵਿਚੋਂ ਕੱਢ ਕੇ ਗੁਰਮਤਿ ਮਾਰਗ ਦੀ ਸੋਝੀ ਕਰਾਈ। ਅਨੰਦ ਕਾਰਜ ਦੀ ਸਿੱਧੀ ਸਾਦੀ ਮਰਯਾਦਾ ਟੁੰਬਣ ਵਾਲੀ ਸੀ। ਉਸ ਸਮੇਂ ਸਰਕਾਰ ਨਾਲ ਟੱਕਰ ਲੈਣ ਲਈ ਹੋਰ ਸਾਧਨਾਂ ਦਾ ਅਭਾਵ ਸੀ, ਇਸ ਕਰਕੇ ਗੋਰਿਆਂ ਦੀਆਂ ਅਦਾਲਤਾਂ, ਰੇਲਾਂ, ਡਾਕਖਾਨਿਆਂ ਤੇ ਬਿਦੇਸ਼ੀ ਪਹਿਰਾਵਿਆਂ ਦਾ ਬਾਈਕਾਟ ਕਰਨ ਉਤੇ ਜ਼ੋਰ ਦਿੱਤਾ ਗਿਆ ਤਾਂ ਕਿ ਦੇਸ਼ ਦਾ ਸਭਿਆਚਾਰਕ ਸ੍ਵੈਮਾਨ ਸੁਰਜੀਤ ਹੋਵੇ। ਗਊ ਗਰੀਬ ਦੀ ਰੱਖਿਆ ਵੀ ਇਸ ਲਹਿਰ ਦਾ ਇਕ ਹੋਰ ਮੁੱਖ ਸੰਦੇਸ਼ਾ ਸੀ ਕਿਉਂਕਿ ਫਿਰੰਗੀ ਸਰਕਾਰ ਥਾਂ ਥਾਂ ਬੁੱਚੜਖਾਨੇ ਖੁਲ੍ਹਵਾ ਕੇ ਗਊ ਹੱਤਿਆ ਦਾ ਪਾਪ ਵਧਾ ਰਹੀ ਸੀ ਤੇ ਇਹ ਗੱਲ ਸਭ ਨੂੰ ਸੌਖਿਆਂ ਸਮਝ ਆਉਂਦੀ ਸੀ। ਇਸ ਕਰਕੇ ਰਾਇ ਕੋਟ, ਲੁਧਿਆਣੇ ਤੇ ਮਲੇਰਕੋਟਲੇ ਆਦਿ ਥਾਂਵਾਂ ਤੇ ਬੁੱਚੜਾਂ ਨਾਲ ਸਿੱਧੀ ਟੱਕਰ ਹੋਈ ਤੇ ਇਹ ਲਹਿਰ ਤੇਜ਼ੀ ਫੜਦੀ ਗਈ। ਅੰਤ ਮਲੇਰਕੋਟਲੇ ਦੇ ਫਸਾਦ ਨੇ ਬਹੁਤ ਭਿਆਨਕ ਰੂਪ ਧਾਰ ਲਿਆ ਤੇ ਸੈਂਕੜੇ ਨਾਮਧਾਰੀ ਫੜੇ ਗਏ ਜਿਨ੍ਹਾਂ ਵਿਚੋਂ 66 ਸਿੰਘ, ਜਿਨ੍ਹਾਂ ਕਿਸੇ ਕਾਨੂੰਨੀ ਕਾਰਵਾਈ ਦੇ ਜਮਾਲਪੁਰੇ ਦੀ ਰੱਖ ਵਿਚ 17 ਜਨਵਰੀ 1872 ਨੂੰ ਤੋਪਾਂ ਮੂਹਰੇ ਖੜੇ ਕਰਕੇ ਉਡਾ ਦਿੱਤੇ ਗਏ ਤੇ 18 ਜਨਵਰੀ ਨੂੰ ਬਾਬਾ ਰਾਮ ਸਿੰਘ ਜੀ ਨੂੰ ਰੰਗੂਨ ਲਿਜਾ ਕੇ ਕੋਠੀ ਬੰਦ ਕਰ ਦਿੱਤਾ ਜਿਥੇ ਕਿ ਨਵੰਬਰ 1885 ਵਿਚ ਦੇਹਾਂਤ ਹੋਇਆ।

ਗ਼ਦਰ ਲਹਿਰ :- ਵੀਹਵੀਂ ਸਦੀ ਦੇ ਮੁਢਲੇ ਦਹਾਕੇ ਵਿਚ 'ਨੌਆਬਾਦਕਾਰੀ ਐਕਟ' ਬਣਿਆ, ਜਿਸ ਅਨੁਸਾਰ ਬੇਉਲਾਦੇ ਦੀ ਮੌਤ ਬਾਦ ਜ਼ਮੀਨ ਸਰਕਾਰ ਦੇ ਕਬਜ਼ੇ ਹੇਠ ਚਲੀ ਜਾਂਦੀ ਸੀ। ਫਿਰ ਮਾਮਲੇ ਇਤਨੇ ਵਧਾਏ ਗਏ, ਬਾਣੀਆਂ ਦਿਆਂ ਕਰਜ਼ਿਆਂ ਨੇ ਕਿਸਾਨਾਂ ਦੀਆਂ ਜ਼ਮੀਨਾਂ ਦਬਾ ਲਈਆਂ। 1901 ਤਕ ਚਾਰ ਲੱਖ ਤੇਰਾਂ ਹਜ਼ਾਰ ਏਕੜ ਜ਼ਮੀਨ ਵਿਕ ਚੁਕੀ ਸੀ ਤੇ 1909 ਤਕ ਢਾਈ ਕਰੋੜ ਤੋਂ ਵੱਧ ਏਕੜ ਗਹਿਣੇ ਪੈ ਚੁਕੀ ਸੀ। ਲੋਕ ਬਾਹਰਲੇ ਦੇਸ਼ਾਂ ਵੱਲ ਜਾਣ ਲਈ ਮਜਬੂਰ ਹੋਏ, ਕੁਝ ਨੌਜੁਆਨ ਵਲੈਤ ਪੜ੍ਹਨ ਗਏ ਜਿਵੇਂ ਕਿ ਲਾਲਾ ਹਰ ਦਿਆਲ ਤੇ ਮਦਨ ਲਾਲ ਢੀਂਗਰਾ ਆਦਿ। ਇਹ ਖੁਲ੍ਹਾਂ-ਭਰੇ ਹਾਲਾਤ ਦੇਖ ਕੇ ਆਜ਼ਾਦੀ ਦੇ ਆਸ਼ਕ ਹੁੰਦੇ ਗਏ। ਢੀਂਗਰ ਨੇ ਤਾਂ ਸਰ ਕਰਜ਼ਨ ਵਿਲੀ ਨੂੰ 1 ਜੁਲਾਈ 1909 ਨੂੰ ਗੋਲੀ ਮਾਰ ਦਿੱਤੀ ਤੇ ਇਸ ਕਾਰਣ ਉਹ 17 ਅਗਸਤ 1909 ਨੂੰ ਲੰਡਨ ਫਾਂਸੀ ਚੜ੍ਹਿਆ। ਉਧਰ ਜੂਨ 1913 ਵਿਚ ਵਾਸ਼ਿੰਗਟਨ ਵਿਚ 'ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕਾਸਟ' ਬਣੀ ਜਿਸਦੇ ਮੋਢੀ ਬਾਬਾ

ਸੋਹਣ ਸਿੰਘ ਭਕਨਾ ਤੇ ਭਾਈ ਭਗਵਾਨ ਸਿੰਘ ਆਦਿ ਸਨ। ਦਫਤਰ 'ਯੁਗਾਂਤਰ ਆਸ਼੍ਰਮ ਸਾਨ-ਫ੍ਰਾਂਸਿਸਕੋ ਵਿਚ ਲਿਆਂਦਾ ਗਿਆ ਤੇ ਇਥੇ 'ਗ਼ਦਰ' ਅਖਬਾਰ ਤੇ ਹਰਦਿਆਲ ਭੁਚਾਲ ਬਣ ਗਏ। ਉਸਦੇ ਲੈਕਚਰ ਤੇ ਲੇਖ ਅੱਗ ਲਾਉਣ ਵਾਲੇ ਸਨ, ਆਖਰ ਫਿਰੰਗੀ ਦੀ ਮਾਰ ਤੋਂ ਬਚਣ ਲਈ ਸਾਥੀਆਂ ਦੀ ਸਲਾਹ ਨਾਲ ਉਹ ਰੂਪੋਸ਼ ਹੋ ਕੇ ਜਰਮਨ ਚਲਾ ਗਿਆ ਤੇ ਫਿਰ ਸਵੀਡਨ ਜਾ ਵਸਿਆ। ਜਰਮਨ ਨੇ ਹਥਿਆਰ ਭੇਜਣ ਦਾ ਵਾਅਦਾ ਕੀਤਾ ਪਰ ਹਥਿਆਰ ਨ ਆਏ ਤੇ ਇਧਰ ਇਨ੍ਹਾਂ ਗ਼ਦਰੀਆਂ ਨੇ ਲਾਹੌਰ ਛਾਉਣੀ ਤੇ ਫਿਰੋਜ਼ਪੁਰ ਛਾਉਣੀ ਉਤੇ ਕਬਜ਼ਾ ਕਰਨ ਹਿਤ, 21 ਫਰਵਰੀ 1915 ਤਰੀਕ ਮਿਥ ਲਈ ਪਰ ਸਕੀਮ ਫੇਅਲ ਹੋ ਗਈ ਜਿਸ ਕਰਕੇ ਕਾਲੇ ਕਾਨੂੰਨ ਮਾਤਹਿਤ ਮੁਕੱਦਮੇ ਚਲੇ। ਸੌ ਨੂੰ ਫਾਂਸੀ ਤੇ ਦੋ ਸੌ ਤੋਂ ਉਤੇ ਗ਼ਦਰੀ ਬਾਬੇ ਕਾਲੇ ਪਾਣੀ ਭੇਜੇ ਗਏ, ਫਾਂਸੀ ਲਗਣ ਵਾਲਿਆਂ ਵਿਚ ਗਭਰੇਟ ਸ. ਕਰਤਾਰ ਸਿੰਘ ਸਰਾਭਾ ਵੀ ਸੀ।

ਅਕਾਲੀ ਲਹਿਰ :– 1914-18 ਦੀ ਵੱਡੀ ਜੰਗ ਦੇ ਖਾਤਮੇ ਬਾਦ ਭਾਰਤੀ ਲੋਕਾਂ ਨੂੰ ਵੱਡੀਆਂ ਆਸਾਂ ਸਨ ਕਿ ਕੁਝ ਰਾਜਨੀਤਕ ਲਾਭ ਮਿਲਣਗੇ ਤੇ ਲੋਕ-ਭਲਾਈ ਦੀਆਂ ਸਕੀਮਾਂ ਵੀ। ਪਰ ਬਿਦੇਸ਼ੀ ਹਾਕਮ ਜਿੱਤ ਦੇ ਨਸ਼ੇ ਵਿਚ ਗ਼ਲਤਾਨ ਸਨ। 13 ਅਪ੍ਰੈਲ 1919 ਨੂੰ ਜੱਲ੍ਹਿਆਂ ਵਾਲਾ ਬਾਗ ਦਾ ਸਾਕਾ ਹੋਇਆ ਜਿਥੇ ਮਸ਼ੀਨ ਗਨ ਰਾਹੀਂ 1650 ਗੋਲੀਆਂ ਚਲੀਆਂ ਤੇ 379 ਬੰਦੇ ਮਰੇ ਤੇ ਤਿਗੁਣੇ ਚੌਗੁਣੇ ਜ਼ਖਮੀ ਵੀ ਹੋਏ। ਫਿਰ 20 ਜਨਵਰੀ 1921 ਈ. ਨੂੰ ਨਨਕਾਣੇ ਦਾ ਖੂਨੀ ਸਾਕਾ ਹੋਇਆ ਜਿਥੇ ਕਿ ਫਿਰੰਗੀ ਦੀ ਸ਼ਹਿ ਉਤੇ ਮਹੰਤ ਨਰੈਣਦਾਸ ਨੇ ੨੦-੩੦ ਹਥਿਆਰਬੰਦ ਗੁੰਡੇ ਇਕੱਠੇ ਕਰਕੇ ਦਰਸ਼ਨਾਂ ਲਈ ਆਏ ਡੇਢ ਸੌ ਦੇ ਲਗਭਗ ਨਿਹੱਥੇ ਸਿਖਾਂ ਨੂੰ ਗੁਰਦੁਆਰੇ ਦੇ ਅੰਦਰ ਹੀ ਟੋਟੇ ਟੋਟੇ ਕੀਤਾ ਤੇ ਪਿਛੋਂ ਤੇਲ ਪਾ ਕੇ ਲਾਸ਼ਾਂ ਸਾੜਨ ਦਾ ਕੰਮ ਕੀਤਾ ਤਾਂ ਕਿ ਹੱਤਿਆਕਾਰੀ ਕਾਰਵਾਈ ਦਾ ਖੁਰਾ ਖੋਜ ਨਾ ਰਹੇ। ਇਹ ਯਾਤਰੂ, ਦੋ ਮਨੋਰਥ ਲੈ ਕੇ ਆਏ ਸਨ ਕਿ ਗੁਰਧਾਮਾਂ ਦੇ ਦਰਸ਼ਨ ਕਰੀਏ ਤੇ ਲੋੜ ਅਨੁਸਾਰ ਪ੍ਰਬੰਧ ਨੂੰ ਗੁਰਮਤਿ ਮਰਯਾਦਾ ਅਨੁਸਾਰ ਢਾਲੀਏ ਤਾਂ ਕਿ ਇਤਨੀ ਵੱਡੀ ਜਾਇਦਾਦ ਦੀ ਆਮਦਨ ਸਿੱਖ ਸੰਗਤ ਦੀ ਟਹਿਲ ਸੇਵਾ ਲਈ ਵਰਤੀ ਜਾ ਸਕੇ ਪਰ ਸਭ ਕੁਝ ਉਲਟ-ਪੁਲਟ ਹੋ ਗਿਆ। ਅੰਦੋਲਨ ਪੰਜ ਛੇ ਸਾਲ ਚਲਦਾ ਰਿਹਾ ਜਿਸ ਵਿਚ ਪੰਜ ਸੌ ਸਿਖ ਸ਼ਹੀਦ, ਹਜ਼ਾਰਾਂ ਜ਼ਖਮੀ ਤੇ ਤੀਹ ਹਜ਼ਾਰ ਬੰਦੇ ਜੇਲ੍ਹੀਂ ਗਏ ਤੇ 15 ਲੱਖ ਜੁਰਮਾਨੇ ਤਾਰਨੇ ਪਏ। ਇਸ ਲੰਮੀ ਜਦੋਜਹਿਦ ਬਾਦ 1925 ਵਿਚ ਗੁਰਦੁਆਰਾ ਐਕਟ ਬਣਿਆ ਜਿਸ ਅਨੁਸਾਰ ਸਮੂੰਹ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਅਧੀਨ ਆਇਆ। ਇਹ ਸਾਰੀ ਲਹਿਰ ਕੇਵਲ

ਆਚਰਣਹੀਣ ਮਹੰਤਾਂ ਦੇ ਕੁਪ੍ਰਬੰਧ ਬਾਰੇ ਹੀ ਨਹੀਂ, ਇਸ ਦਾ ਨਿਸ਼ਾਨਾ ਫਿਰੰਗੀ ਸਰਕਾਰ ਵਿਰੁਧ ਵੀ ਸੰਗਰਾਮ ਜਾਰੀ ਰੱਖਣਾ ਸੀ ਤਾਂ ਕਿ ਦੇਸ਼ ਆਜ਼ਾਦ ਹੋ ਸਕੇ। ਛੋਟੇ ਮੋਟੇ ਕਈ ਹੋਰ ਮੋਰਚੇ ਲਗੇ, ਸਿਵਲ ਨਾਫੁਰਮਾਨੀ ਲਹਿਰ ਚਲੀ, ਸਿਖਾਂ ਹਰ ਸਰਗਰਮੀ ਵਿਚ ਪੂਰਾ ਪੂਰਾ ਹਿੱਸਾ ਪਾਇਆ, ਸ਼ਹੀਦੀਆਂ ਲਈ ਇਹ ਸਭ ਤੋਂ ਮੋਹਰੇ ਸਨ। ਸ. ਭਗਤ ਸਿੰਘ ਸਾਥੀਆਂ ਸਮੇਤ 23 ਮਾਰਚ 1931 ਨੂੰ ਲਾਹੌਰ ਫਾਂਸੀ ਲਾਏ ਗਏ, ਜੱਲ੍ਹਿਆਂ ਵਾਲਾ ਬਾਗ ਖੂਨੀ ਕਾਰੇ ਦੇ ਮੋਢੀ ਗਵਰਨਰ ਉਡਵਾਇਰ ਨੂੰ ਸ. ਊਧਮ ਸਿੰਘ ਸੁਨਾਮੀ ਨੇ ਲੰਡਨ 13 ਮਾਰਚ 1940 ਨੂੰ ਗੋਲੀ ਮਾਰਕੇ ਖਤਮ ਕੀਤਾ ਤੇ ਇਸੇ ਦੋਸ਼ ਹੇਠ ਉਹ 31 ਜੁਲਾਈ 1940 ਨੂੰ ਉਥੇ ਹੀ ਫਾਂਸੀ ਲਗਾ। ਕਈ ਜੋਸ਼ੀਲੇ ਗ਼ਦਰੀ, ਬਬਰ ਲਹਿਰ ਦਾ ਰੂਪ ਧਾਰ ਕੇ ਸਰਕਾਰੀ ਪਿਠੂਆਂ ਤੇ ਮੁਖਬਰਾਂ ਨੂੰ ਸੋਧਦੇ ਰਹੇ। ਇਸੇ ਸਮੇਂ ਬਰਮਾ, ਮਲਾਇਆ ਆਦਿ ਵਿਚ ਆਜ਼ਾਦ ਹਿੰਦ ਫੌਜ ਦੀ ਸਥਾਪਨਾ ਹੋਈ ਜਿਸਦੇ ਮੋਢੀ ਬਾਬਾ ਹਰੀ ਸਿੰਘ ਉਸਮਾਨ, ਬਾਬੂ ਅਮਰ ਸਿੰਘ ਸ਼ੇਰਪੁਰ, ਗਿ. ਪ੍ਰੀਤਮ ਸਿੰਘ ਨਾਗੋਕੇ ਤੇ ਗਿ. ਕੇਸਰ ਸਿੰਘ ਆਦਿ ਸੱਜਣ ਸਨ, ਜਿਨ੍ਹਾਂ ਦੀ ਮਦਦ ਨਾਲ ਜਰਨੈਲ ਮੋਹਨ ਸਿੰਘ ਨੇ ਇਹ ਸੈਨਿਕ ਸੰਗਠਨ ਖੜਾ ਕੀਤਾ, ਇਸ ਵਿਚ ਪੰਜਾਬੀ ਸੰਗ੍ਰਾਮੀਆਂ ਦਾ ਬਹੁਤਾ ਯੋਗਦਾਨ ਸੀ। ਇਸ ਤਰ੍ਹਾਂ ਕਈ ਹੋਰ ਇਨਕਲਾਬੀ ਪੰਜਾਬੀ, ਬਾਹਰ ਬਿਦੇਸਾਂ ਵਿਚ ਆਜ਼ਾਦੀ ਲਈ ਜੂਝਦੇ ਰਹੇ, ਸ. ਭਗਤ ਸਿੰਘ ਦਾ ਚਾਚਾ ਸ. ਅਜੀਤ ਸਿੰਘ (1881-1947) ਐਸਾ ਹੀ ਲਾਸਾਨੀ ਸੂਰਮਾ ਸੀ ਜਿਸ ਸਾਰੀ ਉਮਰ ਬਿਦੇਸ਼ਾਂ ਵਿਚ ਕੱਟੀ, ਹਿੱਟਲਰ, ਮੋਸੋਲੀਨੀ, ਲੈਨਨ, ਸੁਭਾਸ਼ਚੰਦ੍ਰ ਬੋਸ, ਡਾ. ਇਕਬਾਲ ਸਭ ਨੂੰ ਮਿਲਦਾ ਰਿਹਾ, ਸਭ ਇਸਦੀ ਲਿਆਕਤ ਦੇ ਕਾਇਲ ਸਨ, ਸ਼ੈਤਾਨ ਹੋਪਕਿਨਸਨ ਐਂਗਲੋ ਇੰਡੀਅਨ ਜਾਸੂਸ ਸੀ ਜਿਸ ਨੂੰ ਵੈਨਕੋਵਰ ਵਿਚ ਸ. ਮੇਵਾ ਸਿੰਘ ਨੇ ਚਿੱਤ ਕੀਤਾ ਸੀ। 1947 ਆ ਗਿਆ, ਗੋਰੇ ਬਾਣੀਏ ਤੇ ਕਾਲੀ ਬਾਣੀਏ ਦੀ ਗੱਠਤੁਪ ਹੋ ਗਈ। ਖੋਜਾ ਵਕੀਲ ਬਿਨਾਂ ਇਕ ਬੰਦਾ ਕੈਦ ਕਰਾਏ, ਬਿਨਾਂ ਇਕ ਪੈਸਾ ਲਾਏ ਪੂਰੀ ਆਜ਼ਾਦ ਸਟੇਟ ਲੈ ਗਿਆ ਤੇ ਇਧਰਲਾ ਬਾਣੀਆ ਵਕੀਲ ਇਹੋ ਦੁਹਰਾਉਂਦਾ ਰਿਹਾ, 'ਮੇਰੀ ਲਾਸ਼ ਉਤੇ ਹੀ ਪਾਕਿਸਤਾਨ ਬਣੇਗਾ।' ਲੇਕਿਨ ਇਹ ਪੰਜਾਬ, ਬੰਗਾਲ ਜਾਂ ਸਿਧੇ ਸ਼ਬਦਾਂ ਵਿਚ ਕਹੀਏ ਸਿਖਾਂ ਦੀ ਲਾਸ਼ ਉਤੇ ਹੀ ਸਭ ਕੁਝ ਬਣਿਆ ਪਰ ਸਿੱਖਾਂ ਬੇਚਾਰਿਆਂ ਦਾ ਕੱਖ ਨ ਬਣਿਆ। ਕਾਲੇ ਬਾਣੀਏ ਅੱਗੇ ਪਿਛੇ ਇਹੋਂ ਦੁਹਰਾਉਂਦੇ ਗਏ ਕਿ ਸਿਖਾਂ ਦੀ ਸੰਤੁਸ਼ਟਤਾ ਬਗੈਰ ਕੋਈ ਸੰਵਿਧਾਨ ਪਰਵਾਣ ਨਹੀਂ ਕੀਤਾ ਜਾਵੇਗਾ। 50 ਸਾਲ ਹੋਰ ਲੰਘ ਗਏ, ਮੋਰਚੇ ਲਾਉਂਦਿਆਂ, ਕੈਦਾਂ ਕੱਟਦਿਆਂ ਤੇ ਬੰਦੇ ਮਰਵਾਉਂਦਿਆਂ ਪਰ ਹਾਸਲ ਕੁਝ ਨ ਹੋਇਆ, ਭੁਲੇਖਾ ਜ਼ਰੂਰ ਨਿਕਲ ਗਿਆ।

'ਜਿਨ੍ਹੋਂ ਕੋ ਹਾਰ ਸਮਝਾ ਥਾ, ਗਲਾ ਅਪਨਾ ਸਜਾਨੇ ਕੋ,

ਵੁਹ ਕਾਲੇ ਨਾਗ ਬਨ ਬੈਠੇ, ਮੇਰੇ ਹੀ ਕਾਟ ਖਾਨੇ ਕੋ।'
'ਮਿਲਾ ਜੋ ਪਿਆਰ ਤੋ ਹਮ ਪਿਆਰ, ਕੇ ਕਾਬਲ ਨ ਰਹੇ
ਖਿਜ਼ਾਂ ਮੇਂ ਪਲ ਕੇ ਵੀ ਬਹਾਰ ਕੇ ਕਾਬਲ ਰਹੇ।'

ਇਤਿਹਾਸ ਦਸਦਾ ਹੈ ਕਿ ਪੰਜਾਬ ਮੁੱਢ ਤੋਂ ਦੇਸ਼ ਦਾ ਰਾਖਾ, ਪ੍ਰਿਤਪਾਲਕ ਪਹਿਰੇਦਾਰ ਰਿਹਾ ਹੈ। ਇਹ ਅਮਨ ਅਮਾਨ ਸਮੇਂ ਅੰਨਦਾਨ ਦਿੰਦਾ ਤੇ ਸੰਗ੍ਰਾਮ ਸਮੇਂ ਜਿੰਦ ਜਾਨ ਭੇਟ ਕਰਦਾ ਹੈ। ਜਿਵੇਂ ਕਿ ਬੰਬਈ ਯੂਨੀਵਰਸਿਟੀ ਦਾ ਪ੍ਰੋ. ਗਿਲ ਬਰਟ ਲੇਖ ਸਾਫ ਕਹਿੰਦਾ ਹੈ ਕਿ ਜੰਗੇ ਅਜ਼ਾਦੀ ਵਿਚ ਸਿਖਾਂ ਦਾ 75 ਫੀਸਦੀ ਯੋਗਦਾਨ ਹੈ ਪਰ ਕਦਰਦਾਨ ਕੋਈ ਨਹੀਂ। ਸੈਂਟਰ ਵਿਚ ਵਖੋ, ਵੱਖ ਨਾਮਾਂ ਵਾਲੀਆਂ - ਕਾਂਗ੍ਰਸ, ਜਨਤਾ, ਸਾਂਝਾ ਮੋਰਚਾ ਤੇ ਭਾਜਪਾ ਆਦਿ ਸਭ ਹਿੰਦੂ ਸਰਕਾਰਾਂ ਬਣੀਆਂ ਪਰ ਸੈਕੂਲਰ ਨਹੀਂ। ਬਰ੍ਹਤ ਬਾਣੀਆਂ ਦੀ ਹੀ ਰਹੀ। ਫਾਰਸੀ ਵਿਚ 'ਹਿੰਦੂ' ਦਾ ਅਰਥ ਕਾਲਾ ਵੀ ਰਿਹਾ ਹੈ :

'ਖ਼ਤ ਬੜ੍ਹਾ, ਗੇਸੂ ਬੜ੍ਹੇ, ਜ਼ੁਲਫੇਂ ਬੜੀਂ ਕਾਕਲ ਬੜ੍ਹੇ
ਹੁਸਨ ਕੀ ਸਰਕਾਰ ਮੇਂ, ਜਿਤਨੇ ਬੜ੍ਹੇ ਹਿੰਦੂ ਬੜ੍ਹੇ।'

ਚਤੁਰ ਪੱਤ੍ਰਕਾਰ ਕੇਂਦਰੀ ਨੇਤਾ ਨੂੰ ਪੁਛ ਬੈਠਾ, 'ਜਨਾਬ! ਪੰਜਾਬ ਦੇ ਮਸਲੇ ਨਜਿਠੇ ਕਿਉਂ ਨਹੀਂ ਜਾਂਦੇ। ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹੈ, ਕਬਜ਼ਾ ਸੈਂਟਰ ਦਾ ਹੈ। ਦਰਿਆ, ਕਾਨੂੰਨ ਅਨੁਸਾਰ ਇਸੇ ਖਿੱਤੇ ਦੀ ਮਲਕੀਅਤ ਹਨ ਫਿਰ ਜਲ-ਤਸਕਰੀ ਕਿਉਂ ਹੁੰਦੀ ਹੈ ? ਪੰਜਾਬੀ ਸੂਬਾ ਜ਼ਬਾਨ ਦੇ ਆਧਾਰ ਤੇ ਸਿਰਜਿਆ ਸੀ, ਫਿਰ ਪੰਜਾਬੀ ਬੋਲਦੇ ਇਤਨੇ ਇਲਾਕੇ ਬਾਹਰ ਕਿਉਂ ਛਡੇ ਗਏ ? ਭਾਖੜਾ ਡੈਮ ਪੰਜਾਬ ਦਾ ਹੈ, ਪਰ ਕੰਟ੍ਰੋਲ ਕੋਈ ਹੋਰ ਕਰਦਾ ਹੈ, ਇਹ ਕਿਉਂ ? ਨੇਤਾ ਦਾ ਜਵਾਬ ਸਾਫ ਸੀ, 'ਮੰਗਾਂ ਤਾਂ ਨਿਆਇ-ਸੰਗਤ ਹਨ ਪਰ ਰਾਜਨੀਤਿ-ਸੰਗਤ ਨਹੀਂ ਕਿਉਂਕਿ ਇਥੇ ਸਿੱਖ ਵਸਦੇ ਹਨ।' ਹੁਣ ਆਰ.ਐਸ.ਐਸ., ਸ਼ੁੱਧੀ ਦੀ ਪੁਰਾਣਕ ਔਸ਼ਧਿ ਲੈ ਕੇ ਆਇਆ ਹੈ, ਅਸੀਂ ਕਹਿੰਦੇ ਹਾਂ ਕਿ ਇਹ ਦਵਾ ਦਾਰੂ-ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਰਾਜਸਥਾਨ ਤੇ ਬਿਹਾਰ ਦੇ ਵਿਹੜੇ ਵਿਚ ਵਰਤਾਓ ਜਿਥੇ ਰੋਗ ਹੈ। ਇਹ ਸਾਬਣ ਉਥੇ ਵਰਤੋ ਜਿਥੇ ਮੈਲ ਹੈ, ਗਲਾਜ਼ਤ ਹੈ ਜਾਂ ਵਹਿਮ-ਭਰਮ ਦੇ ਕਾਲੇ ਧੱਬੇ ਹਨ। ਗੁਰੂ ਨਾਨਕ ਦਾ ਪ੍ਰੋਗ੍ਰਾਮ 'ਸਰਬਤ ਦਾ ਭਲਾ' ਹੈ, ਉਦਾਸਰੀਕਰਣ ਤੇ ਵਿਸ਼ਵੀਕਰਣ ਇਸੇ ਪਾਸੇ ਵਲ ਉਠਾਏ ਕਦਮ ਹਨ। ਸੋ ਅਸੀਂ ਭੂਤਵਾਦੀਆਂ ਤੋਂ ਭੈਭੀਤ ਨਹੀਂ ਹੋਣਾ, ਸਗੋਂ ਸਰਬਪੱਖੀ ਵਿਕਾਸ ਕਰਕੇ ਅੱਗੇ-ਅੱਗੇ ਕਦਮ ਵਧਾਉਣਾ ਹੈ :-

'ਅਗਾਂਹਾਂ ਕੂ ਤ੍ਰਾਂਘਿ, ਪਿਛਾਂਹ ਫੇਰਿ ਨ ਮੁਹਡੜਾ।'

* * *

KAMLA PRINTING PRESS, Patiala ✆ : 216574

